# ਹੀਰ ਦਮੋਦਰ

ਸੰਪਾਦਕ
ਜਗਤਾਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਹੀਰ ਦਮੋਦਰ

ਸੰਪਾਦਕ
ਡਾ. ਜਗਤਾਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

HEER DAMODAR (*Punjabi*)

edited *by*

DR. JAGTAR SINGH
Lecturer in Punjabi
Govt. College, Hoshiarpur

1987
ਪਹਿਲੀ ਵਾਰ : 1100
ਮੁੱਲ : 35-00

ਸਰਦਾਰ ਤੀਰਥ ਸਿੰਘ, ਐਮ. ਏ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ
ਮੈ/ਸ. ਫੈੱਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ

# ਦੋ ਸ਼ਬਦ

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਜਿਨ੍ਹਾਂ ਉਦੇਸ਼ਾਂ ਲਈ ਕੀਤੀ ਗਈ ਸੀ ਉਨ੍ਹਾਂ ਵਿਚੋਂ ਇਕ ਪੰਜਾਬੀ ਭਾਸ਼ਾ, ਸਾਹਿੱਤ ਅਤੇ ਖੋਜ ਦੀ ਬਹੁ-ਪੱਖੀ ਉੱਨਤੀ ਨਾਲ ਸੰਬੰਧਿਤ ਹੈ। ਇਸ ਮਨੋਰਥ ਦੀ ਪੂਰਤੀ ਲਈ ਯੂਨੀਵਰਸਿਟੀ ਵਲੋਂ ਕਈ ਪ੍ਰਕਾਰ ਦੀਆਂ ਯੋਜਨਾਵਾਂ ਚਲਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਇਕ ਪੁਰਾਣੇ ਹੱਥ-ਲਿਖਤ ਖਰੜਿਆਂ ਨੂੰ ਸੰਪਾਦਿਤ ਕਰਵਾ ਕੇ ਅਤੇ ਗ਼ੈਰ-ਵਿਗਿਆਨਿਕ ਢੰਗ ਨਾਲ ਸੰਪਾਦਿਤ ਹੋਈਆਂ ਪੁਰਾਣੀਆਂ ਰਚਨਾਵਾਂ ਦਾ ਪੁਨਰ-ਸੰਪਾਦਨ ਕਰਵਾ ਕੇ ਛਪਵਾਉਣ ਬਾਰੇ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਇਸ ਪੁਸਤਕ ਦੀ ਸੰਪਾਦਨਾ ਕਰਵਾਈ ਗਈ ਹੈ।

ਹੱਥਲੀ ਪੁਸਤਕ ਵਿਚ ਹੀਰ ਦਮੋਦਰ ਦੇ ਕਿੱਸੇ ਨੂੰ ਸੰਪਾਦਿਤ ਕੀਤਾ ਗਿਆ ਹੈ। ਦਮੋਦਰ ਲਹਿੰਦੇ ਪੰਜਾਬ ਵਿਚ ਹੋਇਆ ਪਹਿਲਾ ਕਿੱਸਾਕਾਰ ਹੈ ਜਿਸ ਨੇ 'ਹੀਰ' ਦੀ ਰਚਨਾ ਕਰ ਕੇ ਪੰਜਾਬੀ ਸਾਹਿੱਤ ਵਿਚ ਰੋਮਾਨੀ ਕਾਵਿ ਦੀ ਪਰੰਪਰਾ ਦਾ ਆਰੰਭ ਕੀਤਾ। ਦਮੋਦਰ ਦੇ ਸਮੇਂ ਬਾਰੇ ਵਿਦਵਾਨਾਂ ਵਿਚ ਭਾਵੇਂ ਮਤ-ਭੇਦ ਹੈ, ਪਰ ਨਵੀਂ ਖੋਜ ਇਸ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਸਮੇਂ ਹੋਇਆ ਮੰਨਦੀ ਹੈ। ਇਸ ਕਿੱਸੇ ਵਿਚ ਦਮੋਦਰ ਨੇ ਸਮਕਾਲੀ ਪੰਜਾਬ, ਇਥੋਂ ਦੀਆਂ ਰਹੁ-ਰੀਤਾਂ, ਵਿਆਹ-ਸ਼ਾਦੀਆਂ, ਖਾਣ-ਪੀਣ ਦੀਆਂ ਵਸਤਾਂ ਦਾ ਬੜਾ ਯਥਾਰਥ ਚਿਤ੍ਰਨ ਕੀਤਾ ਹੈ। ਦਵੈਯਾ ਛੰਦ ਵਿਚ ਲਿਖਿਆ ਇਹ ਕਿੱਸਾ ਭਾਵੇਂ ਪਹਿਲਾਂ ਵੀ ਪ੍ਰਕਾਸ਼ਿਤ ਰੂਪ ਵਿਚ ਮਿਲਦਾ ਹੈ, ਪਰ ਇਸ ਨੂੰ ਕਿਸੇ ਪ੍ਰਮਾਣਿਕ ਖਰੜੇ ਦੇ ਆਧਾਰ ਤੇ ਸੰਪਾਦਿਤ ਕਰਨ ਦਾ ਅਜੇ ਤਕ ਯਤਨ ਨਹੀਂ ਹੋਇਆ ਸੀ, ਜਿਸ ਘਾਟ ਨੂੰ ਇਸ ਪ੍ਰਕਾਸ਼ਨਾ ਨਾਲ ਪੂਰਾ ਕਰਨ ਦਾ ਉਦਮ ਕੀਤਾ ਗਿਆ ਹੈ।

ਆਸ ਹੈ ਕਿ ਇਸ ਕਿੱਸੇ ਦੇ ਪ੍ਰਕਾਸ਼ਿਤ ਹੋਣ ਨਾਲ ਪਾਠਕਾਂ ਲਈ ਪ੍ਰਮਾਣਿਕ ਪਾਠ ਉਪਲਬਧ ਹੋ ਸਕੇਗਾ ਅਤੇ ਉਹ ਇਸ ਦਾ ਆਨੰਦ ਮਾਣਨਗੇ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਭਗਤ ਸਿੰਘ
ਵਾਈਸ-ਚਾਂਸਲਰ

# ਭੂਮਿਕਾ

ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਉਦੇਸ਼ ਇਹ ਵੀ ਸੀ ਕਿ ਪੰਜਾਬੀ ਦੀਆਂ ਕਲਾਸਕੀ ਰਚਨਾਵਾਂ ਨੂੰ ਹੱਥ-ਲਿਖਤਾਂ ਦੇ ਆਧਾਰ ਤੇ ਸਹੀ ਢੰਗ ਨਾਲ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਜਾਵੇ। ਇਸ ਸੰਬੰਧ ਵਿਚ ਜੋ ਪ੍ਰਾਜੈਕਟ ਬਣਾਈ ਗਈ, ਉਸ ਵਿਚ ਦਮੋਦਰ ਰਚਿਤ 'ਹੀਰ' ਦੇ ਕਿੱਸੇ ਦਾ ਸੰਪਾਦਨ ਵੀ ਸ਼ਾਮਲ ਸੀ।

ਪ੍ਰਸਤੁਤ ਪੁਸਤਕ ਦਮੋਦਰ ਦੀ ਹੀਰ ਦਾ ਸੰਪਾਦਿਤ ਰੂਪ ਹੈ। ਦਮੋਦਰ ਹੁਣ ਤਕ ਉਪਲਬਧ ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਪਹਿਲਾ ਕਵੀ ਹੈ ਜਿਸ ਨੇ ਲਹਿੰਦੀ ਪੰਜਾਬੀ ਵਿਚ ਇਹ ਕਿੱਸਾ ਲਿਖ ਕੇ ਪੰਜਾਬੀ ਸਾਹਿੱਤ ਵਿਚ ਕਿੱਸਾ ਕਾਵਿ ਦਾ ਆਰੰਭ ਕੀਤਾ। ਦਮੋਦਰ ਜ਼ਿਲਾ ਝੰਗ ਦੀ ਚਨਿਓਰ ਤਹਿਸੀਲ ਦੇ ਰਜ਼ੋਆ ਪਿੰਡ ਦਾ ਰਹਿਣ ਵਾਲਾ ਸੀ ਕਿਉਂਕਿ ਉਸ ਦੀ ਰਚਨਾ ਵਿਚ ਅਨੇਕ ਥਾਂਵਾਂ ਤੇ ਰਜ਼ੋਆ ਪਿੰਡ ਪ੍ਰਤਿ ਉਚੇਚੇ ਝੁਕਾ ਦੇ ਸੰਕੇਤ ਮਿਲਦੇ ਹਨ। ਇਸ ਦੇ ਰਚਨਾ-ਕਾਲ ਬਾਰੇ ਅਤੇ ਦਮੋਦਰ ਦੇ ਸਮੇਂ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਰਿਹਾ ਹੈ ਕਿਉਂਕਿ ਉਸ ਦੇ ਕਿੱਸੇ ਵਿਚ ਅਕਬਰ ਦੀ ਬਾਦਸ਼ਾਹੀ ਦਾ ਉਲੇਖ, ਤੰਬਾਕੂ ਦੀ ਵਰਤੋਂ ਅਤੇ ਕਈ ਹੋਰ ਤੱਥ ਇਹ ਸਿੱਧ ਕਰਦੇ ਹਨ ਕਿ ਉਸ ਦਾ ਸਮਾਂ ਅਕਬਰ ਬਾਦਸ਼ਾਹ ਦੇ ਰਾਜ ਦਾ ਸਮਾਂ ਸੀ। ਪਰ ਦਮੋਦਰ ਨੇ ਕਈਆਂ ਥਾਂਵਾਂ ਤੇ 'ਅੱਖੀਂ ਡਿਠਾ' ਉਕਤੀ ਵੀ ਵਰਤੀ ਹੈ ਅਤੇ ਹੀਰ ਰਾਂਝੇ ਦੇ ਪੁਨਰ-ਮਿਲਣ ਦਾ ਸਮਾ 1529 ਬਿ. ਦਸਿਆ ਹੈ। ਇਹ ਸਾਰੇ ਤੱਥ ਪਰਸਪਰ ਵਿਰੋਧੀ ਹਨ ਅਤੇ ਉਸ ਦੇ ਸਹੀ ਸਮੇਂ ਨੂੰ ਸੰਦਿਗਧ ਬਣਾਉਂਦੇ ਹਨ। ਨਵੀਂ ਖੋਜ ਸਾਨੂੰ ਇਸ ਨੁਕਤੇ ਤੇ ਪਹੁੰਚਾਂਦੀ ਹੈ ਕਿ ਇਹ ਕਿੱਸਾ ਦਮੋਦਰ ਨੇ 1605 ਈ. ਤੋਂ ਪਿਛੋਂ ਲਿਖਿਆ ਹੈ। ਇਸ ਸੰਬੰਧੀ ਪ੍ਰਸਤੁਤ ਪੁਸਤਕ ਦੇ ਮੁੱਢਲੇ ਕਥਨ ਵਿਚ ਸੰਪਾਦਕ ਨੇ ਵਿਸਤਾਰ ਸਹਿਤ ਪ੍ਰਮਾਣ-ਪੁਸ਼ਟ ਢੰਗ ਨਾਲ ਸਥਾਪਨਾ ਕੀਤੀ ਹੈ।

ਇਸ ਕਿੱਸੇ ਵਿਚ ਕਵੀ ਨੇ ਅਧਿਕ ਰੁਚੀ ਘਟਨਾ ਵਰਣਨ ਵੱਲ ਵਿਖਾਈ ਹੈ। ਵਸਤੂ-ਵਰਣਨ ਅਤੇ ਦ੍ਰਿਸ਼-ਚਿਤ੍ਰਣ ਵਿਚ ਦਮੋਦਰ ਦਾ ਮਨ ਇਨਾ ਨਹੀਂ ਰੰਮਿਆ। ਘਟਨਾ-ਯੋਜਨਾ ਵਿਚ ਕਵੀ ਨੇ ਆਦਰਸ਼ ਅਤੇ ਯਥਾਰਥ ਦਾ ਮੇਲ ਕੀਤਾ ਹੈ। ਘਟਨਾ ਦੇ ਵਿਸਤਾਰ ਲਈ ਭਾਵੇਂ ਉਹ ਯਥਾਰਥ ਦਾ ਆਸ਼ਰਾ ਲੈਂਦਾ ਹੈ ਪਰ ਉਸ ਦਾ ਅੰਤ ਆਦਰਸ਼ ਭੂਮੀ ਤੇ ਕਰ ਦੇਣ ਨਾਲ ਕੁਝ ਅਸੁਭਾਵਿਕਤਾ ਜਿਹੀ ਆ ਜਾਂਦੀ ਹੈ। ਦਮੋਦਰ ਨੇ ਇਸ ਕਿੱਸੇ ਵਿਚ ਕਥਾ ਦਾ ਆਰੰਭ ਹੀਰ ਅਤੇ ਉਸ ਦੇ ਪੇਕੇ ਪੱਖ ਤੋਂ ਕੀਤਾ ਹੈ ਅਤੇ ਕਿੱਸੇ ਦਾ ਅੰਤ ਵੀ ਸੁਖ-ਪੂਰਣ ਹੈ ਜਦ ਕਿ ਹੋਰ ਅਧਿਕਾਂਸ਼ ਹੀਰਕਾਰਾਂ ਨੇ ਰਾਂਝੇ ਦੇ ਪੱਖ ਵਾਲਿਆਂ ਤੋਂ ਕਿੱਸਾ ਸ਼ੁਰੂ ਕੀਤਾ ਹੈ ਅਤੇ ਉਸ ਦੀ ਸਮਾਪਤੀ ਦੁਖਾਂਤਿਕ ਹੈ। ਦਮੋਦਰ ਨੇ ਇਸ ਕਿੱਸੇ ਵਿਚ ਉਸ ਵੇਲੇ ਦੀਆ

ਸਮਾਜਿਕ ਰੀਤਾਂ, ਰਸਮਾਂ, ਰਿਵਾਜਾਂ ਅਤੇ ਖਾਧ ਪਦਾਰਥਾਂ ਦਾ ਕਾਫ਼ੀ ਵਰਣਨ ਕੀਤਾ ਹੈ। ਵਿਆਹ ਦੇ ਮੌਕੇ ਤੇ ਫ਼ਜ਼ੂਲ-ਖ਼ਰਚੀ, ਮਹਿਮਾਨ-ਨਵਾਜ਼ੀ ਆਦਿ ਦਾ ਵੀ ਵਿਸਤਾਰ ਨਾਲ ਵਰਣਨ ਹੋਇਆ ਹੈ। ਦਮੋਦਰ ਦੀ ਹੀਰ ਨਿਰੀ ਪ੍ਰੇਮਿਕਾ ਨਹੀਂ, ਵੀਰਾਂਗਨਾ ਵੀ ਹੈ। ਉਹ ਲੋੜ ਪੈਣ ਤੇ ਸਸ਼ਸਤ੍ਰ ਯੁੱਧ ਵੀ ਕਰ ਸਕਦੀ ਹੈ। ਆਪਣੀ ਮਨ ਪਸੰਦ ਦੇ ਵਿਰੁੱਧ ਥੋਪੇ ਗਏ ਪਤੀ ਸੈਦੇ ਨੂੰ ਥੱਪੜ ਵੀ ਮਾਰ ਸਕਦੀ ਹੈ। ਦਮੋਦਰ ਦਾ ਉਪਮਾਨ ਵਿਧਾਨ ਸਾਧਾਰਣ ਜਨ-ਜੀਵਨ ਨਾਲ ਸੰਬੰਧਿਤ ਹੈ। ਦਵੈਯਾ ਛੰਦ ਵਿਚ ਲਿਖਿਆ ਇਹ ਕਿੱਸਾ ਆਦਿ ਤੋਂ ਅੰਤ ਤਕ ਪ੍ਰਕਿਰਤੀ ਦੇ ਵਾਤਾਵਰਣ ਵਿਚ ਵਿਚਰਦਾ ਹੈ। ਸਮੁੱਚੇ ਤੌਰ ਤੇ ਇਸ ਕਿੱਸੇ ਦਾ ਇਤਿਹਾਸਿਕ ਮਹੱਤਵ ਹੈ ਅਤੇ ਲਹਿੰਦੀ ਵਿਚ ਲਿਖਿਆ ਇਹ ਕਿੱਸਾ ਆਪਣੇ ਆਪ ਵਿਚ ਇਕ ਵਿਲੱਖਣ ਰਚਨਾ ਹੈ।

ਦਮੋਦਰ ਦੇ ਇਸ ਮਹੱਤਵਪੂਰਣ ਕਿੱਸੇ ਦੇ ਕੁਝ ਸੰਸਕਰਣ ਛਪੇ ਹੋਏ ਜ਼ਰੂਰ ਮਿਲਦੇ ਹਨ ਜਿਹੜੇ ਲਗਭਗ ਗੰਗਾ ਸਿੰਘ ਬੇਦੀ ਦੇ ਸੰਸਕਰਣ ਦੇ ਹੀ ਉਤਾਰੇ ਹਨ। ਇਸ ਨੂੰ ਸਹੀ ਢੰਗ ਨਾਲ ਅਜੇ ਤਕ ਸੰਪਾਦਿਤ ਨਹੀਂ ਕੀਤਾ ਗਿਆ। ਇਸੇ ਲਈ ਇਹ ਯੋਜਨਾ ਬਣਾਈ ਗਈ ਹੈ। ਸੰਪਾਦਨ ਦਾ ਇਹ ਕੰਮ ਡਾ. ਜਗਤਾਰ ਸਿੰਘ, ਗੌਰਮਿੰਟ ਕਾਲਜ, ਹੁਸ਼ਿਆਰਪੁਰ ਨੂੰ ਸੌਂਪਿਆ ਗਿਆ ਜਿਨ੍ਹਾਂ ਨੇ ਉਚੇਚਾ ਸਮਾਂ ਕਢ ਕੇ ਅਤੇ ਪਾਕਿਸਤਾਨ ਤੋਂ ਖਰੜਾ ਲਭ ਕੇ ਸੰਪਾਦਿਤ ਕੀਤਾ ਹੈ। ਸ਼ੁਰੂ ਵਿਚ ਉਨ੍ਹਾਂ ਨੇ ਵਿਸਤਾਰ ਸਹਿਤ ਭੂਮਿਕਾ ਲਿਖ ਕੇ ਅਨੇਕ ਨਵੇਂ ਤੱਥਾਂ ਨੂੰ ਖੋਜਿਆ ਹੈ ਅਤੇ ਇਸ ਕਿੱਸੇ ਦਾ ਸਾਹਿੱਤਿਕ ਮੁੱਲਾਂਕਣ ਕੀਤਾ ਹੈ। ਅੰਤ ਤੇ ਅਰਥਾਵਲੀ ਦੇ ਕੇ ਲਹਿੰਦੀ ਦੇ ਅਪਰਿਚਿਤ ਸ਼ਬਦਾਂ ਤੋਂ ਪਾਠਕਾਂ ਨੂੰ ਜਾਣਕਾਰ ਕਰਾਇਆ ਹੈ। ਇਸ ਤਰ੍ਹਾਂ ਇਸ ਕਿੱਸੇ ਦੇ ਸੰਪਾਦਨ ਨਾਲ ਚਿਰਾਂ ਤੋਂ ਮਹਿਸੂਸ ਕੀਤੀ ਜਾ ਰਹੀ ਘਾਟ ਪੂਰੀ ਹੋਈ ਹੈ। ਯੂਨੀਵਰਸਿਟੀ ਪੱਧਰ ਤੇ ਇਸ ਸੰਸਕਰਣ ਨੂੰ ਪ੍ਰਕਾਸ਼ਿਤ ਕਰਨ ਲਈ ਵਿਸ਼ੇਸ਼ਗ ਰਾਇ ਡਾ. ਧਰਮਪਾਲ ਸਿੰਗਲ, ਪ੍ਰੋਫੈਸਰ ਅਤੇ ਮੁੱਖੀ, ਸੰਤ ਰਵੀਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਲਈ ਗਈ ਹੈ। ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਧੰਨਵਾਦੀ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਇਸ ਸੰਸਕਰਣ ਦੇ ਪ੍ਰਕਾਸ਼ਨ ਨਾਲ ਦਮੋਦਰ ਦੀ ਹੀਰ ਅਤੇ ਕਿੱਸਾ ਕਾਵਿ ਦੀ ਪਰੰਪਰਾ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਨੂੰ ਲਾਭ ਹੋਵੇਗਾ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਰਤਨ ਸਿੰਘ ਜੱਗੀ**
ਪ੍ਰੋਫੈਸਰ ਅਤੇ ਮੁਖੀ

# ਤਤਕਰਾ


ਦੋ ਸ਼ਬਦ (ਵੀ. ਸੀ. ਸਾਹਿਬ ਵਲੋਂ) (iii)

ਭੂਮਿਕਾ (v)

1. ਦਮੋਦਰ ਕਿਥੋਂ ਦਾ ਸੀ ? 1
2. ਦਮੋਦਰ ਨੇ ਇਹ ਕਿੱਸਾ ਕਦੋਂ ਰਚਿਆ ? 4
3. ਇਹ ਪ੍ਰੀਤ ਘਟਨਾ ਕਦੋਂ ਘਟੀ ? 11
4. ਕਹਾਣੀ ਦੇ ਪ੍ਰਚੱਲਤ ਰੂਪ 19
5. ਦਮੋਦਰ ਦੀ ਰਚੀ ਹੀਰ-ਰਾਂਝਾ ਦੀ ਕਥਾ 25
6. ਘਟਨਾਵਾਂ ਦਾ ਅੰਤਰ ਤੇ ਦੂਸਰੀਆਂ ਭਾਸ਼ਾਵਾਂ ਵਿਚ ਹੀਰ-ਕਾਵਿ ਦੀ ਰਚਨਾ (ਫ਼ਾਰਸੀ, ਅਰਬੀ, ਹਿੰਦੀ, ਪੰਜਾਬੀ ਤੇ ਉਰਦੂ ਆਦਿ ਵਿਚ) 32
7. ਦਮੋਦਰ ਦੀ ਕਥਾ ਦਾ ਆਲੋਚਨਾਤਮਕ ਅਧਿਐਨ 51
8. ਹੀਰ ਦਮੋਦਰ ਦਾ ਕਲਾ-ਪੱਖ 61
9. ਹੀਰ ਦਮੋਦਰ ਦੇ ਪਾਤਰ 69
10. ਕਿੱਸੇ ਵਿਚ ਆਈਆਂ ਥਾਵਾਂ ਦਾ ਵੇਰਵਾ 77
11. ਹੀਰ ਦਮੋਦਰ ਵਿਚ ਪੰਜਾਬੀ ਸਭਿਆਚਾਰਕ, ਰਾਜਨੀਤਿਕ ਅਤੇ ਸਮਾਜਿਕ ਪ੍ਰਸਥਿਤੀਆਂ 87
12. ਪਾਠ ਦਾ ਆਧਾਰ 88

ਮੂਲ ਪਾਠ 91

ਅਰਥਾਵਲੀ 239

ਮੁੱਢਲੀ ਜਾਣ-ਪਛਾਣ

1

# ਦਮੋਦਰ ਕਿੱਥੋਂ ਦਾ ਸੀ ?

ਹੀਰ ਦਮੋਦਰ ਦਾ ਕਿੱਸਾ ਸਭ ਤੋਂ ਪਹਿਲਾਂ ਬਾਵਾ ਗੰਗਾ ਸਿੰਘ ਬੇਦੀ ਨੇ ਦੋ ਲਿਖਤਾਂ ਦੇ ਆਧਾਰ ਤੇ ਤਿਆਰ ਕਰਕੇ 1927 ਈ. ਵਿਚ ਪ੍ਰਕਾਸ਼ਿਤ ਕੀਤਾ ਸੀ। ਉਹ ਆਪਣੇ ਮੁੱਖ ਬੰਧ ਵਿਚ ਲਿਖਦੇ ਹਨ :

> "ਬੜੀ ਖੋਜ ਕਰਨ ਤੇ ਵੀ ਇਸ ਕਿੱਸੇ ਦੀਆਂ ਕੇਵਲ ਦੋ ਪੁਰਾਣੀਆਂ ਪੋਥੀਆਂ, ਇਕ ਪੋਥੀ ਭਾਈ ਹਰੀ ਸਿੰਘ ਸ਼ਾਹ ਜੀਵਣਾ ਜ਼ਿਲ੍ਹਾ ਝੰਗ ਤੇ ਦੂਸਰੀ ਭਾਈ ਮਤਾਬ ਸਿੰਘ ਬੁੱਲੋ ਜ਼ਿਲ੍ਹਾ ਸ਼ਾਹਪੁਰ ਝੰਗ ਪਾਸੋਂ ਮਿਲ ਸਕੀਆਂ। ਉਹ ਵੀ ਪਾਟੀਆਂ ਹੋਈਆਂ ਤੇ ਖ਼ਸਤਾ ਹਾਲ ਸਨ। ਦੋਹਾਂ ਦਾ ਮੁਕਾਬਲਾ ਕਰਕੇ ਇਕ ਉਤਾਰਾ ਕੀਤਾ ਗਿਆ।"

ਨਿਹਾਲ ਸਿੰਘ ਰਸ ਦੀ ਸੰਪਾਦਿਤ ਕੀਤੀ ਪੁਸਤਕ 'ਹੀਰ ਦਮੋਦਰ' ਵਿਚ ਵੀ ਸਮਾਪਤੀ ਵਾਲਾ ਬੰਦ ਪੂਰਾ ਨਹੀਂ ਦਿੱਤਾ ਗਿਆ। ਡਾ. ਪਰਮਿੰਦਰ ਸਿੰਘ ਨੇ ਆਪਣੀ ਪੁਸਤਕ 'ਹੀਰ ਦਮੋਦਰ' ਵਿਚ ਵੀ 960ਵਾਂ ਬੰਦ ਪੂਰਾ ਨਹੀਂ ਦਿੱਤਾ ਅਤੇ ਫੁਟ ਨੋਟ ਵਿਚ ਲਿਖ ਦਿੱਤਾ ਹੈ। "ਬਾਵਾ ਗੰਗਾ ਸਿੰਘ ਬੇਦੀ ਦੁਆਰਾ ਲੱਭੇ ਗਏ ਸਭ ਤੋਂ ਪੁਰਾਣੇ ਖਰੜੇ ਵਿਚ 960 ਬੰਦ ਹਨ। ਇਸ ਤੋਂ ਅਗਲਾ ਪੰਨਾ ਪਾਟਾ ਹੋਇਆ ਹੈ।" (ਪੰਨਾ 212)

ਪਰ ਬੇਦੀ ਸਾਹਿਬ ਨੇ ਦੂਸਰੀ ਛਾਪ ਵਿਚ ਇਹ ਬੰਦ ਮੁਕੰਮਲ ਕਰਕੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਦੀ ਸੰਪਾਦਿਤ ਕੀਤੀ ਪੁਸਤਕ ਵਿਚ ਸਮਾਪਤੀ ਵਾਲਾ ਬੰਦ 961ਵਾਂ ਹੈ।

ਦੂਸਰੀ ਛਾਪ ਵਿਚ ਸਮਾਪਤੀ ਵਾਲਾ ਬੰਦ ਇੰਜ ਹੈ :

> ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨਾ ਕੋਈ।
> ਜਿਉਂ ਚਾਈ ਤਿਉਂ ਤੋੜ ਨਿਭਾਈ, ਜਾਣਤ ਹੈ ਤੂੰ ਲੋਈ।
> ਨਾਉ ਦਮੋਦਰ ਜਾਤ ਗੁਲਾਟੀ, ਡਿੱਠਾ ਸੋ ਲਿਖਿਓਈ।
> ਵਿਚ ਸਿਆਲੀਂ ਪਾਸ ਚੂਚਕ ਦੇ, ਅਸਾਂ ਤਾਂ ਰਹਿਣ ਕਿਤੋਈ। (961)

ਪਰ ਨਿਹਾਲ ਸਿੰਘ ਰਸ ਤੇ ਡਾ. ਪਰਮਿੰਦਰ ਸਿੰਘ ਦੀਆਂ ਸੰਪਾਦਿਤ ਕੀਤੀਆਂ ਪੁਸਤਕਾਂ ਵਿਚ ਆਖ਼ਰੀ ਡੇਢ ਮਿਸਰਾ ਨਹੀਂ ਛਾਪਿਆ ਗਿਆ। ਬਾਵਾ ਗੰਗਾ ਸਿੰਘ ਬੇਦੀ ਨੇ ਦੂਸਰੀ ਛਾਪ ਵਿਚ ਇਹ ਬੰਦ ਪੂਰਾ ਛਾਪਿਆ ਹੈ।

ਪਰ ਜਿਹੜੀ ਹੱਥ ਲਿਖਤ ਮੈਨੂੰ ਮੁਲਤਾਨ ਤੋਂ ਪ੍ਰਾਪਤ ਹੋਈ ਹੈ ਉਸ ਵਿਚ ਇਹ ਬੰਦ

ਇੰਜ ਹੈ :

ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨਾ ਕੋਈ ।
ਜਿਉਂ ਚਾਈ ਤਿਉਂ ਤੋੜ ਨਿਭਾਈ, ਜਾਣਤ ਹੈ ਤੈ੍ ਲੋਈ ।
ਨਾਉ ਦਮੋਦਰ ਜਾਤ ਗੁਲਾਟੀ, ਡਿੱਠਾ ਸੋ ਲਿਖਿਓਈ ।
ਛੋੜ ਰਜੋਆ, ਵਿੱਚ ਸਿਆਲੀਂ, ਅਸਾਂ ਤਾਂ ਰਹਿਣ ਕਿਤੋਈ । (936)

ਪਰ ਗੰਗਾ ਸਿੰਘ ਬੇਦੀ ਦਾ ਕਥਨ ਹੈ ਕਿ ਦਮੋਦਰ ਝੰਗ ਦੀ ਤਹਿਸੀਲ ਚਨਿਓਟ ਦੇ ਪਿੰਡ ਵਲ੍ਹਾਰਾਂ ਦਾ ਰਹਿਣ ਵਾਲਾ ਸੀ । ਪਰ ਇਸ ਗੱਲ ਦਾ ਕੋਈ ਸਬੂਤ ਨਾ ਤਾਂ ਦਮੋਦਰ ਦੇ ਕਿੱਸੇ ਤੋਂ ਪ੍ਰਾਪਤ ਹੁੰਦਾ ਸੀ ਅਤੇ ਨਾ ਹੀ ਬਾਵਾ ਗੰਗਾ ਸਿੰਘ ਬੇਦੀ ਨੇ ਆਪਣੇ ਮੱਤ ਦੀ ਪੁਸ਼ਟੀ ਲਈ ਕੋਈ ਹਵਾਲਾ ਹੀ ਦਿੱਤਾ ਸੀ ।

ਪਰ ਮੁਲਤਾਨ ਤੋਂ ਮਿਲੇ ਖਰੜੇ ਅਨੁਸਾਰ ਦਮੋਦਰ ਰਜੋਏ ਦਾ ਰਹਿਣ ਵਾਲਾ ਸੀ । ਰਜੋਆ ਜ਼ਿਲ੍ਹਾ ਝੰਗ ਦੀ ਤਹਿਸੀਲ ਚਨਿਓਟ ਵਿਚ ਇਕ ਪ੍ਰਸਿੱਧ ਨਗਰ ਹੈ। ਰਜੋਆ ਚਨਿਓਟ ਤੋਂ 5/6 ਮੀਲ ਦੱਖਣ ਵੱਲ ਸਥਿਤ ਹੈ ।

ਸਮਾਪਤੀ ਵਾਲੇ ਬੰਦ ਵਿਚ ਦਮੋਦਰ ਨੇ ਖ਼ਾਸ ਤੌਰ ਤੇ ਇਸ ਗੱਲ ਵੱਲ ਸੰਕੇਤ ਕੀਤਾ ਹੈ ਕਿ ਉਸ ਨੇ ਰਜੋਆ ਛੱਡ ਕੇ ਸਿਆਲਾਂ ਵਿਚ ਵਸੇਬਾ ਕਰ ਲਿਆ ।

ਦਮੋਦਰ ਨੇ ਰਜੋਆ ਕਿਉਂ ਛਡਿਆ ਇਸ ਦਾ ਕੋਈ ਕਾਰਣ ਪਤਾ ਨਹੀਂ ਲਗਦਾ ਪਰ ਰਜੋਏ ਦਾ ਮੋਹ ਕਵੀ ਦੇ ਦਿਲ ਵਿਚ ਬਦਸਤੂਰ ਕਾਇਮ ਰਹਿੰਦਾ ਹੈ ।

ਜਦੋਂ ਕੈਦੋ ਦੀ ਝੁੱਗੀ ਸਾੜ ਦਿੱਤੀ ਜਾਂਦੀ ਹੈ ਤਾਂ ਕੈਦੋ ਕਹਿੰਦਾ ਹੈ :

ਹੀਰੇ ਮੋਇਆਂ ਜਾਹ ਬਹੁਤੇ ਹੀ, ਜੀਵੰਦਿਆਂ ਨੂੰ ਨਾਹੀਂ ।
ਵੰਝ ਰਜੋਏ ਸਈਯਦਾਂ ਵਾਲੇ, ਉਥੇ ਧੂੰਆਂ ਪਾਈਂ ।
ਜਾਹਗਾ ਕਹੀਂ ਏ ਚਾਇ ਨਾ ਲੀਤੀ, ਉੱਥੇ ਜਾਇ ਰਹ ਸਾਈਂ ।
ਆਖ ਦਮੋਦਰ ਕੈਦੋ ਵੈਰ ਤੁਸਾਡੇ, ਰਹਿਣਾ ਮੈਂਡਾ ਨਾਹੀਂ । (335)

ਦਮੋਦਰ ਨੂੰ ਰਜੋਏ ਨਾਲ ਖ਼ਾਸ ਮੋਹ ਹੈ ਜਿਸ ਕਾਰਣ ਉਸ ਨੇ ਕੈਦੋ ਦੇ ਮੂੰਹੋਂ ਕਹਾਇਆ ਹੈ। ਨਹੀਂ ਤਾਂ ਕੈਦੋ ਜੋ 84 ਪਿੰਡਾਂ ਦੇ ਮਾਲਕ ਚੂਚਕ ਦਾ ਭਰਾ ਸੀ, ਨੂੰ ਕੀ ਲੋੜ ਪਈ ਸੀ ਕਿ ਰਜੋਏ ਦਾ ਜ਼ਿਕਰ ਕਰਦਾ ।

ਜਦੋਂ ਨਾਹੜਾਂ ਤੇ ਹੀਰ ਦੇ ਸਹੁਰਿਆਂ ਦੀ ਲੜਾਈ ਹੁੰਦੀ ਹੈ ਤਾਂ ਉਸ ਸਮੇਂ ਵੀ ਦਮੋਦਰ ਰਜੋਏ ਦੇ ਸਈਯਦਾਂ ਦਾ ਜ਼ਿਕਰ ਕਰਦਾ ਹੈ ਕਿ ਉਹ ਡੋਲੀ ਲੈ ਕੇ ਜਾ ਰਹੇ ਸਨ ਤੇ ਉਨ੍ਹਾਂ ਨਾਹੜਾਂ ਤੇ ਖੇੜਿਆਂ ਨੂੰ ਕੋਟ ਕਬੂਲੇ ਦੀ ਅਦਾਲਤ ਵਿਚ ਜਾ ਕੇ ਨਿਆਂ ਲੈਣ ਲਈ ਪ੍ਰੇਰਿਆ ।

ਸੋ ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਦਮੋਦਰ ਝੰਗ ਵਿਚ ਆਉਣ ਤੋਂ ਪਹਿਲਾਂ ਰਜੋਏ ਦਾ ਵਾਸੀ ਅਤੇ ਰਜੋਆ ਛੱਡ ਦੇਣ ਉਪਰੰਤ ਵੀ ਉਸ ਦੇ ਦਿਲ ਵਿਚ ਉਸ ਪਿੰਡ ਦਾ ਮੋਹ ਬਣਿਆ ਰਿਹਾ ਸੀ । ਇਸੇ ਲਈ ਉਸ ਨੇ ਆਪਣੇ ਪਿੰਡ ਦੀ ਵਡਿਆਈ ਦੋ ਥਾਵਾਂ ਤੇ ਕੀਤੀ ਹੈ ।

ਨੋਟ :

ਫੁਟਨੋਟਾਂ ਤੇ ਅਰਥਾਵਲੀ ਵਿਚ ਮੈਂ ਹੇਠ ਲਿਖੇ ਲੇਖਕਾਂ ਨੂੰ ਇਸ ਤਰ੍ਹਾਂ ਲਿਖਿਆ ਹੈ :

ਗੰਗਾ ਸਿੰਘ ਬੇਦੀ : ਗ. ਸਿੰ. ਬੇ.
ਡਾ. ਪਰਮਿੰਦਰ ਸਿੰਘ : ਡਾ. ਪ. ਸਿੰ.
ਡਾ. ਗੁਰਦੇਵ ਸਿੰਘ : ਡਾ. ਗੁ. ਸਿੰ.
ਗੁਰਦਿਭ ਸਿੰਘ ਪ੍ਰੇਮੀ : ਗੁ. ਸਿੰ. ਪ੍ਰੇ.
ਨਿਹਾਲ ਸਿੰਘ ਰਸ : ਕ. ਸੰ. ਰ.

## 2

# ਦਮੋਦਰ ਨੇ ਇਹ ਕਿੱਸਾ ਕਦੋਂ ਰਚਿਆ ?

ਅੱਜ ਤਕ ਕਿੱਸਾ ਹੀਰ ਦਮੋਦਰ ਵਿਦਵਾਨਾਂ ਵਿਚ ਵਾਦ-ਵਿਵਾਦ ਦਾ ਕਾਰਣ ਬਣਿਆ ਹੋਇਆ ਹੈ । ਬਾਵਾ ਗੰਗਾ ਸਿੰਘ ਬੇਦੀ ਦੇ ਸੰਪਾਦਿਤ ਕਿੱਸੇ ਵਿਚ ਮੰਗਲਾਚਾਰ ਤੋਂ ਪਹਿਲਾਂ ਅੰਕਿਤ ਦੋਹੜੇ ਇਸ ਵਾਦ-ਵਿਵਾਦ ਦਾ ਕਾਰਣ ਸਮਝੇ ਜਾਂਦੇ ਹਨ।

ਨਾਉਂ ਦਮੋਦਰ ਜ਼ਾਤ ਗੁਲਾਟੀ ਆਇਆ ਸਿੱਕ ਸਿਆਲੀਂ ।
ਅਪਣੇ ਮਨ ਵਿਚ ਮਸਲਤ ਕੀਤੀ, ਬਹਿ ਕੇ ਇਥਾਈਂ ਜਾਲੀਂ ।
ਵੜਿਆ ਵੰਝ ਚੂਚਕ ਦੇ ਸ਼ਹਿਰੇ, ਜਿੱਥੇ ਸਿਆਲ ਅਬਦਾਲੀ ।
ਵੇਖ ਦਮੋਦਰ ਖ਼ੁਸ਼ੀ ਹੋਈ ਉਸ, ਵੇਖ ਉਨ੍ਹਾਂ ਦੀ ਚਾਲੀ ॥ 1 ॥

ਉਥੇ ਕੀਤਾ ਰਹਿਣ ਦਮੋਦਰ, ਉਹ ਵਸਤੀ ਖ਼ੁਸ਼ ਆਈ ।
ਚੂਚਕ ਨੂੰ ਜੋ ਵੰਝ ਮਿਲਿਆ ਸੇ, ਨਾਲੇ ਕੁੰਦੀ ਤਾਈ ।
ਚੂਚਕ ਬਹੁ ਦਿਲਾਸਾ ਕੀਤਾ, ਤਾਂ ਦਿਲਗੀਰੀ ਲਾਹੀ ।
ਆਖ ਦਮੋਦਰ ਹੋਇਆ ਦਲਾਸਾ, ਹੱਟੀ ਉਥੇ ਬਣਾਈ ॥ 2 ॥

ਵਿਚ ਸਿਆਲੀਂ ਰਹੇ ਦਮੋਦਰ, ਖ਼ੁਸ਼ੀ ਰਹੇ ਸਿਰ ਤਾਈਂ ।
ਅੱਖੀਂ ਵੇਖ ਤਮਾਸ਼ਾ ਸਾਰਾ, ਲੱਖ ਮੱਝੀਂ ਲੱਖ ਗਾਈਂ ।
ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨਾ ਹੁੱਜਤ ਕਾਈ ।
ਪੁੱਤਰ ਚਾਰ ਚੂਚਕ ਘਰ ਹੋਏ, ਦਮੋਦਰ ਆਖ ਸੁਣਾਈ ॥ 3 ॥

ਬਹੁਤ ਖ਼ੁਸ਼ੀ ਘਰ ਚੂਚਕ ਸੰਦੀ, ਬਹੂੰ ਸੇ ਮਿਲੇ ਵਧਾਈ ।
ਦੇਇ ਖ਼ਰਾਇਤ ਖ਼ੁਸ਼ੀ ਹੋਇ ਚੂਚਕ, ਬਹੁਤੀ ਖ਼ਲਕਤ ਆਈ ।
ਵਾਹ ਸਿਕਦਾਰੀ ਚੂਚਕ ਸੰਦੀ, ਭਲੀ ਗੁਜ਼ਰਾਨ ਲੰਘਾਈ।
ਆਖ ਦਮੋਦਰ ਵਾਹ ਬੁੱਢੇ ਦੀ, ਮਹਿਰੀ ਕੁੰਦੀ ਵਿਆਈ ॥ 4 ॥

ਹੀਰ ਛੋਹਿਰ ਜੰਮੀਂ ਹੈ ਲੱਕਾ, ਸੂਰਤ ਹਿੰਦ ਨਾ ਕਾਈ ।
ਪੱਟ ਵਲੇਟੀ, ਮੱਖਣ ਪਾਲੀ, ਕੁੱਛੜ ਕੀਤੀ ਦਾਈ ।
ਜੋ ਵੇਖੇ ਸੋਈ ਖ਼ੁਸ਼ ਥੀਵੇ, ਚਿਹਰੇ ਬਹੁ ਸੁੰਦਰਾਈ।
ਆਖ ਦਮੋਦਰ ਚੂਚਕ ਦੇ ਘਰ ਹੀਰ ਕੁੜੀ ਵੜ ਜਾਈ ॥ 5 ॥

ਵੱਡੀ ਹੋਈ ਹੀਰ ਸਲੇਟੀ, ਜ਼ਿਮੀਂ ਪੈਰ ਨਾ ਲਾਏ ।
ਜੇ ਕੋਈ ਵੇਖੇ ਹੀਰੇ ਤਾਈਂ, ਪੈਰ ਨਾ ਮੂਲੇ ਚਾਏ ।

ਲੁੰਡੀ ਮੱਝ ਬੰਨ੍ਹੇ ਪੰਜ ਤਾਣੀ, ਉੱਤੇ ਪੱਟ ਹੰਡਾਏ ।
ਵਖ ਦਮੋਦਰ ਹੀਰ ਦੀ ਚਾਲੀ, ਕਿੱਸਾ ਆਣ ਬਣਾਏ ॥ 6 ॥
ਅੱਖੀਂ ਡਿੱਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕੋਈ ।
ਸ਼ਉਂਕ ਸ਼ਉਂਕ ਉੱਠੀ ਹੈ ਮੈਂਡੀ, ਤਾਂ ਦਿਲ ਉਮੱਕ ਹੋਈ ।
ਅਸਾਂ ਮੂੰਹੋਂ ਅਲਾਇਆ ਓਹੋ, ਜੋ ਕੁਝ ਨਜ਼ਰ ਪਿਇਉਈ ।
ਆਖ ਦਮੋਦਰ ਅੱਗੇ ਕਿੱਸਾ, ਸੁਣੇ ਸਭ ਕੋਈ ।

ਡਾ. ਹਰਨਾਮ ਸਿਘ ਸ਼ਾਨ ਦਾ ਵਿਚਾਰ ਹੈ ਕਿ ਮੰਗਲਾਚਾਰ ਤੋਂ ਪਹਿਲੇ 7 ਦੋਹੜਿਆਂ, ਭਾਵ 28 ਮਿਸਰਿਆਂ ਦਾ ਕਰਤਾ ਦਮੋਦਰ ਨਹੀਂ ।[1] ਡਾ. ਪਰਮਿੰਦਰ ਸਿਘ ਵੀ ਡਾ. ਸ਼ਾਨ ਨਾਲ ਸਹਿਮਤ ਹਨ ।[2] ਪਰ ਇਨ੍ਹਾਂ ਕੋਲ ਕੋਈ ਪ੍ਰਮਾਣਿਕ ਸਬੂਤ ਨਹੀਂ ਕਿ ਇਹ ਬੰਦ ਪਿੱਛੋਂ ਜਾ ਕੇ ਕਿਸੇ ਹੋਰ ਕਵੀ ਨੇ ਵਧਾਏ ਹਨ ।

ਪਰ ਮੈਂ ਜਿਹੜਾ ਖਰੜਾ ਮੁਲਤਾਨ ਵਿਚ ਵੇਖਿਆ ਹੈ ਅਤੇ ਜਿਸ ਨੂੰ ਮੈਂ ਆਪਣੀ ਖੋਜ ਦਾ ਆਧਾਰ ਬਣਾਇਆ ਹੈ ਉਸ ਵਿਚ ਇਹ 28 ਮਿਸਰੇ ਸ਼ਾਮਲ ਨਹੀਂ । ਕਿੱਸਾ ਮੰਗਲਾਚਾਰ ਤੋਂ ਹੀ ਆਰੰਭ ਹੁੰਦਾ ਹੈ । ਇਸ ਤੋਂ ਬਿਨਾਂ ਵੀ ਦਮੋਦਰ ਆਪਣੇ ਕਿੱਸੇ ਦੇ ਆਰੰਭ ਵਿਚ ਕਹਿੰਦਾ ਹੈ :

ਦਾਰ ਬੁਢੇਂਦੀ ਮਹਿਰੀ ਕੁੰਦੀ, ਵੇਖਹੁ ਫੁੱਟ ਵਿਆਈ ।
ਆਖ ਦਮੋਦਰ ਖਾਣ ਇਸ਼ਕ ਦੀ, ਘਰ ਚੂਚਕਾਣੇ ਲਾਈ ॥

'ਖਾਣ ਇਸ਼ਕ ਦੀ' ਤੋਂ ਦਮੋਦਰ ਦਾ ਸੰਕੇਤ ਹੀਰ ਵੱਲ ਹੈ । ਕੀ ਹੀਰ ਦੇ ਜੰਮਣ ਤੋਂ ਪਹਿਲਾਂ ਹੀ ਦਮੋਦਰ ਜਾਣਦਾ ਸੀ ਕਿ ਹੀਰ ਇਸ਼ਕ ਦੀ ਖਾਣ ਸਾਬਤ ਹੋਵੇਗੀ ?

ਮੰਗਲਾਚਾਰ ਤੋਂ ਪਹਿਲੇ ਮਿਸਰਿਆਂ ਵਿਚ ਦਮੋਦਰ ਆਖਦਾ ਹੈ ਕਿ

ਵੱਡੀ ਹੋਈ ਹੀਰ ਸਲੇਟੀ, ਜ਼ਿਮੀਂ ਪੈਰ ਨਾ ਲਾਏ ।
ਜੇ ਕੋਈ ਵੇਖੇ ਹੀਰੇ ਤਾਈਂ, ਪੈਰ ਨਾ ਮੂਲੇ ਚਾਏ ।
ਲੁੰਡੀ ਮੱਝ ਬਨ੍ਹੇ ਪੰਜ ਤਾਣੀ, ਉੱਤੇ ਪਟ ਹੰਡਾਏ ॥ 6 ॥

ਪਰ 'ਅਬ ਹੀਰ ਦਮੋਦਰ ਕੀ ਚੱਲੀ' ਵਿਚ ਫੇਰ ਹੀਰ ਦੇ ਇਕ ਇਕ ਵਰ੍ਹੇ ਦਾ ਜ਼ਿਕਰ ਕਰਦਾ ਹੈ । ਅਜਿਹਾ ਕੋਈ ਅਨਾੜੀ ਤੋਂ ਅਨਾੜੀ ਕਵੀ ਵੀ ਨਹੀਂ ਕਰਦਾ ।

ਕਿਉਂਕਿ ਮੁਲਤਾਨ ਵਾਲੀ ਹੱਥ ਲਿਖਤ ਵਿਚ ਇਹ 28 ਮਿਸਰੇ ਸ਼ਾਮਿਲ ਹੀ ਨਹੀਂ ਸੋ ਇਨ੍ਹਾਂ ਵੱਲ ਵਧੇਰੇ ਧਿਆਨ ਨਾ ਵੀ ਦਿੱਤਾ ਜਾਵੇ ਤਾਂ ਗੱਲ ਅਜੇ ਉਥੇ ਦੀ ਉਥੇ ਹੀ ਹੈ ਕਿ ਦਮੋਦਰ ਨੇ ਇਹ ਘਟਨਾ ਅੱਖੀਂ ਵੇਖੀ ਸੀ, ਜਾਂ ਸੁਣ ਸੁਣਾ ਕੇ ਲਿਖੀ ਸੀ ਕਿਉਂਕਿ ਦਮੋਦਰ ਨੇ ਹੋਰ ਕਈ ਥਾਵਾਂ ਤੇ ਵੀ ਇਸ ਦਾ ਦਾਅਵਾ ਕੀਤਾ ਹੈ ।

ਆਖ ਦਮੋਦਰ ਮੈਂ ਡਿੱਠਾ ਅੱਖੀਂ, ਰਾਂਝੇ ਨੂੰ ਆਖ਼ਰ ਆਇਆ ।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਸਿਰ ਸਲੇਟੀ ਦੇ ਆਈ ।

---

[1] ਹਰਨਾਮ ਸਿੰਘ ਸ਼ਾਨ, ਦਮੋਦਰ ਜੀਵਨ ਤੇ ਰਚਨਾ, ਪੰਨਾ 148, ਭਾਸ਼ਾ ਵਿਭਾਗ, ਪੰਜਾਬ ।
[2] ਡਾ. ਪਰਮਿੰਦਰ ਸਿੰਘ, ਹੀਰ ਦਮੋਦਰ ਇਕ ਆਲੋਚਨਾਤਮਕ ਅਧਿਐਨ, ਪੈਪਸੂ ਬੁੱਕ ਡੀਪੂ, ਪਟਿਆਲਾ ।

ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਸੱਭ ਕੂਕ ਸੁਣਾਈ।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਲੱਗੀ ਹੋਣ ਲੜਾਈ।

ਤੇ ਕਿੱਸੇ ਦੇ ਅੰਤ ਵਿਚ ਦਮੋਦਰ ਬੜੇ ਦਾਅਵੇ ਨਾਲ ਕਹਿੰਦਾ ਹੈ :

ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਲਮੀਂ ਤਰਫ ਸਿਧਾਏ।

ਇਸ ਦੇ ਨਾਲ ਨਾਲ ਹੀ ਦਮੋਦਰ ਹੀਰ ਤੇ ਰਾਂਝੇ ਦੇ ਮਿਲਣ ਦਾ ਸੰਨ ਵੀ ਦਸਦਾ ਹੈ :

ਪੰਦਰਾਂ ਸੈ ਅਤੇ ਉਨੱਤਰੀ ਸੰਬਤ ਬਿਕ੍ਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।
ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।
ਆਖ ਦਮੋਦਰ ਦੇਇ ਅਸੀਸਾਂ, ਸ਼ਹਿਰੋਂ ਬਾਹਰ ਆਏ। (960)

ਜੇ ਦੋ ਨੁਕਤਿਆਂ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ ਤਾਂ ਦਮੋਦਰ ਅਨੁਸਾਰ ਹੀਰ ਰਾਂਝਾ ਦਾ ਮਿਲਾਪ 1569 ਬਿਕ੍ਰਮੀ ਜਾਂ 1529 ਬਿਕਰਮੀ ਨੂੰ ਅਕਬਰ ਦੇ ਰਾਜ ਸਮੇਂ ਹੋਇਆ। ਪਰ ਅਕਬਰ ਦਾ ਰਾਜ ਸਮਾਂ 1556 ਈ. ਤੋਂ 1605 ਈ. ਤਕ ਹੈ। ਜਿਹੜਾ ਕਿ ਬਿਕਰਮੀ ਸੰਮਤ ਅਨੁਸਾਰ 1613 ਤੋਂ 1662 ਤਕ ਬਣਦਾ ਹੈ। ਸੋ 1529 ਜਾਂ 1569 ਬਿ. ਕਿਸੇ ਤਰ੍ਹਾਂ ਵੀ ਅਕਬਰ ਦਾ ਸਮਾਂ ਨਹੀਂ ਬਣਦਾ। ਪ੍ਰਿੰਸੀਪਲ ਤੇਜਾ ਸਿੰਘ ਦਾ ਖ਼ਿਆਲ ਹੈ ਕਿ ਇਹ ਤਾਰੀਖ਼ (1529 ਬਿ.) ਠੀਕ ਨਹੀਂ। ਕੋਹਲੀ ਅਤੇ ਗੰਗਾ ਸਿੰਘ ਬੇਦੀ ਆਦਿ ਦਾ ਇਕੋ ਮੱਤ ਹੈ।

ਪਰ 1556 ਈ. ਤੋਂ 1605 ਈ. ਦਾ ਸਮਾਂ 1613 ਬਿ. ਤੋਂ 1662 ਬਿ. ਬਣਦਾ ਹੈ। ਜੇ ਇਸ ਨੂੰ 1629 ਬਿ. ਵੀ ਮੰਨ ਲਈਏ ਤਾਂ ਉਸ ਸਮੇਂ ਅਕਬਰ ਨੂੰ ਰਾਜ-ਗੱਦੀ ਤੇ ਬੈਠਿਆਂ ਕੇਵਲ 16 ਸਾਲ ਹੀ ਹੋਏ ਸਨ। ਪਰ ਇਹ ਘਟਨਾ ਲਗਭਗ ਸਤਾਈ ਵਰ੍ਹਿਆਂ ਵਿਚ ਫੈਲੀ ਹੋਈ ਹੈ। ਇਨ੍ਹਾਂ ਵਰ੍ਹਿਆਂ ਦਾ ਵੇਰਵਾ ਦਮੋਦਰ ਦੇ ਮਿਸਰਿਆਂ ਤੋਂ ਹੀ ਲਗਦਾ ਹੈ :

(1) ਬਾਰ੍ਹਾਂ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਰਾਂਝੇ ਅੱਖੀਆਂ ਲਾਈਆਂ।
(2) ਬਾਰ੍ਹਾਂ ਵਰ੍ਹੇ ਫ਼ਕੀਰੀ ਕੀਤੀ ਤਾਂ ਹੁਣ ਵਤਨ ਵੇਖਣ ਨੂੰ ਆਇਆ।
(3) ਸਾਢੇ ਪੈਂਤੀ ਮਾਹ ਗੁਜ਼ਾਰੇ, ਅਸਾਂ ਲੂਣ ਨਾ ਖੇੜਿਆਂ ਦਾ ਖਾਇਆ।

ਇਸ ਲਿਹਾਜ਼ ਨਾਲ ਵੀ ਜਦੋਂ ਹੀਰ ਦਾ ਜਨਮ ਹੋਇਆ (ਦਮੋਦਰ ਦੇ ਸ਼ਿਅਰਾਂ ਦੇ ਆਧਾਰ ਤੇ 1602 ਬਿ. ਬਣਦਾ ਹੈ) ਤਾਂ ਉਹ ਅਕਬਰ ਦਾ ਸਮਾਂ ਨਹੀਂ ਸੀ। ਪਰ ਦਮੋਦਰ ਕਹਿੰਦਾ ਹੈ ਕਿ

ਵਿਚ ਸਿਆਲੀਂ ਰਹੇ ਦਮੋਦਰ ਖੁਸ਼ੀ ਰਹੇ ਸਿਰ ਤਾਈਂ।
ਅੱਖੀਂ ਵੇਖ ਤਮਾਸ਼ਾ ਸਾਰਾ, ਲੱਖ ਮੱਝੀਂ ਲੱਖ ਗਾਈਂ।
ਪਾਤਸ਼ਾਹੀ ਜੋ ਅਕਬਰ ਸੰਦੀ, ਹੋਲ ਨਾ ਹੁੱਜਤ ਕਾਈ।
ਪੁੱਤਰ ਚਾਰ ਚੂਚਕ ਘਰ ਹੋਏ, ਦਮੋਦਰ ਆਖ ਸੁਣਾਈ।

ਦਮੋਦਰ ਅਨੁਸਾਰ ਹੀਰ ਦੇ ਚਾਰੇ ਭਰਾ ਉਸ ਤੋਂ ਪਹਿਲੋਂ ਜੰਮੇਂ ਅਤੇ ਉਹ ਵੀ ਅਕਬਰ ਦੇ ਰਾਜ ਸਮੇਂ। ਇਸ ਲਿਹਾਜ਼ ਨਾਲ 1629 ਬਿ. ਸੰਮਤ ਬਿਲਕੁਲ ਹੀ ਰੱਦ ਹੋ

ਜਾਂਦਾ ਹੈ ।

ਜੇ ਹੋਰ ਵਧੇਰੇ ਗਹੁ ਨਾਲ ਵੇਖੀਏ ਤਾਂ ਮੁਆਮਲਾ ਹੋਰ ਵੀ ਸਾਫ਼ ਹੋ ਜਾਂਦਾ ਹੈ :

ਵੱਡਾ ਰਾਠ ਜਮੀਂ ਦਾ ਖਾਵੰਦ, ਕੇਹੀ ਸਿਫ਼ਤ ਅਖਾਈਂ ।
ਅਕਬਰ ਨਾਲ ਕਰੇਂਦਾ ਦਾਅਵੇ, ਭੁਈਂ ਨਈਂ ਦਾ ਸਾਈਂ ।
ਸੋਨਾ ਰੁੱਪਾ ਮਾਲ ਖਜ਼ੀਨਾ, ਢੁੱਕਣ ਸੱਤੇ ਪਾਹੀਂ ।
ਚਾਰੇ ਬੇਟੇ ਚੜ੍ਹੂ, ਚੜੰਦੇ, ਗਿਣ ਗਿਣ ਨਾਮ ਸੁਣਾਈਂ ।
ਖਾਣ, ਪਠਾਣ, ਸੁਲਤਾਨ, ਬਹਾਦਰ, ਕਿਸੇ ਬਦੇਂਦੇ, ਨਾਹੀਂ ।
ਵਾਹੁ ਦਮੋਦਰ ਜਾਵਣ ਵਾਲੀ, ਰੂਪ ਦਿਤੋਈ ਸਾਈਂ ॥ 2 ॥

ਇਸ ਦਾ ਭਾਵ ਹੈ ਕਿ ਕੰਦੀ ਨੂੰ ਚਾਰੇ ਪੁੱਤਰ ਉਸ ਸਮੇਂ ਜੰਮੇ ਜਦੋਂ ਚੂਚਕ ਅਕਬਰ ਨਾਲ ਦਾਅਵਾ ਕਰ ਸਕਦਾ ਸੀ । ਪਰ ਹੀਰ ਉਸ ਨੂੰ ਬੁਢੇਪੇ ਵਿਚ ਜੰਮੀ । ਜੇ ਉਸ ਨੂੰ ਪਹਿਲਾ ਪੁੱਤਰ 20 ਸਾਲ ਦੀ ਉਮਰ ਵਿਚ ਵੀ ਜੰਮਿਆ ਹੋਵੇ ਅਤੇ ਇਕ ਦੀ ਦੂਸਰੇ ਨਾਲੋਂ ਦੋ ਦੋ ਸਾਲ ਦੀ ਵਿੱਥ ਹੋਵੇ ਤਾਂ ਉਨ੍ਹਾਂ ਨੂੰ ਚੜ੍ਹ ਚੜੰਦੇ ਕਹਿਣ ਤਕ ਕੰਦੀ ਦੀ ਉਮਰ ਤੀਹ ਵਰ੍ਹਿਆਂ ਦੀ ਹੋਵੇਗੀ । ਪਰ ਹੀਰ ਉਸ ਨੂੰ ਬੁੱਢੇ ਵਾਰੇ ਲਗਭਗ 50 ਵਰ੍ਹਿਆਂ ਦੀ ਉਮਰ ਵਿਚ ਜੰਮੀ । ਜੇ 1669 ਬਿ. ਸੰਨ ਵੀ ਮੰਨ ਲਈਏ ਤਾਂ ਹਿਸਾਬ ਠੀਕ ਨਹੀਂ ਬੈਠਦਾ । ਕਿਉਂਕਿ ਅਕਬਰ ਦਾ ਸਮਾਂ 1613 ਬਿ. ਤੋਂ 1662 ਬਿ. ਤਕ ਬਣਦਾ ਹੈ । ਜੇ ਕੰਦੀ ਦੀ ਉਮਰ 1613 ਬਿ. ਨੂੰ 20 ਸਾਲ ਦੀ ਹੋਵੇਗੀ ਤਾਂ 50 ਸਾਲ ਦੀ ਉਮਰ ਵਿਚ (ਬੁਢੇਪੇ) ਵਿਚ ਹੀਰ ਜੰਮੀ । ਭਾਵ ਹੀਰ ਦਾ ਜਨਮ 1643 ਬਿ. ਵਿਚ ਹੋਇਆ । ਅਤੇ 27 ਸਾਲ ਇਹ ਪ੍ਰੀਤ ਕਹਾਣੀ ਚਲਦੀ ਰਹੀ । ਸੋ 1643 ਬਿ. ਵਿਚ 27 ਸਾਲ ਹੋਰ ਜਮਾਂ ਕਰ ਦੇਈਏ ਤਾਂ ਇਹ ਸਮਾਂ 1669/70 ਬਿ. ਤਾਂ ਬਣ ਜਾਂਦਾ ਹੈ ਪਰ ਅਕਬਰ ਦਾ ਰਾਜ 1662 ਬਿ. ਵਿਚ ਖ਼ਤਮ ਹੋ ਗਿਆ ਸੀ । ਜਦੋਂ ਕਿ ਹੀਰ ਦਾ ਵਿਆਹ ਵੀ ਅਜੇ ਨਹੀਂ ਸੀ ਧਰਿਆ ਗਿਆ । ਉਪਰੋਕਤ ਵੇਰਵੇ ਤੋਂ ਡਾ. ਮੋਹਨ ਸਿੰਘ, ਬਾਵਾ ਗੰਗਾ ਸਿੰਘ ਬੇਦੀ, ਸੁਰਿੰਦਰ ਸਿੰਘ ਕੋਹਲੀ ਆਦਿ ਸਭ ਵਿਦਵਾਨਾਂ ਦੇ ਕਿਆਫ਼ੇ ਗਲਤ ਸਾਬਤ ਹੋ ਜਾਂਦੇ ਹਨ । ਸੋ ਇਹ ਘਟਨਾ ਕਿਸੇ ਤਰ੍ਹਾਂ ਵੀ ਅਕਬਰ ਦੇ ਰਾਜ ਦੀ ਨਹੀਂ ਕਹੀ ਜਾ ਸਕਦੀ, ਕਿਉਂਕਿ ਅਕਬਰ ਦੇ ਸਮੇਂ ਹੀ ਫ਼ਾਰਸੀ ਦੇ ਇਕ ਸ਼ਾਇਰ ਬਾਕੀ ਕੁਲਾਬੀ ਨੇ ਵੀ ਇਹ ਕਿੱਸਾ ਫ਼ਾਰਸੀ ਵਿਚ ਲਿਖਿਆ ਹੈ ।

ਕੁਲਾਬੀ ਬਾਰੇ ਮੁੱਲਾਂ ਬਦਾਯੂਨੀ ਨੇ ਲਿਖਿਆ ਹੈ ਕਿ ਬਾਕੀ ਕੁਲਾਬੀ 1579 ਈ. ਵਿਚ ਜੌਨਪੁਰ ਵਿਖੇ ਮਾਸੂਮ ਅਲੀ ਖ਼ਾਂ ਦੀ ਬਗ਼ਾਵਤ ਵਿਚ ਮਾਰਿਆ ਗਿਆ ਸੀ । ਨਿਰਸੰਦੇਹ ਕੁਲਾਬੀ ਨੇ ਇਹ ਕਿੱਸਾ ਮਰਨ ਤੋਂ ਕੁਝ ਵਰ੍ਹੇ ਪਹਿਲਾਂ ਲਿਖਿਆ ਹੋਵੇਗਾ । ਸੋ ਜੇ ਇਸ ਰਚਨਾ ਨੂੰ 1578-79 ਈ. ਦੀ ਰਚਨਾ ਵੀ ਮੰਨ ਲਿਆ ਜਾਵੇ ਤਾਂ ਇਹ ਕਥਾ ਅਕਬਰ ਦੇ ਰਾਜ ਸਮੇਂ ਬਹੁਤ ਮਸ਼ਹੂਰ ਹੋ ਚੁੱਕੀ ਸੀ ਤੇ ਇਸ ਦੀ ਪ੍ਰਸਿੱਧੀ ਜੌਨਪੁਰ ਤੇ ਦੂਸਰੇ ਥਾਵਾਂ ਤਕ ਫੈਲ ਚੁੱਕੀ ਸੀ ਤੇ ਕਿਉਂਕਿ ਕੁਲਾਬੀ ਇਸ ਨੂੰ ਅੱਖੀਂ ਡਿੱਠੀ ਘਟਨਾ ਨਹੀਂ ਮੰਨਦਾ ਸਗੋਂ ਕਹਿੰਦਾ ਹੈ ਕਿ ਹਰ ਇਕ ਦੀ ਜ਼ਬਾਨ ਤੇ ਹੀਰ ਤੇ ਰਾਂਝੇ ਦੀ ਕਥਾ ਸੀ :

ਦਰ ਹਿੰਦ ਜ਼ਹੀਰੋ ਰਾਂਝਾ ਗੋਗਾਸਤ
ਕਾਫ਼ਸਾਨਾ ਹਰ ਦੋ ਦਰ ਜ਼ਬਾਂਹਾ ਸਤ ।

ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਅਕਬਰ ਦੇ ਸਮੇਂ ਤੱਕ ਇਹ ਕਥਾ ਬਹੁਤ ਹੀ ਪ੍ਰਸਿੱਧ ਹੋ ਚੁੱਕੀ ਸੀ।

ਅਕਬਰ ਦੇ ਸਮੇਂ ਦੇ ਇਕ ਹੋਰ ਸੂਫ਼ੀ ਸ਼ਾਇਰ ਸ਼ਾਹ ਹੁਸੈਨ ਨੇ ਹੀਰ ਰਾਂਝੇ ਨੂੰ ਚਿਨ੍ਹਾਂ ਰਾਹੀਂ ਆਪਣੀਆਂ ਕਾਫ਼ੀਆਂ ਵਿਚ ਪ੍ਰਗਟਾਇਆ ਹੈ। ਕੁਝ ਹੀ ਵਰ੍ਹਿਆਂ ਵਿਚ ਕੋਈ ਕਹਾਣੀ ਜਿਸ ਦੀ ਆਧਾਰ-ਸ਼ਿਲਾ ਦੁਨਿਆਵੀ ਪਿਆਰ ਹੋਵੇ ਕਦੀ ਵੀ ਸੂਫ਼ੀ ਕਾਵਿ ਜਾਂ ਭਗਤੀ ਕਾਵਿ ਦਾ ਚਿੰਨ੍ਹ ਨਹੀਂ ਬਣ ਸਕਦੀ। ਉਸ ਸਮੇਂ (ਅਕਬਰ ਦੇ ਰਾਜ ਵਿਚ ਘੱਟੀ) ਵਾਪਰਣ ਵਾਲੀ ਇਹ ਪ੍ਰੀਤ-ਕਥਾ, ਜੋ ਉਸ ਸਮੇਂ ਦੇ ਸਮਾਜ ਨੂੰ ਪ੍ਰਵਾਨ ਨਹੀਂ ਸੀ, ਪਾਕੀਜ਼ਗੀ ਦਾ ਰੂਪ ਧਾਰ ਕੇ ਭਾਈ ਗੁਰਦਾਸ ਜੀ ਤੇ ਸੂਫ਼ੀ ਕਵੀ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਨਹੀਂ ਆ ਸਕਦੀ ਸੀ।

ਉਂਜ ਵੀ ਕਿਹੜਾ ਮਾਂ-ਪਿਉ ਹੈ ਜੋ ਆਪਣੇ ਪਿੰਡ ਦੇ ਹਟਵਾਣੀਏ ਨੂੰ ਆਗਿਆ ਦੇ ਦੇਵੇ ਕਿ ਉਹ ਉਨ੍ਹਾਂ ਦੀ ਧੀ ਦੀ ਪ੍ਰੇਮ ਕਹਾਣੀ ਲਿਖ ਕੇ ਉਨ੍ਹਾਂ ਨੂੰ ਖੱਜਲ ਖੁਆਰ ਕਰੇ, ਜਦੋਂ ਕਿ ਉਹ ਉਨ੍ਹਾਂ ਦੇ ਆਸਰੇ ਹੀ ਪਿੰਡ ਵਿਚ ਰਹਿ ਰਿਹਾ ਹੋਵੇ।

ਇਨ੍ਹਾਂ ਸਾਰੀਆਂ ਸ਼ਹਾਦਤਾਂ ਤੋਂ ਬਿਨਾਂ ਇਕ ਹੋਰ ਸ਼ਹਾਦਤ ਹੋਰ ਬੜੀ ਪੱਕੀ ਪੀਡੀ ਹੈ। ਦਮੋਦਰ ਇਕ ਥਾਂ ਤਮਾਕੂ ਦਾ ਜ਼ਿਕਰ ਕਰਦਾ ਹੈ :

ਉਬਾਲ ਸੇਵੀਆਂ, ਘੜਾ ਲੱਸੀ ਦਾ ਤਮਾਕੂ ਚਿਲਮ ਲਿਆਏ। (167)

ਪਰ ਤਮਾਕੂ ਭਾਰਤ ਵਿਚ ਪਹਿਲੀ ਵਾਰੀ ਪੁਰਤਗੇਜ਼ੀ ਵਪਾਰੀ 1605 ਈ. ਵਿਚ ਲੈ ਕੇ ਆਏ। ਕੁਝ ਵਰ੍ਹਿਆਂ ਵਿਚ ਸਾਰੇ ਦੇਸ਼ ਵਿਚ ਇਸ ਦਾ ਰਿਵਾਜ ਹੋ ਗਿਆ।[3] ਤਮਾਕੂ ਨੇ ਭਾਰਤ ਦੀ ਗ਼ਰੀਬ ਜਨਤਾ ਵਿਚ ਵੀ ਇੰਨਾ ਘਰ ਕਰ ਲਿਆ ਕਿ ਜਹਾਂਗੀਰ ਨੂੰ 10 ਮਾਰਚ, 1617 ਈ. ਨੂੰ ਇਕ ਹੁਕਮ ਜਾਰੀ ਕਰਕੇ ਤਮਾਕੂ ਦੀ ਵਰਤੋਂ ਕਾਨੂੰਨੀ ਤੌਰ ਤੇ ਬੰਦ ਕਰਨੀ ਪਈ।[4] ਜਿਸ ਦੇ ਹਵਾਲੇ ਡਾ. ਬੇਨੀ ਪ੍ਰਸਾਦ ਦੀ ਪੁਸਤਕ 'ਤਾਰੀਖ਼ੇ ਜਹਾਂਗੀਰੀ' ਤੋਂ ਬਿਨਾਂ ਅਕਬਰ ਨਾਮਾ, ਜਿਲਦ III, ਪੰਨਾ 703, ਖ਼ਲਾਸੁਤੁਤ ਤਵਾਰੀਖ਼, ਪੰਨਾ 454, 'ਕਨਟਰੀਜ਼ ਰੋਂਡ ਦੀ ਵੇ ਔਫ਼ ਬੰਗਾਲ' ਪੰਨਾ 97 ਆਦਿ ਪੁਸਤਕਾਂ ਵਿਚ ਮਿਲਦੇ ਹਨ।

ਬੀਉਰੇਜ ਦੇ ਅਕਬਰ ਨਾਮਾ ਦੀ ਜਿਲਦ ਨੰਬਰ II, ਪੰਨਾ 87 ਤੇ ਲਿਖਿਆ ਹੈ ਕਿ, "ਇਕ ਹੋਰ ਫ਼ਰਮਾਨ ਵੀ ਕਾਬਲੇ ਜ਼ਿਕਰ ਹੈ।" ਤਮਾਕੂ ਜਿਹੜਾ ਕਿ ਭਾਰਤ ਵਿਚ ਅਕਬਰ ਦੇ ਸਮੇਂ ਆਇਆ ਅਤੇ ਛੇਤੀ ਹੀ ਸਾਰੇ ਸ਼ਹਿਰਾਂ ਤੇ ਪਿੰਡਾਂ ਵਿਚ ਹਰ ਵਰਗ ਤੇ ਆਬਾਦੀ ਵਿਚ ਫ਼ੈਲ ਗਿਆ। ਜਹਾਂਗੀਰ ਦੇ ਵਿਚਾਰ ਅਨੁਸਾਰ "ਉਸ ਨਾਲ ਹਰ ਤਬੀਅਤ ਅਤੇ ਜਿਸਮਾਨੀ ਬਣਤਰ ਨੂੰ ਨੁਕਸਾਨ ਪੁੱਜਦਾ ਸੀ। ਇਸ ਲਈ ਇਸ ਦਾ ਪ੍ਰਯੋਗ ਵਿਵਰਜਤ ਕਰ ਦਿੱਤਾ ਗਿਆ ਪਰ ਲੋਕਾਂ ਨੇ ਇਸ ਦੀ ਬਹੁਤ ਘੱਟ ਪ੍ਰਵਾਹ ਕੀਤੀ।"

---

[3]ਡਾ. ਸੀਤਲ ਦੇ ਇਸ ਵਿਚਾਰ ਨਾਲ ਵੀ ਸਹਿਮਤੀ ਨਹੀਂ ਪ੍ਰਗਟਾਈ ਜਾ ਸਕਦੀ ਕਿ ਤਮਾਕੂ ਜਹਾਂਗੀਰ ਦੇ ਰਾਜ ਸਮੇਂ ਭਾਰਤ ਵਿਚ ਆਇਆ।

[4]ਡਾ. ਬੇਨੀ ਪ੍ਰਸਾਦ, ਤਾਰੀਖ਼ੇ ਜਹਾਂਗੀਰ (ਉਰਦੂ), ਅਨੁਵਾਦਿਕ ਰਹਿਮ ਅਲੀਉਲ ਹਾਸ਼ਮੀ, ਤਰੱਕੀਏ ਉਰਦੂ ਬੋਰਡ, ਦਿੱਲੀ, ਪੰਨਾ 434.

ਇਸ ਸ਼ਹਾਦਤ ਤੋਂ ਸਾਫ਼ ਜ਼ਾਹਿਰ ਹੈ ਕਿ ਦਮੋਦਰ ਨੇ ਹੀਰ ਦੀ ਰਚਨਾ 1605 ਈ. ਤੋਂ ਪਿਛੋਂ ਕੀਤੀ । ਕਿਉਂਕਿ ਅਕਬਰ ਦਾ ਰਾਜ 1605 ਈ. ਤਕ ਕਾਇਮ ਰਿਹਾ ਤੇ ਦਮੋਦਰ ਵਾਰ ਵਾਰ ਅਕਬਰ ਦਾ ਜ਼ਿਕਰ ਕਰਦਾ ਹੈ, ਜਹਾਂਗੀਰ ਦਾ ਨਹੀਂ ਕਰਦਾ । ਡਾ. ਪਰਮਿੰਦਰ ਸਿੰਘ ਨੇ ਜੋ ਸਮਾਂ ਮਿਥਿਆ ਹੈ ਉਹ ਕਾਫ਼ੀ ਹਦ ਤਕ ਦਰੁਸਤ ਹੈ । ਕਿਉਂਕਿ ਅਕਬਰ ਦਾ ਰਾਜ ਉਸ ਦੀ ਮੌਤ ਤਕ (1014 ਹਿਜਰੀ 12 ਜਮਾਦੀ-ਉਲ-ਆਖ਼ਰ) 17 ਅਕਤੂਬਰ, 1605 ਤਕ ਰਿਹਾ । ਇਸੇ ਵਰ੍ਹੇ ਹੀ ਤਮਾਕੂ ਭਾਰਤ ਵਿਚ ਆਇਆ ਸੀ । ਏਡੀ ਛੇਤੀ ਝੀਊਰੀ ਵਰਗੀ ਗ਼ਰੀਬ ਔਰਤ ਦੇ ਘਰ ਤਮਾਕੂ ਪਹੁੰਚਾਉਣਾ ਬੜਾ ਅਸੰਭਵ ਲਗਦਾ ਹੈ । ਅਤੇ ਇਹ ਉਹ ਸਮਾਂ ਸੀ ਜਦੋਂ ਰਾਂਝਾ ਅਜੇ ਹੀਰ ਨੂੰ ਮਿਲਿਆ ਵੀ ਨਹੀਂ ਸੀ ।

ਡਾ. ਜੀਤ ਸਿੰਘ ਸੀਤਲ ਨੇ ਕਿੱਸਾ ਹੀਰ ਰਾਂਝਾ ਦੀ ਕਹਾਣੀ ਨੂੰ 142੫ ਈ. ਤੋਂ 1453 ਈ. ਵਿਚਕਾਰ ਵਾਪਰੀ ਮੰਨ ਕੇ ਝੰਗ ਸ਼ਹਿਰ ਦੀ ਬੁਨਿਆਦ ਨੂੰ ਹੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ । ਉਸ ਦਾ ਵਿਚਾਰ ਹੈ ਕਿ ਚੂਚਕ 1464 ਈ. ਵਿਚ ਕਾਲਵਸ ਹੋਇਆ ਤਾਂ ਉਸ ਦੀ ਉਮਰ 87 ਸਾਲ ਦੀ ਸੀ । ਸੋ ਇਹ ਘਟਨਾ 1425 ਤੋਂ 1453 ਈ. ਤਕ ਵਾਪਰੀ ਕਹੀ ਜਾ ਸਕਦੀ ਹੈ । ਡਾ. ਸੀਤਲ ਹੋਰਾਂ ਨੇ ਬੰਦੋਬਸਤ ਰਿਪੋਰਟ[5] ਤੇ ਤਾਰੀਖ਼ੇ ਝੰਗ ਦਾ ਹਵਾਲਾ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹੀਰ ਰਾਂਝੇ ਦੀ ਪ੍ਰੀਤ ਘਟਨਾ ਸਮੇਂ ਝੰਗ ਸ਼ਹਿਰ ਆਬਾਦ ਹੀ ਨਹੀਂ ਸੀ ਹੋਇਆ । ਝੰਗ ਸ਼ਹਿਰ ਦੀ ਬੁਨਿਆਦ ਚੂਚਕ ਦੇ ਭਤੀਜੇ ਮੱਲ ਖ਼ਾਂ ਨੇ 1462 ਈ. ਵਿਚ ਰਖੀ ਸੀ । ਉਨ੍ਹਾਂ ਨੇ ਇਹ ਮੱਤ ਇਸ ਲਈ ਪੇਸ਼ ਕੀਤਾ ਹੈ ਕਿ ਹੀਰ ਰਾਂਝੇ ਦੀ ਕਹਾਣੀ ਨੂੰ 1462 ਈ. ਤੋਂ ਪਹਿਲਾਂ ਦੀ ਪ੍ਰੀਤ-ਕਥਾ ਸਾਬਤ ਕੀਤਾ ਜਾ ਸਕੇ । ਇਸ ਸਮੇਂ ਲਾਹੌਰ ਉਪਰ ਬਹਿਲੋਲ ਲੋਧੀ ਦਾ ਰਾਜ ਸੀ ਜਿਸ ਤੋਂ ਮੱਲ ਖ਼ਾਂ ਨੇ ਇਸ ਇਲਾਕੇ ਦਾ ਪਟਾ ਹਾਸਿਲ ਕੀਤਾ ਸੀ ।[6]

ਆਪਣੇ ਕਥਨ ਦੀ ਪ੍ਰੋੜ੍ਹਤਾ ਲਈ ਡਾ. ਜੀਤ ਸਿੰਘ ਸੀਤਲ ਨੇ ਦਮੋਦਰ ਦਾ ਇਹ ਮਿਸਰਾ ਪੇਸ਼ ਕੀਤਾ ਹੈ :

ਵੜਿਆ ਵੰਝ ਚੂਚਕ ਦੇ ਸ਼ਹਿਰੇ
ਜਿੱਥੇ ਸਿਆਲ ਅਬਦਾਲੀ ।

"ਇਸ ਤੋਂ ਸਾਬਤ ਹੋਇਆ ਕਿ ਝੰਗ ਦਾ ਪੁਰਾਣਾ ਸ਼ਹਿਰ ਵੀ ਹੀਰ ਰਾਂਝਾ ਦੀ ਪ੍ਰੀਤ ਘਟਨਾ ਤੋਂ ਪਿੱਛੋਂ ਹੋਂਦ ਵਿਚ ਆਇਆ ।"[7]

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਉਸ ਸਮੇਂ ਤਕ ਝੰਗ ਹੋਂਦ ਵਿਚ ਆ ਚੁੱਕਾ ਸੀ ਜਾਂ ਨਹੀਂ ?

ਸਭ ਤੋਂ ਪਹਿਲਾ ਹਵਾਲਾ ਚੀਨੀ ਯਾਤਰੀ ਹਿਊਨਸਾਂਗ ਪੁਸਤਕ ਵਿਚ ਮਿਲਦਾ ਹੈ । ਉਹ 1641 ਈ. ਵਿਚ ਭਾਰਤ ਆਇਆ ਤੇ ਝੰਗ ਵਿਚ ਵੀ ਆਇਆ । ਉਹਨੇ ਝੰਗ ਨੂੰ ਝਾਂਗ

---

[6]ਡਾ. ਜੀਤ ਸਿੰਘ ਸੀਤਲ, ਹੀਰ ਵਾਰਸ, ਪੰਨਾ 10.
[6]ਡਾ. ਜੀਤ ਸਿੰਘ ਸੀਤਲ, ਹੀਰ ਵਾਰਸ, ਪੰਨਾ 12.
[7]ਉਹੀ, ਪੰਨਾ 15.

ਲਿਖਿਆ ਹੈ।

"1334 ਈ. ਵਿਚ ਮਸ਼ਹੂਰ ਯਾਤਰੀ ਇਬਨੇ ਬਤੂਤਾ ਝੰਗ ਵਿਚ ਜਿਹਲਮ ਤੇ ਚਨਾਬ ਦੇ ਸੰਗਮ ਤ੍ਰੇਮੂੰ ਆਇਆ। ਉਸ ਸਮੇਂ ਝੰਗ ਦਾ ਹੁਕਮਰਾਨ ਨਵਾਬ ਮੁਬਾਰਿਕ ਖ਼ਾਂ ਸੀ।"[8]

"ਮੁਗਲ ਬਾਦਸ਼ਾਹ ਜ਼ਹੀਰੁੱਦੀਨ ਬਾਬਰ ਨੇ ਆਪਣੀ ਪੁਸਤਕ 'ਤੁਜ਼ਕੇ ਬਾਬਰੀ' ਵਿਚ ਝੰਗ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ ਕਿ 1398 ਈ. ਤੋਂ ਝੰਗ ਤੈਮੂਰ ਬੇਗ ਦੇ ਹਿੰਦੋਸਤਾਨ ਉੱਤੇ ਹਮਲੇ ਤੀਕਰ ਤੁਰਕਾਂ ਦੇ ਕਬਜ਼ੇ ਵਿਚ ਰਿਹਾ। ਅਮੀਰ ਤੈਮੂਰ ਨੇ ਭੇਰੇ ਤੋਂ ਝੰਗ ਤੀਕਰ ਹਕੂਮਤ ਕੀਤੀ।"

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਝੰਗ ਦੀ ਨੀਂਹ ਰਾਏ ਸਰਜਾ ਨੇ ਸੰਮਤ 983 (ਮੁਤਾਬਿਕ ਸੰਨ 926 ਈ.) ਵਿਚ ਰਖੀ।

ਇਨ੍ਹਾਂ ਸਾਰਿਆਂ ਹਵਾਲਿਆਂ ਤੋਂ ਸਿੱਧ ਹੋ ਜਾਂਦਾ ਹੈ ਕਿ ਝੰਗ ਦੀ ਬੁਨਿਆਦ ਮੱਲ ਖ਼ਾਂ ਨੇ 1462 ਈ. ਵਿਚ ਨਹੀਂ ਰਖੀ, ਸਗੋਂ ਇਹ ਬਹੁਤ ਹੀ ਪੁਰਾਣਾ ਸ਼ਹਿਰ ਹੈ। ਦਮੋਦਰ ਇਸੇ ਝੰਗ ਵੱਲ ਵਾਰ ਵਾਰ ਸੰਕੇਤ ਕਰਦਾ ਹੈ। ਪਰ ਉਸ ਨੇ ਇਹ ਕਿੱਸਾ ਜਹਾਂਗੀਰ ਦੇ ਰਾਜ ਸਮੇਂ ਰਚਿਆ ਜੋ ਬਹੁਤ ਪਹਿਲਾਂ ਪ੍ਰਸਿਧ ਹੋ ਚੁੱਕਾ ਸੀ। ਇਸ ਦੀ ਪ੍ਰਸਿੱਧੀ ਤੋਂ ਪ੍ਰਭਾਵਿਤ ਹੋ ਕੇ ਭਾਈ ਗੁਰਦਾਸ (1559-1637), ਸ਼ਾਹ ਹੁਸੈਨ (1539-1599) ਤੇ ਬਾਕੀ ਕੁਲਾਬੀ (ਸੰ. 1579) ਨੇ ਹੀਰ ਰਾਂਝਾ ਦਾ ਕਿੱਸਾ ਲਿਖਿਆ ਤੇ ਆਪਣੀਆਂ ਕਾਫ਼ੀਆਂ ਤੇ ਵਾਰਾਂ ਵਿਚ ਜ਼ਿਕਰ ਕੀਤਾ।

ਅਸੀਂ ਦਮੋਦਰ ਦੇ ਰਚਨਾ ਕਾਲ ਦਾ ਨਿਰਣਾ ਕਰ ਚੁੱਕੇ ਹਾਂ ਕਿ ਉਸ ਨੇ ਇਹ ਕਿੱਸਾ 1605 ਈ. ਤੋਂ ਪਿੱਛੋਂ ਲਿਖਿਆ। ਇਸ ਲਿਹਾਜ਼ ਨਾਲ ਬਾਕੀ ਕੁਲਾਬੀ ਨੇ ਇਹ ਕਿੱਸਾ 1579 ਈ. ਤਕ ਰਚ ਲਿਆ ਸੀ। ਸੋ ਹੀਰ ਰਾਂਝਾ ਦੀ ਕਥਾ ਨੂੰ ਰਚਣ ਵਾਲਾ ਸਭ ਤੋਂ ਪਹਿਲਾ ਕਵੀ ਫ਼ਾਰਸੀ ਦਾ ਸ਼ਾਇਰ ਬਾਕੀ ਕੁਲਾਬੀ ਹੈ।

---

[8]ਲਹਿਰਾਂ, ਲਾਹੌਰ, ਪੰਨਾ 15, ਨਵੰਬਰ 1985.

3

# ਇਹ ਪ੍ਰੀਤ ਘਟਨਾ ਕਦੋਂ ਘਟੀ ?

ਜਿਸ ਤਰ੍ਹਾਂ ਅਸੀਂ ਪਰਖ ਚੁੱਕੇ ਹਾਂ ਕਿ ਤਮਾਕੂ 1605 ਈ. ਵਿਚ ਅਕਬਰ ਦੀ ਮੌਤ ਤੋਂ ਕੁਝ ਮਹੀਨੇ ਹੀ ਪਹਿਲਾਂ ਭਾਰਤ ਵਿਚ ਆਇਆ ਸੀ। ਜਿਸ ਦਾ ਜ਼ਿਕਰ ਦਮੋਦਰ ਨੇ ਉਸ ਸਮੇਂ ਕੀਤਾ ਹੈ ਜਦੋਂ ਰਾਂਝਾ ਅਜੇ ਹੀਰ ਨੂੰ ਮਿਲਿਆ ਵੀ ਨਹੀਂ ਸੀ। ਜੇ ਇਹ ਵੀ ਮੰਨ ਲਿਆ ਜਾਵੇ ਕਿ ਦੋ ਕੁ ਵਰ੍ਹੇ ਵਿਚ ਤਮਾਕੂ ਆਮ ਲੋਕਾਂ ਦੇ ਘਰਾਂ ਤਕ ਪੁੱਜ ਗਿਆ ਸੀ ਤਾਂ ਰਾਂਝੇ ਉਪਰ ਝੀਊਰੀ ਦੀ ਕੁੜੀ ਦੇ ਆਸ਼ਕ ਹੋਣ ਦੀ ਘਟਨਾ 1607-8 ਦੀ ਹੋ ਸਕਦੀ ਹੈ। ਇਸ ਤੋਂ ਪਿੱਛੋਂ ਰਾਂਝੇ ਨੇ 12 ਸਾਲ ਸਿਆਲਾਂ ਦੀਆਂ ਮੱਝਾਂ ਚਾਰੀਆਂ ਅਤੇ 35 ਮਹੀਨੇ 9 ਰਾਤਾਂ ਪਿੱਛੋਂ ਫੇਰ ਰਾਂਝੇ ਤੇ ਹੀਰ ਦੀ ਮੁਲਾਕਾਤ ਹੋਈ।

"ਪੈਂਤ੍ਰੀ ਮਾਹ, ਨੌ ਰਾਤੀਂ ਪਿੱਛੋਂ, ਰਬ ਅਸਾਂ ਅਨਾਜ ਖਵਾਇਆ"। ਇਸ ਤੋਂ ਪਿੱਛੋਂ 40 ਦਿਨ ਫੇਰ ਰਾਂਝਾ ਤੇ ਹੀਰ ਢਾਲੀਰੇ ਵਿਚ ਰਹੇ। ਇਸ ਲਿਹਾਜ਼ ਨਾਲ ਉਹ ਪੂਰੇ 15 ਸਾਲਾਂ ਪਿੱਛੋਂ ਅਦਲੀ ਦੀ ਕਚਹਿਰੀ ਵਿੱਚੋਂ ਜਿੱਤ ਪ੍ਰਾਪਤ ਕਰਨ ਉਪਰੰਤ ਇਕੱਠੇ ਹੋਏ। ਇਸ ਲਿਹਾਜ਼ ਨਾਲ ਉਹ 1622/23 ਵਿਚ ਲੰਮੀ ਵੱਲ ਚਲੇ ਗਏ। ਸੋ ਇਹ ਕਿੱਸਾ ਜਹਾਂਗੀਰੀ-ਅਹਿਦ ਦੇ ਆਖਰੀ ਵਰ੍ਹਿਆਂ ਵਿਚ ਜਾਂ ਸ਼ਾਹਜਹਾਨੀ ਅਹਿਦ ਦੇ ਆਰੰਭ ਵਿਚ ਰਚਿਆ ਗਿਆ ਤਾਂ ਅਸੀਂ ਸਾਬਤ ਕਰ ਚੁੱਕੇ ਹਾਂ। ਆਉ ਹੁਣ ਡਾ. ਸੀਤਲ ਦੀ ਖੋਜ ਦੀ ਵੀ ਪੁਣ-ਛਾਣ ਕਰ ਲਈਏ। ਡਾਕਟਰ ਸੀਤਲ ਨੇ ਆਪਣੀਆਂ ਸਭ ਦਲੀਲਾਂ ਦੇਣ ਤੋਂ ਪਿੱਛੋਂ ਇਹ ਸਿੱਧ ਕੀਤਾ ਹੈ :

(1) ਘਟਨਾ ਪੰਦਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਵਾਪਰੀ ਸੀ।

(2) ਘਟਨਾ ਦੇ ਵਾਪਰਣ ਦਾ ਅਸਥਾਨ ਚੂਚਕਾਣਾ ਸੀ, ਨਾ ਕਿ ਝੰਗ (ਕਿਉਂ ਜੋ ਝੰਗ ਓਦੋਂ ਹਾਲੀ ਆਬਾਦ ਹੀ ਨਹੀਂ ਸੀ ਕੀਤਾ ਗਿਆ।

(3) ਚੂਚਕ 1462 ਈ. ਦੇ ਲਗਭਗ ਕਾਲਵਸ ਹੋਇਆ।
ਝੰਗ ਦਾ ਪੁਰਾਣਾ ਸ਼ਹਿਰ ਮਲ ਖ਼ਾਂ ਨੇ 1462 ਈ. ਵਿਚ ਵਸਾਇਆ। ਮੱਲ ਖਾਂ ਚੂਚਕ ਦਾ ਭਤੀਜਾ, ਸਿਆਲਾਂ ਦਾ ਨੌਵਾਂ ਸਰਦਾਰ ਤੇ ਚੂਚਕ ਦੀ ਰਿਆਸਤ ਦਾ ਉਸ ਵੱਲੋਂ ਥਾਪਿਆ ਗਿਆ ਉੱਤਰਾਧਿਕਾਰੀ ਸੀ।

(5) ਹੀਰ ਦੀ ਮਿਰਤੂ 1451-52 ਜਾਂ 1452-53 ਈ. ਵਿਚ ਹੋਈ।

(6) ਮੁਅਜ਼ਮਦੀਨ ਅਬੁਲ ਫ਼ਤਿਹ ਮੁਬਾਰਕ ਸ਼ਾਹ (1412-33) ਹੀ ਅੱਦਲ ਫ਼ਤਿਹ ਸੀ। ਜਿਹੜਾ ਸੱਯਦ ਖ਼ਾਨਦਾਨ ਦੇ ਮੋਢੀ ਖ਼ਿਜ਼ਰ ਖ਼ਾਂ ਦਾ ਪੁੱਤਰ ਸੀ।

ਡਾ. ਜੀਤ ਸਿੰਘ ਸੀਤਲ ਦੇ ਇਸ ਕਥਨ ਨਾਲ ਅਸੀਂ ਪਹਿਲਾਂ ਹੀ ਸਹਿਮਤ ਨਹੀਂ ਕਿ ਝੰਗ ਉਸ ਸਮੇਂ ਆਬਾਦ ਹੀ ਨਹੀਂ ਸੀ ਹੋਇਆ। ਭਾਵੇਂ ਡਾ. ਸੀਤਲ ਨੇ ਆਪਣੇ ਕਥਨ ਦੀ ਪੁਸ਼ਟੀ ਲਈ ਨੂਰ ਮੁਹੰਮਦ ਚੇਲਾ ਦੀ ਪੁਸਤਕ 'ਤਾਰੀਖ਼ੇ ਝੰਗ' ਦੇ ਹਵਾਲੇ ਵੀ ਦਿੱਤੇ ਹਨ।[1]

ਪਰ 'ਪੰਜਾਬ ਕੇ ਰਈਸ' ਵਿਚ ਲਿਖਿਆ ਹੋਇਆ ਹੈ ਕਿ "ਹਜ਼ਰਤ ਬਾਬਾ ਸ਼ਕਰਗੰਜ ਨੇ ਸਿਆਲਾਂ ਨੂੰ ਮੁਸਲਮਾਨ ਕੀਤਾ। ਸਿਆਲਾਂ ਵਿਚੋਂ ਬਹੁਤੇ ਹਜ਼ਰਤ ਜਲਾਲ ਸੁਰਖ ਬੁਖ਼ਾਰੀ (ਜਿਨ੍ਹਾਂ ਦਾ ਮਕਬਰਾ ਉੱਚੇ ਸ਼ਰੀਫ਼ ਵਿਚ ਹੈ, ਇਨ੍ਹਾਂ ਮੌਜੂਦਾ ਝੰਗ ਸ਼ਹਿਰ ਵਸਾਇਆ ਸੀ) ਦੇ ਮੁਰੀਦ ਸਨ। ਇਨ੍ਹਾਂ ਵਿਚ ਚੂਚਕ ਵੀ ਸ਼ਾਮਲ ਸੀ।"[2]

ਰਸਾਲਾ 'ਨਜ਼ਮੁਲ ਮਸ਼ਾਇਖ' ਅਨੁਸਾਰ ਮਖਦੂਮ ਸ਼ਾਹ ਕਬੀਰ ਦੀ ਦੁਆ ਨਾਲ ਚੂਚਕ ਦੇ ਘਰ ਹੀਰ 830 ਹਿਜਰੀ ਪੈਦਾ ਹੋਈ।[3] ਉਪਰੋਕਤ ਹਵਾਲੇ ਦੀ ਪੁਸ਼ਟੀ 'ਉਲਮਾਏ ਹਿੰਦ ਕੇ ਰੂਹਾਨੀ ਕਾਰਨਾਮੇ' ਵਿਚ ਵੀ ਕੀਤੀ ਗਈ ਹੈ।[4] ਇਸ ਲਿਹਾਜ਼ ਨਾਲ ਹੀਰ ਦਾ ਜਨਮ 830 ਹਿਜਰੀ ਮੁਤਾਬਿਕ 1462 ਈ. ਹੋਇਆ। 1426 ਈ. ਵਿਚ 27 ਸਾਲ ਜਮ੍ਹਾਂ ਕਰ ਦੇਈਏ ਤਾਂ ਹੀਰ ਰਾਂਝੇ ਦਾ ਮਿਲਾਪ 1453 ਈ. ਵਿਚ ਹੋਇਆ ਹੋਵੇਗਾ। ਪਰ ਸੀਤਲ ਸਾਹਿਬ ਨੇ ਹੀਰ ਦੀ ਮੌਤ ਦਾ ਸੰਨ 1453 ਈ. ਲਿਖਿਆ ਹੈ।

ਇਥੇ ਇਕ ਹੋਰ ਗੁੰਝਲ ਵੀ ਪੈ ਗਈ ਹੈ। ਡਾ. ਜੀਤ ਸਿੰਘ ਨੇ ਆਪਣਾ ਪੂਰਾ ਜ਼ੋਰ ਲਾ ਕੇ ਇਹ ਸਿੱਧ ਕੀਤਾ ਹੈ ਕਿ ਉਸ ਸਮੇਂ ਬਾਲ ਨਾਥ ਦੇ ਟਿੱਲੇ ਦਾ ਗੱਦੀਦਾਰ ਗੁੰਧਾਈ ਸੀ। ਉਨ੍ਹਾਂ ਨੇ ਬਾਲ ਗੁੰਧਾਈ ਦਾ ਸਮਾਂ ਵੀ (1420 ਈ. ਤੋਂ 1500 ਈ.) ਮੁਕੱਰਰ ਕਰ ਦਿੱਤਾ ਹੈ ਅਤੇ ਲਿਖਿਆ ਹੈ ਕਿ 1449 ਈ. ਵਿਚ ਰਾਂਝੇ ਨੇ ਬਾਲ ਗੁੰਧਾਈ ਤੋਂ ਜੋਗ ਲਿਆ। ਪਰ ਅਬੁੱਲ ਫਤਿਹ ਮੁਬਾਰਕ ਸ਼ਾਹ, ਜਿਸ ਦੀ ਅਦਾਲਤ ਤੋਂ ਰਾਂਝੇ ਨੂੰ ਹੀਰ ਮਿਲੀ ਸੀ, 837 ਹਿਜਰੀ ਮਾਹੇ ਰਜਬ ਦੀ ਨੌਂ ਤਾਰੀਖ਼ ਨੂੰ ਨਮਕ ਹਰਾਮ ਸਾਥੀਆਂ ਹੱਥੋਂ ਕਤਲ ਹੋ ਗਿਆ ਸੀ।[5] ਇਸ ਲਿਹਾਜ਼ ਨਾਲ ਹੀਰ ਉਸ ਸਮੇਂ 7 ਸਾਲ ਦੀ ਸੀ। 1947 ਈ. ਵਿਚ ਮਾਹਨਾਮਾ 'ਆਜਕਲ' ਦਿੱਲੀ ਵਿਚ ਇਕ ਲੇਖ ਅਖ਼ਤਰ ਅਲੀ ਨਿਦਵੀ ਦਾ ਛਪਿਆ ਸੀ। ਉਸ ਅਨੁਸਾਰ ਹੀਰ ਦੀ ਮੌਤ 46 ਸਾਲ ਦੀ ਉਮਰ ਵਿਚ ਹੋਈ।[6]

ਤੁਜ਼ਕੇ ਬਾਬਰੀ ਦਾ ਹਵਾਲਾ ਦਿੰਦਿਆਂ ਹੋਇਆਂ ਹਮੀਮ ਉੱਲਾ ਹਾਸ਼ਮੀ ਨੇ ਆਪਣੀ ਪੁਸਤਕ ਦੇ ਫੁਟਨੋਟ ਵਿਚ ਲਿਖਿਆ ਹੈ, "ਬਾਬਰ ਦੀ ਪੈਦਾਇਸ਼ 6 ਮਹੱਰਮ 888 ਹਿ. ਨੂੰ

---

[1]ਡਾ. ਜੀਤ ਸਿਘ ਸੀਤਲ, ਹੀਰ ਵਾਰਸ ਸ਼ਾਹ, ਪੰਨਾ 10.

[2]ਰਸਾਲਾ ਨਜ਼ਮੁੱਲ ਮਸ਼ਾਇਖ, ਜੁਲਾਈ 1911, ਪੰਨਾ 9.

[3]ਉਲਮਾਏ ਹਿੰਦ ਕੇ ਰੂਹਾਨੀ ਕਾਰਨਾਮੇ, ਨਵਲ ਕਿਸ਼ੋਰ ਲਖਨਊ, 1923, ਪੰਨਾ 211.

[4]ਉਹੀ, ਪੰਨਾ 29.

[5]ਤਾਰੀਖ਼ੇ ਫ਼ਰਿਸ਼ਤਾ (ਉਰਦੂ), ਪੰਨਾ 385.

[6]ਅਖ਼ਤਰ ਅਲੀ ਨਦਵੀ, ਮਾਹਨਾਮਾ 'ਆਜਕਲ' (ਉਰਦੂ), ਜੁਲਾਈ, 1947, ਦਿੱਲੀ।

ਹੈ । ਭਾਵ ਉਹ ਹੀਰ ਦੀ ਮੌਤ ਤੋਂ ਬਾਰ੍ਹਾਂ ਵਰ੍ਹੇ ਪਿੱਛੋਂ ਜੰਮਿਆ ।[7]

ਇਸ ਲਿਹਾਜ਼ ਨਾਲ ਡਾ. ਜੀਤ ਸਿੰਘ ਸੀਤਲ ਦੀ ਖੋਜ ਨਿਰਾਰਥਕ ਹੋ ਜਾਂਦੀ ਹੈ ਕਿ ਉਸ ਸਮੇਂ ਝੰਗ ਬਣਿਆ ਹੀ ਨਹੀਂ ਸੀ । ਰਾਂਝੇ ਨੇ 1449 ਈ. ਵਿਚ ਜੋਗ ਲਿਆ ।

ਅਬੁੱਲ ਫ਼ਤਿਹ ਮੁਬਾਰਕ ਸ਼ਾਹ (1412-33 ਈ.) ਓਹੀ ਸੀ ਜਿਸ ਨੂੰ ਅਦਲੀ ਰਾਜਾ ਕਿਹਾ ਗਿਆ ਹੈ ।

ਹੀਰ ਦੀ ਮੌਤ 1453 ਈ. ਵਿਚ ਹੋਈ । ਪਰ ਤਾਰੀਖੀ ਵੇਰਵਿਆਂ ਅਨੁਸਾਰ ਸੀਤਲ ਸਾਹਿਬ ਦੀ ਇਸ ਖੋਜ ਦੀਆਂ ਕੜੀਆਂ ਮੇਲ ਨਹੀਂ ਖਾਂਦੀਆਂ ।

(1) ਜੇ ਰਾਂਝੇ ਨੇ 1449 ਈ. ਵਿਚ ਬਾਲ ਗੁੰਦਾਈ[8] ਤੋਂ ਜੋਗ ਲਿਆ ਤਾਂ ਅਬੁੱਲ ਫ਼ਤਿਹ ਮੁਬਾਰਕ ਸ਼ਾਹ ਦੀ ਮੌਤ 1433 ਈ ਵਿਚ ਹੋ ਚੁੱਕੀ ਸੀ ।

(2) ਚੂਚਕ ਨੇ ਆਪਣੇ ਪੁੱਤਰਾਂ ਨੂੰ ਬੇਦਖਲ ਕਰਕੇ ਝੰਗ ਦੀ ਹੁਕਮਰਾਨੀ ਆਪਣੇ ਭਤੀਜੇ ਮੱਲ ਖ਼ਾਂ ਨੂੰ ਸੌਂਪੀ । ਪਰ ਦਮੋਦਰ ਨੇ ਹੀਰ ਦੇ ਦੂਸਰੇ ਭਰਾਵਾਂ ਦਾ ਜ਼ਿਕਰ ਤਾਂ ਕੀਤਾ ਹੈ, ਮੱਲ ਖ਼ਾਂ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ । ਇਥੋਂ ਤਕ ਕਿ ਹੀਰ ਦੇ ਵਿਆਹ ਸਮੇਂ ਦਮੋਦਰ ਸਭ ਦਾ ਜ਼ਿਕਰ ਕਰਦਾ ਹੈ ।

"ਤ੍ਰਾਹੇ ਵੀਰ, ਤੇ ਚਾਰੇ ਮਾਮੇ, ਅੰਦਰ ਆਣ ਛਪਾਏ"

ਚੂਚਕ ਕੈਦੋ ਨੂੰ ਆਪਣਾ ਸੱਕਾ ਭਰਾ ਆਖਦਾ ਹੈ । ਪਰ ਤਾਰੀਖ਼ੇ ਝੰਗ ਵਿਚ ਮੌਲਵੀ ਨੂਰ ਮੁਹੰਮਦ ਚੇਲਾ ਨੇ ਜਿਹੜਾ ਸ਼ਜਰਾਨਸਬ (ਬੰਸਾਵਲੀ) ਦਿੱਤੀ ਏ ਤੇ ਜਿਸ ਵਿਚ ਰਾਏ ਸਿਆਲ ਤੋਂ ਚੂਚਕ ਤਕ ਦਰਜ ਏ ਉਸ ਵਿਚ ਕੈਦੋ ਦਾ ਨਾਂ ਕਿਧਰੇ ਵੀ ਸ਼ਾਮਿਲ ਨਹੀਂ ।

---

[7] ਹਮੀਦ ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ, ਮਜਲਸੀ ਪੰਜਾਬੀ ਅਦਬ ਫ਼ੈਸਲਾ ਬਾਦ 1978, ਪੰਨਾ 209.

[8] ਗੁੰਦਾਈ ਦਾ ਅਰਥ Alexander Cunningham ਨੇ ਆਪਣੀ ਪੁਸਤਕ Archaeological Survey of India, Vol. V, ਪੰਨਾ 12 ਉੱਤੇ ਟਿੱਲਾ ਲਿਖਿਆ ਹੈ । ਇਸ ਲਿਹਾਜ਼ ਨਾਲ ਵੀ ਇਸ ਦਾ ਅਰਥ ਬਾਲ ਨਾਥ ਦਾ ਟਿੱਲਾ ਬਣਦਾ ਹੈ ।

ਰਾਇ ਸ਼ੰਕਰ

ਸਿਆਲ ਟਿਓ ਘਿਓ

ਭਰਮੀ ਕੋਹਲੀ ਮਹਿਣੀ

ਭੂਪਤੀ

ਉੱਪਲ

ਅਚਲ

ਮਹੀਪਾਲ

ਚੋਟ

ਚੂਚਕ ਅੱਲਾਹ ਦਿੱਤਾ ਪੱਥਰ

ਮੱਲ ਖਾਂ

(3) ਡਾ. ਸੀਤਲ ਨੇ ਬਾਲ ਗੰਧਾਈ ਦਾ ਸਮਾਂ ਲੱਭਣ ਲਈ ਡਾ. ਮੋਹਣ ਸਿੰਘ ਦੀਵਾਨਾ ਦੀ ਪੁਸਤਕ 'ਪੰਜਾਬੀ ਸਾਹਿੱਤ ਦਾ ਇਤਿਹਾਸ' ਵਿੱਚੋਂ ਹਵਾਲਾ ਦੇ ਕੇ ਨਾਥ ਜੋਗੀਆਂ ਦਾ ਸ਼ਜਰਾ ਵੀ ਦਿੱਤਾ ਹੈ । ਜੋ ਇਸ ਪ੍ਰਕਾਰ ਹੈ :

ਮਛੰਦਰ——ਗੋਰਖ——ਰਤਨ ਨਾਥ——ਧਰਮ ਦਾਸ——ਵਿਸ਼ਵ-ਦਾਸ; ਚਰਪਟ——ਗੁਰਦਾਸ——ਜੋਧਾ ਰਾਮ——ਮਥਰਾ ਦਾਸ——ਸਾਈਂ ਦਾਸ——ਵਿਸ਼ਵ ਦਾਸ——ਲਖਮਨ ਦਾਸ——ਧਰਮ ਦਾਸ——ਪੰਜਾਬ ਦਾਸ ਜਾਂ ਸਿਧ ਸਵਾਈ——ਗੁਸਾਈ——ਹਰਦਾਸ——ਗੁਸਾਈਂ——ਸਾਈਂ ਦਾਸ——ਬ੍ਰਹਮ ਦਾਸ ।

ਪਰ ਡਾ. ਕੋਮਲ ਸਿੰਹੁ ਸੋਲੰਕੀ ਨੇ 'ਨਾਥ ਕਾਵਿ ਔਰ ਨਿਰਗੁਣ ਸੰਤ ਕਾਵਿ' ਵਿਚ ਨਾਥਾਂ

ਦੀ ਹੇਠ ਲਿਖੀ ਬੰਸਾਵਲੀ ਦਰਜ ਕੀਤੀ ਹੈ ।[8]

ਆਦਿ ਨਾਥ
- ਮਤਸਤੇਂਦਰ ਨਾਥ (ਮਛੰਦ੍ਰ ਨਾਥ)
  - ਗੋਰਖ ਨਾਥ
    - ਗਹਿਣੀ ਨਾਥ
      - ਨਿਵਿਰਤ ਨਾਥ
        - ਗਿਆਨ ਨਾਥ (ਗਿਆਨੇਸ਼ਵਰ)
- ਜਾਲੰਧਰ ਨਾਥ
  - ਕਾਨਿਫ਼ਾ ਨਾਥ
  - ਸੈਨਾਵਤੀ (ਗੋਪੀ ਚੰਦ ਦੀ ਮਾਤਾ)

ਪਰ ਮੁਸ਼ਕਿਲ ਇਹ ਹੈ ਕਿ ਅੱਜ ਤਕ ਗੁਰੂ ਗੋਰਖ ਨਾਥ ਦਾ ਹੀ ਸਮਾਂ ਨਿਸ਼ਚਿਤ ਨਹੀਂ ਹੋ ਸਕਿਆ ।

ਡਾ. ਵੜਥਵਾਲ ਦਾ ਵਿਚਾਰ ਹੈ ਕਿ ਗੋਰਖ ਨਾਥ 11 ਬਿ. ਸਦੀ ਵਿਚ ਹੋਏ ।[9] ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਦਾ ਵਿਚਾਰ ਹੈ ਕਿ ਗੋਰਖ ਨਾਥ ਦਾ ਸਮਾਂ ਨਿਸ਼ਚਿਤ ਕਰਨ ਵਿਚ ਕੋਈ ਵਿਦਵਾਨ ਵੀ ਸਫਲ ਨਹੀਂ ਹੋ ਸਕਿਆ । ਕਿਉਂਕਿ ਗੋਰਖ ਨਾਥ ਦੀਆਂ ਗੋਸ਼ਟਾਂ ਭਗਤ ਕਬੀਰ, ਗੁਰੂ ਨਾਨਕ ਤੇ ਜੈਨ ਦਿਗੰਬਰ ਸੰਤ ਬਨਾਰਸੀ ਦਾਸ ਨਾਲ ਮਿਲ ਜਾਂਦੀਆਂ ਹਨ । ਇਨ੍ਹਾਂ ਤਿੰਨਾਂ ਮਹਾਂਪੁਰਸ਼ਾਂ ਦਾ ਸਮਾਂ 14ਵੀਂ ਸਦੀ ਈ; 15ਵੀਂ ਸਦੀ ਈ; 17ਵੀਂ ਸਦੀ ਈ ਹੈ ।[10]

ਅਗਰ ਗੋਰਖ ਨਾਥ ਦਾ ਸਮਾਂ ਨਿਸ਼ਚਿਤ ਨਹੀਂ ਹੋ ਸਕਦਾ ਤਾਂ ਬਾਲ ਗੁੰਧਾਈ ਜਾਂ ਬਾਲ ਗੁਸਾਈਂ ਦਾ ਸਮਾਂ ਕਿਵੇਂ ਨਿਸ਼ਚਿਤ ਕੀਤਾ ਜਾ ਸਕਦਾ ਹੈ । ਜੇ ਗੁਰੂ ਸਾਹਿਬ ਬਾਲ ਗੁੰਧਾਈ ਨੂੰ ਮਿਲੇ ਸਨ ਤਾਂ ਸਾਖੀਆਂ ਵਿਚ ਗੋਰਖ ਨਾਥ ਨੂੰ ਮਿਲਣ ਦਾ ਜ਼ਿਕਰ ਵੀ ਹੈ । ਸੋ ਇਨ੍ਹਾਂ ਤੱਥਾਂ ਦੇ ਆਧਾਰ ਤੇ ਸਿਧ ਬਗਾਈ ਦਾ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਬਾਲ ਨਾਥ ਬਾਰੇ ਸੀਤਲ ਤੇ ਡਾ. ਕਾਂਗ ਦਾ ਮੱਤ ਹੈ ਕਿ ਬਾਲ ਨਾਥ ਨਾਂ ਦਾ ਕੋਈ ਗੁਰੂ ਨਹੀਂ

[8]ਡਾ. ਕੋਮਲ ਸਿੰਹ ਸੋਲੰਕੀ, ਨਾਥ ਪੰਥ ਔਰ ਨਿਰਗੁਣ ਸੰਤ ਕਾਵਿ (ਹਿੰਦੀ); ਵਿਨੋਦ ਪੁਸਤਕ ਮੰਦਿਰ ਆਗਰਾ, 1966, ਪੰਨਾ 106.

[9]ਉਹੀ, ਪੰਨਾ 106.

[10]ਉਹੀ, ਪੰਨਾ 108.

ਹੋਇਆ।[11]

ਪਰ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਨੌਂ ਨਾਥਾਂ ਦਾ ਹਵਾਲਾ ਦਰਜ ਹੈ। ਜਿਸ ਦਾ ਜ਼ਿਕਰ ਚੌਧਰੀ ਮੁਹੰਮਦ ਅਫ਼ਜ਼ਲ ਖ਼ਾਂ ਨੇ ਵੀ ਆਪਣੀ ਸੰਪਾਦਿਤ ਕੀਤੀ ਪੁਸਤਕ 'ਹੀਰ ਵਾਰਸ ਸ਼ਾਹ' ਦੇ ਪੰਨਾ 376 ਉੱਤੇ ਇੰਜ ਕੀਤਾ ਹੈ ਬਾਲ ਨਾਥ, ਪੂਰਨ ਨਾਥ, ਜਾਲੰਧਰ ਨਾਥ, ਕਾਲੀ ਨਾਥ, ਗੋਪੀ ਚੰਦ, ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ, ਮੰਗਲ ਨਾਥ।

ਸੋ ਬਾਲ ਨਾਥ ਦੀ ਹੋਂਦ ਨੂੰ ਮਿਟਾ ਕੇ ਸਿਧ ਬਗਾਈ ਦਾ ਸਮਾਂ ਨਿਸ਼ਚਿਤ ਕਰਕੇ ਇਹ ਕਹਿਣਾ ਕਿ 1449 ਈ ਵਿਚ ਰਾਂਝੇ ਨੇ ਉਸ ਕੋਲੋਂ ਜੋਗ ਲਿਆ ਦਰੁਸਤ ਨਹੀਂ।

ਜੇ ਮੰਨ ਵੀ ਲਈਏ ਤਾਂ ਉਹ ਅਬੁੱਲ ਫ਼ਤਿਹ ਕੌਣ ਸੀ ਜਿਸ ਨੇ ਕਬੂਲਾ ਵਿਖੇ ਰਾਂਝੇ ਨੂੰ ਹੀਰ ਸੌਂਪੀ ਸੀ। ਕਿਉਂਕਿ ਅਬੁੱਲ ਫ਼ਤਿਹ ਮੁਬਾਰਕ ਸ਼ਾਹ ਬਿਨ ਖ਼ਿਜ਼ਰ ਖ਼ਾਨ ਦਾ ਦਿਹਾਂਤ 19 ਜਨਵਰੀ 1433 ਈ. ਨੂੰ ਹੋ ਗਿਆ ਸੀ।[12]

ਇਸ ਤੋਂ ਬਿਨਾਂ ਤਾਰੀਖ਼ ਮੁਬਾਰਕ ਸ਼ਾਹੀ ਤੇ ਤਾਰੀਖ਼ੇ ਫ਼ਰਿਸ਼ਤਾ ਵਿਚ ਕਿਧਰੇ ਵੀ ਪਰਗਨਾ ਕਬੂਲਾ ਦਾ ਜ਼ਿਕਰ ਨਹੀਂ। ਇਸ ਦਾ ਜ਼ਿਕਰ ਤਾਰੀਖ਼ੇ ਸ਼ੇਰਸ਼ਾਹੀ ਵਿਚ ਜ਼ਰੂਰ ਮਿਲਦਾ ਹੈ। When Sher Shah knew of the quarrel between Khawas Khan and Habit Khan Niazi, he sent for Isa Khan and Habib Khan and confirmed Haibat Khan in the government of Panjab, attaching Fateh Jang Khan to him. And were as Fath Khan Jat had been in rebellion in Kayula and the time of the Mughals has plundered the whole country and laid it waist as for as Panipat. ਇਥੇ ਪਹਿਲੀ ਵਾਰੀ Kayula (ਕਿਊਲਾ) ਦਾ ਜ਼ਿਕਰ ਆਇਆ ਹੈ। ਪਰ ਇਸ ਦਾ ਹਵਾਲਾ The Makhzan Afghani ਵਿਚ ਇਸ ਤਰ੍ਹਾਂ ਹੈ। "Sher Shah ordered Haibat Khan to seize Fateh Khan. This Fateh Khan was of Koti Kabula (Kapura) who had devasted the entire tract of lakhi jangle and kept the high roads from Lahore to Delhi in a constant ferment".

ਫ਼ਤਿਹ ਖ਼ਾਂ ਹੈਬਤ ਖ਼ਾਨ ਦੇ ਹੱਥੋਂ 950 ਹਿਜਰੀ ਵਿਚ ਮਾਰਿਆ ਗਿਆ ਸੀ।

ਉਂਜ ਵੀ ਇਹ ਸਮਾਂ ਗੰਗਾ ਸਿੰਘ ਦੇ ਹੀਰ ਰਾਂਝਾ ਮਿਲਾਪ 1529 ਬਿਕਰਮੀ, ਡਾ. ਸੀਤਲ ਅਨੁਸਾਰ 1449 ਈ. (ਰਾਂਝੇ ਦਾ ਜੋਗ ਲੈਣਾ) ਅਤੇ 1452 ਈ. (ਹੀਰ ਦੀ ਮ੍ਰਿਤੂ) ਨਾਲ ਮੇਲ ਨਹੀਂ ਖਾਂਦਾ। ਅਤੇ ਨਾ ਹੀ ਡਾ. ਸੀਤਲ ਅਤੇ ਦੂਸਰੇ ਖੋਜੀਆਂ ਨੇ ਇਸ ਫ਼ਤਿਹ ਖ਼ਾਨ ਜਾਟ ਨੂੰ ਕੋਈ ਅਹਿਮੀਅਤ ਹੀ ਦਿੱਤੀ ਹੈ।

---

[11]ਡਾ. ਕੁਲਬੀਰ ਸਿੰਘ ਕਾਂਗ, ਪੰਜਾਬੀ ਵਿਚ ਕਿੱਸਾ ਹੀਰ ਰਾਂਝਾ, ਪੰਨਾ 46.

[12]ਤਾਰੀਖ਼ੇ ਮੁਬਾਰਕ ਸ਼ਾਹੀ, ਪੰਨਾ 79.

ਦਰਅਸਲ ਇਹ ਕਹਾਣੀ ਖਿਲਜੀਆਂ ਦੇ ਦੌਰ ਤੋਂ ਪਿੱਛੋਂ ਵਾਪਰੀ ਪ੍ਰਤੀਤ ਹੁੰਦੀ ਹੈ। ਕਿਉਂਕਿ ਮਿੰਟਗੁਮਰੀ ਦੇ District Gazetter ਅਨੁਸਾਰ ਇਸ ਸ਼ਹਿਰ ਦੀ ਬੁਨਿਆਦ ਗਿਆਸੁੱਦੀਨ ਤੁਗਲਕ ਨੇ ਰੱਖੀ।[13]

ਗਿਆਸੁੱਦੀਨ ਤੁਗਲਕ ਦਾ ਸਮਾਂ (1320-1325 ਈ.) ਤਕ ਹੈ।

ਕੋਟ ਕਬੂਲਾ ਦਾ ਜ਼ਿਕਰ ਪਹਿਲੀ ਵਾਰੀ ਤਾਰੀਖ਼ੇ-ਸ਼ੇਰ ਸ਼ਾਹੀ ਵਿਚ ਹੈ। ਜਦੋਂ ਕੋਟ ਕਬੂਲੇ ਦੇ ਹਾਕਮ ਫ਼ਤਿਹ ਖ਼ਾਨ ਨੂੰ ਹੈਬਤ ਖ਼ਾਨ ਨੇ 1543 ਈ. ਵਿਚ ਮੌਤ ਦੇ ਘਾਟ ਉਤਾਰ ਦਿੱਤਾ ਸੀ। ਜੇ ਡਾ. ਸੀਤਲ ਦੀ ਖੋਜ ਨੂੰ ਵੇਖੀਏ ਤਾਂ ਇਹ ਕਿਸੇ ਤਰ੍ਹਾਂ ਵੀ ਇਕ ਕਾਲ-ਕ੍ਰਮ ਵਿਚ ਨਹੀਂ ਬਝਦੀ।

(1) ਡਾ. ਸੀਤਲ ਦਾ ਮੱਤ ਹੈ ਕਿ ਘਟਨਾ ਪੰਦਰ੍ਹਵੀਂ ਸਦੀ ਦੇ ਅੱਧ ਵਿਚ ਵਾਪਰੀ ਸੀ।

(2) ਹੀਰ ਦੀ ਮਿਰਤੂ 14 1-52 ਜਾਂ 53 ਈ. ਵਿਚ ਹੋਈ।

(3) ਹੀਰ ਰਾਂਝੇ ਦੀ ਘਟਨਾ ਸੱਯਦਾਂ ਤੇ ਲੋਧੀਆਂ ਦੇ ਰਾਜ ਸਮੇਂ ਹੋਈ।

(4) ਮੁਅੱਜ਼ਮਦੀਨ ਅਬੁੱਲ ਫ਼ਤਿਹ ਹੀ ਮੁਬਾਰਕ ਸ਼ਾਹ (1412-33 ਈ.) ਹੀ ਅਬੁੱਲ ਫ਼ਤਿਹ ਸੀ, ਜਿਹੜਾ ਸੱਯਦ ਖ਼ਾਨਦਾਨ ਦੇ ਮੋਢੀ ਖਿਜ਼ਰ ਖ਼ਾਨ ਦਾ ਪੁੱਤਰ ਸੀ। ਚੂਚਕ ਤੇ ਮੌਜੂ ਆਪਣੇ ਪਰਗਣਿਆਂ ਦੇ ਸ਼ਿੱਕਦਾਰ ਸਨ।

(5) ਲਛਮਣ ਦਾਸ ਬਾਲ ਗੁੰਦਾਈ ਉਸ ਸਮੇਂ ਬਾਲ ਨਾਥ ਦੇ ਟਿੱਲੇ ਦਾ ਜੋਗੀ ਸੀ ਜਿਸ ਪਾਸੋਂ ਰਾਂਝੇ ਨੇ ਜੋਗ ਲਿਆ। ਉਹ ਪੰਦਰ੍ਹਵੀਂ ਸਦੀ ਦੇ ਪਿਛਲੇ ਅੱਧ ਵਿਚ ਵੀ ਜਿਉਂਦਾ ਸੀ ਅਤੇ ਗੁਰੂ ਨਾਨਕ ਸਾਹਿਬ ਨਾਲ ਉਸ ਦੀ ਆਪਣੇ ਹੀ ਅਸਥਾਨ ਪਰ ਭੇਟ ਹੋਈ।[14]

ਅਸੀਂ ਉਪਰੋਕਤ ਸਾਰੇ ਨਿਰਣਿਆਂ ਬਾਰੇ ਵਿਚਾਰ ਕਰ ਚੁੱਕੇ ਹਾਂ।

ਜੇ ਹੀਰ ਦੀ ਮਿਰਤੂ 1452 ਈ. ਜਾਂ 1453 ਈ. ਵਿਚ ਹੋਈ ਤਾਂ ਦਮੋਦਰ ਅਨੁਸਾਰ 1529 ਬਿਕਰਮੀ ਵਿਚ ਹੀਰ ਰਾਂਝੇ ਦਾ ਮੇਲ ਬਿਲਕੁਲ ਹੀ ਗ਼ਲਤ ਹੈ।

ਜੇ ਅਸੀਂ ਅਬੁੱਲ ਫ਼ੱਤਾ ਦਾ ਸਮਾ ਲੱਭਣ ਲਈ ਇਨਾ ਜ਼ੋਰ ਲਾਇਆ ਹੈ ਤਾਂ ਸਾਨੂੰ ਦਮੋਦਰ ਦੀ ਇਸ ਗੱਲ ਵੱਲ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਹੀਰ ਤੇ ਰਾਂਝਾ 1529 ਬਿ. (1472 ਈ.) ਵਿਚ ਕੋਟ ਕਬੂਲੇ ਦੀ ਅਦਾਲਤ ਪਿੱਛੋਂ ਇਕੱਠੇ ਹੋਏ।

ਪਰ 1472 ਈ. ਵਿਚ ਮੁਬਾਰਕ ਖ਼ਾਨ ਜਿਉਂਦਾ ਨਹੀਂ ਸੀ। ਨਾ ਹੀ ਮੁਬਾਰਕ ਖ਼ਾਨ ਕਦੇ ਕਬੂਲਾ ਦਾ ਸ਼ਿੱਕਦਾਰ, ਗਵਰਨਰ ਜਾਂ ਹਾਕਮ ਰਿਹਾ ਸੀ।

ਜੇ 1449 ਈ. ਵਿਚ ਰਾਂਝੇ ਨੇ ਬਾਲ ਗੁੰਦਾਈ ਕੋਲੋਂ ਜੋਗ ਲਿਆ ਤਾਂ ਉਹ ਵੱਧ ਤੋਂ ਵੱਧ 1449 ਈ. ਦੇ ਅੰਤ ਜਾਂ 1450 ਈ. ਦੇ ਆਰੰਭ ਵਿਚ ਕੋਟ ਕਬੂਲੇ ਦੀ ਅਦਾਲਤ

---

[13] Montogomery District Gazetter, page 77-78.

[14] ਡਾ. ਸੀਤਲ ਅਨੁਸਾਰ ਰਾਂਝੇ ਨੇ 1449 ਈ. ਵਿਚ ਬਾਲ ਗੁੰਦਾਈ ਤੋਂ ਜੋਗ ਲਿਆ।

ਵਿਚੋਂ ਹੀਰ ਨੂੰ ਪ੍ਰਾਪਤ ਕਰਕੇ ਲੰਮੀ ਵੱਲ ਚਲਾ ਗਿਆ। ਫੇਰ 1452-53 ਈ. ਵਿਚ ਕਿਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਹੀਰ ਦੀ ਮੌਤ ਹੋ ਗਈ।

ਡਾ. ਕੁਲਬੀਰ ਸਿੰਘ ਦੀ ਖੋਜ ਕਿਸੇ ਤਰ੍ਹਾਂ ਵੀ ਡਾ. ਸੀਤਲ ਦੀ ਖੋਜ ਤੋਂ ਵੱਖ ਨਹੀਂ, ਸੋ ਉਸ ਦਾ ਜ਼ਿਕਰ ਕਰਨ ਦੀ ਲੋੜ ਨਹੀਂ।

4

# ਕਹਾਣੀ ਦੇ ਪ੍ਰਚੱਲਤ ਰੂਪ

ਆਉ ਹੁਣ ਜ਼ਰਾ ਕਹਾਣੀ ਦੇ ਪ੍ਰਚੱਲਤ ਰੂਪਾਂ ਵੱਲ ਵੀ ਧਿਆਨ ਮਾਰ ਲਈਏ।

ਸਭ ਤੋਂ ਪਹਿਲਾ ਰੂਪ ਜਿਸ ਦਾ ਜ਼ਿਕਰ ਸ਼ਾਹ ਹੁਸੈਨ ਨੇ ਆਪਣੀਆਂ ਕਾਫ਼ੀਆਂ ਵਿਚ ਕੀਤਾ ਹੈ। ਉਹ ਹੀਰ ਤੇ ਰਾਝੇ ਦੇ ਇਸ਼ਕ ਹਕੀਕੀ ਦਾ ਰੂਪ ਹੈ। ਇਸ ਤਰ੍ਹਾਂ ਦਾ ਰੂਪ ਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਥਾਂ ਆਇਆ ਹੈ।

ਇਸ ਕਹਾਣੀ ਦਾ ਦੂਸਰਾ ਰੂਪ ਇਸ਼ਕ ਮਜਾਜ਼ੀ ਵਾਲਾ ਹੈ। ਜਿਸ ਨੂੰ ਮਸਨਵੀ ਦੇ ਰੂਪ ਵਿਚ ਬਾਕੀ ਕੁਲਾਬੀ (ਮੌਤ 1579 ਈ.) ਨੇ ਕਲਮ ਬੰਦ ਕੀਤਾ। ਬਾਕੀ ਕੁਲਾਬੀ ਨੇ ਆਪਣੇ ਕਿੱਸੇ ਵਿਚ ਕਿਸੇ ਵਿਸ਼ੇਸ਼ ਥਾਂ (ਰੰਗਪੁਰ ਹਜ਼ਾਰਾ, ਝੰਗ, ਕਬੂਲਾ ਆਦਿ) ਦਾ ਨਾਂ ਨਹੀਂ ਲਿਆ। ਨਾ ਹੀ ਉਹ ਕਿਧਰੇ ਮੌਜੂ, ਕੈਦੋ, ਤੇ ਸਹਿਤੀ ਆਦਿ ਦਾ ਜ਼ਿਕਰ ਕਰਦਾ ਹੈ।

ਕੁਲਾਬੀ ਦੇ ਕਿੱਸੇ ਵਿਚ ਸੱਪ ਲੜਨ, ਰਾਂਝੇ (ਧੀਦੋ) ਦੇ ਜੋਗ ਲੈਣ, ਕਬੂਲੇ ਜਾਣ, ਨੂਰੇ ਦੀ ਲੜਾਈ ਆਦਿ ਦਾ ਜ਼ਿਕਰ ਵੀ ਨਹੀਂ।

ਹੀਰ ਦੇ ਘਰ ਵਾਲੇ ਦਾ ਨਾਂ ਕੁਲਾਬੀ ਨੇ ਹੱਸਾਮ ਲਿਖਿਆ ਹੈ।

ਕਹਾਣੀ ਬੜੀ ਸਿੱਧੀ-ਸਾਦੀ ਤੇ ਆਮ ਜਿਹੀ ਹੈ।

ਕਿੱਸੇ ਦੇ ਅੰਤ ਵਿਚ ਧੀਦੋ ਹੀਰ ਨੂੰ ਲੈ ਕੇ ਜੰਗਲ ਵੱਲ ਨਸ ਜਾਂਦਾ ਹੈ ਤੇ ਉੱਥੇ ਰਾਂਝਾ ਅਚਾਨਕ ਬੀਮਾਰ ਹੋ ਕੇ ਮਰ ਜਾਂਦਾ ਹੈ। ਹੀਰ ਆਪਣੀ ਮੌਤ ਦੀ ਦੁਆ ਮੰਗਦੀ ਹੈ ਤੇ ਧਰਤੀ ਫਟਣ ਨਾਲ ਧਰਤੀ ਵਿਚ ਸਮਾ ਜਾਂਦੀ ਹੈ।

ਇਸ ਕਹਾਣੀ ਦਾ ਤੀਸਰਾ ਰੂਪ ਮਿਥਿਹਾਸਕ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਜਾਂ ਉਨ੍ਹਾਂ ਦੇ ਕਿਸੇ ਦਰਬਾਰੀ ਕਵੀ ਨੇ ਲਿਖਿਆ। ਇਹ ਰੂਪ ਸਭ ਤੋਂ ਪਿੱਛੋਂ ਵਜੂਦ ਵਿਚ ਆਇਆ। ਇਹ ਕਹਾਣੀ ਦਸਮ ਗ੍ਰੰਥ ਵਿਚ ਦਰਜ ਹੈ ਜਿਸ ਦੀ ਸੰਪਾਦਨਾ 1696 ਈ. ਵਿਚ ਕੀਤੀ ਗਈ ਮੰਨੀ ਜਾਂਦੀ ਹੈ। ਇਸ ਕਹਾਣੀ ਅਨੁਸਾਰ ਹੀਰ ਪਿਛਲੇ ਜਨਮ ਵਿਚ ਮੇਨਕਾ ਸੀ। ਪਰ ਇਕ ਰਿਸ਼ੀ ਨਾਲ ਪ੍ਰੇਮ-ਸੰਬੰਧਾਂ ਕਾਰਣ ਉਸ ਨੂੰ ਇੰਦਰਪੁਰੀ ਵਿੱਚੋਂ ਸਰਾਪ ਦੇ ਕੇ ਕੱਢ ਦਿੱਤਾ ਗਿਆ ਕਿ ਉਹ ਮਾਤ ਲੋਕ ਵਿਚ ਤੁਰਕਾਂ ਦੇ ਘਰ ਪੈਦਾ ਹੋਵੇਗੀ। ਇੰਦਰ ਰਾਂਝਾ ਬਣ ਕੇ ਆਵੇਗਾ ਤੇ ਉਸ ਦਾ ਕਲਿਆਣ ਹੋਵੇਗਾ।

ਇਸ ਸਰਾਪ ਕਾਰਣ ਹੀ ਮੇਨਕਾ ਚੂਚਕ ਦੇ ਘਰ ਪੈਦਾ ਹੋਈ। ਦੂਸਰੇ ਬੰਨੇ ਰਾਂਝਾ ਇਕ ਵਿਧਵਾ ਹਿੰਦੂ ਰਾਣੀ ਚਿਤ੍ਰਦੇਵੀ ਦੇ ਘਰ ਪੈਦਾ ਹੋਇਆ। ਪਰ ਉਸ ਸਮੇਂ ਵਿਚ ਇਨਾ ਕਾਲ ਪਿਆ ਕਿ ਰਾਣੀ ਦੀ ਸਾਰੀ ਪਰਜਾ ਕਾਲਵਸ ਹੋ ਗਈ। ਜਦੋਂ ਚਿਤ੍ਰਦੇਵੀ ਲਈ ਆਪਣੇ ਪੁੱਤਰ

ਦਾ ਪਾਲਣ ਪੋਸਣ ਕਰਨਾ ਮੁਸ਼ਕਿਲ ਹੋ ਗਿਆ ਤਾਂ ਉਸ ਨੇ ਆਪਣਾ ਪੁੱਤਰ ਇਕ ਜੱਟ ਕੋਲ ਵੇਚ ਦਿੱਤਾ। ਰਾਂਝੇ ਨੂੰ ਉਸ ਨੇ ਪੁੱਤਾਂ ਵਾਂਗ ਪਾਲਿਆ, ਰਾਂਝਾ ਵੱਡਾ ਹੋ ਕੇ ਮੱਝਾਂ ਚਾਰਨ ਲੱਗ ਪਿਆ। ਜਦੋਂ ਹੀਰ ਜਵਾਨ ਹੋਈ ਤਾਂ ਉਸ ਦਾ ਰਾਂਝੇ ਨਾਲ ਇਸ਼ਕ ਹੋ ਗਿਆ। ਜਦੋਂ ਚੂਚਕ ਨੂੰ ਹੀਰ ਰਾਂਝੇ ਦੇ ਪਿਆਰ ਦੀ ਕਨਸੋ ਮਿਲੀ ਤਾਂ ਉਸ ਨੇ ਹੀਰ ਖੇੜਿਆਂ ਦੇ ਵਿਆਹ ਦਿੱਤੀ। ਰਾਂਝਾ ਫ਼ਕੀਰ ਦਾ ਭੇਸ ਧਾਰ ਕੇ ਖੇੜਿਆਂ ਦੇ ਗਿਆ ਅਤੇ ਉਸ ਨੂੰ ਕੱਢ ਕੇ ਸੁਰਗਪੁਰੀ ਪਹੁੰਚ ਗਿਆ। ਹੀਰ ਫੇਰ ਮੇਨਕਾ ਬਣ ਗਈ ਅਤੇ ਰਾਂਝਾ ਇੰਦਰ ਬਣ ਗਿਆ।

ਉਪਰੋਕਤ ਦੋਹਾਂ ਕਥਾਵਾਂ (ਕੁਲਾਬੀ ਤੇ ਦਸਮ ਗ੍ਰੰਥ) ਵਿਚ ਘਟਨਾਵਾਂ ਦੇ ਪੱਖੋਂ ਕਾਫ਼ੀ ਸਾਂਝ ਹੈ।

ਪਰ ਸਵਾਲ ਉਠਦਾ ਹੈ ਕਿ ਸ਼ਾਹ ਹੁਸੈਨ ਵਰਗੇ ਸੂਫ਼ੀ-ਜਿਗਿਆਸੂ ਤੇ ਭਾਈ ਗੁਰਦਾਸ ਨੇ ਇਸ ਨੂੰ ਪਵਿੱਤ੍ਰਤਾ ਦੇ ਪ੍ਰਤੀਕ ਬਣਾ ਕੇ ਕਿਉਂ ਵਰਤਿਆ ? ਦਰਅਸਲ ਹੀਰ ਦੀ ਕਥਾ ਦਾ ਸਭ ਤੋਂ ਪਹਿਲਾ ਰੂਪ ਜੋ ਲੋਕਾਂ ਵਿਚ ਪ੍ਰਚੱਲਤ ਸੀ ਉਹ ਇਹੀ ਸੀ। ਆਉ ਜ਼ਰਾ ਇਸ ਪਹਿਲੂ ਨੂੰ ਵੀ ਵਿਚਾਰੀਏ। ਤਜ਼ਕਰਾ-ਇ-ਔਲੀਯਾਏ ਝੰਗ ਦਾ ਕਰਤਾ ਬਲਾਲ ਜ਼ਬੀਰੀ ਲਿਖਦਾ ਹੈ ਕਿ ਰਾਏ ਸਿਆਲ ਦੀ ਅੱਠਵੀਂ ਪੁਸ਼ਤ ਵਿਚ ਤਿੰਨ ਭਰਾ ਸਨ—ਚੂਚਕ, ਪੱਥਰ ਤੇ ਅੱਲਾਹ ਦਿੱਤਾ।

ਚੂਚਕ ਦੇ ਘਰ ਇਕ ਧੀ ਪੈਦਾ ਹੋਈ ਜਿਸ ਦਾ ਨਾਂ ਇੱਜ਼ਤ ਬੀਬੀ ਸੀ ਅਤੇ ਜਿਸ ਨੂੰ ਹੀਰ ਕਿਹਾ ਜਾਂਦਾ ਸੀ। ਚੂਚਕ ਦਾ ਅਸਲੀ ਪਿੰਡ ਕੋਟਲੀ ਬਾਕਰ ਸੀ। ਕੋਟਲੀ ਬਾਕਰ ਝੰਗ ਤੋਂ ਚਾਲੀ ਕੁ ਮੀਲ ਦੀ ਵਿੱਥ ਤੇ ਹੈ। ਹੀਰ ਕੋਟਲੀ ਬਾਕਰ ਵਿਚ ਹੀ ਜੰਮੀ ਤੇ ਇਥੇ ਹੀ ਮਰੀ। ਰਸਾਲਾ ਨਜ਼ਾਮੁਲ ਮਸ਼ਾਇਖ (ਜੁਲਾਈ, 1911 ਈ.) ਵਿਚ ਵੀ ਦਰਜ ਹੈ ਕਿ ਹੀਰ ਮਖਦੂਮ ਸ਼ਾਹ ਕਬੀਰ ਜੋ 828 ਹਿਜਰੀ ਵਿਚ ਝੰਗ ਆਏ ਦੀ ਦੁਆ ਨਾਲ ਚੂਚਕ ਦੇ ਘਰ 830 ਬਿ. ਵਿਚ ਪੈਦਾ ਹੋਈ। ਚੂਚਕ ਨੇ ਉਸ ਦਾ ਨਾਂ ਇੱਜ਼ਤ ਬੀਬੀ ਰਖਿਆ। ਇੱਜ਼ਤ ਬੀਬੀ ਨੇ ਬਿਲਕੁਲ ਸਾਦਾ ਜਿਹੇ ਘਰੇਲੂ ਮਾਹੌਲ ਵਿਚ ਪ੍ਰਵਰਸ਼ ਪਾਈ। ਇੱਜ਼ਤ ਬੀਬੀ ਨੇ ਹਜ਼ਰਤ ਸ਼ਾਹ ਮਖਦੂਮ ਕਬੀਰ ਦੇ ਖ਼ਾਦਮ ਤੇ ਖ਼ਲੀਫ਼ਾ ਖ਼ਾਜਾ ਮੁਹੰਮਦ ਅਬਦੁੱਲਾ ਤੋਂ ਕੁਰਆਨ ਦੀ ਵਿਦਿਆ ਪ੍ਰਾਪਤ ਕੀਤੀ ਤੇ 10 ਵਰ੍ਹਿਆਂ ਦੀ ਉਮਰ ਵਿਚ ਹੀ ਕੁਰਆਨ ਦੀ ਹਾਫ਼ਿਜ਼ਾ ਬਣ ਗਈ।

ਹਜ਼ਰਤ ਅਹਿਮਦ ਕਬੀਰ ਦੀ ਤਲਕੀਨ ਨਾਲ ਤਖ਼ਤ ਹਜ਼ਾਰਾ (ਜ਼ਿਲ੍ਹਾ ਸਰਗੋਧਾ) ਦੇ ਰਾਂਝਿਆਂ ਨੇ ਮੁਸਲਮਾਨੀ ਧਰਮ ਗ੍ਰਹਿਣ ਕਰ ਲਿਆ। ਇਸ ਕਬੀਲੇ ਦਾ ਇਕ ਸ਼ਖ਼ਸ ਮੁਰਾਦ ਬਖ਼ਸ਼ ਰਾਂਝਾ ਸੀ, ਜਿਸ ਦੀ ਉਮਰ 26 ਵਰ੍ਹਿਆਂ ਦੀ ਸੀ। ਉਸ ਨੇ ਆਪਣੇ ਮੁਰਸ਼ਦ ਤੋਂ ਪੁਛਿਆ ਕਿ ਮੈਂ ਹਰ ਸਾਲ ਉੱਚ ਸ਼ਰੀਫ਼ ਜਾਂਦਾ ਹਾਂ। ਮੈਨੂੰ ਕਿਸੇ ਅਜਿਹੀ ਹਸਤੀ ਦਾ ਨਾਂ ਦੱਸੋ ਜਿਹੜਾ ਨੇੜੇ ਤੇੜੇ ਹੋਵੇ ਤੇ ਮੈਂ ਉਸ ਤੋਂ ਰੂਹਾਨੀ ਤਾਲੀਮ ਲੈਂਦਾ ਰਹਾਂ। ਮਖਦੂਮ ਸੱਯਦ ਅਹਿਮਦ ਕਬੀਰ ਨੇ ਉਸ ਨੂੰ ਝੰਗ ਦੀ ਮਾਈ ਇੱਜ਼ਤ ਬੀਬੀ ਦੇ ਪਾਸ ਜਾਣ ਦੀ ਆਗਿਆ ਦੇ ਦਿੱਤੀ। ਮੁਰਾਦ ਬਖ਼ਸ਼ ਰਾਂਝਾ ਝੰਗ ਆਉਂਦਾ ਜਾਂਦਾ ਰਿਹਾ ਤੇ ਪਿੱਛੋਂ ਪੱਕੇ ਤੌਰ ਤੇ ਮਾਈ ਸਾਹਿਬਾ ਦੇ ਪਾਸ ਰਹਿਣ ਲੱਗ ਪਿਆ।

ਮਾਈ ਹੀਰ 46 ਸਾਲ ਦੀ ਉਮਰ ਵਿਚ ਫ਼ੌਤ ਹੋਈ। ਇਕ ਸਾਲ ਮਗਰੋਂ ਮੀਆਂ ਮੁਰਾਦ ਬਖ਼ਸ਼ ਵੀ ਫ਼ੌਤ ਹੋ ਗਿਆ। ਵਸੀਅਤ ਅਨੁਸਾਰ ਉਨ੍ਹਾਂ ਨੂੰ ਉਨ੍ਹਾਂ ਦੀ ਮੁਰਸ਼ਿਦਾ ਦੇ ਪਹਿਲੂ ਵਿਚ ਦਫ਼ਨ ਕੀਤਾ ਗਿਆ।

ਇਸ ਗੱਲ ਦੀ ਪੁਸ਼ਟੀ 'ਉਲਮਾਏ ਹਿੰਦ ਕੇ ਰੂਹਾਨੀ ਕਾਰਨਾਮੇ' ਰਾਹੀਂ ਵੀ ਹੋ ਜਾਂਦੀ ਹੈ।[15]

ਹੀਰ ਦੀ ਮਜ਼ਾਰ ਦੀ ਤਖ਼ਤੀ (ਕਤਬਾ) ਉਪਰ ਵੀ ਇਹ ਇਬਾਰਤ ਦਰਜ ਹੈ :

> "ਮਸ਼ਹੂਰ ਆਸ਼ਕੇ ਸਾਦਿਕ ਮੀਆਂ ਮੁਰਾਦ ਬਖ਼ਸ਼ ਉਰਫ਼ ਮੀਆਂ ਰਾਂਝਾ ਵਾ ਮਾਈ ਇਜ਼ਤ ਬੀਬੀ ਉਰਫ਼ ਮਾਈ ਹੀਰ ਸਿਆਲ ਦੋਨੋਂ ਇਸ ਜਗ੍ਹਾਂ ਮਦਫ਼ੂਨ ਹੈਂ। ਜੋ ਵਲੀ ਅੱਲਾਹ ਕਾਮਿਲ ਔਰ ਹਜ਼ਰਤ ਸ਼ੇਖ਼ ਅਹਿਮਦ ਕਬੀਰ ਸਾਹਿਬ ਫ਼ਰਜ਼ੰਦ ਸੱਯਦ ਜਲਾਲ ਬੁਖ਼ਾਰੀ ਉਚੀ ਕੀ ਖ਼ਲੀਫ਼ਾ ਸਾਦਿਕ ਹੁਈ। ਔਰ ਸ਼ਹਿਰ ਝੰਗ ਆਬਾਦ ਕਰਦਾ ਸੱਯਦ ਜਲਾਲ ਸਾਹਿਬ ਹੈ। ਬਹਿਲੂਲ ਲੋਧੀ ਆਪ ਕਾ ਮੁਰੀਦ ਹੁਆ ਹੈ। ਸਾਰੀ ਉਮਰ ਮਨਾਜ਼ਲ-ਇ-ਫ਼ਕਰ ਤੈਅ ਕਰਨੇ ਮੇਂ ਗੁਜ਼ਾਰੀ। ਮੀਆਂ ਫ਼ਜ਼ਲ ਇਲਾਹੀ ਰਾਂਝਾ ਸਜਾਦਾਨਸ਼ੀਨ (ਗੱਦੀਦਾਰ) ਦਰਬਾਰੇ ਨਕਸ਼ਬੰਦੀ, ਸੁਹਰਵਰਦੀ, ਕਾਦਰੀ, ਚਿਸ਼ਤੀ ਸਾਕਨ ਵਾਂ ਮਿਆਨਾ ਜ਼ਿਲਾ ਸ਼ਾਹਪੁਰ ਨੇ ਤਾਮੀਰ ਕਰਵਾਈ। ਤਾਮੀਰ ਕੁਨਿੰਦਾ ਹਾਜੀ ਗੁਲਾਮ ਨਬੀ ਸੌਦਾਗਰੇ ਸੰਗ ਮਰਮਰ ਅਕਬਰੀ ਮੰਡੀ ਲਾਹੌਰ। ਖ਼ਾਦਮ ਮਜ਼ਾਰ ਤਿਆਰ ਕਰਦਾ : ਸੱਯਦ ਅਕਰਾਮ ਅਲੀ ਅਕਬਰੀ ਮੰਡੀ ਲਾਹੌਰ।"

ਕਿਤਾਬੇ ਮਸ਼ਾਇਖ਼-ਉਲ ਹਿੰਦ ਵਿਚ ਵੀ ਦਰਜ ਹੈ।

"ਹਜ਼ਰਤ ਸ਼ਾਹ ਜਮਾਲ ਚਨਿਓਟ ਦੇ ਪ੍ਰਸਿੱਧ ਵਲੀ ਹੋ ਗੁਜ਼ਰੇ ਹਨ। ਇਨ੍ਹਾਂ ਬਾਰੇ ਪ੍ਰਸਿੱਧ ਹੈ ਕਿ ਮੁਰਾਦ ਬਖ਼ਸ਼ ਰਾਂਝਾ ਆਪਣੀ ਮੁਰਸ਼ਿਦਾ (ਹੀਰ) ਤੋਂ ਬੈਅਤ ਲਈ ਝੰਗ ਜਾ ਰਿਹਾ ਸੀ। ਸ਼ਾਹ ਜਮਾਲ ਨੇ ਆਪਣੇ ਮੁਰਸ਼ਿਦ ਦੇ ਹੁਕਮ ਅਨੁਸਾਰ ਦਰਿਆ ਦੇ ਕੰਢੇ ਮੀਆਂ ਰਾਂਝਾ ਦਾ ਸਵਾਗਤ ਕੀਤਾ ਤੇ ਆਪਣੇ ਪਾਸ ਮਹਿਮਾਨ ਰਖਿਆ ਤੇ ਰਾਂਝੇ ਤੋਂ ਬੰਸਰੀ ਸੁਣਨ ਦੀ ਫ਼ਰਮਾਇਸ਼ ਕੀਤੀ। ਬੰਸਰੀ ਵੱਜਣ ਨਾਲ ਇੰਜ ਜਾਪਿਆ ਕਿ ਪਹਾੜੀਆਂ ਪਿਘਲ ਕੇ ਦਰਿਆ ਵਿਚ ਰੁੜੀਆਂ ਆ ਰਹੀਆਂ ਹਨ। ਮੀਆਂ ਸ਼ਾਹ ਜਮਾਲ ਬੇਕਰਾਰ ਹੋ ਗਏ ਤੇ ਫ਼ਰਮਾਇਆ, ਮੇਰੇ ਵਿਚ ਤਾਬ ਨਹੀਂ ਜਦ ਪਹਾੜੀਆਂ ਪਿਘਲ ਕੇ ਆ ਰਹੀਆਂ ਨੇ ਮੈਂ ਗੁਨਾਹਗਾਰ ਕਿਵੇਂ ਤਾਬ ਲਿਆ ਸਕਦਾ ਹਾਂ ਤੇ ਦੁਆ ਦੇ ਕੇ ਰਾਂਝੇ ਨੂੰ ਵਿਦਾ ਕੀਤਾ।"

ਇੰਜ ਲਗਦਾ ਹੈ ਕਿ ਸ਼ਾਹ ਹੁਸੈਨ ਤੇ ਭਾਈ ਗੁਰਦਾਸ ਜੀ ਸਾਹਮਣੇ ਹੀਰ ਤੇ ਰਾਂਝੇ ਦੀ ਕਥਾ ਦਾ ਇਹ ਸਰੂਪ ਹੀ ਸੀ ਜਦੋਂ ਉਨ੍ਹਾਂ ਨੇ ਇਸ ਨੂੰ ਕਾਫ਼ੀਆਂ ਵਿਚ ਚਿੰਨ੍ਹ ਦੇ ਰੂਪ ਵਿਚ ਵਰਤਿਆ। ਕਿਉਂਕਿ ਹੀਰ ਦੀ ਪੈਦਾਇਸ਼ (830 ਹਿ.–1426 ਈ.) ਤੇ ਮੌਤ (876 ਹਿ.–

---

[15]ਉਲਮਾਏ ਹਿੰਦ ਕੇ ਰੂਹਾਨੀ ਕਾਰਨਾਮੇ, ਮਤਬੂਆ ਨਵਲ ਕਿਸ਼ੋਰ, ਲਖਨਊ, 1923, ਪੰਨਾ 211.

1471–72 ਈ.) ਦਾ ਸਮਾਂ ਸ਼ਾਹ ਹੁਸੈਨ (1539–1660 ਈ.) ਅਤੇ ਭਾਈ ਗੁਰਦਾਸ ਤੋਂ (1551–1639 ਈ.) ਸੌ ਸਵਾ ਸੌ ਵਰ੍ਹਾ ਪਹਿਲਾਂ ਦਾ ਬਣਦਾ ਹੈ ।

ਪੰਦਰ੍ਹਵੀਂ ਸਦੀ ਤੋਂ ਹੁਣ ਤਕ ਸਮਾਜ ਦੀ ਇਕ ਇਹ ਧਾਰਣਾ ਰਹੀ ਹੈ ਕਿ ਚੰਗੀ ਚੀਜ਼ ਦਾ ਵੀ ਬੁਰਾ ਪੱਖ ਪੇਸ਼ ਕੀਤਾ ਜਾਵੇ। ਹੀਰ ਤੇ ਉਸ ਦੇ ਖ਼ਲੀਫ਼ਾ (ਰਾਂਝਾ) ਦੇ ਰਿਸ਼ਤੇ ਨੂੰ ਵੀ ਲੋਕਾਂ ਨੇ ਬੁਰੇ ਰੰਗ ਵਿਚ ਵੇਖਿਆ ਹੋਵੇਗਾ । ਦਮੋਦਰ ਦਾ ਸਮਾਂ (ਤਮਾਕੂ ਵਾਲੀ ਗਵਾਹੀ ਕਾਰਣ) ਸੋਲ੍ਹਵੀਂ ਸਦੀ ਦੇ ਅੰਤਮ ਦਹਾਕਿਆਂ (1580 ਈ.) ਤੋਂ ਸਤਾਰ੍ਹਵੀਂ ਸਦੀ ਦੇ ਅੱਧ ਤਕ (1750 ਈ.) ਮਿਥ ਲਈਏ ਤਾਂ ਦਮੋਦਰ ਨੇ ਇਸ ਕਹਾਣੀ ਦੇ ਹਕੀਕੀ ਰੂਪ-ਰੇਖਾ ਤੋਂ ਮੁਤਾਸਰ ਹੋ ਕੇ ਹੀ ਇਸ ਕਿੱਸੇ ਦੀ ਰਚਨਾ ਕੀਤੀ ਹੈ । ਉਸ ਦੇ ਕਿੱਸੇ ਵਿਚੋਂ ਇਸ਼ਕ ਮਜਾਜ਼ੀ ਨਾਲੋਂ ਇਸ਼ਕ ਹਕੀਕੀ ਦੀ ਰੂਪ-ਰੇਖਾ ਵਧੇਰੇ ਉਭਰ ਕੇ ਸਾਹਮਣੇ ਆਉਂਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਦਮੋਦਰ ਨੇ ਇਸ ਕਹਾਣੀ ਨੂੰ ਜ਼ਰਾ ਉਲਟਾ ਕੇ ਪੇਸ਼ ਕੀਤਾ ਹੈ ਕਿਉਂਕਿ ਤਾਰੀਖ਼ੀ ਤੇ ਨੀਮ ਤਾਰੀਖ਼ੀ ਹਵਾਲਿਆਂ ਅਨੁਸਾਰ ਹੀਰ ਰਾਂਝੇ ਦੀ ਮੁਰਸ਼ਿਦਾ ਸੀ ਪਰ ਕਿੱਸਾ ਦਮੋਦਰ ਵਿਚ ਹੀਰ ਵਾਰ ਵਾਰ ਰਾਂਝੇ ਨੂੰ ਆਪਣਾ ਮੁਰਸ਼ਿਦ, ਸਾਈਂ ਤੇ ਸਾਹਿਬ ਕਹਿੰਦੀ ਹੈ। ਇਸ ਦੀਆਂ ਉਦਾਹਰਣਾਂ ਬਹੁ ਗਿਣਤੀ ਵਿਚ ਉਪਲੱਬਧ ਹਨ ।

ਜਦੋਂ ਹੀਰ ਤੇ ਰਾਂਝੇ ਦੀ ਆਸ਼ਨਾਈ ਦਾ ਸਾਰੇ ਜਗ ਨੂੰ ਪਤਾ ਲੱਗ ਜਾਂਦਾ ਹੈ ਤਾਂ ਮਾਂ ਹੀਰ ਨੂੰ ਸਮਝਾਉਂਦੀ ਹੈ ਤਾਂ ਹੀਰ ਕਹਿੰਦੀ ਹੈ ਉਹ ਤਾਂ ਮੇਰਾ ਪੀਰ ਹੈ ।

ਲੱਧਾ ਪੀਰ ਚਿਰੋਕਾ ਮਾਏ, ਤੁਧ ਨੂੰ ਗਲ ਸੁਣਾਈਂ ।
ਦਿਲ ਲਾ ਕੇ ਸੁਣ ਗੱਲ ਅਸਾਡੀ, ਮਾਨਣ ਜੋਗੀ ਆਹੀਂ ।
ਦਾਅਵਾ ਛੋੜ ਹਲੀਮ ਥੀਆ ਸੇ, ਤੈਨੂੰ ਕੇ ਸਮਝਾਈਂ ।
ਆਖ ਵਿਕਾਣੀ ਦੰਮਾਂ ਬਾਝੋਂ, ਲੱਧਾ ਪੀਰ ਅਸਾਈਂ । (374)

ਜਦੋਂ ਰਾਂਝਾ ਹੀਰ ਨੂੰ ਪੁਛਦਾ ਹੈ ਕਿ ਤੇਰਾ ਵਿਆਹ ਧਰਿਆ ਗਿਆ ਹੈ ਤੇਰਾ ਮਨ ਕੀ ਕਹਿੰਦਾ ਹੈ ਤਾਂ ਹੀਰ ਕਹਿੰਦੀ ਹੈ :

ਸੁਣ ਸਾਹਿਬ ! ਤੂੰ ਕਾਮਿਲ ਮੁਰਸ਼ਿਦ, ਮੈਂ ਆਜਿਜ਼ ਨ ਅਜ਼ਮਾਹੇਂ । (384)

ਖ਼ੁਦਾ ਦੀ ਰਜ਼ਾ ਵਿਚ ਰਹਿਣਾ ਤੇ ਮੁਰਸ਼ਿਦ ਦੇ ਹਰ ਹੁਕਮ ਦੀ ਤਾਮੀਲ ਕਰਨੀ ਭਗਤਬਾਣੀ, ਗੁਰੂ ਬਾਣੀ ਤੇ ਸੂਫ਼ੀ-ਕਾਵਿ ਦੀ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਹੈ ।

ਜਦੋਂ ਹੀਰ ਨੂੰ ਚੂਚਕ ਫੜਕੇ ਕੈਦ ਕਰ ਦਿੰਦਾ ਹੈ ਤਾਂ ਹੀਰ ਇਸ ਨੂੰ ਵੀ ਮੁਰਸ਼ਿਦ (ਰਾਂਝੇ) ਦੀ ਰਜ਼ਾ ਹੀ ਸਮਝਦੀ ਹੈ :

ਤਾਂ ਹੁਕਮੀ ਵਧ ਅੰਦਰ ਘੱਤੀ, ਨਾਰੇ ਹੀਰ ਕਰੇਂਦੀ ।
ਹੱਸੀ ਸੱਚ ਸਹੇਲੀ ਮੈਂਡੀ, ਆਖ ਵੇਖਾਂ ਮੈਂ ਕੈਂਦੀ ।
ਕਾਮਿਲ ਮੁਰਸ਼ਿਦ ਈਵੇਂ ਭਾਣੀ, ਤਾਂ ਤਿਸ ਕੀਤਾ ਮੈਂਦੀ ।

ਜਾਂ

ਪਾਣੀ ਤਾਮ ਹਰਾਮ ਕੀਤੋਸੁ, ਰੋਜ਼ੇ ਖ਼ਸਮ ਰਖਾਏ ।
ਜੈਹੇ ਸੈਲ ਬੇਲੇ ਬਹੁੰ ਕੀਤੇ, ਹੁਣ ਅਸਾਂ ਕਵਣ ਖਵਾਏ ।
ਆਖ ਦਮੋਦਰ ਹੁਣ ਕੀਕਣ ਖਾਜੈ, ਜੇ ਮੁਰਸ਼ਿਦ ਠਾਕਾ ਪਾਏ ।

ਵਿਆਹ ਸਮੇਂ ਵੀ ਆਪਣੀ ਮਾਂ ਨੂੰ ਹੀਰ ਕਹਿੰਦੀ ਹੈ :

ਹਿਕ ਦਿਲ ਆਹੇ ਸੋ ਰਾਂਝੇ ਲੀਤਾ, ਮਾਏ ਦੂਜਾ ਦਿਲ ਕੋ ਨਾਹੀਂ ।
ਅੱਸਾਂ ਕਾਮਿਲ ਮੁਰਸ਼ਿਦ ਪਾਇਆ, ਕੁਝ ਲੁੜੀਂਦਾ ਨਾਹੀਂ ।

ਜਾਂ

ਜਿੱਥੇ ਭਾਵੀ ਬੰਨ੍ਹ ਤਿਥਾਈਂ, ਉਜ਼ਰ ਬਿਉਜ਼ਰੀ ਦਾ ਨਾਹੀਂ ।
ਮਹੀਂ ਨਿਮਾਣੀ ਕੁਝ ਨਾ ਜਾਣਾ, ਬਾਝਹੁ ਮੁਰਸ਼ਿਦ ਸਾਈਂ ।
ਅੱਠੇ ਪਹਿਰ ਧਿਆਨ ਤੁਸਾਡਾ, ਨਾ ਕਰਸਾਂ ਸਾਸ ਅਜਾਈਂ ।
ਆਖ ਦਮੋਦਰ ਵਸ ਨਾ ਮੈਂਡੇ, ਜਿਉਂ ਜਾਣੈ ਤਿਵੈਂ ਨਚਾਈਂ ।

ਇਥੋਂ ਤਕ ਕਿ ਜਦੋਂ ਰਾਂਝਾ ਤੇ ਹੀਰ ਨਿਕਲ ਤੁਰਦੇ ਹਨ ਅਤੇ ਖੇੜੇ ਸਿਰ ਤੇ ਆ ਜਾਂਦੇ ਹਨ ਤਾਂ ਰਾਂਝਾ ਕਹਿੰਦਾ ਹੈ ਕਿ ਤੂੰ ਆਪਣੇ ਹੱਥੀਂ ਮੈਨੂੰ ਕਤਲ ਕਰਦੇ। ਪਤਾ ਨਹੀਂ ਇਹ ਕਿਵੇਂ ਤੜਫਾ ਤੜਫਾ ਕੇ ਮਾਰਨ ।

ਤਾਂ ਹੀਰ ਕਹਿੰਦੀ ਹੈ :

ਤੂੰ ਸਾਹਿਬ ! ਮੈਂ ਬਰਦੀ ਤੈਂਡੀ, ਮੈਂ ਆਜਜ਼ ਨਾ ਅਜ਼ਮਾਹੇਂ ।
ਵੇਚਾਰੀ ਦਾ ਚਾਰਾ ਕੇਹਾ, ਤੂੰ ਆਪੇ ਕਰਹਿ ਕਰਾਹੇਂ ।
ਸਭ ਕਿਛ ਕੀਤਾ ਤੈਂਡਾ ਹੋਂਦਾ, ਮੈਥੋਂ ਜਾਣ ਛਪਾਹੇਂ ।
ਕੇ ਕੁਦਰਤ ਕਿੱਸੇ ਦੀ ਸਾਹਿਬ ! ਜੋ ਤੈਨੂੰ ਹਥ ਲਾਏ ।

ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਬਰ ਵਾਣੀ ਵਿਚ ਕਿਹਾ ਹੈ ਕਿ ਉਹ ਸਭ ਕੁਝ ਆਪ ਹੀ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਦਾ ਪ੍ਰਭਾਵ ਦਮੋਦਰ ਦੀ ਉਪਰੋਕਤ ਟੁਕੜੀ ਦਾ ਹੈ। ਫਰਕ ਇਹ ਹੈ ਕਿ ਗੁਰੂ ਨਾਨਕ ਜੀ ਨੇ ਇਹ ਗੱਲ ਪ੍ਰਭੂ ਦੇ ਸੰਦਰਭ ਵਿਚ ਕਹੀ ਹੈ ਅਤੇ ਦਮੋਦਰ ਨੇ ਮੁਰਸ਼ਿਦ ਬਾਰੇ ।

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਹੀਰ ਰਾਂਝੇ ਨੂੰ ਵਲੀ ਸਮਝਦੀ ਹੈ। ਕਚਹਿਰੀ ਵਿਚੋਂ ਲੈ ਕੇ ਜਦੋਂ ਹੀਰ ਨੂੰ ਬੰਨ੍ਹ ਕੇ ਖੇੜੇ ਲੈ ਤੁਰਦੇ ਹਨ ਤਾਂ ਇਹ ਵੀ ਉਹ ਰਾਂਝੇ ਦੀ ਲੀਲਾ ਹੀ ਸਮਝਦੀ ਹੈ :

ਸੁਣ ਵੇ ਸੁਖਣ ਸਈਆਦਾ ਜੱਟਾ, ਤੂੰ ਕਿਉਂ ਗੁਮਾਨ ਕਰੇਂਦਾ ।
ਪੁਰ ਤਕਸੀਰ ਮੈਂ ਔਗਣ ਹਾਰੀ, ਮੁਰਸ਼ਿਦ ਮਹੀਂ ਮਰੇਂਦਾ ।
ਜਿਨ ਸਿਰ ਮੁਰਸ਼ਦ ਰਾਂਝਾ ਜੇਹੇ, ਕਉਣ ਤਿਨਾ ਦਾਓ ਤਕੇਂਦਾ ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਦਮੋਦਰ ਨੇ ਹੀਰ ਤੇ ਰਾਂਝੇ ਦੇ ਇਸ਼ਕ ਨੂੰ ਇਸ਼ਕ ਹਕੀਕੀ ਦੇ ਰੂਪ ਵਿਚ ਚਿੱਤ੍ਰਿਆ ਹੈ। ਪਿਆਰਾ ਸਿੰਘ ਭੋਗਲ ਨੇ ਵੀ ਆਪਣੀ ਪੁਸਤਕ ਵਿਚ ਇਨ੍ਹਾਂ ਦੇ ਪਿਆਰ ਨੂੰ ਅਧਿਆਤਮਕ ਪਿਆਰ ਮੰਨਿਆ ਹੈ।[16] ਸ਼ਾਇਦ ਇਸੇ ਲਈ ਦਮੋਦਰ ਨੇ ਰਾਂਝੇ ਦੀਆਂ ਕਰਾਮਾਤਾਂ ਵੱਲ ਅੰਤ ਤੋਂ ਆਖ਼ਰ ਤਕ ਸੰਕੇਤ ਕੀਤੇ ਹਨ ।

---

[16]ਪਿਆਰਾ ਸਿੰਘ ਭੋਗਲ, ਪ੍ਰਸਿੱਧ ਕਿੱਸਾਕਾਰ, ਹਿੰਦਜੋਤ ਪ੍ਰਕਾਸ਼ਨ ਜਲੰਧਰ, ਪੰਨਾ 160-161.

ਸ਼ਾਇਦ ਵਾਰਸ ਸ਼ਾਹ ਨੇ ਵੀ ਆਪਣੇ ਕਿੱਸੇ ਵਿਚ ਹੀਰ ਰਾਂਝੇ ਦੇ ਪਿਆਰ ਨੂੰ ਅੰਤ ਵਿਚ ਤਾਂ ਹੀ ਅਧਿਆਤਮਕ ਰੰਗਣ ਦੇਣ ਦਾ ਯਤਨ ਕੀਤਾ ਹੈ ਪਰ ਉਹ ਦਮੋਦਰ ਦੇ ਮੁਕਾਬਲੇ ਤੇ ਫਿੱਕਾ ਫਿੱਕਾ ਜਾਪਦਾ ਹੈ।

ਅਸੀਂ ਹੀਰ ਦੀ ਕਥਾ ਦੇ ਸਾਰੇ ਸੋਮਿਆਂ ਬਾਰੇ ਉਪਰ ਜ਼ਿਕਰ ਕਰ ਆਏ ਹਾਂ। ਪਰ ਹੀਰ ਦੀ ਮਜ਼ਾਰ ਤੇ ਲਿਖੀ ਇਬਾਰਤ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਉਸ ਦੀ ਮਜ਼ਾਰ ਉੱਤੇ ਲਿਖੀ ਇਬਾਰਤ ਅਨੁਸਾਰ ਉਹ ਸੱਯਦ ਜਲਾਲ ਬੁਖ਼ਾਰੀ ਉਚੀ ਦੇ ਫਰਜ਼ੰਦ ਹਜ਼ਰਤ ਅਹਿਮਦ ਕਬੀਰ ਦੀ ਮੁਰੀਦ ਸੀ।

(2) ਝੰਗ ਸੱਯਦ ਜਲਾਲ ਬੁਖ਼ਾਰੀ ਨੇ ਵਸਾਇਆ।

(3) ਬਹਿਲੋਲ ਲੋਧੀ ਹੀਰ ਦਾ ਮੁਰੀਦ ਸੀ।

ਜੇ ਉਪਰੋਕਤ ਨੁਕਤਿਆਂ ਨੂੰ ਧਿਆਨ ਵਿਚ ਰਖੀਏ ਤਾਂ ਹੀਰ ਹਜ਼ਰਤ ਅਹਿਮਦ ਕਬੀਰ ਦੀ ਮੁਰੀਦ ਸੀ। ਅਹਿਮਦ ਕਬੀਰ ਦੀ ਮੌਤ ਮੁਹੰਮਦ ਯਾਕੂਬ ਕਾਦਰੀ ਅਨੁਸਾਰ 714 ਹਿਜਰੀ ਤੋਂ ਪਿੱਛੋਂ ਹੋਈ। ਜਿਸ ਦਾ ਭਾਵ ਹੈ ਕਿ ਉਨ੍ਹਾਂ ਦੀ ਮੌਤ 1314/15 ਈ. ਤੋਂ ਪਿੱਛੋਂ ਹੋਈ। ਇਸ ਲਿਹਾਜ਼ ਨਾਲ ਹੀਰ ਦਾ ਜਨਮ ਚੌਦਵੀਂ ਸਦੀ ਦੇ ਆਰੰਭ ਵਿਚ ਹੋਇਆ।

ਸੱਯਦ ਜਲਾਲ ਬੁਖ਼ਾਰੀ ਦੀ ਮੌਤ 690 ਹਿਜਰੀ ਮੁਤਾਬਕ 1291/92 ਈ. ਹੋਈ। ਜਿਸ ਤੋਂ ਸਾਫ ਜ਼ਾਹਿਰ ਹੈ ਕਿ ਝੰਗ ਦੀ ਬੁਨਿਆਦ 13ਵੀਂ ਸਦੀ ਈ. ਵਿਚ ਰਖੀ ਗਈ। ਪਰ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ ਕਿ ਝੰਗ ਬਹੁਤ ਪੁਰਾਤਨ ਸ਼ਹਿਰ ਹੈ। ਜੇ ਉਪਰੋਕਤ ਦੋਵੇਂ ਗੱਲਾਂ ਮੰਨ ਵੀ ਲਈਏ ਤਾਂ ਸੁਲਤਾਨ ਬਹਿਲੋਲ ਲੋਧੀ ਦਾ ਸਮਾਂ 1450 ਤੋਂ 1478 ਈ. ਤਕ ਹੈ। ਪਰ ਹੀਰ ਸੱਯਦ ਅਹਿਮਦ ਕਬੀਰ ਦੀ ਮੁਰੀਦ ਸੀ ਜਿਸ ਦੀ ਵਫ਼ਾਤ 1314/15 ਈ. ਵਿਚ ਹੋਈ। ਸੋ ਕਾਲ-ਕ੍ਰਮ ਅਨੁਸਾਰ ਇਹ ਸਮਾਂ ਦਰੁਸਤ ਨਹੀਂ।

ਅਹਿਸਨੁਲ ਮਕਾਲ ਵਿਚ ਮੀਆਂ ਨੂਰ ਮੁਹੰਮਦ ਚੇਲਾ ਨੇ ਹੀਰ ਦੀ ਮੌਤ 1452 ਈ. ਵਿਚ ਦਰਸਾਈ ਹੈ। (ਇਹ ਸਮਾਂ ਜ਼ਰੂਰ ਬਹਿਲੋਲ ਲੋਧੀ ਦਾ ਹੈ) ਬਲਾਲ ਜ਼ਬੀਰੀ ਨੇ 'ਤਾਰੀਖ਼ੇ ਝੰਗ' ਵਿਚ ਹੀਰ ਦਾ ਜਨਮ ਸਾਲ 830 ਹਿਜਰੀ ਤੇ ਮੌਤ 876 ਹਿਜਰੀ (1471-72 ਈ.) ਲਿਖੀ ਹੈ।

ਸੱਯਦ ਤਾਲਿਬ ਹੁਸੈਨ ਬੁਖ਼ਾਰੀ ਨੇ ਆਪਣੀ ਪੁਸਤਕ 'ਹੀਰ ਦੀ ਹਕੀਕਤ' ਵਿਚ ਹੀਰ ਦੀ ਪੈਦਾਇਸ਼ 10 ਸ਼ਾਅਬਾਨ 865 ਹਿ. ਤੇ ਵਫ਼ਾਤ 884 ਹਿ. (1479 ਈ.) ਦਰਸਾਈ ਹੈ।

ਐਨੁਲ ਹੱਕ ਫ਼ਰੀਦਕੋਟੀ ਨੇ ਤ੍ਰੈਮਾਸਕ 'ਸਕਾਫ਼ਤ' (ਅਪ੍ਰੈਲ 1977 ਈ.) ਵਿਚ ਹੀਰ ਦਾ ਜਨਮ 1426 ਈ. ਤੋਂ 1430 ਈ. ਤੇ ਵਫ਼ਾਤ 876 ਹਿ. (1472 ਈ.) ਦਰਸਾਈ ਹੈ।

ਉਪਰੋਕਤ ਸਾਰਿਆਂ ਹਵਾਲਿਆਂ ਤੋਂ ਅਸੀਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ ਕਿ ਹੀਰ ਦਾ ਸਹੀ ਸਮਾਂ ਕਿਹੜਾ ਹੈ। ਬਸ ਗਵੇੜ ਲਾ ਕੇ ਹੀ ਕਿਹਾ ਜਾ ਸਕਦਾ ਹੈ ਕਿ ਹੀਰ ਤੇ ਰਾਂਝਾ ਦੀ ਘਟਨਾ ਬਹਿਲੋਲ ਲੋਧੀ ਦੇ ਦੌਰ ਵਿਚ ਘਟੀ ਹੈ :

5

# ਦਮੋਦਰ ਦੀ ਰਚੀ ਹੀਰ-ਰਾਂਝਾ ਦੀ ਕਥਾ

ਦਮੋਦਰ ਕਹਾਣੀ ਦਾ ਆਰੰਭ ਝੰਗ ਸਿਆਲ ਤੋਂ ਕਰਦਾ ਹੈ। ਚੂਚਕ ਅਕਬਰ ਦੇ ਤੁੱਲ ਦਾ ਇਕ ਸਿੱਕਦਾਰ ਸੀ। ਉਸ ਦੇ ਘਰ ਚਾਰ ਪੁੱਤਰ—ਪਠਾਣ, ਸੁਲਤਾਨ, ਬਹਾਦਰ ਤੇ ਖ਼ਾਨ ਪੈਦਾ ਹੋਏ। ਪਰ ਉਮਰ ਦੇ ਆਖ਼ਰੀ ਵਰ੍ਹਿਆਂ ਵਿਚ ਮਹਰੀ ਕੁੰਦੀ (ਉਸ ਦੀ ਪਤਨੀ) ਦੇ ਘਰ ਇਕ ਧੀ ਪੈਦਾ ਹੋਈ। (ਪਰ ਕਮਾਲ ਇਹ ਹੈ ਕਿ ਦਮੋਦਰ ਨੇ ਇੰਨੀ ਉਪਭਾਵਕਤਾ ਤੋਂ ਕੰਮ ਲਿਆ ਹੈ ਕਿ ਜਦੋਂ ਉਹ ਅੱਠਾਂ ਵਰ੍ਹਿਆਂ ਦੀ ਹੋਈ ਤਾਂ ਦੂਰ ਦੂਰ ਤਕ ਉਸ ਦੀਆਂ ਧੁੰਮਾਂ ਪੈ ਗਈਆਂ)। ਜਦੋਂ 12 ਵਰ੍ਹਿਆਂ ਦੀ ਹੋਈ ਤਾਂ ਉਸ ਦੀਆਂ ਅੱਖਾਂ ਰਾਂਝੇ ਨਾਲ ਲੱਗ ਗਈਆਂ। ਪਰ ਜਿਸ ਵੇਲੇ ਰਾਂਝੇ ਨਾਲ ਉਸ ਦਾ ਇਸ਼ਕ ਹੋਇਆ ਉਸ ਸਮੇਂ ਉਹ ਖੇੜਿਆਂ ਵਿਚ ਅਲੀ ਦੇ ਪੁੱਤਰ ਨਾਲ ਮੰਗੀ ਜਾ ਚੁੱਕੀ ਸੀ।

ਓਧਰ ਮੌਜਮ ਦੇ ਘਰ ਤਖ਼ਤ ਹਜ਼ਾਰੇ ਰਾਂਝਾ ਜੰਮਿਆ। ਉਸ ਦੀ ਮੰਗਣੀ ਵੀ ਉਸ ਦੇ ਪਿਉ ਨੇ ਖ਼ਾਨ ਯਾਕੂਬ ਵੜੈਚ ਦੇ ਘਰ ਕਰ ਦਿੱਤੀ। ਪਰ ਵਿਆਹ ਤੋਂ ਪਹਿਲਾਂ ਹੀ ਉਸ ਦਾ ਪਿਉ ਮਰ ਗਿਆ। ਛੇਆਂ ਵਰ੍ਹਿਆਂ ਦੇ ਰਾਂਝੇ ਦੀ ਜਦੋਂ ਮਾਂ ਮਰ ਗਈ ਤਾਂ ਉਸ ਦੇ ਭਰਾ ਬਹੁਤ ਖ਼ੁਸ਼ ਹੋਏ।

ਉਹ ਧੀਦੋ (ਰਾਂਝੇ) ਨੂੰ ਮਾਰਣ ਦੀਆਂ ਕੋਸ਼ਿਸ਼ਾਂ ਕਰਨ ਲੱਗ ਪਏ। ਪਰ ਉਸ ਦਾ ਪਿਉ ਹਰ ਵੇਲੇ ਉਸ ਦਾ ਖ਼ਿਆਲ ਰਖਦਾ ਸੀ।

ਆਖ਼ਰ ਉਸ ਦੇ ਪਿਉ ਦੀ ਮੌਤ ਹੋ ਗਈ। ਭਰਾਵਾਂ ਦੀ ਸਾਜ਼ਿਸ਼ ਤੋਂ ਡਰਦਾ ਰਾਂਝਾ ਘਰ ਬਾਰ ਛੱਡ ਕੇ ਚਲਾ ਗਿਆ। ਰਾਹ ਵਿਚ ਉਸ ਨੂੰ ਇਕ ਥਾਂ ਤੇ ਝੀਊਰਾਂ ਦੀ ਕੁੜੀ ਨੇ ਵੇਖਿਆ ਤਾਂ ਆਸ਼ਕ ਹੋ ਗਈ। ਉਸੇ ਪਿੰਡ ਵਿਚ ਰਾਤ ਕੱਟਣ ਲਈ ਕੁਝ ਜੱਟ ਵੀ ਠਹਿਰੇ ਹੋਏ ਸਨ। ਜਦੋਂ ਝੀਊਰੀ ਦੀ ਮਾਂ ਰਾਂਝੇ ਨੂੰ ਵੇਖਣ ਆਈ ਤਾਂ ਜੱਟ ਚੰਗਾ ਚੋਖਾ ਖਾਣ ਦੇ ਮਾਰੇ ਝੀਊਰ ਬਣ ਗਏ। ਉਨ੍ਹਾਂ ਰਾਂਝੇ ਨੂੰ ਆਪਣਾ ਪੁੱਤਰ ਦਸਿਆ। ਝੀਊਰੀ ਨੇ ਆਪਣੀ ਧੀ ਰਾਂਝੇ ਨਾਲ ਮੰਗ ਦਿੱਤੀ ਅਤੇ ਚੰਗਾ ਚੋਖਾ ਖਾਣ ਲਈ ਭੇਜਿਆ। ਪਰ ਜਦੋਂ ਰਾਂਝੇ ਨੂੰ ਪਤਾ ਲੱਗਾ ਤਾਂ ਉਸ ਨੇ ਵਿਆਹ ਕਰਵਾਉਣ ਤੋਂ ਸਾਫ਼ ਸਾਫ਼ ਇਨਕਾਰ ਕਰ ਦਿੱਤਾ। ਇਹ ਸੁਣ ਕੇ ਡਰਦੇ ਮਾਰੇ ਜੱਟ ਅੱਧੀ ਰਾਤ ਨੂੰ ਹੀ ਉਥੋਂ ਖਿਸਕ ਗਏ।

ਉਸ ਦੀ ਖ਼ੂਬਸੂਰਤੀ ਵੇਖ ਕੇ ਇਕ ਹੋਰ ਪਿੰਡ ਦਾ ਜ਼ਿਮੀਦਾਰ ਵੀ ਰਾਂਝੇ ਨੂੰ ਪੁੱਤਰ ਬਣਾ ਕੇ ਰਖਣ ਲਈ ਸੱਦਣ ਲੱਗ ਪਿਆ। ਪਰ ਰਾਂਝਾ ਉਥੋਂ ਵੀ ਚਲਿਆ ਆਇਆ।

ਚਲਦਾ ਚਲਦਾ ਉਹ ਦਰਿਆ ਕਿਨਾਰੇ ਆ ਗਿਆ। ਉਥੇ ਉਹਨੂੰ ਦੂਰੋਂ ਆਉਂਦੀ

ਇਕ ਬੇੜੀ ਨਜ਼ਰੀਂ ਆਈ । ਉਸ ਬੇੜੀ ਵਿਚ ਪੰਜ ਪੀਰ ਸਨ ਜੋ ਰਾਂਝੇ ਦੀ ਵੰਝਲੀ ਸੁਣ ਕੇ ਬਹੁਤ ਖ਼ੁਸ਼ ਹੋਏ ਅਤੇ ਉਨ੍ਹਾਂ ਨੇ ਹੀਰ ਰਾਂਝੇ ਨੂੰ ਬਖਸ਼ ਦਿੱਤੀ। ਫੇਰ ਉਨ੍ਹਾਂ ਪੰਜਾਂ ਪੀਰਾਂ ਨੇ ਖ਼ਾਬ ਵਿਚ ਜਾ ਕੇ ਹੀਰ ਨੂੰ ਸਮਝਾ ਦਿੱਤਾ ਕਿ ਅਸੀਂ ਤੇਰੇ ਪੱਲੇ ਰਾਂਝਾ ਪਾ ਦਿੱਤਾ ਹੈ । ਦੂਸਰੇ ਦਿਨ ਉਸ ਦੀ ਮੁਲਾਕਾਤ ਲੁੱਡਣ ਨਾਲ ਹੋਈ । ਲੁੱਡਣ ਕਦੇ ਨੂਰੇ ਸੰਬਲ ਦਾ ਮਲਾਹ ਹੁੰਦਾ ਸੀ ਪਰ ਇਕ ਵਾਰੀ ਨੂਰੇ ਨੇ ਉਸ ਦੀ ਕਾਫ਼ੀ ਬੇਇਜ਼ਤੀ ਕੀਤੀ। ਮੌਕਾ ਪਾ ਕੇ ਲੁੱਡਣ ਬੇੜਾ ਭਜਾ ਕੇ ਚੂਚਕ ਦੀ ਸੀਮਾਂ ਵਿਚ ਆ ਗਿਆ। ਹੀਰ ਨੇ ਆਪਣੇ ਜ਼ਿੰਮੇ ਤੇ ਲੁੱਡਣ ਤੇ ਲੁੱਡਣ ਦੀ ਬੇੜੀ ਰਖ ਲਈ । ਜਦੋਂ ਨੂਰੇ ਨੂੰ ਪਤਾ ਲੱਗਾ ਤਾਂ ਉਹ ਵਾਹਰ ਲੈ ਕੇ ਬੇੜੀ ਲੈਣ ਆ ਗਿਆ । ਅੱਗੋਂ ਉਸ ਦੀ ਟੱਕਰ ਹੀਰ ਨਾਲ ਹੋ ਗਈ । ਇਧਰੋਂ ਹੀਰ ਦੀਆਂ ਕੁਝ ਸਹੇਲੀਆਂ ਤੇ ਉਧਰੋਂ ਨੂਰੇ ਦੇ ਕੁਝ ਸਾਥੀ ਮਾਰੇ ਗਏ ਤੇ ਅੰਤ ਨੂਰਾ ਹਾਰ ਕੇ ਦੌੜ ਗਿਆ ।

ਲੁੱਡਣ ਵੀ ਰਾਂਝੇ ਦੀ ਵੰਝਲੀ ਸੁਣ ਕੇ ਉਸ ਉੱਤੇ ਮੋਹਤ ਹੋ ਗਿਆ। ਐਸਾ ਮੋਹਤ ਹੋਇਆ ਕਿ ਆਪਣੀਆਂ ਦੋਵੇਂ ਜ਼ਨਾਨੀਆਂ ਤੇ ਮੱਝੀਂ ਵੀ ਰਾਂਝੇ ਨੂੰ ਦੇਣ ਲਈ ਤਿਆਰ ਹੋ ਗਿਆ ।

ਪ੍ਰਚੱਲਤ ਰਵਾਇਤ ਅਨੁਸਾਰ ਰਾਂਝਾ ਹੀਰ ਦੇ ਪਲੰਘ ਉੱਤੇ ਚੜ੍ਹ ਕੇ ਸੌਂ ਗਿਆ। ਹੀਰ ਗੁੱਸੇ ਨਾਲ ਭਰੀ ਪੀਤੀ ਆਈ ਪਰ ਜਦੋਂ ਰਾਂਝੇ ਨੂੰ ਵੇਖਿਆ ਤਾਂ ਉਸ ਦੀ ਹੋ ਕੇ ਰਹਿ ਗਈ ।

ਹੀਰ ਦੀ ਵਿਉਂਤ ਅਨੁਸਾਰ ਰਾਂਝਾ ਸੱਥ ਵਿਚ ਚੂਚਕ ਕੋਲ ਪਹੁੰਚ ਗਿਆ । ਰਾਂਝੇ ਨੇ ਆਪਣਾ ਸਾਰਾ ਹਾਲ ਸੁਣਾਇਆ । ਚੂਚਕ ਨੇ ਉਸ ਦੇ ਕਹਿਣ ਅਨੁਸਾਰ ਉਸ ਨੂੰ ਚਰਵਾਲ ਰਖ ਲਿਆ । ਹੌਲੀ ਹੌਲੀ ਹੀਰ ਤੇ ਰਾਂਝੇ ਦੇ ਪਿਆਰ ਦੀ ਚਰਚਾ ਆਲੇ-ਦੁਆਲੇ ਹੋਣ ਲੱਗ ਪਈ। ਚੂਚਕ ਨੇ ਕੈਦੋ ਦੀ ਡਿਊਟੀ ਲਾਈ । ਕੈਦੋ ਨੇ ਆਕੇ ਦੱਸਿਆ ਵੀ ਪਰ ਮਾਂ ਨੇ ਗੱਲ ਤੇ ਪਰਦਾ ਪਾ ਲਿਆ । ਫੇਰ ਚੂਚਕ ਨੇ ਆਪ ਸਭ ਕੁਝ ਵੇਖ ਕੇ ਰਾਂਝੇ ਨੂੰ ਖ਼ੂਬ ਮਾਰਿਆ ਤੇ ਉਸ ਨੂੰ ਕੱਢ ਦਿੱਤਾ । ਪਰ ਮੰਗੂ ਵੀ ਨਾਲ ਹੀ ਤੁਰ ਪਿਆ । ਆਖ਼ਰ ਚੂਚਕ ਨੇ ਉਸ ਨੂੰ ਵਰਚਾ ਕੇ ਮੋੜ ਲਿਆਂਦਾ ।

ਚਲਿਆ ਚਾਕ ਮੰਗੂ ਵੀ ਨਾਲੇ,
ਚੂਚਕ ਹੋੜਾ ਪਾਏ ।
ਜਿਉਂ ਜਿਉਂ ਮੋੜੇ ਤਿਉਂ ਤਿਉਂ ਵਗਨ
ਰਹਿਨ ਨਾ ਮੂਲ ਰਹਾਏ ।
ਹੁੱਟਾ ਖ਼ਾਨ ਮੁੜੇਂਦਾ ਮੰਗੂ
ਚੱਲਣ ਕਦਮਹੁੰ ਕਦਮ ਸਵਾਏ ।
ਆਖ ਦਮੋਦਰ ਜੇ ਪੈ ਹੁੱਟਾ ।
ਗਲ ਪਗੜੀ ਤੇ ਚਾਕ ਮਨਾਏ ।

ਰਾਂਝਾ ਤਾਂ ਆਪ ਹੀ ਜਾਣਾ ਨਹੀਂ ਚਾਹੁੰਦਾ ਸੀ। ਸੋ ਉਹ ਪਰਤ ਆਇਆ। ਪਰ ਚੂਚਕ ਅੰਦਰੋਂ ਅੰਦਰੀ ਹੀਰ ਦਾ ਵਿਆਹ ਪੱਕਾ ਕਰਨ ਲੱਗ ਪਿਆ। ਅੰਤ ਖੇੜਿਆਂ ਦੀ

ਜਨੇਤ ਆਈ। ਨਾਲ ਭੰਡ ਆਏ, ਕੰਜਰੀਆਂ ਆਈਆਂ, ਬਾਜੇ ਵੱਜੇ, ਆਤਸ਼ਬਾਜ਼ੀਆਂ ਚੱਲੀਆਂ ਸ਼ਰਾਬਾਂ ਦੇ ਦੌਰ ਚੱਲੇ। ਚੂਚਕ ਨੇ ਲੋਹੜੇ ਦਾ ਦਾਜ ਦਿੱਤਾ। ਹੀਰ ਦੇ ਨਾ ਨਾ ਕਰਦਿਆਂ ਵੀ ਉਸ ਦਾ ਨਿਕਾਹ ਕਾਜ਼ੀ ਨੇ ਪੜ੍ਹ ਦਿੱਤਾ। ਪਰ ਡੋਲੀ ਵੇਲੇ ਹੀਰ ਫੇਰ ਅੜ ਬੈਠੀ। ਇਕ ਵਾਰੀ ਫੇਰ ਰਾਂਝੇ ਨੂੰ ਦਾਅ ਤੇ ਲਾ ਕੇ ਉਸ ਦੇ ਸਿਰ ਟੱਮਕ ਦੇ ਕੇ ਹੀਰ ਦੇ ਨਾਲ ਭੇਜ ਦਿੱਤਾ ਗਿਆ। ਹੀਰ ਦੇ ਘਰ ਵਾਲੇ ਨੂੰ ਤਾਂ ਸਾਰੇ ਕਿੱਸੇ ਦਾ ਝੰਗ ਵਿਖੇ ਹੀ ਪਤਾ ਲੱਗ ਗਿਆ ਸੀ ਜਦੋਂ ਕੁਝ ਰੀਤਾਂ ਰਸਮਾਂ ਕੀਤੀਆਂ ਗਈਆਂ ਸਨ।

ਕਰ ਕਰ ਰੀਤ ਅੰਦੋਨੇ ਖੇੜਾ, ਤਾਂ ਚਲ ਅੰਦਰ ਆਇਆ।
ਦਿਤੁਸ ਪੈਰ ਪਲੰਘ ਦੇ ਉੱਤੇ, ਹੀਰ ਜਗਾਇ ਬਹਾਇਆ।
ਪੁੱਛੇ ਕੌਣ ਜੇ। ਸਿ ਜਾਤੁਸ ਖੇੜਾ, ਨਥ ਤਮਾਚਾ ਲਾਇਆ।
ਆਖ ਦਮੋਦਰ ਦੰਦ ਹੰਢਾਣੇ, ਲੁੱਹੂ ਨਾਲ ਚਲਾਇਆ।

ਪਰ ਰਾਹ ਵਿਚ ਇਹ ਕਲਈ ਸਭ ਸਾਹਮਣੇ ਖੁੱਲ੍ਹ ਗਈ। ਖੇੜੀਂ ਜਾ ਕੇ ਜਦੋਂ ਲੱਸੀ ਮੁੰਦਰੀ ਦੀ ਰੀਤ ਵੇਲੇ ਹੀਰ ਨੇ ਆਪਣੀ ਸੱਸ ਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਮੈਂ ਤਾਂ ਰਾਂਝੇ ਦੀ ਹਾਂ।

ਹਿੱਕੇ ਤਾਂ ਖੇੜੇ ਧੀਦੋ ਰਾਂਝਾ, ਨਹੀਂ ਦੇਂਦ ਖੇੜੇ ਦੇ ਭੰਨਾਂ।
ਮਿਲ ਕਰ ਸਹੀਆਂ ਦੇਹੋ ਮੁਬਾਰਕ, ਹੀਰੇ ਰਾਂਝਾ ਵੰਨਾਂ।
ਆਖ ਦਮੋਦਰ ਕਹਿਣ ਖੇੜਿਆਂ ਦੀਆਂ, ਹੀਰ ਨਾ ਕਰੇ ਅਮੰਨਾਂ।

ਤਾਂ ਗੱਲ ਹੋਰ ਵੀ ਹੁੱਗ ਗਈ। ਖੇੜਿਆਂ ਨੇ ਰਾਂਝੇ ਨੂੰ ਮਾਰ ਦੇਣ ਦਾ ਮੱਤਾ ਪਕਾ-ਇਆ। ਪਰ ਰਾਂਝਾ ਉਥੋਂ ਖਿਸਕ ਕੇ ਫੇਰ ਝੰਗ ਆ ਗਿਆ। ਝੰਗ ਦੀ ਹਰ ਕੁੜੀ ਰਾਂਝੇ ਤੇ ਫ਼ਿਦਾ ਸੀ। ਉਨ੍ਹਾਂ ਬੜਾ ਜ਼ੋਰ ਲਾਇਆ ਕਿ ਜਿਸ ਨਾਲ ਮਰਜ਼ੀ ਹੈ ਰਹਿ ਅਸੀਂ ਤੇਰੀਆਂ ਦਾਸੀਆਂ ਹਾਂ ਪਰ ਰਾਂਝਾ ਉਥੋਂ ਵਿਦਾ ਹੋ ਕੇ ਤਖ਼ਤ ਹਜ਼ਾਰੇ ਪਰਤ ਆਇਆ।

ਪਰ ਤਖ਼ਤ ਹਜ਼ਾਰੇ ਗਏ ਰਾਂਝੇ ਨੂੰ ਭਰਾਵਾਂ ਨੇ ਮੂੰਹ ਨਾ ਲਾਇਆ।
'ਪਹੁੰਤਾ ਜਾਏ ਹਜ਼ਾਰੇ ਰਾਂਝਾ, ਮਿਲਿਆ ਵੀਰਾਂ ਤਾਈਂ।'
ਮਿਲਿਆ ਆਇ ਪਕਾਇਣ ਰਾਂਝਾ, ਉਨ੍ਹਾਂ ਮੂੰਹ ਲਾਇਓ ਨਾਹੀਂ।

ਪਰ ਜਦੋਂ ਰਾਂਝੇ ਆਖਿਆ :

ਤਾਂ ਤਾਹਿਰ ਨੂੰ ਹਸ ਅਲਾਇਆ, ਮੈਂ ਮਾਲ ਨਾ ਵੰਡਣ ਆਇਆ।
ਬਾਰ੍ਹਾਂ ਵਰ੍ਹੇ ਫ਼ਕੀਰੀ ਕੀਤੀ, ਹੁਣ ਵਤਨ ਵੇਖਣ ਨੂੰ ਆਇਆ।
ਆਇਆ ਨਾ ਮੰਗਿਆ ਕੁਝ ਤੁਸਾਥੋਂ, ਕੁਝ ਨਾ ਸੁਆਲ ਸੁਣਾਇਆ।
ਆਖ ਦਮੋਦਰ ਕੇ ਤੈਂਡਾ ਵੈਦਾਂ, ਹਸ ਨਾ ਮੂੰਹੋਂ ਅਲਾਇਆ।

ਤਾਂ ਤਾਹਿਰ ਨੇ ਕਿਹਾ ਤੂੰ ਬਾਰ੍ਹਾਂ ਵਰ੍ਹੇ ਮੱਝਾਂ ਚਰਾ ਕੇ ਸਾਡਾ ਨਕ ਵੱਢਵਾ ਦਿੱਤ ਹੈ।

ਕੀ ਬੁਲੀਹਾਂ ਤੈਂ ਨਾਲ ਧੀਦੋ ਗੁੱਝੀ ਰਹੀ ਨਾ ਕਾਈ।
ਜਾਂ ਸੁਣੀਦਾ ਨਾਲ ਮਹੀਂ ਦੇ ਚਾਕ ਚੂਚਕ ਦਾ ਭਾਈ।

ਜਾਂ ਸੁਣੀਦਾ ਨਾਲ ਜੰਝ ਦੇ ਸਿਰ ਵੈਦਾਂ ਟਮਕ ਚਾਈ।
ਆਖ ਦਮੋਦਰ ਹਾਲ ਇਜੇਹਾ, ਮਰਾਂ ਕਿ ਜੀਵਾਂ ਭਾਈ।

ਆਖ਼ਰ ਉਹ ਫ਼ਕੀਰਾਂ ਵਾਂਗ ਛੰਨ ਪਾ ਕੇ ਰਹਿਣ ਲੱਗ ਪਿਆ। ਪੁਰਾਣੇ ਯਾਰ ਬੇਲੀ ਮਿਲ ਪਏ। ਗੱਲ ਸਾਰੇ ਹੁੱਗ ਗਈ ਕਿ ਰਾਂਝਾ ਪਰਤ ਆਇਆ ਹੈ। ਛੰਨ ਵਿਚ ਰਾਂਝਾ ਪਾਣੀ ਦਾ ਘੜਾ ਤੇ ਦੋ ਚਿਲਮਾਂ ਰਖਾ ਲੈਂਦਾ ਹੈ।

"ਪਾਣੀ ਕੂਜੇ ਤੇ ਦੁਇ ਚਿਲਮਾਂ, ਏਹ ਬਸਾਤਿ ਰਖਾਈ।"

ਓਧਰ ਰਾਂਝੇ ਦੇ ਸਹੁਰਿਆਂ ਨੂੰ ਪਤਾ ਲਗ ਜਾਂਦਾ ਹੈ। ਯਾਕੂਬ ਵਡਾਇਚ ਇਕੱਠ ਕਰਕੇ ਹਜ਼ਾਰੇ ਆ ਜਾਂਦਾ ਹੈ ਪਰ ਰਾਂਝਾ ਵਿਆਹ ਕਰਵਾਉਣ ਤੋਂ ਜਵਾਬ ਦੇ ਦਿੰਦਾ ਹੈ। ਪਰ ਪੁਰਾਣੀ ਸਾਕਾਦਾਰੀ ਦਾ ਵਾਸਤਾ ਪਾ ਕੇ ਤਾਹਿਰ ਤੇ ਉਸ ਦੇ ਭਰਾ ਜੀਵਣਾ ਤੇ ਖਾਨ ਆਦਿ ਤਾਹਿਰ ਦੇ ਪੁੱਤਰ ਲਈ ਰਾਂਝੇ ਦੀ ਮੰਗ ਮੰਗ ਲੈਂਦੇ ਹਨ। ਪੱਕੀ ਠੱਕੀ ਹੋ ਜਾਂਦੀ ਹੈ। ਕੁਝ ਦਿਨਾਂ ਮਗਰੋਂ ਤਾਹਿਰ ਦੇ ਪੁੱਤਰ ਦਾ ਵਿਆਹ ਰਖ ਲਿਆ ਜਾਂਦਾ ਹੈ। ਪਹਿਲੋਂ ਰਾਂਝਾ ਜਨੇਤ ਨਾਲ ਜਾਣਾ ਨਹੀਂ ਮੰਨਦਾ ਪਰ ਲੋਕਾਂ ਤੇ ਭਰਾਵਾਂ ਦੇ ਕਹਿਣ ਤੇ ਮੰਨ ਜਾਂਦਾ ਹੈ। ਓਥੇ ਕੁੜੀਆਂ ਨੂੰ ਰਾਂਝੇ ਦਾ ਵੀ ਪਤਾ ਲੱਗ ਜਾਂਦਾ ਹੈ। ਉਹ ਜਾ ਕੇ ਰਾਂਝੇ ਦੀ ਮੰਗੇਤਰ ਨੂੰ ਦੱਸ ਦਿੰਦੀਆਂ ਹਨ। ਉਸ ਕੁੜੀ ਦੇ ਤਰਲੇ ਲੈਣ ਤੇ ਕਿ ਮੈਨੂੰ ਰਾਂਝਾ ਵਿਖਾਓ, ਉਸ ਨੂੰ (ਰਾਂਝੇ ਨੂੰ) ਕੁੜੀਆਂ ਬਹਾਨਾ ਲਾ ਕੇ ਲੈ ਜਾਂਦੀਆਂ ਹਨ ਕਿ ਤੈਨੂੰ ਕੁਝ ਫ਼ਕੀਰ ਬੁਲਾ ਰਹੇ ਹਨ:

ਕੁੜੀਆਂ ਝੂਠ ਅਲਾਇਆ ਰਾਂਝੇ, ਪਾਸ ਰੰਝੇਟੇ ਆਈਆਂ।
ਉੱਠੀ ਚੱਲ ਫ਼ਕੀਰ ਸਦੇਂਦੇ, ਘਿਨ ਸੁਨੇਹੇ ਸਾਈਆਂ।
ਜੁਲਿਆ ਨਾਇ ਫ਼ਕੀਰਾਂ ਸੰਦੇ, ਛੋੜ ਜੰਝ ਤੇ ਭਾਈਆਂ।
ਆਖ ਦਮੋਦਰ ਲੈ ਅੰਦਰ ਪਾਇਆ, ਗੱਲਾਂ ਆਖ ਸੁਣਾਈਆਂ।

ਜਦੋਂ ਰਾਂਝਾ ਆਪਣੀ ਮੰਗੇਤਰ ਕੋਲ (ਜੋ ਹੁਣ ਉਸ ਦੇ ਭਤੀਜੇ ਦੀ ਮੰਗ ਸੀ।) ਜਾਂਦਾ ਹੈ ਤਾਂ ਉਹ ਪੁਛਦੀ ਹੈ ਕਿ ਮੇਰਾ ਕੀ ਗੁਨਾਹ ਸੀ ਜੋ ਤੂੰ ਮੰਗ ਛੱਡ ਦਿੱਤੀ। ਤਾਂ ਰਾਂਝਾ ਆਪਣੇ ਮਨਖੱਟੂ ਹੋਣ ਦਾ ਬਹਾਨਾ ਲਾਉਂਦਾ ਹੈ ਪਰ ਕੁੜੀ ਕਹਿੰਦੀ ਹੈ:

ਵਿਚ ਸਿਆਲੀਂ ਆਹੀਆ ਕੁੱਬਤ, ਜੋ ਪਿਉ ਦਾ ਨਾਂ ਵੰਞਾਇਆ।
ਮੱਝੀਂ ਚਾਰੇਂ, ਤੇ ਸ਼ਰਮ ਨਾ ਤੈਨੂੰ, ਜੋ ਸਿਰ ਤੇ ਟਮਕ ਚਾਇਆ।
ਜੇਕਰ ਹੀਰ ਗਈ ਉਠ ਖੇੜੀਂ, ਤਾਂ ਚਿੱਤ ਹਜ਼ਾਰਾ ਆਇਆ।
ਆਖ ਦਮੋਦਰ ਸਾਡੀ ਵਾਰੀ ਮੀਆਂ, ਮਨਖੱਟੂ ਨਾਮ ਧਰਾਇਆ।

ਰਾਂਝੇ ਨੂੰ ਉਸ ਦੀ ਮੰਗੇਤਰ ਕਾਫ਼ੀ ਕੁਝ ਕਹਿੰਦੀ ਹੈ ਪਰ ਰਾਂਝੇ ਉੱਤੇ ਕੋਈ ਅਸਰ ਨਹੀਂ ਹੁੰਦਾ। ਅਜੇ ਵਾਰਤਾਲਾਪ ਚਲ ਹੀ ਰਹੀ ਹੁੰਦੀ ਕਿ ਤਾਹਿਰ ਆ ਜਾਂਦਾ ਹੈ। ਉਹ ਰਾਂਝੇ ਨੂੰ ਓਥੇ ਵੇਖ ਕੇ ਹੈਰਾਨ ਹੁੰਦਾ ਹੈ ਤੇ ਕਹਿੰਦਾ ਹੈ:

ਤਾਂ ਤਾਹਿਰ ਰਾਹ ਪੁਛਦਾ ਪੁਛਦਾ, ਅੰਦਰ ਚਲ ਕੇ ਆਯਾ।
ਵੇਖ ਹੈਰਾਨ ਥੀਆ ਅਤਿ ਸਾਊ, ਅੱਖੀਂ ਸਮਝ ਵਖਾਯਾ।

ਬਾਹਿਰ ਨਾਂਹ ਤੇ ਅੰਦਰ ਰਾਜ਼ੀ, ਅਸਾਂ ਚੰਗਾ ਭਾਇਆ ।
ਉੱਠੀ, ਤੂੰ ਚੜ੍ਹ ਖਾਰੇ ਧੀਦੋ, ਹੱਕ ਖ਼ਸਮ ਹਥ ਆਇਆ ।

ਪਰ ਰਾਂਝਾ ਕੁੜੀਆਂ ਦੀ ਸ਼ਰਾਰਤ ਬਾਰੇ ਆਪਣੇ ਭਰਾ ਤਾਹਿਰ ਨੂੰ ਦਸਦਾ ਹੈ ਤੇ ਕਹਿੰਦਾ ਹੈ ਕਿ ਇਹ ਤਾਂ ਮੇਰੀ ਭੈਣ ਵਾਂਗ ਹੈ । ਆਖ਼ਰ ਤਾਹਿਰ ਦੇ ਪੁੱਤਰ ਦਾ ਵਿਆਹ ਹੋ ਜਾਂਦਾ ਹੈ ਤੇ ਜੰਞ ਹਜ਼ਾਰੇ ਪਰਤ ਆਉਂਦੀ ਹੈ ।

ਦੂਸਰੇ ਬੰਨੇ ਹੀਰ ਅਲੀ ਦੇ ਪੁੱਤਰ ਨੂੰ ਨੇੜੇ ਨਹੀਂ ਲੱਗਣ ਦਿੰਦੀ । ਉਸ ਦਾ ਸਹੁਰਾ ਭਾਈਚਾਰੇ ਨਾਲ ਸਲਾਹ ਕਰਕੇ ਹੀਰ ਨੂੰ ਮਾਰ ਦੇਣ ਦੀ ਗੱਲ ਕਰਦਾ ਹੈ । ਪਰ ਉਸ ਦੀ ਘਰ ਵਾਲੀ ਕਹਿੰਦੀ ਹੈ ਕਿ ਹੀਰ ਨੂੰ ਮਾਰ ਦੇਣਾ ਮੁਨਾਸਬ ਨਹੀਂ, ਕਿਉਂਕਿ ਉਹ ਚੂਚਕ ਦੀ ਧੀ ਹੈ । ਪਰ ਉਸ ਨੂੰ ਅੰਨ ਵਾਲੇ ਕੋਠੇ ਵਿਚ, ਜੋ ਪਿੰਡੋਂ ਦੁਰਾਡੇ ਹੈ, ਛੱਡ ਦਿੱਤਾ ਜਾਂਦਾ ਹੈ । ਉਥੇ ਸਹਿਤੀ ਉਸ ਦੀ ਰਾਖੀ ਹੁੰਦੀ ਹੈ । ਅੰਤ ਸਹਿਤੀ ਤੇ ਹੀਰ ਇਕ ਦੂਸਰੇ ਦੀਆ ਮਹਿਰਮ ਰਾਜ਼ ਬਣ ਜਾਂਦੀਆਂ ਹਨ । ਹੀਰ ਆਪਣਾ ਸਾਰਾ ਹਾਲ ਸਹਿਤੀ ਨੂੰ ਦਸ ਦਿੰਦੀ ਹੈ ।

ਉਹ ਆਪਣੇ ਆਸ਼ਕ ਰਾਮੂ ਨੂੰ ਹਜ਼ਾਰੇ ਭੇਜਦੀ ਹੈ । ਰਾਂਝਾ ਸਾਰੇ ਹਾਲ ਅਹਿਵਾਲ ਤੋਂ ਜਾਣੂ ਹੋ ਕੇ ਰਾਮੂ ਨੂੰ ਕਹਿੰਦਾ ਹੈ ਤੂੰ ਛੇਤੀ ਹੀਰ ਕੋਲ ਪਹੁੰਚ ਮੈਂ ਵੀ ਛੇਤੀ ਹੀ ਪਹੁੰਚ ਜਾਵਾਂਗਾ ।

ਉਸ ਥਾਂ (ਤਖ਼ਤ ਹਜ਼ਾਰੇ) ਤੋਂ ਰਾਂਝਾ ਪਹਿਲੀ ਮੰਜ਼ਲ ਮਾਰ ਕੇ ਜਿਹਲਮ ਪਹੁੰਚ ਜਾਂਦਾ ਹੈ । ਦੂਜੀ ਮੰਜ਼ਲ ਮਾਰ ਕੇ ਪਹਾੜੀ ਤੇ ਚੜ੍ਹ ਜਾਂਦਾ ਹੈ ਤੇ ਤੀਜੀ ਮੰਜ਼ਲ ਮਾਰ ਕੇ ਟਿੱਲੇ ਜਾ ਪਹੁੰਚਦਾ ਹੈ । ਓਥੇ ਜਾ ਕੇ ਸਿਧ ਬਗਾਈ ਦੇ ਕੋਲ ਪੁੱਜ ਜਾਂਦਾ ਹੈ । ਰਾਂਝੇ ਦੀ ਸੂਰਤ ਵੇਖ ਕੇ 'ਸਿਧ ਬਗਾਈ' ਮੋਹਤ ਹੋ ਜਾਂਦਾ ਹੈ ।

ਜੋਗੀ ਪੁੱਛੇ ਰਾਂਝੇ ਤਾਈਂ ਤੂੰ ਕਿਹੜੇ ਦੇਸੋਂ ਆਇਆ ।
ਸੂਰਤ ਵੇਖਿਦਿਆਂ ਹੀ ਜੋਗੀ, ਰਾਂਝੇ ਦਸਤ ਵਿਕਾਇਆ ।
ਆਖ ਹਕੀਕਤ ਮੈਨੂੰ ਅਪਣੀ, ਕਿਸ ਮਨੋਰਥ ਆਇਆ ।
ਆਖ ਦਮੋਦਰ ਰਾਂਝੇ ਕੋਲੋਂ, ਜੋਗੀ ਇਉਂ ਪੁਛਾਇਆ ।

ਰਾਂਝੇ ਦੇ ਸੱਚ ਸੱਚ ਦੱਸਣ ਉਪਰੰਤ ਜੋਗੀ ਨੇ ਆਪਣੇ ਚੇਲਿਆਂ ਦੀ ਮੁਖ਼ਾਲਫ਼ਤ ਦੇ ਬਾਵਜੂਦ ਰਾਂਝੇ ਨੂੰ ਚੇਲਾ ਬਣਾ ਲਿਆ । ਜੋਗੀ (ਸਿਧ ਬਗਾਈ) ਕੋਲੋਂ ਜੋਗ ਲੈ ਕੇ ਰਾਂਝਾ ਓਥੋਂ ਚਲ ਪਿਆ ਤੇ ਓਥੋਂ ਫੇਰ ਹਜ਼ਾਰੇ ਆ ਗਿਆ । ਹਜ਼ਾਰੇ ਪਹੁੰਚ ਕੇ ਧੀਦੋ ਲੰਮੀ ਵੱਲ ਤੁਰ ਪਿਆ । ਫੇਰ ਚਨਿਓਟ ਤੋਂ ਹੁੰਦਾ ਹੋਇਆ ਅਲੀਵਾਲ ਪਹੁੰਚ ਗਿਆ ਅਤੇ ਘੁੰਮਦਾ ਘੁਮਾਉਂਦਾ ਚੌਥੇ ਦਿਨ ਝੰਗ ਸਿਆਲ ਪਹੁੰਚ ਗਿਆ । ਉਸ ਮੌਸਮ ਵਿਚ ਜਵਾਰਾਂ ਪੱਕ ਗਈਆਂ ਸਨ ਅਤੇ ਕੁੜੀਆਂ ਮਣਿਆਂ ਉਪਰ ਬੈਠੀਆਂ ਗੋਪੀਏ ਲੈ ਕੇ ਜਾਨਵਰ ਉੱਡਾ ਰਹੀਆਂ ਸਨ । ਕੁੜੀਆਂ ਨੂੰ ਰਾਂਝੇ ਦੇ ਝੰਗ ਵਿਚ ਆਉਣ ਦੀ ਖ਼ੁਸ਼ਬੂ ਆ ਗਈ । ਜਿਵੇਂ ਯੂਸਫ਼ ਦੀ ਖ਼ੁਸ਼ਬੂ ਉਸ ਦੇ ਪਿਉ ਨੂੰ ਆ ਗਈ ਸੀ । ਫੇਰ ਇਥੇ ਹੀ ਖ਼ਤਮ ਨਹੀਂ ਉਹ ਆਪਣੇ ਆਪਣੇ ਕੰਮ ਛੱਡ ਕੇ ਰਾਂਝੇ ਨੂੰ ਢੂੰਡਣ ਲੱਗ ਪਈਆਂ । ਆਖ਼ਰ ਉਨ੍ਹਾਂ ਨੂੰ ਇਕ ਜੋਗੀ ਨਜ਼ਰੀਂ ਆਇਆ ਅਤੇ

ਜੋਗੀ ਦੇ ਭੇਸ ਵਿਚ ਰਾਂਝੇ ਨੂੰ ਸਿਆਣ ਲਿਆ । ਓਥੇ ਫੇਰ ਸਾਰਾ ਆਤਣ ਰਾਂਝੇ ਦੇ ਮਗਰ ਪੈ ਗਿਆ ਕਿ ਤੂੰ ਇਥੇ ਰਹਿ ਅਸੀਂ ਸਾਰੀਆਂ ਤੇਰੀਆਂ ਖ਼ਿਦਮਤਗਾਰ ਹਾਂ । ਪਰ ਰਾਂਝਾ ਹੱਸੀ ਨੂੰ ਕਹਿੰਦਾ ਹੈ :

ਸੁਣ ਹੱਸੀ, ਮੈਂ ਕੀਕਰ ਜਾਲੀਂ, ਇਹ ਦਿਲ ਲਗਦਾ ਨਾਹੀਂ ।
ਹੀਰੇ ਬਾਝੋਂ, ਕੁੱਲ ਹਨੇਰਾ, ਕੁਝ ਦਸੀਂਦਾ ਨਾਹੀਂ ।
ਰਗ ਰਗ ਦੇ ਵਿਚ ਹੀਰ ਸਮਾਈ, ਹੋਰ ਨਾ ਕੋ ਅਸ਼ਨਾਈ ।
ਆਖ ਹੱਸੀ, ਵੈਂਦਾਂ ਹਾਂ ਖੇੜੀਂ, ਵੇਖਾਂ ਕਿ ਭਾਵੇ ਖਸਮੇਂ ਤਾਈਂ ।

ਤਰਲੇ ਲੈਂਦੀਆਂ ਕੁੜੀਆਂ ਨੂੰ ਛੱਡ ਕੇ ਰਾਂਝਾ ਸਹਿਤੀ ਦੇ ਪਿੰਡ ਪਹੁੰਚ ਗਿਆ ।

ਸਹਿਤੀ ਦਾ ਗਿਰਾਂਇ ਸੁਹਾਵਾ, ਧੀਦੋ ਤਿੱਥੇ ਆਇਆ ।
ਚੋਤੀ ਫੇਰ ਗਿਰਾਓਂ, ਡਿਠੋਸੂ, ਮੁਲਖ ਬਹੁਤ ਖੁਸ਼ ਆਇਆ ।
ਅੱਗੇ ਸ਼ਹਿਰ ਖੇੜਿਆਂ ਦਾ ਤਿੰਨ ਕੋਹ, ਏਹੋ ਦਿਲ ਨੂੰ ਭਾਇਆ ।
ਨਹੀਂ ਜ਼ਰੂਰ, ਲਿਖ ਨਹੀਂ ਦੇਣੇ, ਕਰ ਮਸਲਤ ਧੂੰਆਂ ਪਾਇਆ ।

ਓਥੇ ਉਸ ਨੂੰ ਸਹਿਤੀ ਮਿਲ ਪਈ । ਓਥੋਂ ਰਾਂਝਾ ਖੇੜੀਂ ਆ ਗਿਆ ਅਤੇ ਦਰਿਆ ਦੀ ਕੰਧੀ ਉਪਰ ਡੇਰਾ ਲਾ ਲਿਆ । ਆਖ਼ਰ ਸਹਿਤੀ ਦੇ ਉਪਰਾਲੇ ਨਾਲ ਹੀਰ ਤੇ ਰਾਂਝਾ ਮਿਲ ਪਏ । ਸਹਿਤੀ ਦੇ ਮਸ਼ਵਰੇ ਨਾਲ ਤਿਲਾਂ ਦਾ ਖੇਤ ਵੇਖਣ ਗਈ ਹੀਰ ਨੇ ਸੱਪ ਲੜਨ ਦਾ ਬਹਾਨਾ ਕੀਤਾ । ਸਹਿਤੀ ਦੇ ਦੱਸਣ ਉਪਰੰਤ ਹੀ ਹੀਰ ਦਾ ਸਹੁਰਾ ਜੋਗੀ ਨੂੰ ਲੈ ਆਇਆ । ਅੱਗੋਂ ਜੋਗੀ (ਰਾਂਝੇ) ਨੇ ਹੀਰ ਨੂੰ ਵੇਖ ਕੇ ਕਿਹਾ, ''ਇਸ ਨੂੰ ਬੜਾ ਖ਼ਤਰਨਾਕ ਨਾਗ ਲੜ ਗਿਆ ਹੈ ਜੋ ਮੇਰੀ ਕੀਲ ਵਿਚ ਨਹੀਂ ਆ ਰਿਹਾ । ਮੈਂ ਚਾਲੀ ਦਿਨ ਇਕੱਲਾ ਚਿੱਲਾ ਕਟਾਂਗਾ ਤਾਂ ਠੀਕ ਹੋ ਜਾਵੇਗੀ । ਆਖ਼ਰ ਪੰਜ ਹਫਤੇ ਤੇ ਕੁਝ ਦਿਨ ਤਾਂ ਹੀਰ ਰਾਂਝੇ ਨੇ ਇਕੱਠਿਆਂ ਗੁਜ਼ਾਰੇ ਪਰ ਆਖ਼ਰੀ ਹਫ਼ਤੇ ਉਨ੍ਹਾਂ ਨੂੰ ਫ਼ਿਕਰ ਪੈ ਗਿਆ । ਸਹਿਤੀ ਦੀ ਸਲਾਹ ਨਾਲ ਤਿਨ੍ਹਾਂ ਨੇ ਰਾਤੀਂ ਕੰਧ ਵਿਚ ਪਾੜ ਮਾਰਿਆ ਤੇ ਸਹਿਤੀ ਨੇ ਫ਼ੈਸਲਾ ਕੀਤਾ ਕਿ ਪਿਛਲੇ ਪਹਿਰ ਨਿਕਲ ਜਾਉ । ਪਰ ਬਦਕਿਸਮਤੀ ਨਾਲ ਉਹ ਇਕ ਅਜਿਹੀ ਬੂਟੀ ਲੰਘ ਗਏ ਜਿਸ ਦੇ ਲੰਘਣ ਨਾਲ ਆਦਮੀ ਓਥੇ ਹੀ ਘੁੰਮਦਾ ਰਹਿੰਦਾ ਹੈ । ਹੀਰ ਤੇ ਰਾਂਝਾ ਸਾਰੀ ਰਾਤ ਇਕੋ ਥਾਂ ਹੀ ਘੁੰਮਦੇ ਰਹੇ ਤੇ ਪਹੁ-ਫੁਟਣ ਨਾਲ ਵਾਪਸ ਸਹਿਤੀ ਕੋਲ ਪਰਤ ਆਏ । ਦੂਸਰੇ ਦਿਨ ਫੇਰ ਉਹ ਰਾਤ ਨੂੰ ਨਿਕਲ ਤੁਰੇ । ਰਾਤੋ ਰਾਤ ਪੰਦਰ੍ਹਾਂ ਕੋਹ ਪੈਂਡਾ ਕਰ ਲਿਆ ਅਤੇ ਦਿਨ ਦੇ ਚੜ੍ਹਾ ਨਾਲ ਬੇਲੇ ਵਿਚ ਛੁਪ ਗਏ । ਰਾਤ ਪੈਣ ਉਪਰੰਤ ਫੇਰ ਤੁਰ ਪਏ ।

ਓਧਰ ਚਾਲੀ ਦਿਨ ਪੂਰੇ ਹੋਏ ਤਾਂ ਖੇੜੇ ਤੰਦਰੁਸਤ ਹੋਈ ਹੀਰ ਨੂੰ ਨਵ੍ਹਾਉਣ ਲਈ ਆਏ । ਸਹਿਤੀ ਨੇ ਨੀਂਦ ਦਾ ਬਹਾਨਾ ਬਣਾ ਲਿਆ । ਖੇੜਿਆਂ ਨੇ ਸੰਨ੍ਹ ਲੱਗੀ ਵੇਖੀ ਤਾਂ ਸਾਰੀ ਗੱਲ ਸਮਝ ਗਏ ।

ਬਾਬਾ ਅੱਜ ਜਾਂ ਮੈਂ ਪੈ ਸੁੱਤੀ,
ਮੈਂ ਕੰਨ ਮਸਤੀ ਆਈ ।
ਅੰਦਰ ਬਾਹਰ ਸੱਪਾਂ ਭਰਿਆ,
ਜ਼ਹਿਰ ਅਸਾਂ ਲਗ ਪਾਈ ।

ਤੀਆ ਦਿਹੁ ਸੁੱਤੀ ਕਰ ਮਸਤੀ,
ਮੈਨੂੰ ਆਲਸ ਆਈ।
ਆਖ ਦਮੋਦਰ ਬਾਹਰ ਸੁੱਤੀ
ਮੈਨੂੰ ਹੀਰ ਦੀ ਖ਼ਬਰ ਨਾ ਕਾਈ।

ਸਾਰੀ ਗੱਲ ਤੋਂ ਜਾਣੂ ਹੋ ਕੇ ਖੇੜਿਆਂ ਦੀ ਵਾਹਰ ਹੀਰ ਤੇ ਰਾਂਝੇ ਨੂੰ ਭਾਲਣ ਚਲ ਪਈ। ਆਖ਼ਰ ਰਾਂਝੇ ਨੇ ਵੀ ਆਉਂਦੇ ਖੇੜਿਆਂ ਨੂੰ ਵੇਖ ਲਿਆ। ਹੀਰ ਤੇ ਰਾਂਝਾ ਖੇਤਾਂ ਵਿਚ ਮਾਂਹ ਦੀ ਫ਼ਸਲ ਵਢਾ ਰਹੇ ਖ਼ਾਨਾਂ ਦੀ ਸ਼ਰਨ ਜਾ ਪਏ। ਸ਼ਰਨ ਆਏ ਹੀਰ ਰਾਂਝੇ ਨੂੰ ਖ਼ਾਨਾਂ ਨੇ ਸ਼ਰਨ ਦੇਣ ਦਾ ਇਕਰਾਰ ਕੀਤਾ।

ਇੰਨੇ ਚਿਰ ਨੂੰ ਖੇੜੇ ਵੀ ਆ ਪਹੁੰਚੇ। ਖ਼ਾਨਾਂ (ਨਾਹੜਾਂ) ਨੇ ਹੀਰ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ। ਦੋਹਾਂ ਧਿਰਾਂ ਦੀ ਲੜਾਈ ਹੋਈ ਤੇ ਦੋਹਾਂ ਪਾਸਿਆਂ ਦੇ ਬੰਦੇ ਮਾਰੇ ਗਏ। ਆਖ਼ਰ ਰਜੋਏ ਦੇ ਇਕ ਸੱਯਦ ਨੇ, ਜੋ ਡੋਲੀ ਲੈ ਕੇ ਜਾ ਰਿਹਾ ਸੀ, ਸਮਝਾਇਆ ਕਿ ਤੁਸੀਂ ਇਨਸਾਫ਼ ਲਈ ਕੋਟ ਕਬੂਲੇ ਦੀ ਅਦਾਲਤ ਵਿਚ ਚਲੇ ਜਾਉ।

ਹੀਰ ਤੇ ਰਾਂਝੇ ਨਾਲ ਨਾਹੜ ਵੀ ਕੋਟ ਕਬੂਲੇ ਪਹੁੰਚੇ। ਕਚਹਿਰੀ ਵਿਚ ਹੀਰ ਨੇ ਆਪ ਕਾਜ਼ੀ ਨਾਲ ਜਿਰਾਹ ਕੀਤੀ ਪਰ ਫ਼ੈਸਲਾ ਖੇੜਿਆਂ ਦੇ ਹੱਕ ਵਿਚ ਹੋਇਆ। ਖੇੜੇ ਹੀਰ ਨੂੰ ਬੰਨ੍ਹ ਕੇ (ਘੋੜੇ ਦੇ ਪਿਛੇਂ ਰੱਸੇ ਨਾਲ ਬੰਨ੍ਹ ਕੇ) ਘਸੀਟਦੇ ਹੋਏ ਲੈ ਤੁਰੇ। ਓਧਰ ਰਾਂਝੇ ਦੀ ਬਦਦੁਆ ਨਾਲ ਕੋਟ ਕਬੂਲੇ ਨੂੰ ਅੱਗ ਲੱਗ ਗਈ। ਕਾਜ਼ੀ ਤੇ ਲੋਕ ਬਹੁਤ ਭੈ-ਭੀਤ ਹੋ ਗਏ। ਕਾਜ਼ੀ ਨੇ ਕਿਹਾ, "ਜਿਹੜਾ ਅੱਗ ਬੁਝਾ ਦੇਵੇ ਹੀਰ ਉਸ ਨੂੰ ਮਿਲੇਗੀ।" ਆਖ਼ਰ ਰਾਂਝੇ ਦੀ ਦੁਆ ਨਾਲ ਅੱਗ ਬੁਝ ਗਈ। ਰਾਜੇ ਨੇ ਫ਼ੌਜ ਭੇਜ ਕੇ ਖੇੜਿਆਂ ਨੂੰ ਵਾਪਸ ਮੰਗਾ ਲਿਆ ਤੇ ਹੀਰ ਨੂੰ ਰਾਂਝੇ ਦੇ ਹਵਾਲੇ ਕਰ ਦਿੱਤਾ।

ਦਮੋਦਰ ਅਨੁਸਾਰ 1529 ਸੰਮਤ ਬਿਕਰਮ ਰਾਏ ਨੂੰ ਹੀਰ ਤੇ ਰਾਂਝੇ ਦਾ ਮਿਲਾਪ ਹੋ ਗਿਆ ਅਤੇ ਉਹ ਲੰਮੀ ਵਾਲੇ ਪਾਸੇ ਤੁਰ ਗਏ। ਦਮੋਦਰ ਅਨੁਸਾਰ ਉਹ ਮੁੜਕੇ ਕਦੇ ਪਰਤਕੇ ਨਹੀਂ ਆਏ।

6

# ਘਟਨਾਵਾਂ ਦਾ ਅੰਤਰ ਤੇ ਦੂਸਰੀਆਂ ਭਾਸ਼ਾਵਾਂ ਵਿਚ ਹੀਰ-ਕਾਵਿ ਦੀ ਰਚਨਾ

ਮੁੱਲਾ ਬਦਾਯੂਨੀ ਅਨੁਸਾਰ ਬਾਕੀ ਕੁਲਾਬੀ ਦੀ ਮੌਤ 1579 ਈ. ਵਿਚ ਮਾਸੂਮ ਖ਼ਾਂ ਕਾਬਲੀ ਦੀ ਬਗ਼ਾਵਤ ਸਮੇਂ ਹੋਈ। ਉਸ ਨੇ ਮਸਨਵੀ ਹੀਰ ਵਾ ਰਾਂਝਾ ਆਪਣੀ ਮੌਤ ਤੋਂ ਪਹਿਲੋਂ ਫ਼ਾਰਸੀ ਭਾਸ਼ਾ ਵਿਚ ਲਿਖੀ। ਇਹ ਕਿੱਸਾ ਅਕਬਰ ਦੇ ਦੌਰ ਵਿਚ ਰਚਿਆ ਗਿਆ। ਬਾਕੀ ਕੁਲਾਬੀ ਨੇ ਇਸ ਨੂੰ ਅੱਖੀਂ ਡਿੱਠਾ ਕਹਿਣ ਦੀ ਥਾਂ

ਦਰ ਹਿੰਦ ਜ਼ਹੀਰੋ ਰਾਂਝਾ ਗੋਗਾਸਤ।

ਕਿਹਾ ਹੈ। ਜੇ ਇਹ ਘਟਨਾ ਅਕਬਰ ਦੇ ਸਮੇਂ ਵਿਚ ਘਟੀ ਹੁੰਦੀ ਤਾਂ ਸ਼ਾਹ ਹੁਸੈਨ ਜਿਸ ਨੇ 16 ਵਰ੍ਹਿਆਂ ਦੀ ਉਮਰ ਵਿਚ ਕਾਫ਼ੀਆਂ ਕਹਿਣੀਆਂ ਆਰੰਭ ਕਰ ਦਿੱਤੀਆਂ ਸਨ (1539 ਜਨਮ + 16 = 1555 ਤਕ) ਬਾਦ ਅਕਬਰ ਦੇ ਰਾਜ-ਗੱਦੀ ਬਹਿਣ ਤੋਂ ਪਹਿਲਾਂ ਹੀ ਸੂਫ਼ੀਆਂ ਲਈ ਆਤਮਾ ਤੇ ਪ੍ਰਮਾਤਮਾ ਦਾ ਚਿੰਨ੍ਹ ਬਣ ਚੁੱਕਾ ਸੀ। ਇੱਕੋ ਸਮੇਂ ਵਾਪਰਣ ਵਾਲੀ ਘਟਨਾ ਨੂੰ ਇੱਕੋ ਸਮੇਂ ਲਿਖਣ ਵਾਲੇ ਕਲਾਕਾਰਾਂ ਦੀ ਕਥਾ ਵਿਚ ਇਨਾ ਅੰਤਰ ਨਹੀਂ ਹੋ ਸਕਦਾ।

| | |
|---|---|
| (1) ਬਾਕੀ ਕੁਲਾਬੀ ਇਸ ਨੂੰ ਸੁਣਿਆ ਸੁਣਾਇਆ ਆਖਦਾ ਹੈ। | (1) ਦਮੋਦਰ ਇਸ ਨੂੰ ਅੱਖੀਂ ਡਿੱਠਾ ਕਹਿੰਦਾ ਹੈ। |
| (2) ਧੀਦੋ ਦਾ ਪਿਉ ਮਰ ਗਿਆ ਸੀ। | (2) ਰਾਂਝੇ ਦਾ ਪਿਉ ਉਸ ਨੂੰ ਮੰਗ ਕੇ ਮਰਿਆ। |
| (3) ਕੁਲਾਬੀ ਧੀਦੋ ਦੇ ਭਰਾਵਾਂ ਦਾ ਜ਼ਿਕਰ ਤਕ ਨਹੀਂ ਕਰਦਾ। | (3) ਰਾਂਝੇ ਦੇ ਤਿੰਨ ਭਰਾ ਹਨ : ਤਾਹਿਰ, ਜ਼ਾਹਿਰ ਤੇ ਜੀਵਨ। |
| (4) ਕੁਲਾਬੀ ਧੀਦੋ ਦੇ ਪਿਉ ਦਾ ਨਾਂ ਨਹੀਂ ਦਸਦਾ। | (4) ਰਾਂਝੇ ਦੇ ਪਿਉ ਦਾ ਨਾਂ ਮੌਜਮ ਹੈ। |
| (5) ਰਾਂਝਾ ਹੀਰ ਦਾ ਜ਼ਿਕਰ ਸੁਣ ਕੇ ਘਰ ਛੱਡ ਜਾਂਦਾ ਹੈ। | (5) ਰਾਂਝਾ ਭਰਾਵਾਂ ਦਾ ਸਤਾਇਆ ਨਿਕਲ ਤੁਰਦਾ ਹੈ। |

| | |
|---|---|
| (6) ਕੁਲਾਬੀ ਕਿਸੇ ਮੱਲਾਹ ਮਸੀਤ ਵਿਚ ਠਹਿਰਨ ਝੀਰਾਂ ਦੀ ਕੁੜੀ ਦੇ ਆਸ਼ਕ ਹੋਣ ਦਾ ਜ਼ਿਕਰ ਨਹੀਂ ਕਰਦਾ। | (6) ਦਮੋਦਰ, ਝੀੜੂਗੀ ਦੇ ਆਸ਼ਕ ਹੋਣ ਦਾ ਜ਼ਿਕਰ ਕਰਦਾ ਹੈ। ਰਾਹ ਵਿਚ ਲੁੱਡਣ ਮਿਲਦਾ ਹੈ। |
| (7) ਧੀਦੋ ਸਿੱਧਾ ਹੀਰ ਦੇ ਬਾਪ ਚੂਚਕ ਕੋਲ ਚਲਾ ਜਾਂਦਾ ਹੈ। | (7) ਪਰ ਦਮੋਦਰ ਦੀ ਹੀਰ ਵਿਚ ਰਾਂਝਾ ਹੀਰ ਦੀ ਸੇਜ ਤੇ ਸੌਂ ਜਾਂਦਾ ਹੈ। ਜਿੱਥੇ ਉਨ੍ਹਾਂ ਦੀ ਮੁਲਾਕਾਤ ਹੁੰਦੀ ਹੈ ਤੇ ਹੀਰ ਉਸਨੂੰ ਘਰ ਲੈ ਜਾਂਦੀ ਹੈ। |
| (8) ਕੁਲਾਬੀ ਹੀਰ ਦੇ ਭਰਾਵਾਂ ਦੀ ਕੋਈ ਪੱਕੀ ਗਿਣਤੀ ਨਹੀਂ ਦਸਦਾ। | (8) ਪਰ ਦਮੋਦਰ ਹੀਰ ਦੇ ਚਾਰ ਭਰਾ ਦਰਸਾਉਂਦਾ ਹੈ। |
| (9) ਹੀਰ ਦਾ ਪਿਉ ਉਸ ਨੂੰ ਮੱਝਾਂ ਚਾਰਣ ਤੇ ਰਖ ਲੈਂਦਾ ਹੈ। | (9) ਹੀਰ ਦਾ ਪਿਉ ਉਸ ਨੂੰ ਮੱਝਾਂ ਚਾਰਣ ਤੇ ਰੱਖ ਲੈਂਦਾ ਹੈ। |
| (10) ਧੀਦੋ ਨੂੰ ਵੇਖਣ ਲਈ ਹੀਰ ਨੇ ਦਾਈ ਨੂੰ ਵਿਚੋਲੀ ਬਣਾਇਆ। | (10) ਦਮੋਦਰ ਦੀ ਹੀਰ ਵਿਚ ਹੀਰ ਦੀ ਸਿੱਧੀ ਗੱਲ ਰਾਂਝੇ ਨਾਲ ਹੋ ਜਾਂਦੀ ਹੈ। |
| (11) ਜਦੋਂ ਉਨ੍ਹਾਂ ਦੇ ਇਸ਼ਕ ਦੀ ਬਦਨਾਮੀ ਹੋਣ ਲੱਗੀ ਤਾਂ ਧੀਦੋ ਸ਼ਹਿਰ ਛੱਡ ਗਿਆ। | (11) ਰਾਂਝਾ ਆਖ਼ਰ ਤਕ ਨਾਲ ਰਿਹਾ। |
| (12) ਹੀਰ ਉਸ ਨੂੰ ਖ਼ਾਬ ਵਿਚ ਮਿਲ ਕੇ ਮੁੜ ਆਉਣ ਲਈ ਕਹਿੰਦੀ ਹੈ ਤੇ ਉਹ ਮੁੜ ਆਉਂਦਾ ਏ। | (12) ਅਜਿਹੀ ਕੋਈ ਘਟਨਾ ਨਹੀਂ ਘਟਦੀ, |
| (13) ਹੀਰ ਦਾ ਹੱਸਾਮ ਨਾਂ ਦੇ ਆਦਮੀ ਨਾਲ ਨਿਕਾਹ ਪੜ੍ਹਵਾ ਦਿੱਤਾ ਜਾਂਦਾ ਹੈ। | (13) ਦਮੋਦਰ ਦੀ ਹੀਰ ਵਿਚ ਹੀਰ ਦਾ ਨਿਕਾਹ ਖੇੜੇ ਨਾਲ ਕਰ ਦਿੱਤਾ ਜਾਂਦਾ ਹੈ। |

ਪਰ ਜਦੋਂ ਸਹੁਰੇ ਜਾ ਕੇ ਹੱਸਾਮ ਹੀਰ ਦੇ ਨੇੜੇ ਢੁੱਕਣ ਲਗਦਾ ਹੈ ਤਾਂ ਉਹ ਉਸ ਦੀ ਪਿਟਾਈ ਕਰਦੀ ਏ। ਇਸ ਤੋਂ ਪਿੱਛੋਂ ਹੀਰ ਪੇਕੇ ਆ ਜਾਂਦੀ ਹੈ। ਹੱਸਾਮ ਕੁਝ ਦੇਰ ਪਿੱਛੋਂ ਉਸ ਨੂੰ ਲੈਣ ਆਉਂਦਾ ਹੈ ਪਰ ਉਹ ਸਾਫ਼ ਸਾਫ਼ ਇਨਕਾਰ ਕਰ ਦਿੰਦੀ ਹੈ।

ਇਸ ਗੱਲ ਤੋਂ ਦੁੱਖੀ ਹੋ ਕੇ ਹੱਸਾਮ ਸ਼ਾਹ ਆਦਲ ਕੋਲ ਚਲਾ ਜਾਂਦਾ ਹੈ। ਕਾਜ਼ੀ ਤੇ ਮੁਫ਼ਤੀ ਨੇ ਹੀਰ ਹੱਸਾਮ ਦੇ ਹਵਾਲੇ ਕਰ ਦਿੱਤੀ। ਪਰ ਉਹ ਸਹੁਰੇ ਜਾਂਦੀ ਈ ਬੀਮਾਰ ਪੈ ਗਈ। ਰਾਂਝਾ ਜੋਗੀ ਬਣ ਕੇ ਉਸ ਸ਼ਹਿਰ ਵਿਚ ਪੁੱਜ ਗਿਆ। ਹੀਰ ਉਸ ਕੋਲ ਇਲਾਜ ਲਈ ਆਈ ਤਾਂ ਉਹਨੂੰ ਪਤਾ ਲੱਗਾ ਕਿ ਉਹ ਧੀਦੋ ਹੈ। ਹੀਰ ਨੇ

ਇਕ ਦਿਨ ਆਪਣੇ ਪਤੀ ਤੋਂ ਪੇਕੀਂ ਜਾਣ ਦੀ ਆਗਿਆ ਲਈ ਤੇ ਪੇਕੀਂ ਚਲੀ ਗਈ। ਪੇਕੀਂ ਜਾ ਕੇ ਹੀਰ ਨੇ ਫੇਰ ਮਾਂ ਦਾ ਤਰਲਾ ਲਿਆ ਕਿ ਮੈਂ ਰਾਂਝੇ ਦੇ ਨਾਲ ਹੀ ਵਸਣਾ ਚਾਹੁੰਦੀ ਹਾਂ। ਪਰ ਉਸ ਦੀ ਮਾਂ ਨਾ ਮੰਨੀ ਤਾਂ ਉਹ ਰਾਂਝੇ ਨਾਲ ਨਿਕਲ ਗਈ। ਥੋੜ੍ਹੇ ਦਿਨਾਂ ਪਿੱਛੋਂ ਹੀ ਰਾਂਝਾ ਅਚਾਨਕ ਮਰ ਗਿਆ। ਹੀਰ ਨੇ ਵੀ ਆਪਣੀ ਮੌਤ ਦੀ ਦੁਆ ਮੰਗੀ ਜਿਸ ਕਾਰਣ ਜ਼ਮੀਨ ਫਟ ਗਈ ਤੇ ਉਹ ਵਿਚ ਸਮਾ ਗਈ। ਕੁਲਾਬੀ ਨੇ ਕੈਦੋ, ਸਹਿਤੀ, ਲੁੱਡਣ ਆਦਿ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਮੱਧ ਵਾਲੀ ਘਟਨਾ ਵੀ ਉਸ ਦੀ ਮਸਨਵੀ ਵਿਚ ਨਹੀਂ। ਕੁਲਾਬੀ ਨੇ ਆਪਣੇ ਕਿੱਸੇ ਵਿਚ ਝੰਗ, ਹਜ਼ਾਰੇ ਤੇ ਰੰਗਪੁਰ ਕਿਸੇ ਦਾ ਵੀ ਜ਼ਿਕਰ ਨਹੀਂ ਕੀਤਾ। ਦੋਵੇਂ ਇਕੋ ਕਬਰ ਵਿਚ ਸਮਾ ਗਏ ਪਰ ਉਹ ਕਬਰ ਝੰਗ ਵਿਚ ਨਹੀਂ।

ਕੁਲਾਬੀ ਤੇ ਦਮੋਦਰ ਦੇ ਕਿੱਸਿਆਂ ਵਿਚ ਨਾਵਾਂ, ਥਾਵਾਂ ਤੇ ਘਟਨਾਵਾਂ ਦਾ ਕਾਫ਼ੀ ਅੰਤਰ ਹੈ।

ਦਮੋਦਰ ਤੋਂ ਪਿੱਛੋਂ ਦਸਮ ਗ੍ਰੰਥ ਵਿਚ ਵੀ ਹੀਰ ਦੀ ਕਹਾਣੀ ਪ੍ਰਾਪਤ ਹੈ। ਜੋ ਗੁਰੂ ਸਾਹਿਬ ਜਾਂ ਉਨ੍ਹਾਂ ਦੇ ਕਿਸੇ ਦਰਬਾਰੀ ਕਵੀ ਨੇ ਰਚੀ ਹੈ। ਇਸ ਕਹਾਣੀ ਨੂੰ ਇਕ ਮਿਥਿਹਾਸਿਕ ਕਥਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਰਾਜਾ ਇੰਦਰ ਦੀ ਚਹੇਤੀ ਅਪਛਰਾਂ ਮੇਨਕਾ ਨੂੰ ਇਕ ਰਿਸ਼ੀ ਨੇ ਸਰਾਪ ਦਿੱਤਾ ਸੀ ਕਿ ਤੂੰ ਮਾਤ-ਲੋਕ ਵਿਚ ਜਨਮ ਲੈ ਕੇ ਹੀਰ ਨਾਂ ਰਖਵਾ, ਰਾਜਾ ਇੰਦਰ ਰਾਂਝਾ ਬਣ ਕੇ ਆਵੇਗਾ ਤਾਂ ਤੇਰੀ ਮੁਕਤੀ ਹੋਵੇਗੀ।

ਦਸਮ ਗ੍ਰੰਥ ਤੋਂ ਪਹਿਲਾਂ ਇਕ ਹੋਰ ਕਿੱਸਾ ਫ਼ਾਰਸੀ ਵਿਚ 'ਕਿੱਸਾ-ਇ ਦਿਲਪਜ਼ੀਰ' ਦੇ ਨਾਂ ਨਾਲ ਮਿਲਦਾ ਹੈ। ਇਹ ਕਿੱਸਾ ਫ਼ਾਰਸੀ ਦੇ ਇਕ ਸ਼ਾਇਰ ਸਈਦ ਸਈਦੀ ਦਾ ਲਿਖਿਆ ਹੋਇਆ ਏ ਜੋ ਸ਼ਾਹ ਜਹਾਨ ਦੇ ਦੌਰ ਵਿਚ ਲਿਖਿਆ ਗਿਆ। ਪਰ ਕਮਾਲ ਇਹ ਹੈ ਕਿ ਇਹ ਕਵੀ ਵੀ ਦਾਅਵਾ ਕਰਦਾ ਹੈ ਕਿ ਉਸ ਨੇ ਇਹ ਕਿੱਸਾ ਕਿਸੇ ਕੋਲੋਂ ਸੁਣਿਆ ਨਹੀਂ ਬਲਕਿ ਤਬਾਜ਼ਾਦ, ਭਾਵ ਆਪ ਘੜਿਆ ਹੋਇਆ ਹੈ।

> ਅਜ਼ ਕਸ ਨਾ ਸ਼ੁਨੀ ਦਮ ਈਂ ਹਕਾਇਤ,
> ਦਰ ਤਬਾ ਕਸ਼ੀਦਮ ਈਂ ਰਵਾਇਤ।

ਸਈਦ ਸਈਦੀ ਦੀ ਕਥਾ ਕੁਝ ਇਸ ਪ੍ਰਕਾਰ ਹੈ। ਸ਼ਈਦੀ ਆਪਣੀ ਗੱਲ ਧੀਦੋ (ਰਾਂਝੇ) ਤੋਂ ਆਰੰਭ ਕਰਦਾ ਹੈ। ਰਾਂਝੇ ਦੇ ਬਾਪ ਦਾ ਨਾਂ ਮੌਜੂ ਹੈ। ਉਹ ਹਜ਼ਾਰੇ ਦਾ ਵਸਨੀਕ ਹੈ, ਮੌਜੂ ਦੇ ਤਿੰਨ ਪੁੱਤਰ ਹੋਰ ਹਨ। ਰਾਂਝਾ ਨੌਜਵਾਨ ਹੈ ਤੇ ਕੁੜੀਆਂ ਉਸ ਤੇ ਮਰਦੀਆਂ ਹਨ। ਬਦਨਾਮੀ ਤੋਂ ਡਰਦਿਆਂ ਭਰਾਵਾਂ ਨੇ ਉਸ ਨੂੰ ਘੂਰਿਆ। ਰਾਂਝਾ ਦੁੱਖੀ ਹੋ ਕੇ ਘਰੋਂ ਨਿਕਲ ਤੁਰਿਆ। ਰਾਹ ਵਿਚ ਉਸ ਦੀ ਮੁਲਾਕਾਤ ਖ਼੍ਵਾਜਾ ਨਾਲ ਹੋ ਗਈ। ਖਿਜ਼ਰ ਦੇ ਕਹੇ ਲੱਗ ਕੇ ਰਾਂਝਾ ਨੇ ਮੱਝ ਚੋ ਕੇ ਉਨ੍ਹਾਂ ਨੂੰ ਦੁੱਧ ਪਿਆਇਆ ਤਾਂ ਉਨ੍ਹਾਂ ਰਾਂਝੇ ਨੂੰ ਹੀਰ ਦੀ ਬਖਸ਼ਿਸ਼ ਕੀਤੀ। ਅੱਗੇ ਜਾ ਕੇ ਦਰਿਆ ਦੇ ਕਿਨਾਰੇ ਉਹ ਮੁਰਲੀ ਵਜਾਉਣ ਲੱਗ ਪਿਆ। ਦਰਿਆ ਦੇ ਪਾਰਲੇ ਪਾਸੇ ਲੁੱਡਣ ਮਲਾਹ ਤੇ ਉਸ ਦੀਆਂ ਦੋ ਸਵਾਣੀਆਂ ਸਨ। ਉਹ ਰਾਂਝੇ ਤੇ ਰੀਝ ਗਈਆਂ ਤੇ ਲੁੱਡਣ ਨਾਲ ਬੇੜੀ ਵਿਚ ਬੈਠ ਕੇ ਉਰਵਾਰ ਆ ਗਈਆਂ। ਲੁੱਡਣ ਦੇ ਮਨ ਵਿਚ ਇਕ ਖਤਰਾ ਪੈਦਾ ਹੋ ਗਿਆ ਕਿ ਇਹ ਮੇਰੀਆਂ ਸੁਆਣੀਆਂ ਲੈ ਕੇ ਹੀ ਨਾ ਖਿਸਕ

ਜਾਵੇ। ਪਰ ਉਸ ਨੂੰ ਬੇੜੀ ਵਿਚ ਬਿਠਾ ਕੇ ਦੂਸਰੇ ਬੰਨੇ ਲੈ ਗਿਆ। ਬੇੜੀ ਵਿਚ ਹੀ ਪਲੰਘ ਸੀ, ਰਾਂਝਾ ਲੁੱਡਣ ਦੇ ਨਾਂਹ ਨਾਂਹ ਕਰਦਿਆਂ ਵੀ ਬੇੜੀ ਵਿਚਲੀ ਸੇਜ਼ ਉਪਰ ਸੌਂ ਗਿਆ। ਹੀਰ ਨੇ ਆ ਕੇ ਉਸ ਦੀ ਠੁਕਾਈ ਕੀਤੀ। ਰਾਂਝੇ ਨੇ ਉਠ ਕੇ ਆਖਿਆ ਕਿ "ਐ ਸ਼ੇਖ਼ ਸਾਨੂੰ ਮੁਸਾਫ਼ਰਾਂ ਨੂੰ ਨਾ ਮਾਰ" (ਐ ਸ਼ੇਖ਼ ਨਜ਼ਦ ਮੁਸਾਫ਼ਰਾਂ ਰਾ)। ਹੀਰ ਉਸ ਨੂੰ ਵੇਖ ਕੇ ਉਸ ਉਪਰ ਆਸ਼ਕ ਹੋ ਗਈ। ਫੇਰ ਹੀਰ ਰਾਂਝੇ ਨੂੰ ਲੈ ਕੇ ਆਪਣੇ ਪਿਉ ਕੋਲ ਚਲੀ ਗਈ। ਫੇਰ ਉਨ੍ਹਾਂ ਦੇ ਪਿਆਰ ਦੀ ਗੱਲ ਤੁਰੀ ਤਾਂ ਕੈਦੋ ਚੂਚਕ ਕੋਲ ਸ਼ਿਕਾਇਤ ਕੀਤੀ। ਚੂਚਕ ਨੇ ਕਿਹਾ, "ਤੂੰ ਝੂਠ ਬੋਲਦਾ ਏਂ।" ਇਕ ਦਿਨ ਚੂਕਕ ਨੇ ਹੀਰ ਤੇ ਰਾਂਝੇ ਨੂੰ ਆਪ ਇਕੱਠਿਆਂ ਵੇਖ ਲਿਆ। ਹੀਰ ਰਾਂਝੇ ਨੂੰ ਉਕਸਾਇਆ ਕਿ ਆ ਕਿਧਰੇ ਨਿਕਲ ਚੱਲੀਏ। ਪਰ ਰਾਂਝਾ ਨਾ ਮੰਨਿਆ ਪਰ ਅੰਤ ਵਿਚ ਉਹ ਦੋਵੇਂ ਨਿਕਲ ਤੁਰਦੇ ਹਨ। ਹੀਰ ਦੇ ਭਰਾ ਉਸ ਦਾ ਪਿੱਛਾ ਕਰਦੇ ਹਨ। ਫੜੇ ਜਾਣ ਦੇ ਡਰੋਂ ਹੀਰ ਰਾਂਝੇ ਨੂੰ ਛੁਪਾ ਦਿੰਦੀ ਏ ਤੇ ਆਪ ਮੁੜ ਆਉਂਦੀ ਏ।

ਪਿੱਛੋਂ ਰਾਂਝੇ ਬਗ਼ੈਰ ਮੰਗੂ ਨਹੀਂ ਛਿੜਦਾ ਤੇ ਹੀਰ ਦੇ ਭਰਾ ਜਾ ਕੇ ਰਾਂਝੇ ਨੂੰ ਮੋੜ ਲਿਆਉਂਦੇ ਹਨ। ਹੀਰ ਉਸ ਨੂੰ ਫੇਰ ਮਿਲਣ ਲੱਗ ਪੈਂਦੀ ਹੈ। ਹੀਰ ਦੇ ਭਰਾ ਉਸ ਨੂੰ ਮਾਰਣ ਦਾ ਮੱਤਾ ਪਕਾਉਂਦੇ ਹਨ, ਜਦੋਂ ਤਲਵਾਰ ਮਾਰਦੇ ਹਨ ਤਾਂ ਖ਼ੁਆਜਾ ਖ਼ਿਜ਼ਰ ਤਲਵਾਰ ਫੜ ਲੈਂਦਾ ਹੈ।

ਫੇਰ ਚੂਚਕ ਹੀਰ ਦਾ ਵਿਆਹ ਖੇੜਿਆਂ ਵੱਲ ਹੀ ਧਰ ਦਿੰਦਾ ਏ। ਹੀਰ ਆਪਣੀ ਇਕ ਸਹੇਲੀ ਫੱਤੀ ਰਾਹੀਂ ਰਾਂਝੇ ਨੂੰ ਸੁਨੇਹਾ ਦੇ ਕੇ ਉਸ ਨਾਲ ਫੇਰ ਨਿਕਲ ਜਾਂਦੀ ਹੈ। ਪਰ ਫੇਰ ਪਹਿਲਾਂ ਵਾਂਗ ਹੀ ਮੁੜ ਆਉਂਦੀ ਹੈ। ਆਪਣੇ ਭਰਾਵਾਂ ਨੂੰ ਕਹਿੰਦੀ ਏ ਕਿ ਉਹ ਤਾਂ ਇਕੱਲੀ ਹੀ ਗਈ ਸੀ।

ਚੂਚਕ ਨੇ ਉਸ ਦਾ ਨਿਕਾਹ ਪੜ੍ਹਾ ਕੇ ਖੇੜਿਆਂ ਦੇ ਤੋਰ ਦਿੱਤਾ ਤੇ ਰਾਂਝਾ ਵੀ ਮੱਝਾਂ ਹਿਕ ਕੇ ਨਾਲ ਗਿਆ। ਖੇੜਿਆਂ ਉਸ ਨੂੰ ਚੰਗਾ ਦੇ ਦੁਆ ਕੇ ਤੋਰਿਆ ਭਾਵ ਵਾਪਸ ਕੀਤਾ। ਸਈਦੀ ਨੇ ਵੀ ਸਹਿਤੀ ਦੀ ਗੱਲ ਕੀਤੀ ਹੈ ਪਰ ਉਹ ਦਮੋਦਰ ਵਾਂਗ ਸਾਫ਼ ਤੌਰ ਤੇ ਉਸ ਨੂੰ ਹੀਰ ਦੀ ਨਨਾਣ ਨਹੀਂ ਕਹਿੰਦਾ। ਸਹਿਤੀ ਦੀ ਸਹਾਇਤਾ ਨਾਲ ਹੀ ਰਾਂਝਾ ਜੋਗੀ ਬਣ ਕੇ ਰੰਗਪੁਰ ਆਉਂਦਾ ਹੈ। ਸਈਦੀ ਕਾਸਾ ਭੱਜਣ ਤੇ ਸਹਿਤੀ ਤੇ ਰਾਂਝੇ ਦੇ ਝਗੜੇ ਦੀ ਗੱਲ ਵੀ ਕਰਦਾ ਹੈ। ਹੀਰ ਤੀਜੀ ਵਾਰੀ ਆਪਣੇ ਸਹੁਰੇ ਘਰੋਂ ਨਿਕਲ ਤੁਰਦੀ ਏ। ਖੇੜੇ ਪਿੱਛਾ ਕਰਦੇ ਨੇ ਤੇ ਉਨ੍ਹਾਂ ਨੂੰ ਜਾ ਨਪਦੇ ਹਨ। ਬਾਕੀ ਦਾ ਸਾਰਾ ਕਿੱਸਾ ਕੁਲਾਬੀ ਤੇ ਦਮੋਦਰ ਵਾਲਾ ਹੀ ਹੈ। ਪਰ ਸਈਦੀ ਦੇ ਕਿੱਸੇ ਵਿਚ ਹੀਰ ਤੇ ਰਾਂਝਾ ਕਾਜ਼ੀ ਦੇ ਸ਼ਹਿਰ ਇਕ ਸਾਲ ਰਹੇ। ਫੇਰ ਰਾਂਝਾ ਬੀਮਾਰ ਹੋ ਕੇ ਮਰ ਗਿਆ ਤੇ ਹੀਰ ਵੀ ਮਰ ਗਈ। ਦੋਹਾਂ ਨੂੰ ਨਾਲ ਨਾਲ ਦੱਬ ਦਿੱਤਾ ਗਿਆ :

ਆਂ ਹਰ ਦੋ ਮੁਜ਼ਾਰ ਮੁਤਸਲ ਸ਼ੁਦ।
ਆਂ ਸ਼ੁਕਰ ਕਿ ਹੀਰ ਗੁਲ ਬਿਗੁਲ ਸ਼ੁਦ।

ਸਈਦ ਸਈਦੀ ਤੋਂ ਪਿੱਛੋਂ ਔਰੰਗਜ਼ੇਬ ਦੇ ਸਮੇਂ ਵੀ ਇਹ ਕਿੱਸਾ ਨਾਇਕ ਜੌਨਪੁਰੀ ਨੇ ਲਿਖਿਆ ਤੇ ਉਸ ਨੇ ਇਸ ਕਿੱਸੇ ਦੇ ਪੰਜਾਬੀ ਸੋਮੇ ਨੂੰ ਵੀ ਮੰਨਿਆ। ਉਹ ਆਰੰਭ ਵਿਚ ਲਿਖਦਾ ਹੈ :

ਮਨ ਬੰਦਾ ਬਿ ਚਸ਼ਮੇਂ ਖੁਦ ਨਾ ਦੀਦਮ ।
ਈ ਨੁਕਤਾ ਜ਼ਖ਼ਾਕੀਆਂ ਸੁਨੀਦਮ ।

ਕਿਸੇ ਨੇ ਇਹ ਹਿੰਦਕੋ ਭਾਸ਼ਾ ਵਿਚ ਲਿਖਿਆ ਹੈ । ਸ਼ਾਇਦ ਉਸ ਦਾ ਸੰਕੇਤ ਦਮੋਦਰ ਵੱਲ ਹੋਵੇ । ਕਿਉਂਕਿ ਉਸ ਦੀਆਂ ਕਈ ਸਤਰਾਂ ਵੀ ਦਮੋਦਰ ਨਾਲ ਮਿਲਦੀਆਂ ਹਨ :

ਆਜ਼ਮ ਚੂੰ ਸ਼ੁਦੀ ਬਿ ਸੈਰੇ ਦਰਿਆ ।
ਸ਼ੁਦੇ ਖ਼ਿਜ਼ਮੀਂ ਕੁਜਾ ਕਫ ਪਾ ।

ਦਮੋਦਰ ਵੀ ਕਹਿੰਦਾ ਹੈ :

ਵੱਡੀ ਹੋਈ ਹੀਰ ਸਲੇਟੀ
ਜ਼ਮੀਂ ਪੈਰ ਨਾ ਲਾਏ ।

ਲਾਇਕ ਦੇ ਕਿੱਸੇ ਵਿਚ ਰਾਂਝਾ ਘਰੋਂ ਭਰਾਵਾਂ ਕੋਲੋਂ ਤੰਗ ਆ ਕੇ ਨਿਕਲ ਤੁਰਦਾ ਹੈ ਅਤੇ ਆਪਣੇ ਮੋਏ ਪਿਉ ਨੂੰ ਯਾਦ ਕਰਦਾ ਹੈ । ਰਾਤੀਂ ਸੁਪਨੇ ਵਿਚ ਉਹਨੂੰ ਇਕ ਮੁਟਿਆਰ ਨਜ਼ਰ ਆਈ, ਪੁੱਛਣ ਤੇ ਉਸ ਨੇ ਦੱਸਿਆ ਕਿ ਉਹ ਸਿਆਲਾਂ ਦੀ ਹੀਰ ਹੈ, ਜੇ ਤਾਂਘ ਹਈ ਤਾਂ ਓਥੇ ਆ ਜਾ । ਅੱਗੋਂ ਪਲੰਘ ਤੇ ਸੌਣ ਤਕ ਕਹਾਣੀ ਆਮ ਰਵਾਇਤ ਵਾਂਗ ਚਲਦੀ ਹੈ । ਨਾਇਕ ਜੌਨਪੁਰੀ ਵੀ ਸਈਦੀ ਵਾਂਗ ਦੱਸਦਾ ਹੈ ਕਿ ਉਹ ਆਪ ਰਾਂਝੇ ਨੂੰ ਪਿਉ ਕੋਲ ਲੈ ਗਈ । (ਪਰ ਦਮੋਦਰ ਕਹਿੰਦਾ ਹੈ)

ਬੋਹੜ, ਪਿੱਪਲ ਅਵਰ ਸਰੀਹਾਂ, ਓਥੇ ਸਭ ਬਬਾਣੀ ।
ਹਉਲੀ ਟਰੇਂ ਤੇ ਮਿੱਠਾ ਬੋਲੇਂ, ਪਹਿਲੋਂ ਮੰਗੇ ਪਾਣੀ ।
ਮੂੰਹ ਤੇ ਢਾਲ ਦੇਵੇਂ ਲੜ ਲੁੰਡੀ, ਗੱਲ ਨਾ ਬਹੁਤ ਬਖਾਣੀ ।
ਏਹ ਨਸੀਹਤ ਕਰ ਉੱਠੀ ਸਲੇਟੀ, ਅੱਗੇ ਆਪ ਸਿਧਾਣੀ ।

ਲਾਇਕ ਦੇ ਕਿੱਸੇ ਵਿਚ ਬਾਕੀ ਸਾਰਾ ਕੁਝ ਆਮ ਕਿੱਸਿਆਂ (ਹੀਰ-ਕਾਵਿ) ਵਰਗਾ ਹੀ ਹੈ । ਹੀਰ ਦੀ ਨਨਾਣ ਦਾ ਨਾਂ ਲਾਇਕ ਨੇ ਮਸ਼ਹਦੀ ਲਿਖਿਆ ਹੈ । ਲਾਇਕ ਨੇ ਪਹਿਲੀ ਵਾਰੀ ਮਸ਼ਹਦੀ (ਸਹਿਤੀ) ਨੂੰ ਹੀਰ ਦੀ ਨਨਾਣ ਲਿਖਿਆ ਹੈ ।

ਬਾਕੀ ਸਾਰਾ ਕਿੱਸਾ ਲਗਭਗ ਹੀਰ ਦੇ ਦੂਸਰੇ ਕਿੱਸਿਆਂ ਨਾਲ ਹੀ ਮਿਲਦਾ ਜੁਲਦਾ ਹੈ ।

ਪਰ ਅੰਤ ਵਿਚ ਅਦਲੀ ਰਾਜੇ ਕੋਲੋਂ ਹੀਰ ਪ੍ਰਾਪਤ ਕਰਕੇ ਰਾਂਝਾ ਨੂੰ ਤਖਤ ਹਜ਼ਾਰਾ ਵੇਖਣ ਦੀ ਰੀਝ ਜਾਗੀ ਪਰ ਰਾਹ ਵਿਚ ਈ ਬੀਮਾਰ ਹੋ ਕੇ ਮਰ ਗਿਆ । ਹੀਰ ਨੇ ਵੀ ਜਾਨ ਦੇ ਦਿੱਤੀ ਤੇ ਦੋਹਾਂ ਨੂੰ ਇਕੋ ਕਬਰ ਵਿਚ ਦਬਿਆ ਗਿਆ ।

ਆਲਮਗੀਰ ਦੌਰ ਦਾ ਇਕ ਹੋਰ ਕਤ੍ਰੀ ਮੀਤਾ ਬਿਨ ਹਕੀਮ ਚੁਨਾਬੀ ਦਾ ਲਿਖਿਆ ਹੋਇਆ ਕਿੱਸਾ ਵੀ ਫਾਰਸੀ ਵਿਚ ਮਿਲਦਾ ਹੈ । ਚੁਨਾਬੀ ਦੱਸਦਾ ਹੈ ਕਿ ਮੇਰਾ ਵਤਨ ਕਲਾਸ ਏ ਤੇ ਰਾਂਝੇ ਨੂੰ ਉਸ ਦੇ ਪਿੰਡ ਵਾਲੇ ਨਾਮ (ਕਲਾਸ) ਨਾਲ ਜਾਣੇ ਜਾਂਦੇ ਪਿੰਡ ਵਿਚ ਦਫ਼ਨ ਕੀਤਾ ਗਿਆ ਸੀ ਜਦੋਂ ਉਹ ਹਜ਼ਾਰੇ ਦੇ ਰਾਹ ਵਿਚ ਫ਼ੌਤ ਹੋ ਗਿਆ ਸੀ ।

ਦਰ ਦੇਹ ਕਲਾਸ ਨਾਮ ਆਂਜਾ
ਕਰ ਦੰਦ ਮਜ਼ਾਰ ਆਂ ਦਿਲਰਾ ।

ਬਾਲਾਏ ਚਨਾਬ ਦਾਰਮ ਆਰਾਮ
ਬਾ ਸ਼ਹਿਰੇ ਮਨ ਆਂ ਦੇਹ ਅਸਤ ਹਮ ਨਾਮ।

ਮੀਤਾ ਬਿਨ ਚੁਨਾਬੀ ਨੇ ਇਹ ਕ਼ਿੱਸਾ 1698 ਈ. ਵਿਚ ਲਿਖਿਆ। ਚੁਨਾਬੀ ਕਿੱਸੇ ਵਿਚ ਕਹਿੰਦਾ ਹੈ ਕਿ ਮੈਂ ਇਕ ਵਾਰੀ ਸਫ਼ਰ ਤੇ ਜਾ ਰਿਹਾ ਸੀ ਤਾਂ ਇਕ ਥਾਂ ਬੜੀ ਹਰਿਆ-ਵਲੀ ਤੇ ਖੁਸ਼ਹਾਲੀ ਵੇਖੀ। ਲੋਕਾਂ ਤੋਂ ਪੁਛਿਆ ਤਾਂ ਉਨ੍ਹਾਂ ਦੱਸਿਆ ਕਿ ਚੂਚਕ ਨਾਂ ਦਾ ਇਕ ਵਿਅਕਤੀ ਹੁੰਦਾ ਸੀ। ਇਹ ਉਸ ਦਾ ਪਿੰਡ ਚੂਚਕਾਣਾ ਏ, ਹੁਣ ਖੰਡਰਾਤ ਬਣ ਗਿਆ ਹੈ ਪਰ ਕਦੇ ਵੇਖਣ ਵਾਲੀ ਥਾਂ ਸੀ। ਮੈਂ ਸਾਰੀ ਕਹਾਣੀ ਸੁਣ ਕੇ ਅਤੇ ਹੀਰ ਤੇ ਮਾਹੀ ਵਾਲੀ ਜੂਹ ਤੋਂ ਪ੍ਰਭਾਵਤ ਹੋ ਕੇ ਕਿੱਸੇ ਦੀ ਰਚਨਾ ਕੀਤੀ। ਪਰ ਕਮਾਲ ਇਹ ਹੈ ਕਿ ਫ਼ਾਰਸੀ ਤੇ ਪੰਜਾਬੀ ਵਿਚ ਇਹ ਕਿੱਸਾ ਕਈ ਵਾਰ ਲਿਖੇ ਜਾਣ ਦੇ ਬਾਵਜੂਦ ਮੀਤਾ ਚੁਨਾਬੀ ਦਾ ਦਾਅਵਾ ਹੈ ਕਿ ਉਸ ਨੇ ਇਹ ਕਿੱਸਾ ਪਹਿਲੀ ਵਾਰੀ ਲਿਖਿਆ ਹੈ।

ਕਸ ਬੂਦਾ ਨਾ ਪੇਸ਼ ਅਜ਼ੀਂ ਬਿ ਪੰਜਾਬ

ਇਸ ਕਿੱਸੇ ਵਿਚ ਚੁਨਾਬੀ ਦੱਸਦਾ ਹੈ ਕਿ ਜਦੋਂ ਚੂਚਕ ਦੇ ਘਰ ਹੀਰ ਜੁਆਨ ਹੋਈ ਤਾਂ ਲੋਕੀਂ ਰਿਸ਼ਤਾ ਮੰਗਣ ਲਈ ਆਉਣ ਲੱਗ ਪਏ, ਚੂਚਕ ਹੰਕਾਰ ਕਾਰਨ ਕਿਸੇ ਦੀ ਗੱਲ ਕੰਨ ਨਹੀਂ ਧਰਦਾ ਸੀ। ਪਰ ਫੇਰ ਆਪ ਹੀ ਖੇੜਿਆਂ ਵਲ ਸੰਦੇਸ਼ ਭੇਜ ਕੇ ਹੀਰ ਦੀ ਕੁੜ-ਮਾਈ ਓਥੇ ਕਰ ਦਿੱਤੀ।

ਇਹ ਗੱਲ ਦਮੋਦਰ ਨੇ ਵੀ ਕਿੱਸੇ ਦੇ ਆਰੰਭ ਵਿਚ ਕੀਤੀ ਹੈ।

"ਦੋ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਢੁਕ ਰਹੀਆਂ ਕੁੜਮਾਈਆਂ।"
"ਭਾਈ ਤੁਸਾਂ ਖ਼ਬਰ ਨਾ ਕਾਈ, ਖ਼ਤ ਖੇੜਿਆਂ ਦਾ ਆਇਆ।"

ਕੁੜਮਾਈ ਤੋਂ ਪਿੱਛੋਂ ਚੁਨਾਬੀ ਦੱਸਦਾ ਹੈ ਕਿ ਤਖ਼ਤ ਹਜ਼ਾਰੇ ਵਿਚ ਮਾਹੀ (ਰਾਂਝੇ) ਦੇ ਭਰਾ ਉਸ ਦੀਆਂ ਕਰਤੂਤਾਂ ਤੋਂ ਬਹੁਤ ਦੁੱਖੀ ਸਨ। ਰੋਕਾਂ ਟੋਕਾਂ ਤੇ ਬਖੇੜੇ ਤੋਂ ਤੰਗ ਆ ਕੇ ਉਹ ਘਰੋਂ ਨਿਕਲ ਤੁਰਿਆ ਤੇ ਫ਼ਕੀਰਾਂ ਵਾਲਾ ਪਹਿਰਾਵਾ ਪਾ ਲਿਆ। ਮੁਲਤਾਨ ਤੋਂ ਘੁੰਮਦਾ ਘੁੰਮਾਂਦਾ ਉਹ ਦਰਿਆ ਕੰਢੇ ਵਸਦੇ ਇਕ ਪਿੰਡ ਵਿਚ ਆ ਗਿਆ, ਓਥੇ ਕੁੜੀਆਂ ਪਾਣੀ ਭਰ ਰਹੀਆਂ ਸਨ। ਕੁੜੀਆਂ ਨੇ ਉਸ ਵੱਲ ਵੇਖ ਕੇ ਕਿਹਾ, "ਤੂੰ ਚੂਚਕਾਣੇ ਚਲਾ ਜਾ ਓਹੀ ਤੈਨੂੰ ਰਾਸ ਆਵੇਗਾ।" ਇਹ ਗੱਲ ਚੁਨਾਬੀ ਤੋਂ ਬਿਨਾਂ ਹੋਰ ਕਿਸੇ ਨਹੀਂ ਆਖੀ।

ਚੂਚਕਾਣੇ ਵਿਖੇ ਗਿਆ ਤੇ ਮਾਹੀ (ਰਾਂਝੇ) ਨੂੰ ਪਤਾ ਲੱਗਾ ਕਿ ਹੀਰ ਸੈਰ ਨੂੰ ਆਈ ਹੋਈ ਏ ਤੇ ਉਸ ਦੇ ਨਾਲ ਸਖੀਆਂ ਸਹੇਲੀਆਂ ਵੀ ਨੇ। ਕਿਸੇ ਮਰਦ ਦਾ ਗੁਜ਼ਰ ਓਧਰ ਨਹੀਂ ਹੋ ਸਕਦਾ। ਮਾਹੀ (ਰਾਂਝੇ) ਨੇ ਮਲਾਹ ਦੀ ਮਿੰਨਤ ਕਰਕੇ ਵੇਖਣ ਦੀ ਆਗਿਆ ਲੈ ਲਈ। ਮਾਹੀ ਇਕ ਪਾਸੇ ਜਾ ਕੇ ਲੰਮਾ ਪੈ ਗਿਆ। ਜਦੋਂ ਹੀਰ ਸੈਰ ਕਰਕੇ ਮੁੜੀ ਤਾਂ ਉਹਨੂੰ ਵੇਖ ਕੇ ਆਖਣ ਲੱਗੀ ਕਿ ਇਹ ਕੌਣ ਏਂ ? ਹੀਰ ਪਹਿਲੀ ਨਜ਼ਰੇ ਹੀ ਉਸ ਉੱਤੇ ਆਸ਼ਕ ਹੋ ਗਈ। ਹੀਰ ਨੇ ਉਸ ਨੂੰ ਨਾਲ ਚੱਲਣ ਲਈ ਕਿਹਾ। ਪਰ ਰਾਂਝੇ ਨੇ ਕਿਹਾ ਕਿ, "ਮੈਂ ਦੋ ਦਿਨ ਠਹਿਰ ਕੇ ਆਵਾਂਗਾ"। ਫੇਰ ਉਹ ਚੂਚਕਾਣੇ ਆ ਗਿਆ। ਸ਼ਹਿਰ ਵਿਚ ਫਿਰ ਕੇ ਹੀਰ ਦਾ ਮਹਿਲ ਵੇਖਿਆ ਤੇ ਮਹੱਲ ਦੇ ਨੇੜੇ ਹੀ ਡੇਰਾ ਲਾ ਲਿਆ। ਸ਼ਹਿਰ ਵਿਚ ਵੰਝਲੀ ਵਜਾਈ

ਤਾਂ ਹੀਰ ਆਵਾਜ਼ ਸੁਣ ਕੇ ਆ ਕੇ ਉਸ ਨੂੰ ਮਹਿਮਾਨ ਖ਼ਾਨੇ ਵਿਚ ਲੈ ਗਈ ਤੇ ਖਾਣ ਪੀਣ ਦਾ ਬੰਦੋਬਸਤ ਕੀਤਾ। ਦੂਸਰੇ ਦਿਨ ਬਾਪ ਨਾਲ ਗੱਲ ਕਰਕੇ ਉਸ ਨੂੰ ਛੇੜੂ ਰੱਖ ਲਿਆ। ਫੇਰ ਸਾਰੀ ਕਥਾ ਉਸੇ ਤਰ੍ਹਾਂ ਚਲਦੀ ਏ ਜਿਵੇਂ ਪਹਿਲਿਆਂ ਕਿੱਸਿਆਂ ਵਿਚ ਹੈ। ਚੁਨਾਬੀ ਨੇ ਵੀ ਕੈਦੋਂ ਦਾ ਜ਼ਿਕਰ ਕੀਤਾ ਹੈ। ਪਰ ਖੇੜੇ ਦਾ ਨਾਂ ਅਜੀ ਦਰਸਾਇਆ ਹੈ। ਖੇੜੀਂ ਜਾ ਕੇ ਹੀਰ ਦੀ ਅਜੀ ਨਾਲ ਨਾ ਬਣੀ। ਉਸ ਨੇ ਕੋਈ ਦਿਲ ਦਾ ਮਹਿਰਮ ਭੇਜ ਕੇ ਹਜ਼ਾਰੇ ਤੋਂ ਜੋਗੀ ਨੂੰ ਮੰਗਵਾ ਲਿਆ। ਚੁਨਾਬੀ ਪਹਿਲਾ ਕਵੀ ਹੈ ਜੋ ਮਾਹੀ (ਰਾਂਝੇ) ਨੂੰ ਸਿਧ ਗੁਦਾਈ (ਦਮੋਦਰ ਬਾਲ ਗੁੰਦਾਈ) (ਅਹਿਮਦ ਗੁਜਰ ਸਿਹ ਗੁਧਾਈ) ਜੋਗੀਆਂ ਦੇ ਟਿੱਲੇ ਤੇ ਭੇਜਦਾ ਹੈ। ਚੁਨਾਬੀ ਸੱਪ ਲੜਾਣ ਦਾ ਜ਼ਿਕਰ ਵੀ ਕਰਦਾ ਹੈ। ਅੰਤ ਵਿਚ ਰਾਜਾ ਅਦਲੀ ਦੀ ਕਚਹਿਰੀ ਵਿਚੋਂ ਹੀਰ ਮਾਹੀ (ਰਾਂਝੇ) ਨੂੰ ਮਿਲ ਗਈ। ਹਾਕਮ ਨੇ ਖੇੜਿਆਂ ਨਾਲ ਉਨਾਂ ਦੀ ਸੁਲਾਹ ਕਰਵਾ ਦਿੱਤੀ ਅਤੇ ਖੇੜਿਆ ਨੇ ਮਾਹੀ ਨੂੰ ਵਲੀ ਮੰਨ ਲਿਆ ਅਤੇ ਦਿਲ ਵਿੱਚੋਂ ਸਾਰੀ ਅਦਾਵਤ ਕੱਢ ਕੇ ਦੋਹਾਂ ਨੂੰ ਖੇੜੀਂ ਲੈ ਆਏ। ਕੁਝ ਦਿਨਾਂ ਪਿੱਛੋਂ ਹੀਰ ਨੇ ਪੇਕੀਂ ਜਾਣ ਦੀ ਇੱਛਾ ਪਰਗਟ ਕੀਤੀ ਤਾਂ ਖੇੜਿਆ ਨੇ ਕਾਫ਼ੀ ਦੇ ਦਆ ਕੇ ਉਸ ਨੂੰ ਰੁਖ਼ਸਤ ਕੀਤਾ। ਉਹ ਆਪਣੇ ਮਾਂ ਪਿਉ ਨੂੰ ਆ ਕੇ ਮਿਲੀ, ਰਾਂਝਾ ਹੀਰ ਤੋਂ ਵਿਦਾ ਹੋ ਕੇ ਹਜ਼ਾਰੇ ਜਾ ਕੇ ਬੀਮਾਰ ਹੋ ਕੇ ਮਰ ਗਿਆ। ਤੇ ਉਸ ਨੂੰ ਪਿੰਡ ਕਲਾਸ ਵਿਚ ਦੱਬ ਦਿੱਤਾ ਗਿਆ। ਜਦੋਂ ਹੀਰ ਨੂੰ ਉਸ ਦੀ ਮੌਤ ਦਾ ਪਤਾ ਲੱਗਾ ਤਾਂ ਉਸ ਦੀ ਵੀ ਮੌਤ ਹੋ ਗਈ ਤੇ ਉਸ ਨੂੰ ਚੂਚਕਾਣੇ ਦੱਬ ਦਿੱਤਾ ਗਿਆ। ਕਾਫ਼ੀ ਦੇਰ ਪਿੱਛੋਂ ਹੀਰ ਨੇ ਓਥੋਂ ਦੇ ਹਾਕਮ ਨੂੰ ਖ਼ਾਬ ਵਿਚ ਆਕੇ ਕਿਹਾ ਕਿ ਮੈਨੂੰ ਝੰਗ ਦੇ ਦੱਖਣ ਵੱਲ ਦਫ਼ਨ ਕੀਤਾ ਜਾਵੇ। ਅਤੇ ਮੇਰੇ ਮਜ਼ਾਰ ਉੱਤੇ ਰੋਜ਼ਾ ਬਣਾ ਕੇ ਗੁੰਬਦ ਨੰਗਿਆਂ ਰਖਿਆ ਜਾਵੇ ਤਾਂ ਕਿ ਮੈਂ ਸੈਰ ਕਰ ਸਕਾਂ।

ਅਸੀਂ ਹੁਣ ਤਕ ਫ਼ਾਰਸੀ ਦੇ ਉਨ੍ਹਾਂ ਕਵੀਆਂ ਦੇ ਕਿੱਸਿਆਂ ਦਾ ਸਾਰਾਂਸ਼ ਪੇਸ਼ ਕੀਤਾ ਹੈ ਜੋ ਕਾਫ਼ੀ ਪ੍ਰਸਿੱਧ ਹਨ। ਪਰ ਹਰ ਇਕ ਦੀ ਕਥਾ ਵਿਚ ਇਕ ਦੂਜੇ ਨਾਲੋਂ ਕਾਫ਼ੀ ਅੰਤਰ ਹੈ।

1529 ਬਿਕਰਮੀ ਮੁਤਾਬਿਕ 1472 ਈ (ਦਮੋਦਰ) ਤੋਂ ਲੈ ਕੇ 1110 ਹਿਜਰੀ ਮੁਤਾਬਿਕ (1698 ਈ.) ਤਕ ਇਸ ਕਥਾ ਵਿਚ ਇਕ ਦੂਜੇ ਨਾਲੋਂ ਨਾਵਾਂ, ਥਾਵਾਂ ਤੇ ਘਟ-ਨਾਵਾਂ ਦਾ ਬਹੁਤ ਅੰਤਰ ਹੈ। ਵਾਸਤਵ ਵਿਚ ਸਮਾਂ (1615 ਈ. ਤੋਂ 1698 ਈ) 90 ਵਰ੍ਹੇ ਤੋਂ ਵੱਧ ਨਹੀਂ ਬਣਦਾ। ਕਿਉਂ ਕਿ ਅਸੀਂ ਇਹ ਗੱਲ ਸਾਬਤ ਕਰ ਚੁੱਕੇ ਹਾਂ ਕਿ ਦਮੋਦਰ ਨੇ ਇਹ ਕਿੱਸਾ 1605 ਈ. ਤੋਂ ਪਿੱਛੋਂ ਲਿਖਿਆ ਅਤੇ ਫ਼ਾਰਸੀ ਵਿਚ ਬਾਕੀ ਕੁਲਾਬੀ ਨੇ ਇਹ ਕਿੱਸਾ 1570 ਤੋਂ 1579 ਈ. ਦੇ ਵਿਚਕਾਰ ਲਿਖ ਲਿਆ ਸੀ।

1698 ਈ. ਤੋਂ ਪਹਿਲਾਂ ਅਹਿਮਦ ਕਵੀ ਨੇ ਹੀਰ ਰਾਂਝੇ ਦਾ ਕਿੱਸਾ ਪੰਜਾਬੀ ਵਿਚ ਰਚਿਆ। ਉਸ ਦੇ ਆਪਣੇ ਕਥਨ ਅਨੁਸਾਰ :

ਸੰਨ ਚਾਰ ਤੇ ਤੀਹ ਔਰੰਗਸ਼ਾਹੀ, ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।

ਔਰੰਗਜ਼ੇਬ 1685 ਈ. ਵਿਚ ਤਖ਼ਤ ਤੇ ਬੈਠਾ ਤੇ ਇਸ ਲਿਹਾਜ਼ ਨਾਲ ਇਹ ਕਿੱਸਾ ਅਹਿਮਦ ਕਵੀ ਨੇ 1692/93 ਵਿਚ ਲਿਖਿਆ।

ਅਠਾਰ੍ਹਵੀਂ ਸਦੀ ਵਿਚ ਸਭ ਤੋਂ ਪ੍ਰਸਿੱਧ ਹੀਰ ਸ਼ਾਹ ਸੱਯਦ ਅਕਬਰ ਅਲੀ ਆਫ਼ਰੀਨ ਲਾਹੌਰੀ ਨੇ ਲਿਖੀ ਹੈ । 'ਖ਼ਜ਼ਾਨਾਇ ਆਮਰਾ' ਦਾ ਲੇਖਕ ਆਜ਼ਾਦ ਬਿਲਗਰਾਮੀ ਜਦੋਂ ਸਿੰਧ ਵੱਲ ਜਾ ਰਿਹਾ ਸੀ ਤਾਂ ਇਹ ਮਸਨਵੀ ਉਸ ਸਮੇਂ ਆਫ਼ਰੀਨ ਲਿਖ ਰਿਹਾ ਸੀ । ਇਹ 1143 ਹਿਜਰੀ ਮੁਤਾਬਿਕ 1730 ਈ. ਦੀ ਘਟਨਾ ਹੈ ਜਦੋਂ ਆਜ਼ਾਦ ਬਿਲਗਰਾਮੀ 1147 ਹਿ. ਵਿਚ ਪਰਤਿਆ ਤਾਂ ਮਸਨਵੀ, 'ਹੀਰ ਰਾਂਝਾ ਮੱਸਮੀ' 'ਬਿਨਾਜ਼ੇ ਨਿਆਜ਼' ਮੁਕੰਮਲ ਹੋ ਚੁੱਕੀ ਸੀ। ਹਮੀਦ-ਉੱਲਾ ਹਾਸ਼ਮੀ ਅਨੁਸਾਰ, "ਫ਼ਾਰਸੀ ਹੀਰਾਂ ਵਿਚੋਂ ਮਸ਼ਹੂਰੀ ਦੇ ਲਿਹਾਜ਼ ਨਾਲ ਦੂਜੇ ਦਰਜੇ ਤੇ ਮੁਨਸ਼ੀ ਮਨਸਾ ਰਾਮ ਖ਼ੁਸ਼ਾਬੀ ਦੀ ਹੀਰ ਏ । ਜੋ 1157 ਹਿਜਰੀ ਮੁਤਾਬਿਕ 1744 ਈ. ਵਿਚ ਮੁੱਕੀ । ਏਸ ਵਿਚ ਨਜ਼ਮ ਤੇ ਨਸਰ ਦੋਵੇਂ ਨੇ । ਪਰ ਏਸ ਦੇ ਦੀਬਾਚੇ ਵਿਚ ਲਿਖਿਆ ਗਿਆ ਏ ਕਿ ਅਸਲ ਕਿੱਸਾ ਦਮੋਦਰ ਤੋਂ ਲਿਆ ਗਿਆ ਏ । ਏਸ ਦੇ 79 ਵਰਕੇ ਹਨ । ਸਾਈਜ਼ $11\frac{1}{2}\times6\frac{3}{4}$ ਫ਼ੀ ਸਫ਼ਾ ਪੰਦਰਾਂ ਸਤਰਾਂ, ਸਤਰ ਦੀ ਲੰਬਾਈ $4\frac{3}{8}$, ਖ਼ਤੋ ਨਸਤਾਲੀਕ ਹੈ । ਏਸ ਵਿਚ ਚੌਦਾਂ ਤਸਵੀਰਾਂ ਅਠਾਰ੍ਹਵੀਂ ਸਦੀ ਦੇ ਹਿੰਦੋਸਤਾਨੀ ਨਮੂਨੇ ਦੀਆਂ ਹਨ ।"[9]

"ਇਸ ਤੋਂ ਪਿੱਛੋਂ ਨਵਾਬ ਅਹਿਮਦ ਯਾਰ ਖ਼ਾਂ ਯਕਤਾ ਨੇ 1741 ਈ. ਦੇ ਨੇੜ ਤੇੜ ਫ਼ਾਰਸੀ ਮਸਨਵੀ ਲਿਖੀ ਜਿਸ ਦਾ ਨਾਂ 'ਮਸਨਵੀ-ਇ-ਯਕਤਾ' ਰਖਿਆ । ਯਕਤਾ ਦੀ ਮ੍ਰਿਤੂ 1760 ਈ. ਵਿਚ ਖ਼ੁਸ਼ਾਬ (ਜ਼ਿਲ੍ਹਾ ਸਰਗੋਧਾ) ਵਿਚ ਹੋਈ । ਆਫ਼ਰੀਨ 'ਲਾਹੌਰੀ' ਤੇ 'ਯਕਤਾ' ਵਾਰਸ ਸ਼ਾਹ ਦੇ ਸਮਕਾਲੀ ਸਨ । ਮੀਰ ਕਮਰੁੱਦੀਨ (ਮੌ-1790 ਈ.) ਨੇ ਇਹ ਕਿੱਸਾ ਲਿਖ ਕੇ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਦੇ ਸਾਹਮਣੇ ਪੇਸ਼ ਕੀਤਾ ਤੇ ਗਵਰਨਰ ਨੇ ਉਸ ਨੂੰ ਮਲਕੁਲ ਸ਼ੁਅਰਾ ਦਾ ਖ਼ਿਤਾਬ ਦਿੱਤਾ ।"[10]

ਇਸ ਤੋਂ ਬਿਨਾਂ ਮੁਨਸ਼ੀ ਸੁੰਦਰ ਦਾਸ ਆਰਾਮ (1793-95 ਈ.), ਗੁਲਾਮ ਸਰਵਰ ਇਬਰਤੀ ਅਜ਼ੀਮ ਆਬਾਦੀ (ਸਰਾਜੁਲ ਮੁਹੱਬਤ) ਨੇ 1836 ਈ. ਵਿਚ ਇਹ ਕਿੱਸਾ ਲਿਖਿਆ ।

ਰਾਏ ਬਹਾਦੁਰ ਕਨ੍ਹੀਆ ਲਾਲ ਹਿੰਦੀ ਨੇ ਇਸ ਕਿੱਸੇ ਨੂੰ ਫ਼ਾਰਸੀ ਕਵਿਤਾ ਵਿਚ 1884 ਈ. ਨੂੰ ਲਿਖਿਆ ਤੇ ਇਸ ਦਾ ਨਾਂ 'ਨਗਾਰੀਨ ਨਾਮਾ' ਰਖਿਆ । ਸਿੰਧ ਅਦਬੀ ਅਕਾਦਮੀ ਨੇ ਇਕ ਪੁਸਤਕ 'ਮਜਮੂਆ-ਇ-ਮਸਨਵੀਯਾਤ ਹੀਰ ਰਾਂਝਾ' ਪ੍ਰਕਾਸ਼ਿਤ ਕੀਤੀ ਹੈ ਜਿਸ ਵਿਚ ਅਜ਼ੀਮ ਠੱਠਵੀ, ਜ਼ਿਆ ਠੱਠਵੀ, ਆਜ਼ਾਦ, ਵਲੀ ਮੁਹੰਮਦ ਖ਼ਾਂ ਲਗ਼ਾਰੀ ਤੇ ਕਾਦਰ ਬਖ਼ਸ਼ ਦੇ ਫ਼ਾਰਸੀ ਵਿਚ ਲਿਖੇ ਕਿੱਸਿਆਂ ਦਾ ਜ਼ਿਕਰ ਕੀਤਾ ਗਿਆ ਹੈ ।

### ਅਰਬੀ ਭਾਸ਼ਾ ਵਿਚ ਹੀਰ

ਡਾ. ਮੋਹਨ ਸਿੰਘ ਦੀਵਾਨਾ ਨੇ ਇਕ ਅਰਬੀ ਕਿੱਸੇ ਦੀ ਸਭ ਤੋਂ ਪਹਿਲਾਂ ਗੱਲ ਕੀਤੀ ਸੀ । ਉਹ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਇਸ ਕਿੱਸੇ ਦੀ ਹਥ-ਲਿਖਤ ਵੱਲ ਮਿਸ ਡੀ-ਮੀਲੂ (Miss Dimilo) ਨੇ ਸੰਕੇਤ ਕੀਤਾ ਹੈ । ਜਿਸ ਨੇ ਇਸ ਦਾ ਅਨੁਵਾਦ ਅੰਗ੍ਰੇਜ਼ੀ

[9]ਹਮੀਦ-ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ, ਮਜਮਲੇ ਪੰਜਾਬੀ ਅਦਬ, ਫ਼ੈਸਲਾਬਾਦ, ਪੰਨਾ 200.
[10]ਉਹੀ, ਪੰਨਾ 200.

ਵਿਚ ਕੀਤਾ ਸੀ। ਪਰ ਇਹ ਕਿਤਾਬ ਹੁਣ ਕਿਤੇ ਵੀ ਦਸਤਯਾਬ ਨਹੀਂ। ਕਹਿੰਦੇ ਹਨ ਕਿ ਇਸ ਅਰਬੀ ਪੁਸਤਕ ਅਨੁਸਾਰ ਹੀਰ ਤੇ ਰਾਂਝਾ ਨੂੰ ਕੋਟ ਕਬੂਲੇ ਦੀ ਘਟਨਾ ਮਗਰੋਂ ਇਰਾਕ (ਅਰਬ) ਵਿਚ ਵੇਖਿਆ ਗਿਆ ਸੀ। ਹੋ ਸਕਦਾ ਹੈ ਕਿ ਇਸ ਰਵਾਇਤ ਨੂੰ ਸੁਣ ਕੇ ਹੀ ਦਮੋਦਰ ਨੇ ਲਿਖ ਦਿੱਤਾ ਹੋਵੇ :

ਆਖ ਮੋਦਰ ਮੈਂ ਅੱਖੀਂ ਡਿੱਠਾ ਜੋ ਲੰਮੀ ਤਰਫ ਸਿਧਾਏ।

ਹਮੀਦ-ਉੱਲਾ ਹਾਸ਼ਮੀ ਅਨੁਸਾਰ, "ਇਕ ਪੁਰਾਣੀ ਰਵਾਇਤ ਵੀ ਇਸ ਅਰਬੀ ਨੁਸਖ਼ੇ ਦੀ ਤਾਈਦ ਕਰਦੀ ਹੈ ਕਿ ਕੋਟ ਕਬੂਲੇ ਦੀ ਘਟਨਾ ਮਗਰੋਂ ਹੀਰ ਰਾਂਝੇ ਸਮੇਤ ਇਰਾਕ (ਅਰਬ) ਵਿਚ ਵੇਖੀ ਗਈ ਸੀ।"[11]

ਆਪਣੇ ਮੱਤ ਦੀ ਪੁਸ਼ਟੀ ਲਈ ਹਾਸ਼ਮੀ ਸਾਹਿਬ ਨੇ ਇਕ ਕਾਵਿ-ਟੋਟਾ ਵੀ ਦਿੱਤਾ ਹੈ :

ਸ਼ੀਹਾਂ ਦੀ ਅਸਵਾਰੀ ਕਰਦੀ, ਨਾਗਾਂ ਚੋਟ ਮਰੀਂਦੀ।
ਮੱਕੇ ਦੇ ਵਿਚ ਡਿੱਠੀ ਫੱਕਰਾਂ ਲੰਗਰ ਖੜੀ ਵੰਡੀਂਦੀ।[12]

**ਉਰਦੂ ਵਿਚ**

ਉਰਦੂ ਸ਼ਾਇਰਾਂ ਉੱਤੇ ਇਸ ਕਿੱਸੇ ਦਾ ਕਾਫ਼ੀ ਪ੍ਰਭਾਵ ਪਿਆ ਪ੍ਰਤੀਤ ਹੁੰਦਾ ਹੈ। 'ਇਨਸ਼ਾ ਦਹਿਲਵੀ' ਨੇ ਇਕ ਥਾਂ ਲਿਖਿਆ ਹੈ :

ਸੁਨਾਇਆ ਰਾਤ ਕੋ ਕਿੱਸਾ ਜੋ ਹੀਰ ਰਾਂਝੇ ਕਾ,
ਤੋ ਅਹਿਲੇ ਦਰਦ ਕੋ ਪੰਜਾਬੀਓ ਨੇ ਲੂਟ ਲੀਆ।

ਬਹਿਰ ਲਖਨਵੀ ਨੇ ਵੀ ਇਧਰ ਇਸ਼ਾਰਾ ਕੀਤਾ ਹੈ :

ਸੁਨ ਕੇ ਮੇਰੀ ਸਰਗੁਜ਼ਸ਼ਤ ਅਹਿਬਾਬ ਯੇਹ ਕਹਿਨੇ ਲਗੇ,
'ਬਹਿਰ' ਕਾ ਕਿੱਸਾ ਭੀ ਅਫ਼ਸਾਨਾ ਹੈ ਰਾਂਝੇ ਹੀਰ ਕਾ।

ਮੁਨਸ਼ੀ ਖੇਮ ਨਾਰਾਇਣ 'ਰਿੰਦ' ਨੇ ਇਹ ਕਿੱਸਾ ਦਾਸਤਾਨ ਦੇ ਰੂਪ ਵਿਚ ਉਰਦੂ ਵਿਚ ਲਿਖਿਆ ਹੈ।

ਗੁਲਾਮ ਸਰਵਰ ਰੋਹਤਕੀ, ਹੋਰਾਂ ਇਹ ਕਿੱਸਾ ਨਸਰ ਵਿਚ ਲਿਖਿਆ। ਇਸ ਦੀ ਹੱਥ ਲਿਖਤ 'ਅੰਜਮਨ–ਇ-ਤਰੱਕੀ-ਉਰਦੂ' ਦੇ ਕੁਤਬਖ਼ਾਨੇ ਵਿਚ ਪਈ ਹੈ। ਉਰਦੂ ਦੇ ਇਕ ਸ਼ਾਇਰ 'ਕੈਸ' ਨੇ ਹੀਰ ਰਾਂਝੇ ਬਾਰੇ ਇਕ ਮਸਨਵੀ ਉਰਦੂ ਵਿਚ ਲਿਖੀ ਹੈ ਜੋ 1809 ਈ. ਵਿਚ 'ਆਬਲਾਇ-ਹਰਾਰਤ-ਇ-ਇਸ਼ਕ' ਦੇ ਨਾਂ ਨਾਲ ਛਪੀ ਸੀ। ਵੀਹਵੀਂ ਸਦੀ ਵਿਚ ਰਫ਼ੀਕ ਖ਼ਾਵਰ ਹੋਰਾਂ ਹੀਰ ਵਾਰਸ ਸ਼ਾਹ ਦਾ ਕਾਵਿ-ਅਨੁਵਾਦ ਕੀਤਾ ਸੀ ਜੋ 1973/74 ਵਿਚ ਮਾਹਨਾਮਾ 'ਮਾਹ-ਇ-ਨੌ' ਕਰਾਚੀ ਵਿਚ ਛਪਿਆ ਸੀ। ਇਸ ਤੋਂ ਬਿਨਾਂ ਮਸਨਵੀਯਾਤੇ ਹੀਰ ਰਾਂਝਾ (ਸਿੰਧੀ ਅਕਾਦਮੀ) ਨੇ ਉਰਦੂ ਵਿਚ ਹੀਰ ਰਾਂਝਾ ਦੀ ਮਸਨਵੀ ਲਿਖਣ ਵਾਲਿਆਂ ਦੀ ਇਕ ਫ਼ਹਿਰਿਸਤ ਛਾਪੀ ਹੈ। ਨਸਰ ਤੇ ਕਵਿਤਾ ਵਿਚ ਉਰਦੂ ਵਿਚ ਇਸ ਕਥਾ ਨੂੰ ਹੋਰ

---

11. ਹਮੀਦ-ਉੱਲਾ ਹਾਸ਼ਮੀ, ਸੱਯਦ ਵ ਰਸ ਸ਼ਾਹ, ਪੰਨਾ 198.
12. ਉਹੀ, ਪੰਨਾ 198.

ਵੀ ਬਹੁਤ ਸਾਰੇ ਲੋਕਾਂ ਨੇ ਲਿਖਿਆ ਹੈ।

### ਸਿੰਧੀ ਵਿਚ

ਸਿੰਧੀ ਵਿਚ ਵੀ ਸੱਚਲ ਸਰਮਸਤ (1739 ਈ. ਤੋਂ 1826 ਈ) ਨੇ ਹੀਰ ਰਾਂਝਾ ਦੀ ਕਥਾ ਕਾਵਿ-ਬੱਧ ਕੀਤੀ ਹੈ। ਜਿਸ ਦਾ ਕੁਝ ਭਾਗ ਲੋਕ ਵਿਰਸੇ ਦਾ ਕੌਮੀ ਇਦਾਰਾ ਇਸਲਾਮਾਬਾਦ (ਪਾਕਿਸਤਾਨ) ਨੇ ਅਨੁਵਾਦ ਕਰਕੇ ਸੱਚਲ ਦੇ ਕਲਾਮ ਨਾਲ ਪ੍ਰਕਾਸ਼ਿਤ ਕੀਤਾ ਹੈ।

### ਪੰਜਾਬੀ ਵਿਚ ਹੀਰ ਕਾਵਿ

ਪੰਜਾਬੀ ਵਿਚ ਸਭ ਤੋਂ ਪਹਿਲਾਂ ਹੀਰ ਦਾ ਕਿੱਸਾ ਦਮੋਦਰ ਨੇ 1605 ਈ. ਤੋਂ ਪਿੱਛੋਂ ਲਿਖਿਆ। ਦਮੋਦਰ ਦੇ ਕਿੱਸੇ ਦਾ ਟਾਕਰਾ ਅਸੀਂ ਬਾਕੀ ਕੁਲਾਬੀ ਨਾਲ ਕਰ ਚੁੱਕੇ ਹਾਂ।

### ਅਹਿਮਦਯਾਰ

ਅਹਿਮਦਯਾਰ ਨੇ ਇਹ ਕਿੱਸਾ ਔਰੰਗਜ਼ੇਬ ਦੇ ਜਲੂਸੀ ਸੰਨ ਤੋਂ ਚੌਵੀਂ ਵਰ੍ਹੇ ਪਿਛੋਂ ਪੂਰਾ ਕੀਤਾ। ਉਹ ਲਿਖਦਾ ਹੈ :

> ਸੰਨ ਬੀਸ ਤੇ ਚਾਰ ਔਰੰਗਸ਼ਾਹੀ
> ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।

(ਇਸ ਲਿਹਾਜ਼ ਨਾਲ ਇਹ 1682 ਈ. ਬਣਿਆ)

ਡਾ. ਬਨਾਰਸੀ ਦਾਸ ਜੈਨ ਦਾ ਵਿਚਾਰ ਹੈ ਕਿ ਦਮੋਦਰ ਨੇ ਇਹ ਕਿੱਸਾ 1650 ਸੰਮਤ (ਮੁਤਾਬਿਕ 1583 ਈ.) ਲਿਖਿਆ।[13] ਪਰ ਅਕਬਰ ਦਾ ਰਾਜ 1556-1605 ਈ. ਤਕ ਸੀ। ਜਿਸ ਤਮਾਕੂ ਦਾ ਦਮੋਦਰ ਨੇ ਜ਼ਿਕਰ ਕੀਤਾ ਹੈ ਉਹ 1605 ਈ. ਵਿਚ ਆਇਆ ਸੀ। ਸੋ ਇਹ ਗੱਲ ਜੈਨ ਸਾਹਿਬ ਨੇ ਅਟਕਲ ਪੱਚੂ ਨਾਲ ਹੀ ਲਿਖ ਦਿੱਤੀ ਹੈ।

ਮੌਲਾ ਬਖ਼ਸ਼ ਕੁਸ਼ਤਾ (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 88), ਅਬਦੁਲ ਗ਼ਫ਼ੂਰ ਕੁਰੈਸ਼ੀ (ਪੰਜਾਬੀ ਅਦਬ ਦੀ ਕਹਾਣੀ, ਪੰਨਾ 269), ਗੁਰਦਿੱਤ ਸਿੰਘ ਪ੍ਰੇਮੀ (ਦਮੋਦਰ, ਪੰਨਾ 99), ਡਾ. ਜੀਤ ਸਿੰਘ ਸੀਤਲ (ਹੀਰ ਵਾਰਸ : ਮੁਖ ਬੰਦ, ਪੰਨਾ 31), ਡਾ. ਗੋਪਾਲ ਸਿੰਘ ਦਰਦੀ (ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 197), ਆਦਿ ਨੇ ਇਸ ਦਾ ਲਿਖਣ ਸਾਲ 1692-93 ਦਿੱਤਾ ਹੈ। ਇਹ ਭੁਲੇਖਾ ਸਭ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਨੇ ਪਾਇਆ। ਪਰ ਕਿਸੇ ਨੇ ਇਸ ਦੀ ਖ਼ੁਦ ਛਾਣ ਨਹੀਂ ਕੀਤੀ। ਸ਼ਮਸ਼ੇਰ ਸਿੰਘ ਅਸ਼ੋਕ ਨੇ (ਆਲੋਚਨਾ, ਫਰਵਰੀ 1959) 1643 ਈ. ਲਿਖਿਆ ਹੈ ਜੋ ਬਿਲਕੁਲ ਹੀ ਗ਼ਲਤ ਹੈ। ਇਸ ਦੀ ਸਹੀ ਖੋਜ ਪਹਿਲੀ ਵਾਰੀ ਪ੍ਰੋ. ਸ. ਸ. ਪਦਮ ਨੇ ਆਪਣੀ ਪੁਸਤਕ (ਹੀਰ ਅਹਿਮਦ-1960 ਪੰਨਾ 20)

---

[13] ਪੰਜਾਬੀ ਸਾਹਿੱਤ ਦਾ ਇਤਿਹਾਸ, ਜਿਲਦ ਦੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1967, ਪੰਨਾ 99.

ਵਿਚ ਕੀਤੀ ਹੈ। ਮੇਰੇ ਪਾਸ ਵੀ ਜਿਹੜੀ ਹੱਥ ਲਿਖਤ ਹੈ ਉਸ ਵਿਚ "ਸੰਨ ਬੀਸ ਤੇ ਚਾਰ ਔਰੰਗਸ਼ਾਹੀ ਹੈ, ਤੀਸ ਤੇ ਚਾਰ ਨਹੀਂ"।

ਅਹਿਮਦ ਯਾਰ ਦੇ ਕਿੱਸੇ ਦਾ ਅੰਤ ਬਹੁਤ ਹੀ ਅਜੀਬੋ ਗ਼ਰੀਬ ਹੈ। ਅਹਿਮਦ ਆਪਣੇ ਕਿੱਸੇ ਦੇ ਅੰਤ ਤੇ ਕਹਿੰਦਾ ਹੈ ਰਾਂਝਾ ਜਨੇਤ ਲੈਣ ਗਿਆ ਤਾਂ ਪਿੱਛੋਂ ਹੀਰ ਦੀ ਮੌਤ ਹੋ ਗਈ। ਜਦੋਂ ਸਿਆਲਾਂ ਦਾ ਕਾਸਦ ਉਸ ਦੀ ਮੌਤ ਦਾ ਖ਼ਤ ਲੈ ਕੇ ਹਜ਼ਾਰੇ ਗਿਆ ਤਾਂ ਖ਼ਤ ਸੁਣ ਕੇ ਰਾਂਝਾ ਵੀ ਮਰ ਗਿਆ। ਪਰ ਫੇਰ ਕਲਾਮੇ ਸ਼ਾਇਰ ਵਿਚ ਕਹਿੰਦਾ ਹੈ:

ਦੋਹਾਂ ਦਾਰ ਫ਼ਨਾਹਿ ਥੀਂ ਸਫ਼ਰ ਕੀਤਾ,
ਗਏ ਦਾਰ ਬਕਾਇ ਹੋਇ ਹਜ਼ੂਰੀ।
ਦੋਵੇਂ ਰਾਹ ਮਿਜਾਜ਼ ਵਿਚ ਰਹੇ ਸਾਬਤ
ਕੰਮ ਸਾਦਕਾਂ ਦਾ ਪਈ ਸਬੂਰੀ।
ਰਬ ਰਾਂਝੇ ਨੂੰ ਪਾਕ ਸ਼ਹੀਦ ਕੀਤਾ,
ਹੀਰ ਰਲੀ ਮੁਰਾਤਬੇ ਐਨ ਹੂਰੀ।
ਡਿੱਠੇ ਹਾਜੀਆਂ ਮੱਕੇ ਦੇ ਰਾਹ ਜਾਂਦੇ,
ਤਿੰਨੇ ਹੀਰ ਰਾਂਝਾ ਅਤੇ ਮੱਝ ਬੂਰੀ।
ਰਾਂਝਾ ਰਾਹ ਦਿਖਾਇੰਦਾ ਹਾਜੀਆਂ ਨੂੰ,
ਹੀਰ ਵੰਡਦੀ ਲੰਗਰ ਵਿਚ ਤੰਦੂਰੀ।

ਮਰਣ ਤੋਂ ਪਿੱਛੋਂ ਕਿਸੇ ਦਾ ਜ਼ਿੰਦਾ ਹੋ ਕੇ ਮੱਕੇ ਦੇ ਰਾਹ ਪੈਣਾ ਕੇਵਲ ਕਾਲਪਨਿਕ ਹੀ ਹੈ।[14]

**ਮੀਆਂ ਚਰਾਗ ਅਵਾਣ** (1678 ਈ. ਤੋਂ 1732 ਈ.)

ਮੀਆਂ ਚਰਾਗ ਅਵਾਣ (ਅਵਾਨ) ਨੇ ਵਾਰਸ ਸ਼ਾਹ ਤੋਂ 60 ਵਰ੍ਹੇ ਪਹਿਲਾਂ ਹੀਰ ਦਾ ਕਿੱਸਾ ਔਰੰਗਜ਼ੇਬ ਦੇ ਪੁੱਤਰ ਮੁਅੱਜ਼ਮ ਖ਼ਾਂ ਦੇ ਰਾਜ ਸਮੇਂ 1121 ਹਿਜਰੀ, ਮੁਤਾਬਿਕ 1709 ਈ. ਲਿਖਿਆ। ਮੀਆਂ ਚਰਾਗ ਅਵਾਣ ਦਾ ਪਿੰਡ ਖੇੜੀ (ਜ਼ਿਲ੍ਹਾ ਡੇਰਾ ਗ਼ਾਜ਼ੀ ਖ਼ਾਂ) ਹੀਰ

[14]ਡਾ. ਕਾਂਗ (ਪੰਜਾਬੀ ਵਿਚ ਕਿੱਸਾ ਹੀਰ ਰਾਂਝਾ, ਪੰਨਾ 78) ਕਹਿੰਦਾ ਹੈ ਕਿ "ਰਾਂਝਾ ਹਜ਼ਾਰੇ ਜੰਞ ਲੈਣ ਟੁਰ ਗਿਆ। ਹੀਰ ਝੰਗ ਸਿਆਲ ਆ ਗਈ। ਪਰ ਇਕ ਦਿਨ ਅਚਾਨਕ ਪ੍ਰਲੋਕ ਸੁਧਾਰ ਗਈ। (ਪਰ ਕੋਈ ਕਾਰਣ ਨਹੀਂ ਦਸਿਆ ਤੇ ਨਾ ਹੀ ਜ਼ਹਿਰ ਬਾਰੇ ਸੰਕੇਤ ਕੀਤਾ ਹੈ) ਪਰ ਪੰਨਾ 93 ਉੱਤੇ ਆਖਦਾ ਹੈ, "ਅਹਿਮਦ ਨੇ ਸਿਆਲਾਂ ਹੱਥੋਂ ਹੀਰ ਦੀ ਮੌਤ ਕਰਵਾਈ ਤੇ ਫਿਰ ਉਸ ਦੀ ਮੌਤ ਦਾ ਸੰਦੇਸ਼ ਰਾਂਝੇ ਨੂੰ ਮਿਲਣ ਤੇ ਉਹ ਵੀ ਉਥੇ ਹੀ ਢੇਰ ਹੋ ਗਿਆ। ਪਰ ਇਸ ਤੋਂ ਝਟ ਬਾਅਦ ਹੀ ਉਹ ਆਵਾਗਵਣ ਦੇ ਫਲਸਫ਼ੇ ਦੀ ਅਨੁਕੂਲਤਾ ਕਰਦਾ ਹੋਇਆ ਉਨ੍ਹਾਂ ਦਾ ਮਿਲਾਪ ਰੱਬ ਦੀ ਦਰਗਾਹ ਵਿਚ ਕਰਾ ਦਿੰਦਾ ਹੈ।" ਡਾ. ਕਾਂਗ ਨੇ ਆਵਾਗਵਣ ਦੇ ਫ਼ਲਸਫ਼ੇ ਨੂੰ ਗ਼ਲਤ ਅਰਥਾਂ ਵਿਚ ਲਿਆ ਹੈ। ਆਵਾਗਵਣ ਦਾ ਭਾਵ ਪੁਨਰ-ਜਨਮ ਹੈ। ਡਾ. ਕਾਂਗ ਨੇ ਸੂਫ਼ੀਆਂ ਦੇ ਫ਼ਲਸਫ਼ੇ ਫ਼ਨਾਹ ਤੇ ਬਕਾ ਨੂੰ ਵੀ ਸਮਝਣ ਦਾ ਯਤਨ ਨਹੀਂ ਕੀਤਾ।

ਦੇ ਸਹੁਰੇ ਪਿੰਡ ਤੋਂ ਬਹੁਤ ਨੇੜੇ ਹੈ।[15] ਐਨ-ਉਲ-ਹਕ ਫ਼ਰੀਦ ਕੋਟੀ ਅਨੁਸਾਰ "ਉਨ੍ਹਾਂ (ਮੀਆਂ ਅਵਾਣ ਨੇ ਆਪਣੇ ਕਿੱਸੇ ਦਾ ਖ਼ਾਕਾ ਦਮੋਦਰ ਦੇ ਕਿੱਸੇ ਦੀ ਬੁਨਿਆਦ ਤੇ ਰਖਿਆ ਹੈ।"[16]

ਹਾਫ਼ਿਜ਼ ਸ਼ਾਹਜਹਾਨ ਮੁਕਬਲ ਦਾ ਮਰਣ ਤੇ ਜੰਮਣ ਸਾਲ ਸਾਡੇ ਵਿਦਵਾਨ ਅਜੇ ਤਕ ਨਹੀਂ ਲਭ ਸਕੇ) ਮੁਕਬਲ ਦੇ ਆਪਣੇ ਕਥਨ ਅਨੁਸਾਰ ਉਸ ਨੇ ਕਿੱਸਾ ਜੰਗ ਨਾਮਾ 1159 ਹਿਜਰੀ ਵਿਚ ਲਿਖਿਆ।

ਸ਼ਹਿਰ ਜ਼ੀਕਅਦੋਂ ਪੰਜਵੀਂ ਹੋਜ਼ ਦੋ ਸ਼ੰਭਾ ਪੀਰ
ਯਾਰਾਂ ਸੈ ਨਾਠਵੀਂ ਸਨ ਹਿਜਰੀ ਤਹਿਰੀਰ
ਅਹਿਦ ਮੁਹੰਮਦ ਸ਼ਾਹ ਦਾ ਸੰਨ ਉਨੱਤੀ ਜਾਣ
ਇਹ ਰਸਾਲਾ ਜੋੜਿਆ ਮੁਕਬਲ ਸ਼ਾਹ ਜਹਾਨ।

ਸ਼ਹਿਬਾਜ਼ ਮਲਿਕ ਨੇ ਇਸ ਨੁਸਖ਼ੇ ਤੋਂ ਜੰਗਨਾਮੇ ਦਾ ਮਤਨ ਤਿਆਰ ਕੀਤਾ ਹੈ। ਉਹ ਕਹਿੰਦਾ ਹੈ ਕਿ ਉਸ ਹੱਥ ਲਿਖਤ ਵਿਚ ਇਹ ਮਿਸਰਾ ਇੰਜ ਹੈ:

ਅਹਿਦ ਮੁਹੰਮਦ ਸ਼ਾਹ ਦਾ ਜੋ ਹੈ ਆਲਮਗੀਰ
ਇਹ ਰਸਾਲਾ ਜੋੜਿਆ ਮੁਕਬਲ ਪੁਰਤਕਸੀਰ।[17]

ਅਤੇ ਪਹਿਲਾ ਸ਼ਿਅਰ ਹੈ ਹੀ ਨਹੀਂ। ਪਰ ਅਸੀਂ ਇਸ ਸਿਲਸਿਲੇ ਨੂੰ ਕੋਈ ਵਿਸ਼ੇਸ਼ਤਾ ਨਹੀਂ ਦਿੰਦੇ। ਕਿਉਂਕਿ ਡਾ. ਬਨਾਰਸੀ ਦਾਸ ਨੇ ਤਕਸੀਮ ਰਾਹੀਂ ਸਾਬਤ ਕਰ ਦਿੱਤਾ ਹੈ ਕਿ 7 ਜ਼ੀਕਾਅਦ 1108 ਹਿਜਰੀ ਨੂੰ ਮੰਗਲਵਾਰ ਸੀ ਅਤੇ 1159 ਹਿਜਰੀ ਨੂੰ ਸੋਮਵਾਰ ਸੀ। ਸੋ ਮੁਕਦੀ ਗੱਲ ਇਹ ਅਹਿਮਦ ਸ਼ਾਹ ਦੇ ਦੌਰ ਵਿਚ ਹੀ ਲਿਖਿਆ ਗਿਆ ਹੈ।

ਪਰ ਹੀਰ ਲਿਖਣ ਦੇ ਸੰਨ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ। ਮੁਕਬਲ ਨੇ ਵੀ ਕਿੱਸੇ ਦੇ ਅੰਤ ਉੱਤੇ ਇਹੀ ਲਿਖਿਆ ਹੈ ਕਿ ਹੀਰ ਤੇ ਰਾਂਝਾ ਮੱਕੇ ਦੇ ਰਾਹ ਪੈ ਗਏ।

---

[15] ਡਾ. ਕੁਲਬੀਰ ਸਿੰਘ ਕਾਂਗ (ਪੰਜਾਬੀ ਕਿੱਸਾ ਹੀਰ ਰਾਂਝਾ, ਪੰਨਾ 122) ਅਨੁਸਾਰ ਇਹ ਕਿੱਸਾ 1711 ਈ. ਵਿਚ ਲਿਖਿਆ ਗਿਆ ਜੋ ਦਰੁਸਤ ਨਹੀਂ। ਡਾ. ਕਾਂਗ ਨੇ ਮੌਲਾ ਬਖ਼ਸ਼ ਕੁਸ਼ਤਾ ਦੀ ਪੈਰਵੀ ਕਰਦਿਆਂ ਮੀਆਂ ਅਵਾਣ ਦਾ ਪਿੰਡ ਵੀ ਗਲਤ ਲਿਖਿਆ ਹੈ। (ਇਹ ਖੋਤ ਨਹੀਂ ਖੋਤੀ ਹੈ)।
ਡਾ. ਕੁਲਬੀਰ ਸਿੰਘ ਕਾਂਗ ਲਿਖਦਾ ਹੈ ਕਿ "ਇਸ ਦੇ ਜੀਵਨ ਬਾਰੇ ਵੀ ਕੁਝ ਪਤਾ ਨਹੀਂ ਚਲਦਾ।" (ਪੰਨਾ 122) ਕਾਂਗ ਨੇ ਚਰਾਗ ਅਵਾਣ ਦੀ ਕੋਈ ਪੁਸਤਕ ਜਾਂ ਉਸ ਬਾਰੇ ਕੋਈ ਪੁਸਤਕ ਨਹੀਂ ਵੇਖੀ।

ਮੀਆਂ ਚਰਾਗ (ਚਿਰਾਗ ਨਹੀਂ) ਦਾ ਪਿੰਡ ਖੋਤੀ ਸੁਲੇਮਾਨ ਪਹਾੜ ਦੇ ਇਕ ਚਾਰਤ ਨਾਂ ਦੇ ਦੱਰੇ ਵਿਚ ਹਰਿੰਦ ਕਿਲ੍ਹੇ ਦੇ ਨੇੜੇ ਆਬਾਦ ਹੈ। ਮੀਆਂ ਜੀ ਨੇ ਮੁੱਢਲੀ ਵਿਦਿਆ ਨਾਲ ਦੇ ਪਿੰਡ 'ਵਸਤੀ ਮੀਆ ਸਾਹਿਬ' ਦੇ ਸਜਾਦਾਨਸ਼ੀਨ ਮੀਆਂ ਦੋਸਤ ਮੁਹੰਮਦ ਤੋਂ ਪ੍ਰਾਪਤ ਕੀਤੀ। ਮੀਆਂ ਚਰਾਗ ਇਕ ਦਰਵੇਸ਼ ਇਨਸਾਨ ਸਨ। ਉਹ 1732 ਈ. ਨੂੰ ਆਪਣੇ ਪਿੰਡ ਵਿਚ ਹੀ ਫ਼ੌਤ ਹੋਏ। ਪਿੰਡ ਵਿਚ ਉਨ੍ਹਾਂ ਦਾ ਮਜ਼ਾਰ ਹੈ ਜਿਥੇ ਹਰ ਸਾਲ ਅਪ੍ਰੈਲ ਦੀ ਦੂਜੀ ਜੁਮੇਂ ਰਾਤ ਮੇਲਾ ਲਗਦਾ ਹੈ।

[16] ਐਨ-ਉਲ-ਹਕ ਫ਼ਰੀਦਕੋਟੀ (ਸੰਪਾਦਕ) ਕ਼ਿੱਸਾ ਹੀਰ ਅਵਾਣ ਲਾਹੌਰ 1978, ਪੰਨਾ 15.

[17] ਸ਼ਹਿਬਾਜ਼ ਮਲਿਕ (ਜੰਗਨਾਮਾ ਮੁਕਬਲ ਤੇ ਪੰਜਾਬੀ ਮਰਸੀਆ, ਤਾਜ ਬੁਕ ਡਿਪੂ, ਲਾਹੌਰ 1974, ਪੰਨਾ 70.

ਮੈਨੂੰ ਉਸ ਤੋਂ ਪਿੱਛੋਂ ਦੀ ਕੋਈ ਖ਼ਬਰ ਨਹੀਂ ਪਰ ਲੋਕ ਕਹਿੰਦੇ ਹਨ ਕਿ ਅਜੇ ਤਕ ਜਿਉਂਦੇ ਹਨ।

ਮੁਕਬਲ ਤੋਂ ਪਿੱਛੋਂ ਵਾਰਸ ਸ਼ਾਹ ਨੇ ਹੀਰ ਦਾ ਕਿੱਸਾ ਲਿਖਿਆ।

**ਵਾਰਸ ਸ਼ਾਹ**

ਇਕ ਅਜਿਹਾ ਕਵੀ ਏ ਜਿਸ ਨੇ ਘਟਨਾਵਾਂ, ਨਾਵਾਂ ਤੇ ਥਾਵਾਂ ਦੀ ਚੰਗੀ ਤਰ੍ਹਾਂ ਪੁਣ-ਛਾਣ ਕਰਕੇ ਕਹਾਣੀ ਨੂੰ ਦੁਖਾਂਤ ਵਿਚ ਤਾਂ ਬਦਲਿਆ ਹੀ ਹੈ ਪਰ ਨਾਲ ਨਾਲ ਫ਼ਾਰਸੀ ਤੇ ਪੰਜਾਬੀ ਕਿੱਸਾਕਾਰਾਂ ਦੇ ਕਿੱਸਿਆਂ ਦਾ ਲਾਭ ਵੀ ਉਠਾਇਆ ਹੈ। ਇਸ ਤਰ੍ਹਾਂ ਉਸ ਨੇ ਆਪਣੇ ਕਿੱਸੇ ਵਿਚੋਂ ਕਾਲਪਨਿਕ-ਅੰਸ਼ ਤੇ ਬੇਲੋੜੀਆਂ ਘਟਨਾਵਾਂ ਕੱਢ ਕੇ ਇਸ ਨੂੰ ਬਹੁਤ ਹੀ ਪੁਰ-ਅਸਰ ਤੇ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ। ਵਾਰਸ ਨੇ ਹੀਰ ਦਾ ਕਿੱਸਾ 1180 ਹਿਜਰੀ ਵਿਚ ਲਿਖਿਆ।

**ਹਾਮਦਸ਼ਾਹ ਅੱਬਾਸੀ** (ਜਨਮ 1161 ਹਿ. ਮੁਤਾਬਿਕ 1748 ਈ.)

ਹਾਮਦ ਦਾ ਜਨਮ ਪਿੰਡ ਚੁਗੱਤਾ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਉਸ ਨੇ ਸਭ ਤੋਂ ਪਹਿਲਾਂ 20 ਵਰ੍ਹਿਆਂ ਦੀ ਉਮਰ ਵਿਚ ਜੰਗਨਾਮਾ ਅਮਾਮ ਹੁਸੈਨ ਲਿਖਿਆ ਜੋ 10 ਸਾਲਾਂ ਵਿਚ 1191 ਹਿਜਰੀ ਮੁਤਾਬਿਕ 1778 ਵਿਚ ਖ਼ਤਮ ਹੋਇਆ। ਤਿੰਨ ਸਾਲ ਪਿੱਛੋਂ 1782 ਈ. ਵਿਚ ਅਖ਼ਬਾਰ ਅਹਿਮਦ ਪੁਸਤਕ ਲਿਖੀ ਜੋ ਹਜ਼ਰਤ ਆਦਮ ਦੀ ਪੈਦਾਇਸ਼ ਬਾਰੇ ਹੈ।

1805 ਈ. ਵਿਚ ਹੀਰ ਦਾ ਕਿੱਸਾ ਲਿਖਿਆ। ਇਸ ਕਿੱਸੇ ਦਾ ਵਾਧਾ ਇਹ ਹੈ ਕਿ ਹਾਮਦ ਨੇ ਉਰਦੂ, ਫ਼ਾਰਸੀ ਜਾਂ ਪੰਜਾਬੀ ਵਿਚ ਸਿਰਲੇਖ ਦੇਣ ਦੀ ਥਾਂ ਚੁਪਾਈਆਂ ਲਿਖ ਦਿੱਤੀਆਂ ਹਨ।

ਹਾਮਦ ਸ਼ਾਹ ਨੇ ਆਪਣੇ ਕਿੱਸੇ ਵਿਚ ਆਪਣੇ ਤੋਂ ਪੂਰਬਲੇ ਹੀਰ ਲਿਖਣ ਵਾਲਿਆਂ ਮੁਕਬਲ, ਅਹਿਮਦ ਗੁੱਜਰ ਤੇ ਭਾਈ ਗੁਰਦਾਸ ਦਾ ਜ਼ਿਕਰ ਤਾਂ ਕੀਤਾ ਹੈ ਪਰ ਦਮੋਦਰ ਤੇ ਵਾਰਸ ਦਾ ਜ਼ਿਕਰ ਨਹੀਂ ਕੀਤਾ।

ਹਾਮਦ ਕਹਿੰਦਾ ਹੈ ਕਿ ਉਸ ਨੇ ਹੀਰ ਦਾ ਕਿੱਸਾ ਹੀਰ ਤੇ ਰਾਂਝੇ ਦੇ ਕਹਿਣ ਉਪਰੰਤ ਲਿਖਿਆ :

ਮੈਨੂੰ ਜ਼ਿਦ ਮੁੱਢੋਂ ਰਾਂਝੇ ਹੀਰ ਦੀ ਸੀ,
ਨਿਤ ਬੋਲਦਾ ਬੁਰੀ ਜ਼ਬਾਨ ਮੀਆਂ।
ਜੱਟੀ ਜਟ ਉਧਾਲ ਲੈ ਗਿਆ ਸੀ,
ਮੰਦੇ ਕਰਮ ਸੀ ਵਿਚ ਜਹਾਨ ਮੀਆਂ।

ਉਪਰੋਕਤ ਸ਼ਿਅਰਾਂ ਤੋਂ ਭਾਵ ਹੈ ਕਿ ਹਾਮਦ ਸਦਾ ਹੀ ਹੀਰ ਤੇ ਰਾਂਝੇ ਦਾ ਵਿਰੋਧ ਕਰਦਾ ਸੀ। ਪਰ ਇਕ ਵਾਰ ਉਹ ਤਰਕਾਲਾਂ ਵੇਲੇ ਕਿਧਰੇ ਜਾ ਰਿਹਾ ਸੀ ਤਾਂ ਉਸ ਨੂੰ ਦੋ ਸ਼ਕਲਾਂ ਬਿਜਲੀ ਵਾਂਗ ਲਿਸ਼ਕਦੀਆਂ ਨਜ਼ਰ ਆਈਆਂ। ਉਨ੍ਹਾਂ ਨੇ ਹੱਥੀਂ ਤਲਵਾਰਾਂ ਫੜੀਆਂ

ਹੋਈਆਂ ਸਨ। ਕਵੀ ਨੇ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਕੌਣ ਹੋ ਤਾਂ ਉਨ੍ਹਾਂ ਕਿਹਾ :

ਇਕ ਆਵਾਜ਼ ਆਈ ਮੈਂ ਹਾਂ ਸਿਆਲਾਂ ਦੀ ਧੀ,
ਜਿਸ ਨੂੰ ਦਿੱਤੀ ਹੈ ਗਾਲ੍ਹ ਹਜ਼ਾਰ ਬਾਲਾ।
ਦੂਜੇ ਕਿਹਾ, ਮੈਂ ਤਖ਼ਤ ਹਜ਼ਾਰਿਓਂ ਹਾਂ,
ਜਿਸ ਨੂੰ ਦਿੰਦਾ ਏ ਬੋਲ ਆਜ਼ਾਰ ਬਾਲਾ।
ਖ਼ਾਦਮ ਅਸੀਂ ਹਾਂ ਦੋਵੇਂ ਪੰਜ ਪੀਰ ਦੇ ਜੀ,
ਜਗਤ ਨਾਲ ਨਾਹੀਂ ਸਾਨੂੰ ਕਾਰ ਬਾਲਾ।

ਇਸ ਤੋਂ ਪਿਛੋਂ ਹਾਮਦ ਨੇ ਇਸ ਨੂੰ ਇਸ਼ਕ ਹਕੀਕੀ ਮੰਨ ਕੇ ਇਹ ਕਿੱਸਾ ਲਿਖਿਆ।

ਹਾਮਦ ਦੇ ਕਿੱਸੇ ਵਿਚ ਹੀਰ ਸੁਫ਼ਨੇ ਵਿਚ ਮਿਲ ਕੇ ਉਸ ਨੂੰ (ਹਾਮਦ ਨੂੰ) ਆਖਦੀ ਹੈ ਕਿ ਤੂੰ ਸਿਆਲੀਂ ਆ। (ਜਿਵੇਂ ਲਾਇਕ ਨੇ ਆਪਣੀ ਫ਼ਾਰਸੀ ਦੀ ਮਸਨਵੀ ਵਿਚ ਹੀਰ ਤੋਂ ਸੁਪਨੇ ਵਿਚ ਕਹਾਇਆ ਸੀ।)

ਸਹਿਤੀ ਬਾਰੇ ਹਾਮਦ ਕਹਿੰਦਾ ਹੈ ਕਿ ਉਹ ਅਲੀ ਖ਼ਾਂ ਦੀ ਬੇਵਾ (ਰੰਡੀ) ਧੀ ਸੀ। ਰਾਮੂ ਬ੍ਰਾਹਮਣ ਸ਼ਿਅਰ ਆਖਦਾ ਸੀ। ਸਹਿਤੀ ਵੀ ਸ਼ਾਇਰ ਸੀ, ਇਸ ਲਈ ਦੋਹਾਂ ਦਾ ਇਸ਼ਕ ਹੋ ਗਿਆ। ਇਹ ਗੱਲ ਹੋਰ ਕਿਸੇ ਨੇ ਵੀ ਨਹੀਂ ਕੀਤੀ। ਰਾਮੂ ਤੇ ਸਹਿਤੀ ਦੇ ਇਸ਼ਕ ਦੀ ਗੱਲ ਪਹਿਲਾਂ ਸਿਰਫ਼ ਦਮੋਦਰ ਨੇ ਹੀ ਕੀਤੀ ਸੀ। ਹਾਮਦ ਨੇ ਇਹ ਟੁਕੜਾ ਉਥੋਂ ਹੀ ਲਿਆ ਹੈ।

ਹਾਮਦ ਅੰਤ ਵਿਚ ਦੱਸਦਾ ਹੈ ਕਿ ਰਾਂਝਾ ਹੀਰ ਨੂੰ ਲੈ ਕੇ ਝੰਗ ਸਿਆਲ ਆ ਗਿਆ। ਉਥੇ ਉਹ ਦੋਵੇਂ ਮਰ ਗਏ ਤੇ ਦਫ਼ਨਾਏ ਗਏ। ਕੁਝ ਚਿਰ ਪਿੱਛੋਂ ਹਾਜੀਆਂ ਨੂੰ ਹੀਰ ਤੇ ਰਾਂਝਾ ਮਿਲੇ ਜੋ ਇਕ ਮੱਝ ਨਾਲ ਜਾ ਰਹੇ ਸਨ। ਉਨ੍ਹਾਂ ਹੱਥ ਹੀਰ ਨੇ ਸੁਨੇਹਾ ਘੱਲਿਆ ਕਿ ਜਿਹੜਾ ਮੇਰੀ ਕਬਰ (ਮਜ਼ਾਰ) ਦਾ ਬੂਹਾ ਖੇੜਿਆਂ ਵੱਲ ਖੁਲਦਾ ਏ ਬੰਦ ਕਰਵਾ ਦਿਉ, ਕਿਉਂਕਿ ਇਧਰੋਂ ਦੋਜ਼ਖ਼ ਦੀ ਹਵਾ ਆਉਂਦੀ ਹੈ। ਹਾਮਦ ਨੇ ਇਹ ਕਿੱਸਾ 7 ਰਜਬ ਵੀਰਵਾਰ, 1220 ਹਿਜਰੀ (ਮੁਤਾਬਿਕ 1805 ਈ.) ਲਿਖਿਆ।

ਇਨ੍ਹਾਂ ਤੋਂ ਬਿਨਾਂ ਹਾਮਦ ਨੇ ਤਫ਼ਸੀਰ ਹਾਮਦ, ਗੁਲਜ਼ਾਰੇ ਹਾਮਦ, ਫ਼ਕੀਰਨਾਮਾ ਹਾਮਦ, ਅਹਿਕਾਮਉਲ ਸਲਵਾਤ ਪੁਸਤਕਾਂ ਦੀ ਰਚਨਾ ਕੀਤੀ।[18] 1805 ਈ. ਤੋਂ ਪਿੱਛੋਂ ਹਾਮਦ ਅੱਬਾਸੀ ਜੇ 20 ਵਰ੍ਹੇ ਵੀ ਜਿਉਂਦਾ ਰਿਹਾ ਹੋਵੇ ਤਾਂ ਮੇਰਾ ਖ਼ਿਆਲ ਹੈ ਕਿ ਉਹ ਕਰੀਬ ਕਰੀਬ 1820 ਈ. ਤੋਂ 1825 ਈ. ਵਿਚਕਾਰ ਜੀਵਤ ਸੀ।

ਹਾਮਦ ਸ਼ਾਹ ਅੱਬਾਸੀ ਨੇ, ਸਾਰਿਆਂ ਕਵੀਆਂ ਦੇ ਕਿੱਸਾ ਹੀਰ ਰਾਂਝਾ ਦੀ ਕਥਾਨਕ ਬਣਤਰ ਵਿਚ ਜੋ ਫ਼ਰਕ ਹੈ, ਉਧਰ ਵੀ ਧਿਆਨ ਦੁਆਇਆ ਹੈ :

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ,
ਬਹੁਤ ਵਿਚ ਪੰਜਾਬੀ ਬਣਾਇਆ ਹੈ।
ਇਕ ਚਾਲ ਨਹੀਂ ਰੰਗਾ ਰੰਗ ਕਿੱਸਾ

[18]ਕੁਰੈਸ਼ੀ ਅਹਿਮਦ ਹੁਸੈਨ ਅਹਿਮਦ, ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼, ਲਾਹੌਰ, 1964, ਪੰਨਾ 87.

ਮੂਲ-ਕਥਾ ਦਾ ਅੰਤ ਨਾ ਆਇਆ ਹੈ ।
ਅਹਿਮਦ ਹੋਰ ਕਿਹਾ, ਮੁਕਬਲ ਹੋਰ ਆਖੇ,
ਬਾਗ਼ਾ ਕਾਦਰੀ ਹੋਰ ਜੁੜਾਇਆ ਹੈ ।
ਰਾਮ ਅਤੇ ਗੁਰਦਾਸ ਕੁਝ ਹੋਰ ਆਖਣ,
ਸਭ ਸ਼ਾਇਰਾਂ ਜ਼ੋਰ ਲਗਾਇਆ ਹੈ ।

ਇਸ ਕਥਨ ਤੋਂ ਪਤਾ ਲਗਦਾ ਹੈ ਕਿ ਹਾਮਦ ਸ਼ਾਹ ਅੱਬਾਸੀ ਨੇ ਦਮੋਦਰ ਦਾ ਕਿੱਸਾ ਨਹੀਂ ਪੜ੍ਹਿਆ ਸੀ । ਨਹੀਂ ਤਾਂ ਉਹ ਜ਼ਰੂਰ ਦਮੋਦਰ ਦਾ ਜ਼ਿਕਰ ਵੀ ਕਰਦਾ ।

**ਬਿਹਬਲ** (ਜਨਮ 1751 ਈ.)

ਬਿਹਬਲ ਦਾ ਜ਼ਿਕਰ ਪਹਿਲੀ ਵਾਰੀ ਮੌਲਾ ਬਖ਼ਸ਼ ਕੁਸ਼ਤਾ ਨੇ ਆਪਣੀ ਪੁਸਤਕ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਵਿਚ ਕੀਤਾ ਸੀ । ਡਾ. ਮੋਹਨ ਸਿੰਘ ਦੀਵਾਨਾ, ਡਾ. ਪਰਮਿੰਦਰ ਸਿੰਘ ਅਤੇ ਕਸੇਲ (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ), ਗੁਰਦਿੱਤ ਸਿੰਘ ਪ੍ਰੇਮੀ (ਸੰਪਾਦਕ ਦਮੋਦਰ), ਡਾ. ਪਰਮਿੰਦਰ ਸਿੰਘ (ਹੀਰ ਦਮੋਦਰ ਇਕ ਆਲੋਚਨਾਤਮਕ ਅਧਿਐਨ) ਆਦਿ ਨੇ ਬਿਹਬਲ ਦਾ ਕਿਧਰੇ ਜ਼ਿਕਰ ਨਹੀਂ ਕੀਤਾ ।

ਡਾ. ਕ.ਸ. ਕਾਂਗ ਨੇ ਆਪਣੇ ਥੀਸਿਸ (ਪੰਜਾਬੀ ਵਿਚ ਕਿੱਸਾ ਹੀਰ ਕਾਵਿ, ਪੰਨਾ 156) ਵਿਚ ਲਿਖਿਆ ਹੈ ਕਿ "ਇਸ ਕਵੀ ਦਾ ਜ਼ਿਕਰ ਹੋਰ ਕੇਵਲ ਡਾ. ਕੋਹਲੀ ਨੇ ਹੀ ਕੀਤਾ ਹੈ ।" ਪਰ ਇਹ ਦਰੁਸਤ ਨਹੀਂ । ਬਿਹਬਲ ਦਾ ਜ਼ਿਕਰ ਡਾ. ਜੀਤ ਸਿੰਘ ਸੀਤਲ ਨੇ ਭਾਸ਼ਾ ਵਿਭਾਗ ਵੱਲੋਂ 1972 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਪੁਸਤਕ 'ਪੰਜਾਬੀ ਸੀਹਰਫ਼ੀਆਂ' ਵਿਚ ਕੀਤਾ ਹੈ ਅਤੇ ਸੀਹਰਫ਼ੀ ਹੀਰ ਰਾਂਝਾ ਵੀ ਇਸ ਪੁਸਤਕ ਵਿਚ ਸ਼ਾਮਿਲ ਹੈ।

ਬਿਹਬਲ ਨੇ ਇਹ ਕਿੱਸਾ (ਹੀਰ) ਡੇਓੜਾਂ ਵਿਚ ਰਚਿਆ ਹੈ। ਪਰ ਇਸ ਨੂੰ ਹੀਰ ਰਾਂਝੇ ਦੀ ਮੁਕੰਮਲ ਕਥਾ ਨਹੀਂ ਕਿਹਾ ਜਾ ਸਕਦਾ।

**ਹਾਸ਼ਮ**

ਹਾਸ਼ਮ ਦੀ ਜਨਮ ਤਾਰੀਖ਼ ਤੇ ਮੌਤ ਦੀ ਤਾਰੀਖ਼ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ ।[19]

[19] ਮੌਲਾ ਬਖ਼ਸ਼ ਕੁਸ਼ਤਾ, ਚਸ਼ਮਾ-ਇ-ਹਿਯਾਤ, ਪੰਨਾ 15, 1913 (1752-1820), ਬਾਵਾ ਬੁੱਧ ਸਿੰਘ The Journal of Punjab Historical Society, Vol. Nine, Part I (1923) (ਕੋਈ ਜ਼ਿਕਰ ਨਹੀਂ), ਬੰਬੀਹਾ ਬੋਲ, 1925 ਪੰਨਾ 172 (70 ਵਰ੍ਹੇ ਉਮਰ ਭੋਗੀ)

ਡਾ. ਮੋਹਨ ਸਿੰਘ ਦੀਵਾਨਾ History of Punjabi Literature (1166 ਹਿਜਰੀ, 1236).

ਡਾ. ਲਾਜਵੰਤੀ ਨੇ ਵੀ ਇਨ੍ਹਾਂ ਤਾਰੀਖ਼ਾਂ ਨੂੰ ਦਰੁਸਤ ਮੰਨਿਆ ਹੈ ।

ਡਾ. ਗੋਪਾਲ ਸਿੰਘ ਦਰਦੀ, ਪੰਜਾਬੀ ਸਾਹਿਤ ਦਾ ਇਤਿਹਾਸ, 1950, ਪੰਨਾ 272 (ਮਰਣ ਤਾਰੀਖ 1230 ਹਿਜਰੀ ਮੁਤਾਬਿਕ 1814 ਈ. ਲਿਖ ਦਿੱਤੀ ਹੈ ਜੋ ਬਿਲਕੁਲ ਗਲਤ ਹੈ) ।

ਇਸੇ ਤਰ੍ਹਾਂ ਸ. ਸ. ਅਮੋਲ, ਡਾ. ਕੋਹਲੀ, ਡਾ, ਜੀਤ ਸਿੰਘ ਸੀਤਲ, ਸੰਤ ਸਿੰਘ ਸੇਖੋਂ, ਨਿਹਾਲ ਸਿੰਘ ਰਸ, ਹੀਰਾ ਸਿੰਘ ਦਰਦ ਆਦਿ ਸਾਰੇ ਖੋਜੀ ਜਨਮ ਤੇ ਮਰਣ ਤਾਰੀਖਾਂ ਨਾਲ ਸਹਿਮਤ ਨਹੀਂ । ਡਾਕਟਰ ਬਾਨ ਨੇ

(ਬਾਕੀ ਅਗਲੇ ਪੰਨੇ ਤੇ)

ਹਾਸ਼ਮ ਦੀ ਹੀਰ-ਕਾਵਿ ਰਚਨਾ ਵਿਚ ਬਹੁਤ ਸਾਰੀਆਂ ਘਟਨਾਵਾਂ ਨਹੀਂ ਦਿੱਤੀਆਂ, ਕਿੱਸੇ ਦਾ ਅੰਤ ਸੁਖਾਵਾਂ ਹੈ।

**ਅਹਿਮਦ ਯਾਰ ਮਹਾਲਵੀ** (1768 ਈ.—1845 ਈ.)

ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਅਹਿਮਦ ਯਾਰ ਦਾ ਜੱਦੀ ਪੇਸ਼ਾ ਖੇਤੀ ਬਾੜੀ ਸੀ।[20] ਡਾ. ਮੋਹਣ ਸਿੰਘ ਦੀਵਾਨਾ ਦਾ ਵਿਚਾਰ ਹੈ ਕਿ ਉਸ ਦਾ ਜਨਮ 1768 ਈ. ਨੂੰ ਜ਼ਿਲ੍ਹਾ ਗੁਜਰਾਤ ਦੇ ਇਕ ਪਿੰਡ ਵਿਚ ਹੋਇਆ। ਓਥੇ ਕਿਸੇ ਗ਼ੈਰ ਮੁਸਲਮ ਕੁੜੀ ਨਾਲ ਮੁਹੱਬਤ ਹੋ ਜਾਣ ਕਾਰਣ ਉਹ ਪਿੰਡ ਛਡਣਾ ਪਿਆ। ਇਹ ਪਿੰਡ ਛੱਡ ਕੇ ਉਹ ਮੁਰਾਲੇ ਵਿਚ ਆ ਗਏ।[21] ਪਰ ਡਾ. ਮੋਹਣ ਸਿੰਘ ਦੀ ਇਸ ਗੱਲ ਦਾ ਕੋਈ ਪੱਕਾ ਸਬੂਤ ਅੱਜ ਤਕ ਨਹੀਂ ਮਿਲ ਸਕਿਆ।

ਮੌਲਾ ਬਖ਼ਸ਼ ਕੁਸ਼ਤਾ ਦੇ ਇਸ ਬਿਆਨ ਨਾਲ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ, 'ਇਨ੍ਹਾਂ ਦੇ ਪਿੰਡ ਮਰਾਲਾ ਵਿਚ ਇਕ ਸੁੰਦਰ ਮੁਟਿਆਰ ਰਾਣੀ ਸੀ। ਇਹ ਉਹਦੇ ਇਸ਼ਕ ਦੇ ਤੀਰ ਨਾਲ ਵਿੰਨ੍ਹੇ ਗਏ। ਉਨ੍ਹਾਂ ਉਹਦੇ ਵਸਲ ਲਈ ਬਥੇਰੇ ਯਤਨ ਕੀਤੇ ਪਰ ਘਰ ਦੇ ਰਾਜ਼ੀ ਨਾ ਹੋਏ। ਉਹ ਗ਼ੈਰ ਕੌਮ ਕੁੜੀ ਸੀ। ਸਮਾਜ, ਜਾਤ ਬਰਾਦਰੀ ਤੇ ਰਸਮੋਂ ਰਿਵਾਜ ਦਾ ਪਾਬੰਦ ਖ਼ੇਸ਼ ਕਬੀਲਾ ਕਦ ਇਹ ਮੰਨ ਸਕਦਾ ਸੀ। ਉਹ ਨਾ ਮੰਨੇ, ਇਸ਼ਕ ਹੱਥੋਂ ਉਨ੍ਹਾਂ ਦਾ ਮੁੱਠ ਭੜੱਥਾ ਹੋ ਗਈ। ਬਿਰਹਾ ਦੀ ਅੱਗ ਨੇ ਉਹ ਭਾਬੜ ਮਚਾਇਆ ਕਿ ਵਸੇ ਰਸੇ ਘਰ ਬਾਰ ਛੱਡ ਕੇ ਇਕ ਬੇਆਬਾਦ ਜੰਗਲ ਵਿਚ ਆ ਡੇਰਾ ਲਾਇਆ। ਜਿਸ ਦਾ ਨਾਂ ਹੁਣ ਗ਼ਾਲੀਆ ਹੈ। ਤੇ ਹੁਣ ਖ਼ਬਰੇ ਇਸੇ ਇਸ਼ਕ ਦੀ ਕਰਾਮਾਤ ਹੱਥੋਂ ਸਰਸਬਜ਼ ਏ।[22]

ਡਾ. ਕਾਂਗ ਅਨੁਸਾਰ ਵੀ ਪਹਿਲਾਂ ਪਹਿਲਾਂ ਉਨ੍ਹਾਂ ਦਾ ਪੇਸ਼ਾ ਖੇਤੀ ਬਾੜੀ ਸੀ।[23] ਪਰ ਇਹ ਮੌਲਾ ਬਖ਼ਸ਼ ਦੀ ਪੈਰਵੀ ਕਰਦਿਆਂ ਹੀ ਕਾਂਗ ਨੇ ਲਿਖ ਦਿੱਤਾ ਹੈ। ਦਰਅਸਲ ਅਹਿਮਦਯਾਰ ਦੇ ਵੱਡਿਆਂ ਦਾ ਪੇਸ਼ਾ ਹਕੀਮੀ ਤੇ ਜਰਾਹੀ ਸੀ। ਜਿਸ ਬਾਰੇ ਉਸ ਨੇ ਆਪਣੀ ਪੁਸਤਕ 'ਤਿੱਬੇ ਅਹਿਮਦਯਾਰ' ਵਿਚ ਵੀ ਸੰਕੇਤ ਕੀਤਾ ਹੈ।

---

(ਪਿਛਲੇ ਪੰਨੇ ਦੀ ਬਾਕੀ)

ਆਪਣੇ ਥੀਸਿਸ 'ਸੱਸੀ ਹਾਸ਼ਮ' ਵਿਚ ਹਾਸ਼ਮ ਦੀ ਜਨਮ ਤਾਰੀਖ਼ 1735 ਤੇ ਮਰਣ ਤਾਰੀਖ਼ 21 ਅਕਤੂਬਰ, 1843 ਈ. ਮੰਨੀ ਹੈ। ਮਾਰਚ 1979 ਵਿਚ 'ਲੋਕ ਵਿਰਸਾ ਕਾ ਕੌਮੀ ਇਦਾਰਾ' ਇਸਲਾਮਾਬਾਦ ਤੋਂ ਛਪਣ ਵਾਲੀ ਪੁਸਤਕ 'ਹਾਸ਼ਮ ਸ਼ਾਹ' ਵਿਚ ਸ਼ਫ਼ਕਤ ਤਨਵੀਰ ਮਿਰਜ਼ਾ ਨੇ ਵੀ ਇਹੋ ਤਾਰੀਖ਼ ਲਿਖੀ ਹੈ। (1735-1843 ਈ.)।

ਮੇਰੇ ਖ਼ਿਆਲ ਅਨੁਸਾਰ ਜਦੋਂ ਤਕ ਖੋਜ ਕਰਕੇ ਹਾਸ਼ਮ ਦੀ ਠੀਕ ਜਨਮ ਦੀ ਤਾਰੀਖ਼ ਨਹੀਂ ਲੱਭ ਪੈਂਦੀ ਓਦੋਂ ਤਕ ਇਹ ਹੀ ਤਾਰੀਖ਼ ਦਰੁਸਤ ਮੰਨ ਲੈਣੀ ਚਾਹੀਦੀ ਹੈ।

[20]ਮੌਲਾ ਬਖ਼ਸ਼ ਕੁਸ਼ਤਾ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 146.

[21]Dr M.S. Dewana, History of Punjabi Literature, ed. III, page 203,

[22]ਮੌਲਾ ਬਖ਼ਸ਼ ਕੁਸ਼ਤਾ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 1466.

[23]ਡਾ. ਕ.ਸ. ਕਾਂਗ, ਪੰਜਾਬੀ ਵਿਚ ਕਿੱਸਾ ਹੀਰ ਕਾਵਿ, ਪੰਨਾ 175.

ਆਖੇ ਅਹਿਮਦਯਾਰ ਹਕੀਮ
ਵਤਨ ਅਸਾਡਾ ਮੁੱਢ ਕਦੀਮ ।
ਹਿਕਮਤ ਇਸ ਦਾ ਕਸਬ ਕਦੀਮ
ਦਾਦਾ ਤੇ ਪਿਉ ਹਾਂ ਹਕੀਮ ।
ਸੋਹਦਰਾ ਅੰਦਰ ਰਹੇ ਵਰ੍ਹਾ ਨਾ
ਉਹ ਵੀ ਮੌਤ ਨੇ ਛੱਡੀ ਹਾਨਾ ।
ਦਾਦਾ ਮੇਰਾ ਮਰਦ ਖ਼ੁਦਾ
ਸਾਹਿਬ ਬਰਕਤ ਸਿਦਕ ਸਫ਼ਾ ।
ਅਹਿਲੇ ਵਲਾਇਤ ਸੀ ਉਹ ਮਰਦ,
ਸੋਜ਼ ਮੁਹੱਬਤ ਸਾਹਿਬੇ ਦਰਦ ।
ਓਥੋਂ ਆਇਆ ਕਿਸਮਤ ਨਾਲ
ਗਹਿਣੇ ਘੜਿਆ ਗਜ਼ਰੇ ਜਾਲ ।
ਰਹੇ ਜਲਾਲਪੁਰੇ ਦੇ ਅੰਦਰ
ਹਰ ਮਕਸੂਦ ਮੌਜੂਦ ਮਯੱਸਰ ।
ਕਿਲ੍ਹਾ ਇਸਲਾਮ ਗੜੀ ਦਾ ਨਾਂ
ਉਹ ਸੀ ਮਰਦ ਮੈਂ ਆਸੀ ਦੀ ਥਾਂ ।

ਉਪਰੋਕਤ ਕਥਨ ਤੋਂ ਸਾਫ਼ ਪਤਾ ਲਗਦਾ ਹੈ ਕਿ ਅਹਿਮਦ ਯਾਰ ਦੇ ਬਜ਼ੁਰਗਾਂ ਦਾ ਪੇਸ਼ਾ ਖੇਤੀ ਬਾੜੀ ਨਹੀਂ ਸਗੋਂ ਜ਼ਰਗਰੀ ਤੇ ਹਿਕਮਤ ਸੀ । ਉਪਰੋਕਤ ਕਥਨ ਅਨੁਸਾਰ ਉਨ੍ਹਾਂ ਦਾ ਜੱਦੀ ਪਿੰਡ ਸੋਹਦਰਾ, ਜ਼ਿਲ੍ਹਾ ਗੁਜਰਾਂਵਾਲਾ ਸੀ । ਫੇਰ ਉਹ ਜਲਾਲਪੁਰ, ਜ਼ਿਲ੍ਹਾ ਗੁਜਰਾਤ ਦੇ ਨੇੜੇ ਇਸਲਾਮਗੜ੍ਹ ਤੇ ਉਸ ਤੋਂ ਪਿੱਛੋਂ ਮਰਾਲੇ ਆ ਗਏ ।

ਅਹਿਮਦ ਯਾਰ ਨੇ ਲਗਭਗ 40 ਕਿੱਸੇ ਲਿਖੇ ਹਨ । ਇਨ੍ਹਾਂ ਵਿੱਚੋਂ ਹੀਰ ਰਾਂਝਾ ਦਾ ਕਿੱਸਾ ਵੀ ਇਕ ਹੈ ।

ਅਹਿਮਦ ਯਾਰ ਨੇ ਆਪਣੀ ਹੀਰ ਕਾਵਿ-ਰਚਨਾ ਵਿਚ ਸਾਰੀ ਕਥਾ ਵਾਰਸ ਸ਼ਾਹ ਤੋਂ ਉਧਾਰੀ ਲਈ ਹੈ । ਪਰ ਵਾਰਸ ਸ਼ਾਹ ਦੀ ਤਨਕੀਦ ਵੀ ਕੀਤੀ ਹੈ । ਅਹਿਮਦ ਯਾਰ ਮਰਾਲਵੀ ਪਹਿਲਾ ਕਵੀ ਹੈ ਜਿਸ ਨੇ ਵਾਰਸ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ ।

ਪਰ ਇਕਬਾਲ ਸਲਾਹੁੱਦੀਨ ਨੇ ਆਪਣੇ ਇਕ ਲੇਖ ਵਿਚ ਦਾਅਵਾ ਕੀਤਾ ਹੈ ਕਿ ਅਹਿਮਦ ਯਾਰ ਇਸਲਾਮ ਗੜ੍ਹੀ ਤੇ ਅਹਿਮਦ ਯਾਰ ਮਰਾਲਵੀ ਦੋ ਵੱਖ ਵੱਖ ਕਵੀ ਸਨ । ਉਹ ਲਿਖਦੇ ਹਨ, "ਕਿ ਆਪ ਅਹਿਮਦ ਯਾਰ ਮਰਾਲਵੀ ਦੇ ਹਮਅਸਰ (ਸਮਕਾਲੀ) ਸਨ । ਤਿੰਨ ਚਾਰ ਜ਼ਬਾਨਾਂ ਵਿਚ ਸ਼ਾਇਰੀ ਕਰਦੇ ਸਨ । ਆਪ ਫ਼ਾਰਸੀ ਵਿਚ ਆਪਣਾ ਤਖ਼ੱਲਸ ਬੇਖ਼ੁਦ ਤੇ ਸ਼ੈਦਾ, ਭਾਕਾ ਦੇ ਬਾਰਾ ਮਾਂਹ ਵਿਚ ਗੁਰਦਾਸ ਤਖ਼ੱਲਸ ਕਰਦੇ ਸਨ । ਇਸ ਬਾਰਾ ਮਾਹੇ ਦੇ ਖ਼ਾਤਮੇ ਵਿਚ ਇਹ ਇਬਾਰਤ ਦਰਜ ਹੈ :

ਮਨ ਤਸਨੀਫ਼ ਅਹਿਮਦ ਯਾਰ ਆਨੰਦਗੜ੍ਹ
ਕਿ ਦਰ ਬਾਕਾ ਗੁਰਦਾਸ ਤਖ਼ਲਸ ਅਸਤ ।[24]

ਪਰ ਇਸ ਵਿਚਾਰ ਨਾਲ ਅਜੇ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਅਹਿਮਦ ਮਰਾਲਵੀ ਤੇ ਅਹਿਮਦ ਯਾਰ ਇਸਲਾਮਗੜ੍ਹੀ ਨੂੰ ਦੋ ਵੱਖ ਵੱਖ ਲੇਖਕ ਸਾਬਤ ਕਰਨ ਲਈ ਅਜੇ ਬਹੁਤ ਖੋਜ ਦੀ ਲੋੜ ਹੈ ।

ਅਹਿਮਦ ਯਾਰ ਨੇ ਆਪਣੇ ਤੋਂ ਪਹਿਲਾਂ ਹੀਰ ਲਿਖਣ ਵਾਲੇ ਸਾਰੇ ਕਵੀਆਂ ਦਾ ਜ਼ਿਕਰ ਕੀਤਾ ਹੈ । ਪਰ ਦਮੋਦਰ ਦਾ ਜ਼ਿਕਰ ਅਹਿਮਦ ਯਾਰ ਨੇ ਵੀ ਨਹੀਂ ਕੀਤਾ ।

ਅਹਿਮਦ ਯਾਰ ਦੀ ਹੀਰ ਦਾ ਅੰਤ ਵੀ ਸੁਖਾਂਤਮਈ ਹੈ । ਅਹਿਮਦ ਯਾਰ ਵੀ ਆਪਣੀ ਰਚਨਾ ਦੇ ਅੰਤ ਵਿਚ ਕਹਿੰਦਾ ਹੈ ਜਦੋਂ ਹੀਰ ਕੁਦਰਤੀ ਮੌਤ ਮਰ ਗਈ ਤਾਂ ਹੀਰ ਦੇ ਮਾਪਿਆਂ ਨੇ ਹੀਰ ਦੀ ਮੌਤ ਦੀ ਖ਼ਬਰ ਰਾਂਝੇ ਨੂੰ ਭੇਜੀ ਤਾਂ ਉਹ ਵੀ ਸੁਰਗਵਾਸ ਹੋ ਗਿਆ । ਰਾਂਝੇ ਦੇ ਭਰਾਵਾਂ ਉਸ ਨੂੰ ਹਜ਼ਾਰੇ ਵਿਚ ਦਫ਼ਨ ਕਰ ਦਿੱਤਾ ਤੇ ਹੀਰ ਦੇ ਮਾਪਿਆਂ ਹੀਰ ਨੂੰ ਝੰਗ ਵਿਚ ਦਫ਼ਨ ਕਰ ਦਿੱਤਾ ।

ਦਬ ਆਏ, ਜਾਂ ਫਜਰੀਂ ਡਿੱਠਾ ਸਾਫ਼ ਜ਼ਮੀਨ ਕਬਰ ਦੀ
ਕਬਰ ਬਣੀ ਜਾ ਝੰਗ ਸਿਆਲੀਂ, ਅਹਿਮਦਯਾਰ ਸੁੰਦਰ ਦੀ ।
ਰਾਂਝੇ ਨੂੰ ਮਲਕੂਤ ਉਠਾ ਕੇ ਵਿੱਚੋਂ ਵਿਚ ਲਿਜਾਂਦੇ ।
ਕਬਰ ਹੀਰ ਦੇ ਨਾਲ ਬਰਾਬਰ ਦੂਜੀ ਕਬਰ ਬਣਾਂਦੇ ।
ਆਸ਼ਕ ਤੇ ਮਾਸ਼ੂਕ ਇਕ ਦੂਜੇ ਗਲ ਲੱਗ ਕੇ ਤੇ ਸੌਂ ਜਾਂਦੇ ।
ਉਹ ਨਾ ਮਰਨ, ਹਿਯਾਤ ਹਮੇਸ਼ਾ, ਨਾ ਕੁਝ ਪੀਂਦੇ ਖਾਂਦੇ ।

ਪਰ ਅਹਿਮਦ ਯਾਰ ਵੀ ਅਹਿਮਦ ਗੁੱਜਰ ਵਾਂਗ ਮਰਨ ਪਿੱਛੋਂ ਹੀਰ ਰਾਂਝੇ ਦੇ ਮੱਕੇ ਚਲੇ ਜਾਣ ਤੇ ਓਥੇ ਰਹਿਣ ਦਾ ਜ਼ਿਕਰ ਕਰਦਾ ਹੈ ।

ਅਹਿਮਦ ਯਾਰ ਤੋਂ ਪਿੱਛੋਂ ਹੀਰ ਰਾਂਝਾ ਦੀ ਰਚਨਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਲੰਬੀ ਚੌੜੀ ਹੈ ।[25]

ਹਮੀਦ-ਉੱਲਾ ਹਾਸ਼ਮੀ ਨੇ ਉਪਰੋਕਤ ਕਵੀਆਂ ਤੋਂ ਬਿਨਾਂ ਬਾਗਾ ਕਾਦਰੀ ਮੁਹੰਮਦ ਸ਼ਾਹ, ਸ਼ਾਹ ਸ਼ਰਫ਼, ਫ਼ਜ਼ਲ ਸ਼ਾਹ, ਹੁਸੈਨ, ਅਲੀ ਹੈਦਰ, ਮੌਲਾ ਬਖ਼ਸ਼ ਕੁਸ਼ਤਾ, ਸਾਈਂ ਮੌਲਾ ਬਖ਼ਸ਼, ਸ਼ੋਖ਼ਤਾ ਅੰਮ੍ਰਿਤਸਰੀ, ਰਣ ਸਿੰਘ, ਜੋਗਾ ਸਿੰਘ, ਭਗਵਾਨ ਸਿੰਘ, ਕਾਲੀਦਾਸ, ਅਮਾਮਦੀਨ ਮੁਨਸ਼ੀ, ਅਬਦੁਲ ਸਤਾਰ, ਮੀਰਾਂ ਸ਼ਾਹ, ਮੀਆਂ ਮੁਹੰਮਦ ਉਮਰ, ਸ਼ਾਹ ਸ਼ਰਫ਼ ਅੱਲਾਹ ਦਿੱਤਾ ਅਰਾਈਂ, ਅਬਦੁਲ ਵਾਹਦ ਅਜ਼ੀਜ਼, ਗੁਲਾਮ ਜੀਲਾਨੀ ਰੋਹਤਕੀ, ਸਾਈਂ ਲੱਭੂ ਸ਼ਾਹ, ਨੂਰਦੀਨ, ਮੌਲਵੀ ਅਬੀਦੁੱਲਾ, ਲਾਹੌਰਾ ਸਿੰਘ, ਗੋਪਾਲ ਸਿੰਘ, ਮੀਰਾਂ ਸ਼ਾਹ, ਐਸ[26] ਐਸ. ਅਮੋਲ, ਹਜ਼ਾਰਾ ਸਿੰਘ, ਗੋਕਲ ਚੰਦ ਸ਼ਰਮਾ, ਨਰਾਇਣ ਸਿੰਘ, ਦਾਇਮ ਇਕਬਾਲ ਕਾਇਮ, ਮਨਜ਼ੂਰ ਬੱਟ, ਫ਼ਕੀਰ ਮੁਹੰਮਦ ਫ਼ਕੀਰ, ਸੱਯਦ ਅਬੁਲ ਕਮਾਲ ਬਰਕ, ਨੌਸ਼ਾਹੀ ਆਦਿ

[24]ਇਕਬਾਲ ਸਲਾਹੁੱਦੀਨ, ਪੰਜਾਬੀ ਜ਼ਬਾਨ (ਮਾ. ਪੱਤਰ) ਲਾਹੌਰ, ਅਗਸਤ, 1971, ਪੰਨਾ 27

[25]ਹਮੀਦ-ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ ਫੈਸਲਾਬਾਦ, ਪੰਨਾ 203.

[26]ਅਮੋਲ ਨੇ ਹੀਰ ਰਾਂਝਾ ਦਾ ਕੋਈ ਕਿੱਸਾ ਨਹੀਂ ਲਿਖਿਆ, ਸੰਪਾਦਿਤ ਜ਼ਰੂਰ ਕੀਤਾ ਹੈ ।

ਦਾ ਜ਼ਿਕਰ ਕੀਤਾ ਹੈ।

ਡਾ. ਕਾਂਗ ਨੇ ਉਪਰੋਕਤ ਬਹੁਤ ਸਾਰੇ ਕਵੀਆਂ ਤੋਂ ਬਿਨਾਂ ਲਗਭਗ ਦੋ ਦਰਜਨ ਹੋਰ ਕਵੀਆਂ ਰੋਸ਼ਨ, ਪੀਰ ਮੁਹੰਮਦ ਬਖ਼ਸ਼, ਕਾਨ੍ਹ ਸਿੰਘ, ਨਰ ਸਿੰਘ, ਰਤਨ ਸਿੰਘ ਕ੍ਰਿਸ਼ਨਗਿਰ, ਬਜ਼ਾਰਾ ਸਿੰਘ, ਚਤਰ ਸਿੰਘ, ਮੀਰ ਲਹਿਣਾ, (ਚੂੰਘਾਂ ਵਾਲੇ), ਕਰਤਾਰ ਸਿੰਘ ਘਰਾਚੋਂ, ਕਰਤਾਰ ਸਿੰਘ ਲਹਿਰਾ ਗਾਗਾ, ਕਿਸ਼ੋਰ ਚੰਦ, ਮੰਗੂ ਰਾਮ, ਛੱਜੂ ਰਾਮ ਗਾਮਨ ਮੁਲਤਾਨੀ, ਬਾਬਾ ਬੰਸੀਵਾਲਾ, ਗੁਰਮਖ ਰਾਏ, ਹਸ਼ਮਤ ਸ਼ਾਹ, ਸੂਬਾ ਸਿੰਘ ਆਦਿ ਦਾ ਜ਼ਿਕਰ ਵੀ ਕੀਤਾ ਹੈ। ਡਾ. ਪਰਮਿੰਦਰ ਸਿੰਘ ਅਤੇ ਡਾ. ਜੀਤ ਸਿੰਘ ਸੀਤਲ ਨੇ ਹੀਰ ਦਾ ਕਿੱਸਾ ਲਿਖਣ ਵਾਲਿਆਂ ਦੀ ਇਕ ਲੰਬੀ ਸੂਚੀ ਦਿੱਤੀ ਹੈ।

ਮੈਂ ਲਗ ਭਗ ਸੌ ਕੁ ਕਿੱਸਾ ਹੀਰ ਰਾਂਝੇ ਦਾ ਵੱਖ ਵੱਖ ਲੇਖਕਾਂ ਦਾ ਵੇਖਿਆ ਹੈ। ਇਨ੍ਹਾਂ ਕਿੱਸਿਆਂ ਵਿੱਚੋਂ ਵੀਹਵੀਂ ਸਦੀ ਵਿਚ ਲਿਖਿਆ ਗਿਆ ਦਲੀਪ ਸਿੰਘ ਰਮਤਾ ਅਕਾਲਗੜ੍ਹ (ਜ਼ਿਲ੍ਹਾ ਜਲੰਧਰ) ਦਾ ਕਿੱਸਾ ਵਿਸ਼ੇਸ਼ ਮਹੱਤਤਾ ਰਖਦਾ ਹੈ।

# 7

## ਦਮੋਦਰ ਦੀ ਕਥਾ ਦਾ ਆਲੋਚਨਾਤਮਕ ਅਧਿਐਨ

ਕਥਾ ਦੇ ਪੱਖੋਂ ਦਮੋਦਰ ਦੀ ਰਚੀ ਗਈ ਕਹਾਣੀ ਵਿਚ ਬੇਹੱਦ ਊਣਤਾਈਆਂ ਹਨ। ਨਾਇਕ ਤੇ ਨਾਇਕਾ ਦੀ ਖ਼ੂਬਸੂਰਤੀ ਦਾ ਵਰਣਨ ਕਿੱਸਾ-ਕਾਵਿ ਦੀ ਵਿਸ਼ੇਸ਼ਤਾ ਹੈ ਪਰ ਉਸ ਖ਼ੂਬਸੂਰਤੀ ਨੂੰ ਅੱਤਕਥਨੀ ਦੀ ਹੱਦ ਤਕ ਬਿਆਨ ਕਰਨਾ ਕਲਾਤਮਕ ਕਮਜ਼ੋਰੀ ਹੈ।

ਦਮੋਦਰ ਨੇ ਇਸ ਕਿੱਸੇ ਵਿਚ ਰਾਂਝੇ ਦੀ ਖ਼ੂਬਸੂਰਤੀ ਉਪਰ ਜ਼ਰੂਰਤ ਤੋਂ ਵੱਧ ਜ਼ੋਰ ਦਿੱਤਾ ਹੈ। ਜਦੋਂ ਰਾਂਝਾ ਬਚਪਨ ਵਿਚ ਹੀ ਸੀ ਤਾਂ ਉਸ ਦੀ ਖ਼ੂਬਸੂਰਤੀ ਉਸ ਦੀ ਦੁਸ਼ਮਣ ਬਣ ਗਈ।

ਛਿਆਂ ਵਰ੍ਹਿਆਂ ਦਾ ਧੀਦੋ ਹੋਇਆ, ਤਾਂ ਸਭ ਵੇਖਣ ਆਵੇ।
ਸੂਰਤ ਸ਼ਕਲ ਵਾਹੁ ਤੁਸਾਡੀ, ਤੇਰਿਆਂ ਬਖ਼ਤਾਂ ਨਾਲ ਨਾ ਦਾਵੇ।
ਜੋ ਵੇਖੇ ਵਸ ਥੀਵੇ ਸੋਈ, ਫਾਥਾ ਟੁਰਨ ਨਾ ਪਾਵੇ।
ਆਖ ਦਮੋਦਰ ਤੇਜ ਰਾਂਝੇ ਦਾ, ਭਰਾਵਾਂ ਮੂਲ ਨਾ ਭਾਵੇ।

ਰਾਂਝੇ ਉਪਰ ਕੇਵਲ ਆਦਮੀ ਹੀ ਮਸਤ ਨਹੀਂ ਹੁੰਦੇ ਸਨ, ਜਾਨਵਰ ਵੀ ਉਸ ਦਾ ਰੂਪ ਵੇਖ ਕੇ ਮਸਤ ਹੋ ਜਾਂਦੇ ਸਨ। ਵੱਡੇ ਵੱਡੇ ਜ਼ਿਮੀਦਾਰ ਉਸ ਨੂੰ ਵੇਖਣ ਆਉਂਦੇ ਸਨ।

ਜੇ ਚੜ੍ਹੇ ਧੀਦੋ ਘੋੜੇ ਉੱਤੇ, ਬਾਹਰ ਪੰਖੀ ਨਾ ਠਹਿਰਾਇਨ।
ਮਿਹਰ, ਪਰਿੰਦੇ, ਸੌਨੀ, ਸਹੀਅੜਿ, ਪੈਰ ਨਾ ਮੂਲੇ ਚਾਇਨ।
ਨਰ ਨਾਰੀ ਜੋ ਕੋਈ ਵੇਖੇ, ਪਲ ਨਾ ਪਲਕਾਂ ਲਾਇਨ।
ਆਖ ਦਮੋਦਰ ਰਾਠ ਜ਼ਿਮੀਂ ਦੇ ਧੀਦੋ ਨੂੰ ਵੇਖਣ ਆਇਨ।

ਕਮਾਲ ਇਹ ਹੈ ਕਿ ਰਾਂਝੇ ਦੇ ਸਾਰੇ ਭਰਾ ਉਸ ਦੀ ਜਾਨ ਦੇ ਦੁਸ਼ਮਣ ਹਨ ਪਰ ਉਸ ਦੀਆਂ ਭਰਜਾਈਆਂ ਉਸ ਤੇ ਫ਼ਿਦਾ ਹਨ। ਉਸ ਨੂੰ ਵੇਖੇ ਬਗੈਰ ਟੁੱਕ ਨਹੀਂ ਖਾਂਦੀਆਂ। ਉਨ੍ਹਾਂ ਨੂੰ ਉਸ ਦੇ ਮੰਗੇਵੇ ਦਾ ਵੀ ਦੁੱਖ ਹੈ।

ਸਭ ਭਰਜਾਈਆਂ ਆਸ਼ਕ ਤਿਸ ਤੇ, ਬਿਨ ਵੇਖੇ ਖਾਵਣ ਨਾਹੀਂ।
ਜਿਉਂ ਜਿਉਂ ਚੀਕੂ ਮਲਨ ਰੰਙੇਟੇ, ਤਿਉਂ ਤਿਉਂ ਕੱਢਣ ਆਹੀਂ।

ਰਾਂਝਾ ਘਰ ਛੱਡ ਕੇ ਚਲਾ ਜਾਂਦਾ ਹੈ ਤਾਂ ਇਕ ਪਿੰਡ ਦੀ ਝੀਊਰੀ ਕੁੜੀ ਉਸ ਦਾ ਰੂਪ ਵੇਖ ਕੇ ਉਸ ਤੇ ਲੱਟੂ ਹੋ ਜਾਂਦੀ ਹੈ। ਮਾਂ ਨੂੰ ਸਾਫ਼ ਸਾਫ਼ ਕਹਿ ਦਿੰਦੀ ਹੈ ਕਿ ਮੈਂ ਤਾਂ ਉਸ ਮੁਸਾਫ਼ਿਰ ਨਾਲ ਹੀ ਵਿਆਹ ਕਰਵਾਉਣਾ ਹੈ। ਮਾਂ ਰਾਂਝੇ ਨੂੰ ਵੇਖਣ ਜਾਂਦੀ ਹੈ ਤਾਂ ਉਹ ਆਪ ਆਸ਼ਕ ਹੋ ਜਾਂਦੀ ਹੈ:

ਹੈਂ ਜੇ ਢੁੱਖ ਵਡੇਰਾ ਹੋਵੇ, ਤਾਂ ਮੈਂ ਆਪ ਨਿਕਾਹ ਬੰਨ੍ਹਾਈਂ।

ਉਹ ਆਪ ਹੀ ਖ਼ੂਬਸੂਰਤ ਨਹੀਂ ਉਸ ਦੀ ਵੰਝਲੀ ਸੁਣ ਕੇ ਵੀ ਜਾਨਵਰ ਉਸ ਦੀ ਜ਼ਿਆਰਤ ਕਰਨ ਆਉਂਦੇ ਹਨ।

ਆਖਾ ਮੰਨ ਲਿਆ ਭੀ ਧੰਦੋਂ, ਘਿੰਨ ਸਰੋਦ ਵਜਾਈ।
ਸ਼ੀਂਹ ਬਹਿੜੇ, ਮੱਨੀ ਚੀਤੇ, ਸਭ ਤਮਾਸ਼ੇ ਆਈ।
ਅਜ਼ਗਰ ਨਾਗ ਚਟੇਇਨ ਪਿੰਡਾ, ਵੇਖਣ ਨੂੰ ਸਧਰਾਈ।

ਲੁੱਡਣ ਉਸ ਦੀ ਵੰਝਲੀ ਤੇ ਆਸ਼ਕ ਹੋ ਕੇ ਉਸ ਨੂੰ ਜ਼ਨਾਨੀਆਂ ਦੇਣ ਲਈ ਤਿਆਰ ਹੋ ਜਾਂਦਾ ਹੈ।

ਉਸ ਦੀ ਖ਼ੂਬਸੂਰਤੀ ਤੇ ਝੰਗ ਦੀਆਂ ਸਾਰੀਆਂ ਕੁੜੀਆਂ ਮਰਦੀਆਂ ਹਨ। ਜਦੋਂ ਹੀਰ ਵਿਆਹੀ ਜਾਂਦੀ ਹੈ ਤਾਂ ਰਾਂਝਾ ਖੇੜਿਆਂ ਤੋਂ ਮੁੜ ਕੇ ਫੇਰ ਝੰਗ ਆਉਂਦਾ ਹੈ ਤਾਂ ਕੁੜੀਆਂ ਉਸ ਦੀਆਂ ਮਿੰਨਤਾਂ ਕਰਦੀਆਂ ਹਨ ਕਿ ਤੂੰ ਇਥੇ ਹੀ ਰਹਿ ਪਉ। ਜੋਗੀ ਬਣ ਕੇ ਰਾਂਝਾ ਫੇਰ ਝੰਗ ਆਉਂਦਾ ਹੈ, ਕੁੜੀਆਂ ਫੇਰ ਉਸ ਦੇ ਮਗਰ ਪੈ ਜਾਂਦੀਆਂ ਹਨ।

ਗੱਲ ਕੀ ਦਮੋਦਰ ਦਾ ਰਾਂਝਾ ਜਾਂ ਤਾਂ ਹੱਦੋਂ ਵੱਧ ਖ਼ੂਬਸੂਰਤ ਹੈ ਜਾਂ ਵੰਝਲੀ ਵਜਾ ਸਕਦਾ ਹੈ ਜਾਂ ਕਰਾਮਾਤਾਂ ਦਾ ਗੁਥਲਾ ਹੈ। ਪਰ ਉਸ ਵਿਚ ਮਰਦਾਂ ਵਾਲੀ ਕੋਈ ਗੱਲ ਨਹੀਂ। ਭਰਾਵਾਂ ਤੋਂ ਡਰਦਾ ਪਿੰਡ ਛੱਡ ਜਾਂਦਾ ਹੈ। ਬੇਗ਼ੈਰਤਾਂ ਵਾਂਗ ਸਿਰ ਟੋਮਕ ਚੁੱਕ ਕੇ ਹੀਰ ਦੀ ਡੋਲੀ ਨਾਲ ਤੁਰ ਪੈਂਦਾ ਹੈ। ਰਾਹ ਵਿਚ ਖੇੜਿਆਂ ਤੋਂ ਚੁੱਪ ਚਾਪ ਮਾਰ ਖਾ ਲੈਂਦਾ ਹੈ। ਜਦੋਂ ਹੀਰ ਨੂੰ ਕੱਢ ਕੇ ਲੈ ਜਾਂਦਾ ਹੈ ਤਾਂ ਰਾਹ ਵਿਚ ਖੇੜੇ ਆ ਪਹੁੰਚਦੇ ਹਨ ਤਾਂ ਡਰਦਿਆਂ ਹੀਰ ਨੂੰ ਆਖਦਾ ਹੈ :

ਲੈ ਹੀਰੇ ! ਕਿਵੇਂ ਮਾਰ ਤੂੰ ਮੈਨੂੰ, ਇਹ ਮੰਦੀ ਤਰ੍ਹਾਂ ਮਰੇਂਦੇ।
ਗੁੱਸਿ ਕਰਨ ਚਿੱਤ ਜੋ ਪਿਛਲੇ, ਸਹਿਮ ਸਹਿਮ ਦੁਖ ਦੇਂਦੇ।
ਔਖੀ ਜਾਹ ਔਝੜ ਵਡੇਰੀ, ਮੈਂ ਸਹਿਮਾ ਸਹਿਮ ਮਰੇਂਦੇ।
ਜੋ ਮੈਂ ਮਰਸਾਂ ਤੈਂਡੇ ਹੱਥੋਂ, ਤਾਂ ਸ਼ੁਕਰ ਬਜਾਇ ਕਰੇਂਦੇ।

ਜਦੋਂ ਅਦਲੀ ਦੀ ਅਦਾਲਤ ਵਿਚ ਪੇਸ਼ ਹੁੰਦੇ ਹਨ ਤਾਂ ਰਾਂਝਾ ਮਿੱਟੀ ਦਾ ਬੁੱਤ ਬਣਿਆ ਰਹਿੰਦਾ ਹੈ ਤੇ ਹੀਰ ਹੀ ਝਗੜਾ ਕਰਦੀ ਹੈ। ਜਦੋਂ ਹੀਰ ਦੇ ਕੋਰੜੇ ਪੈਂਦੇ ਹਨ ਤਾਂ ਰਾਂਝਾ ਚੁੱਪ ਰਹਿੰਦਾ ਹੈ। ਪਰ ਇਸ ਦੇ ਬਰਅਕਸ ਹੀਰ ਇਕ ਮਰਦ ਪਾਤਰ ਹੈ। ਉਸ ਨੂੰ ਆਪਣੇ ਰੂਪ ਦਾ ਵੀ ਗੁਮਾਨ ਹੈ ਤੇ ਪਿਉ ਦੀ ਜਾਗੀਰ ਦਾ ਵੀ। ਉਹ ਸ਼ਕਲ-ਵੰਦ ਹੀ ਨਹੀਂ ਅਕਲਵੰਦ ਵੀ ਹੈ, ਦਲੇਰ ਵੀ ਹੈ ਤੇ ਅੱਖੜ ਵੀ।

ਹੀਰ ਆਪਣੇ ਬਾਪ ਨੂੰ ਪੁੱਛੇ ਬਗ਼ੈਰ ਲੁੱਡਣ ਨੂੰ ਸ਼ਰਨ ਦੇ ਦਿੰਦੀ ਹੈ।

ਬੇੜੀ ਬੰਨ੍ਹ ਤੂੰ ਟਾਂਗ ਅਸਾਡੇ, ਤੈਨੂੰ ਕਮੀ ਨਾ ਕਾਈ।
ਨੂਰਾ ਕਉਣ ਬੁਲਾਇ, ਸੁਣਾਇਆ, ਬੇੜੀ ਜ਼ੋਨ ਘੜਾਈ।
ਬੰਨਸ ਟਾਂਗ, ਨੂਰੇ ਉਸ ਚੱਪਾ, ਏਹ ਬੇੜੀ ਮੈਂ ਖ਼ੁਸ਼ ਆਈ।
ਆਖ ਦਮੋਦਰ ਕੋਇ ਨਾ ਰੱਖੇ, ਬਿਨ ਮੈਂ ਚੂਚਕ ਜਾਈ।

ਜਦੋਂ ਨੂਰਾ 360 ਆਦਮੀ ਲੈ ਕੇ ਆਉਂਦਾ ਹੈ ਤਾਂ ਹੀਰ ਆਪਣੀਆਂ ਸਹੇਲੀਆਂ

ਨਾਲ ਰਲ ਕੇ ਮੁਕਾਬਲਾ ਕਰਦੀ ਹੈ। ਉਹ ਇੰਨੀ ਦਲੇਰ ਹੈ ਕਿ ਨੂਰੇ ਨੂੰ ਦੋੜਾ ਦਿੰਦੀ ਹੈ।

ਜਦੋਂ ਹੀਰ ਦੇ ਇਸ਼ਕ ਦਾ ਚਰਚਾ ਘਰ ਘਰ ਹੋਣ ਲਗਦਾ ਹੈ ਤਾਂ ਉਹ ਬੜੀ ਬੇਬਾਕ ਹੋ ਕੇ ਮਾਂ ਨੂੰ ਕਹਿੰਦੀ ਹੈ ਕਿ ਮੈਂ ਖੇੜੇ ਦੀ ਨਹੀਂ ਮੇਰਾ ਤਾਂ ਰਾਂਝਾ ਹੀ ਸਹਾਰਾ ਹੈ।

ਸੋ ਰਾਂਝਾ ਵਰ ਦੇਵੇਂ ਮੈਨੂੰ, ਨਿੱਤ ਸੁਹਾਗ ਢਹੀਵੇਂ।
ਰਾਂਝਾ ਦਿਲਬਰ ਯਾਰ ਅਸਾਡਾ, ਦੀਨ ਦੁਨੀ ਤੇ ਜੀਵੇ।
ਹਿਕਸ ਕਸੀਰੇ ਤੋਂ ਖੇੜਾ ਘਟਾ, ਰਾਂਝਾ ਲੱਖੀਂ ਤੁਲੀਵੇ।
ਕਹੇ ਦਮੋਦਰ ਹੀਰ ਸਿਆਲੀ, ਭਾਇ ਅਸਾਡੇ ਖੀਵੇ।

ਹੀਰ ਤਾਂ ਇਥੋਂ ਤਕ ਬੇਬਾਕ ਹੈ ਕਿ ਮਾਂ ਨੂੰ ਰਾਂਝੇ ਨੂੰ ਗ੍ਹਾਲ ਵੀ ਨਹੀਂ ਕੱਢਣ ਦਿੰਦੀ।

ਵਿਆਹ ਸਮੇਂ ਉਹ ਕਾਜ਼ੀ ਅੱਗੇ ਵੀ ਮੂੰਹ-ਫਟ ਹੋ ਜਾਂਦੀ ਹੈ। ਰਾਹ ਵਿਚ ਰਾਂਝੇ ਤੋਂ ਬਿਨਾਂ ਕੁਝ ਵੀ ਖਾਂਦੀ ਪੀਂਦੀ ਨਹੀਂ। ਖੇੜੀਂ ਜਾ ਕੇ ਲੱਸੀ ਮੁੰਦਰੀ ਦੀ ਰਸਮ ਵੇਲੇ ਹੀ ਸੱਸ ਨੂੰ ਕਹਿ ਦਿੰਦੀ ਹੈ ਕਿ ਮੈਂ ਤਾਂ ਰਾਂਝੇ ਦੀ ਹਾਂ।

ਹੀਰ ਹੀ ਸਹਿਤੀ ਨਾਲ ਮਿਲ ਕੇ ਰਾਮੂ ਨੂੰ ਤਖ਼ਤ ਹਜ਼ਾਰੇ ਭੇਜਦੀ ਹੈ। ਜਦੋਂ ਸੰਨ੍ਹ ਲਾ ਕੇ ਹੀਰ ਤੇ ਰਾਂਝਾ ਦੌੜ ਜਾਂਦੇ ਹਨ ਤਾਂ ਖੇੜਿਆਂ ਨੂੰ ਆਉਂਦਿਆਂ ਵੇਖ ਕੇ ਰਾਂਝਾ ਬੁਜ਼ਦਿਲਾਂ ਵਾਂਗ ਕਹਿੰਦਾ ਹੈ ਕਿ ਤੂੰ ਮੈਨੂੰ ਆਪਣੇ ਹੱਥੀਂ ਕਤਲ ਕਰਦੇ ਨਹੀਂ ਤਾਂ ਖੇੜੇ ਤਰਸਾ ਤਰਸਾ ਮਾਰਣਗੇ। ਪਰ ਹੀਰ ਬੜੀ ਦਲੇਰੀ ਨਾਲ ਆਖਦੀ ਹੈ:

ਤੂੰ ਸਾਹਿਬ ਮੈਂ ਬਰਦੀ ਤੇਰੀ, ਮੈਂ ਆਜਜ਼ ਨਾ ਅਜ਼ਮਾਹੇਂ।
ਵੇਚਾਰੀ ਦਾ ਚਾਰਾ ਕੇਹਾ, ਤੂੰ ਆਪੇ ਕਰਿਹੇਂ ਕਰਾਹੇਂ।
ਸਭ ਕਿਛ ਕੀਤਾ ਤੈਂਡਾ ਹੋਂਦਾ, ਮੈਥੋਂ ਜਾਣ ਛਪਾਹੇਂ।
ਕੇ ਕੁਦਰਤ ਕਿਸੇ ਦੀ ਸਾਹਿਬ, ਜੋ ਤੈਨੂੰ ਹਥ ਲਾਏ।

ਕੋਟ ਕਬੂਲੇ ਜਾਣ ਤੋਂ ਪਹਿਲਾਂ ਜਦੋਂ ਨਾਹੜ ਦੋਹਾਂ ਧਿਰਾਂ ਨੂੰ ਆਪਣੇ ਘਰ ਰਖਦੇ ਹਨ ਤਾਂ ਅੱਲੀ ਰਾਂਝੇ ਨੂੰ ਤਾਹਨੇ ਮਿਹਣੇ ਦਿੰਦਾ ਹੈ ਪਰ ਵਿਚਾਰਾ 'ਮਿੱਟੀ ਦਾ ਮਾਧੋ' ਰਾਂਝਾ ਕੂੰਦਾ ਤਕ ਨਹੀਂ।

ਪਿਛਹੂੰ ਰਿਹਾ ਕਰੇਂਦਾ ਘਾਤਾਂ, ਵੱਸ ਅਸਾਡਾ ਨਾਹੀਂ।
ਜੋ ਵੱਸ ਚੱਲੇ ਕਦੀ ਸਾਡਾ, ਤਾਂ ਲੋਹੂ ਤੁਸਾਂ ਪੀਵਾਹੀਂ।
ਏਹ ਜੋ ਬੁੱਕਲ ਮਾਰੀ ਵੈਂਦਾ, ਇਨ ਕੱਚਿਆਂ ਮਾਸ ਖਵਾਈਂ।
ਆਖ ਦਮੋਦਰ ਅੱਗੋਂ ਰਾਂਝਾ, ਮੂਲ ਬੁਲੇਂਦਾ ਨਾਹੀਂ।

ਪਰ ਹੀਰ ਆਪਣੇ ਸਹੁਰੇ ਨੂੰ ਬੜੀ ਦਲੇਰੀ ਨਾਲ ਉੱਤਰ ਦਿੰਦੀ ਹੈ:

ਸੁਣ ਵੇ ਖੇੜਾ, ਕਦੀਮ੍ਹੀ ਭੇੜਾ, ਮੇਰੇ ਰਾਂਝੇ ਨਾਲ ਅਲੈਂਦਾ।
ਏਹੇਂ ਕੌਣ ਕਮੀਨਾ ਜੱਟਾ, ਜੋ ਅਸਾਂ ਝਿੜਕਾਂ ਦੇਂਦਾ।

ਸਾੜੀਂ ਮੂੰਹ ਕੁਲ ਖੇੜਿਆਂ ਸੰਦਾ, ਜਵਾਬ ਹਜੂਰ ਸੁਣੇਂਦਾ।
ਪਰ ਫਿੱਟ ਮੂੰਹ ਕੁਲ ਜ਼ਾਤ ਖੇੜਿਆਂ ਦੀ, ਮੇਰੇ ਰਾਂਝਣ ਨਾਲ ਭਿੜੇਂਦਾ।

ਜਦੋਂ ਕੇਟ ਕਬੂਲੇ ਅਦਾਲਤ ਵਿਚ ਪੇਸ਼ ਹੁੰਦੇ ਹਨ ਤਾਂ ਹੀਰ ਕਾਜ਼ੀ ਨਾਲ ਵਕੀਲਾਂ ਵਾਂਗ ਝਗੜਦੀ ਹੈ ਅਤੇ ਕਾਜ਼ੀ ਨੂੰ ਕਹਿੰਦੀ ਹੈ :

ਸੁਣ ਕਾਜ਼ੀ ਦਿਲ ਨਾਹੀਂ ਰਾਜ਼ੀ, ਤੁਧ ਕੇ ਪਾਈ ਬਾਜ਼ੀ।
ਮੈਂ ਤੇ ਰਾਝਾ ਇਸ਼ਕ ਚਿਰੋਕਾ, ਜਾਂ ਸਾਹਿਬ ਖ਼ਲਕਤ ਸਾਜ਼ੀ।
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਬੰਨ੍ਹਸੇਂ ਕਾਜ਼ੀ।
ਸਹੀ ਸ਼ਰ੍ਹਾ ਨਿਆਉਂ ਚੁਕਾਨੈਂ, ਜੇ ਇਸ਼ਕ ਨਾ ਚਹੀਆ ਭਾਜੀ।

ਦਮੋਦਰ ਨੇ ਹੀਰ ਨੂੰ ਇਕ ਮਰਦ ਪਾਤਰ ਵਾਂਗ ਚਿੱਤਰਿਆ ਹੈ ਪਰ ਰਾਂਝਾ ਇਕ ਆਮ ਜਿਹਾ ਪਾਤਰ ਹੈ, ਜੋ wooden character ਵਧੇਰੇ ਪ੍ਰਤੀਤ ਹੁੰਦਾ ਹੈ।

ਦਮੋਦਰ ਨੇ ਇਸ ਕਿੱਸੇ ਵਿਚ ਔਰਤ ਤੇ ਮਰਦ ਨੂੰ ਇਸ ਤਰ੍ਹਾਂ ਚਿੱਤਰਿਆ ਹੈ ਜਿਵੇਂ ਉਸ ਸਮੇਂ ਦਾ ਸਮਾਜ ਮਰਦ ਪ੍ਰਧਾਨ ਨਹੀਂ ਔਰਤ ਪ੍ਰਧਾਨ ਸਮਾਜ ਹੋਵੇ।

ਕਿੱਸੇ ਦੇ ਆਰੰਭ ਵਿਚ ਹੀ ਰਾਂਝੇ ਦੇ ਭਰਾ ਉਸ ਦੇ ਵੈਰੀ ਹਨ ਪਰ ਭਰਜਾਈਆਂ ਉਹਦੇ ਰੂਪ ਤੇ ਆਸ਼ਕ ਹਨ। ਉਨ੍ਹਾਂ ਨੂੰ ਆਪਣੇ ਮਾਲਕਾਂ ਦਾ ਡਰ ਨਹੀਂ।

ਝੀਉਰਾਂ ਦੀ ਕੁੜੀ ਮੂੰਹ ਪਾੜ ਕੇ ਮਾਂ ਨੂੰ ਕਹਿ ਦਿੰਦੀ ਹੈ ਕਿ ਮੈਂ ਤਾਂ ਉਸ ਮੁਸਾਫ਼ਿਰ (ਰਾਂਝੇ) ਨਾਲ ਹੀ ਵਿਆਹ ਕਰਵਾਉਣਾ ਹੈ। ਝੰਗ ਵਿਖੇ ਹੀਰ 360 ਸਹੇਲੀਆਂ ਨਾਲ ਸ਼ਰੇਆਮ ਬਿਨਾਂ ਕਿਸੇ ਪਰਦੇ ਤੋਂ ਫਿਰਦੀ ਹੈ। ਨੂਰੇ ਸੰਬਲ ਨਾਲ ਮਰਦਾਂ ਵਾਂਗ ਲੜਦੀ ਹੈ। ਬੇਲਿਆਂ ਵਿਚ ਕੁੜੀਆਂ ਮਨਮਰਜ਼ੀਆਂ ਕਰਦੀਆਂ ਫਿਰਦੀਆਂ ਹਨ। ਜਦੋਂ ਲੁੱਡਣ ਬੇੜੀ ਲੈ ਕੇ ਆਉਂਦਾ ਹੈ ਤਾਂ ਹੀਰ ਆਪਣੇ ਪਿਓ ਨੂੰ ਪੁੱਛਣਾ ਵੀ ਜ਼ਰੂਰੀ ਨਹੀਂ ਸਮਝਦੀ ਤੇ ਉਸ ਨੂੰ ਰਖ ਲੈਂਦੀ ਹੈ।

ਸਹਿਤੀ ਇਕ ਵਿਹਦਾ ਪਰ ਨਾ ਉਹ ਸਹੁਰੀਂ ਰਹਿੰਦੀ ਹੈ ਤੇ ਨਾ ਪੇਕੀਂ। ਸਗੋਂ ਇਕ ਨਵੇਕਲੀ ਥਾਂ ਤੇ ਪਿੰਡੋਂ ਦੂਰ ਹਵੇਲੀ ਵਿਚ ਰਹਿੰਦੀ ਹੈ। ਜਦੋਂ ਹੀਰ ਨੂੰ ਸੱਪ ਲੜਦਾ ਹੈ ਤਾਂ ਕੇਵਲ ਸਹਿਤੀ ਨੂੰ ਹੀਰ ਕੋਲ ਛੱਡ ਕੇ ਸਾਰੇ ਘਰੋ-ਘਰੀ ਤੁਰ ਜਾਂਦੇ ਹਨ। ਖੇੜਾ ਇੱਡਾ ਵੱਡਾ ਜ਼ਿਮੀਦਾਰ ਹੈ ਉਸ ਦਾ ਕੋਈ ਨੌਕਰ ਤਕ ਉਥੇ ਨਹੀਂ ਆਉਂਦਾ।

ਜਦੋਂ ਤਾਹਿਰ ਆਪਣੇ ਪੁੱਤਰ ਨੂੰ ਵੜੈਚਾਂ ਦੇ ਵਿਆਹੁਣ ਜਾਂਦਾ ਹੈ ਤਾਂ ਕੁੜੀਆਂ ਮਨਮਰਜ਼ੀ ਨਾਲ ਰਾਂਝੇ ਨੂੰ ਘਰ ਲੈ ਜਾਂਦੀਆਂ ਹਨ। ਕੋਈ ਵੀ ਘਰ ਦਾ ਮਰਦ ਰੋਕਦਾ ਟੋਕਦਾ ਨਹੀਂ, ਔਰਤਾਂ ਕਿਤੇ ਪਰਦਾ ਨਹੀਂ ਕਰਦੀਆਂ। ਜਦੋਂ ਹੀਰ ਵਿਆਹੀ ਜਾਂਦੀ ਹੈ ਤੇ ਰਾਂਝਾ ਮੁੜ ਕੇ ਝੰਗ ਆਉਂਦਾ ਹੈ ਤਾਂ ਸਭ ਕੁੜੀਆਂ ਉਸ ਨੂੰ ਝੰਗ ਵਿਖੇ ਰਹਿਣ ਲਈ ਮਜਬੂਰ ਕਰਦੀਆਂ ਹਨ, ਹਾਲਾਂ ਕਿ ਇਕ ਬਦਨਾਮ ਆਦਮੀ ਨੂੰ ਸ਼ਾਇਦ ਕੋਈ ਘਰ ਰਖਣ ਲਈ ਵੀ ਤਿਆਰ ਨਾ ਹੁੰਦਾ। ਪਰ ਕੁੜੀਆਂ ਮਾਂ ਪਿਉ ਵਲੋਂ ਬੇਖ਼ੌਫ਼ ਹੋ ਕੇ ਇੰਜ ਰਾਂਝੇ ਨੂੰ ਰਹਿਣ ਲਈ ਆਖਦੀਆਂ ਨੇ ਜਿਵੇਂ ਝੰਗ ਉਨ੍ਹਾਂ ਦੀ ਸਟੇਟ ਹੋਵੇ। ਇਹ ਕਿੱਸਾ ਫੇਰ ਦੁਹਰਾ-

ਇਆ ਜਾਂਦਾ ਹੈ ਜਦੋਂ ਜੋਗੀ ਬਣ ਕੇ ਫੇਰ ਝੰਗ ਆਉਂਦਾ ਹੈ। ਇੰਨੀ ਖੁਲ੍ਹ ਔਰਤ ਨੂੰ ਉਸ ਸਮੇਂ ਬਿਲਕੁਲ ਨਹੀਂ ਸੀ ਅਤੇ ਔਰਤ ਲਈ ਪਰਦਾ ਬੜਾ ਜ਼ਰੂਰੀ ਸੀ ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਿਮ। ਇਸ ਬਾਰੇ ਇਤਿਹਾਸ ਵਿਚ ਵੀ ਸੰਕੇਤ ਮਿਲਦੇ ਹਨ :

Parda finds mention in the Arthashashtra as well. In it, we come across "Laws for making contracts between woman who lived in seclution and others which are absolutely peculiar to such woman[1] Thus Parda is an ancient indigenous institution and seems to be existence in the land from time immorable. According to Mrs. Frieda H. Dass it arose along with the division of persons in to high as low castes and the seclution of woman become hall mark of aristocracy.........Indian Muslims followed the customs of the country and adopted the prevailing hall mark of gentility. The rich had elaborate arrangements of Parda The poors began to use what is now known as Burqa. In the times of peace Parda and chilo-marriage were considered to be good safeguards of women.

But more developed form of Parda, with its eloborate code of rules, come into existence almost from the beginning of the Muslims rules in the Punjab Life of women was restricted in Muslims society. Feroze Tughlak and Sikander Lodhi had restricted the pilgrimage of women to the tombs of Saints.[2]

ਪਰ ਦਮੋਦਰ ਦੀ ਕਾਵਿ-ਰਚਨਾ ਵਿਚ ਔਰਤ ਮਰਦ ਉੱਤੇ ਹਾਵੀ ਪ੍ਰਤੀਤ ਹੋ ਰਹੀ ਹੈ।

ਹਾਲਾਂਕਿ ਮੱਧ-ਕਾਲੀ ਪੰਜਾਬ ਵਿਚ (ਬਲਕਿ ਉਨ੍ਹੀਵੀਂ ਸਦੀ ਤੇ ਅੰਤ ਤਕ) ਕੁੜੀਆਂ ਦਾ ਵਿਆਹ ਬਹੁਤ ਛੋਟੀ ਉਮਰ ਵਿਚ ਹੋ ਜਾਂਦਾ ਸੀ। ਪਰ ਦਮੋਦਰ ਨੇ ਪਤਾ ਨਹੀਂ ਕਿਸ ਦੌਰ ਦੇ ਸਮਾਜ ਦੇ ਰਹੁ-ਰੀਤੀ ਵਿਆਹ ਦੀ ਧਾਰਣਾ ਆਪਣੇ ਕਿੱਸੇ ਵਿਚ ਅਪਣਾਈ ਹੋਈ ਹੈ।

ਹੀਰ ਅਜੇ ਬਾਰ੍ਹਾਂ ਵਰ੍ਹਿਆਂ ਦੀ ਨਹੀਂ ਸੀ ਹੋਈ ਜਦੋਂ ਉਹ ਮੰਗ ਦਿੱਤੀ ਗਈ। ਪਰ ਕਮਾਲ ਇਹ ਹੈ ਕਿ ਹੀਰ ਦੀ ਬਦਨਾਮੀ ਵੀ ਹੁੰਦੀ ਰਹਿੰਦੀ ਹੈ। ਪਰ ਉਸ ਦਾ ਵਿਆਹ 24 ਸਾਲ ਦੀ ਉਮਰ ਵਿਚ ਜਾ ਕੇ ਹੁੰਦਾ ਹੈ।

ਉਧਰ ਰਾਂਝੇ ਦੀ ਮੰਗ ਵੀ ਬੈਠੀ ਰਹਿੰਦੀ ਹੈ। ਦਮੋਦਰ ਦੇ ਆਪਣੇ ਬਿਆਨ ਮੁਤਾਬਿਕ

---

[1]Kautilya's Arthashashtra Sham Shastri reference from Punjab under the Sultans (1000-1526 A.D.) Dr. Bakhshish Singh Nijjar, page 146.
[2]Ibid., page 146.

ਉਹਦੀ ਜਵਾਨੀ ਢਲ ਜਾਂਦੀ ਹੈ ਪਰ ਘਰ ਦੇ ਵਿਆਹ ਨਹੀਂ ਕਰਦੇ। ਜਦੋਂ ਰਾਂਝਾ ਆਪਣੇ ਭਤੀਜੇ ਦੇ ਵਿਆਹ ਜਾਂਦਾ ਹੈ ਤਾਂ ਕੁੜੀਆਂ ਬਹਾਨੇ ਨਾਲ ਰਾਂਝੇ ਨੂੰ ਉਸ ਦੀ ਮੰਗੇਤਰ ਕੋਲ ਲੈ ਜਾਂਦੀਆਂ ਹਨ। ਤਾਂ ਉਹ ਕਹਿੰਦੀ ਹੈ :

> ਕਿਉਂ ਕਾਵੜ ਕਰ ਬੋਲੇਂ ਤੂੰਹਾਂ, ਮੈਨੂੰ ਨਿੱਤ ਅੰਦੇਸ਼ਾ।
> ਅੱਠੇ ਪਹਿਰ ਨਿਹਾਰੀ ਪੈਂਡਾ, ਤੇਂਡੀ ਇਤ ਦਰੇਸਾਂ।
> ਜਾ ਮੈਂ ਭਰ ਜੋਬਨ ਰਸਮਾਤੀ, ਰੰਗ ਵਟਾਇਆ ਕੇਸਾਂ।
> ਜੇ ਤੂੰ ਹੀਰ ਹੱਕ ਪਰਾਏ ਪਿੱਛੇ, ਮੈਂ ਕਿਉਂ ਹਕ ਛੁੜੇਸਾਂ।

ਰਾਂਝੇ ਦੀ ਮੰਗੇਤਰ ਦੇ ਵਾਲਾਂ ਦਾ ਰੰਗ ਬਦਲ ਜਾਂਦਾ ਹੈ ਪਰ ਘਰ ਦੇ ਵਿਆਹ ਨਹੀਂ ਕਰਦੇ, ਹਾਲਾਂਕਿ ਉਨ੍ਹਾਂ ਨੂੰ ਰਾਂਝੇ ਦੀਆਂ ਕਰਤੂਤਾਂ ਦਾ ਵੀ ਪਤਾ ਹੈ। ਪਰ ਸਭ ਤੋਂ ਕਮਾਲ ਉਸ ਸਮੇਂ ਹੁੰਦੀ ਹੈ ਜਦੋਂ 35 ਮਹੀਨੇ ਪਿੱਛੋਂ ਜੋਗ ਲੈ ਕੇ ਰਾਂਝਾ ਪਰਤ ਕੇ ਝੰਗ ਆਉਂਦਾ ਹੈ ਤਾਂ ਹੱਸੀ ਅਜੇ ਤਕ ਝੰਗ ਵਿਚ ਕੁਆਰੀ ਹੁੰਦੀ ਹੈ। ਉਹ ਰਾਂਝੇ ਨੂੰ ਕਹਿੰਦੀ ਹੈ :

> ਹੋਵੇ ਹੁਕਮ ਅਖਾਹਾਂ ਤੈਨੂੰ, ਜੇ ਤੈਂਡੇ ਮਨ ਭਾਵੇ।
> ਜਾਲ ਇਥਾਈਂ ਗੌਇਲ ਕੀਚੈ, ਆਤਣ ਆਖ ਸੁਣਾਵੇ।
> ਉਹੋ ਬੇੜੀ, ਤੇ ਓਹਾ ਬੇਲਾ, ਆਤਣ ਪੱਲੂ ਪਾਵੇ
> ਆਖ ਦਮੋਦਰ ਜਾਲ ਇਥਾਈਂ, ਅਸਾਂ ਬਹੁਤ ਹਿਤਾਏ।

ਇੰਜ ਲਗਦਾ ਹੈ ਕਿ ਦਮੋਦਰ ਨੂੰ ਸਮੇਂ ਦੇ ਸਮਾਜ ਦਾ ਜਾਂ ਤਾਂ ਗਿਆਨ ਹੀ ਨਹੀਂ ਸੀ ਜਾਂ ਉਹ ਹਰ ਕੁੜੀ 24 ਸਾਲ ਤੋਂ ਪਹਿਲਾ ਵਿਆਹੀ ਵਰੀ ਵੇਖ ਕੇ ਖੁਸ਼ ਨਹੀਂ ਸੀ।

ਪਰ ਡਾਕਟਰ ਮੋਹਣ ਸਿੰਘ ਨੇ ਆਪਣੀ ਸੰਪਾਦਿਤ ਪੁਸਤਕ 'ਹੀਰ ਵਾਰਸ ਸ਼ਾਹ' ਵਿਚ ਕਿਹਾ ਹੈ ਕਿ, "ਮਿੰਟਗੁਮਰੀ ਜ਼ਿਲ੍ਹਾ ਦੇ ਗਜ਼ਟੀਅਰ ਵਿਚ ਲਿਖਿਆ ਹੈ ਕਿ ਸਿਆਲ ਧਾਰਾ ਨਗਰੀ ਦੇ ਰਾਜਪੂਤ ਸਨ। 1358 ਈ. ਦੇ ਲਗਭਗ ਰਾਏ ਸਿਆਲ ਜਾਂ ਸੇਊ ਵਲਦ (ਪੁੱਤਰ) ਰਾਏ ਸ਼ੰਕਰ ਨੇ ਬਾਬਾ ਫ਼ਰੀਦ ਸ਼ਕਰਗੰਜ ਦੇ ਹੱਥੋਂ ਇਸਲਾਮ ਕਬੂਲ ਕੀਤਾ। ਸਿਆਲ ਕੱਦ ਦੇ ਵੱਡੇ ਹੁੰਦੇ ਹਨ। ਮਜ਼ਾਜ ਦੇ ਖਰ੍ਹਵੇ, ਡੰਗਰ ਚੋਰ ਦੇ ਸ਼ੌਕੀਨ ਤੇ ਵਾਹੀ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ। ਖਰਲਾਂ ਤੇ ਕਾਠਿਆਂ ਵਾਂਗ ਹਿੰਦੂ ਰਸਮਾਂ-ਰੀਤਾਂ ਕਰਦੇ ਹਨ ਤੇ ਆਪਣੀਆਂ ਜ਼ਨਾਨੀਆਂ ਨੂੰ ਪਰਦੇ ਵਿਚ ਨਹੀਂ ਰਖਦੇ। ਉਦੇ ਕਪੜੇ ਪਾਉਣਾ ਤੇ ਪਿੱਤਲ ਦੇ ਭਾਂਡੇ ਵਰਤਣਾ ਉਨ੍ਹਾਂ ਲਈ ਮਨ੍ਹਾ ਹੈ।"[3]

ਜੇ ਇਸ ਨੂੰ ਤਸਲੀਮ ਵੀ ਕਰ ਲਿਆ ਜਾਏ ਤਾਂ ਇਤਿਹਾਸ ਗਵਾਹ ਹੈ ਕਿ ਔਰਤਾਂ ਦਾ ਸਮਾਜ ਵਿਚ ਸਤਿਕਾਰ ਬਹੁਤ ਹੀ ਘੱਟ ਸੀ। ਇਥੋਂ ਤਕ ਕਿ ਅਮੀਰ ਖੁਸਰੋ ਵਰਗੇ ਰੌਸ਼ਨ ਦਿਮਾਗ਼ ਸ਼ਾਇਰ ਨੇ ਸ਼ਿਅਰ-ਉਲ-ਅਜ਼ਮ ਪੁਸਤਕ ਵਿਚ ਆਪਣੀ ਧੀ ਨੂੰ ਨਸੀਹਤ

---

[3] ਡਾ. ਮੋਹਣ ਸਿੰਘ ਦੀਵਾਨਾ, ਹੀਰ ਵਾਰਸ ਸ਼ਾਹ (ਉਰਦੂ), ਲਾਹੌਰ ਬੁਕ ਸ਼ਾਪ, ਲਾਹੌਰ, 1947, ਪੰਨੇ 57-58.

ਕਰਦਿਆਂ ਲਿਖਿਆ ਹੈ, 'ਕਿ ਕਦੇ ਵੀ ਚਰਖੇ ਦੀ ਤੰਦ ਹਥੋਂ ਨਾ ਛੱਡੀਂ ਅਤੇ ਸਦਾ ਆਪਣਾ ਮੂੰਹ ਘਰ ਦੀ ਕੰਧ ਵੱਲ ਰਖੀਂ ਅਤੇ ਆਪਣੀ ਪਿੱਠ ਘਰ ਦੇ ਦਰਵਾਜ਼ੇ ਵੱਲ ਰਖੀਂ ਤਾਂ ਕਿ ਤੇਰਾ ਚਿਹਰਾ ਕੋਈ ਨਾ ਵੇਖ ਸਕੇ।"

ਈਸ਼ਵਰੀ ਪ੍ਰਸ਼ਾਦ ਨੇ ਵੀ ਮੱਧ ਕਾਲੀ ਭਾਰਤ ਦੇ ਇਤਿਹਾਸ ਵਿਚ ਲਿਖਿਆ ਹੈ:

"The liberty of women was restricted; they were not allowed to go visit the tombs of holy men outside the city and Firoz showed his intolerance by perscribing drastic penalties against those women who disobeyed edict.'[4]

ਅਜਿਹੀ ਹਾਲਤ ਵਿਚ 24 ਜਾਂ 27 ਸਾਲ ਤਕ ਧੀਆਂ ਦਾ ਵਿਆਹ ਨਾ ਕਰਨਾ ਯਥਾਰਥ ਦੇ ਅਨੁਕੂਲ ਨਹੀਂ।

ਰਾਂਝਾ ਜਦੋਂ ਹੀਰ ਨਾਲ ਟੰਮਕ ਚੁੱਕ ਕੇ ਤੁਰਦਾ ਹੈ ਤਾਂ ਬੜਾ ਸੁਹਦਾ ਤੇ ਗੈਰਤ-ਹੀਣ ਪ੍ਰਤੀਤ ਹੁੰਦਾ ਹੈ। ਪਰ ਸਮਝ ਨਹੀਂ ਆਉਂਦੀ ਕਿ ਉਹ ਖੇੜਿਆਂ ਤੋਂ ਭੱਜ ਕੇ ਫੇਰ ਝੰਗ ਕੀ ਲੈਣ ਆ ਗਿਆ ਜਦੋਂ ਕਿ ਸਾਰਾ ਝੰਗ ਉਸ ਦਾ ਦੁਸ਼ਮਣ ਸੀ। ਦਮੋਦਰ ਦੀ ਹੀਰ ਵਿਚ ਇਨੀਆਂ ਅੱਤਕਥਨੀਆਂ ਹਨ ਕਿ ਅੱਖੀਂ ਡਿੱਠਾ ਤਾਂ ਕੀ ਉਸ ਦੇ ਕੰਨੀਂ ਸੁਣੇ ਬਾਰੇ ਵੀ ਸ਼ਕ ਹੋਣ ਲੱਗ ਪੈਂਦਾ ਹੈ। ਜਦੋਂ ਰਾਂਝੇ ਕੋਲ ਰਾਮੂ ਬ੍ਰਾਹਮਣ ਜਾਂਦਾ ਤਾਂ ਰਾਂਝਾ ਆਪਣੀ ਝੁੱਗੀ ਨੂੰ ਅੱਗ ਲਾ ਕੇ ਸਭ ਕੁਝ ਤੋੜ ਭੰਨ ਕੇ ਅੱਧੀ ਰਾਤ ਨੂੰ ਤੁਰ ਪੈਂਦਾ ਹੈ।

ਤਾਂ ਦਾਰਾ, ਝੁੱਗੀ ਸਾੜੀ ਧੀਦੋ, ਭੰਨੇ ਘੜੇ ਤਦਾਹੀਂ।
ਅੱਧੀ ਰਾਤੀਂ ਚੱਲਣ ਕੀਤਾ, ਬੈਠਿਆਂ ਬਣਦੀ ਨਾਹੀਂ।
ਓੜਕ ਆਇ ਪਹੁਤੀ ਸਲੇਟੀ, ਮਤ ਫੇਤ ਪਏਸੀ ਸਾਈਂ।
ਅਸਾਂ ਤਾਂ ਸਿੱਕ ਤੁਹਾਡੀ ਹੀਰੇ, ਮਰਪਰ ਤੁਸਾਂ ਮਿਲਾਹੀਂ।

ਉਹ ਤਿੰਨ ਮੰਜ਼ਿਲਾਂ ਮਾਰ ਕੇ ਜਿਹਲਮ ਪੁੱਜਾ। ਫੇਰ ਮੰਜ਼ਿਲ ਮਾਰ ਕੇ ਉਹ ਪਹਾੜੀ ਤੇ ਪਹੁੰਚ ਗਿਆ ਅਤੇ ਤੀਸਰੀ ਮੰਜ਼ਲ ਮਾਰ ਕੇ ਉਹ ਟਿੱਲੇ ਜਾ ਪਹੁੰਚਾ।

ਪਰ ਜਿਹੜਾ ਰਾਂਝਾ ਤਖ਼ਤ ਹਜ਼ਾਰੇ ਹੀਰ ਦੀ ਹਾਲਤ ਸੁਣ ਕੇ ਇਕ ਪਲ ਨਹੀਂ ਸੀ ਟਿਕ ਸਕਿਆ ਉਹ ਜੋਗ ਲੈ ਕੇ ਪਤਾ ਨਹੀਂ ਫੇਰ ਤਖ਼ਤ ਹਜ਼ਾਰੇ ਕੀ ਲੈਣ ਆ ਗਿਆ।

ਬਾਪੀ ਲੈ ਬਗਾਈ ਕੋਲੋਂ, ਚੱਲਣ ਤੇ ਚਿਤ ਚਾਇਆ।
ਭਗਵਾਂ ਵੇਸ ਕੀਤੋਈ ਧੀਦੋ, ਕੱਪੜ ਅਜਬ ਬਣਾਇਆ।
ਮੱਥੇ ਲਾਏ ਬਿਭੂਤ ਰੰਝੇਟਾ, ਦਰਸ਼ਨ ਕੰਨੇ ਪਾਇਆ।
ਆਖ ਦਮੋਦਰ ਚਲਿਆ ਰਾਂਝਾ, ਆ ਕੱਧੀ ਡੇਰਾ ਲਾਇਆ।
ਓਥੋਂ ਚਲਿਆ ਫੇਰ ਰੰਝੇਟਾ, ਚੱਲ ਹਜ਼ਾਰੇ ਆਇਆ।
ਉਲਟਿਆ ਫੇਰ ਹਜ਼ਾਰੇ ਥੀਂ ਧੀਦੋ, ਲੰਮੀ ਤਰਫ਼ ਸਿਧਾਇਆ।

---

[4]Ishwari Prasad, *History of Medieval India*, Indian Press Ltd. Allahabad, 1948, page 534.

ਚਨਿਓਟ ਦੇ ਵਿਚਦੂੰ ਚਲਿਆ, ਅਲੀਪੁਰ ਫੇਰਾ ਪਾਇਆ ।
ਆਖ ਦਮੋਦਰ ਤਾਂ ਦਿਹੁੰ ਚੌਥੇ ਝੰਗ ਸਿਆਲੀਂ ਆਇਆ ।

ਫੇਰ ਸਿਆਲਾਂ ਵਿਚ ਰਾਂਝੇ ਦਾ ਕੀ ਕੰਮ ਸੀ । ਮਹਿਬੂਬ ਆਖ਼ਰੀ ਸਾਹਾਂ ਤੇ ਹੋਵੇ ਤਾਂ ਰਾਂਝਾ ਐਵੇਂ ਅਵਾਰਾਗਰਦੀ ਕਰਦਾ ਫਿਰੇ ? ਇਹ ਗੱਲ ਦਮੋਦਰ ਦੇ ਸਿਆਣੇ ਤੇ ਚਤੰਨ ਕਵੀ ਹੋਣ ਦੀ ਸ਼ਾਹਦ ਨਹੀਂ । ਬਿਲਾ ਵਜਾਹ ਤੁਰੇ ਫਿਰਣ ਦਾ ਨਾ ਤਾਂ ਕੋਈ ਦਮੋਦਰ ਨੇ ਕਾਰਣ ਦੱਸਿਆ ਹੈ ਅਤੇ ਨਾ ਹੀ ਕੋਈ ਕਾਰਣ ਨਜ਼ਰ ਆਉਂਦਾ ਹੈ । ਟਿੱਲਾ ਬਾਲ ਨਾਥ ਤੋਂ ਹਜ਼ਾਰੇ ਦੀ ਬਹੁਤ ਵਿੱਥ ਹੈ ਤੇ ਰਾਂਝਾ ਤਖ਼ਤ ਹਜ਼ਾਰੇ ਤੋਂ ਟਿੱਲਾ ਬਾਲ ਨਾਥ ਜਾ ਕੇ ਫੇਰ ਤਖ਼ਤ ਹਜ਼ਾਰੇ ਮੁੜਦਾ ਹੈ ਅਤੇ ਤਖ਼ਤ ਹਜ਼ਾਰੇ ਕਿਸੇ ਨੂੰ ਮਿਲੇ ਗਿਲੇ ਬਿਨਾਂ ਹੀ ਝੰਗ ਮੁੜ ਆਉਂਦਾ ਹੈ ਤੇ ਝੰਗ ਤੋਂ ਫੇਰ ਖੇੜੇ ਪਹੁੰਚਦਾ ਹੈ । ਗੁਰਦਿੱਤ ਸਿੰਘ ਪ੍ਰੇਮੀ ਹੋਰੀਂ ਇਹ ਹੀ ਪ੍ਰਸ਼ਨ ਉਠਾ ਕੇ ਆਪ ਹੀ ਉੱਤਰ ਦਿੰਦੇ ਹਨ ਕਿ ,'ਹੀਰ ਇਸ ਰਸਤੇ ਤੋਂ ਜਾਣੂ ਸੀ ਉਸ ਇਸ ਦਾ ਲਾਭ ਉਠਾਇਆ''।[6] ਵੇਖਿਆ ਜੇ ਸਾਡੇ ਆਲੋਚਕ ਦੀ ਮੰਤਿਕ ਦਾ ਕਮਾਲ ।

ਦਮੋਦਰ ਅਨੁਸਾਰ ਰਾਂਝਾ ਹੀਰ ਨੂੰ ਲੈ ਕੇ ਤਿੰਨ ਹਫ਼ਤੇ ਸਹਿਤੀ ਦੀ ਛਤਰ ਛਾਇਆ ਹੇਠ ਮੌਜਾਂ ਕਰਦਾ ਰਿਹਾ ਪਰ ਆਖ਼ਰ ਉਸ ਨੂੰ ਲੈ ਕੇ ਉੱਧਲ ਗਿਆ ।

ਜੇ ਪਹਿਲਾਂ ਹੀ ਲੈ ਜਾਂਦਾ ਤਾਂ ਫੇਰ ਦਮੋਦਰ ਦੀ ਅਕਲਮੰਦੀ ਦੀ ਕੌਣ ਦਾਦ ਦਿੰਦਾ । ਜਦੋਂ ਲੈ ਕੇ ਤੁਰਿਆ ਤਾ ਮੂਲ ਬੂਟੀ ਲੰਘ ਗਿਆ ਜਿਸ ਦੇ ਉਲੰਘਣ ਨਾਲ ਆਦਮੀ ਓਥੇ ਹੀ ਘੁੰਮਦਾ ਰਹਿੰਦਾ ਹੈ । ਇਹ ਬੂਟੀ ਵਾਸਤਵ ਵਿਚ ਪੰਜਾਬ ਦੇ ਕਿਸੇ ਖ਼ਿੱਤੇ ਵਿਚ ਵੀ ਨਹੀਂ ਹੁੰਦੀ । ਇਹ ਬੂਟੀ ਦਮੋਦਰ ਦੇ ਆਪਣੇ ਜ਼ਿਹਨ ਦੀ ਕਾਢ ਹੀ ਹੈ । ਇਤਿਹਾਸ ਵਿਚ ਵੀ ਇਸ ਦਾ ਕਿਧਰੇ ਮੇਰੇ ਵੇਖਣ ਵਿਚ ਜ਼ਿਕਰ ਨਹੀਂ ਆਇਆ । 38 ਦਿਨ ਪਿੱਛੋਂ ਰਾਂਝੇ ਨੂੰ ਸਹਿਤੀ ਨੇ ਭਿਜਵਾਇਆ ਵੀ ਤਾਂ ਵਿਚਾਰਾ ਮੂਲ ਬੂਟੀ ਉਲੰਘ ਕੇ ਪਰਤ ਆਇਆ । ਕਿਉਂਕਿ ਜੇ ਹਫ਼ਤਾ ਪਹਿਲਾਂ ਭਜ ਜਾਂਦਾ ਤਾਂ ਉਨ੍ਹਾਂ ਨੂੰ ਖੇੜੇ ਫੜ ਨਹੀਂ ਸਨ ਸਕਦੇ ।

ਦਮੋਦਰ ਦੀ ਗੰਢੀ ਹੋਈ ਕਹਾਣੀ ਵਿਚ ਬਹੁਤ ਹੀ ਉਣਤਾਈਆਂ ਹਨ । ਹੀਰ ਦੇ ਘਰ ਵਾਲਾ ਵਿਆਹੁਣ ਗਿਆ ਹੀ ਹੀਰ ਤੋਂ ਜੁੱਤੀਆਂ ਖਾ ਲੈਂਦਾ ਹੈ । ਅਤੇ ਹੀਰ ਉਸ ਨੂੰ ਮਾਂ-ਪਿਉ ਜਾਇਆ ਆਖਦੀ ਹੈ :

ਤੂੰ ਵੀ ਮੇਰਾ ਮਾਂ ਪਿਉ ਜਾਇਆ, ਕੁਝ ਤਫ਼ਾਵਤ ਨਾਹੀਂ ।

ਪੰਜਾਬ ਵਿਚ ਸ਼ਾਇਦ ਇਹ ਰਸਮ ਕਿਧਰੇ ਮੁਸਲਮਾਨਾਂ ਵਿਚ ਪ੍ਰਚੱਲਤ ਰਹੀ ਹੋਵੇ ਕਿ ਨਿਕਾਹ ਤੋਂ ਪਿੱਛੋਂ ਕੁੜੀ ਦੇ ਘਰ ਕੁੜੀ ਮੁੰਡਾ ਰਾਤ ਨੂੰ ਇਕੱਠੇ ਪੈਂਦੇ ਹੋਣ । ਪਰ ਇਸ ਦਾ ਵੀ ਦਮੋਦਰ ਤੋਂ ਬਿਨਾਂ ਕਿਧਰੇ ਹਵਾਲਾ ਨਹੀਂ ਮਿਲਦਾ ।

ਕਰ ਕਰ ਰੀਤ ਆਂਦੋ ਨੇ ਖੇੜਾ, ਤਾਂ ਚਲ ਅੰਦਰ ਆਇਆ ।
ਕਿ ਤੁਸ ਪੈਰ ਪਲੰਘ ਦੇ ਉੱਤੇ, ਹੀਰ ਜਗਾਇ ਬਹਾਇਆ ।
ਪੁੱਛੇ ਕੌਣ ! ਕਿ ਜਾਤੁਸ ਖੇੜਾ, ਨਥ ਤਮਾਚਾ ਲਾਇਆ ।
ਆਖ ਦਮੋਦਰ ਦੰਦ ਰੰਝਾਣੇ, ਲੋਹੂ ਨਾਲ ਚਲਾਇਆ ।

[6]ਗੁਰਦਿੱਤ ਸਿੰਘ ਪ੍ਰੇਮੀ, ਹੀਰ ਦਮੋਦਰ ਰਚਨਾਵਲੀ, ਪੰਨਾ 9.

ਖੇੜਾ ਹੀਰ ਤੋਂ ਜੁੱਤੀਆਂ ਖਾ ਕੇ, ਭਰਾ ਕਹਾ ਕੇ ਕਿਸੇ ਨੂੰ ਆ ਕੇ ਨਹੀਂ ਦੱਸਦਾ। ਹੀਰ ਖੇੜੀਂ ਜਾ ਕੇ ਸਾਫ਼ ਸਾਫ਼ ਸੱਸ ਨੂੰ ਕਹਿ ਦਿੰਦੀ ਹੈ ਕਿ ਮੈਂ ਤਾਂ ਰਾਂਝੇ ਦੀ ਹਾਂ। ਪਰ ਉਹ ਫੇਰ ਵੀ ਹੀਰ ਦਾ ਖਹਿੜਾ ਨਹੀਂ ਛਡਦੇ। ਕਮਾਲ ਦੇ ਬੇਗ਼ੈਰਤ ਪਾਤਰ ਹਨ। ਇਸੇ ਤਰ੍ਹਾਂ ਹੀਰ ਦਾ ਪਿਉ ਮੰਗੂ ਚਰਵਾਉਣ ਦਾ ਸਾਰਾ ਸਭ ਕੁਝ ਜਾਣ ਕੇ ਵੀ ਗ਼ਰਜ਼ ਨੂੰ ਲਾਜ ਨਾਲੋਂ ਪਹਿਲ ਦਿੰਦਾ ਹੈ। ਡਾ. ਸੇਤਲ, ਕਾਂਗ ਤੇ ਹੋਰ ਆਲੋਚਕ ਉਸ ਨੂੰ ਸਿਕਦਾਰ ਮੰਨਦੇ ਹਨ। ਕੀ ਸਿਕਦਾਰ ਨੂੰ ਕੋਈ ਹੋਰ ਚਾਰੂ ਨਹੀਂ ਸੀ ਲਭਦਾ ?

ਇਕ ਸਿਕਦਾਰ ਦਾ ਭਰਾ ਫ਼ਕੀਰ ਬਣ ਕੇ ਉਸ ਦਾ ਨੱਕ ਵੱਢਣ ਲਈ ਉਸੇ ਹੀ ਪਿੰਡ ਵਿਚ ਝੁੱਗੀ ਪਾਈ ਬੈਠਾ ਹੈ। ਇੱਡੇ ਵੱਡੇ ਜਾਗੀਰਦਾਰ ਦੀ ਧੀ ਬੇਲੇ ਆਪ ਭੱਤਾ ਲੈ ਕੇ ਜਾਂਦੀ ਹੈ। ਜਦੋਂ ਰਾਂਝਾ ਪਹਿਲੀ ਵਾਹੀ ਖੇੜੀਂ ਜਾਂਦਾ ਹੈ ਤਾਂ ਉਸ ਦਾ ਪਿਉ ਚੂਚਕ ਹੀਰ ਨੂੰ ਆਵਾਜ਼ ਮਾਰਦਾ ਕਿ (ਮੁਸਾਫ਼ਿਰ ਲਈ) ਬਾਹਰ ਪਾਣੀ ਦੇ ਜਾ, ਪਰ ਹੀਰ ਕਮਾਲ ਬਹਾਨਾ ਘੜਦੀ ਹੈ :

ਲੁੱਗੇ ਦੁੱਧ ਤੇ ਨੰਗੇ ਮੱਖਣ, ਬਾਬਲ ਮੈਂਡੇ ਕੋਲ ਨਾ ਕੋਈ।
ਬਿਲੀਆਂ ਕੁੱਤੇ ਬਾਹਰ ਫਿਰਦੇ, ਆਵਣ ਮਹੀਂ ਨਾ ਹੋਈ।
ਜੂਠਾ ਮੀਠਾ ਟੁੱਕਰ ਬਹੁਤਾ, ਕੰਮੀਂ ਨਾਹੀਂ ਕੋਈ।
ਅੰਦਰ ਭੇਜ ਦੇਹੁ ਹੁਣ, ਜੋ ਬੂਹੇ ਆਇਆ ਕੋਈ।

ਇਨ੍ਹਾਂ ਛੋਟੀਆਂ ਛੋਟੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਚੂਚਕ ਕੋਈ ਸਾਧਾਰਣ ਜਿਹਾ ਜ਼ਿਮੀਦਾਰ ਸੀ, ਸਿਕਦਾਰ ਨਹੀਂ ਸੀ।

ਕਿਸੇ ਮੁਸਾਫ਼ਿਰ ਨੂੰ ਜ਼ਨਾਨਖ਼ਾਨੇ ਵਿਚ ਭੇਜਣਾ ਵੀ ਮੁਸਲਿਮ ਸਭਿਆਚਾਰ ਤੇ ਨੈਤਿਕਤਾ ਦੇ ਉਲਟ ਹੈ।

ਰਾਂਝੇ ਦੀਆਂ ਸਾਰੀਆਂ ਕਰਤੂਤਾਂ ਤੋਂ ਵੜਾਇਚ ਜਾਣੂ ਹੈ ਪਰ ਫੇਰ ਵੀ ਆਪਣੀ ਧੀ ਰਾਂਝੇ ਨੂੰ ਦੇਣ ਲਈ ਬਜ਼ਿੱਦ ਹੈ। ਉਸ ਦੀ ਉਡੀਕ ਵਿਚ ਕੁੜੀ ਦੇ ਵਾਲ ਵੀ ਧੌਲੇ ਹੋ ਜਾਂਦੇ ਹਨ। ਹਾਲਾਂਕਿ ਅੱਜ ਦੇ ਦੌਰ ਵਿਚ ਵੀ ਇਹ ਗੱਲ ਸੰਭਵ ਨਹੀਂ।

ਨਾਹੜਾਂ ਤੋਂ ਬਿਨਾਂ ਦਮੋਦਰ ਦੇ ਸਾਰੇ ਪਾਤਰ ਹੀ ਖ਼ੁਦਗ਼ਰਜ਼, ਅਮਰਦ ਤੇ ਬੇਗ਼ੈਰਤ ਜਿਹੇ ਪ੍ਰਤੀਤ ਹੁੰਦੇ ਹਨ। ਕਹਾਣੀ ਵਿਚ ਉਪ-ਘਟਨਾਵਾਂ ਬੜੀਆਂ ਓਪਰੀਆਂ ਤੇ ਯਥਾਰਥਹੀਣ ਪ੍ਰਤੀਤ ਹੁੰਦੀਆਂ ਹਨ ਉਸ ਦੇ ਮੁਸਲਮਾਨ ਪਾਤਰ ਮੁਸਲਮਾਨਾਂ ਨਾਲੋਂ ਹਿੰਦੂ ਵਧੇਰੇ ਪ੍ਰਤੀਤ ਹੁੰਦੇ ਹਨ, ਜਾਂ ਇੰਜ ਕਿਹਾ ਜਾ ਸਕਦਾ ਹੈ ਕਿ ਦਮੋਦਰ ਮੁਸਲਮ ਰਹੁ-ਰੀਤਾਂ ਦੀ ਡੂੰਘੀ ਪੇਸ਼ਕਾਰੀ ਨਹੀਂ ਕਰ ਸਕਿਆ।

ਅਜੇ ਰਾਂਝੇ ਨੂੰ ਚਾਕ ਬਣਿਆਂ ਦੋ ਮਹੀਨੇ ਹੀ ਹੋਏ ਸਨ ਕਿ ਉਸ ਦੇ ਇਸ਼ਕ ਦੀ ਚਰਚਾ ਚਲ ਪਈ।

ਜਾਂ ਦੁਇ ਮਾਹ ਗੁਜ਼ਰੇ ਹੀਵੇਂ, ਤਾਂ ਚਉ ਚਉ ਪਈਆਈ।

ਪਰ ਕਮਾਲ ਇਹ ਹੈ ਕਿ ਇਸ ਦੇ ਬਾਵਜੂਦ ਰਾਂਝਾ ਬਾਰ੍ਹਾਂ ਸਾਲ ਟਿਕਿਆ ਰਿਹਾ। ਇਹ ਠੀਕ ਹੈ ਕਿ ਪਹਿਲਾਂ ਲੋਕਾਂ ਨੂੰ ਹੀ ਇਸ ਤਰ੍ਹਾਂ ਦੀਆਂ ਕਹਾਣੀਆਂ ਦੀ ਸੂੰਹ ਮਿਲਦੀ ਹੈ ਤੇ ਫੇਰ ਘਰ ਦਿਆਂ ਨੂੰ ਪਤਾ ਲਗਦਾ ਹੈ। ਜੋ ਸਾਲ ਦੇ ਅੰਦਰ ਅੰਦਰ ਇਹ ਗੱਲ ਸਭ

ਤਕ ਪੁੱਜ ਜਾਂਦੀ ਹੈ ।

ਸਵਾਲ ਉਠਦਾ ਹੈ ਕਿ 11 ਸਾਲ ਘਰ ਦੇ ਕਿਵੇਂ ਸੁੱਤੇ ਰਹੇ ਜਦ ਕਿ ਹੀਰ ਮੰਗੀ ਹੋਈ ਵੀ ਸੀ ।

ਕੁੜੀਆਂ ਤੇ ਸੰਬਲਾਂ ਦੀ ਲੜਾਈ ਹੁੰਦੀ ਹੈ ਤਾਂ ਅੱਠ ਕੁੜੀਆਂ ਤੇ ਨੂਰੇ ਦੇ ਕੁਝ ਬੰਦੇ ਮਰ ਜਾਂਦੇ ਹਨ ਪਰ ਕੁੜੀਆਂ ਚੁੱਪ ਕਰਕੇ ਉਨ੍ਹਾਂ ਲਾਸ਼ਾਂ ਨੂੰ ਦਰਿਆ ਵਿਚ ਰੋੜ੍ਹ ਦਿੰਦੀਆਂ ਹਨ ਤੇ ਕੁੜੀਆਂ ਨੂੰ ਬਿਨਾਂ ਕਿਸੇ ਦੇ ਦੱਸੇ ਪੁੱਛੇ ਦਬਾ ਦਿੰਦੀਆਂ ਹਨ ।

ਹਾਲਾਂ ਕਿ ਉਸ ਸਮੇਂ 'ਖ਼ੂਨ ਦਾ ਬਦਲਾ ਖ਼ੂਨ' ਕਾਨੂੰਨ ਸੀ । ਇਸ ਤਰ੍ਹਾਂ ਦੀਆਂ ਵਿਸੰਗਤੀਆਂ ਦਮੋਦਰ ਦੀ ਕਥਾ ਵਿਚ ਆਮ ਹਨ ।

ਇਸ ਪੱਖੋਂ ਦਮੋਦਰ ਬਹੁਤ ਅਵੇਸਲਾ ਹੈ ਤੇ ਸੁਜੱਗ ਕਲਾਕਾਰ ਨਹੀਂ ।

8

# ਹੀਰ ਦਮੋਦਰ ਦਾ ਕਲਾ ਪੱਖ

## ਛੰਦ ਪ੍ਰਬੰਧ

ਦਮੋਦਰ ਨੇ ਆਪਣਾ ਕਿੱਸਾ ਦਵੱਈਆ ਛੰਦ ਵਿਚ ਲਿਖਿਆ ਹੈ। ਦਵੱਈਆ (ਦੁਵੈਯਾ) 28 ਮਾਤ੍ਰਿਕ ਛੰਦ ਹੈ। ਪਹਿਲਾ ਬਿਸਰਾਮ 16 ਮਾਤ੍ਰਾਂ ਉੱਤੇ ਅਤੇ ਦੂਜਾ 12 ਮਾਤ੍ਰਾਂ ਤੇ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਛੰਦ ਦਵਾਕਰ ਦੇ ਪੰਨਾ 210 ਤੇ ਦਵੱਯਾ ਛੰਦ ਬਾਰੇ ਲਿਖਿਆ ਹੈ—'ਦਵੈਯਾ ਇਸ ਨੂੰ ਦੋਵੈ ਵੀ ਆਖਦੇ ਹਨ। ਇਸ ਦੇ ਲਕਸ਼ਣ ਹਨ ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ, ਪਹਿਲਾ ਬਿਸਰਾਮ 16 ਪਰ, ਦੂਜਾ 12 ਪਰ, ਅੰਤ ਗੁਰੂ'।

ਜੋਗਿੰਦਰ ਸਿੰਘ ਨੇ ਆਪਣੀ ਪੁਸਤਕ ਪਿੰਗਲ ਤੇ ਉਰੂਜ਼ (ਅਰੂਜ਼) ਵਿਚ ਇਸ ਨੂੰ ਬੈਂਤ ਖੁਰਦ ਵੀ ਲਿਖਿਆ ਹੈ।

ਪੰਡਤ ਕਰਤਾਰ ਸਿੰਘ ਦਾਖ਼ਾ ਨੇ ਵੀ ਦੁਵੈਯਾ ਦੇ ਭਾਈ ਕਾਨ੍ਹ ਸਿੰਘ ਨਾਭਾ ਵਾਲੇ ਹੀ ਲੱਛਣ ਦਰਸਾਏ ਹਨ।

ਦਮੋਦਰ ਨੇ ਇਸ ਛੰਦ ਨੂੰ ਆਪਣੀ ਰਚਨਾ ਵਿਚ ਪੂਰੇ ਜ਼ਾਬਤੇ ਨਾਲ ਨਹੀਂ ਨਿਭਾਇਆ। ਜਿਵੇਂ ਹੇਠ ਲਿਖੇ ਮਿਸਰਿਆਂ ਵਿਚ ਤਾਂ ਮਾਤ੍ਰਾਂ ਦੀ ਗਿਣਤੀ ਦਰੁਸਤ ਹੈ।

ਧੀਦੋ ਨਾਉਂ ਰੰਝੇਟਾ ਸਹਿਤੀ, ਮੈਂ ਤਿਸ ਦੇ ਹੱਥ ਵਿਕਾਣੀ।
ਇਹ ਨਸੀਹਤ ਬਿਨਾਂ ਨਾ ਮਹਿਰਮ, ਮਹਿਰਮ ਹੋਇ ਤਾਂ ਜਾਣੀ।

ਪਰ ਉਸ ਦੇ ਬੇਗ਼ਤਰ ਸ਼ਿਅਰਾਂ ਵਿਚ ਇਹ ਜ਼ਾਬਤਾ ਕਾਇਮ ਨਹੀਂ ਰਹਿ ਸਕਿਆ। ਇਸ ਪੱਖੋਂ ਭਾਵ ਛੰਦਾ-ਬੰਦੀ ਦੇ ਨਿਯਮਾਂ ਪ੍ਰਤੀ ਦਮੋਦਰ ਕੋਈ ਚੇਤੰਨ ਕਵੀ ਨਹੀਂ ਪਰ ਉਹ ਪਹਿਲਾ ਕਵੀ ਹੋਣ ਕਾਰਣ ਇੰਨੀ ਕੁ ਰਿਆਇਤ ਦਾ ਭਾਗੀ ਹੈ। ਕਿਉਂਕਿ ਉਸ ਦੇ ਸਾਹਵੇਂ ਲਿਖਤੀ ਰੂਪ ਵਿਚ ਪੰਜਾਬੀ-ਕਾਵਿ ਦੇ ਨਮੂਨੇ ਨਹੀਂ ਸਨ। ਮੌਖਿਕ ਰੂਪ ਵਿਚ ਹੀ ਹੋਣਗੇ।

ਉਸ ਨੇ ਚੋਮਿਸਰਿਆਂ ਵਿਚ ਆਪਣੀ ਮਰਜ਼ੀ ਨਾਲ ਘਾਟਾ ਵਾਧਾ ਕਰ ਲਿਆ ਹੈ—ਕਿਤੇ ਚਾਰ ਮਿਸਰੇ ਹਨ, ਕਿਤੇ ਪੰਜ ਤੇ ਕਿਤੇ ਛੇ ਵੀ ਹਨ। ਡਾ. ਪਰਮਿੰਦਰ ਸਿੰਘ, ਪ੍ਰੀਤਮ ਸੈਣੀ ਤੇ ਡਾ. ਗੁਰਦੇਵ ਸਿੰਘ ਆਦਿ ਨੇ ਹੀਰ ਦਮੋਦਰ ਦੀ ਸਾਰੀ ਕਾਵਿ-ਰਚਨਾ ਨੂੰ ਦਵੈਯਾ ਛੰਦ ਦੇ ਨਿਯਮਾਂ ਹੇਠ ਹੀ ਵਿਚਾਰਿਆ ਹੈ। ਪਰ ਬਾਵਾ ਗੰਗਾ ਸਿੰਘ ਬੇਦੀ ਨੇ ਆਪਣੀ ਸੰਪਾਦਿਤ ਪੁਸਤਕ 'ਹੀਰ ਦਮੋਦਰ' ਵਿਚ ਲਿਖਿਆ ਹੈ, "ਛੰਦ ਆਪ ਨੇ ਓਸ ਸਮੇਂ ਦੇ ਵਾਰ ਦੇ ਛੰਦਾਂ ਵਿਚੋਂ ਲਿਆ ਹੈ ਜੋ ਦੁਵੈਯਾ

ਹੈ। ਇਹ ਕੜੀ ਥਾਈਂ ਨਿਭਦਾ ਨਹੀਂ। ਜਾਂ ਤਾਂ ਕਵੀ ਹੀ ਪ੍ਰਵਾਹ ਘੱਟ ਕਰਦਾ ਹੈ ਜਾਂ ਸਮੇਂ ਦੇ ਫੇਰ ਨਾਲ ਉਤਾਰੇ ਕਰਨ ਵਾਲੇ ਫ਼ਰਕ ਪਾ ਗਏ ਹਨ।

ਮੈਂ ਬੇਦੀ ਸਾਹਿਬ ਦੀ ਪਿਛਲੀ ਗੱਲ ਨਾਲ ਵਧੇਰੇ ਮੁਤਫ਼ਿਕ ਹਾਂ। ਪਰ ਵਾਰ ਦੇ ਛੰਦਾਂ ਵਿਚ ਵੀ ਦੁਵੈਯਾ ਨੂੰ ਨਹੀਂ ਗਿਣਿਆ ਜਾ ਸਕਦਾ।

ਉਸ ਨੇ ਸਦ ਵਿਚ ਵੀ ਕਈ ਚੌਮਿਸਰੇ ਲਿਖੇ ਹਨ, ਜਿਵੇਂ :

ਪੱਲੇ ਖ਼ਰਚ ਨਾ ਬੰਨ ਦੇ, ਪੰਖੀ ਤੇ ਦਰਵੇਸ਼।
ਜਿਨ੍ਹਾਂ ਆਸਰਾ ਰੱਬ ਦਾ, ਤਿਨਾ ਰਿਜ਼ਕ ਹਮੇਸ਼।

ਸ਼ਾਇਦ ਇਸੇ ਲਈ ਦੁਵੈਯਾ ਤੇ ਸਦ ਦੇ ਛੰਦ ਨੂੰ ਬੇਦੀ ਸਾਹਿਬ ਇਕ ਸਮਝ ਲਿਆ ਹੈ। ਉਂਜ ਗ਼ੁਲਾਮ ਯਾਕੂਬ ਅਨਵਰ ਨੇ ਆਪਣੀ ਪੁਸਤਕ ਵਿਚ ਵੀ ਸਦ ਨੂੰ ਦੁਵੈਯਾ ਦੀ ਹੀ ਇਕ ਕਿਸਮ ਲਿਖਿਆ ਹੈ।[1] ਪਰ ਦੁਵੈਯਾ ਛੰਦ ਦੇ ਅੰਤ ਵਿਚ ਲਘੂ ਨਹੀਂ ਆ ਸਕਦਾ ਜਦ ਕਿ ਸਦ ਵਿਚ ਇਹ ਜਾਇਜ਼ ਹੈ। ਦਮੋਦਰ ਨੇ ਇਸ ਨਿਯਮ ਦਾ ਵੀ ਖ਼ਿਆਲ ਨਹੀਂ ਰਖਿਆ। ਪਰ ਮੈਂ ਗ਼ੁਲਾਮ ਯਾਕੂਬ ਅਨਵਰ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ, 'ਬੈਂਤ ਅਸਲ ਵਿਚ ਫ਼ਾਰਸੀ ਵਿਚੋਂ ਲਿਆ ਗਿਆ ਹੈ। ਉਥੇ ਇਹਦੇ ਵਿਚ ਦੋ ਮਿਸਰੇ ਹੁੰਦੇ ਹਨ ਅਤੇ ਇਹਨੂੰ ਬੈਂਤ ਕਿਹਾ ਜਾਂਦਾ ਏ'' ਸਭ ਤੋਂ ਪਹਿਲੀ ਵਾਰੀ ਇਹ ਛੰਦ ਨਸੀਹਤਨਾਮਾ ਵਿਚ ਲਭਦਾ ਏ, ਜਿਵੇਂ :

ਕੀਜੇ ਤਵਾਜ਼ੇ, ਨਾ ਕੀਜੇ ਗੁਮਾਨ।
ਨਾ ਰਹਿਸੀ ਇਹ ਦੁਨੀਆ ਨਾ ਰਹਸੀ ਦੀਵਾਨ।

ਜਿਵੇਂ ਜਿਵੇਂ ਵੇਲਾ ਬੀਤਦਾ ਗਿਆ, ਆਪਣੀਆ ਲੋੜਾਂ ਪਾਰੋਂ ਪੰਜਾਬੀ ਸ਼ਾਇਰ ਇਸ ਦੇ ਵਿਚ ਵਾਧਾ ਕਰਦੇ ਗਏ। ਹਾਫ਼ਿਜ਼ ਬਰਖ਼ੁਰਦਾਰ ਪਹਿਲਾ ਸ਼ਾਇਰ ਹੈ ਜਿਸ ਨੇ ਮਿਸਰਿਆਂ ਵਾਲੇ ਬੈਂਤ ਦਾ ਮੁੱਢ ਬੰਨ੍ਹਿਆ।[2]

ਅਨਵਰ ਸਾਹਿਬ ਨੇ ਅੱਗੇ ਚਲਕੇ ਹਾਫ਼ਿਜ਼ ਦੇ ਮਿਸਰਿਆਂ ਦੀ ਉਦਾਹਰਣ ਦਿੱਤੀ ਹੈ :

ਸੱਸੀ ਸਣੇ ਸਹੇਲੀਆਂ, ਆਈਆਂ ਰੰਗ ਮਹੱਲ।
ਤੇ ਪੁੰਨੂੰ ਹੋਤ ਨਾ ਸੱਕਿਆ, ਝਾਲ ਸੱਸੀ ਦੀ ਝੱਲ।
ਉਸ ਪੁਰ ਕਰਲਾਏ ਹਾਫ਼ਿਜ਼ਾ, ਦੋ ਨੈਣਾਂ ਦੇ ਛੱਲ।
ਉਹ ਲੈਣ ਮਿਜ਼ੂਹੀਂ ਨਿੱਕਲੇ, ਬਾਨ ਕਲੇਜੇ ਸੱਲ।

ਇਸ ਛੰਦ ਵਿਚ 26 ਮਾਤ੍ਰਾਂ ਹਨ। ਪਹਿਲਾ ਬਿਸਰਾਮ 15 ਮਾਤ੍ਰਾ ਤੇ ਹੈ ਅਤੇ ਦੂਜਾ 11 ਮਾਤ੍ਰਾ ਤੇ। ਪਰ ਕਿੱਸਾਕਾਰਾਂ ਵਿੱਚੋਂ ਇਸ ਦੀ ਵਰਤੋਂ ਸਭ ਤੋਂ ਪਹਿਲਾਂ ਦਮੋਦਰ ਨੇ ਹੀ ਕੀਤੀ ਹੈ। ਜਿਵੇਂ :

ਜੋਗੀ ਨੀਹੋਂ ਚੋਰ ਯਾਰ, ਹਿੱਕੇ ਤਾਂ ਹੈਂ ਬਟਵਾਲ।
ਹਿੱਕੇ ਤਾਂ ਰੰਨਾਂ ਠੱਗੀਆਂ, ਹਿੱਕੇ ਠੱਗੇ ਨੀ ਬਾਲ।

---

[1]ਗ਼ੁਲਾਮ ਯਾਕੂਬ ਅਨਵਰ, ਬੋਲ ਤੇ ਤੋਲ, ਪੰਜਾਬੀ ਅਦਬੀ ਬੋਰਡ, ਲਾਹੌਰ, ਫ਼ਰਵਰੀ 1981, ਪੰਨਾ 187.
[2]ਉਹੀ, ਪੰਨਾ 171.

ਕੂੜ ਅਲੇਂਦਾ ਮੁਖ ਥੀਂ, ਬੋਲੇਂ ਨਹੀਂ ਸੰਭਾਲ।
ਜੇ ਤੂੰ ਜੋਗੀ ਸੱਚ ਦਾ, ਅੱਖੀਂ ਖੋਲ੍ਹ ਵਿਖਾਲ।

ਪਰ ਇਸ ਪ੍ਰਬੰਧ ਵਿਚ ਵੀ ਦਮੋਦਰ ਨੇ ਮਰਜ਼ੀ ਨਾਲ ਘਾਟੇ ਵਾਧੇ ਜ਼ਰੂਰ ਕੀਤੇ ਹਨ। ਸੋ ਹਾਫ਼ਿਜ਼ ਨੇ ਪਹਿਲੀ ਵਾਰੀ ਇਹ ਛੰਦ ਨਹੀਂ ਵਰਤਿਆ, ਦਮੋਦਰ ਨੇ ਵਰਤਿਆ ਹੈ।

**ਕਾਫ਼ੀਆ**

ਦਮੋਦਰ ਨੇ ਕਈਆਂ ਥਾਵਾਂ ਤੇ ਭਾਈ ਨਾਲ ਸਾਈਂ ਦਾ ਕਾਫ਼ੀਆ ਵੀ ਬੰਨ੍ਹਿਆ ਹੈ। ਜਿਵੇਂ:

ਜੋਗੀ ਭੱਠ ਤੇ ਅੱਗ ਸਲੇਟੀ, ਅਸੀਂ ਮੁਏ ਬਿਣ ਆਈ।
ਅਸੀਂ ਵੰਞ ਜੁਲਾਹਾਂ ਏਥੋਂ, ਇੱਥੇ ਰਹਿੰਦੇ ਨਾਹੀਂ।

ਇਸੇ ਤਰ੍ਹਾਂ ਤੇਲ, ਮੇਲ ਆਦਿ ਨਾਲ ਛੇੜ ਦਾ ਕਾਫ਼ੀਆ ਬੰਨ੍ਹਿਆ ਹੈ। ਇਸੇ ਤਰ੍ਹਾਂ ਤਾਜ਼ੇ ਤੇ ਦਰਵਾਜ਼ੇ ਨਾਲ ਗੁਲਾਬੇ ਦਾ ਕਾਫ਼ੀਆ ਮੇਲ ਦਿੱਤਾ ਹੈ। ਜਿਵੇਂ:

ਕਲੱਰ ਕੋਟੋਂ, ਕੋਟ ਕਬੂਲੇਂ, ਮੁਸ਼ਕ ਆਇਆ ਦਰਵਾਜ਼ੇ।
ਅਦਲੀ ਰਾਜ਼ੇ ਅਦਲ ਸਿਞਾਤਾਂ, ਕੂੰਜ ਮਿਲੇ ਸੇ ਬਾਜ਼ੇ।
ਚੰਦਨ ਕੰਧਾਂ ਮੁਸ਼ਕ ਘਨੇਰਾ, ਵੱਸਣ ਫੁੱਲ ਗੁਲਾਬੇ।

ਇਸੇ ਤਰ੍ਹਾਂ ਦੇਂਦੀ ਨਾਲ ਜੈਂਦੀ ਦਾ ਕਾਫ਼ੀਆ ਵੀ ਦਰੁਸਤ ਨਹੀਂ। ਉਸ ਨੇ ਉਰਦੂ ਦੀ ਜ਼ੇ ز (ਦਰਵਾਜ਼ਾ) ਨਾਲ ਜੀਮ ج ਦਾ ਕਾਫ਼ੀਆ ਵੀ ਬੰਨ੍ਹਿਆ ਹੈ ਜੋ ਜਾਇਜ਼ ਨਹੀਂ।

ਅਦਲੀ ਰਾਜ਼ੇ ਅਦਲ ਨਾ ਕੀਤਾ, ਧੁੰਮਾਂ ਦੇ ਮੁਤਾਜੇ।
ਪਾਣੀ ਪਵੇ ਤੇਲ ਹੋਇ ਜਾਏ, ਭੜਕਨ ਸਭ ਦਰਵਾਜ਼ੇ।

ਇਸੇ ਤਰ੍ਹਾਂ ਵਡਾਈ ਨਾਲ ਨਾਹੀਂ ਦਾ, ਫੁਰਮੈਸੀ ਨਾਲ ਸਦੇਸੀ ਦਾ, ਅਤੇ ਬਿਭੂਤ ਨਾਲ ਕੂਚ ਤੇ ਕੂਕ ਦਾ ਕਾਫ਼ੀਆ ਵੀ ਬੰਨ੍ਹਿਆ ਹੈ ਜੋ ਦਰੁਸਤ ਨਹੀਂ।

**ਰਸ**

ਦਮੋਦਰ ਦੀ ਕਾਵਿ-ਰਚਨਾ ਵਿਚ ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕੁਝ ਰਸ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਵੇਂ ਸ਼ਿੰਗਾਰ ਰਸ ਦੇ ਦੋਵੇਂ ਸਰੂਪ (ਬਿਰਹਾ ਤੇ ਵਸਲ) ਕਾਫ਼ੀ ਮਾਤਰਾ ਵਿਚ ਮਿਲਦੇ ਹਨ।

ਨੂਰ ਖ਼ਾਂ ਦੀ ਲੜਾਈ ਸਮੇਂ ਵੀਰ ਰਸ, ਬੀਭਤਸ ਰਸ ਤੇ ਰੌਦਰ ਰਸ ਦੀਆਂ ਵੀ ਚੰਗੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਅਦਭੁਤ ਰਸ, ਕਰੁਣਾ ਰਸ ਤੇ ਸ਼ਾਂਤ ਰਸ ਦੀਆਂ ਵੀ ਵੰਨਗੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਪਰ ਮੈਂ ਡਾ. ਗੁਰਦੇਵ ਸਿੰਘ ਤੇ

ਡਾ. ਪ੍ਰੀਤਮ ਸੈਣੀ ਨਾਲ ਸਹਿਮਤ ਨਹੀਂ ।[3] ਕਿਉਂਕਿ ਉਨ੍ਹਾਂ ਨੇ ਜਿਹੜੀਆਂ ਉਦਾਹਰਣਾਂ ਹਾਸ ਰਸ ਦੀਆਂ ਦਿੱਤੀਆਂ ਹਨ ਉਸ ਵਿਚ ਕਿਧਰੇ ਵੀ ਹਾਸ ਰਸ ਵਿਖਾਈ ਨਹੀਂ ਦਿੰਦਾ। ਇਸ ਸਿਲਸਿਲੇ ਜਿਹੜੀਆਂ ਉਦਾਹਰਣਾਂ ਦਿੱਤੀਆਂ ਹਨ ਉਹ ਇਹ ਹਨ :

ਨਾਹੀਂ ਕੂੜੀ ਆਹੀ ਸੱਚੀ, ਕਿ ਇਸ ਆਖ ਸੁਣਾਈ ।
ਨਾਹੀਂ ਮਾਂ ਪੀਊ ਜਾਇਆ, ਕਿਸ ਜ਼ਬਾਨ ਸਲਾਹੀਂ ।
ਵੇਖ ਵਿਡਾਣੀ ਸ਼ੀਵਰਆਣੀ, ਕਦਮ ਉੱਠੇ ਉਸ ਨਾਹੀਂ ।
ਹੈ ਜੇ ਚੁਖ ਵਡੇਰਾ ਹੋਵੇ, ਤਾਂ ਮੈਂ ਆਪ ਨਿਕਾਹ ਬੰਨ੍ਹਾਈਂ ।

ਲੁੱਡਣ ਆਖੇ ਬਰਖ਼ੁਰਦਾਰਾ, ਕੁਝ ਆਖੇਂ ਤੁਧ ਦਿਵਾਈਂ ।
ਮੰਝੂ, ਮੱਝੀਂ ਤੇ ਦੋਇ ਔਰਤਾਂ, ਮੈਂ ਦੇਵਾਂ ਤੈਂ ਤਾਈਂ
ਏਹੁ ਨਸੀਬ ਹੋਵਨ ਸਭ ਤੈਨੂੰ, ਅਵੱਲ ਆਖ਼ਰ ਤਾਈਂ ।
ਆਖ ਦਮੋਦਰ ਹੱਭੇ ਵਸਤੂ, ਤੈਥੋਂ ਘੋਲ ਘੁਮਾਈ ।

ਜਾਂ ਮੈਂ ਮੰਗਿਆ ਤਾਂ ਘੱਟੂ ਲੱਗਾ, ਮੂਲ ਜਵਾਬ ਨਾ ਦੇਂਦਾ ।
ਮੰਜੇ ਉੱਤੇ ਸੌਣ ਨਾਂ ਦੇਂਦਾ, ਹੋਨਾਂ ਮੱਝਾਂ ਕੀਕੂੰ ਦੇਂਦਾ ।
ਅੰਦਰ ਡਾਢਾ ਦੁੱਖ ਅਸਾਨੂੰ, ਬੋਲ ਨਾ ਤੁਧ ਵਿਖਾਣੀ ।
ਬਾਬੇ ਦੀਸਹੁੰ ਸੁਣ ਤੂੰ ਹੱਸੀ, ਮੈਂ ਇਸ ਮਿਲ ਕਰ ਪਛੋਤਾਣੀ ।

ਲੁੱਗੇ ਦੁੱਧ ਤੇ ਨੰਗੇ ਮੱਖਣ, ਬਾਬਲ ਮੈਂਡੇ ਕੋਲ ਨਾ ਕੋਈ ।
ਬਿੱਲੀਆਂ ਕੁੱਤੇ ਬਹੁਤੇ ਫਿਰਦੇ, ਆਵਣ ਮਹੀਂ ਨਾ ਹੋਈ ।
ਜੂਠਾ ਮਿੱਠਾ ਟੁੱਕਰ ਬਹੁਤਾ, ਕਮੀਂ ਨਾਹੀਂ ਕੋਈ ।
ਅੰਦਰ ਭੇਜ ਦੇਹੁ ਹੁਣ, ਜੇ ਬਾਹਰੋਂ ਆਇਆ ਕੋਈ ।

ਸੁਣ ਮਾਏ, ਕੇ ਤੈਨੂੰ ਆਖਾਂ, ਸਹਿਤੀ ਆਖ ਸੁਣਾਇਆ ।
ਅੱਠੇ ਪਹਿਰ ਖਲੰਤਾ ਜੋਗੀ, ਧਰਤੀ ਪੈਰ ਨਾ ਲਾਇਆ ।
ਮਾਰੇ ਮੰਤਰ, ਮੋਰਾਂ ਹਥ ਮੁੱਠਾ, ਫਿਰੇ ਭੁੱਖਾ ਤ੍ਰਿਹਾਇਆ ।
ਸਲੇਟੀ ਸਹਿਕੇ ਮੰਜੇ ਉੱਤੇ, ਪਾਸਾ ਨਾਹਿ ਹਿਲਾਇਆ ।

ਪਤਾ ਨਹੀਂ ਇਨ੍ਹਾਂ ਦੋ ਖੋਜੀਆਂ ਨੇ ਇਨ੍ਹਾਂ ਮਿਸਰਿਆਂ ਵਿਚੋਂ ਹਾਸ ਰਸ ਕਿਵੇਂ ਵੇਖ ਲਿਆ । ਆਖ਼ਰੀ ਬੰਦ ਵਿਚ ਤਾਂ ਹੀਰ ਦੀ ਹਾਲਤ ਸੁਣ ਕੇ ਤਰਸ ਆਉਂਦਾ ਹੈ ।

ਦਮੋਦਰ ਦੀ ਕਾਵਿ-ਰਚਨਾ ਵਿਚ ਅਲੰਕਾਰਾਂ ਦੀ ਵੀ ਘਾਟ ਨਹੀਂ । ਬੜੇ ਫ਼ਬਵੇਂ ਅਲੰਕਾਰ ਪ੍ਰਾਪਤ ਹੋ ਜਾਂਦੇ ਹਨ ।

### ਬਿੰਬ

ਇਸ ਤਰ੍ਹਾਂ, ਬਿੰਬਾਵਲੀ ਵੱਲੋਂ ਵੀ ਦਮੋਦਰ ਦੀ ਕਾਵਿ-ਰਚਨਾ ਪ੍ਰਭਾਵਸ਼ਾਲੀ ਤੇ ਸਲਾਘਾਯੋਗ ਹੈ ।

---

[3]ਡਾ. ਪ੍ਰੀਤਮ ਸੈਣੀ ਤੇ ਡਾ. ਗੁਰਦੇਵ ਸਿੰਘ (ਸੰਪਾਦਕ) ਹੀਰ ਦਮੋਦਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ 86.

ਦ੍ਰਿਸ਼ਟਮਾਨ ਬਿੰਬ ਦੀਆਂ ਅਣਗਿਣਤ ਮਿਸਾਲਾਂ ਮਿਲ ਜਾਂਦੀਆਂ ਹਨ। ਜਿਵੇਂ :

ਚੰਨ ਚੜ੍ਹਿਆ ਕੁਲ ਆਲਮ ਵੇਖੇ, ਮੈਂਡਾ ਚੰਨ ਉਦਾਈਂ।
ਰਾਹ ਤਕੇਂਦੀ ਤੇ ਕਾਗ ਉਡੇਂਦੀ, ਬੈਠੀ ਝਾਤੀ ਪਾਈਂ।
ਸਿੱਕ ਤੁਹਾਡੀ ਤੋਲ਼ਾ ਮੈਂਡਾ, ਬੱਧੀ ਬੈਠੀ ਥਾਈਂ।
ਰਗ ਰਗ ਵਿਚ ਹਜੂਮ ਹੀਰੇ ਦਾ, ਜ਼ਿਕਰ ਕਰੀਂ ਹਰ ਜਾਈਂ।
ਸੱਭੇ ਕੁੜੀਆਂ ਤਾਰੇ ਦਿਸਹੁ, ਵਿਚ ਚੰਦ ਸਲੇਟੀ ਨਾਹੀਂ।
ਬੋਹੜ ਪਿੱਪਲ ਅਵਰ ਸਤੀਹਾਂ, ਉੱਥੇ ਸੱਭ ਬਬਾਣੀ।
ਹਉਲੀ ਟੁਰੇਂ ਤੇ ਮਿੱਠਾ ਬੋਲੇਂ, ਪਹਿਲੋਂ ਮੰਗੇਂ ਪਾਣੀ।
ਮੂੰਹ ਤੇ ਢਾਲ ਦੇਵੇਂ ਲੜ ਲੁੰਡੀ ਗੱਲ ਨਾ ਬਹੁਤ ਬਿਖਾਣੀ।
ਇਹ ਨਸੀਹਤ ਕਰ ਉੱਠੀ ਸਲੇਟੀ, ਅੱਗੇ ਆਪ ਸਿਹਾਣੀ।

ਦਮੋਦਰ ਦੇ ਕਿੱਸੇ ਵਿਚ ਦ੍ਰਿਸ਼ਟਮਾਨ ਬਿੰਬਾਂ ਦੀ ਉਦਾਹਰਣਾਂ ਸਭ ਤੋਂ ਵਧੇਰੇ ਉਪਲੱਬਧ ਹਨ।

## ਰਸ ਬਿੰਬ

ਮਿੱਠੀ ਰੋਟੀ ਤੇ ਦੁਧ ਮਾਝਾ, ਤਿਆਰ ਘਿਨ ਅਣਾਈਂ। (166)
ਪਹਿਲਾ ਘਿਨ ਨਿਵਾਲਾ ਧੀਦੋ, ਸਹੀ ਸਲਾਮਤ ਖਾਇਓ।
ਥੀਆ ਕਹਿਰ ਨਾ ਕਹੁਰਾਂ ਵਰਗਾ, ਕੇਹਾ ਕਾਵੜ ਆਇਓ।
ਤਰਸ ਨਾ ਕੀਤਾ ਸਾਹਿਬ ਸੰਦਾ, ਮੈਂ ਗਰੀਬ ਕਰ ਪਾਇਓ।
ਆਖੇ ਧੀਦਸ ਮੰਦਾ ਕੀਤੇ ਖ਼ਾਨਾ, ਮੱਝ ਰੂਈ ਦਾ ਦੁਧ ਪੀਵਾਇਓ।
ਨਿਵਹਰਾਲਾ ਮਿੱਠਾ ਸਾਈਂ ਦਿੱਤਾ, ਹੋਇਆ ਨਸੀਬ ਅਸਾਹੀਂ। (167)

ਪਰ ਰਸ ਬਿੰਬ ਦੀਆਂ ਉਦਾਹਰਣਾ ਦ੍ਰਿਸ਼ਟਮਾਨ ਬਿੰਬ ਨਾਲੋਂ ਬਹੁਤ ਹੀ ਘੱਟ ਹਨ। ਬਲਕਿ ਨਾਂ-ਮਾਤਰ ਹੀ ਹਨ।

## ਨਾਦ ਬਿੰਬ

ਦਮੋਦਰ ਦੀ ਕਾਵਿ ਰਚਨਾ ਵਿਚ ਨਾਦ-ਬਿੰਬਾਂ ਦੀ ਵੀ ਭਰਮਾਰ ਹੈ :

ਰੋਵੇ ਹੀਰ ਕਰੇਂਦੀ ਨਾਰੇ, ਰੋਵੇ ਕੂਕ ਸੁਣਾਈ।
ਹਿਣਕਣ ਘੋੜੇ, ਲਿਸ਼ਕਣ ਜਾਂਵੀ, ਮੈਨੂੰ ਆਖਰ ਆਈ।
ਚੜ੍ਹ ਧੀਦੋ ਵੰਝਲੀ ਜਦ ਵਾਹੀ, ਕੇਹੀਆਂ ਸੁਰਾਂ ਉਠਾਈਆਂ।
ਸ਼ੀਂਹ, ਬਰਿੰਡੇ, ਚੀਤੇ, ਮੋਨੀ, ਸੱਭੇ ਜ਼ਾਰਤ ਆਈਆਂ।
ਲਲਤ ਰਾਗ ਵਿਚ ਵਾਹੀ ਵੰਝਲੀ, ਪੀਰਾਂ ਚੰਗੀ ਭਾਈ।
ਵੱਜੀ ਧਰਤ ਤੇ ਜ਼ਿਮੀਂ ਬੁਲੇਂਦੀ, ਝੱਲ ਨਾ ਸਕੇ ਤਾਰੇ।
ਘਰ ਚੂਚਕਾਣੇ ਟਮਦ ਵੱਜਿਆ ਕੰਨ ਅਵਾਜ਼ ਸੁਣੀਂਦਾ। (387)
ਸਟ ਨਗਾਰੇ ਪਹਿਲੀ ਪਾਈ, ਤਾਂ ਆਲਮ ਉੱਛਲ ਆਇਆ (417)
ਹਿਣਕਣ ਘੋੜੇ ਲਿਸ਼ਕਣ ਜਾਂਵੀ, ਮੈਨੂੰ ਆਖ਼ਰ ਆਈ। (419)
ਘੱਤੀ ਕੂਕ ਜਾਇਕੇ ਲੋਕਾਂ, ਵਸਤੀ ਵਿਚ ਸੁਣਾਇਆ।

**ਸਪਰਸ਼ ਬਿੰਬ**

ਦਮੋਦਰ ਦੀ ਹੀਰ ਵਿਚ ਜ਼ਿਆਦਾਤਰ ਨਾਦ ਬਿੰਬਾਂ ਤੇ ਦ੍ਰਿਸ਼ਟਮਾਨ ਬਿੰਬਾਂ ਦੀਆਂ ਹੀ ਉਦਾਹਰਣਾਂ ਮਿਲਦੀਆ ਹਨ। ਰਸ ਬਿੰਬ, ਗੰਧ ਬਿੰਬ ਤੇ ਸਪਰਸ਼ ਬਿੰਬ ਦੀਆਂ ਮਿਸਾਲਾਂ ਨਾਂ-ਮਾਤਰ ਹੀ ਹਨ। ਪਰ ਇਨ੍ਹਾਂ ਬਿੰਬਾਂ ਦਾ ਅਭਾਵ ਨਹੀਂ। ਸਪਰਸ਼ ਬਿੰਬ ਦੀਆਂ ਕੁਝ ਉਦਾਹਰਣਾਂ ਵੇਖੋ :

ਮੱਛੀ ਵਾਂਗੂੰ ਅਚੋ ਪਿੰਡੇ ਹੀਰ ਸਲੇਟੀ ਤਾਈਂ। (604)
ਠੰਢੀ ਵਾਉ ਜੁੱਸਾ ਬਹੁ ਠੰਢਾ, ਮੱਝ ਨਾ ਵਾਤ ਹਿਲਾਏ। (684)
ਛਾਤੀ ਠਾਰ ਹੋਈ ਅਚੰਤੇ, ਬੋਲਣ ਮੋਰ ਸਬਾਈਂ। (685)
ਲੱਗੀ ਵਾਉ ਜਿਨ੍ਹਾਂ ਦੀ ਸਾੜੇ ਸੇ ਗਲ ਦੇਂਦੇ ਬਾਹੀਂ। (613)

**ਗੰਧ ਬਿੰਬ**

ਆਹੀ ਵਾ ਉੱਭੇ ਦੀ ਅੱਸਾਂ, ਤੁਸਾਂ ਮੁਸ਼ਕ ਨਾ ਆਇਆ। (694)
ਚੰਦਨ ਕੰਧਾਂ ਤੇ ਮੁਸ਼ਕ ਘਨੇਰਾ, ਵੱਜਣ ਫੁੱਲ ਗੁਲਾਬੇ।

ਹੀਰ ਦਮੋਦਰ ਵਿਚ ਕਵੀ ਦੀ ਸਭ ਤੋਂ ਵੱਡੀ ਖ਼ੂਬੀ ਉਸ ਦੇ ਨਾਟਕੀ ਅੰਦਾਜ਼ ਤੇ ਵਾਰਤਾਲਾਪ ਵਿਚ ਹੈ।

ਇਸ ਤਰ੍ਹਾਂ ਦੀ ਨਾਟਕੀ-ਜੁਗਤ ਉਸ ਨੇ ਹੀਰ ਰਾਂਝੇ, ਹੀਰ ਕਾਜ਼ੀ, ਹੀਰ ਤੇ ਉਸ ਦੀ ਮਾਂ, ਕੁੰਦੀ ਤੇ ਚੂਚਕ, ਸਹਿਤੀ ਤੇ ਹੀਰ ਆਦਿ ਦੇ ਵਾਰਤਾਲਾਪ ਵਿਚ ਬੜੀ ਖ਼ੂਬਸੂਰਤੀ ਤੇ ਚਾਬਕਦਸਤੀ ਨਾਲ ਨਿਭਾਈ ਹੈ।

ਜਿਨੀ ਹਾਜ਼ਰ ਜਵਾਬੀ ਤੇ ਗੱਲ ਵਲਾਉਣ ਦੀ ਜੁਗਤ ਦਮੋਦਰ ਦੇ ਪਾਤਰਾਂ ਕੋਲ ਹੈ ਉਹ ਵਾਰਸ ਸ਼ਾਹ ਦੇ ਪਾਤਰਾਂ ਕੋਲ ਵੀ ਨਹੀਂ।

ਜਦੋਂ ਕੁੰਦੀ (ਹੀਰ ਦੀ ਮਾਂ) ਹੀਰ ਨੂੰ ਪਹਿਲੀ ਵਾਰੀ ਕਹਿੰਦੀ ਹੈ ਕਿ ਮੈਂ ਤੈਨੂੰ ਥੁੱਢੇ ਵਾਰੇ ਜੰਮਿਆਂ ਸੀ, ਪਰ ਹੁਣ ਤੇਰੀ ਬਦਨਾਮੀ ਕਾਰਣ ਸਿਰ ਨਹੀਂ ਉਠਦਾ ਤਾਂ ਹੀਰ ਬੜੇ ਠਰ੍ਹੰਮੇ ਨਾਲ ਸਹਿਜ ਸੁਭਾ ਹੀ ਕਹਿੰਦੀ ਹੈ :

ਸੁਣ ਮਾਏ ਤੈਂਡੇ ਜੀਵਣ ਜਾਏ, ਕੈਂ ਤੈਂਡੀ ਪਿੰਡੀ ਤਾਈ।
ਬੇ ਤਕਸੀਰ ਕੇ ਡਿੱਠੋ ਮੈਂਡਾ, ਕੂੜੀ ਬਦੀ ਉਠਾਈ।
ਮੈਂ ਕੇ ਜਾਣਾ ਕੰਜ ਕੁਆਰੀ, ਹੋਂਦੀ ਕੀ ਅਸ਼ਨਾਈ।
ਆਖ ਦਮੋਦਰ ਕੁੰਦੀ ਮਹਰੀ, ਹੱਸੇ ਸਹੀ ਵਲਾਈ।

ਜਦੋਂ ਕੈਦੋਂ ਚੂਚਕ ਨੂੰ ਬੇਲੇ ਵਿਚੋਂ ਚੂਰੀ ਲਿਆ ਕੇ ਦਿੰਦਾ ਹੈ ਤਾਂ ਬੜੇ ਹੀ ਖ਼ੂਬਸੂਰਤ ਅੰਦਾਜ਼ ਨਾਲ ਕੁੰਦੀ ਗੱਲ ਤੇ ਪਰਦਾ ਪਾਉਂਦੀ ਹੈ।

ਮੰਨਣਾਂ ਕੁੜੀਆਂ ਖਿਦਰ ਦੀ ਆਹੀ, ਪਾ ਪਾ ਘਿਉ ਪਾਇਓਨੇ।
ਇਹ ਚੂਰੀ ਮੈਂ ਹੀ ਕੁੱਟ ਦਿੱਤੀ, ਆਇਤਵਾਰ ਡਿੱਠੋਨੇ।
ਭੁੱਸ ਪਏਂਦਾ ਗਿਆ ਕਿਦਾਓਂ, ਖ਼ੈਰ ਨਾ ਮੂਲ ਦਿਤੋਨੇ।
ਪਿੰਡੀ ਤੈਂਡੀ ਤਾਵਣ ਤਾਈਂ, ਏਹੋ ਦਗਾ ਕੀਤੋਨੇ। (324)

ਜਦੋਂ ਚੂਚਕ ਰਾਂਝੇ ਤੇ ਹੀਰ ਨੂੰ ਇਕੱਠਿਆਂ ਪਿਆਂ ਵੇਖ ਲੈਂਦਾ ਹੈ ਤੇ ਪਿੱਛਾਂ ਪਰਤ ਕੇ ਫੇਰ ਸੱਦਾਂ ਮਾਰਦਾ ਹੈ ਤਾਂ ਰਾਂਝਾ ਵੀ ਬੜਾ ਖ਼ੂਬਸੂਰਤ ਬਹਾਨਾ ਘੜਦਾ ਹੈ।

ਖੁੱਭੀ ਝੰਟੀ ਵਿਚ ਚਿੱਕੜ ਦੇ ਮੈਂ ਤਾਂ ਸੁਣਿਆ ਨਾਹੀਂ।
ਅੱਗੋਂ ਕੱਢਾਂ ਤਾਂ ਪਿੱਛੋਂ ਖੁੱਭੇ, ਜੇ ਪਿੱਛੋਂ ਤਾਂ ਅਗਾਹੀਂ।
ਘੁਲਦਾ ਨਾਲ ਝੰਟੀ ਦੇ ਖ਼ਾਨਾ, ਮੈਂ ਸੁੱਧ ਪਵੇ ਕੁਝ ਨਾਹੀਂ।
ਸੁਣ ਖ਼ਾਨਾ ਸਦ ਪਿਛਲਾ ਸੁਣਿਆ, ਮਿਲਿਆ ਆਇ ਤਦਾਹੀਂ। (341)

ਇਸੇ ਤਰ੍ਹਾਂ ਹੀਰ ਦੀ ਸੱਸ ਜਦੋਂ ਹੀਰ ਨੂੰ ਚੂਰੀ ਦਿੰਦੀ ਹੈ ਤਾਂ ਹੀਰ ਕਹਿੰਦੀ ਹੈ :

ਸੁਣ ਨੀ ਰੰਨੇ ਤੁਧ ਕੇ ਕਰ ਜਾਤਾ, ਤੂੰ ਚੂਰੀ ਕਿਸ ਖਵੇਂਦੀ।
ਅੱਸਾਂ ਲੌਂਗ ਸਮਾਏ ਨਾਹੀਂ, ਤੂੰ ਕਿਸ ਨੂੰ ਅੰਨ ਵਿਖੇਂਦੀ।
ਖਾਣਾ ਸਾਨੂੰ ਖਾਣ ਨਾ ਆਵੇ, ਕਿਉਂ ਤੂੰ ਧੁੰਮ ਪਵੇਂਦੀ।
ਆਖ ਦਮੋਦਰ ਕਿਉਂ ਨੀਸੂ ਖਾਂਦੀ, ਮੈਂ ਰਾਂਝਣ ਕੋਲ ਬਹੈਂਦੀ।

ਪਰ ਦਾਈ ਬੜੇ ਕਮਾਲ ਨਾਲ ਗੱਲ ਵਲਾ ਲੈਂਦੀ ਹੈ ਕਿ ਰਾਂਝੇ ਨੂੰ ਰਾਤੀਂ ਚੂਰੀ ਨਹੀਂ ਸੀ ਮਿਲੀ, ਇਸੇ ਲਈ ਇਹ ਰਾਤ ਵਾਲੀ ਗੱਲ ਲਈ ਬੈਠੀ ਹੈ। ਇਸ ਤਰ੍ਹਾਂ ਦੀ ਨਾਟਕੀ ਅੰਦਾਜ਼ ਦੀ ਸਿਖ਼ਰ ਦਮੋਦਰ ਵਾਂਗ ਹੋਰ ਕੋਈ ਕਿੱਸਾਕਾਰ ਨਹੀਂ ਛੂਹ ਸਕਿਆ।

ਦਮੋਦਰ ਦੇ ਪਾਤਰ ਵਾਰਤਾਲਾਪ ਵਿਚ ਗਾਲੀ-ਗਲੋਚ ਵੀ ਕਰਦੇ ਹਨ ਪਰ ਇਹ ਗਾਲੀ-ਗਲੋਚ ਕਿਧਰੇ ਵੀ ਅਸ਼ਲੀਲਤਾ ਦਾ ਸ਼ਿਕਾਰ ਨਹੀਂ ਹੁੰਦਾ। ਕਿਸ ਪਾਤਰ ਦੇ ਮੂੰਹੋਂ ਕਿਸ ਤਰ੍ਹਾਂ ਦੀਆਂ ਗਾਲੀਆਂ ਕਢਾਉਣੀਆਂ ਹਨ ਇਸ ਬਾਰੇ ਵੀ ਦਮੋਦਰ ਬੜਾ ਸੁਚੇਤ ਹੈ। ਜਦੋਂ ਚੂਚਕ ਹੀਰ ਦੀ ਬਦਨਾਮੀ ਦੀ ਗੱਲ ਕੁੰਦੀ ਨਾਲ ਕਰਦਾ ਹੈ ਤਾਂ ਉਹ ਕਹਿੰਦੀ ਹੈ :

ਬੱਚੇ ਮਰਨ ਸ਼ਰੀਕਾਂ ਸੰਦੇ, ਜਿੰਨ੍ਹਾਂ ਗੱਲ ਧੁਮਾਈ।

ਹੱਸੀ ਜਦੋਂ ਹੀਰ ਨੂੰ ਦੱਸਦੀ ਹੈ ਕਿ ਤੈਨੂੰ ਇਹ ਰਾਤ ਨੂੰ ਮਾਰ ਦੇਣਗੇ ਤਾਂ ਉਹ ਕਹਿੰਦੀ ਹੈ :

ਕੈਨੂੰ ਇਹ ਮਰੇਂਦੇ ਹੱਸੀ, ਅਸਾਂ ਦਿਲ ਲੱਗੇ ਨਾਹੀਂ।
ਕੂੜੇ ਸੁਬ ਭੁੱਸੜ ਦੇ ਰੱਜੇ, ਮੂਲੋਂ ਬਝਣ ਨਾਹੀਂ।
ਇਹ ਕੇ ਜਾਨਣ ਬੇਮੁਣਿਆਦੇ, ਕਿਉਂ ਮਾਰਨ ਮੈਂ ਤਾਈਂ। (414)

ਇਸੇ ਤਰ੍ਹਾਂ ਕੈਦੋ ਆਪਣੇ ਭਰਾ ਨੂੰ ਮਰਦਾਂ ਵਾਲੀ ਗਾਲੀ ਦਿੰਦਾ ਹੈ।

ਕੇਹੀ ਬਾਜੀ ਪਾਈ ਧੀ ਪਾੜਾ, ਤੈਨੂੰ ਮਤ ਨਾ ਕਾਈ। (468)

ਇਹ ਗਾਲੀਆਂ ਵਾਰਤਾਲਾਪ ਵਿਚ ਬੜੇ ਕਲਾਤਮਕ ਢੰਗ ਨਾਲ ਇਕਮਿੱਕ ਹੋਈਆਂ ਪ੍ਰਤੀਤ ਹੁੰਦੀਆਂ ਹਨ।

ਦਮੋਦਰ ਮਨੁੱਖੀ ਮਨ ਦੀਆਂ ਗਹਿਰਾਈਆਂ ਵਿਚ ਉੱਤਰ ਕੇ ਉਨ੍ਹਾਂ ਨੂੰ ਨਿਰਖਣ-ਪਰਖਣ ਤੇ ਉਜਾਗਰ ਕਰਨ ਦਾ ਵੀ ਬੜਾ ਮਾਹਰ ਹੈ।

ਆਮ ਆਲੋਚਕਾਂ ਦਾ ਵਿਚਾਰ ਹੈ ਕਿ ਹਾਸ਼ਮ ਵਰਗੀ ਸੰਜਮਤਾ ਹੋਰ ਕਿਸੇ ਕਿੱਸਾਕਾਰ ਵਿਚ ਨਹੀਂ ਪਰ ਮੈਂ ਸਮਝਦਾ ਹਾਂ ਕਿ ਦਮੋਦਰ ਵਰਗੀ ਸੰਜਮਤਾ ਹੋਰ ਕਿਸੇ ਵੀ ਕਿੱਸਾਕਾਰ

ਵਿਚ ਨਹੀਂ। ਉਹ ਗੱਲ ਨੂੰ ਕਿਧਰੇ ਤੂਲ ਨਹੀਂ ਦਿੰਦਾ, ਸਗੋਂ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਬਹੁਤ ਕੁਝ ਕਹਿ ਜਾਂਦਾ ਹੈ।

ਦਮੋਦਰ ਨੇ ਕਿਧਰੇ ਕਿਧਰੇ ਅਲੰਕਾਰ ਜ਼ਰੂਰ ਵਰਤੇ ਹਨ ਪਰ ਵਾਰਸ ਵਾਂਗ ਅਲੰਕਾਰਾਂ ਦੀ ਬੇਲੋੜੀ ਭਰਮਾਰ ਨਹੀਂ ਕੀਤੀ।

ਕਥਾਨਕ ਪੱਖੋਂ ਦਮੋਦਰ ਦੀ ਕਾਵਿ-ਰਚਨਾ ਵਿਚ ਭਾਵੇਂ ਤਰੁਟੀਆਂ ਹਨ ਪਰ ਕਲਾਤਮਕ ਪੱਖੋਂ ਉਹ ਪਰਬੀਨ ਤੇ ਨਿਪੁੰਨ ਸ਼ਾਇਰ ਹੈ।

ਅਧਿਆਤਮਕ ਵਾਰਾਂ ਦੇ ਲਿਖਤੀ ਨਮੂਨੇ ਦਮੋਦਰ ਤੋਂ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਜ਼ਰੂਰ ਮਿਲਦੇ ਹਨ ਪਰ ਵੀਰ-ਰਸੀ-ਕਾਵਿ ਲਿਖਤੀ ਰੂਪ ਵਿਚ ਵਾਰ ਦੀ ਸ਼ਕਲ ਵਿਚ ਪਹਿਲੀ ਵਾਰੀ ਦਮੋਦਰ ਦੀ ਹੀਰ ਵਿਚ ਹੀ ਪ੍ਰਾਪਤ ਹੁੰਦਾ ਹੈ। ਬਲਕਿ ਸੁੰਬਲਾਂ ਤੇ ਨਾਹੜਾਂ ਦੀਆਂ ਦੋ ਵਾਰਾਂ, ਵਾਰ ਕਾਵਿ-ਰੂਪ ਦੇ ਚੰਗੇ ਨਮੂਨੇ ਹੀਰ ਦਮੋਦਰ ਦੀ ਇਕ ਹੋਰ ਵਿਸ਼ੇਸ਼ਤਾ ਹੈ।

9

# ਹੀਰ ਦਮੋਦਰ ਦੇ ਪਾਤਰ

**ਪਾਤਰ ਚਿੱਤਰਨ**

ਰਾਂਝਾ ਦੇ ਪਾਤਰ ਬਾਰੇ ਅਸੀਂ ਕਾਫ਼ੀ ਚਰਚਾ ਕਰ ਆਏ ਹਾਂ। ਹਿਜਾਤ ਖ਼ਾਨ ਬਾਕੀ ਕੁਲਾਚੀ ਨੇ ਰਾਂਝੇ ਦਾ ਨਾਂ ਧੀਦੋ, ਦਮੋਦਰ ਨੇ ਧੀਦੋ, ਹਕੀਮ ਚੁਨਾਬੀ ਨੇ ਮਾਹੀ ਆਦਿ ਲਿਖਿਆ ਹੈ।

ਰਾਂਝਾ ਯੂਸਫ਼ ਵਾਂਗ ਬਹੁਤ ਹੀ ਖ਼ੂਬਸੂਰਤ ਹੈ। ਹਰ ਉਮਰ ਦੀ ਇਸਤਰੀ ਤੇ ਆਦਮੀ, ਕੁੜੀਆਂ, ਜੋਗੀ, ਲੁੱਡਣ, ਜਾਨਵਰ ਆਦਿ ਉਸ ਉਪਰ ਆਸ਼ਕ ਹਨ।

ਉਹ ਹੀਰ ਖ਼ਾਤਰ ਹਰ ਕੰਮ ਕਰਨ ਲਈ ਤਿਆਰ ਹੈ ਭਾਵੇਂ ਉਹ ਬੇਗ਼ੈਰਤਾਂ ਵਾਲਾ ਹੀ ਹੋਵੇ।

ਉਸ ਵਿਚ ਮਰਦਾਨਗੀ ਘੱਟ ਹੈ। ਹਰ ਔਖੇ ਵੇਲੇ ਆਪਣੀਆਂ ਕਰਾਮਾਤਾਂ ਤੋਂ ਕੰਮ ਲੈਂਦਾ ਹੈ ਜਾਂ ਪੀਰ ਉਸ ਦੀ ਸਹਾਇਤਾ ਲਈ ਆ ਜਾਂਦੇ ਹਨ। ਪਰ ਇਸ ਦੇ ਬਾਵਜੂਦ ਜੱਟ ਵਾਲੀ ਹਉਮੈਂ ਉਸ ਵਿਚੋਂ ਬਿਲਕੁਲ ਹੀ ਗ਼ੈਰ-ਹਾਜ਼ਰ ਨਹੀਂ।

ਉਹ ਦੰਭੀ ਜੱਟਾਂ ਵਾਂਗ ਝੂਠ ਬੋਲ ਕੇ ਅਤੇ ਝੀਊਰ ਬਣ ਕੇ ਝੀਊਰੀ ਨਾਲ ਫ਼ਰੇਬ ਕਰਨ ਲਈ ਤਿਆਰ ਨਹੀਂ।

ਉਹ ਹੀਰ ਤੋਂ ਸਿਵਾ ਕਿਸੇ ਇਸਤਰੀ ਵੱਲ ਵੀ ਅੱਖ ਭਰ ਕੇ ਨਹੀਂ ਵੇਖਦਾ। ਉਹ ਕਿਰਦਾਰ ਦਾ ਬੜਾ ਸੱਚਾ-ਸੁੱਚਾ ਇਨਸਾਨ ਹੈ।

ਇਸ਼ਕ ਦੇ ਇਮਤਿਹਾਨ ਵਿਚ ਕਿਧਰੇ ਵੀ ਮਾਤ ਨਹੀਂ ਖਾਂਦਾ। ਭਾਵੇਂ ਉਹ ਬੜਾ ਹੀ ਕਮਜ਼ੋਰ ਜਿਹਾ ਪਾਤਰ ਵਿਖਾਇਆ ਗਿਆ ਪਰ ਉਹ ਤਖ਼ਤ ਹਜ਼ਾਰੇ ਦੀ ਸਰਦਾਰੀ ਦਾ ਗੁਮਾਨ ਨਹੀਂ ਭੁਲਾ ਸਕਦਾ।

ਜਦੋਂ ਚੂਚਕ ਉਸ ਨੂੰ ਮਾਰ ਮੰਙੂ ਖੋਹ ਲੈਂਦਾ ਹੈ ਤੇ ਉਸ ਨੂੰ ਹਜ਼ਾਰੇ ਚਲੇ ਜਾਣ ਲਈ ਕਹਿੰਦਾ ਹੈ ਤਾਂ ਧੀਦੋ ਚੂਚਕ ਨੂੰ ਕਹਿੰਦਾ ਹੈ :

> ਵਿਲ ਵਿਲ ਪਿਆ ਰੰਝੇਟਾ ਲੋਕਾ, ਚੱਲੀ ਰੱਤ ਤਿਵਾਈਂ।
> ਕਾਈ ਵੇਰ ਨਾ ਖਾਧੀ, ਚੋਇ ਨਾ ਪੀਤੀ, ਚਲ ਸੰਮਾਲ ਦਿਵਾਈਂ।
> ਆਇਉਸ ਘਿੰਨ ਧੂਏ ਦੇ ਉੱਤੇ, ਏਹ ਲੈ ਮੱਝੀ ਗਾਈਂ।
> ਖ਼ਾਨਾ ਜੇ ਖਸ ਲੀਤੇ ਮੰਙੂ, ਤਾਂ ਹਜ਼ਾਰਾ ਲੀਤੇ ਨਾਹੀਂ।

ਇਸ ਤਰ੍ਹਾਂ ਦਾ ਉੱਤਰ ਹੀ ਉਹ ਛੇੜੂਆਂ ਨੂੰ ਦਿੰਦਾ ਹੈ।

**ਹੀਰ**

ਹੀਰ ਦੇ ਪਾਤਰ ਬਾਰੇ ਵੀ ਅਸੀਂ ਕਾਫ਼ੀ ਚਰਚਾ ਕਰ ਚੁੱਕੇ ਹਾਂ।

ਹੀਰ ਬਹੁਤ ਹੀ ਸੁੱਘੜ, ਸਿਆਣੀ, ਬਹਾਦਰ, ਸੱਨੁਖੀ ਤੇ ਸ਼ਾਹ ਜ਼ੋਰ ਕੁੜੀ ਹੈ।

ਉਹ ਬੇਲਿਆਂ ਵਿਚ ਖੁੱਲੇ ਆਮ ਨੰਗੇ ਮੂੰਹ ਘੁੰਮਦੀ ਹੈ। 360 ਸਹੇਲੀਆਂ ਦੀ ਸਰਦਾਰ ਹੈ।

ਜੰਮਦਿਆਂ ਸਾਰ ਹੀ ਉਸ ਦੀਆਂ ਧੁੰਮਾਂ ਪੈ ਜਾਂਦੀਆਂ ਹਨ ਤੇ ਉਸ ਨੂੰ ਦੂਰੋਂ ਦੂਰੋਂ ਕੁੜਮਾਈਆਂ ਆਉਂਦੀਆਂ ਹਨ।

ਘਰ ਚੂਚਕ ਦੇ ਬੇਟੀ ਜੰਮੀਂ, ਹੋਈਆਂ ਜੱਗ ਵਧਾਈਆਂ।
ਨ੍ਹਾਤੀ ਧੋਤੀ ਪਟ ਵਲ੍ਹੇਟੀ, ਕੁਛੜ ਕੀਤੀ ਦਾਈਆਂ।
ਦੋ ਵਰ੍ਹਿਆਂ ਦੀ ਛੱਫ਼ਰ ਹੋਈ, ਢੁਕ ਰਹੀਆਂ ਕੁੜਮਾਈਆਂ।

ਉਸ ਦੀ ਬਹਾਦਰੀ ਤੇ ਰੂਪ ਦੀ ਸਿਫ਼ਤ ਬੜੇ ਸੰਜਮ-ਭਰੇ ਪ੍ਰਗਟਾ ਦੁਆਰਾ ਦਮੋਦਰ ਦੋ ਸਤਰਾਂ ਵਿਚ ਕਰ ਜਾਂਦਾ ਹੈ :

ਬੱਗਾ ਸ਼ੀਂਹ ਫਿਰੇ ਵਿਚ ਝੱਲਾਂ, ਪੈਂਦੀ ਧ੍ਰੂਹੀ ਜੈਂਦੀ।
ਆਖ ਦਮੋਦਰ ਬਾਝ ਕਮਾਣੋਂ, ਤੀਰ ਸਿਆਲ ਚਲੈਂਦੀ।

ਉਹ ਜ਼ਬਾਨੀ ਕਲਾਮੀਂ ਹੀ ਕੁੜੀਆਂ ਦੀ ਸਰਦਾਰ ਨਹੀਂ। ਉਸ ਵਿਚ ਸਰਦਾਰਾਂ ਵਾਲੇ ਗੁਣ ਵੀ ਹਨ। ਜਦੋਂ ਹੱਸੀ ਉਸ ਨੂੰ ਨੂਰੇ ਸੰਬਲ ਨਾਲ ਲੜਾਈ ਸਮੇਂ ਕਹਿੰਦੀ ਹੈ ਕਿ ਤੈਨੂੰ ਸਾਡੇ ਹੁੰਦਿਆਂ ਅੱਗੇ ਵੱਧ ਕੇ ਲੜਨਾ ਨਹੀਂ ਚਾਹੀਦਾ, ਤਾਂ ਅੱਗੋਂ ਹੀਰ ਕਹਿੰਦੀ ਹੈ :

ਆਖੇ ਹੀਰ ਸੁਣ ਹੱਸੀ ਭੈਣੇ, ਇਹ ਗੱਲ ਬਣਦੀ ਨਾਹੀਂ।
ਜੋ ਸਿਰਦਾਰ ਖਲੋਵੇ ਪਿੱਛੇਂ, ਲ੍ਹਾਨਤ ਹੈ ਤਿਸ ਤਾਈਂ।

ਹੀਰ ਵਿਚ ਸਿਰਫ਼ ਜੋਸ਼ ਹੀ ਨਹੀਂ, ਹੋਸ਼ ਵੀ ਹੈ ਜਦੋਂ ਰਾਂਝੇ ਨਾਲ ਮਿਲਾਪ ਹੁੰਦਾ ਤਾਂ ਉਸ ਨੂੰ ਕਹਿੰਦੀ ਹੈ ਕਿ ਮੇਰੇ ਪਿਉ ਨੂੰ ਤੂੰ ਸਾਊਆਂ ਵਾਂਗ ਮਿਲੀਂ :

ਬੋਹੜ, ਪਿੱਪਲ, ਅਵਰ ਸਰੀਹਾਂ, ਉੱਥੇ ਸੱਥ ਬਖਾਣੀ।
ਹਉਲੀ ਟੁਰੇਂ ਤੇ ਮਿੱਠਾ ਬੋਲੇਂ, ਪਹਿਲੋਂ ਮੰਗੀਂ ਪਾਣੀ।
ਮੂੰਹ ਤੇ ਢਾਲ ਦੇਵੇਂ ਲੜ ਲੁੰਡੀ, ਗੱਪ ਨਾ ਬਹੁਤ ਬਖਾਣੀ।
ਇਹ ਨਸੀਹਤ ਕਰ ਉੱਠੀ ਸਲੇਟੀ, ਅੱਗੇ ਆਪ ਸਿਧਾਣੀ।

ਉਸ ਨੂੰ ਆਪਣੇ ਰੂਪ ਤੇ ਬਾਪ ਦੀ ਜਾਗੀਰਦਾਰੀ ਦਾ ਬੜਾ ਗੁਮਾਨ ਤੇ ਹੰਕਾਰ ਹੈ।

ਜਦੋਂ ਮਾਂ ਉਸ ਨੂੰ ਅੰਦਰ ਵਾੜ ਕੇ ਤਾੜਦੀ ਹੈ ਕਿ ਲੁਕਾਈ ਕਹਿੰਦੀ ਹੈ ਕਿ ਤੇਰੀ ਰਾਂਝੇ ਨਾਲ ਆਸ਼ਨਾਈ ਹੈ ਤਾਂ ਉਹ ਬੜੇ ਹੀ ਮਾਸੂਮ ਅੰਦਾਜ਼ ਨਾਲ ਕਹਿੰਦੀ ਹੈ :

ਬੇਤਕਸੀਰ ਕੇ ਡਿੱਠੋ ਮੈਂਡਾ, ਕੁੜੀ ਬਦੀ ਉਠਾਈ।
ਮੈਂ ਕੇ ਜਾਣਾ! ਕੰਜ ਕੁਆਰੀ, ਹੋਂਦੀ ਕੈ ਅਸ਼ਨਾਈ।

ਉਹ ਕੇਵਲ ਸੰਬਲਾਂ ਨਾਲ ਹੀ ਦਸਤਪੰਜਾ ਨਹੀਂ ਲੈਂਦੀ, ਆਪਣੀ ਮਾਂ, ਭਰਾਵਾਂ, ਖ਼ਸਮ (ਸਾਹਿਬੇ) ਸੱਜ, ਸਹੁਰੇ ਕਾਜ਼ੀ, ਮੁਫ਼ਤੀ ਆਦਿ ਨਾਲ ਰਾਂਝੇ ਖ਼ਾਤਰ ਝੇੜਾ ਕਰਦੀ ਹੈ।

ਉਸ ਵਿਚ ਰਾਜ-ਹਠ ਵੀ ਹੈ, ਤ੍ਰਿਆ-ਹਠ ਵੀ ਤੇ ਜੋਗ-ਹਠ ਵੀ ਹੈ। ਜਾਗੀਰਦਾਰੀ (ਰਾਜ-ਹਠ) ਕਾਰਣ ਉਹ ਕਿਸੇ ਨੂੰ ਬਿਦਦੀ ਨਹੀਂ, ਜੋਗ-ਹਠ ਕਾਰਣ ਉਹ ਅੰਤ ਤਕ ਰਾਂਝੇ ਨੂੰ ਮੁਰਸ਼ਿਦ ਕਹਿੰਦੀ ਹੈ ਅਤੇ ਤ੍ਰਿਆ-ਹਠ ਕਾਰਣ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਅੱਗੇ ਵੀ ਡਟਕੇ ਖਲ੍ਹੋ ਜਾਂਦੀ ਹੈ।

ਉਹ ਰਾਂਝੇ ਨੂੰ ਸੱਚਾ-ਸੁੱਚਾ ਇਸ਼ਕ ਕਰਦੀ ਹੈ। ਸਹਿਤੀ ਤਕ ਨੂੰ ਆਪਣਾ ਭੇਤ ਦੇਣ ਲਈ ਤਿਆਰ ਨਹੀਂ ਹੁੰਦੀ ਜਦੋਂ ਤਕ ਕਿ ਉਹ ਉਹਦੀ ਮਹਿਰਮ ਨਹੀਂ ਬਣ ਜਾਂਦੀ।

**ਕੈਦੋ**

ਦਮੋਦਰ ਦੀ ਕਾਵਿ-ਰਚਨਾ ਹੀਰ ਵਿਚ ਕੈਦੋ ਭਾਵੇਂ ਇਕ ਦੋ ਵਾਰੀ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰ ਉਹ ਚੂਚਕ ਵਾਂਗ ਦੱਬੂ ਜਾਂ ਬੇਗ਼ੈਰਤ ਪ੍ਰਤੀਤ ਨਹੀਂ ਹੁੰਦਾ। ਜਦੋਂ ਉਸ ਨੂੰ ਚੂਚਕ ਹੀਰ ਤੇ ਰਾਂਝੇ ਦੀ ਪਿਆਰ-ਅਦਾਈ ਦਾ ਨਿਰੀਖਣ ਕਰਨ ਲਈ ਭੇਜਦਾ ਹੈ ਤਾਂ ਉਹ ਇਸ ਪਿਆਰ-ਕਥਾ ਦੇ ਯਥਾਰਥ ਨੂੰ ਵੇਖ ਕੇ ਕਹਿੰਦਾ ਹੈ :

ਸੁਣਹੁ ਸਿਆਲੋ ਧੀਆਂ ਵਾਲਿਓ! ਧੀਆਂ ਮੂਲ ਨਾ ਰੱਖੋ।
ਹਿੱਕੇ ਤਾਂ ਧੀਆਂ ਨਦੀਂ, ਲੁੜ੍ਹਾਹੋ, ਹਿੱਕੇ ਸਿਰ ਕਰਿਆਹੋ ਵੱਖੋ।
ਹਿਕ ਹਿਕ ਵੱਡੀ ਆਵੰਦੀ ਨਾਹੀਂ ਅੱਗੁਲ ਭਰ ਭਰ ਚੱਖੋ।
ਤੁਸੀਂ ਖਾਂਦੇ ਹੋ ਢੰਡਾ ਬਾਪੀ, ਚਾਕ ਖਾਂਦੈ ਇ ਵੱਖੋ।

ਕੈਦੋ ਪੁਰਾਣੇ ਪੰਜਾਬ ਦੀ ਸੱਭਿਅਤਾ ਦੀ ਲੱਜ ਦਾ ਪ੍ਰਤੀਕ ਹੈ।

ਭਾਵੇਂ ਵਾਰਸ ਸ਼ਾਹ ਆਦਿ ਦੂਸਰੇ ਕਵੀਆਂ ਨੇ ਉਸ ਨੂੰ ਸ਼ੈਤਾਨ, ਮਲਊਲ, ਫ਼ਿਤਨਿਆਂ ਦੀ ਪੰਡ ਆਦਿ ਕਿਹਾ ਹੈ ਪਰ ਇਹ ਉਸ ਦੇ ਕਿਰਦਾਰ ਨਾਲ ਇਨਸਾਫ਼ ਨਹੀਂ ਕੀਤਾ ਗਿਆ।

ਬਲਕਿ ਵਾਰਸ ਸ਼ਾਹ ਵਰਗੇ ਮਹਾਨ ਕਵੀ ਨੇ ਤਾਂ ਉਸ ਨੂੰ ਦਰਵੇਸ਼ ਦੇ ਰੂਪ ਵਿਚ ਦੁਸ਼ਟ ਤਕ ਕਿਹਾ ਹੈ।

**ਚੂਚਕ**

ਚੂਚਕ (ਦਮੋਦਰ ਅਨੁਸਾਰ) 84 ਪਿੰਡਾਂ ਦਾ ਮਾਲਕ ਹੈ, ਬਲਕਿ ਸਿਕਦਾਰ ਹੈ। ਉਹ ਰਾਂਝੇ ਨੂੰ ਜਦੋਂ ਦੁੱਧ ਪੀਣ ਲਈ ਦਿੰਦੇ ਹਨ ਤਾਂ ਰਾਂਝਾ ਕਹਿੰਦਾ ਹੈ ਕਿ ਤੁਸੀਂ ਮੇਰੇ ਨਾਲ ਕਹਿਰ ਗੁਜ਼ਾਰਿਆ ਹੈ ਜੋ ਤੂਈ ਹੋਈ ਮੱਝ ਦਾ ਦੁੱਧ ਮੈਨੂੰ ਪਿਆ ਦਿੱਤਾ ਹੈ। ਜਦੋਂ ਚੂਚਕ ਕਹਿੰਦਾ ਹੈ ਕਿ, "ਤੈਨੂੰ ਕਿਸ ਤਰ੍ਹਾਂ ਪਤਾ ਹੈ ਕਿ ਮੱਝ ਤੂਈ ਹੋਈ ਹੈ।" ਤਾਂ ਰਾਂਝਾ ਜਦੋਂ

ਅੱਗੋਂ ਆਖਦਾ ਹੈ :

ਤ੍ਰੀਜੇ ਸੂਏ ਤੇ ਰੰਗ ਰੱਤੀ, ਮੱਥੇ ਫੁੱਲੀ ਆਹੀ।
ਕੱਟੀ ਡਿਆ ਮਾਹ ਦੀ ਸੱਟੀ, ਮਾਝੀ ਗਿਆ ਕਦਾਈਂ।
ਖਾਧੀ ਜੇਰ ਸੜੀ ਵਿਚ ਬੇਲੇ, ਨਾ ਕੋ ਖ਼ਸਮ ਨਾ ਸਾਈਂ।
ਤਿਸ ਦਾ ਦੁੱਧ ਪਿਵਾਇਓ ਮੈਨੂੰ ਅਜੇ ਨਾ ਗੜੀ ਕਿਥਾਈਂ। (253)

ਤਾਂ ਚੂਚਕ ਉਸ ਦੀ ਇਹ ਕਰਾਮਾਤ ਵੇਖ ਕੇ ਉਸ ਨੂੰ ਵਲੀ ਮੰਨਣ ਲੱਗ ਪੈਂਦਾ ਹੈ :

ਕਿ ਇਹ ਪੀਰ ਕਿ ਵਲੀ ਸਚਾਵਾ, ਅਜ਼ਮਤ ਕੀ ਰੁਸ਼ਨਾਈ।
ਬਿਨ ਬੋਲੇ ! ਬਿਨ ਆਖੇ ਬਾਝੋਂ, ਜਾਹਿਰਾ ਕਲਾ ਵਿਖਾਈ।

ਚੂਚਕ ਇਕ ਖ਼ਚਰੇ ਜਾਗੀਰਦਾਰ ਵਾਂਗ ਆਪਣੀ ਧੀ ਦਾ ਡੋਲਾ ਅਕਬਰ ਨੂੰ ਦੇ ਕੇ ਆਪਣੀ ਪਦਵੀ, ਜ਼ਮੀਨ ਤੇ ਤਾਕਤ ਵਧਾਉਣ ਤੋਂ ਭਲੀ-ਭਾਂਤ ਜਾਣੂ ਹੈ। ਉਹ ਜਾਗੀਰਦਾਰਾਂ ਵਾਂਗ ਮੀਸਣਾ, ਚਲਾਕ ਤੇ ਖ਼ੁਦਗਰਜ਼ ਹੈ।

ਜਦੋਂ ਰਾਂਝੇ ਤੇ ਹੀਰ ਦੀ ਆਸ਼ਕੀ ਦਾ ਪਤਾ ਲਗਦਾ ਹੈ ਤਾਂ ਰਾਂਝੇ ਨੂੰ ਕੁਟ ਕੁਟ ਕੱਢ ਦਿੰਦਾ ਹੈ ਪਰ ਜਦੋਂ ਮੱਝਾਂ ਉਸ ਦੇ ਮੋੜਿਆਂ ਵੀ ਨਹੀਂ ਮੁੜਦੀਆਂ ਤਾਂ ਰਾਂਝੇ ਦੇ ਪੈਰਾਂ ਤੇ ਪੱਗ ਰਖ ਦਿੰਦਾ ਹੈ ਕਿ ਤੂੰ ਮੇਰਾ ਪੁੱਤਰ ਏਂ, ਸੋ ਮੱਝਾਂ ਦੁਬਾਰਾ ਸੰਭਾਲ ਲੈ।

ਚਲਿਆ ਚਾਕ ਮੰਙੂ ਵੀ ਨਾਲੇ, ਚੂਚਕ ਹੋੜਾ ਪਾਏ।
ਜਿਉਂ ਜਿਉਂ ਮੋੜੇ ਤਿਉਂ ਤਿਉਂ ਵੱਗਣ ਰਹਿਨ ਨਾ ਮੂਲ ਰਹਾਏ।
ਹੁੱਟਾ ਖ਼ਾਨ ਮਰੇਂਦਾ ਮੰਙੂ, ਚਲਨ ਕਦਮਹੁੰ ਕਦਮ ਸਵਾਏ।
ਆਖ ਦਮੋਦਰ ਜੇ ਪੈ ਹੁੱਟਾ, ਗਲ ਪਗੜੀ ਤੇ ਚਾਕ ਮਨਾਏ। (346)

ਆਪਣੀ ਇੱਜ਼ਤ ਨੂੰ ਦਾਗ਼ ਲਗਦਾ ਵੇਖ ਕੇ ਉਹ ਹੀਰ ਨੂੰ ਜ਼ਹਿਰ ਖਵਾ ਦਿੰਦਾ ਹੈ। ਮੁੱਕਦੀ ਗੱਲ ਉਸ ਦੇ ਕਿਰਦਾਰ ਦੀਆਂ ਸਾਰੀਆਂ ਖ਼ਾਸੀਅਤਾਂ ਇਕ ਜਾਗੀਰਦਾਰ ਵਾਲੀਆਂ ਹਨ।

ਉਹ ਰਾਂਝੇ ਨੂੰ ਕਹਿੰਦਾ ਹੈ ਕਿ ਤੂੰ ਮੇਰੇ ਪੁੱਤਰਾਂ ਵਾਂਗ ਪੁੱਤਰ ਹੈਂ। ਪਰ ਹੀਰ ਦਾ ਸਾਕ ਕਰਨ ਲਈ ਤਿਆਰ ਨਹੀਂ। ਕਿਉਂਕਿ ਉਹ ਜਾਗੀਰਦਾਰ ਹੈ, ਰਾਜਪੂਤ ਹੈ ਅਤੇ ਰਾਂਝਾ ਜੱਟ ਹੈ ਤੇ ਉਸ ਦਾ ਕਾਮਾ ਹੈ।

ਜ਼ਾਤ, ਪਦਵੀ ਤੇ ਵਡੱਪਣ ਨੂੰ ਉਹ ਵਿਸ਼ੇਸ਼ ਤੌਰ ਤੇ ਮੁੱਖ ਰਖਦਾ ਹੈ। ਹੀਰ ਦੇ ਵਿਆਹ ਸਮੇਂ ਦਾਜ ਤੇ ਦੇਣ ਲੈਣ ਵੇਲੇ ਆਪਣੀ ਜਾਗੀਰਦਾਰੀ ਸ਼ਾਨ ਦਾ ਪੂਰਾ ਵਿਖਾਵਾ ਕਰਦਾ ਹੈ।

### ਕੁੰਦੀ

ਕੁੰਦੀ ਭਾਵੇਂ ਜਾਗੀਰਦਾਰ ਚੂਚਕ ਦੀ ਪਤਨੀ ਹੈ ਪਰ ਉਸ ਵਿਚ ਮਾਵਾਂ ਵਾਲਾ ਮੋਹ, ਪਿਆਰ ਤੇ ਔਲਾਦ ਲਈ ਪੂਰੀ ਪੂਰੀ ਮਮਤਾ ਹੈ।

ਜਦੋਂ ਕੁੰਦੀ ਹੀਰ ਨੂੰ ਸੱਦ ਕੇ ਤਾੜਦੀ ਹੈ ਅਤੇ ਕਹਿੰਦੀ ਹੈ ਕਿ

ਸੁਣ ਨੀ ਹੀਰੇ ਗੁਣੀ ਗਹੀਰੇ, ਤੁਧ ਭੁਲੇਰੀ ਚਾਈ ।
ਘਰ ਘਰ ਗੱਲ ਤੁਸਾਡੀ ਹੱਲੀ, ਸੁਣ ਸਨ ਸੱਕੇ ਭਾਈ ।
ਜੇ ਮਰ ਜਾਏ ਚਾਕ ਕਿਵੇਂ ਹੀ, ਅੱਸਾਂ ਊਂਘੀ ਆਈ ।
ਆਖੇ ਮਾਉਂ ਸਿਆਣੀ ਧੀਏ, ਰੋਂਦੀ ਬਹਿ ਭਰਜਾਈ । (302)

ਤਾਂ ਅੱਗੋਂ ਹੀਰ ਰਾਂਝੇ ਦਾ ਪੱਖ ਲੈਂਦੀ ਹੈ :

ਸੁਣ ਮੈਂ ਆਖਾਂ ਮੈਂਡੀ ਮਾਏ, ਤੈਨੂੰ ਕੌਣ ਸਮਝਾਏ ।
ਭਰੇ ਵਾਤ ਚਾਉਲਾਂ ਤੇ ਬੈਠੀ, ਨਾਂ ਪੁਣ ਪੁੱਤਰ ਪਰਾਏ ।

ਪਰ ਕੁੰਦੀ ਹੀਰ ਦੇ ਵਿਰੋਧ ਪਿੱਛੋਂ ਮਮਤਾ ਨਹੀਂ ਛਡਦੀ। ਉਹ ਚੂਚਕ ਅਗੇ ਵੀ ਹੀਰ ਬਾਰੇ ਉੱਡੀ ਗੱਲ ਤੇ ਪਰਦਾ ਪਾਉਂਦੀ ਹੈ ।

ਜਦੋਂ ਚੂਚਕ ਦੇ ਕਹਿਣ ਉਪਰੰਤ ਕੈਦੋ ਛਲ ਨਾਲ ਰਾਂਝੇ ਤੋਂ ਚੂਰੀ ਲਿਆ ਕੇ ਕੁੰਦੀ ਨੂੰ ਦਿੰਦਾ ਹੈ ਤਾਂ ਗੱਲ ਵਲਾਉਣ ਲਈ ਕਹਿੰਦੀ ਹੈ :

ਮੰਨਤ ਕੁੜੀਆਂ ਖਿਦਰ ਦੀ ਆਹੀ, ਧਾ ਧਾ ਘਿਉ ਪਇਓਨੇ ।
ਇਹ ਚੂਰੀ ਮੈਂ ਹੀ ਕੁੱਟ ਦਿੱਤੀ, ਆਇਤਵਾਰ ਡਿੱਠੋਨੇ । (324)

ਕੁੰਦੀ ਆਪਣੀ ਧੀ ਦੇ ਦਰਦ ਨੂੰ ਪੂਰੀ ਤਰ੍ਹਾਂ ਸਮਝਦੀ ਹੈ। ਵਿਆਹ ਸਮੇਂ ਹੀਰ ਦਾ ਹਾਲ ਵੇਖ ਕੇ ਉਹ ਇਹ ਵੀ ਕਹਿੰਦੀ ਹੈ ਕਿ

ਰੋਂਦੇ ਆਤਣ ਤੇ ਰੋਂਦੇ ਵਿਹੜੇ, ਜਿਉਂ ਜਿਉਂ ਵਿਦਾ ਕਰੇਂਦੀ ।
ਰੋਵਣ ਬਿਰਖ, ਬੰਬੂਲ ਪੰਖੇਰੂ, ਸਹੀਆਂ ਵਾਰੇ ਦੇਂਦੀ ।
ਰੋਵੇਂ ਮਾਉਂ ਨਾ ਮੂੰਹੋਂ ਅਲਾਏ, ਫਿਰਦੀ ਪੇਟ ਖੁਹੇਂਦੀ ।
ਆਖ ਦਮੋਦਰ ਆਖੇ ਮਹਰੀ ਮੈਂ ਰਾਂਝੇ ਤਾਈਂ ਦੇਂਦੀ ।

ਪਰ ਉਹ ਸਮਾਜਿਕ ਵਡੱਤਣ ਤੇ ਜਾਗੀਰਦਾਰੀ ਪ੍ਰਬੰਧ ਦੀ ਹਉਂ ਅੱਗੇ ਬੇਬਸ ਹੈ। ਕੁੰਦੀ ਚੂਚਕ ਨਾਲੋਂ ਵਧੇਰੇ ਨਰਮ ਦਿਲ ਤੇ ਔਲਾਦ ਦੇ ਦਿਲ ਦੀ ਸਮਝਣ ਵਾਲੀ ਇਸਤਰੀ ਹੈ। ਉਹ ਚੂਚਕ ਵਾਂਗ ਖ਼ੁਦਗਰਜ਼ ਤੇ ਕਮੀਨੀ ਵੀ ਨਹੀਂ ।

ਵਾਰਸ ਨੇ ਕੁੰਦੀ ਦਾ ਨਾਂ ਮਲਕੀ ਦਰਸਾਇਆ ਹੈ ।

### ਸਹਿਤੀ

ਬਾਕੀ ਕੁਲਾਬੀ ਨੇ ਸਹਿਤੀ ਦਾ ਜ਼ਿਕਰ ਆਪਣੀ ਮਸਨਵੀ ਵਿਚ ਨਹੀਂ ਕੀਤਾ। ਸਈਦ ਸਈਦੀ ਸਹਿਤੀ ਦੀ ਗੱਲ ਕਰਦਾ ਹੈ। ਪਰ ਉਹ ਸਹਿਤੀ ਨੂੰ ਸਾਫ਼ ਤੌਰ ਤੇ ਹੀਰ ਦੀ ਨਨਾਣ ਨਹੀਂ ਕਹਿੰਦਾ। ਲਾਇਕ ਸਹਿਤੀ ਦਾ ਨਾਂ ਮਸ਼ਹਦੀ ਦੱਸਦਾ ਹੈ।

ਸਹਿਤੀ ਇਕ ਵਿਧਵਾ ਔਰਤ ਹੈ। ਸੰਕੇਤਾਂ ਤੇ ਸੰਬੋਧਨਾਂ ਤੋਂ ਪਤਾ ਲਗਦਾ ਹੈ ਕਿ ਉਹ ਹੀਰ ਦੀ ਨਨਾਣ ਹੈ। ਉਹ ਰੰਗਪੁਰ ਤੋਂ ਤਿੰਨ ਚਾਰ ਮੀਲ ਦੀ ਵਿਥ ਤੇ ਵਿਆਹੀ ਸੀ ਪਰ ਵਿਧਵਾ ਹੋਣ ਪਿੱਛੋਂ ਇਕੱਲੀ ਰਹਿੰਦੀ ਹੈ। ਜਦੋਂ ਹੀਰ ਨੂੰ ਬਾਹਰ ਇਕੱਲੀ ਛੱਡਣ ਦੀ ਗੱਲ ਉਸ ਦੀ ਸੱਜ ਕਰਦੀ ਹੈ ਤਾਂ ਪ੍ਰਤੀਤ ਹੁੰਦਾ ਹੈ ਕਿ ਸਹਿਤੀ ਸਿਰਫ਼ ਹੀਰ ਦੀ ਗੁਆਂਢੀ ਹੈ। ਪਰ ਅਗੇ ਚਲ ਕੇ ਪਤਾ ਚਲਦਾ ਹੈ ਕਿ ਸਹਿਤੀ ਅਲੀ ਦੀ ਧੀ ਤੇ ਸਾਹਿਬੇ ਦੀ

ਭੈਣ ਹੈ।

ਸਹਿਤੀ ਹੌਲੀ ਹੌਲੀ ਹੀਰ ਦੀ ਹਮਰਾਜ਼ ਬਣ ਜਾਂਦੀ ਹੈ ਅਤੇ ਆਪਣੇ ਆਸ਼ਕ ਰਾਮੂ ਬ੍ਰਾਹਮਣ ਨੂੰ ਰਾਂਝੇ ਕੋਲ ਭੇਜ ਦਿੰਦੀ ਹੈ। ਉਹ ਕੁਰਬਾਨੀ ਦੀ ਪੁੰਜ ਹੈ। ਹੀਰ ਨੂੰ ਰਾਂਝੇ ਨਾਲ ਨਿਕਲਣ, ਹੀਰ ਨੂੰ ਸੱਪ ਲੜਾਉਣ ਆਦਿ ਦਾ ਫੰਧ-ਫਰੇਬ ਸਾਰਾ ਸਹਿਤੀ ਹੀ ਬਣਾਉਂਦੀ ਹੈ।

ਦਮੋਦਰ ਦੀ ਹੀਰ ਵਿਚ ਸਹਿਤੀ ਤੇ ਰਾਂਝੇ ਦੀ ਕੋਈ ਲੜਾਈ ਵੀ ਨਹੀਂ ਵਿਖਾਈ ਗਈ ਜਿਵੇਂ ਵਾਰਸ ਨੇ ਵਿਖਾਈ ਹੈ।

ਸਹਿਤੀ ਕਿਸੇ ਗ਼ਰਜ਼ ਕਾਰਣ ਹੀਰ ਤੇ ਰਾਂਝੇ ਦਾ ਮੇਲ ਨਹੀਂ ਕਰਵਾਉਂਦੀ ਸਗੋਂ ਵਾਰਸ ਦੀ ਦਰਸਾਈ ਘਟਨਾ ਤੋਂ ਉਲਟ ਕੁਰਬਾਨੀ ਕਰਦੀ ਹੈ।

ਉਹ ਬੇਗ਼ਰਜ਼, ਕੁਰਬਾਨੀ ਦਾ ਮੁਜੱਸਮਾ ਤੇ ਇਸਤਰੀ ਮਨ ਦੀ ਪੀੜ ਨੂੰ ਬੜੀ ਚੰਗੀ, ਤਰ੍ਹਾਂ ਸਮਝਦੀ ਹੈ।

**ਅਲੀ**

ਵਾਰਸ ਨੇ ਅਲੀ ਦਾ ਨਾਂ ਅਜੂ ਲਿਖਿਆ ਹੈ। ਅਲੀ ਸਾਹਿਬੇ ਦਾ ਪਿਉ ਤੇ ਰੰਗਪੁਰ ਦਾ ਰਈਸ ਸੀ। ਉਸ ਨੂੰ ਜਦੋਂ ਹੀਰ ਦੇ ਚਾਲਿਆਂ ਦਾ ਪਤਾ ਲਗਦਾ ਹੈ ਤਾਂ ਉਹ ਹੀਰ ਨੂੰ ਮਰਵਾ ਦੇਣਾ ਚਾਹੁੰਦਾ ਹੈ। ਪਰ ਆਪਣੀ ਘਰ ਵਾਲੀ ਦੇ ਕਹਿਣ ਉਪਰੰਤ ਉਹ ਹੀਰ ਦੇ ਮਰਵਾ ਦੇਣ ਦੀ ਗੱਲ ਛੱਡ ਕੇ ਉਸ ਨੂੰ ਪਿੰਡੋਂ ਬਾਹਰ ਇਕ ਦਾਣਿਆਂ ਵਾਲੇ ਕੋਠੇ ਵਿਚ ਛੱਡ ਆਉਂਦੇ ਹਨ।

ਨਹੀਂ ਮੁਨਾਸਿਬ ਖ਼ਾਨਾ ਮਾਰਣ, ਮਹਿਰੀ ਆਖ ਸੁਣਾਇਆ।<br>
ਧੀ ਚੂਚਕ ਦੀ ਕੀਕਰ ਮਾਰਿਹੈਂ, ਬਹੁਤਾ ਭੁਲ ਅਲਾਇਆ।<br>
ਲਹਾਂ ਨਾ ਕੁੱਤੀ ਇਸ ਦੇ ਘਰ ਦੀ, ਖ਼ਾਨਾਂ ਨਹੀਂ ਭੁਲਾਇਆ।<br>
ਆਖ ਦਮੋਦਰ ਸੋਹੇ ਨਾ ਤੈਨੂੰ, ਮਾਰਨ ਮਤਾ ਪਕਾਇਆ।

ਜਦੋਂ ਰਾਂਝਾ ਹੀਰ ਨੂੰ ਲੈ ਕੇ ਨਿਕਲ ਜਾਂਦਾ ਹੈ ਤਾਂ ਅਲੀ ਪਿੰਡ ਦੇ ਹੋਰ ਲੋਕਾਂ ਨਾਲ ਉਸ ਦਾ ਪਿੱਛਾ ਕਰਦਾ ਹੈ। ਹੀਰ ਦੇ ਫੜੇ ਜਾਣ ਪਿੱਛੋਂ ਉਹ ਹੀਰ ਨੂੰ ਗਾਲੀ-ਗਲੋਚ ਵੀ ਕਰਦਾ ਹੈ। ਰਾਂਝੇ ਨੂੰ ਵੀ ਚੰਗਾ ਮੰਦਾ ਕਹਿੰਦਾ ਹੈ। ਪਰ ਹੀਰ ਉਸ ਦੀ ਕੋਈ ਪ੍ਰਵਾਹ ਨਹੀਂ ਕਰਦੀ।

ਨਾਲੇ ਨਾਲੇ ਪੈਂਡੇ ਲਗੇ ਵੈਂਦੇ, ਖੇੜਾ ਵੈਣ ਅਲਾਏ।<br>
ਮਰੇਂ ਨਾ ਜੀਵੇਂ ਕੁੱਤੀ ਰੰਨੇ। ਹੁਈਏ ਚਾਕੇ ਹਾਏ।

ਉਹ ਭਾਵੇਂ ਰੰਗਪੁਰ ਦਾ ਸਰਦਾਰ ਹੈ ਪਰ ਆਪਣੀ ਖੋਖਲੀ ਹਾਲਤ ਤੋਂ ਬੇਬਹਿਰਾ ਨਹੀਂ, ਸਗੋਂ ਕੋਟ ਕਬੂਲੇ ਦੇ ਕਾਜ਼ੀ ਨੂੰ ਕਹਿੰਦਾ ਹੈ :

ਸੁਣ ਸਾਹਿਬ! ਅਲੀ ਕਰ ਗੁੱਸਾ, ਪਹਿਲਾਂ ਅਰਜ਼ ਸੁਣਾਈ।<br>
ਸਿਰ ਤੇ ਕਰਜ਼ੇ ਚੜ੍ਹੇ ਬਹੁਤੇਰੇ, ਧੀ ਚੂਚਕ ਦੀ ਵਿਆਹੀ।

ਪਰ ਅਲੀ ਕੋਈ ਦਲੇਰ ਪਾਤਰ ਨਹੀਂ, ਜਦੋਂ ਅੱਗ ਲਗਣ ਪਿਛੋਂ ਰਾਜਾ ਅਦਲੀ

ਸਾਰਿਆਂ ਨੂੰ ਫ਼ੌਜ ਭੇਜ ਕੇ ਵਾਪਸ ਮੰਗਾ ਲੈਂਦਾ ਹੈ ਤਾਂ ਉਹ ਕਹਿੰਦਾ ਹੈ :

ਜੋਗੀ ਭੱਠ ਤੇ ਚੁੱਲ੍ਹੇ ਸਲੇਟੀ, ਅਸੀਂ ਮੋਏ ਬਿਣ ਆਈ।
ਅਸੀਂ ਵੰਞ ਜੁਲਾਹਾਂ, ਇਥਹੁੰ, ਏਥੇ ਰਹਿੰਦੇ ਨਾਹੀਂ।

**ਸਾਹਿਬਾ**

ਬਾਕੀ ਕੁਲਾਬੀ ਨੇ ਸਾਹਿਬਾ ਦਾ ਨਾਂ ਹੱਜਾਮ ਲਿਖਿਆ ਹੈ। ਦਮੋਦਰ ਨੇ ਸਾਹਿਬਾ, ਅਹਿਮਦ ਯਾਰ ਨੇ ਸੈਦਾ, ਮਿੰਨਤ ਨੇ ਨਵਰੰਗਾ ਤੇ ਵਾਰਸ ਨੇ ਵੀ ਸੈਦਾ ਹੀ ਲਿਖਿਆ ਹੈ।

ਇਹ ਹੀਰ ਦਾ ਘਰ ਵਾਲਾ ਸੀ। ਬੜਾ ਅਮਰਦ ਪਾਤਰ ਹੈ। ਪਹਿਲੀ ਰਾਤ ਹੀ ਹੀਰ ਤੋਂ ਖੁੰਭ ਠੁਕਵਾ ਕੇ ਮੁੜਦਾ ਹੈ। ਹੀਰ ਉਸ ਨੂੰ ਮਾਂ ਪਿਉ ਜਾਇਆ ਕਹਿੰਦੀ ਹੈ ਪਰ ਉਸ ਤੇ ਕੋਈ ਅਸਰ ਨਹੀਂ ਹੁੰਦਾ।

ਜਦੋਂ ਹੀਰ ਨਿਕਲ ਜਾਂਦੀ ਹੈ ਤਾਂ ਹੀਰ ਦਾ ਪਿੱਛਾ ਕਰਨ ਵਾਲਿਆਂ ਵਿਚ ਦਮੋਦਰ ਉਸ ਦਾ ਜ਼ਿਕਰ ਤਕ ਨਹੀਂ ਕਰਦਾ।

ਜਦੋਂ ਉਸ ਨੂੰ ਮੁੰਡੇ ਪੁੱਛਦੇ ਹਨ ਕਿ ਤੇਰੀ ਸੁਹਾਗ-ਰਾਤ ਕਿਵੇਂ ਗੁਜ਼ਰੀ ਤਾਂ ਉਹ ਹੀਰ ਦੁਆਰਾ ਭੰਨੇ ਗਏ ਮੂੰਹ ਨੂੰ ਕੁੜੀਆਂ ਦੀ ਸ਼ਰਾਰਤ ਦੱਸਦਾ ਹੈ।

ਵੜਿਆ ਵੰਞ ਜਿੱਥੇ ਜੰਜ ਲੱਥੀ, ਤਾਂ ਪੁੱਛੇ ਸਭ ਕੋਈ।
ਆਖ ਵੇਖਾਂ। ਰਾਤੀਂ ਨਾਲ ਸਲੇਟੀ ਸਾਗਲ ਕਿਉਂ ਕਰ ਹੋਈ।
ਬੈਠ ਹਕੀਕਤ ਖੇੜੇ ਕੀਤੀ, ਸੁਣਿਹੋ ਗੱਲਾਂ ਭਾਈ।
ਕੀਤੀ ਚਾਘ ਕੁੜੀਆਂ ਹਿਕ ਮੰਦੀ, ਦੀਵੇ ਜੋਤ ਬੁਝਾਈ।
ਅੱਗੇ ਪੱਥਣ ਘੋੜੀ ਬੱਧੀ, ਮੈਨੂੰ ਖ਼ਬਰ ਨਾ ਕਾਈ।
ਦੇਖਹੁ ਬਾਬਾ ਦੰਦ ਰੰਞਾਣੇ, ਪੁਸਤੀ ਘੋੜੀ ਲਾਈ।

ਪਤਾ ਨਹੀਂ ਦਮੋਦਰ ਤੋਂ ਲੈ ਕੇ ਵਾਰਸ ਤਕ ਨੇ ਇਸ ਪਾਤਰ ਨੂੰ ਇੰਨਾ ਬੇਗ਼ੈਰਤ, ਅਮਰਦ ਤੇ ਕਮਜ਼ੋਰ ਕਿਉਂ ਚਿੱਤ੍ਰਿਆ ਹੈ।

**ਲੁੱਡਣ**

ਲੁੱਡਣ ਪਹਿਲਾਂ ਨੂਰੇ ਸੰਬਲ ਦਾ ਪਾਤਣੀ ਸੀ। ਪਰ ਇਕ ਨਿੱਕੀ ਜਿਹੀ ਭੁੱਲ ਬਦਲੇ ਜਦੋਂ ਨੂਰੇ ਨੇ ਉਸ ਨੂੰ ਬੁੱਢੇ ਵਾਰੇ ਮਾਰਿਆ ਤਾਂ ਉਹ ਬੇੜੀ ਲੈ ਕੇ ਭਜ ਤੁਰਿਆ। ਲੁੱਡਣ ਵੀ ਕੋਈ ਗ਼ੈਰਤਮੰਦ ਪਾਤਰ ਨਹੀਂ ਜੋ ਰਾਂਝੇ ਦੀ ਵੰਜਲੀ ਤੇ ਫ਼ਿਦਾ ਹੋ ਕੇ ਉਸ ਨੂੰ ਆਪਣੀਆਂ ਦੋਵੇਂ ਬੀਵੀਆਂ ਤਕ ਦੇਣ ਲਈ ਤਿਆਰ ਹੋ ਜਾਂਦਾ ਹੈ।

ਉਂਜ ਉਹ ਹੀਰ ਦਾ ਹਮਰਾਜ਼ ਵੀ ਹੈ। ਉਹ ਕੰਮੀਆਂ ਦੀ ਪ੍ਰਤਿਨਿਧਤਾ ਕਰ ਰਿਹਾ ਪਾਤਰ ਹੈ।

ਉਹ ਨੂਰੇ ਤੋਂ ਵੀ ਮਾਰ ਖਾਂਦਾ ਹੈ। ਤੇ ਹੀਰ ਤੋਂ ਵੀ ਪਰ ਕਮੀਂ ਹੋਣ ਕਾਰਣ ਕਿਸੇ ਨੂੰ ਕੁਝ ਨਹੀਂ ਕਹਿ ਸਕਦਾ।

ਇਸ ਤੋਂ ਬਿਨਾਂ ਹੱਸੀ (ਹੀਰ ਦੀ ਖ਼ਾਸ ਸਹੇਲੀ) ਸਿਧ ਬਗਾਈ, ਕਾਜ਼ੀ, ਨੂਰਾ

ਸੰਬਲ, ਨਾਹੜ, ਰਾਮੂ, ਅਬੁੱਲ ਫ਼ਤਿਹ, ਕੋਟ ਕਬੂਲੇ ਦਾ ਕਾਜ਼ੀ, 300 ਸਹੇਲੀਆਂ ਯਾਕੂਬ ਵੜੈਚ (ਰਾਂਝੇ ਦਾ ਸਹੁਰਾ ਜਿਸ ਦੀ ਧੀ ਰਾਂਝੇ ਨਾਲ ਮੰਗੀ ਹੋਈ ਸੀ) ਜੀਵਨ, ਤਾਹਿਰ, ਜ਼ਾਹਿਰ (ਰਾਂਝੇ ਦੇ ਭਰਾ) ਸੁਲਤਾਨ, ਖ਼ਾਨ, ਪਠਾਣ (ਹੀਰ ਦੇ ਭਰਾ) ਆਦਿ ਵੀ ਪਾਤਰ ਹਨ ਪਰ ਇਹ ਸਾਰੇ ਗੌਣ ਪਾਤਰ ਹਨ। ਹੱਸੀ ਤੇ ਮੁਅਜ਼ਮ (ਮੌਜੂ) ਇਨ੍ਹਾਂ ਵਿਚੋਂ ਵਿਸ਼ੇਸ਼ ਹਨ।

# 10

## ਕਿੱਸੇ ਵਿਚ ਆਈਆਂ ਥਾਵਾਂ ਦਾ ਵੇਰਵਾ

### ਤਖ਼ਤ ਹਜ਼ਾਰਾ

ਤਖ਼ਤ ਹਜ਼ਾਰਾ ਜ਼ਿਲ੍ਹਾ ਸਰਗੋਧਾ ਦੀ ਤਹਿਸੀਲ ਭਲਵਾਲ ਵਿਚ ਭਲਵਾਲ ਤੋਂ ਦੱਖਣ ਵੱਲ 26 ਮੀਲ ਦੇ ਫ਼ਾਸਲੇ ਤੇ ਸਥਿਤ ਹੈ। ਇਥੋਂ ਕਿਰਾਨਾ 15 ਮੀਲ ਪੂਰਬ ਵੱਲ ਹੈ। ਪੰਜਾਬੀ ਕਾਵਿ-ਸਾਹਿਤ ਵਿਚ ਜਿੰਨੀ ਤਖ਼ਤ ਹਜ਼ਾਰੇ ਦੀ ਮਹਾਨਤਾ ਹੈ ਹੋਰ ਕਿਸੇ ਪਿੰਡ ਜਾਂ ਕਸਬੇ ਦੀ ਨਹੀਂ।

ਕਿਸੇ ਸਮੇਂ ਇਹ ਜਾਂ ਜ਼ਿਲ੍ਹਾ ਸ਼ਾਹਪੁਰ ਵਿਚ ਸੀ। Gazetteer of Shahpur District ਦੇ ਪੰਨਾ 33 ਉੱਪਰ ਇਸ ਤਰ੍ਹਾਂ ਦਰਜ ਹੈ :

> "ਕਿਸੇ ਸਮੇਂ ਇਹ ਬਹੁਤ ਵੱਡਾ ਸ਼ਹਿਰ ਸੀ, ਇਸ ਨੂੰ ਜਹਾਂਗੀਰ ਨਗਰ ਤਖ਼ਤ ਹਜ਼ਾਰਾ ਕਹਿੰਦੇ ਸਨ। ਆਈਨੇ ਅਕਬਰੀ ਵਿਚ ਵੀ ਇਸ ਦਾ ਜ਼ਿਕਰ ਹੈ। ਹਮੀਦ-ਉੱਲਾ ਹਾਸ਼ਮੀ ਅਨੁਸਾਰ, "ਤਖ਼ਤ ਹਜ਼ਾਰਾ ਇਕ ਪੁਰਾਣੀ ਬਸਤੀ ਹੈ। ਜਿਸ ਦੇ ਖੰਡਰਾਂ ਦਾ ਗ਼ੌਰ ਨਾਲ ਮੁਤਾਲਿਆ (ਅਧਿਐਨ) ਕਰਨ ਤੋਂ ਪਤਾ ਲਗਦਾ ਹੈ ਕਿ ਪੁਰਾਣੇ ਜ਼ਮਾਨੇ ਦੀ ਤਹਿਜ਼ੀਬੀ ਫ਼ਰਸ਼ ਤੇ ਟੁੱਟੇ ਵੱਡੇ ਵੱਡੇ ਚਾਰ ਦਰਵਾਜ਼ੇ ਮੌਜੂਦਾ ਆਬਾਦੀ ਤੋਂ ਇਕ ਇਕ ਮੀਲ ਦੂਰ ਬਾਹਰ ਵਾਕਿਆ ਹਨ। ਸ਼ਾਹੀ ਜ਼ਮਾਨੇ ਦੀ ਮਸੀਤ ਅਜੇ ਤਕ ਭੈੜੀ ਹਾਲਤ ਵਿਚ ਮੌਜੂਦ ਹੈ। ਜਿਸ ਦੇ ਹਮਾਮ, ਤਾਲਾਬ ਤੇ ਪਾਣੀ ਦੀ ਸਪਲਾਈ ਦਾ ਸ਼ਾਹਾਨਾ ਇੰਤਜ਼ਾਮ ਇਸ ਦਲੀਲ ਦੀ ਗਵਾਹੀ ਏ ਜੇ ਇਹ ਕਸਬਾ ਬਾਦਸ਼ਾਹੀ ਨਜ਼ਰਾਂ ਤੋਂ ਫ਼ੈਜ਼ਯਾਬ ਰਿਹਾ ਏ। ਇਸ ਵਿਚ ਪੁਰਾਣੇ ਜ਼ਮਾਨੇ ਦੇ ਬਹੁਤ ਸਾਰੇ ਮਕਬਰੇ ਹਨ। ਇਕ ਜੋਗੀਆਂ ਦਾ ਡੇਰਾ ਵੀ ਹੈ। ਕਹਿੰਦੇ ਹਨ ਸ਼ਹਿਨਸ਼ਾਹ ਜਹਾਂਗੀਰ ਨੇ ਆਪਣੀ ਸ਼ਹਿਜ਼ਾਦਗੀ ਦੇ ਦਿਨਾਂ ਵਿਚ ਇਸ ਪਿੰਡ ਨੂੰ ਵਸਾਇਆ ਸੀ।"[1]

ਮੁਹੰਮਦ ਹਨੀਫ਼ ਮਿਹਰ ਕਾਚੇਲਵੀ ਦਾ ਵਿਚਾਰ ਹੈ ਕਿ, "ਰਾਂਝਾ ਜਿੱਥੇ ਪੈਦਾ ਹੋਇਆ ਉਹ ਹੁਣ ਵਾਲੇ ਤਖ਼ਤ ਹਜ਼ਾਰੇ ਦੇ ਕਰੀਬ ਹਜ਼ਾਰਾ ਟਿੱਬਾ ਸੀ। ਜਿਹੜਾ ਹੁਣ ਵਾਲੇ ਤਖ਼ਤ ਹਜ਼ਾਰੇ ਦੇ ਸਾਹਮਣੇ ਝਨਾਂ ਦੇ ਉਸ ਪਾਰ ਇਕ ਨਿੱਕਾ ਜਿਹਾ ਪਿੰਡ ਸੀ। ਇਸ ਤਖ਼ਤ ਹਜ਼ਾਰੇ ਦੀ ਨੀਂਹ ਬਾਬਰ ਬਾਦਸ਼ਾਹ ਨੇ ਭੇਰਾ ਫ਼ਤਿਹ ਕਰਨ ਤੋਂ ਬਾਅਦ ਲਾਹੌਰ ਵੱਲ ਜਾਂਦਿਆਂ ਰਖੀ। ਕਹਿੰਦੇ ਹਨ ਇਹ ਨੀਂਹ ਬਾਬਰ ਨੇ 925 ਹਿਜਰੀ (1519 ਈ.) ਵਿਚ ਇਕ ਫ਼ਕੀਰ

---

[1]ਹਮੀਦ-ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ, ਪੰਨਾ 175.

ਸ਼ਾਹ ਰੱਲਾ ਦੇ ਕਹਿਣੇ ਤੇ ਰਖੀ। ਜਿਸ ਦਾ ਮਜ਼ਾਰ ਹੁਣ ਤਕ ਓਥੇ ਮੌਜੂਦ ਹੈ।"[2] ਤਾਰੀਖ਼ੇ ਫ਼ਰਿਸ਼ਤਾ ਅਨੁਸਾਰ ਬਾਬਰ ਨੇ ਭੇਰਾ 925 ਹਿ. ਵਿਚ ਫ਼ਤਿਹ ਕੀਤਾ ਸੀ ਪਰ ਤਖ਼ਤ ਹਜ਼ਾਰਾ ਬਾਰੇ ਅਜਿਹਾ ਕੋਈ ਹਵਾਲਾ ਨਹੀਂ ਮਿਲਦਾ। ਉਂਜ ਵੀ ਜੇ ਤਖ਼ਤ ਹਜ਼ਾਰਾ 1519 ਈ. ਵਿਚ ਵਸਾਇਆ ਗਿਆ ਸੀ ਤਾਂ ਫੇਰ ਤਾਂ ਹੀਰ ਰਾਂਝੇ ਦੀ ਕਹਾਣੀ ਇਸ ਪਿੱਛੋਂ ਵਾਪਰੀ ਪ੍ਰਤੀਤ ਹੋਵੇਗੀ। ਹਾਲਾਂਕਿ ਸ਼ਾਹ ਹੁਸੈਨ (1539-1600 ਈ.) ਨੇ ਸੋਲ੍ਹਵੀਂ ਸਦੀ ਦੇ ਪੰਜਵੇਂ ਛੇਵੇਂ ਦਹਾਕੇ ਵਿਚ ਹੀ ਤਖ਼ਤ ਹਜ਼ਾਰੇ ਦਾ ਜ਼ਿਕਰ ਆਪਣੀਆਂ ਕਾਫ਼ੀਆਂ ਵਿਚ ਕੀਤਾ ਹੈ।

### ਝੰਗ

ਝੰਗ ਦਾ ਜ਼ਿਕਰ ਪੁਸਤਕ ਵਿਚ ਬਹੁਤ ਹੋ ਚੁੱਕਾ ਹੈ।

### ਕੋਟ ਕਬੂਲਾ

ਕੋਟ ਕਬੂਲਾ ਮਿੰਟਗੁਮਰੀ ਦੇ ਗਜ਼ਟ ਅਨੁਸਾਰ, "ਕਬੂਲਾ ਪਾਕ-ਪਟਨ ਤਹਿਸੀਲ ਵਿਚ ਸਥਿਤ ਹੈ। ਇਸ ਦੀ ਬੁਨਿਆਦ ਗਿਆਸੁੱਦੀਨ ਤੁਗ਼ਲਕ ਵੇਲੇ ਰਖੀ ਗਈ ਸੀ।"[3]

ਹਮੀਦ-ਉੱਲਾ ਹਾਸ਼ਮੀ ਅਨੁਸਾਰ, "ਸ਼ੇਰ ਸ਼ਾਹ ਸੂਰੀ ਦੇ ਸਮੇਂ ਨੇੜੇ ਪੰਜਾਬ ਵਿਚ ਇਕ ਰਿਆਸਤ ਸੀ ਕੋਟ ਕਬੂਲਾ, ਜੋ ਸਾਹੀਵਾਲ ਦੇ ਕਸਬਾ ਆਰਫ਼ਵਾਲਾ ਤੋਂ 9 ਮੀਲ ਪਰ੍ਹੇ ਦੱਖਣ ਵੱਲ ਸੀ ਤੇ ਚੰਗੀ ਬਸਤੀਨੁਮਾ ਰਿਆਸਤ ਸੀ ਜੋ ਨਿਰੀ ਖੋਲਾ ਹੋ ਚੁੱਕੀ ਏ। ਇਸ ਰਿਆਸਤ ਦਾ ਰਾਜਾ ਅਬੁੱਲ ਫਤਿਹ ਆਪਣੀ ਨੇਕੀ ਤੇ ਇਨਸਾਫ਼ ਪਸੰਦੀ ਵਜੋਂ ਰਾਜਾ ਅਦਲੀ ਕਹਿਲਾਉਂਦਾ ਸੀ।"[4]

ਹਮੀਉੱਲਾ ਹਾਸ਼ਮੀ ਅੱਗੇ ਚਲ ਕੇ ਫੇਰ ਲਿਖਦੇ ਹਨ। "ਤਾਰੀਖ਼ੀ ਤੌਰ ਤੇ ਸੁਲਤਾਨ ਮਹਿਮੂਦ ਗ਼ਜ਼ਨਵੀ ਨੇ ਜਦ ਮੁਲਤਾਨ ਤੇ ਹਮਲਾ ਕਰਕੇ ਉਸ ਨੂੰ ਫ਼ਤਿਹ ਕਰ ਲਿਆ ਤਾਂ ਇਹ ਇਲਾਕਾ ਜੰਗਲ ਸੀ। ਉਸ ਨੇ ਇਥੇ ਇਕ ਛੋਟਾ ਜਿਹਾ ਕਿਲ੍ਹਾ ਬਣਵਾਇਆ। ਫੇਰ ਗਿਆਸੁੱਦੀਨ ਤੁਗ਼ਲਕ ਨੇ ਆਪਣੇ ਸਮੇਂ ਇਕ ਮੁਅਤਮਿਦ ਕਬੂਲ ਖ਼ਾਨ ਨੂੰ ਇਥੇ ਸ਼ਹਿਰ ਵਸਾਉਣ ਲਈ ਆਖਿਆ। ਉਸ ਨੇ ਆਪਣੇ ਹੱਥ ਨਾਲ ਇਸ ਬਸਤੀ ਦੀ ਨੀਂਹ ਧਰੀ, ਕਿਲ੍ਹਾ ਬਣਵਾਇਆ ਤੇ ਉਸੇ ਨਿਸਬਤ ਨਾਲ ਇਹ ਕੋਟ ਕਬੂਲਾ ਹੋਇਆ।

ਪਰ ਮਜ਼ਹਰ-ਉੱਲ ਇਸਲਾਮ ਨੇ ਆਪਣੀ ਪੁਸਤਕ 'ਲੋਕ-ਪੰਜਾਬ' ਵਿਚ ਇਕ ਹੋਰ ਰਵਾਇਤ ਦਾ ਜ਼ਿਕਰ ਕੀਤਾ ਹੈ। "ਕਬੂਲਾ ਆਰਫ਼ ਵਾਲਾ ਸੇ 5 ਮੀਲ ਕੇ ਫ਼ਾਸਲਾ ਪਰ ਏਕ ਤਾਰੀਖ਼ੀ ਔਰ ਕਦੀਮ ਛੋਟਾ ਸਾ ਸ਼ਹਿਰ ਹੈ। ਰਵਾਇਤ ਹੈ ਕਿ ਇਸ ਕਾ ਨਾਮ ਏਕ ਸ਼ਖ਼ਸ ਮਕਬੂਲ ਕੇ ਨਾਮ ਕਾ ਗਲਤੁਲਆਮ ਹੈ। ਕਿਉਂਕਿ ਯੇਹ ਸ਼ਹਿਰ ਬਾਰ ਬਾਰ ਜ਼ਮੀਨ ਮੇਂ ਧਸ ਜਾਤਾ ਥਾ, ਲਿਹਾਜ਼ਾ ਮਕਬੂਲ ਨਾਮੀ ਸ਼ਖ਼ਸ ਕੋ ਇਸਕੀ ਬੁਨਿਆਦੋਂ ਮੇਂ ਰੱਖਾ ਗਿਆ ਔਰ ਇਸ ਕੇ ਬਾਅਦ ਯੇਹ ਸ਼ਹਿਰ ਖੜਾ ਹੋ ਗਿਆ। ਜਬ ਬਾਅਜ਼ ਲੋਗੋਂ

---

[2]ਮੁਹੰਮਦ ਹਨੀਫ਼ ਮਿਹਰ ਕਾਚੇਲਵੀ, ਪੰਜ ਦਰਿਆ (ਵਾਰਸ ਸ਼ਾਹ ਅੰਕ) ਲਾਹੌਰ, ਪੰਨਾ 203.

[3]Montgomery District Gazetteer, page 77.

[4]ਹਮੀਦ-ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ, ਪੰਨਾ 176.

ਕੋ ਪੂਛਾ ਗਿਆ ਕਿ ਮਕਬੂਲ ਕੋ ਜ਼ਿੰਦਾ ਯਾ ਮੁਰਦਾ ਇਸ ਸ਼ਹਿਰ ਕੀ ਬੁਨਿਆਦੋਂ ਮੇਂ ਰੱਖਾ ਗਿਆ ? ਤੋ ਲੋਗੋਂ ਨੇ ਲਾਇਲਮੀ ਕਾ ਇਜ਼ਹਾਰ ਕੀਆ। ਕਹਾ ਜਾਤਾ ਹੈ ਕਿ ਇਸ ਸ਼ਹਿਰ ਮੇਂ ਬਹੁਤ ਸੇ ਕਿਲ੍ਹੇ ਥੇ ਜਿਨ ਮੇਂ ਸੇ ਏਕ ਅਬ ਭੀ ਖ਼ਸਤਾ ਹਾਲਤ ਮੇਂ ਮੌਜੂਦ ਹੈ। ਪਹਿਲਵਾਨ ਨਾਮੀਂ ਏਕ ਬਜ਼ੁਰਗ ਨੇ ਬਤਾਇਆ ਕਿ ਯਹਾਂ ਕਿਸੀ ਵਕਤ ਰਾਜਾ ਅਦਲੀ ਕੀ ਹੁਕਮਰਾਨੀ ਥੀ। ਯੇਹ ਕਿਲ੍ਹੇ ਰਾਜਾ ਅਦਲੀ ਕੀ ਮਲਕੀਅਤ ਹੈਂ।"

ਇਤਿਹਾਸ ਵਿਚ ਕੋਟ ਕਬੂਲਾ (ਕੋਟ ਕਪੂਲਾ) ਦਾ ਜ਼ਿਕਰ ਪਹਿਲੀ ਵਾਰੀ 'ਤਾਰੀਖ਼ੇ ਸ਼ੇਰ ਸ਼ਾਹੀ' ਵਿਚ ਮਿਲਦਾ ਹੈ।

**ਰੰਗਪੁਰ**

ਜ਼ਿਲ੍ਹਾ ਮੁਜ਼ਫ਼ਰਗੜ੍ਹ ਦੀ ਪਹਿਲੀ Settlement Report ਅਨੁਸਾਰ ਇਹ ਜ਼ਿਲ੍ਹਾ ਮੁਜ਼ਫ਼ਰਗੜ੍ਹ ਦਾ ਇਕ ਚੰਗਾ ਤਗੜਾ ਕਸਬਾ ਹੈ। ਇਥੇ ਹੀ ਹੀਰ ਅਲੀ ਦੇ ਪੁੱਤਰ ਸਾਹਿਬੇ ਨਾਲ ਵਿਆਹੀ ਗਈ ਸੀ। ਜਿੱਥੇ ਉਸ ਨੇ 36 ਮਹੀਨੇ ਤੇ 16/17 ਦਿਨ ਕੱਟੇ ਅਤੇ 35 ਮਹੀਨੇ ਕੁਝ ਦਿਨਾਂ ਪਿੱਛੋਂ ਰਾਂਝੇ ਨਾਲ ਮੁਲਾਕਾਤ ਹੋਈ।

**ਦਮੋਦਰ ਅਨੁਸਾਰ**

"ਪੈਂਤ੍ਰੀ ਮਾਹ ਨੌ ਰਾਤੀਂ ਪਿਛੋਂ, ਰਬ ਅਸਾਂ ਅਨਾਜ ਖੁਆਇਆ"। ਫੇਰ ਸੱਪ ਲੜਨ ਦਾ ਬਹਾਨਾ ਬਣਾ ਕੇ ਸਹੇਤੀ ਨੇ ਰਾਂਝੇ ਨੂੰ ਮਾਂਦਰੀ ਬਣਾ ਕੇ ਸਦਵਾਇਆ ਤੇ ਹੀਰ ਰਾਂਝਾ 37 ਦਿਨ ਇਕੱਠੇ ਰਹੇ।

ਪਰ Imperial Gazetteer of India ਵਿਚ ਕੋਟ ਕਬੂਲਾ, ਰੰਗਪੁਰ ਤੇ ਤਖ਼ਤ ਹਜ਼ਾਰਾ ਦਾ ਕੋਈ ਜ਼ਿਕਰ ਨਹੀਂ ਮਿਲਦਾ।

**ਜੋਗੀ ਟਿੱਲਾ**

ਜੋਗੀ ਟਿੱਲਾ ਜ਼ਿਲ੍ਹਾ ਜਿਹਲਮ ਵਿਚ ਸਥਿਤ ਹੈ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ 3,242 ਫੁੱਟ ਦੀ ਉੱਚਾਈ ਤੇ ਇਹ ਸਮੁੰਦਰ ਦੇ ਤਲ ਤੋਂ ਉੱਚਾ ਹੈ।

ਤਾਰੀਖ਼ੇ ਫ਼ਰਿਸ਼ਤਾ ਵਿਚ ਕੋਹ ਬਾਲਨਾਤ ਦਾ ਜ਼ਿਕਰ ਦਰਜ ਹੈ। ਫ਼ਰਿਸ਼ਤਾ ਅਨੁਸਾਰ "1540 ਈ. ਵਿਚ ਸ਼ੇਰ ਸ਼ਾਹ ਨੇ ਹਮਾਯੂੰ ਦਾ ਪਿੱਛਾ ਖੁਸ਼ਾਬ ਤਕ ਕੀਤਾ। ਉਸ ਥਾਂ ਅਸਮਾਈਲ ਖ਼ਾਂ, ਗ਼ਾਜ਼ੀ ਖ਼ਾਂ ਤੇ ਫ਼ਤਿਹ ਖ਼ਾਂ ਬਲੋਚ ਅਤੇ ਦਵਾਈ ਖ਼ਾਨ ਨੇ, ਜੋ ਤਾਇਫ਼ਾ ਬਲੋਚਾਂ ਦਾ ਸਰਦਾਰ ਸੀ, ਸ਼ੇਰ ਖ਼ਾਨ ਨਾਲ ਮੁਲਾਕਾਤ ਕੀਤੀ ਅਤੇ ਸ਼ੇਰ ਖ਼ਾਂ ਨੇ ਕੁਹਿਸਤਾਨ ਨੰਦਨਾ ਅਤੇ ਕੋਹ ਬਾਲਨਾਤ ਦਾ ਨਿਰੀਖਣ ਕਰਕੇ ਜਿਸ ਕਿਲ੍ਹਾ ਦੀ ਜ਼ਰੂਰਤ ਸੀ ਕਿਲ੍ਹਾ ਬਣਵਾ ਕੇ ਉਸ ਦਾ ਨਾਮ ਰੋਹਤਾਸ ਰਖਿਆ।"

ਡਾ. ਸੀਤਲ ਅਨੁਸਾਰ ਇਨ੍ਹਾਂ ਪਹਾੜੀ ਸਿਲਸਲਿਆਂ ਨੂੰ ਟਿੱਲਾ ਜਾਂ ਪੱਬੀ ਦੀਆਂ ਪਹਾੜੀਆਂ ਕਿਹਾ ਜਾਂਦਾ ਹੈ। ਇਹ ਸਿਲਸਲਾ-ਟਿੱਲਾ ਕੋਈ ਤੀਹ ਮੀਲ ਤਕ ਮੰਗਲਾ ਦੇ ਹੇਠ ਦਰਿਆ ਦੇ ਪੂਰਬੀ ਕੰਢੇ ਵੱਲ ਜਾਂ ਮੋੜ ਤੋਂ ਲੈ ਕੇ ਜਲਾਲ ਪੁਰ ਤੋਂ 12 ਮੀਲ ਉੱਤਰੀ ਪਾਸੇ ਤਕ ਕੋਈ ਤੀਹ ਮੀਲ ਲੰਬਾ ਚਲਾ ਗਿਆ ਹੈ।[5]

---

[5]ਡਾ. ਜੀਤ ਸਿੰਘ ਸੀਤਲ, ਕਿੱਸਾ ਹੀਰ ਰਾਂਝਾ, ਪੰਨਾ 26.

ਡਾ. ਸੀਤਲ ਦੀ ਗੱਲ ਕਾਫ਼ੀ ਦਰੁਸਤ ਜਾਪਦੀ ਹੈ ਕਿ "ਇਹ 30 ਮੀਲਾਂ ਵਿਚ ਫੈਲਿਆ ਹੋਇਆ ਹੈ। ਹਮੀਦ-ਉੱਲਾ ਹਾਸ਼ਮੀ ਅਨੁਸਾਰ ਟਿੱਲਾ ਬਾਲ ਨਾਥ ਜਿਹਲਮ ਦੇ ਲਾਗੇ ਇਕ ਪਹਾੜੀ ਦੀ ਚੋਟੀ ਤੇ ਵਾਕਿਆ ਹੈ। ਅਤੇ ਹੁਣ ਵੀ ਇਸੇ ਨਾਂ ਨਾਲ ਪੁਕਾਰਿਆ ਜਾਂਦਾ ਹੈ" ਇਕ ਹੋਰ ਰਵਾਇਤ ਹੈ ਕਿ ਟਿੱਲਾ ਜ਼ਿਲ੍ਹਾ ਜਿਹਲਮ ਵਿਚ ਕਿਲ੍ਹਾ ਰੋਹਤਾਸ ਦੇ ਕਰੀਬ ਪਹਾੜੀ ਤੇ ਸਥਿਤ ਹੈ।... ਇਕ ਹੋਰ ਰਵਾਇਤ ਹੈ ਕਿ ਟਿੱਲਾ ਬਾਲ ਨਾਥ ਲਿੱਲਾ ਜ਼ਿਲ੍ਹਾ ਜਿਹਲਮ ਦੀਆਂ ਪਹਾੜੀਆਂ ਤੇ ਵਾਕਿਆ ਹੈ। ਵਾਦੀਏ ਸੂਨ ਤੇ ਲਿੱਲਾ ਦੇ ਮਕਾਮੀ ਲੋਕਾਂ ਨੇ ਇਸ ਦੀ ਤਾਈਦ ਕੀਤੀ ਹੈ।[6]

ਇਸ ਤਰ੍ਹਾਂ ਦੀਆਂ ਰਵਾਇਤਾਂ ਕਾਰਣ ਪੱਕੇ ਤੌਰ ਤੇ ਨਹੀਂ ਕਿਹਾ ਜਾ ਸਕਦਾ ਕਿ ਰਾਂਝੇ ਨੇ ਕਿਸ ਟਿੱਲੇ ਤੋਂ ਜੋਗ ਲਿਆ। ਕਿਉਂਕਿ ਇਹ ਸਾਰੇ ਟਿੱਲੇ ਜਿਹਲਮ ਵਿਚ ਹਨ ਅਤੇ ਡਾ. ਜੀਤ ਸਿੰਘ ਸੀਤਲ ਅਨੁਸਾਰ 30 ਮੀਲਾਂ ਵਿਚ ਫੈਲੇ ਹੋਏ ਹਨ।

ਇਸ ਤੋਂ ਬਿਨਾਂ ਵੀ ਕਈਆਂ ਪਿੰਡਾਂ ਦਾ ਹੀਰ ਦਮੋਦਰ ਵਿਚ ਜ਼ਿਕਰ ਹੈ ਪਰ ਉਹ ਇਨੇ ਅਹਿਮ ਨਹੀਂ। ਇਨ੍ਹਾਂ ਵਿਚ ਕਿੜਾਣਾ, ਅਲੀਵਾਲ, ਰਜੋਆ ਚਨਿਓਟ ਆਦਿ ਸ਼ਾਮਿਲ ਹਨ।

---

[6]ਹਮੀਦ-ਉੱਲਾ ਹਾਸ਼ਮੀ, ਸੱਯਦ ਵਾਰਸ ਸ਼ਾਹ, ਪੰਨਾ 177.

11

# ਹੀਰ ਦਮੋਦਰ ਵਿਚ ਪੰਜਾਬੀ ਸਭਿਆਚਾਰਕ, ਰਾਜਨੀਤਿਕ ਅਤੇ ਸਮਾਜਿਕ ਪ੍ਰਸਥਿਤੀਆਂ

ਮੱਧ-ਕਾਲੀ ਭਾਰਤ ਵਿਚ ਸੁਲਤਾਨੀ ਦੌਰ ਅੰਦਰ ਪੰਜਾਬ ਇਕਤਾ (Iqtas) ਵਿਚ ਵੰਡਿਆ ਹੋਇਆ ਸੀ। ਇਕ ਇਕਤਾ ਵਿਚ ਇਕ ਕਸਬਾ ਜਾਂ ਕੁਝ ਪਿੰਡ ਹੁੰਦੇ ਸਨ। ਇਸ ਤਰ੍ਹਾਂ ਦੀ ਵੰਡ ਦਾ ਰਿਵਾਜ ਮੱਧ-ਏਸ਼ੀਆ ਵਿਚ ਸੀ ਜਿੱਥੋ ਦਿੱਲੀ ਦੇ ਸੁਲਤਾਨਾਂ ਨੇ ਇਸ ਦੀ ਪੈਰਵੀ ਕੀਤੀ।

ਇਹ ਤਿੰਨ ਤਰ੍ਹਾਂ ਦੇ ਇਕਤਾ (Iqta) ਸਨ। ਇਹ ਇਕਤਾ ਆਕਾਰ ਵਿਚ ਛੋਟੇ ਸਨ। ਜਿਵੇਂ ਘੁੜਾਮ, ਹਾਂਸੀ, ਪਟਨੇਰ, ਸਮਾਣਾ, ਸੁਨਾਮ, ਸਰਹਿੰਦ, ਜਲੰਧਰ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਆਦਿ ਸਭ ਇਕਤਾ ਸਨ। ਇਨ੍ਹਾਂ ਦੇ ਗਵਰਨਰਾਂ ਨੂੰ ਵਾਲੀ ਜਾਂ ਮੁਕਤੀ ਕਿਹਾ ਜਾਂਦਾ ਸੀ ਅਤੇ ਇਨ੍ਹਾਂ ਦੀ ਕੋਈ ਜ਼ਿਆਦਾ ਤਾਕਤ ਨਹੀਂ ਹੁੰਦੀ ਸੀ।

ਦੂਜੀ ਭਾਂਤ ਦੇ ਇਕਤਾ ਸਨ ਲਾਹੌਰ, ਮੁਲਤਾਨ, ਦੀਪਾਲਪੁਰ ਆਦਿ, ਇਹ ਦਿੱਲੀ ਤੋਂ ਬਹੁਤ ਦੂਰ ਸਨ ਅਤੇ ਇਨ੍ਹਾਂ ਦੇ ਗਵਰਨਰਾਂ ਨੂੰ ਵਾਲੀ (Wali) ਜਾਂ ਨੈਬ ਕਿਹਾ ਜਾਂਦਾ ਸੀ। ਕਈ ਵਾਰੀ ਉਨ੍ਹਾਂ ਨੂੰ ਸੁਲਤਾਨ ਦਾ ਖ਼ਿਤਾਬ ਵੀ ਦੇ ਦਿੱਤਾ ਜਾਂਦਾ ਸੀ। ਇਨ੍ਹਾਂ ਦੇ ਅਧਿਕਾਰ ਤੇ ਸ਼ਕਤੀ ਅਸੀਮ ਹੁੰਦੇ ਸਨ।

ਤੀਸਰੀ ਭਾਂਤ ਦੇ ਉਹ ਸ਼ਾਸਕ ਸਨ ਜੋ ਅਨਿਆਇ ਪੂਰਵਕ ਅਧਿਕਾਰ ਸਥਾਪਿਤ ਕਰ ਲੈਂਦੇ ਸਨ।

ਸੁਲਤਾਨਾਂ ਦੇ ਦੌਰ ਤਕ ਪੰਜਾਬ ਵਿਚ ਤਿੰਨ ਤਰ੍ਹਾਂ ਦਾ ਪ੍ਰਸ਼ਾਸਨ ਸੀ। ਸਿਵਲ, ਮਿਲਟਰੀ ਤੇ ਅਦਾਲਤੀ ਪ੍ਰਸ਼ਾਸਨ।

ਚੀਫ਼ ਸਿਵਲ ਔਫ਼ੀਸਰ (Chief Civil Officer) ਨੂੰ ਸਾਹਿਬ-ਇ-ਦੀਵਾਨ ਕਿਹਾ ਜਾਂਦਾ ਸੀ। ਉਹ ਆਪਣੇ ਅਧਿਕਾਰ ਖੇਤਰ ਦਾ ਮਾਲੀਆ ਵਸੂਲ ਕਰਦਾ ਸੀ। ਉਸ ਦੇ ਹੇਠਾਂ ਕਈ ਆਮਿਲ (Amil) ਹੁੰਦੇ ਸਨ ਜੋ ਸੂਬੇ ਦੇ ਉਪ-ਮੰਡਲਾਂ (sub-divisions) ਵਿਚ ਵੰਡੇ ਹੋਏ ਸਨ। ਮਿਲਟਰੀ ਦਾ ਸਭ ਤੋਂ ਵੱਡਾ ਅਧਿਕਾਰੀ ਸਿਪਾਹ-ਸਾਲਾਰ (ਕਮਾਂਡਰ) ਹੁੰਦਾ ਸੀ। ਉਹ ਸੁਲਤਾਨ ਵੱਲੋਂ ਮੁਕੱਰਰ ਕੀਤਾ ਜਾਂਦਾ ਸੀ। ਸਿਪਾਹ-ਸਾਲਾਰ ਤੇ ਗਵਰਨਰ ਆਪਣਾ ਆਪ ਦਾ ਕੰਮ ਵੱਖਰੇ ਵੱਖਰੇ ਰਹਿ ਕੇ ਨਿਭਾਉਂਦੇ ਸਨ ਪਰ ਲੋੜ ਪੈਣ ਉਪਰੰਤ ਇਕ ਦੂਸਰੇ ਦੀ ਸਹਾਇਤਾ ਵੀ ਕਰਦੇ ਸਨ। ਪਰ ਇਹ ਲੋਕ ਕਦੇ ਕਦੇ ਇਕ ਦੂਸਰੇ ਦੀ ਸਹਾਇਤਾ ਕਰਨ ਦੀ ਥਾਂ ਸਾੜੇ ਤੇ ਹਸਦ ਕਾਰਣ ਮੁਸੀਬਤਾਂ ਖੜੀਆਂ ਰਖਦੇ ਸਨ।

ਨਿਆਂ ਪਾਲਕਾਂ ਦਾ ਸਭ ਤੋਂ ਵੱਡਾ ਅਧਿਕਾਰੀ ਕਾਜ਼ੀ-ਉਲ-ਕਜ਼ਾਤ (Qazi-ul-Qazat) ਹੁੰਦਾ ਸੀ। ਉਹ ਆਪਣੇ ਸੀਮਾ-ਅਧਿਕਾਰ ਹੇਠਲੇ ਖੇਤਰ ਵਿਚ ਜੱਜੀ ਦੇ ਅਧਿਕਾਰ ਨਿਭਾਉਣ ਦੇ ਨਾਲ ਨਾਲ ਆਪਣੇ ਇਲਾਕੇ ਦੀ ਇੰਤਜ਼ਾਮੀਆ ਦੀ ਦੇਖ-ਭਾਲ ਵੀ ਕਰਦਾ ਸੀ।

ਸੁਲਤਾਨਾਂ ਦੇ ਦੌਰ ਵਿਚ ਹਰ ਇਕ ਪ੍ਰਦੇਸ਼ (Province) ਅੱਗੋਂ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਸੀ। ਜਿਸ ਨੂੰ ਸ਼ਿਕ ਕਿਹਾ ਜਾਂਦਾ ਸੀ। ਅਤੇ ਹਰ ਇਕ ਸ਼ਿਕ ਉਪ-ਮੰਡਲਾਂ ਵਿਚ ਵੰਡਿਆ ਹੋਇਆ ਸੀ ਜਿਨ੍ਹਾਂ ਨੂੰ ਮਦੀਨਾ ਕਿਹਾ ਜਾਂਦਾ ਸੀ। ਸੌ ਪਿੰਡਾਂ ਦੇ ਸਮੂਹ ਨੂੰ ਇਕ ਸਦੀ ਜਾਂ ਪਰਗਨਾ ਕਿਹਾ ਜਾਂਦਾ ਸੀ। ਇਕ ਪਰਗਨੇ ਨੂੰ ਕਈ ਵਾਰੀ ਕਸਬਾ ਵੀ ਕਿਹਾ ਜਾਂਦਾ ਸੀ।

ਇਕ ਪਰਗਨੇ ਦੇ ਮੁੱਖੀ ਨੂੰ ਸ਼ਿਕਦਾਰ, ਆਮਿਲ ਜਾਂ ਨਾਜ਼ਿਮ ਕਿਹਾ ਜਾਂਦਾ ਸੀ। (ਰੋਜ਼ਨਾਮਿਆਂ ਵਿਚ ਸ਼ਿਕ ਆਮ ਤੌਰ ਤੇ ਕਮਿਸ਼ਨਰੀ ਲਈ ਵੀ ਵਰਤਿਆ ਗਿਆ ਹੈ) ਪਰੰਤੂ ਸੁਲਤਾਨਾਂ ਦੇ ਦੌਰ ਵਿਚ ਕਾਫ਼ੀ ਪਿੱਛੋਂ ਜਾ ਕੇ ਜਦੋਂ ਅਫ਼ਗਾਨਾਂ ਦੀ ਰਾਜ-ਸੱਤਾ ਦਾ ਪੱਤਨ ਹੋ ਗਿਆ। ਸ਼ਿਕ ਸ਼ਬਦ ਦੀ ਥਾਂ ਸਰਕਾਰ ਨੇ ਲੈ ਲਈ ਤੇ ਸਰਕਾਰ ਦੇ ਅਧਿਕਾਰੀ ਨੂੰ ਸ਼ਿਕਦਾਰ-ਇ-ਸ਼ਿਕਦਾਰਾਂ ਕਹਿਣ ਲੱਗ ਪਏ।

ਨਿਤਾਪ੍ਰਤੀ ਦੀਆਂ ਸੇਵਾਵਾਂ ਪੁਲੀਸ ਦੇ ਵਿਭਾਗ ਕੋਲ ਸਨ ਜਿਸ ਨੂੰ ਕੋਤਵਾਲ ਆਯੋਜਿਤ ਕਰਦਾ ਸੀ। ਕੋਤਵਾਲ ਇਕ ਸ਼ਹਿਰ ਦਾ ਇਨਚਾਰਜ ਹੁੰਦਾ ਸੀ ਅਤੇ ਹਰ ਤਿਮਾਹੀ ਪਿੱਛੋਂ ਲੋਕਾਂ ਦੀ ਰੋਜ਼ੀ ਅਤੇ ਉਨ੍ਹਾਂ ਦੀਆਂ ਗਤੀਆਂ ਵਿਧੀਆਂ ਦਾ ਖ਼ਿਆਲ ਰਖਦਾ ਸੀ। ਇਸ ਦੇ ਨਾਲ ਨਾਲ ਉਹ ਹਰ ਆਏ ਗਏ ਆਦਮੀ ਤੇ ਵੀ ਪੂਰੀ ਪੂਰੀ ਨਜ਼ਰ ਰਖਦਾ ਸੀ। ਪਿੱਛੋਂ ਜਾ ਕੇ ਇਨ੍ਹਾਂ ਕੋਤਵਾਲਾਂ ਨੂੰ ਫ਼ੌਜਦਾਰਾਂ ਦੇ ਨਾਂ ਨਾਲ ਵੀ ਜਾਣਿਆ ਜਾਣ ਲੱਗ ਪਿਆ ਸੀ।

ਇਕ ਪਰਗਣੇ ਦਾ ਇਨਚਾਰਜ ਤਹਿਸੀਲਦਾਰ ਹੁੰਦਾ ਸੀ ਜਿਹੜਾ ਕਿ ਮਾਲੀਆ ਵਸੂਲ ਕਰਦਾ ਸੀ। ਇਬਨੇ-ਬਤੂਤਾ ਦੇ ਲਿਖਣ ਅਨੁਸਾਰ ਇਕ ਸਦੀ (ਸੌ ਪਿੰਡਾਂ) ਦਾ ਅਧਿਕਾਰੀ ਇਕ ਅਮੀਰ-ਸਦੂਰ ਹੁੰਦਾ ਸੀ (ਜਿਵੇਂ ਕਿ ਅੱਜ ਕਲ੍ਹ ਤਹਿਸੀਲਦਾਰ ਹੈ)। ਉਸ ਦੇ ਅਧੀਨ ਕਈ ਅਧਿਕਾਰੀ ਹੁੰਦੇ ਸਨ, ਜਿਨ੍ਹਾਂ ਵਿਚ ਮੁੱਸ਼ਰਫ਼ ਜਾਂ ਕਾਰਕੁਨ ਸ਼ਾਮਿਲ ਸਨ। ਮੁਨਸ਼ੀ ਹਿਸਾਬ ਕਿਤਾਬ ਰਖਦੇ ਸਨ। ਇਨ੍ਹਾਂ ਤੋਂ ਬਿਨਾਂ ਚੌਧਰੀ, ਮੁਕੱਦਮ, ਪਟਵਾਰੀ, ਸਰਹੰਗ ਆਦਿ ਵੀ ਤਹਿਸੀਲਦਾਰ ਦੇ ਅਧੀਨ ਹੁੰਦੇ ਸਨ।

ਹੀਰ ਦਮੋਦਰ ਦੇ ਮੂਲ ਪਾਠ ਵਿਚ (ਸਾਡੇ ਮੁਲਤਾਨ ਵਾਲੇ ਖਰੜੇ ਵਿਚ) ਗੰਗਾ ਸਿੰਘ ਬੇਦੀ ਵਾਲੇ ਪਹਿਲੇ 7 ਬੰਦ ਦਰਜ ਨਹੀਂ। ਇਸ ਲਈ ਚੂਚਕ ਲਈ ਸ਼ਿਕਦਾਰ (ਸ਼ਿਕਦਾਰ) ਦਾ ਲਫ਼ਜ਼ ਇਨ੍ਹਾਂ ਸਤ ਬੰਦਾਂ

ਵਾਹ ਸਿਕਦਾਰੀ ਚੂਚਕ ਸੰਦੀ, ਭਲੀ ਗੁਜ਼ਰਾਨ ਲੰਘਾਈ। (ਬੰਦ 4)

ਤੋਂ ਬਿਨਾਂ ਇਕ ਥਾਂ ਹੋਰ ਵੀ ਆਇਆ ਹੈ। ਜਦੋਂ ਰਾਂਝੇ ਦੇ ਭਰਾ ਉਸ ਨੂੰ ਮਾਰਨ ਦੀ ਸਲਾਹ ਕਰਦੇ ਹਨ।

ਮੁਸ਼ਕਿਲ ਸਿਕਦਾਰੀ ਅਸਾਂ ਤਾਈਂ।
ਜੇ ਇਸ ਜੀਵਨ ਦੀਹਾਂ। (112)

ਇਤਿਹਾਸ ਦੇ ਉਪਰੋਕਤ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਿਕਦਾਰ ਦੀ ਕਾਫ਼ੀ ਸ਼ਕਤੀ ਹੁੰਦੀ ਸੀ। ਪਰ ਕਿਸੇ ਵੀ ਇਤਿਹਾਸ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਨਹੀਂ ਹੁੰਦੀ ਕਿ ਚੂਚਕ ਅਤੇ ਮੌਜੂ ਦੋਵੇਂ ਸਿਕਦਾਰ ਸਨ। ਉਹ ਪਿੰਡ ਦੇ ਚੌਧਰੀ ਜਾਂ ਛੋਟੇ ਮੋਟੇ ਅਧਿਕਾਰੀ ਜ਼ਰੂਰ ਹੋਣਗੇ। ਭਾਵੇਂ ਦਮੋਦਰ ਚੂਚਕ ਦੇ 84 ਪਿੰਡਾਂ ਦਾ ਜ਼ਿਕਰ ਵੀ ਕਰਦਾ ਹੈ। ਇਕ ਗੱਲ ਸਾਫ਼ ਜ਼ਾਹਿਰ ਹੈ ਕਿ ਚੂਚਕ ਦੀ ਸਰਕਾਰੇ ਦਰਬਾਰੇ ਚੰਗੀ ਚਲਦੀ ਸੀ। ਤਾਂ ਹੀ ਤਾਂ ਦਮੋਦਰ ਨੇ ਗਜ਼ੇਏ ਤੋਂ ਆ ਕੇ ਚੂਚਕ ਕੋਲੋਂ ਹੀ ਝੰਗ ਰਹਿਣ ਦੀ ਆਗਿਆ ਲਈ। ਉਸ ਸਮੇਂ ਉਸ ਖੇਤਰ ਦਾ ਕੋਤਵਾਲ ਹਰ ਆਏ ਗਏ ਤੇ ਨਜ਼ਰ ਰਖਦਾ ਸੀ, ਇਸ ਲਈ ਚੂਚਕ ਦੀ ਪਦਵੀ ਨਿਰਸੰਦੇਹ ਉੱਚੀ ਹੋਵੇਗੀ।

ਉਸ ਸਮੇਂ ਬਾਰੇ ਇਤਿਹਾਸ ਵੀ ਸ਼ਾਹਦੀ ਭਰਦਾ ਹੈ ਕਿ ਹਿੰਦੂਆਂ ਤੋਂ ਮੁਸਲਮਾਨ ਬਣੇ ਲੋਕਾਂ ਨੂੰ ਅਫ਼ਸਰਸ਼ਾਹੀ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ ਸੀ।

"They have no place in the Aristocracy of the ruling class. They were for inferior in wealth, position and innate pride to the vast majority of their Hindu countrymen. Their only consolation was that they professed the same religion as their rulers and they could pray with them on Fridays."[1]

ਇਸੇ ਤਰ੍ਹਾਂ ਅਬੱਲ ਫੱਤਾ ਵੀ ਅਬੱਲ ਫ਼ਤਿਹ ਮੁਬਾਰਕ ਸ਼ਾਹ ਨਹੀਂ ਹੋ ਸਕਦਾ। ਉਸ ਸਮੇਂ ਕੋਟ ਕਬੂਲੇ ਵਿਚ ਕੋਈ ਛੋਟਾ ਮੋਟਾ ਅਧਿਕਾਰੀ ਹੋਵੇਗਾ। ਨਹੀਂ ਤਾਂ ਇਕ ਰਾਜ-ਅਧਿਕਾਰੀ ਦਾ ਇਕ ਮਾਮੂਲੀ ਕਾਜ਼ੀ ਲਈ ਹਜ਼ਰਤ ਦਾ ਸ਼ਬਦ ਵਰਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਬੱਲ ਫੱਤਾ ਆਖੇ, ਸੁਣ ਹਜ਼ਰਤ, ਕਿਤ ਨੂੰ ਇਨ੍ਹਾਂ ਮਰੇਂਦੇ।

ਹਜ਼ਰਤ ਸ਼ਬਦ ਕਲਮਾ-ਇ-ਤਾਜ਼ੀਮ ਹੈ ਅਤੇ ਹਜ਼ੂਰ ਦੇ ਪਰਯਾਇਵਾਚੀ ਹੈ। ਸੋ ਅਬੱਲਾ ਫੱਤਾ, ਚੂਚਕ ਤੇ ਮੌਜੂ ਆਦਿ ਆਪਣੇ ਆਪਣੇ ਕਸਬਿਆਂ ਦੇ ਛੋਟੇ ਮੋਟੇ ਅਧਿਕਾਰੀ ਸਨ ਅਤੇ ਹੀਰ ਦਾ ਸਹੁਰਾ ਅਲੀ ਇਕ ਜਾਗੀਰਦਾਰ ਸੀ।

## ਸਭਿਆਚਾਰਕ ਤੇ ਸਮਾਜਕ ਪ੍ਰਸਥਿਤੀਆਂ

ਉਸ ਸਮੇਂ ਵੀ ਹਿੰਦੂ ਚਾਰ ਵਰਗਾਂ/ਭਾਗਾਂ (ਵਰਣਾਂ) ਵਿਚ ਵੰਡੇ ਹੋਏ ਸਨ। ਇਨ੍ਹਾਂ ਚਾਰ ਵਰਣਾਂ, (ਬ੍ਰਾਹਮਣ, ਰਾਜਪੂਤ, ਸੂਦਰ ਤੇ ਵੈਸ਼) ਵਿਚੋਂ ਬ੍ਰਾਹਮਣ ਸਭ ਤੋਂ ਉੱਤਮ ਗਿਣੇ ਜਾਂਦੇ ਸਨ। ਪੰਜਾਬ ਦੇ ਤਿਜਾਰਤ ਤੇ ਦਸਤਕਾਰੀ ਤੋਂ ਬਿਨਾਂ ਖੇਤੀ ਬਾੜੀ ਵੀ ਇਨ੍ਹਾਂ ਲੋਕਾਂ ਦੇ ਹੱਥਾਂ ਵਿਚ ਸੀ। ਹਰ ਇਕ ਬ੍ਰਾਹਮਣ ਆਪਣੇ ਖਾਣ-ਪੀਣ ਦੇ ਬਰਤਨ ਅਲੱਗ ਰਖਦਾ ਸੀ।

[1]Bakhshish Singh Nijjer, *Panjab Under the Sultans*, page 136.

ਜੇ ਕੋਈ ਹੋਰ ਉਨ੍ਹਾਂ ਬਰਤਨਾਂ ਨੂੰ ਛੂਹ ਲੈਂਦਾ ਸੀ ਤਾਂ ਉਹ ਤੋੜ ਦਿੱਤੇ ਜਾਂਦੇ ਸਨ। ਹਿੰਦੂ-ਕਾਨੂੰਨ ਬ੍ਰਾਹਮਣਾਂ ਨੂੰ ਦੂਸਰੀ ਜ਼ਾਤ ਦੀਆਂ ਇਸਤਰੀਆਂ ਨਾਲ ਵਿਆਹ ਕਰਵਾਉਣ ਦੀ ਆਗਿਆ ਦੇ ਦਿੰਦਾ ਸੀ ਪਰ ਉਹ ਕਿਸੇ ਇਸਤਰੀ ਨੂੰ ਆਪਣੀ ਜ਼ਾਤ ਤੋਂ ਬਿਨਾਂ ਵਿਆਹ ਕਰਵਾਉਣ ਦੀ ਆਗਿਆ ਨਹੀਂ ਦਿੰਦਾ ਸੀ।

ਇਸ ਤੋਂ ਦੂਜੇ ਦਰਜੇ ਤੇ ਕਸ਼ੱਤਰੀ ਸਨ ਤੇ ਸਭ ਤੋਂ ਨੀਵੀਂ ਜ਼ਾਤ ਸੂਦਰਾਂ ਦੀ ਸੀ। ਸੂਦਰਾਂ ਨੂੰ ਆਮ ਤੌਰ ਤੇ ਅਜੋਗ ਬੰਦੇ ਸਮਝਿਆ ਜਾਂਦਾ ਸੀ।[2] ਉਨ੍ਹਾਂ ਨੂੰ ਮਲੇਛ ਸਮਝਿਆ ਜਾਂਦਾ ਸੀ। ਕਿਉਂਕਿ ਉਹ ਆਦਮੀਆਂ ਦਾ ਬਧ ਕਰਦੇ, ਜਾਨਵਰਾਂ ਨੂੰ ਜ਼ਿਬਾ ਕਰਦੇ ਤੇ ਗਾਂ ਦਾ ਮਾਸ ਖਾਂਦੇ ਸਨ।[3] ਇਨ੍ਹਾਂ ਨੂੰ ਹੀ ਕੰਮੀਂ ਸਮਝਿਆ ਜਾਂਦਾ ਸੀ।

ਸਮਾਜ ਵਿਚ ਜ਼ਿਮੀਦਾਰ ਵਰਗਾਂ ਦਾ ਦਰਜਾ ਉੱਚਾ ਸਮਝਿਆ ਜਾਂਦਾ ਸੀ। ਇਨ੍ਹਾਂ ਵਿੱਚੋਂ ਜੱਟ ਆਪਣੇ ਮਵੇਸ਼ੀਆਂ (ਪਸ਼ੂਆਂ) ਨੂੰ ਜੰਗਲਾਂ, ਬੇਲਿਆਂ, ਦਰਾਹਗਾਹਾਂ ਵਿਚ ਪਾਲਦੇ ਸਨ।

ਬਾਰ੍ਹਵੀਂ ਅਤੇ ਤੇਰ੍ਹਵੀਂ ਸਦੀ ਈਸਵੀ ਵਿਚ ਇਨ੍ਹਾਂ ਸਾਰੀਆਂ ਜ਼ਾਤੀਆਂ ਵਿਚੋਂ ਬਹੁਤ ਸਾਰੇ ਲੋਕ ਮੁਸਲਮਾਨ ਬਣ ਗਏ ਸਨ। ਸਿਆਲ, ਖੇੜੇ, ਨਾਹਰ ਅਤੇ ਰਾਂਝੇ ਜੱਟ ਅਤੇ ਰਾਜਪੂਤ ਜ਼ਾਤੀਆਂ ਵਿਚੋਂ ਮੁਸਲਮਾਨ ਹੋ ਗਏ ਹਿੰਦੂ ਸਨ। ਇਸੇ ਲਈ ਇਨ੍ਹਾਂ ਦੀਆਂ ਰਹੁ-ਰੀਤੀਆਂ ਹਿੰਦੂਆਂ ਅਤੇ ਮੁਸਲਮਾਨਾਂ ਵਰਗੀਆਂ ਸਨ।

ਹੀਰ ਦਮੋਦਰ ਵਿਚ ਇਨ੍ਹਾਂ ਰਹੁ-ਰੀਤਾਂ ਦਾ ਵਰਣਨ ਬਹੁਤ ਥਾਵਾਂ ਤੇ ਉਪਲੱਬਧ ਹੈ।

ਜਿਵੇਂ ਹਿੰਦੂਆਂ ਤੋਂ ਮੁਸਲਮਾਨ ਬਣ ਗਏ ਲੋਕਾਂ ਵਿਚ, ਲਾਵਾਂ, ਮੰਗਣੀ, ਲੱਸੀ ਮੁੰਦਰੀ ਖੇਡਣੀ ਆਦਿ ਰਹੁ-ਰੀਤਾਂ ਹਿੰਦੂਆਂ ਵਾਲੀਆਂ ਹੀ ਪ੍ਰਚੱਲਤ ਸਨ।

ਸੁਣੀਂਦੀ ਜੰਞ ਖੇੜਿਆਂ ਦੀ ਆਈ, ਆਖ ਵੇਖਾਂ ਕਿ ਥੀਸੀ।
ਸਹਿਸੀ ਕੌਣ ਅਸਾਡਾ ਮਾਣਾ, ਜੇ ਤੂੰ ਮਾਈਏਂ ਨਪ ਪਈਸੀ।

ਜਦੋਂ ਕੁੜੀ ਮਾਈਏਂ ਪੈਂਦੀ ਸੀ ਤਾਂ ਉਸ ਦੇ ਹੱਥਾਂ ਉੱਤੇ ਸ਼ਗਨਾਂ ਦੀ ਮਹਿੰਦੀ ਲਾਈ ਜਾਂਦੀ ਸੀ।

ਮਾਏ ਇਆਣੀ। ਤੁਧ ਮਹਿੰਦੀ ਆਣੀ ਕੈਂਦੇ ਦਸਤ ਰੰਗੇਸੀ।

ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲੇ ਕੁੜੀ ਦੇ ਤੇ ਮੁੰਡੇ ਵਾਲੇ ਮੁੰਡੇ ਦੇ ਵਟਣਾ ਤੇ ਚੀਕੂ ਮਲਦੇ ਸਨ।

ਤਾਂ ਇੱਦੋਂ ਉਦੋਂ ਕਰੀ ਤਿਆਰੀ, ਧੀਦੋਂ ਮਾਈਏਂ ਪਾਇਆ।
ਚੀਕੂ, ਵਟਣਾ, ਮਹਿੰਦੀ ਲੈਕਰ, ਧੀਦੋ ਨੂੰ ਪਿਉ ਲਾਵਣ ਆਇਆ।
ਤਾਂ ਮੂੰਹ ਘੁਟ ਨਾ ਬੋਲਣ ਦਿੱਤੀ, ਹੱਲੋਂ ਹੱਲੀ ਹੋਈ।
ਜੋਗੀ ਨਪ ਭਵਾਣੀ ਵੀਰਾਂ, ਲਾਵਾਂ ਘਿਨ ਖਲੋਈ।

---

[2] Alberuni's India, vol. ii, page 137.

[3] ਉਹੀ, ਪੰਨਾ 137.

ਦਮੋਦਰ ਅਨੁਸਾਰ ਉਸ ਸਮੇਂ ਹਿੰਦੂਆਂ ਤੋਂ ਨਵੇਂ ਨਵੇਂ ਬਣੇ ਮੁਸਲਮਾਨ ਕੁੜੀ ਨੂੰ ਲਾਵਾਂ ਹੀ ਦਿੰਦੇ ਸਨ ਤੇ ਮੁਸਲਮਾਨੀ ਸ਼ਰਾ ਅਨੁਸਾਰ ਨਿਕਾਹ ਵੀ ਪੜ੍ਹਿਆ ਜਾਂਦਾ ਸੀ। ਕਾਜ਼ੀ ਨਿਕਾਹ ਤੋਂ ਪਹਿਲਾਂ ਕੁੜੀ ਦੀ ਰਜ਼ਾਮੰਦੀ ਜ਼ਰੂਰ ਪੁਛਦਾ ਸੀ :

ਕਾਜ਼ੀ ਕਹੇ ਸੁਣ ਧੀਆ ਹੀਰੇ, ਵਕੀਲ ਕਰੇਂ ਜੇ ਕੋਈ ।
ਪੁੱਛਾਂ ਕੈਥੋਂ ਬਾਝ ਵਕੀਲੀ, ਕੈਦ ਸ਼ਰੇ ਦੀ ਹੋਈ।
ਤਧੁ ਕਬੂਲ ਅਲੀ ਦਾ ਬੇਟਾ, ਆਖ ਸੁਣੇ ਸਭ ਕੋਈ।

ਦਮੋਦਰ ਨੇ ਭਾਵੇਂ ਪੰਜਾਬ ਵਿਚ ਜੰਞ ਆਉਣ ਸਮੇਂ ਜਾਂ ਉਸ ਤੋਂ ਪਹਿਲਾਂ ਸਿੱਠਣੀਆਂ ਤੇ ਸੁਹਾਗਾਂ ਆਦਿ ਦੇ ਗਾਉਣ ਦਾ ਜ਼ਿਕਰ ਨਹੀਂ ਕੀਤਾ ਪਰ ਇਸ ਗੱਲ ਵੱਲ ਜ਼ਰੂਰ ਸੰਕੇਤ ਕੀਤਾ ਹੈ ਕਿ ਉਸ ਸਮੇਂ ਵਿਚ ਕੁੜੀਆਂ ਵਿਆਂਦੜ ਨਾਲ ਵੱਡੇ ਵੱਡੇ ਮਜ਼ਾਕ ਕਰ ਲੈਂਦੀਆਂ ਸਨ :

ਕੀਤੀ ਚਾਘ ਕੁੜੀਆਂ ਹਿਕ ਮੰਦੀ, ਦੀਵੇ ਜੋਤ ਬੁਝਾਈ ।
ਅੱਗੇ ਪੱਥਣ ਘੋੜੀ ਬੱਧੀ, ਮੈਨੂੰ ਖ਼ਬਰ ਨਾ ਕਾਈ ।
ਦੇਖਹੁ ਬਾਬਾ ਦੰਦ ਰੰਞਾਣੇ, ਪੁਸਤੀ ਘੋੜੀ ਲਾਈ।

ਉਸ ਵੇਲੇ ਜਾਗੀਰਦਾਰ ਜਾਂ ਵੈਂਸ ਤੇ ਰਾਜਪੂਤ ਜਾਤੀ ਦੇ ਲੋਕ ਖੇਤੀ ਬਾੜੀ ਦੇ ਕੰਮ ਨੂੰ ਹੀ ਉੱਤਮ ਸਮਝਦੇ ਸਨ। ਪਸ਼ੂ ਚਰਾਉਣ ਜਾਂ ਹੱਟੀ ਆਦਿ ਕਰਨ ਨੂੰ ਚੰਗਾ ਨਹੀਂ ਸਮਝਦੇ ਸਨ। ਜ਼ਿਮੀਦਾਰਾਂ ਤੇ ਆਮ ਲੋਕਾਂ ਦੇ ਘਰਾਂ ਵਿਚ ਦੁੱਧ, ਦਹੀਂ, ਲੱਸੀ, ਮੱਖਣ ਦੀ ਲਹਿਰ ਬਹਿਰ ਸੀ। ਜਦੋਂ ਰਾਂਝਾ ਇਕ ਪਿੰਡ ਦੀ ਮਸੀਤ ਵਿਚ ਠਹਿਰਦਾ ਹੈ ਤਾਂ ਝੀਊਰੀ ਖਾਣਾ ਲੈ ਕੇ ਆਉਂਦੀ ਹੈ :

ਮਿੱਠੀ ਰੋਟੀ ਤੇ ਦੁਧ ਮਾਝਾ, ਤਿਆਰ ਘਿੰਨ ਅਣਾਇਆ ।

— — —

ਉਬਾਲ ਮੇਮੀਆਂ ਘੜਾ ਲੱਸੀ ਦਾ, ਤਮਾਕੂ ਚਿਲਮ ਸਦਾਏ।

ਜਦੋਂ ਰਾਂਝਾ ਚੂਚਕ ਨੂੰ ਪਾਣੀ ਪੀਣ ਲਈ ਕਹਿੰਦਾ ਹੈ ਤਾਂ ਚੂਚਕ ਦੇ ਸੱਦ ਦੇਣ ਤੇ ਹੀਰ ਕਹਿੰਦੀ ਹੈ :

ਲੱਗੇ ਦੁੱਧ ਤੇ ਨੰਗੇ ਮੱਖਣ, ਬਾਬਲ ਮੈਂਡੇ ਕੋਲ ਨਾ ਕੋਈ।
ਜੂਠਾ ਮਿੱਠਾ ਟੁੱਕਰ ਬਹੁਤਾ, ਕੰਮੀਂ ਨਾਹੀ ਕੋਈ ।
ਅੰਦਰ ਭੇਜ ਦਿਹੁ ਹੁਣ, ਜੇ ਬਾਹਰੋਂ ਆਇਆ ਕੋਈ ।

ਦਮੋਦਰ ਅਨੁਸਾਰ ਉਸ ਸਮੇਂ ਦੇ ਵੱਡੇ ਵੱਡੇ ਜਾਗੀਰਦਾਰ ਅਨਪੜ੍ਹ ਸਨ। ਜਦੋਂ ਹੀਰ ਲਈ ਖੇੜਿਆਂ ਦਾ ਖ਼ਤ ਆਉਂਦਾ ਹੈ ਤਾਂ ਚੂਚਕ ਕਹਿੰਦਾ ਹੈ ਕਿ ਅਜੇ ਪੜ੍ਹਵਾਇਆ ਨਹੀਂ। ਭਾਵੇ ਦਮੋਦਰ ਨੇ ਆਪਣੇ ਇਸ ਕਥਨ ਨੂੰ ਇਕ ਹੋਰ ਥਾਂ 'ਤੇ ਖੰਡਨ ਕਰ ਦਿੱਤਾ ਹੈ। ਜਦੋਂ ਨੂਰਾ ਸੰਬਲ ਖ਼ਤ ਦੇ ਕੇ ਕੰਮੀਂ ਨੂੰ ਚੂਚਕ ਕੋਲ ਭੇਜਦਾ ਹੈ ਤਾਂ ਚੂਚਕ ਖ਼ਤ ਲੈ ਕੇ ਕਿਸੇ ਕੋਲੋਂ ਪੜ੍ਹਵਾਉਂਦਾ ਨਹੀਂ ਸਗੋਂ ਆਪ ਪੜ੍ਹਦਾ ਹੈ।

ਤਾਂ ਪੜ੍ਹ ਚੂਚਕ ਰੋਸ ਬੁਲੇਂਦਾ, ਜਾਂ ਉਸ ਈਵ ਸੁਣਾਇਆ ।
ਭੇਡਾਂ ਸਿੰਙ ਕਦੋਕੇ ਜੰਮੇਂ, ਤੂੰ ਨੂਰੇ ਭੇਜ ਦਲਾਇਆ । (66)

ਮੇਰੇ ਖਿਆਲ ਅਨੁਸਾਰ ਚੂਚਕ ਅਨਪੜ੍ਹ ਨਹੀਂ ਸੀ। ਕਿਉਂਕਿ ਅਨਪੜ੍ਹ ਆਦਮੀ ਨੂੰ

ਕੋਈ ਪਦਵੀ ਨਹੀਂ ਸੌਂਪੀ ਜਾ ਸਕਦੀ। ਮੌਜ਼ਮ (ਰਾਂਝੇ ਦਾ ਪਿਉ) ਵੀ ਪੜ੍ਹਿਆ ਲਿਖਿਆ ਸੀ।

ਮੁੱਤਾ ਡੂਮ, ਮੌਜਮ ਸਦ ਭਾਈ, ਲਿਖ ਵਡ਼ਾਇਚਾਂ ਤ੍ਰਾਹੀਂ। (125)

ਜਦੋਂ ਯਾਕੂਬ ਵੜਾਇਚ ਕੋਲ ਖ਼ਤ ਜਾਂਦਾ ਹੈ ਤਾਂ ਉਹ ਵੀ ਆਪ ਪੜ੍ਹਦਾ ਹੈ। ਉਂਜ ਵੀ ਹਿੰਦੂਆਂ ਵਿਚ ਉਸ ਸਮੇਂ ਵਿੱਦਿਆ ਦਾ ਰਿਵਾਜ ਆਮ ਸੀ ਅਤੇ ਇਹ ਸਭ ਲੋਕ ਹਿੰਦੂਆਂ ਤੋਂ ਮੁਸਲਮਾਨ ਬਣ ਗਏ ਸਨ।

ਵਿਆਹ ਸ਼ਾਦੀਆਂ ਤੇ ਜਾਗੀਰਦਾਰਾਂ ਤੇ ਉੱਚ ਵਰਗ ਦੇ ਲੋਕਾਂ ਵੱਲੋਂ ਬਹੁਤ ਵਿਖਾਵਾ ਕੀਤਾ ਜਾਂਦਾ ਸੀ। ਲਾਗੀਆਂ ਤੇ ਕੰਮੀਆਂ ਨੂੰ ਕਪੜੇ ਲੀੜਿਆਂ ਤੋਂ ਬਿਨਾਂ ਊਠ, ਘੋੜੇ, ਸੋਨਾ, ਚਾਂਦੀ ਤੇ ਹੋਰ ਕੀਮਤੀ ਵਸਤਾਂ ਦਾਨ ਕੀਤੀਆਂ ਜਾਂਦੀਆਂ ਸਨ।

ਜਾਗੀਰਦਾਰ ਵਿਆਹਾਂ ਉੱਤੇ ਵਾਧੂ ਖ਼ਰਚ ਕਰਦੇ ਸਨ। ਵਿਆਹਾਂ ਵਿਚ ਭੰਡਾਂ ਦੇ ਤਮਾਸ਼ੇ, ਕੰਜਰੀਆਂ ਦੇ ਨਾਚ, ਰਾਗ-ਰੰਗ ਕੀਤੇ ਜਾਂਦੇ ਸਨ। ਸ਼ਰਾਬ ਦਾ ਰਿਵਾਜ ਆਮ ਸੀ। ਆਏ ਗਏ ਨੂੰ ਹੁੱਕੇ ਦੀ ਸੁਲਾਹ ਵੀ ਮਾਰੀ ਜਾਂਦੀ ਸੀ।

ਭਾਵੇਂ ਮੁਸਲਮਾਨਾਂ ਵਿਚ ਗੋਸ਼ਤ ਦਾ ਰਿਵਾਜ ਆਮ ਸੀ। ਪਰ ਹਿੰਦੂਆਂ ਤੋਂ ਬਣੇ ਮੁਸਲਮਾਨਾਂ ਦੇ ਘਰਾਂ ਵਿਚ ਗੋਸ਼ਤ ਦਾ ਰਿਵਾਜ ਨਹੀਂ ਸੀ। ਵਿਆਹਾਂ ਸਮੇਂ ਵਿਤੋਂ ਬਾਹਰਾ ਖ਼ਰਚ ਕਰਨ ਕਾਰਣ ਇਹ ਲੋਕ ਕਰਜ਼ਾਈ ਵੀ ਹੋ ਜਾਂਦੇ ਸਨ।

ਇਸਤਰੀਆਂ ਵਾਂਗ ਮਰਦ ਵੀ ਗਹਿਣਿਆਂ ਦੇ ਸ਼ੌਕੀਨ ਸਨ। ਪਿੰਡਾਂ ਦੀਆਂ ਕੁੜੀਆਂ ਹਲਕੇ ਖੇਡਦੀਆਂ, ਪੀਘਾਂ ਝੂਟਦੀਆਂ, ਚਰਖ਼ੇ ਕਤਦੀਆਂ ਖੇਤਾਂ ਦੀ ਰਾਖੀ, ਕਰਦੀਆਂ ਅਤੇ ਬੇਲਿਆਂ ਵਿਚ ਖੁੱਲੀਆਂ ਡੁੱਲ੍ਹੀਆਂ ਭੌਂਦੀਆਂ ਸਨ।

ਪਰਾਹੁਣੇ ਦਾ ਬੜਾ ਆਦਰ ਕੀਤਾ ਜਾਂਦਾ ਸੀ। ਲੋਕ ਬੜੇ ਹੀ ਮਹਿਮਾਨ ਨਿਵਾਜ਼ ਸਨ।

ਕਈਆਂ ਕਬੀਲਿਆਂ ਦਾ ਭਾਵੇਂ ਇਕ ਦੂਸਰੇ ਨਾਲ ਵੈਰ ਸੀ। ਜਿਵੇਂ ਸੰਬਲਾਂ ਦਾ ਸਿਆਲਾਂ ਨਾਲ ਅਤੇ ਹੋਰ ਕਬੀਲਿਆਂ ਦਾ ਦੂਸਰੇ ਕਬੀਲਿਆਂ ਨਾਲ। ਪਰ ਦੁਸ਼ਮਣੀ ਹੁੰਦਿਆਂ ਵੀ ਸ਼ਰਣ ਆਏ ਦੀ ਲਾਜ ਪਾਲੀ ਜਾਂਦੀ ਸੀ।

ਉਸ ਵੇਲੇ ਦੇ ਸਮਾਜ ਵਿਚ ਬ੍ਰਾਹਮਣ ਨੂੰ ਵੀ ਲਾਗੀ ਸਮਝਿਆ ਜਾਂਦਾ ਸੀ। ਪਰ ਉਸ ਦੀ ਇੱਜ਼ਤ ਦੂਜੇ ਲਾਗੀਆਂ ਤੋਂ ਵੱਧ ਕੀਤੀ ਜਾਂਦੀ ਸੀ। ਦੂਸਰੇ ਲਾਗੀਆਂ ਤੇ ਕੰਮੀਆਂ ਦੀ ਸਮਾਜ ਵਿਚ ਬੜੀ ਬੁਰੀ ਹਾਲਤ ਸੀ। ਜਿਵੇਂ ਡੂੰਮਾਂ, ਮਲਾਹਾਂ, ਆਦਿ ਦੇ ਹਾਲ ਤੋਂ ਦਮੋਦਰ ਦੀ ਹੀਰ ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ।

ਕਾਜ਼ੀ ਤੇ ਹੋਰ ਅਫ਼ਸਰ ਰਿਸ਼ਵਤੀ ਸਨ। ਪੈਸੇ ਦੇ ਜ਼ੋਰ ਨਾਲ ਕਾਨੂੰਨ ਦਾ ਮੂੰਹ ਮੋੜਿਆ ਜਾ ਸਕਦਾ ਸੀ। ਲੋਕਾਂ ਵਿਚ ਸ਼ਰੀਕੇਬਾਜ਼ੀ ਅੱਜ ਵਾਂਗ ਹੀ ਸੀ।

ਲੋਕ ਜੋਗੀਆਂ, ਦਰਵੇਸ਼ਾਂ ਆਦਿ ਤੋਂ ਡਰਦੇ ਸਨ। ਮੰਤਰਾਂ, ਜਾਦੂ-ਟੂਣਿਆਂ ਵਿਚ ਵਿਸ਼ਵਾਸ ਰਖਦੇ ਸਨ। ਵਹਿਮਾਂ ਭਰਮਾਂ ਦੇ ਸ਼ਿਕਾਰ ਸਨ।

ਸਫ਼ਰ ਭਾਵੇਂ ਘੋੜੀਆਂ ਰਾਹੀਂ, ਬੇੜੀਆਂ ਰਾਹੀਂ, ਊਠਾਂ ਰਾਹੀਂ ਵੀ ਕੀਤਾ ਜਾਂਦਾ ਸੀ। ਪਰ ਆਮ ਤੌਰ ਤੇ ਲੋਕ ਪੈਦਲ ਹੀ ਚਲਦੇ ਸਨ।

ਜਾਗੀਰਦਾਰ ਲੋਕ ਆਪਣੀ ਸ਼ਕਤੀ ਵਧਾਉਣ ਅਤੇ ਅਧਿਕਾਰ ਖੇਤਰ ਦੇ ਫੈਲਾਓ ਲਈ ਧੀਆਂ ਤਕ ਰਾਜਿਆਂ ਨੂੰ ਦੇ ਦਿੰਦੇ ਸਨ।

ਭਾਈ ਬਾਬੇ ਮਤਾ ਪਕਾਇਆ, ਹੀਰ ਕੁੜੀ ਨਹੀਂ ਡੀਹਾਂ।
ਹਿੱਕੇ ਤਾਂ ਦੀਜੇ ਤੋੜ ਪਠਾਣਾਂ, ਸਿੰਧੋਂ ਪਾਰ ਚੜ੍ਹੀਹਾਂ।
ਹਿੱਕੇ ਦਿਈਹਾਂ ਅਕਬਰ ਗਾਜ਼ੀ, ਕੱਢਾ ਆਪ ਕਢੀਹਾਂ।
ਆਖ ਦਮੋਦਰ ਜ਼ਾਤ ਗੁਲਾਟੀ, ਏਹੋ, ਮਤਾ ਪਕੀਹਾਂ। (6)

ਉਨ੍ਹਾਂ ਦਿਨਾਂ ਵਿਚ ਪਸ਼ੂਆਂ ਦੀ ਚੋਰੀ, ਮਾਰ ਧਾੜ ਅਤੇ ਰਾਹਜ਼ਨੀ ਆਮ ਸੀ।

ਵਿਆਹ ਸ਼ਾਦੀਆਂ ਤੋਂ ਬਿਨਾਂ, ਪੁੱਤਰ ਜੰਮਣ, ਸੁੰਨਤ, ਕੁੜਮਾਈ ਆਦਿ ਵਰਗੀਆਂ ਰਹੁ-ਰੀਤਾਂ ਵੇਲੇ ਵੀ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਸਨ।

ਮੁੱਕਦੀ ਗੱਲ ਇਹ ਕਿ ਦਮੋਦਰ ਨੇ ਆਪਣੀ ਰਚਨਾ ਵਿਚ ਉਸ ਵੇਲੇ ਦੀਆਂ ਸਮਾਜਿਕ ਪ੍ਰਸਥਿਤੀਆਂ, ਰਹੁ-ਰੀਤਾਂ ਆਦਿ ਨੂੰ ਬੜੀ ਹੀ ਖ਼ੂਬਸੂਰਤੀ ਨਾਲ ਚਿੱਤ੍ਰਿਆ ਹੈ।

12

## ਪਾਠ ਦਾ ਆਧਾਰ

1981 ਅਗਸਤ ਵਿਚ ਮੈਂ ਮੁਲਤਾਨ ਵਿਚ ਸਾਂ। ਅਜੇ ਗਿਆਂ ਦੋ ਕੁ ਦਿਨ ਹੀ ਹੋਏ ਸਨ ਕਿ ਮੈਨੂੰ ਗਿਲਤ ਹੋਟਲ ਮੁਲਤਾਨ ਵਿਚ ਮਲੇਰੀਆ ਬੁਖ਼ਾਰ ਨੇ ਘੇਰ ਲਿਆ। 10 ਕੁ ਵਜੇ ਦੇ ਨੇੜੇ ਹੋਟਲ ਦੇ ਪ੍ਰਬੰਧਕ ਨੇ ਦੱਸਿਆ ਕਿ ਤੁਹਾਨੂੰ ਭਗਵਾਨ ਦਾਸ ਨਾਂ ਦਾ ਇਕ ਆਦਮੀ ਮਿਲਣਾ ਚਾਹੁੰਦਾ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਉਸ ਨੂੰ ਮੇਰੇ ਕਮਰੇ ਵਿਚ ਭੇਜ ਦਿਉ।

ਭਗਵਾਨ ਦਾਸ ਦੇ ਦੱਸਣ ਅਨੁਸਾਰ ਉਹ ਜ਼ਿਲ੍ਹਾ ਡੇਰਾ ਗ਼ਾਜ਼ੀ ਖ਼ਾਂ ਦਾ ਰਹਿਣ ਵਾਲਾ ਹੈ। ਉਸ ਦੇ ਮਾਂ-ਪਿਉ ਦੇਸ਼ ਦੀ ਵੰਡ ਸਮੇਂ ਮਾਰੇ ਗਏ ਸਨ। ਉਸ ਦੇ ਦੱਸਣ ਅਨੁਸਾਰ ਉਸ ਦੀ ਭੈਣ ਜੋ ਕਾਫ਼ਲਿਆਂ ਨਾਲ ਭਾਰਤ ਚਲੀ ਗਈ ਸੀ। ਉਹ ਉਸ ਨੂੰ ਭਾਰਤ ਜਾ ਕੇ ਲਭਣਾ ਚਾਹੁੰਦਾ ਹੈ। ਉਸ ਦੇ ਦੱਸਣ ਅਨੁਸਾਰ ਪਹਿਲਾਂ ਪਹਿਲਾਂ ਭਾਵ 1955-56 ਵਿਚ ਉਸ ਦੀ ਦਸ ਪਈ ਸੀ ਕਿ ਰੋਹਤਕ ਰਹਿੰਦੀ ਹੈ। ਪਰ ਇਸ ਖ਼ਬਰ ਦੀ ਤਸਦੀਕ ਨਹੀਂ ਹੋ ਸਕੀ।

ਪਰ ਮੈਂ ਉਸ ਦੀਆਂ ਗੱਲਾਂ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ। ਕੁਝ ਤਾਂ ਮੈਨੂੰ ਬੁਖ਼ਾਰ ਤੇਜ਼ ਸੀ ਅਤੇ ਦੂਸਰੇ ਮੈਂ ਉਸ ਨੂੰ ਖ਼ੁਫ਼ੀਆਂ ਪੁਲੀਸ ਦਾ ਆਦਮੀ ਸਮਝ ਰਿਹਾ ਸਾਂ। ਪਰ ਸ਼ਾਮ ਨੂੰ ਮੇਰਾ ਬੁਖ਼ਾਰ ਡਾਕਟਰਾਂ ਦੀ ਮਿਹਰਬਾਨੀ ਨਾਲ ਲਥ ਗਿਆ ਸੀ। ਢਲੀ ਸ਼ਾਮ ਨੂੰ ਭਗਵਾਨ ਦਾਸ ਫੇਰ ਮੇਰੇ ਕਮਰੇ ਵਿਚ ਆ ਗਿਆ। ਉਸ ਨੇ ਮੈਨੂੰ ਪੁੱਛਿਆ ਕਿ "ਮੈਂ ਕਿਸ ਸਿਲਸਿਲੇ ਵਿਚ ਮੁਲਤਾਨ ਆਇਆ ਹਾਂ।" ਮੈਂ ਉਸ ਨੂੰ ਦੱਸਿਆ ਕਿ ਮੈਂ ਪੀ-ਐਚ. ਡੀ. ਦੀ ਖੋਜ ਦੇ ਸਿਲਸਿਲੇ ਵਿਚ ਆਇਆ ਹਾਂ। ਭਗਵਾਨ ਦਾਸ ਕਹਿਣ ਲੱਗਾ, "ਮੇਰੇ ਕੋਲ ਵੀ ਕੁਝ ਹੱਥ-ਲਿਖਤਾਂ ਤੇ ਪੁਸਤਕਾਂ ਪਈਆਂ ਹਨ ਜੋ ਮੇਰੇ ਬਾਪ ਮੂਲ ਚੰਦ ਦੀ ਨਿਸ਼ਾਨੀ ਹਨ। ਜੇ ਚਾਹੋ ਤਾਂ ਵੇਖ ਸਕਦੇ ਹੋ।"

ਭਗਵਾਨ ਦਾਸ ਉਨ੍ਹਾਂ ਦਿਨਾਂ ਵਿਚ ਮੁਲਤਾਨ ਛਾਉਣੀ ਦੇ ਰੇਲਵੇ ਕਵਾਟਰਾਂ ਵਿਚ ਰਹਿੰਦਾ ਸੀ। ਮੈਂ ਉਸ ਦੇ ਨਾਲ ਜਾ ਕੇ ਉਸ ਦੀਆਂ ਪੁਸਤਕਾਂ ਵੇਖੀਆਂ ਤਾਂ ਉਨ੍ਹਾਂ ਵਿਚ ਹੀਰ ਦਮੋਦਰ ਦਾ ਇਕ ਉਰਦੂ ਵਿਚ ਲਿਖਿਆ ਹੋਇਆ ਨੁਸਖ਼ਾ ਵੀ ਸੀ। ਮੈਂ ਭਗਵਾਨ ਦਾਸ ਨੂੰ ਬੜਾ ਜ਼ੋਰ ਲਾਇਆ ਕਿ ਉਹ ਇਹ ਨੁਸਖ਼ਾ ਮੈਨੂੰ ਦੇ ਦੇਵੇ ਪਰ ਉਹ ਕਹਿਣ ਲੱਗਾ ਇਹ ਮੇਰੇ ਦਾਦਾ ਖੇਮ ਚੰਦ ਦਾ ਲਿਖਿਆ ਹੋਇਆ ਹੈ। ਮੇਰੇ ਪਿਤਾ ਜੀ ਇਸ ਨੂੰ ਬਹੁਤ ਹੀ ਸਾਂਭ ਕੇ ਰਖਦੇ ਸਨ ਤੇ ਮੈਂ ਉਨ੍ਹਾਂ ਦੀ ਨਿਸ਼ਾਨੀ ਕਿਸੇ ਨੂੰ ਨਹੀਂ ਦੇ ਸਕਦਾ। ਤੁਸੀਂ ਨਕਲ ਕਰ ਲਵੋ। ਇਹ ਪੁਸਤਕ ਉਸ ਉਤਾਰੇ ਦੀ ਹੀ ਕਾਪੀ ਹੈ। ਇਸ

ਵਿਚ ਜਿੱਥੇ ਜਿੱਥੇ ਮਤਨ ਦਾ ਫ਼ਰਕ ਹੈ ਉਹ ਮੈਂ ਫੁਟਨੋਟਾਂ ਵਿਚ ਦਰਸਾ ਦਿੱਤਾ ਹੈ। ਮੁਲਤਾਨ ਵਾਲੇ ਖਰੜੇ ਵਿਚ 82 ਤੋਂ ਲੈ ਕੇ 90 ਬੰਦ ਤਕ ਸਫ਼ੇ ਪਾਟੇ ਹੋਏ ਸਨ। ਇਹ ਬੰਦ ਮੈਂ ਗੰਗਾ ਸਿੰਘ ਬੇਦੀ ਵਾਲੀ ਪੁਸਤਕ ਵਿਚੋਂ ਲਏ ਹਨ।

ਭਗਵਾਨ ਦਾਸ ਤੋਂ ਮਿਲੇ ਖਰੜੇ ਦੇ ਕੁੱਲ 963 ਬੰਦ ਹਨ। ਜਿਨ੍ਹਾਂ ਵਿਚ 962 ਬੰਦ ਸਮਾਪਤੀ ਵਾਲੇ ਬੰਦ ਤੋਂ ਪਹਿਲਾਂ ਹਨ। ਪਰ ਮੰਗਲਾਚਰਣ ਤੋਂ ਪਹਿਲੇ 7 ਬੰਦ ਇਸ ਵਿਚ ਮੌਜੂਦ ਨਹੀਂ। ਇਸ ਮੁਲਤਾਨ ਵਾਲੇ ਖਰੜੇ ਦੇ ਆਰੰਭ ਵਿਚ ਸਫ਼ੇ ਦੇ ਉਪਰ ਸੁਸਤਿਕਾ (卐) ਦਾ ਨਿਸ਼ਾਨ ਹੈ ਜੋ ਸੰਧੂਰ ਨਾਲ ਜਾਂ ਸੰਧੂਰ ਵਰਗੀ ਸਿਆਹੀ ਨਾਲ ਲਿਖਿਆ ਹੋਇਆ ਹੈ। ਅੰਤ ਵਿਚ ਇਹ ਸਤਰਾਂ ਦਰਜ ਹਨ :

ਕਿੱਸਾ ਤਮਾਮ ਸ਼ੁਦ<br>
ਬਕ਼ਲਮ ਖ਼ੁਦ ਖੇਮ ਚੰਦ ਮਿਗਲਾਨੀ<br>
ਵਲਦ ਸ੍ਰੀ ਬੀਜ਼ਾ ਰਾਮ ਮਿਗਲਾਨੀ<br>
ਸਕਨਾ ਡੇਰਾ ਗ਼ਾਜ਼ੀ ਖ਼ਾਂ, 15 ਦਸੰਬਰ 1878 :

ਪਰ ਬਾਕੀ ਖਰੜਾ ਨਸਤਾਲੀਕ ਖ਼ਤ ਵਿਚ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ।

ਮੂਲ ਪਾਠ

# ਹੀਰ ਦਮੋਦਰ

৩য় খণ্ড

চতুর্থ পর্ব

Prof Dr. Harnam Singh Shan
Principal Project Investigator
U G C. Research Project on Sikhism
605, Sector 16, Chandigarh,

ਅੱਵਲ ਨਾਮ ਸਾਹਿਬ ਦਾ ਲਈਏ, ਜਿਨ ਏਹੁ ਜਗਤ ਉਪਾਇਆ ।
ਜ਼ਿਮੀਂ ਅਸਮਾਨ ਪਲਕ ਦਰੁ ਸੀਤੀ, ਕੁਦਰਤ ਨਾਲ ਟਿਕਾਇਆ ।
ਦੋਰ ਕਮਰ ਖੁਰਸ਼ੈਦੋਂ ਸੀਤੇ, ਕੇ ਹਰ ਜਾ ਇਕੁ ਸਾਇਆ ।
ਨਾਉਂ ਦਮੋਦਰ ਜ਼ਾਤ ਗੁਲਾਟੀ ਜੈਂ ਇਹੁ ਕਿੱਸਾ ਚਾਇਆ । (1)

### ਹੀਰ ਦਾ ਜਨਮ

ਵੱਡਾ ਰਾਠ ਜ਼ਿਮੀਂ ਦਾ ਖਾਂਵਦ ਕੇਹੀ ਸਿਫ਼ਤ ਅਖਾਈਂ ।
ਅਕਬਰ ਨਾਲ ਕਰੇਂਦਾ ਦਾਵੇ ਭੂਈਂ ਨਈਂ ਦਾ ਸਾਈਂ ।
ਸੋਨਾਂ, ਰੁੱਪਾ, ਮਾਲ, ਖਜ਼ੀਨਾ, ਢੁੱਕਣ ਸੱਤੇ ਪਾਹੀਂ ।
ਚਾਰੇਂ ਬੇਟੇ ਚੜ੍ਹੇ ਜੜ੍ਹੇਂਦੇ, ਗਣ ਗਣ ਨਾਉਂ ਸੁਣਾਈਂ ।
ਖਾਣ, ਪਠਾਣ, ਸੁਲਤਾਨ, ਬਹਾਦਰ ਕਿਸੇ ਬਦੇਂਦੇ ਨਾਹੀਂ (2)

ਵਾਹੁ ਦਮੋਦਰ ਜਾਵਣ ਵਾਲੀ ਰੂਪ ਦਿਤੋਈ ਸਾਈਂ ।
ਵੇਖੋ ਕੁਦਰਤ ਕਾਦਰ ਵਾਲੀ, ਭ੍ਰਾਦੇ ਰੱਬ ਕੀ ਭਾਈ ।
ਹੋਇਆ ਹੁਕਮ ਹਜ਼ੂਰੋਂ ਕੋਈ, ਆਪੇ ਬਾਜ਼ੀ ਪਾਈ ।
ਵਾਰ ਬੁਢੇਂਦੀ ਮਹਿਰੀ ਰੰਦੀ, ਵੇਖਹੁ ਫੁੱਟ ਇਆਈ ।
ਆਖ ਦਮੋਦਰ ਖਾਣ ਇਸ਼ਕ ਦੀ, ਘਰ ਚੂਚਕਾਣੇ ਲਾਈ । (3)

ਘਰ ਚੂਚਕ ਦੇ ਬੇਟੀ ਜੰਮੀ, ਹੋਈਆਂ ਜੱਗ ਵਧਾਈਆਂ ।
ਨ੍ਹਾਤੀ ਧੋਤੀ, ਪੱਟ ਵਲੇਟੀ, ਕੁੱਛੜ ਕੀਤੀ ਦਾਈਆਂ ।
ਦੋ ਵਰ੍ਹਿਆਂ ਦੀ ਛੋਹਿਰ ਹੋਈ ਢੁੱਕ ਰਹੀਆਂ ਕੁੜਮਾਈਆਂ ।
ਚਉਂ ਵਰ੍ਹਿਆਂ ਦੀ ਛੋਹਿਰ ਹੋਈ ਗੱਲਾਂ ਕਰੇ ਸਚਿਆਈਆਂ । (4)

ਛਿਆਂ ਵਰ੍ਹਿਆਂ ਦੀ ਛੋਹਿਰ ਹੋਈ ਲੱਗੀ ਕਟਨ ਭਲਿਆਈਆਂ ।
ਅੱਠਾਂ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਦਰ ਦਰ ਕੂਕਾਂ ਪਾਈਆਂ ।
ਦਸਾਂ ਵਰ੍ਹਿਆਂ ਦੀ ਛੋਹਿਰ ਹੋਈ ਚਾਰੇ ਨਈਂ ਨਿਵਾਈਆਂ
ਬਾਰ੍ਹਾਂ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਰਾਂਝੇ ਅੱਖੀਆਂ ਲਾਈਆਂ । (5)

### ਹੀਰ ਦੀ ਕੁੜਮਾਈ

ਭਾਈ ਬਾਬੇ ਮਤਾ[1] ਪਕਾਇਆ, ਹੀਰ ਕੁੜੀ ਕਹੀਂ ਡੀਹਾਂ ।
ਹਿੱਕੇ ਤਾਂ ਦੀਜੇ ਤੇੜ ਪਠਾਣਾਂ, ਸਿੰਧੋਂ ਪਾਰ ਚੜ੍ਹੀਹਾਂ ।

---
[1] ਗ. ਸਿ, ਬੇ., ਮੰਤਰ ।

ਹਿੱਕੇ ਦਿਦੀਂਹਾ ਅਕਬਰ ਗ਼ਾਜ਼ੀ ਕੱਛਾਂ ਆਪ ਕਛੀਹਾਂ ।
ਆਖ ਦਮੋਦਰ ਚਾਤ ਗੁਲਾਟੀ, ਏਹੋ ਮਤਾ ਕਰੀਹਾਂ । (6)

ਰਲ ਸਿਆਲਾਂ ਮਸਲਤ ਕੀਤੀ, ਆਖਣ ਚੂਚਕ ਤਾਈਂ ।
ਹੀਰ ਤੇਰੇ ਘਰ ਵੱਡੀ ਹੋਈ ਕੀਚੇ ਸਾਕ ਕਿਦਾਈਂ ।
ਆਖਰ ਮਾਲ ਪਰਾਇਆ ਏਹੋ, ਰਖਿਆਂ ਬਣਦੀ ਨਾਹੀਂ ।
ਆਖ ਦਮੋਦਰ ਸਭ ਸਿਆਲਾ ਏਹੋ ਗੱਲ ਸੁਣਾਈ । (7)

ਭਾਈ ਤੁਸਾਂ ਖ਼ਬਰ ਨਾ ਕਾਈ, ਖ਼ਤ ਖੇੜਿਆਂ ਦਾ ਆਇਆ ।
ਕੰਮੀਂ ਆਏ ਰਠੇਕੇ ਬੈਠੇ, ਕਹੀਂ ਅੰਦਰ ਦੇ ਨ ਬਹਾਇਆ ।
ਕਹੀਂਏ ਪੁਛਕੇ ਵੇਂਭ ਨ ਡਿੱਠਾ, ਖ਼ਤ ਨ ਘਿਨ ਪੜ੍ਹਾਇਆ ।
ਆਖ ਦਮੋਦਰ ਜੇ ਤੁਸਾਂ ਭਾਵੇ, ਦੋਸ ਨਾ ਮੈਂਥੇ ਆਇਆ । (8)

ਖ਼ਾਨਾ ! ਕੇਹੜੀ ਗੱਲ ਨਾ ਦੇਹਾਂ, ਏਹੁ ਮੁਨਾਸਬ ਨਾਹੀਂ ।
ਹਿਕ ਦਿਹੁ ਜੋਗਾ ਸੱਕਾ ਵੱਡਾ, ਆਵੇ ਕੰਮ ਅਸਾਹੀਂ ।
ਹਿੱਕੋ ਜੇਹੀ ਉਮਰ ਨ ਕਿੱਸੇ, ਅਵਸਰ ਹਭਸੇ ਤਾਈਂ ।
ਕਹੇ ਦਮੋਦਰ ਢਿੱਲ ਨਾ ਕੀਚੇ ਬਣੇ ਤਹੋਬਲ ਨਾਹੀਂ । (9)

ਅੰਦਰ ਖ਼ਾਨੇ ਰਾਜ਼ੀ ਹੱਭਾ, ਏਹੋ ਮਤੇ ਪਕਾਏ ।
ਆਇਆ ਖ਼ਾਨ ਸੱਥ ਵਿਚ ਬੈਠਾ, ਵੱਡੇ ਰੋਹ ਅਲਾਏ ।
ਬਾਮਣ ਸੱਦ ਸਉਂਪਾਏ ਬਾਮ੍ਹਣ, ਖਿਜਮਤ ਬਹੁ ਕਰਿਆਏ ।
ਆਖ ਦਮੋਦਰ ਤੂਮਾਂ ਤਾਈਂ[੪], ਘਰ ਮਿਜਮਾਨ ਬਣਾਏ । (10)

ਅੱਠੋਹਾਰਿ ਗੁਜ਼ਰ ਗਈਆਂ ਨੇ, ਚੂਚਕ ਸੱਥੇ ਆਇਆ ।
ਕੀਤੁਸ ਫ਼ਿਕਰ ਕਿ ਦਿੱਚੈਂ ਭਾਈ ? ਤਾਂ ਸੁਨਿਆਰ ਸਦਾਇਆ ।
ਹਾਜੀ ਥੀ ਸੋਨਾ ਹਥ ਲੀਤਾ ਤਾਂ ਬਹਿ ਤੂਗ਼ ਘੜਾਇਆ ।
ਆਖ ਦਮੋਦਰ ਦਿਤੀ ਵਧਾਈ ਤਾਂ ਬਾਮਣ ਗਲ ਪਾਇਆ । (11)

ਜੋੜਾ ਘੋੜਾ ਦੋਹਾਂ ਤਾਈਂ, ਦੋਹੀਂ ਤੇੜ ਪਹਿਰਾਏ ।
ਦੋ ਸਿਰਪਾਓ ਭਿਦੇ ਤੇ ਆਦੇ, ਗਲ ਚੂਚਕ ਪੱਲੂ ਪਾਏ ।
ਵੰਞਹੁ ਖੇੜੀਂ । 'ਬਹੁਤ ਆਜਜ਼ੀ' ਚੂਚਕ ਆਖ ਸੁਣਾਏ ।
ਆਖ ਦਮੋਦਰ ਖ਼ਾਨ ਸੁਣਾਏ ਮੈਂ ਵਾਰੀ ਤੁਸਾਂ ਵਧਾਏ । (12)

ਟੁਰੇ ਵਿਦਾ ਥੀ ਕੰਮੀ ਯਾਰੋ, ਕਰਨ ਪਸੰਦ ਤਦਾਹਾਂ ।
ਹਿਕ ਇਨਾਮ ਅਸਾਂ ਦਿੱਤਾ ਚੂਚਕ, ਅਗੋਂ ਵੰਞ ਘਿਨਾਹਾਂ ।

[੪] ਗ. ਮਿੰ. ਬੇ., ਆਪਣੇ ਘਰ ।

ਜੇ ਅੱਗੋਂ ਸੁਣ ਪਾਏ ਅੱਲੀ ਤਾਂ ਸਿਰ ਖ਼ਾਕ ਅਸਾਹਾਂ ।
ਕਹੈ ਦਮੋਦਰ ਪੈਂਡਾ ਮੰਦਾ, ਕਹਿ ਕਹਿ ਘੁਟ ਪੀਵਾਹਾਂ । (13)

ਚਲੇ ਕੰਮੀ ਉਥੋਂ ਤਾਈਂ, ਕੇਹੇ ਕਦਮ ਉਠਾਏ ।
ਅੱਗੇ ਖ਼ਾਨ ਸੱਥ ਵਿਚ ਬੈਠਾ, ਦਿਲ ਵਿਚ ਫਿਕਰ ਹੰਢਾਏ ।
ਕੰਮੀਂ ਵੰਞ ਨਿਆਲੀ ਬੈਠੇ, ਤਿਨ ਕੋ ਖ਼ਬਰ ਸੁਣਾਏ ।
ਆਖ ਦਮੋਦਰ ਹੋਆ ਖ਼ੁਸ਼ਾਲੀ, ਜੇ ਉਹ ਨਦਰੀਂ ਪਾਏ । (14)

ਹਸ ਹਸ ਖ਼ਾਨ ਸੁਨੇਹੇ ਪੁਛੇ, ਖ਼ੁਸ਼ੀ ਹੋਆ ਸਿਰ ਤਾਈਂ ।
ਬਹੁਤੇ ਖ਼ਾਨ ਸਭ ਆਣ ਖਲੋਤੇ ਭੁਈਂ ਨਹੀਂ ਜੋ ਸਾਈਂ ।
ਤਣੀਆਂ ਤ੍ਰਟ ਗਈਆਂ ਅਲੀ ਦੀਆਂ, ਜੁੱਸੇ ਮਾਵੈ ਨਾਹੀਂ ।
ਕਹੇ ਦਮੋਦਰ ਦਿਲ ਵਿਚ ਕੀਤੁਸ, ਟੰਮਕ ਢੋਲ ਧਰਾਹੀਂ । (15)

ਟੰਮਕ ਆਣ ਧਰਾਇਆ ਅੱਲੀ, ਸੱਭ ਬਿਰਾਉ ਸਦਾਏ ।
ਸਾਦੀ ਕੀਤੀ ਦਿਲ ਦੀ ਭਾਂਦੀ ਕੱਠੇ ਆਣ ਲਟਾਏ ।
ਕੰਮੀਂ ਭੇਜ ਸੱਦਿਆ ਨੇ ਸੱਕੇ ਆਏ ਖ਼ਾਨਾਂ ਜਾਏ ।
ਖਾਣਾ ਖਾਇ ਕਰੇਂਦੇ ਮਸਲਤ, ਕੇਹੇ ਮਤੇ ਪਕਾਏ । (16)

ਆਖੇ ਖ਼ਾਨ ਸੁਣੋਂ ਬਿਰਾਉ ਬੈਠੇ, ਪਸੰਦ ਕਰੀਹੇ ।
ਮੂਲ ਮਹੰਮਲ ਬਣਦਾ ਨਾਹੀਂ, ਚੰਗੇ ਹੱਥ ਉਠੀਹੇ ।
ਚਲੀਹੇ ਝੰਗ ਸਿਆਲਾਂ ਵਾਲੇ, ਰੋਸ਼ਨ ਸਾਕ ਕਰੀਹੇ ।
ਕਹੇ ਦਮੋਦਰ ਢਿੱਲ ਨ ਬਣਦੀ, ਤਿਆਰ ਤੁਰਤ ਕਰੀਹੇ । (17)

ਤਾਂ ਹਭਸੇ ਚਿਤ ਏਹਾ ਆਈ, ਜਿਉਂ ਕਰ ਖ਼ਾਨ ਸੁਣਾਏ ।
ਨਕਰੇ, ਨੀਲੇ, ਅਬਲਕ, ਤਾਜ਼ੀ, ਗਲ ਰਾਜਗਾਹ ਬਣਾਏ ।
ਨਚ ਨਚ ਤਾਨ ਪੁਰੇਂਦੇ ਤਾਜ਼ੀ ਮਖ਼ਮਲ ਹੰਨੇ ਪਾਏ ।
ਖ਼ਾਨ ਮਲੂਕ ਇਕੱਠੇ ਹੋਏ, ਤਾਂ ਆਲਮ ਵੇਖਣ ਆਏ । (18)

ਚੱਲੇ ਖ਼ਾਨ ਭੁਈਂ ਦੇ ਖਾਵੰਦ, ਕੁੱਲ ਸਮਾਨ ਉਠਾਏ ।
ਘੋੜੇ ਬਖਸ਼ਣ ਕਾਰਣ ਲੀਤੇ, ਰੋਕੜ ਉਠ ਲਦਾਏ ।
ਭੰਡ, ਭਗਤੀਏ ਤੇ ਸਰਨਾਈ, ਕੰਜਰੀਆਂ ਵੇਸ ਬਣਾਏ ।
ਆਖ ਦਮੋਦਰ ਮਲਕਾਂ ਖ਼ਾਨਾਂ ਚੜ੍ਹਿਆ ਰੰਗ ਸਵਾਏ । (19)

ਕੁੱਲੇ ਕੋਤਲ, ਅਬਲਗ, ਮੁਸ਼ਕੀ ਖ਼ਾਨ ਮਲੂਕ ਸਦਾਏ ।
ਚਹਿੰਗੀ, ਅਸਤੁਰ, ਸ਼ਤਰ, ਸਵਾਈ, ਪੂਰਨ ਤਾਨ ਸਵਾਏ ।
ਊਠ ਟੱਟੂ, ਕਸ਼ਮੀਰੀ, ਉੜਦੂ, ਖ਼ਾਨਾ ਹਥਿਆਰ ਬਣਾਏ ।
ਆਖ ਦਮੋਦਰ ਜਿਸ ਦਿਨ ਧਰਤੀ, ਭਾਰ ਨ ਸਿਰ ਤੇ ਚਾਏ । (20)

ਤਾਂ ਸੁਣ ਸੰਜਮ ਕੀਤਾ ਚੂਚਕ, ਜਾ ਸੁਣਿਐ ਖੇੜੇ ਆਏ ।
ਘਿਉ, ਗੁੜ, ਖੰਡ, ਮੈਦੇ, ਤੇ ਦਾਣੇ ਆਣ ਮੌਜੂਦ[3] ਕਰਾਏ ।
ਦਾਣਾ, ਘਾਹੁ, ਸ਼ਰਾਬ, ਪਿਆਏ, ਢਾਡੀ ਭਲੇ ਸਦਾਏ ।
ਅਣਵਾਹੇ ਬਹੁ ਲੈਫ ਤੁਲਾਈ, ਭਲਾ ਦਲਾਨ ਪੁਚਾਏ । (21)

ਲੱਥੇ ਬਾਘ[4] ਬਹਾਦਰ ਡਾਢੇ ਭੂਈਂ ਨਈਂ ਦੇ ਸਾਈਂ ।
ਛੁਟੀ ਧੁਨਿ ਜਣ ਇੰਦ੍ਰ ਅਖਾੜੇ, ਬਹੁ ਭੇਰੀ ਤੇ ਸਰਣਾਈਂ ।
ਨਚ ਨਚ ਤਾਣ ਪੁਰੇਨ ਭਗਤੀਏ, ਕੰਜਰੀਆਂ ਗਾਵਣ ਗਾਹੀਂ ।
ਤਾਂਤਾਂ ਖਾਣਾ ਚੂਚਕ ਭੇਜੇ, ਕੱਚਾ ਕੋਰਾ ਤਾਂਹੀ । (22)

ਖਾਣਾ ਖਾਇ ਤਯਾਰੀ ਕੀਤੀ, ਘਿੰਨਣ ਸਾਊ ਆਏ ।
ਮਿਲਣ ਮੁਹੱਬਤ ਨਾਲੇ ਹੱਸ ਕਰ, ਹਿੱਕੇ ਹਿੱਕ ਮਿਲਾਏ ।
ਸੂਰਤ ਸ਼ਕਲ ਘਹਤ੍ਰ ਚਤੁਰਾਈ, ਮਾਵਾਂ ਪੁਤ੍ਰ ਕੇ ਜਾਏ ।
ਆਖ ਦਮੋਦਰ ਤੰਦ ਸੂਰਜ ਦੇ, ਜਣ ਜਾਲੀ ਆਣ ਛਹਾਏ । (23)

ਖ਼ੈਰ ਪੁਛਕੇ ਨੱਪ ਉਠਾਏ, ਰਲ ਮਿਲ ਜੁਲੇ ਘਰਾਹੀਂ ।
ਆਣ ਦਲਾਨੀਂ ਲਾਹੇ ਯਾਰੇ ਵੇਖੇ ਲੋਕ ਘਦਾਹੀਂ ।
ਚੜ੍ਹੇ ਚੜੰਦੇ ਵੱਡੇ ਸੂਰਮੇ, ਭੂਈਂ ਨਈਂ ਦੇ ਸਾਈਂ ।
ਆਖ ਦਮੋਦਰ ਲੈ ਚਲੇ ਪਿਆਲੇ ਢਾਡੀ ਵਾਰਾਂ ਤਾਈਂ । (24)

ਦਿਹੁੰ ਲੀਤਾ ਖਾਣਾ ਖਧਿਓ ਨੇ, ਵਖਤ ਰਾਤ ਦਾ ਆਇਆ ।
ਹੱਸੇ ਖੇਡ ਕਰ ਸੁੱਤੇ ਸਾਊ, ਕੋਈ ਨ ਮੂਲ ਰਿੰਜਾਇਆ ।
ਕਰ ਸਿਰਪਾਊ ਬੈਠ ਸਭ ਸਾਊ, ਆਲਮ ਵੇਖਣ ਆਇਆ ।
ਆਖ ਦਮੋਦਰ ਵੱਡੇ ਵੇਲੇ ਰਾਂਠਾਂ ਹੱਥ ਉਠਾਇਆ । (25)

ਕੇਡ ਭਗਤੀਏ ਅਦਰ ਮੰਗਤੇ ਆਲਮ ਉੱਛਲ ਆਏ ।
ਦੇ ਦੇ ਘੋੜੇ ਖੇਸ ਪਟਾਂਗਲ ਅਜੇ ਏਵਣ ਨੂੰ ਸਧਰਾਏ ।
ਮੰਗਤੇ ਮੰਗ ਮੰਗ ਰਾਜ਼ੀ ਹੋਏ, ਕਰ ਦੁਆਈਂ ਮੰਗਲ ਗਾਏ ।
ਆਖ ਦਮੋਦਰ 'ਸਹੀ ਸਲਾਮਤ' ਸੱਭ ਅਸੀਸ ਸੁਣਾਏ । (26)

ਦੂਜੀ ਰਾਤ ਰਹਿਣ ਨਹੀਂ ਕੀਤਾ, ਚੂਚਕ ਪੱਲੂ ਪਾਇਆ ।
ਸਰ ਪਰ ਰੱਖ ਤਿਆਰੀ ਕੀਤੀ, ਮੇਲ ਕੁਟੰਬ ਬਹਾਇਆ ।
ਸੱਚ ਆਖੋ ਕੋ ਦਿਚੈ ਸੱਕੋ ? ਚੂਚਕ ਏਵ ਪੁਛਾਇਆ ।
ਆਖ ਦਮੋਦਰ ਮਿਲ ਕਬੀਲੇ ਏਹੋ ਮਤਾ ਪਕਾਇਆ । (27)

---

[3]ਗ. ਸਿੰ. ਬੇ., ਧਰਾਏ ।
[4]ਗ. ਸਿੰ. ਬੇ., ਬਾਗ ।

ਜਣੇ ਜਣੇ ਨੂੰ 'ਪਗੜੀ' ਮੰਗਤੇ ਇਕ ਇਕ 'ਖੇਸ' ਦਿਵਾਂਹੇ ।
ਹਿੱਕ ਉੱਠ ਤੇ ਤਾਜ਼ੀ ਘੋੜਾ ਕਿੱਲੇ ਆਣ ਬਨਾਂਹੇ ।
ਸਭ ਸਿਰਪਾਉ ਸੁਨਿਹਿਰੀ ਦਿਚੇ, ਸੋਭਾ ਜੱਗ ਘਿਨਾਹੇ ।
ਅੰਦਰ ਬੈਠ ਕਰੇਂਦੇ ਮਸਲਤ ਢਿਲ ਨਾ ਮੂਲ ਘਤਾਂਹੇ । (28)

ਬਠੇ ਖ਼ਾਨ ਜਿਮੀਂ ਦੇ ਖਾਵੰਦ ਗੱਲ ਕਹਿਣ ਦੀ ਨਾਹੀਂ ।
ਗੀਤ ਨਾਚ ਭੇੜ ਭਗਤੀਏ ਕਰਦੇ, ਬਹੁਤ ਸਾਂਗ ਜਗ ਮਾਹੀਂ ।
ਪਵੇ ਨਾਚ ਖ਼ੁਸ਼ ਥੀਏ ਲੋਕ[5] ਸਭ, ਭੇਰੀ ਤੇ ਸਰਨਾਈਂ ।
ਆਖ ਦਮੋਦਰ ਆਏ ਸਾਊ, ਖਾਣਾਂ ਖਾਵਣ ਤਾਈਂ । (29)

ਖਾਣਾ ਖਾਇ ਤਿਆਰੀ ਕੀਤੀ, ਸਭ ਸਿਰਪਾਊ ਮੰਗਾਇਆ ।
ਦੇ ਦੇ ਸਿਆਲ ਖ਼ੁਸ਼ੀ ਬਹੁਤੇਰੇ, ਜਣੇ ਜਣੇ ਪਹਿਰਾਇਆ ।
ਰਾਤੀਂ ਰਖ ਸਬਾਹੀਂ ਚੱਲੇ, ਆਲਮ ਵੇਖਣ ਆਇਆ ।
ਆਖ ਦਮੋਦਰ ਗਲ ਵਿਚ ਪੱਲੂ ਚੂਚਕ ਖਾਨ ਤਦ ਪਾਇਆ । (30)

ਤਾਜ਼ੀ ਛੋੜ ਰਖੇ ਭੁਇੰ ਉਤੇ ਚੂਚਕ ਆਖ ਸੁਣਾਇਆ ।
ਕੀਤੇ ਵੈਰ ਜਗਤ ਬਹੁਤੇਰੇ, ਸਭ ਕੋ ਆਣ ਨਿਵਾਇਆ ।
ਖ਼ਾਨ ਸਲਾਮਤ ਕਹੀਂ ਨ ਨਿਵਿਆਂ, ਹੁਣ ਹੀਰੇ ਆਣ ਨਿਵਾਇਆ । (31)

'ਹੀਰ ਮਹਿੰਡੀ ਸਾਹਿਬਆਣੀ, ਤੂੰ ਮੈਂਡਾ ਸਿਰ ਸਾਈਂ ।
ਤੈਂਡਾ ਕੀਤਾ ਮੈਂ ਵੱਡਾ ਹੋਆ, ਕੇਹੜੇ ਵਾਤ ਸਲਾਹੀਂ ।
ਬਾਝੋਂ ਮੁੱਲ ਵਿਕਾਣਾ ਤੁਧ ਹੱਥ, ਉਜਰ ਕੋਈ ਵੀ ਨਾਹੀਂ ।
ਆਖ ਦਮੋਦਰ ਹੱਥ ਚੂਚਕ ਦਾ ਫੜ ਅੱਲੀ ਲਇਆ ਤਦਾਈਂ । (32)

ਲੈ ਵਿਦਿਆ ਘਰ ਚੱਲੇ ਖੇੜੇ, ਸਿਆਲ ਸੇ ਮੁੜ ਘਰ ਆਏ ।
ਭਲਾ ਰੰਗ ਰਿਹਾ ਦੁਹਾਂ ਧਿਰਾਂ ਦਾ, ਗਾਵਣ ਡੂਮ ਬਹਾਏ ।
ਸਾਰੇ ਜੱਗ ਵਧਾਈ ਹੋਈ, ਘਰ ਘਰ ਮੰਗਲ ਗਾਏ ।
ਆਖ ਦਮੋਦਰ ਹਿਤ ਭਾਣਾ ਸਭਣਾ, ਰੋਸ਼ਨ ਸਾਕ ਸਵਾਏ । (33)

ਮਾਉਂ ਹੀਰੇ ਦੀ ਸ਼ਗਨ ਕਰੇਂਦੀ, ਕੁੜੀਆਂ ਸਭ ਸਦਾਏ ।
ਚਾਵਲ ਚਿੱਟੇ ਤੇ ਦੁਧ ਮਾੜਾ[6], ਵਿਚ ਪਤਾਸੇ ਪਾਏ ।
ਸਭ ਕੁੜੀਆਂ ਨੂੰ ਕੂੰਦੀ ਆਖੇ, ਪਹਿਲੋਂ ਹੀਰੇ ਦੇ ਮੂੰਹ ਲਾਏ ।
ਆਖ ਦਮੋਦਰ ਪਹਿਲ ਗਰਾਹੀ ਮੰਨ ਸੋਣਾ ਜੋ ਪਾਏ । (34)

[5] ਡਾ. ਪ. ਸਿੰ., ਲੋਕਾਂ ।
[6] ਗ. ਸਿੰ. ਬੇ. ਤੇ ਡਾ. ਪ. ਸਿੰ., ਕੁੜੀਆਂ ਵਿਚ ਪਤਾਸੇ ਪਾਏ ।

ਤਦਾਂ ਖੇਤੇ ਗਏ ਘਰ ਆਪਣੇ, ਕੁਲ ਵਧਾਈ ਥੀਂਦੀ।
ਨੱਢੇ ਸਭ ਸਦਾਏ ਮਾਊ, ਚਾਵਲ ਦੁਧ ਲਏਂਦੀ।
ਦੇਇ ਗਰਾਹੀ ਨੀਂਗਰ ਨੂੰ ਪਹਿਲੇ ਅਪਣੀ ਇੱਛ ਪੁਜੇਂਦੀ।
ਆਖ ਦਮੋਦਰ ਪਹਿਲ ਗਿਰਾਹੀ ਮਨ ਸੋਣਾ ਨਿਛ ਕਰੇਂਦੀ। (35)

## ਨਿੱਤ ਦਾ ਵਰਤਾਉ

ਨਵਾਂ ਵਰ੍ਹਿਆਂ ਦੀ ਮੰਗੀ ਨੀਂਗਰ ਅਜ਼ਮਤ ਕੀ ਰੁਸ਼ਨਾਈ।
ਤਾਂ ਚੁਣ ਚੁਣ ਆਤਣ ਕਰੇ ਇਕੱਠਾ ਜੇਹੜੀ ਭਾਵਸ ਕਾਈ।
ਸੂਰਤ ਜਮਾਲ ਸੁਣੇ ਜੋ ਕੋਈ ਸਾਈ ਆਤਣ ਆਈ।
ਤ੍ਰੈ ਸੈ ਸੱਠ ਸਹੇਲੀ ਜੋੜੀ, ਜੇਹੜੀ ਜੇਹੜੀ ਭਾਈ। (36)

ਕਵਣ ਸਰਿਸ਼ਤਾ ਹੀਰੇ ਕੀਤਾ ਕੇ ਕੁਝ ਆਖ ਸੁਣਾਏ।
ਪਹਿਲੇ ਪਹਿਰ ਸਭੋ ਹੀ ਆਤਣ ਮੱਖਣ ਰੋਟੀ ਖਾਏ।
ਦੂਜੇ ਪਹਿਰ ਘਿਣਦੀ ਘੁੰਗਣੀਆਂ ਪੀਘਾਂ ਪੀਂਘਣ ਜਾਏ।
ਤੀਜੇ ਪਹਿਰ ਬੇਲੇ ਵਿਚ ਖੇਡੇ ਰੋਂਡੀ ਖੱਖੜੀ ਖਾਏ।
ਚਉਥੇ ਪਹਿਰ ਦਰੀਆਵੇ ਨ੍ਹਾਵੇ, ਸਾਰਾ ਆਤਣ ਆਏ। (37)

ਏਹੋ ਜਹੀਆਂ ਗੱਲਾਂ ਨਿੱਤ ਸਲੇਟੀ ਇਉਂ ਗੁਜ਼ਰਾਨ ਕਰੇਂਦੀ।
ਬਾਘ ਬਹਾਦਰ ਚੜ੍ਹੇ ਕਮਾਣੇ ਧੂੰ ਨਾ ਧੁੱਖਣ ਦੇਂਦੀ।
ਬੱਗਾ ਸ਼ੀਂਹ ਫਿਰੇ ਵਿੱਚ ਝੱਲਾਂ ਧੌਂਦੀ ਧ੍ਰੋਹੀ ਜੇਂਦੀ।
ਆਖ ਦਮੋਦਰ ਬਾਝ ਕਮਾਣੋਂ ਤੀਰ ਸਿਆਲ ਚਲੇਂਦੀ। (38)

ਜਿੱਦੇ ਕਿੱਦੇ ਚੂਚਕ ਹੋਂਦੀ, ਧ੍ਰੋਹੀ ਹੋਰ ਨ ਕਾਈ।
ਹੀਰੇ ਸੰਦੀ ਧ੍ਰੋਹੀ ਪੌਂਦੀ, ਸਾਰੀ ਜਿਮੀ ਨਿਵਾਈ।
ਕਟਕ ਸਮੇਤ ਫਿਰੇ ਵਿੱਚ ਝਲਾਂ, ਮਿਹਰੀ ਜਿਮੀਂ ਕੰਬਾਈ।
ਕਹੇ ਦਮੋਦਰ ਵਾਹ ਸਲੇਟੀ, ਧੰਨ ਚੂਚਕ ਦੀ ਜਾਈ। (39)

## ਨੂਰੇ ਦੀ ਬੇੜੀ

ਨੂਰਾ ਨਾਉਂ ਜ਼ਾਤ ਦਾ ਸੰਬਲ ਉਸ ਬੇੜਾ ਅਜਬ ਘੜਾਇਆ।
ਲੁੱਡਣ ਨਾਉਂ, ਮਲਾਹ ਦਾ ਨੀਂਗਰ, ਦੂਰੋਂ ਸੱਦ ਅਣਾਇਆ।
ਬੇੜੀ ਪਕੜ ਹਵਾਲੇ ਕੀਤੀ, ਲੈ ਸਿਰਪਾਉ ਬਨ੍ਹਾਇਆ।
ਆਪਣੇ ਦਿਲ ਬਹੁੰ ਖੁਸ਼ ਹੋਇਆ ਹੋਰ ਸਭਨਾਂ ਦੇ ਹਿਤ ਭਾਇਆ। (40)

ਹਿਕ ਦਿਨ ਯਾਰੋ ਜਿਮੀਂਦਾਰ ਬੇੜੀ ਵੇਖਣ ਨੂੰ ਚਲ ਆਏ।
ਬੇੜੀ ਵੇਖ ਖੁਸ਼ਹਾਲੀ ਹੋਏ ਸਭਨਾਂ ਚਿੱਤ ਸਵਾਏ।

ਮਸਲਤ ਕਰ ਸਦਵਾਇਆ ਲੁੱਡਣ ਅਸਾਨੂੰ ਚਾ ਦਿਖਲਾਏ।
ਚਾੜ੍ਹ ਵਿਖਾਇ ਉਸ ਬੇੜੀ ਉੱਤੇ, ਤਮਾਸ਼ਾ ਦੇਇ ਦਿਖਾਇ। (41)

ਹੋਆ ਰੋਹ ਸਹੀ ਸੱਚ ਨੂਰਾ ਜਾ ਕਹੀਂ ਏਹੁ ਸੁਣਾਇਆ।
ਭੇਜ ਡੂਮ ਨੂੰ ਦੇ ਕਰ ਗਾਲ੍ਹੀ, ਵੱਡੇ ਰੋਹ ਸਦਾਇਆ।
ਕੀਤੁਸੁ ਹੁਕਮ ਜੁ ਵੈਂਦਾਨੀਹੇ, ਮੁਹਿਮੁਹਿ ਦਾਇ ਮਰਾਇਆ।
ਸੱਟਾਂ ਪਈਆਂ ਲੁੱਡਣ ਤਾਈਂ, ਕਹੀਂ ਨ ਮੂਲ ਛੁਡਾਇਆ।
ਆਖ ਦਮੋਦਰ ਵੱਸ ਨ ਚੱਲੇ, ਜੋ ਲੁੱਡਣ ਗੁੱਸਾ ਖਾਇਆ। (42)

ਹੋਇ ਜਬਾਬ ਕੀਤੋਇ ਲੁੱਡਣ, ਤਾਂ ਮੂੰਹੋਂ ਆਖ ਸੁਣਾਇਆ।
ਓਹ ਦਿਨ ਚਿਤ ਨ ਕੀਤੋਖਾਨਾ, ਹੱਥ ਖਾੜੀ ਘੱਤ ਸਦਾਇਆ।
ਹੋਆ ਬੇਇੱਜ਼ਤ ਬਣੀ ਅਸਾਹੀਂ, ਕਬਰ ਕਿਨਾਰੇ ਆਇਆ।
ਮਰਦੀ ਵਾਰ ਬੇਇੱਜ਼ਤ ਕੀਤੇ ਜਾਗ ਬੁਢੇਪਾ ਆਇਆ। (43)

ਏਡੀ ਨਜ਼ਰ ਵਧ ਗਈ ਤੇਰੀ ਝੀਵਰ, ਜੁ ਮੈਥੋਂ ਪੁੱਛੇ ਨਾਹੀਂ।
ਆਹੇ ਕਵਣ ? ਚੜ੍ਹਾਏ ਬੇੜੀ, ਅਦਬ ਨਹੀਂ ਤੁਧ ਤਾਈਂ।
ਏਡਾ ਗੁੱਸਾ ਮੇਰੇ ਤਾਈਂ ਜੋ ਤੈਂ ਖਾਇ ਮਰਾਈਂ।
ਆਖ ਦਮੋਦਰ ਜੇ ਛੋੜੀਂ ਤੈਨੂੰ ਤਾਂ ਕਿਉਂ ਰੋਵੈ ਨਾਹੀਂ। (44)

ਤਾਂ ਮਨ ਅੰਦਰ ਕੀਤਾ ਲੁੱਡਣ ਵੇਖਹੁ ਇਸ ਵਿਖਾਹੀਂ।
ਜੇ ਪਛਤਾਉ ਲਗਸ ਭੀ ਵੱਡਾ ਹੱਥ ਸੱਜੇ ਤਦਾਂ ਖਾਈਂ।
ਹੁਕਮੀ ਘਿਨ ਵੰਞ ਉਸ ਬੇੜਾ ਜੇ ਵ੍ਹੇਲ ਕਦਾਹੀਂ ਪਾਈਂ।
ਆਖ ਦਮੋਦਰ ਇਸ ਜੀਵਣ ਕੋਲੂੰ ਮਰਣਾ ਭਲਾ ਅਸਾਹੀਂ। (45)

ਹਿੱਕ ਦਿਹੁੰ ਲੁੱਡਣ ਵ੍ਹੇਲ ਪਇਓਈ, ਨੂਰਾ ਕਹੀਂ ਸਿਧਾਇਆ।
ਬੇੜਾ ਕਪ ਚਲਾਇ ਰਾਤੀਂ, ਵੇਲਾ ਕਿੰਵਹੀ ਪਾਇਆ।
ਰਾਤੋ ਰਾਤ ਜੁਲਿਆ ਥੀ ਰਾਹੀ, ਵਿੱਚ ਕੂਕੇਂਦਾ ਆਇਆ।
ਜੋ ਰੱਖੇਂ ਪਿੱਛੋਂ ਪਾਇ ਅਸਾਨੂੰ ਕੋਈ ਰਾਠ ਸਵਾਣੀ ਜਾਇਆ। (46)

ਤਾਂ ਸੁਣ ਚੁਪ ਕਰੇਂਦੇ ਸਾਊ, ਕੋਈ ਨ ਮੂੰਹੋਂ ਅਲਾਏ।
ਕੇਹੜਾ ਤਾਪ ਵਿਹਾਝੇ ਆਪੇ, ਵੈਰ ਨਵੇਂ ਸਿਰ ਚਾਏ।
ਨਹੀਂ ਮੁਨਾਸਬ ਜੋ ਬੇੜੇ ਬਦਲੇ, ਭਿੜ ਕਰ ਮੁਣਸ ਮਰਾਏ।
ਆਖ ਦਮੋਦਰ ਨਾਇ ਨੂਰੇ ਦੇ, ਕੋਈ ਨਾ ਰਾਹ ਫੁਰਮਾਏ। (47)

ਕੀਤਾ ਫ਼ਿਕਰ ਮਨ ਅੰਦਰ ਲੁੱਡਣ, ਪਛੋਤਾਣਾ ਤਾਹੀਂ।
ਹੋਇਉਸੁ ਚੋਰ, ਨਾ ਰਖਿਉਸੁ ਕਿਸੇ, ਮਰਾਂ ਕਿ ਮਹੁਰਾ ਖਾਈਂ।
ਥੱਕ ਹੁਟਾ, ਕੂਕੇਂਦਾ ਝੀਵਰ, ਕਿਸੇ ਬਹਾਇਆ ਨਾਹੀਂ।
ਡਰਵਰ ਹੋਇ ਰਹਿਆ ਬੇੜੀ 'ਤੇ ਕੇਹੜੀ ਤਰਫ਼ ਥੀਵਾਈਂ। (48)

ਹੁੱਟਾ ਵੇਖ ਕਰੇਂਦਾ ਨਾਰੇ, ਕਿਸੇ ਨਾ ਰਾਹੁ ਫੁਰਮਾਇਆ ।
ਹੋਇਉਸੁਬਚੌਰ ਰਠਾਇਣ ਸਾਰੇ ਕਹੀਂ ਨਾ ਪਿਛੇ ਪਾਇਆ ।
ਬੇੜੀ ਛੋੜ ਜੁਲਾਂ ਨੱਸ ਵੰਞਾਂ, ਏਹੋ ਮਨ ਮਹਿ ਪਾਇਆ ।
ਆਖ ਦਮੋਦਰ ਫਿਕਰ ਕਰੇਂਦਾ, ਜਿੱਕ ਸਿਆਲੀਂ ਆਇਆ । (49)

ਕੱਧੀ ਉਤੇ ਵਾੜਾ ਡਿੱਠਾ, ਸ਼ੋਰ ਵੱਡਾ ਸੁਣ ਪਾਇਆ ।
ਕੰਨੀ ਅੰਗਲ ਘੱਤ ਕਰਾਹੀਂ, ਲੁੱਡਣ ਕੂਕ ਸੁਣਾਇਆ ।
ਕੋਈ ਰੱਖੇ ਪਿਛੇ ਪਾਇ ਅਸਾਨੂੰ, ਰਾਠ ਸਵਾਣੀ ਜਾਇਆ ।
ਆਖ ਦਮੋਦਰ ਲੁੱਡਣ ਕੂਕੇ ਸੰਬਲੋਂ ਨੱਠਾ ਕਿਸੇ ਰਾਠ ਨ ਪਿੱਛੈ ਲਾਇਆ । (50)

ਅੱਗੇ ਹੀਰ ਕਟਕ ਸਣ ਵਾੜੀ ਦਿੱਸੇ ਕੂਕ ਸੁਣਾਇਆ ।
ਸੁਣ ਚਮਕਾਇਲ ਹੋਈ ਸਲੇਟੀ, ਧੀਰਜ ਨਹਿ ਠਹਿਰਾਇਆ ।
ਲੱਭੇ ਖ਼ਬਰ ਕੋਈ ਦੁਖਿਆਰਾ, ਸਾਮ੍ਹ ਅਸਾਡੀ ਆਇਆ ।
ਆਖ ਦਮੋਦਰ ਕੁੜੀਆਂ ਤਾਈਂ, ਜਾਂ ਹੀਰੇ ਫੁਰਮਾਇਆ । (51)

ਕੁੜੀਆਂ ਧਾ ਹੱਲਾ ਚਾ ਕੀਤਾ, ਬੇੜੀ ਨਦਰੀਂ ਆਈ ।
ਦੂਰੋਂ ਵੇਖ ਅਗੇਰੀ ਹੋਈਆਂ, ਡਿੱਠੀ ਜਾਂ ਨੇੜੇ ਆਈ ।
ਉਠ ਨੀ ਹੀਰੇ ! ਵੇਖ ਤਮਾਸ਼ਾ ਆਖਣ ਦੀ ਗਲ ਨਾਹੀਂ ।
ਚੱਲੀ ਛੋਨੇ ਹਾਥੀ ਵਾਂਙੂ, ਚੱਲੇ ਕਟਕ ਤਦਾਈਂ । (52)

ਕਿੱਤ ਕੂਕੇਂਦਾ ? ਆਖ ਹਕੀਕਤ ! ਕੇ ਤੁਧ ਸਾਥ ਮਰਾਇਆ ।
ਕੈ ਕੋਈ ਸੁਇਆ ਸੁਣਿਆ ਪਿਛਹੁੰ, ਕੇ ਮੰਗੂ ਤੁਧ ਖੜਾਇਆ ।
ਤੂੰ ਕਿਤ ਕੂਕੇਂਦਾ ? ਹੀਰ ਪੁਛੇਂਦੀ, ਕੈ, ਤੁਧ ਕੁਝ ਵੰਞਾਇਆ ।
ਵਡੇ ਰੋਹ ਪੁਕਾਰੇ ਨੀਂਗਰ, ਭਉਹਾਂ ਚਾੜ ਅਲਾਇਆ । (53)

ਲੁੱਡਣ

ਸੁਣ ਕੁੜੀਏ ਮੈਂ ਤੈਨੂੰ ਆਖਾਂ, ਜੋ ਮੈਂ ਕੂਕ ਸੁਣਾਇਆ ।
'ਨੂਰਾ' ਨਾਉ ਜ਼ਾਤ ਦਾ 'ਸੰਬਲ' ਬੇੜਾ ਉਸ ਘੜਾਇਆ ।
ਬਾਲਕ ਬੁੱਧ ਸਦਾਇਉਸ ਮੈਨੂੰ, ਫੁੱਲ ਨਾ ਕਦੀ ਵਗਾਹਿਆ ।
ਵਾਰ ਬੁੱਢੇ ਬੇ ਇੱਜ਼ਤ ਹੋਇਆ, ਜਾਂ ਕਬਰ ਕਿਨਾਰੇ ਆਇਆ ।
ਤੁਸੀਂ ਵਡੇ ਰਾਠ ਜਿਮੀਂ ਦੇ ਖਾਵੰਦ ਮੈਂ ਤੱਕ ਤੁਸਾਨੂੰ ਆਇਆ । (54)

ਬੇੜੀ ਬੰਨ ਤੂੰ ਟਾਂਗ ਅਸਾਡੇ, ਤੈਨੂੰ ਕਮੀ ਨਾ ਕਾਈ ।
ਨੂਰਾ ਕਉਨ ਬਲਾਇ ਸੁਣਾਇਆ ਬੇੜੀ ਜਿਨ੍ਹੈ ਘੜਾਈ ।
ਬੰਨ੍ਹਸੁ ਟਾਂਗ, ਠੁਕੇਉਸ ਚੱਪਾ, ਏਹੁ ਬੜੀ ਮੈਂ ਖੁਸ਼ ਆਈ ।
ਆਖ ਦਮੋਦਰ ਕੋਇ ਨ ਰੱਖੀ, ਖਿਨ ਮੈਂ ਚੂਚਕ ਜਾਈ । (55)

**ਲੁੱਡਣ**

ਸੱਦ ਭਤ੍ਰੀਆਂ, ਚਾਚਾ, ਮਾਮਾ, ਲੱਜ ਕਰੀ ਗੱਲ ਪਾਈ।
ਦੇਵੀਂ ਰੱਸੀ, ਵੰਝ ਗਡੀਹੀਂ, ਰਹਿਣ ਕਰੀਂ ਇਸ ਥਾਈਂ।
ਆਵਣ ਰਾਹ ਬੰਨ੍ਹ, ਖੜਸਨ ਮੈਨੂੰ ਤਾਂ ਤੁਸਾਡੀ ਰਹਿਸੀ ਨਾਹੀਂ।
ਹੀਰੇ ਖ਼ਬਰ ਕਰੀ ਭਰਾਵਾਂ, ਰਾਠਾਂ, ਹਿੱਕੇ ਪਿਉ ਚੂਚਕ ਤਾਈਂ। (56)

ਤਾਂ ਭਉਹਾਂ ਚਾੜ੍ਹ ਬੁਲੇਂਦੀ ਢਿੱਕਾ, ਉਚੇ ਰੋਹ ਅਲਾਇਆ।
"ਫਿੱਟੇ ਨੂਰੇ ਦਾ ਪਿਉ ਦਾਦਾ, ਕਿਉਂ ਇਤਨਾ ਡਰ ਖਾਇਆ।
ਮਾਰੀ ਬਾਊਂ, ਨਾ ਟੱਲਾਂ ਕਿਸੇ, ਜੇ ਕੋਈ ਸੁਣੇਸਾਂ ਆਇਆ।
ਤਾਂ ਸੱਦੀ ਬਾਪ ਚਾਚੇ ਦੇ ਤਾਈਂ, ਜੇ ਹੋਵੀ ਅਕਬਰ ਦਾ ਛਪਾਇਆ। (57)

**ਲੁੱਡਣ**

ਤਾਂ ਰੱਸੀ ਘਿਨ ! ਤੁਧੇ ਗਲ ਲੱਜਾ, ਹੋਰ ਨ ਕੋਈ ਸਦੇਂਦੀ।
ਜਿਉਂ ਜਾਣੇ ਤਿਉਂ ਲੱਜ ਤੁਧੇ ਗੱਲ, ਹਭਾ ਪਈਆਂ ਮੈਂਡੀ।
ਆਏ ਬਾਝ ਨ ਰਹਿਸਨ ਪਿੱਛੋਂ, ਤੂੰ ਤਾਂ ਗਈ ਕਰੇਂਦੀ।
ਘਿਨ ਕੁੜੀਏ ਬੇੜੀ ਦੀ ਰੱਸੀ, ਦਿੱਸੇ ਮਰਦੀ ਤੈਂਡੀ। (58)

ਠੋਕਿਉਸੁ ਵੰਝ, ਲੁੱਡਣ ਰਸੀ ਦਿੱਤੀ, ਬੇੜੀ ਬੱਧੀ ਤਾਹੀਂ।
ਥੰਨ ਖੁਸ਼ਾਲ ਹੋਆ ਸਭ ਆਤਣ ਹਭਨਾ ਬਹੁਤ ਰਜਾਈਂ।
ਜਿਉਂ ਜਿਉਂ ਵੇਖਣ ਬੇੜੀ ਵੱਲੋਂ, ਹੱਸਕਰ ਨ੍ਹਾਵਨ ਉਥਾਈਂ।
ਆਖ ਦਮੋਦਰ ਮੀਆਂ ਲੁੱਡਣ, ਕਰ ਧੀਰਜ ਰਹਿਆ ਤਦਾਹੀਂ। (59)

ਤਾਂ ਪਹਿਲੇ ਪਹਿਰ ਕੁਲ ਆਤਣ, ਸਾਗ ਮੱਖਣ ਰੋਟੀ ਖਾਵੈ।
ਦੂਜੇ ਪਹਿਰ ਧੀਯਾਂ ਤੇ ਧੀਂਘਣ, ਘੁੰਗਣੀਆਂ ਘਿਨ ਆਵੈ।
ਤੀਜੇ ਪਹਿਰ ਬੇਲੇ ਵਿਚ ਖੇਡੇ, ਰੋਂਡੀ ਕਖੜੀ ਖਾਵੈ।
ਚਉਥੇ ਪਹਿਰ ਬੇੜੀ ਵਿਚ ਆਤਣ ਛੋਣ ਚਨ੍ਹਾਉਂ ਵਿਖਾਵੈ। (60)

ਇਹੁ ਸਰਿਸ਼ਤਾ ਕੁੜੀਆਂ ਸੰਦਾ, ਇਉਂ ਗੁਜ਼ਰਾਨ ਕਰੇਂਦੀ।
ਜਿੱਥੇ ਸੁਣੇ ਕੋਈ ਚੰਗਾ ਮੰਦਾ ਧੂੰ ਨਾ ਧੁੱਖਣ ਦੇਂਦੀ।
ਬਲੀ ਬਹਾਦਰ ਆਤਣ ਸਾਰਾ, ਕਿਸੇ ਨਾ ਮੂਲ ਬਦੇਂਦੀ।
ਆਖ ਦਮੋਦਰ ਚੰਗੀ ਮੰਦੀ, ਧ੍ਰੀਹੀ ਹਾਰਿ ਪਏਂਦੀ। (61)

ਤਾਂ ਬੇੜੀ ਵੇਖ ਕੋਈ ਬਖਲਾਣਾ, ਕਿਸੇ ਮਰਖਾਈ ਚਾਈ।
ਪੇਟ ਪਜੂਤੀ ਸੂਲ ਕੁਕੇਂਦਾ ਨੂਰੇ ਖ਼ਾਨ ਸੁਣਾਈ।
ਸੁਣ ਖ਼ਾਨਾ ਕਿਤ ਨੂੰ ਸਿਰ ਬੱਧੀ, ਕਿਤ ਨੂੰ ਸਿਰੇ ਦਲਾਈ।
ਬੇੜੀ ਤੈਂਡੀ ਰੱਖੀ, ਸਿਆਲਾਂ ਹੁਕਮੀ ਪਿੱਛੇ ਪਾਈ। (62)

ਏਹ ਸੁਣ ਖ਼ਾਨ ਕਰੇਂਦਾ ਕਾਵੜ ਤਾਂ ਕੁੱਲ ਰਾਠ ਸਦਾਏ ।
ਬੇੜੀ ਬੰਨ ਸਿਆਲਾਂ ਰੱਖੀ, ਸੱਭੇ ਵੇਖ ਕੇ ਆਏ ।
ਚਾਹੋ ਮਰਣ-ਦਲਾਰੇ ਲੋਹਾ, ਪੀਵਹੁ ਰੱਤ ਤ੍ਰਿਹਾਏ ।
ਕਰਨ ਤਿਆਰੀ ਮਰਨ ਤਕਿਓਨੇ, ਲੱਗੇ ਕਰਨ ਸੰਬਾਹੇ । (63)

ਤਾਂ ਸੁਣ ਨੂਰੇ ਖ਼ਾਨ ਸਹੀ ਸਚ ਸਦ ਕਰ ਡੂਮ ਚਲਾਇਆ ।
ਤਾਂ ਕਾਵੜ ਕਰ ਖ਼ਤ ਲਿਖੇ ਤਦਾਹੀਂ, ਮੈਂ ਬੇੜਾ ਸੁਣ ਪਾਇਆ।
ਬੇੜੀ ਲੁੱਡਣ ਬੰਨ੍ਹ ਭੇਜ ਦੇਹੋ, ਚੋਰ ਅਸਾਡਾ ਆਇਆ ।
ਹਿੱਕੇ ਤਾਂ ਫ਼ਿਕਰ ਕਰੋ ਇਸ ਗਲ ਦਾ ਨਹੀਂ ਤਾਂ ਮੈਂ ਭੀ ਆਇਆ । (64)

ਆਇਆ ਡੂਮ ਝੰਗ ਸਿਆਲੀਂ, ਮਨ ਮੈਂ ਗੁੱਸਾ ਖਾਇਆ ।
ਅੱਗੇ ਖ਼ਾਨ ਸੱਥ ਵਿਚ ਬੈਠਾ ਕਰ ਕਲਿਆਣ ਸੁਣਾਇਆ ।
ਪੁੱਛੇ ਖ਼ਾਨ ਕਿੱਥੇ ਵੈਸੀ ਅੱਗੇ ? ਪਿੱਛੋਂ ਕਿੱਦੋਂ ਆਇਆ ।
ਮੂੰਹੋਂ ਨ ਬੋਲਿਆ ਮੂੰਹ ਡੁਮੇਟਾ, ਤਾਂ ਕੱਢ ਖ਼ਤ ਵਿਖਾਇਆ । (65)

ਤਾਂ ਪੜ੍ਹ ਚੂਚਕ ਰੋਸ ਬੁਲੇਂਦਾ ਜਾਂ ਉਸ ਈਂਵ ਸੁਣਾਇਆ ।
ਭੇੜਾਂ ਸਿੰਙ ਕਿਦੋਕੇ ਜੰਮੇ ? ਤੂੰ ਨੂਰੇ ਭੇਜ ਚਲਾਇਆ ।
ਮੂੰਹ ਮੂੰਹ ਛਿੱਤਰ ਖਾਕੇ ਕੰਮੀਂ, ਰੁਨਾਂ ਬਹੁੰ ਦੁਖ ਪਾਇਆ ।
ਆਖ ਦਮੋਦਰ ਉਹ ਡੁਮੇਟਾ ਮੂੰਹ ਚੂਚਕਾਣੇ ਆਇਆ । (66)

ਵੇਂਦਾ ਡੂਮ ਗਇਆ ਚੂਚਕ ਥੇ, ਖ਼ਾਨਾਂ ਨੱਪ ਬਹਾਇਆ ।
ਕਰ ਮੂੰਹ ਕਾਲਾ, ਪੌਂਦੇ ਛਿੱਤਰ, ਡੂਮਾਂ ਜੋਰ ਵਿਖਾਇਆ ।
ਵੇਖ ਜਣੇਂਦੀ ਨੂਰੇ ਸੰਦੀ, ਲੋਕਾਂ ਆਖ ਸੁਣਾਇਆ ।
ਆਖ ਦਮੋਦਰ ਡੂਮ ਸ਼ਰਮਿੰਦਾ ਤਾਂ ਮੂੰਹ ਉੱਧੇ ਆਇਆ । (67)

ਤੀਜੀ ਰਾਤ ਮੁੜ ਗਇਆ ਖ਼ਾਨ ਥੇ, ਗੋਇਨ ਜਿੰਦ ਭਰੇਂਦੀ ।
ਖ਼ਾਨਾਂ ਹਾਲ ਅਸਾਡਾ ਡਿਠੋ, ਨਾਹੀਂ ਜੋ ਸਿਰ ਮੈਂਡੇ ਥੀਂਦੀ ।
ਰੱਤ ਵਿਰੱਤੀ ਜੁੱਸਾ ਥੀਆ, ਕੰਮੀਂ ਤੁਸਾਡਾ ਥੀਂਦੀ ।
ਮੈਂ ਮਰੀਂਦਾ ਲੱਜ ਕਿ ਜਾਪੇ, ਪਰ ਅੰਮੜ ਪਈ ਮਰੀਂਦੀ । (68)

ਏ ਸੁਣ ਨੂਰਾ ਰੋਹ ਬੁਲੇਂਦਾ ਵੱਡੇ ਵੈਣ ਅਲਾਏ ।
ਕੁੱਲੇ, ਕਾਲੇ, ਨੁੱਕਰੇ, ਨੀਲੇ ਅਬਲਕ ਬਾਜ ਪੀੜਾਏ ।
ਕਰੋ ਤਿਆਰੀ ਨਾ ਬਹਿਣ ਤਰੱਬਲ ਅਪਣੇ ਲੋਕ ਬੁਲਾਏ ।
ਆਖ ਦਮੋਦਰ ਤ੍ਰੈ ਸੈ ਘੋੜਾ ਤੇ ਤਰੈ ਵੀਹਾਂ ਆਏ । (69)

ਐਲੀ ਐਲੀ ਕਰ ਵਡੇ ਗੁੱਸੇ, ਕੇਹੀ ਰਉਂਸੇ ਆਏ ।
ਜਿਉਂ ਕਰ ਖ਼ਾਨ ਚੜ੍ਹੇਂਦੇ ਬੇੜੀ, ਤਿਉਂ ਪੌਂਡਾ ਲਸ਼ਕਰ ਖਾਏ ।

ਭਿੜਨੇ ਉਤੇ ਚਾਉ ਕਟਕ ਨੂੰ, ਕੋ ਨਹੀਂ ਜੁ ਪਾਣੀ ਪਾਏ ।
ਆਖ ਦਮੋਦਰ ਕੋਹਾਂ ਛਿਆਂ ਤੇ ਪੀਵਣ ਰੱਤ ਤ੍ਰਿਹਾਏ । (70)

ਤਾਂ ਖਲੋਏ ਪਜਿੰਦ ਕਰੇਂਦੇ ਮਸਲਤ ਬੈਠ ਕਰੀਹਾਂ ।
ਰਾਹ ਛੋੜ ਕਰ ਪਕੜੋ ਬੇਲਾ, ਬੇੜੀ ਕਪ ਛਿਕੀਹਾਂ ।
ਲੁੱਡਣ ਬੰਨ੍ਹ ਚਲਾਹੋ ਮੁਸ਼ਕੀਂ, ਬਹੁਤੀ ਮਾਰ ਕਰੀਂਹਾ ।
ਆਖ ਦਮੋਦਰ ਜੇ ਮਿਲਨ ਅਸਾਨੂੰ ਤਾਂ ਲੋਹੇ ਹੱਥ ਪਈਹਾਂ । (71)

ਰਾਹ ਛੋੜ ਬੇਲੇ ਨੂੰ ਥੀਏਂ ਰਵਿਆਂ ਉਡੇ ਗਟਾਰੇ[7] ।
ਉੱਡੀ ਧੂੜ ਅਕਾਸੀਂ ਗਈਆਂ ਛਪੇ ਨਾ ਅੰਮਰ ਤਾਰੇ ।
ਵੱਜੀ ਧਰਤ ਤੇ ਜਿਮੀ ਬੁਲੇਂਦੀ ਝੱਲ ਨਾ ਸੰਘੇ ਭਾਰੇ ।
ਲੁੱਡਣ ਦੇਖ ਹੋਆ ਮੂੰਹ ਪੀਲਾ ਆਏ ਭੁੱਤੇ ਹਾਰੇ । (72)

ਘੱਤ ਕੰਨ ਉਂਗਲੀ ਲੁੱਡਣ ਕੂਕੇ, ਹਾਲੋਂ ਹਾਲ ਕਰੇਂਦਾ ।
ਹੀਰੇ ਵਖਤ ਆਇਓਈ ਓਹੋ, ਲੱਜਾ ਤੁਧ ਪਏਂਦਾ ।
ਤੇ ਮਿਲਿਆਨੀ ਜਿਨ੍ਹਾਂ ਘੜਾਯਾ, ਬੇੜਾ ਹੋਈ ਜੇਂਦਾ ।
ਕਹੇ ਦਮੋਦਰ ਹੀਰ ਸਿਆਲੀਂ ਲੁੱਡਣ ਈਂਵ ਕੂਕੇਂਦਾ । (73)

ਤਜ ਕਰ ਵਾੜੀ ਧਾੜ ਕਰ ਧਾਣੀ ਬੇਲੇ ਆਤਣ ਵੇਂਦਾ ।
ਉਠੀ ਧੂੜ ਅਕਾਸ਼ ਛਪਾਯਾ ਲੁੱਡਣ ਉਨ੍ਹਾਂ ਵਿਖੇਂਦਾ ।
'ਕਾਵਾਂ' ਭੁੱਤੇ ਹਾਰੇ ਆਏ ਲੱਜਾਂ ਤੁਸਾਂ ਪਏਂਦਾ ।
ਹੀਰੇ ਸਹੀ ਸਿਵਾਣ ਤਿਨ੍ਹਾਂ ਨੂੰ ਬੇੜਾ ਹੋਈ ਜੇਂਦਾ । (74)

### ਹੀਰ ਤੇ ਉਸ ਦੀਆਂ ਸਹੇਲੀਆਂ ਦੀ ਜੰਗ ਲਈ ਤਿਆਰੀ

ਤਾਂ ਹੁਣ ਹੀਰ ਤੇ ਨਾਲੇ ਕੁੜੀਆਂ ਘਰੋ ਘਰੀ ਸਭ ਧਾਈਆਂ ।
ਭੂਰੇ ਬੰਨ੍ਹ ਲਇਆਨੇ ਚੁੱਸੇ, ਚੰਗੀ ਘਿੰਨ ਸਰਵਾਹੀਆਂ ।
ਨਾਲੇ ਵਾਲੀਂ ਨੱਪ ਲਈਆਂ ਨੇ, ਅਬਦਾਲੀ ਭਿੜਨੇ ਤੇ ਸਧਰਾਈਆਂ ।
ਆਖ ਦਮੋਦਰ ਹਿਕਸੁ ਘੜੀ ਨੂੰ ਬੇੜੀ ਉਤੇ ਆਈਆਂ । (75)

ਤਾਂ ਲੁੱਡਣ ਬੋਲੇ 'ਸੁਣ ਹੀਰੇ ਕੁੜੀਏ ! ਖਬਰ ਕਰੋ ਪਿਉ ਤਾਈਂ ।
ਆਏ ਕਟਕ ਪਰਾਏ ਧੀਏ, ਇਨ੍ਹਾਂ ਝਲੇਸੇਂ ਨਾਹੀਂ ।
ਭਾਈ ਵੀਰ ਸਦਾ ਇਸ ਵੇਲੇ, ਮਤ ਬੇੜਾ ਲੈਣ, ਤਾਂ ਤਾਈਂ ।
ਹੀਰੇ ਫ਼ਿਕਰ ਇਜੇਹਾ ਕੀਚੇ ਮੈਂ ਘਰ ਵੇਂਦਾ ਆਹੀਂ । (76)

---

[7] ਡਾ. ਪ. ਸਿੰ., ਗੁਬਾਰੇ ।

ਜਾਹ ਦੂਰ ਅੱਖੀਂ ਦੇ ਅੱਗੋਂ; ਪਹਿਲਾਂ ਤ੍ਰਦ ਮਰੀਹਾਂ ।
ਭਿੜਨੇ ਉੱਤੇ ਚਾਉ ਅਸਾਂ ਨੂੰ, ਕਿਉਂ ਕਰ ਵੀਰ ਸਦੀਹਾਂ ।
ਵੇਖ ਤਮਾਸ਼ਾ ਭਿੜਨ ਅਸਾਡਾ, ਕੇਡੀ ਮਾਰ ਕਰੀਹਾਂ ।
ਆਖ ਦਮੋਦਰ ਵੱਟ ਕਛੋਟਾ ਅਗੋਂ ਹੋਇ ਝਲੀਹਾਂ । (77)

ਆਖੇ ਹੀਰ ਸੁਣੋ ਤੁਸੀਂ ਕੁੜੀਓ ! ਮਸਲਤ ਏਹੁ ਕਰੀਹੇ ।
ਆਏ ਪੁੱਤ੍ਰ ਪਰਾਏ ਸੰਬਲ, ਅਗੋਂ ਹੋਇ ਝਲੀਹੇ ।
ਆਵਣ ਘੋੜੇ ਤ੍ਰਟਨ ਵੱਲੀਂ, ਅੱਗੋਂ ਹੋਇ ਨਪੀਹੇ ।
ਲੁੱਡਣ ਦਾ ਮੂੰਹ ਸਾਵਾ ਪੀਲਾ, ਚਲੋ ਤਾਂ ਖ਼ੁਰੀ ਕਰੀਹੇ । (78)

## ਹੀਰ ਦੀ ਸੰਬਲਾਂ ਨਾਲ ਲੜਾਈ

ਆਇ ਖਲੋਤੀ ਹੀਰ ਫੌਜ ਘਿਨ, ਤਾਂ ਮੂੰਹ ਮੱਥਾ ਲਾਏ ।
ਇਦੋਂ ਉੱਦੋਂ ਕਟਕ ਇਕੱਠੇ, ਦੋਹਾਂ ਨਦਰੀ ਆਏ ।
ਵੇਖ ਹੈਰਾਨ ਖਲੋਤੇ ਸੰਬਲ, ਰਾਠ ਬਹਾਦਰ ਸਾਏ ।
ਕਹੇ ਦਮੋਦਰ ਹੀਰ ਸਿਆਲੀਂ, ਭਿੜਨੇ ਤੇ ਸਧਰਾਏ । (79)

ਨੂਰਾ ਨਾਉਂ ਜ਼ਾਤ ਦਾ ਸੰਬਲ,[8] ਘੋੜੀ ਗਰਮ ਕਰਾਏ ।
ਅੱਡੀ ਲਾਇ ਆਇਆ ਹੋਇ ਤ੍ਰਿੱਖਾ ਹੀਰੇ ਨਾਉਂ ਪੁਛਾਏ ।
ਧੂਹ ਮਿਆਨੋਂ ਕੱਢੀ, ਮਿਸਰੀ ਪੁੱਛੇ ਅਤੇ ਭਵਾਏ ।
ਕਿਹੜੀ ਹੀਰ ਤੁਸਾਡੇ ਵਿਚੋਂ, ਮੈਂ ਨਾਲ ਮੱਥਾ ਲਾਏ । (80)

ਤਾਂ ਕੁੱਦੀ ਵਿਚਹੁ ਹਰਣੀ ਵਾਂਗੂਣ, ਜਾਂ ਉਸ ਏਹ ਸੁਣਾਇਆ ।
ਵੇ ਤੂੰ ਅੰਨ੍ਹਾਂ ਕੈ ਕਪ ਕੱਢਿਆ, ਮੈਨੂੰ ਸੁਣ ਨਹੀਂ ਪਾਇਆ ।
ਮੈਂ ਹਾਂ ਹੀਰ, ਚੂਚਕ ਦੀ ਜਾਈ, ਆਓ ਝਲਸਾਂ ਆਇਆ ।
ਕਹੇ ਦਮੋਦਰ ਹੀਰ ਸਿਆਲੀ ਮੂੰਹ ਮੱਥਾ ਦੋਹਾਂ ਲਾਇਆ । (81)

ਤਾਂ ਧੂਹ ਮਿਆਨੇ ਮਿਸਰੀ ਕੱਢੀ ਸਿਰ ਹੀਰੇ ਦੇ ਲਾਈ ।
ਗਿਰੰਦੀ ਖਾਇ ਗਈ ਵੱਲ ਪਿਛੋਂ, ਓਹ ਤਾਂ ਸੱਟ ਬਚਾਈ ।
ਤਾਂ ਦੂਜੀ ਚੋਟ ਮਾਰੀ ਫਿਰ ਨੂਰੇ ਘੋੜੀ ਪਿੜਦੋਂ ਆਈ ।
ਭੱਜੀਂ ਨਾਹੀਂ ਅੱਗੋਂ ਜੱਟਾ, ਹੁਣ ਵਾਰੀ ਮੈਂਡੀ ਆਈ । (82)

ਹੀਰ ਧੂਹ ਕਰ ਮਾਰੀ ਮਿਸਰੀ, ਸਿਰ ਨੂਰੇ ਦੇ ਸੱਟੀ ।
ਆਈ ਰੰਜ ਨ ਗਈ ਘੁਸਾਵੀਂ, ਧਰਤੀ ਰੱਤ ਵਿਰੱਤੀ ।
ਅੱਧਾ ਧੜ ਹੰਨੇ ਵਿਚ ਫਾਥਾ, ਅੱਧਾ ਢੱਠਾ ਧਰਤੀ ।
ਆਖ ਦਮੋਦਰ ਕੀਕਣ ਦਿੱਸੇ, ਜਣ 'ਧੋਬੀ ਸੁੱਥਣ ਘੱਤੀ' । (83)

[8] ਗ. ਸਿ. ਬੇ. ਚਧੜ; ਡਾ. ਪ੍ਰ. ਸਿ., ਚਧੇੜਾ

ਤਾਂ ਮੈਂ ਭੱਜ ਅਗੇਰੇ ਹੋਈ ਕੇਹਾ ਕਹਿਰ ਕੀਤੋਈ ।
ਅੱਸਾਂ ਖਲਿਆਂ, ਮੰਦਾ ਕੀਤੋ, ਜੇਕਰ ਭੇੜ ਲਇਓਈ ।
ਵੇਖ ਤਮਾਸ਼ਾ ਭੱਛ ਅਸਾਨੂੰ, ਲੁਝ ਕਰੇ ਸਭ ਕੋਈ ।
ਐਬ ਤੇਰਾ ਜੇ ਹੋਰੇ ਹੋਵੇ ਸਭ ਆਤਣ ਰੰਡਾ ਹੋਈ । (84)

ਆਖੇ ਹੀਰ ਸੁਣ ਹੱਸੀ ਭੈਣੇ, ਏਹ ਗੱਲ ਬਣਦੀ ਨਾਹੀਂ ।
ਹੋਇ ਸਿਕਦਾਰ ਖਲੋਵੇ ਪਿੱਛੇ, ਲਾਨਤ ਹੈ ਤਿਸ ਤਾਈਂ ।
ਮਰਣਾ ਜੀਵਣ ਵੱਸ ਨ ਕਿਸੇ, ਹੋਸੀ ਰੱਬ ਰਜ਼ਾਈਂ ।
ਆਖ ਦਮੋਦਰ ਹੱਸੀ ਭੈਣੇ, ਮੈਥੋਂ ਮੰਦੀ ਨ ਕਾਈ । (85)

ਹੱਸੀ

ਤੇਥੋਂ ਮੰਦੀ ਨ ਕਾਈ ਭੈਣੇ ਤੂੰ ਅੱਖੀਂ ਵੇਖ ਤਮਾਸ਼ਾ ।
ਪੁੱਤ੍ਰਾਂ ਨਾਲ ਪਰਾਇਆਂ ਲੜਨਾ, ਮਤ ਕਰ ਜਾਣੇ ਹਾਸਾ ।
ਮਰਣ ਮਰੀਵਣ ਨਾਲ ਬੰਦੇ ਦੇ, ਜੀ ਦਾ ਕੀ ਭਰਵਾਸਾ ।
ਆਖ ਦਮੋਦਰ ਪੂਰੇ ਸੋਈ, ਜੇ ਲੜਦਿਆਂ ਮੁੜੇ ਨ ਪਾਸਾ । (86)

ਸ਼ਾਬਾਸ਼; ਹੱਸੀ ਤੇਰੇ ਤਾਈਂ ! ਮੁਖਨ ਏਹ ਭਲਾ ਕੀਤੋਈ ।
ਆਇਆ ਸੰਬਲ ਧਾਇਆ ਅਸਾਥੇ, ਸੱਈ ਵੇਲ ਦਿਤੋਈ ।
ਕੇਹੀ ਅਜ ਤੁਸੀਂ ਹੋਸੋ ਭੈਣੇ, ਪਹਿਲਾ ਭੇੜ ਪਇਓਈ ।
ਆਖ ਦਮੋਦਰ ਅਜੇਹੇ ਹੱਥ ਵਖਾਓ, ਜੋ ਸਿਫ਼ਤ ਕਰੇ ਸਭ ਕੋਈ । (87)

ਵੇਖ ਤਮਾਸ਼ਾ ਹੀਰ ਅਸਾਡਾ, ਭੇੜ ਅਸਾਨੂੰ ਆਇਆ ।
ਓਹ ਮਰਦ, ਮਹਿਰੀ ਜ਼ਾਤ ਅਸਾਡੀ, ਹੋਸੀ ਜੋ ਰੱਬ ਭਾਇਆ ।
ਕਰਕੇ ਹਾਠ ਖਲੋਹੋ ਭੈਣੇ ! ਜੇ ਤੁਸਾਂ ਲੋਹਾ ਚਾਇਆ ।
ਆਖ ਦਮੋਦਰ ਵੇਖੋ ਯਾਰੋ, ਕੁੜੀਆਂ ਜੰਗ ਮਚਾਇਆ । (88)

ਵੇਖ ਖਲੋਤੇ ਸਾਊ ਸੱਭੇ, ਇਹੁ ਲੜਨੇ ਨੂੰ ਸਧਰਾਈਆਂ ।
ਅੱਖੀਂ ਡਿੱਠਾ ਸਾਊਆਂ ਸਭਨਾ, ਕੋਈ ਕਦਮ ਅਗੇਰੇ ਆਈਆਂ ।
ਛਿੱਕ ਤਲਵਾਰੀਂ ਕੁੜੀਆਂ ਸਭੇ ਢਾਲੀ ਆਣ ਭਵਾਈਆਂ ।
ਆਖ ਦਮੋਦਰ ਵੇਖੋ ਦਿਲ ਕੁੜੀਆਂ ਦਾ, ਐਲੀ ਐਲੀ ਕਰ ਧਾਈਆਂ । (89)

ਰੱਖੇ ਹੱਥ ਕਮਾਣਾਂ ਉਤੇ, ਰਾਠਾਂ ਭਿੜਨਾ ਚਾਇਆ ।
ਨਾਉਂ ਤਾਜ਼ੀ ਘੜੀਆਂ ਮੁਲਤਾਨੇ, ਜਿਉਂ ਕਰਿ ਸਾਵਣ ਆਇਆ ।
ਉੱਡਣ ਤੁਰੇ ਭੰਬੀਰੀ ਵਾਙੂ, ਸਾਊਆਂ ਪਰ੍ਹਾ ਬਨਾਇਆ ।
ਆਖ ਦਮੋਦਰ ਭਿੜਨ ਸੂਰਮੇ ਲੋਹੇ ਨੂੰ ਹੱਥ ਪਾਇਆ । (90)

ਢਾਲੀਂ ਰੱਖ ਸਿਆਲੀਂ ਸਿਰ ਤੇ, ਸਿਰ ਤੇ, ਕੇਹੀ ਰਉਂਸੇ ਗਈਆਂ ।
ਵਾਂਗੂ ਕੂਹੀਂ[9] ਸੀਨੇ ਪਰਣੇ, ਐਲੀ ਐਲੀ ਕਰ ਪਈਆਂ ।
ਲੜਨੇ ਉਤੇ ਚਾਉ ਸਿਆਲੀਂ ਹੋਇ ਇਕੱਠੀਆਂ ਪਈਆਂ ।
ਆਖ ਦਮੋਦਰ ਮਰਣ ਅਹੂਲਿਆ ਹੋਇ ਜਮਾਤੀਂ ਸਹੀਆਂ । (91)

ਵਗੀਆਂ ਤੇਗਾਂ, ਇੱਦੋਂ ਉਦੋਂ, ਕੇਹੀ ਸਿਫ਼ਤ ਅਖਾਹੀਂ ।
ਲੱਥਾ ਝੜਨੇ ਜ਼ਿਮੀਂ ਉੱਤੇ, ਰੱਤ ਲਗੇ ਜੰਘੀਂ ਬਾਹੀਂ ।
ਜੋਗਣੀਆਂ ਰੱਤ ਪੀਵਨ ਆਈਆਂ, ਸੀਸ ਧੜਾਂ ਤੇ ਨਾਹੀਂ ।
ਆਖ ਦਮੋਦਰ ਲਾਲ ਜ਼ਿਮੀਂ ਸਭ, ਅਲਤਾ ਜਿਵੇਂ ਵਿਵਾਹੀ । (92)

ਅਜੇ ਇਦੋਂ ਉਦੋਂ ਚਾਉ ਭਿੜਨ ਦਾ, ਆਤਣ ਟਲਦਾ ਨਾਹੀਂ ।
ਜਿਉਂ ਕੋਈ ਸ਼ਰਬਤ ਪੀਵੇ ਘੋਲਕੇ, ਲੋਹਾ ਖਾਣ ਤਿਵਾਹੀਂ ।
ਮਾਰ ਮਾਰ ਕਰ ਬੋਲਣ ਸੂਰਮੇਂ, ਹੁੱਟੇ ਲੜਦੇ ਤਾਹੀਂ ।
ਆਖ ਦਮੋਦਰ ਹੀਰ ਸਿਆਲੀਂ, ਹੱਥੀਂ ਬਾਰਾਂ ਕੀਏ ਅਜਾਈਂ । (93)

ਕੁੜੀਆਂ ਅਠ ਅਜਾਈਂ ਹੋਈਆਂ, ਪਈਆਂ ਫੇਰ ਤਿਵਾਈਂ ।
ਅਜੇ ਲੜਨੇ ਉਤੇ ਚਾਉ ਅਸਾਡਾ, ਬਿਰਾਗ ਲੱਥੇ ਸੇ ਨਾਹੀਂ ।
ਐਲੀ ਐਲੀ ਕਰ ਲਸ਼ਕਰ ਵੜੀਆਂ, ਜਾਵਨ ਦੇਵਣ ਨਾਹੀਂ ।
ਆਖ ਦਮੋਦਰ ਹੁੱਟੇ ਸਾਉ ਕੁੜੀਆਂ ਹੁੱਟਣ ਨਾਹੀਂ । (94)

ਤਾਂ ਟਪ ਪਿਛੂਹਾਂ ਹੋਏ ਯਾਰੇ, ਘੋੜੇ ਵਾਗਾਂ ਚਾਈ ।
ਹੋ[10] ਤੀਰ ਵਾਹ-ਗਿਆ ਸਭ ਲਸ਼ਕਰ ਆਤਣ ਪਿਛੋਂ ਧਾਈ ।
ਹੀਰੇ ਹੋੜਾ ਪਾਇਆ ਹੁਕਮੀ ਅੱਗੇ ਵੰਞਹੁ ਨਾ ਕਾਈ ।
ਕਹੇ ਦਮੋਦਰ ਹੀਰ ਸਿਆਲੀ ਮੈਨੂੰ ਵੇਖੇ ਆਈ । (95)

ਨੂਰਾ ਆਖੇ ਸੁਣਹੁ ਭਿਰਾਹੋ ਏਹੁ ਨਾ ਕੰਮ ਕਰੀਹੇ ।
ਜੇ ਮਰਾਹਾਂ ਕੁੜੀਆਂ ਹੱਥੋਂ, ਸੰਭ ਨ ਇਹੋ ਪਈਹੇ ।
ਲੁੱਡਣ ਛੋੜ ਚਲੋ ਸਣ ਬੇੜੀ, ਹੁਣ ਲੜਨਾ ਭਲਾ ਸੁ ਨੀਹੇ ।
ਆਖ ਦਮੋਦਰ ਨੂਰਾ ਆਖੇ ਜੋ ਵਾਗਾਂ ਪਿਛਾਂ ਫਕੀਏ ।[11] (96)

ਹੀਰ, ਵੰਗਾਰ ਸੁਣਾਏ ਉੱਚਾ, ਆਖੇ ਨੂਰੇ ਤਾਈਂ ।
ਆਇਓ ਚੱਲ ਉਚੇਚਾ ਮੇਥੇ, ਹੁਣ ਫਿਰ ਵੈਦੇ ਨਾਹੀਂ ।

---

[9]ਗ. ਸਿ. ਬੇ ਤੇ ਡਾ. ਪ. ਸਿੰ., ਗੋਈਂ ।
[10]ਗ. ਸਿ. ਬੇ ਤੇ ਡਾ. ਪ. ਸਿੰ., ਦੋ ਤੀਰ ਵਾਹ ਗਿਆ ਸਭ ਲਸ਼ਕਰ ।
[11]ਗ. ਸਿੰ. ਬੇ., ਚਈਹੇ ।

ਭਿੜਨੇ ਉੱਤੇ ਚਾਉ ਅਸਾਡਾ, ਅਜੇ ਮੈਂ ਹੁਣ ਆਈ ।
ਆਖ ਦਮੋਦਰ ਸੁਣਿਆਂ ਹੂਰੇ, ਤਾਂ ਦਿਲ ਘੱਤੇ ਨਾਹੀਂ । (97)

ਅੰਬਰ ਪਾੜ ਨਿਕੱਥੀਆਂ ਹੂਰਾਂ, ਜਾਤ ਸਿਆਲੀਂ ਪਰੀਆਂ ।
ਮੈਦਾ ਖਾਇਨ ਤੇ ਪੱਟ ਹੰਢਾਇਨ, ਨੁਕਲ ਜਿਨ੍ਹਾਂ ਦੇ ਗਰੀਆਂ ।
ਵੇਖੋ ਹੀਆ ਸਹੀ ਸਿਆਲੀਂ, ਮਰਨੋਂ ਜ਼ਰਾ ਨ ਡਰੀਆਂ ।
ਹੁਕਮੀ ਤੀਰ ਚਲਾਇਨ ਅੱਖੀਂ, ਬਿਨਾ ਖੰਭਾਂ ਬਾਝੋਂ ਸਰੀਆਂ । (98)

ਆਖੇ ਰਾਠ ਸੌਣੋਂ ਭਿਰਾਹੋ, ਆਖ ਸੁਣਾਈਂ ਭਾਈਆਂ ।
ਨਹੀਂ ਮੁਨਾਸਬ ਲੜਨ ਅਸਾਡਾ, ਏਹ ਲੜਨੇ ਤੇ ਸਧਰਾਈਆਂ ।
ਵਡੇ ਬਹਾਦਰ ਸਹੀ ਸਿਆਲੀਂ, ਭਿੜਨੇ ਉਤੇ ਆਈਆਂ ।
ਆਖ ਦਮੋਦਰ ਸੋ ਕੇ ਜਾਪਨ, ਜੈਂ ਇਹੁ ਪੇਟੋਂ ਜਾਈਆਂ । (99)

ਅੱਡੀਆਂ ਮਾਰ ਚਲਾਇਓ ਲਸ਼ਕਰ, ਹੀਰ ਪਿਛ੍ਹਾਂ ਆਈ ।
ਮੋਹੀਂ ਕਰਿਹੋ ਕੱਪੜੇ ਲੱਤੇ, ਸੱਟ ਨ ਕਰਿਹੋ ਕਾਈ ।
ਦਾੜ੍ਹੀ ਵਾਲਾ ਮੁੜ ਖਲੋਤਾ, ਮੂੰਹ ਤੋਂ ਲੱਜ ਵੰਞਾਈ ।
ਆਖ ਦਮੋਦਰ ਏਹੁ ਸੁਖਨ ਕਰ ਫਿਰੀ ਚੂਚਕ ਦੀ ਜਾਈ । (100)

ਮੁੜ ਧਰਾਏ ਸੁਟੇ ਵਿਚ ਨੈਂ ਦੇ, ਕੁੜੀਆਂ ਆਣ ਦਬਾਈਆਂ ।
ਰੰਨੀ ਪਹਿਰ ਹਿਕ ਸਲੇਟੀ, ਕਰ ਵੈਰਾਗ ਗਲ ਲਾਈਆਂ ।
ਖਾਇ ਭੇੜ ਆਈਆਂ ਫਿਰ ਪੱਤਣ ਜਿਥੇ ਵੱਲੀਂ ਲਾਦੀਆਂ ।
ਆਖ ਦਮੋਦਰ ਕਹੀਂ ਸੁ ਖਬਰੀ, ਚੂਚਕ ਰੰਗ ਸੁਣਾਈਆਂ । (101)

ਜਿਉਂ ਜਿਉਂ ਸੁਣਦੇ ਤਿਉਂ ਤਿਉਂ ਜੁਲਦੇ, ਕੋ ਕੋ ਆਖ ਵਿਚਾਰੇ ।
ਜਿਉਂ ਘਟ ਸਾਵਣ ਬੂੰਦ ਸਹਾਰਾਂ, ਤਿਉਂ ਆਏ ਲਸ਼ਕਰ ਭਾਰੇ ।
ਬੇਲੇ ਵਿਚ ਮਾਵਣ ਨਾਹੀਂ, ਵੱਡੇ ਬਹਾਦਰ ਸਾਰੇ ।
ਲੜਦੇ ਵੀਰ ਹੀਰ ਦੇ ਤਾਈਂ ਜੇਤੀ ਅੰਬਰ ਤਾਰੇ । (102)

ਭਈਏ ਮੁਈਏ । ਕ੍ਰਿਆ ਕੀਤੋਂ ਅਸਾਂ ਖਬਰ ਨਾ ਕਾਈ ।
ਅੱਸਾਂ ਸੁਣਿਆਂ, ਸੰਬਲ ਆਏ, ਖਬਰ ਨਾ ਅੱਜਾਂ ਰਾਈ ।
ਫਾਏ ਕਿਦੂਰ ਤੂੰ ਦੱਸ ਅਸਾਂ ਨੂੰ, ਵੀਰਾਂ ਗੱਲ ਚਲਾਈ ।
ਦਸ ਸਹੀ ਸਚ, ਆਖ ਸਵੰਲੇ, ਚਲੀਏ ਕੇਹੜੀ ਜਾਈ । (103)

ਸੁਣ ਵੀਰਾ ਖਾਣਾ ਸੁਲਤਾਨਾ ! ਕਿਸੇ ਤੁਸਾਂ ਨੂੰ ਕੂੜ ਸੁਣਾਇਆ ।
ਭੁਖੇ ਚਾਕ ਕਿਦਾਊਂ ਆਏ, ਉਨ੍ਹਾਂ ਵੱਲੀਂ ਨੂੰ ਹੱਥ ਪਾਇਆ ।
ਕੁੜੀਆਂ ਕਢੇ ਚਿਕ ਕਿਵੇਂ ਹੀ ਕੋਈ ਨਦਰ ਨ ਮੈਨੂੰ ਆਇਆ ।
ਕਿਤ ਨੂੰ ਆਖਾਂ ਤੁਸਾਂ ਸੁਣਾਈਂ, ਕਿਛ ਅਕਬਰ ਸੇਥੇ ਧਾਇਆ । (104)

ਹੱਥੇ ਪੁੱਛ ਸਿਆਲੀਂ ਆਏ, ਹੀਰ ਇਕੱਲੀ ਹੋਈ ।
ਲੁੱਡਣ ਦੇ ਮੂੰਹ ਲਾਲੀ ਆਈ, ਆਇ ਸਲਾਮ ਕੀਤੋਈ ।
ਭਲਾ ਥੀਆ ਜੋ ਕਟਕ ਚਲਾਇਆ, ਤਾਂ ਦਿਲ ਤਾਜ਼ੀ ਹੋਈ ।
ਸੁਤਕਲਾਹ ਲੁਡਣ ਚੜ੍ਹ ਬੈਠਾ ਦਿਲ ਤੋਂ ਦਗਾ ਗਇਓਈ । (105)

ਇਤ ਭਤ ਜੰਮੀ, ਇਤ ਭਤ ਮੰਗੀ, ਇਤ ਭਤ ਖੇਡ-ਖਡਾਈ ।[15]
ਇਤ ਭਤ ਬੇੜੀ ਇਤ ਭਤ ਬੇਲਾ, ਜੰਮੀ ਪਲੀ ਇਥਾਈਂ ।
ਇਸੇ ਰਉਸੇ ਹੱਭ ਹਕੀਕਤ, ਦਮੋਦਰ ਆਖ ਸੁਣਾਈ ।
ਕਿੱਸਾ ਏਹ ਸੰਪੂਰਣ ਹੋਯਾ ਹੁਣ ਰਾਂਝੇ ਤਈਂ ਜਮਾਈ । (106)

**ਰਾਂਝੇ ਦਾ ਜਨਮ**

ਵੱਡੇ ਰਾਠ ਜ਼ਿਮੀਂ ਦੇ ਉੱਤੇ, ਭੂਈਂ ਨਈਂ ਦੇ ਸਾਈਂ ।
ਮੌਜਮ ਨਾਮ, ਜ਼ਾਤ ਦਾ ਰਾਂਝਾ, ਢੁੱਕਣ ਸੱਤੇ ਪਾਹੀਂ ।
ਤਿਸਦੇ ਘਰ ਵਿਚ 'ਧੀਦੋ' ਜੰਮਿਆਂ ਰੋਸ਼ਨ ਰੂਪ ਤਦਾਹੀਂ ।
ਵਾਹੁ ਜਣੇਂਦੀ ਧੀਦੋ ਰਾਂਝਾ, ਸ ਮਾਵਾਂ ਜਗ ਵਿਚ ਨਾਹੀਂ । (107)

ਘਰ ਮੌਜਮ ਦੇ ਧੀਦੋ ਜੰਮਿਆ, ਹੋਈ ਜੱਗ ਵਧਾਈ ।
ਘਰ ਸ਼ਦਿਆਨੇ ਮੌਜਮ ਰਖੇ, ਅਜ਼ਮਤ ਕੀ ਰੁਸ਼ਨਾਈ ।
ਦੋ ਵਰ੍ਹਿਆਂ ਦਾ ਧੀਦੋ ਹੋਇਆ, ਢੁੱਕ ਰਹੀ ਕੁੜਮਾਈ ।
ਚਹੁੰ ਵਰ੍ਹਿਆਂ ਦਾ ਧੀਦੋ ਹੋਇਆ, ਤਾਂ ਸੂਰਜ ਝਾਤ ਦਿਖਾਈ । (108)

ਜੋ ਛੇਆਂ ਵਰ੍ਹਿਆਂ ਦਾ ਧੀਦੋ ਹੋਆ, ਤਾਂ ਸਭ ਕੋ ਵੇਖਣ ਆਵੇ ।
ਸੂਰਤ, ਸ਼ਕਲ ਵਾਹੁ ਤੁਸਾਡੀ, ਤੇਰਿਆਂ ਬਖਤਾਂ ਨਾਲ ਨ ਦਾਵੇ ।
ਜੋ ਵੇਖੇ ਵੱਸ ਥੀਵੇ ਸੋਈ, ਫਾਥਾ ਟੁਰਨ ਨ ਪਾਵੇ ।
ਆਖ ਦਮੋਦਰ ਤੇਜ ਰਾਂਝੇ ਦਾ ਭਿਰਾਵਾਂ ਮੂਲ ਨ ਭਾਵੇ । (109)

ਜੇ ਛੇਆਂ ਵਰ੍ਹਿਆਂ ਦਾ ਪੂਰਾ ਹੋਇਆ, ਤਾਂ ਮੁਈ ਰਾਂਝੇ ਦੀ ਅੰਮਾਂ ।
ਵੀਰ ਖ਼ੁਸ਼ੀ ਹੋਏ ਸਿਰ ਤਾਈਂ, ਖ਼ਾਤਰ ਜ਼ਰਾ ਨ ਜੰਮਾਂ ।
ਮਤਾ ਕਰਨ ਭਿਰਾਉ ਰਾਂਝੇ ਦੇ, ਇਸ ਮਾਰ ਲੁਡਾਈਏ ਲੰਮਾਂ ।
ਆਖ ਦਮੋਦਰ ਮਰੇ ਤਾਂ ਚੰਗਾ, ਤਾਂ ਖਾਤਰ ਹੋਵੇ ਜੰਮਾਂ । (110)

ਜਾ ਮੌਜਮ ਨਜਰ ਭਲੇਰੀ ਡਿੱਠੀ, ਮੂਲ ਹੀ ਵਿਸੈ ਨਾਹੀਂ ।
ਅੱਠੇ ਪਹਿਰ ਛਾਤੀ ਦੇ ਅਗੇ, ਮੂਲ ਨ ਵਿਸੈ ਕਦਾਹੀਂ ।
ਰਾਤ ਦਿਹਾਂ ਧੀਦੋ ਨੂੰ ਵੇਖੇ, ਜਿਉਂ ਗੁਲ ਸੇਝ ਸਬਾਹੀਂ ।
ਗ਼ਾਲਬ ਸਹੀ ਸ਼ਰੀਕ ਰਾਂਝੇ ਦੇ ਲੋਚਨ ਮਾਰਨ ਤਾਈਂ । (111)

---

[15] ਗ. ਕਿ. ਥੇ ਤ. ਡਾ. ਪ. ਸਿ., ਖੇਡੀ ਭਾਈਂ ।

ਤਾਹਿਰ, ਜ਼ਾਹਿਰ, ਜ਼ੀਵਣ, ਮਤਾ ਕੀਤਾ, ਛੋਹਰ ਅਸੀਂ ਮਰੀਹਾਂ ।
ਕੁੱਲ ਆਲਮ ਵੇਖਣ ਆਵੈ ਇਸ ਨੂੰ, ਅਸੀਂ ਕੈ ਨੂੰ ਮਨ੍ਹਾ ਕਰੀਹਾਂ ।
ਮੁਸ਼ਕਲ ਸਿਕਦਾਰੀ ਅਸਾਂ ਤਾਈਂ, ਜੇ ਇਸ ਜ਼ੀਵਣ ਦੀਹਾਂ ।
ਆਖੇ ਭਾਈ ਈਵੇਂ ਬਣਦੀ, ਏ ਛੋਹਰ ਅਸੀਂ ਮਰੀਹਾਂ । (112)

ਮਾਰਨ ਮਤਾ ਪਕਾਯਾ ਤ੍ਰੈਹਾਂ, ਮੂਲ ਨ ਢਿੱਲ ਕਰੀਹਾਂ ।
ਇਹ ਮੋਜਮ ਸੁਣ ਪਾਈ ਯਾਰੋ, ਚੌਕੀ ਇਸਦੀ ਦੀਹਾਂ ।
ਲਾਲ ਵਿਗਾੜ ਲਏ ਮਤ ਕੋਈ, ਰੋ ਰੋ ਹਥ ਫਟੀਹਾਂ ।
ਤਜਿਆ ਖਾਣਾਂ ਸੌਣਾਂ ਮੌਜਮ, ਵਿਸਹ ਨ ਜ਼ਰਾ ਕਰੀਹਾਂ । (113)

## ਧੀਦੋ ਦਾ ਮੰਗੇਵਾ

ਤਾਂ ਮਨ ਮੋਜਮ ਏਹਾ ਕੀਤੀ, ਜੋ ਧੀਦੋ ਜੋਗ ਮੰਗਾਈ ।
ਮੁਈਓਸ ਮਾਊਂ, ਮਤ ਮੈਂ ਮਰ ਵੰਞਾਂ, ਕੈਂਦੀ ਝੋਲੀ ਪਾਈ ।
ਵੀਰਾਂ ਮੰਦੀ ਨੀਯਤ ਕੀਤੀ, ਇਸੇ ਵਿਗਾੜਨ ਤਾਈਂ ।
ਅੱਠੇ ਪਹਿਰ ਮੌਜਮ ਧੂੰਏਂ ਵਾਂਗੂ, ਧੁੱਖੇ, ਸੰਝ ਸਬਾਹੀ । (114)

ਤਾਂ ਖ਼ਾਨ ਯਾਕੂਬ ਵੜਾਇਚ ਵੱਡਾ ਆਹਾ ਰੋਹ ਜਣਾਇਆ ।
ਕਰ ਕਰ ਮੌਜਮ ਫਿਕਰ ਜੁ ਕੀਤਾ, ਬਾਮਣ ਡੂਮ ਚਲਾਇਆ ।
ਨਿਵ ਨਿਵ ਨੀਵਾਂ ਹੋਵੇ ਮੋਜਮ, ਗਲ ਵਿਚ ਪੱਲਾ ਪਾਇਆ ।
ਚੋਰੀ ਲੋਕਾਂ ਕੋਲੋਂ ਮੌਜਮ, ਬਹਿਕਰ ਖਤ ਲਿਖਵਾਇਆ । (115)

ਤਾਂ ਕੰਮੀ ਉੱਠ ਚਲੇ ਭਾਈ, ਗਏ ਤੀਜੇ ਦਿਨ ਤਾਈਂ ।
ਜਾਇ ਮਿਲੇ ਯਾਕੂਬ ਖ਼ਾਨ ਨੂੰ ਰਰੀ ਅਸੀਸ ਉਨ੍ਹਾਹੀਂ ।
ਲਿਖਿਆ ਖ਼ਤ ਜੋ ਮੌਜਮ ਸੰਦਾ, ਡੂਮੇਟੇ ਦਿੱਤਾ ਤਾਹੀਂ ।
ਆਖ ਦਮੋਦਰ ਮੂਹੋਂ ਨ ਬੋਲੇ, ਚਿੱਠੀ ਕੱਢ ਪੜ੍ਹਾਈ । (116)

ਪੜ੍ਹ ਕਰ ਖ਼ਾਨ ਫ਼ਿਕਰ ਦਿਲ ਅੰਦਰ, ਮੂੰਹੋਂ ਨ ਮੂਲ ਅਲਾਇਆ ।
ਕੁੱਲ ਹਕੀਕਤ ਕਾਗਜ਼ ਸੰਦੀ, ਤਾਂ ਪੜ੍ਹ ਬੋਝੇ ਪਾਇਆ ।
ਬਾਹਰ ਛੋਡ ਫਿਕਰ ਕਰ ਦਿਲ ਨੂੰ ਤਾਂ ਚਲ ਅੰਦਰ ਆਇਆ ।
ਆਖ ਦਮੋਦਰ ਸੱਦ ਕਬੀਲਾ ਤਾਂ ਬਹਿ ਖਤ ਵਚਾਯਾ । (117)

ਸੁਣਿਹੋ ਸਭ ਕਬੀਲਾ ਮੈਂਡਾ, ਪੜ੍ਹ ਕਰ ਖ਼ਤ ਸੁਣਾਏ ।
ਕਰੋ ਪਸੰਦ ਬੈਠ ਕਰ ਸੱਭੇ, ਏਹ ਕੰਮੀਂ ਹਜ਼ਾਰਿਓਂ ਆਏ ।
ਕਰਨਾ ਹੋਵੇ ਸਾਕ ਮੌਜਮ ਦੇ ਤਾਂ ਕੰਮੀ ਆਦਰ ਨਾਲ ਬਹਾਏ ।
ਕਹੋ ਭਾਈ ਜੋ ਜੀ ਤੁਸਾਡੇ, ਦਿਲ ਦੀ ਗੱਲ ਦਸਿਆਹੇ । (118)

ਤਾਂ ਕੁੱਲ ਕਬੀਲਾ ਸਭ ਮਿਲਾਇਆ, ਖ਼ਾਨਾਂ ਨੂੰ ਸਿਰ ਸਾਈਂ ।
ਜੇਕਰ ਤੂੰ ਨਾ ਜਾਣੇਂ ਖ਼ਾਨਾ ! ਤਾਂ ਕੁਝ ਅਸੀਂ ਅਖਾਹੀਂ ।
ਜਾਂ ਧੀਦੋ ਕਾਰਣ ਪਚਾਰੂ ਆਏ ਤਾਂ ਹੋਆ ਛਖਤ ਅਸਾਹੀਂ ।
ਇਹ ਹਿਕ ਛੋਹਿਰ ਮੰਗੇ ਮੌਜਮ, ਆਖੇ ਤਾਂ ਸਭ ਦਿਵਾਹੀਂ । (119)

ਦੇ ਆਦਰ ਘਰ ਰੱਖੇ ਕੰਮੀਂ ਰੱਤੇ ਪਲੰਘ ਬਹਾਏ ।
ਅਠੋਹਾਰੀ ਰੱਖ ਕਰੀਹੇ, ਤੁਰਗ ਯਕੂਬ ਘੜਾਏ ।
ਪੁਛ ਭਿਰਾਵਾਂ ਤਾਈਂ ਖ਼ਾਨਾਂ, ਲੈ ਸੋਨਾ ਤੁਰਗ ਬਣਾਏ ।
ਆਖ ਦਮੋਦਰ ਪਹਿਰਾਏ ਕੰਮੀ ਰਾਜ਼ੀ ਹੋਇ ਚਲਾਏ । (120)

ਕੰਮੀਆਂ ਨੂੰ ਜੋ ਵਿਦਿਆ ਕੀਤਾ, ਓਥਹੁ ਟੁਰੇ ਸਿਧਾਏ ।
ਆਇ ਹਜ਼ਾਰੇ ਦਾਖ਼ਿਲ ਹੋਏ, ਤਾਂ ਮੌਜਮ ਨਦਰੀ ਆਏ ।
ਬਹੁਤ ਰਾਜ਼ੀ ਸੁਣ ਹੋਇਆ ਮੌਜਮ, ਟੰਮਕ ਢੋਲ ਧਰਾਏ ।
ਬਹੁਤ ਜਮੀਅਤ ਲਸ਼ਕਰ ਸੇਤੀ, ਕੋਠੇ ਸਹਿਜ ਲੁਟਾਏ । (121)

ਤਾਂ ਮੰਦਾ ਲੱਗਾ ਤਾਹਰ ਜ਼ਾਹਰ, ਧੀਦੋ ਕਿਵੇਂ ਮਰੀਹਾਂ ।
ਮੌਜਮ ਮੂਆ ਗਈ ਸਿਕਦਾਰੀ, ਜੇ ਇਸ ਜੀਵਣ ਦੀਹਾਂ ।
ਜਿਉਂ ਜਾਨੇ ਤਿਉਂ ਰਾਤੀਂ ਦੇਹਾਂ ਇਸ ਨੂੰ ਸੱਟ ਕਰੀਹਾਂ ।
ਮਾਰੇ ਬਿਨਾ ਗਈ ਸਿਕਦਾਰੀ, ਜੇ ਇਸ ਜੀਵਣ ਦੀਹਾਂ । (122)

**ਧੀਦੋ ਦੀ ਖ਼ੂਬਸੂਰਤੀ**

ਜੇ ਚੜ੍ਹੇ ਧੀਦੋ ਘੋੜੇ ਉਤੇ ਬਾਹਰ ਪੰਘੀ ਨਾ ਠਹਿਰਾਇਨ ।
ਮਿਹਰ, ਪਰਿੰਦੇ, ਮੋਨੀ ਸੇਹੀਅੜ, ਪੈਰ ਨ ਮੂਲੇ ਚਾਇਨ ।
ਨਰ ਨਾਰੀ ਜੇ ਕੋਈ ਵੇਖੇ, ਪਲ ਨਾ ਪਲਕਾਂ ਲਾਇਨ ।
ਆਖ ਦਮੋਦਰ ਰਾਹ ਜ਼ਿਮੀ ਦੇ ਧੀਦੋ ਨੂੰ ਵਖਣ ਆਇਨ । (123)

ਮੌਜਮ ਮਨ ਵਿਚ ਮਸਲਤ ਕੀਤੀ, ਧੀਦੋ ਜੋਗ ਵਿਵਾਹੀਂ ।
ਵੱਡਾ ਰਾਠ ਕੀਤੋਸੁ ਸੱਕਾ, ਉਸਦੀ ਭੇਲੀ ਪਾਈਂ ।
ਮੈਂ ਜ਼ਹੀਫ਼ ਹਾਂ । ਕਬਰ ਕਿਨਾਰੇ, ਇਸ ਨੂੰ ਬਹੁਤ ਬਲਾਈਂ ।
ਘਰ ਵਿਚ ਵੈਰ, ਚਿਣਗ ਹੈ ਚੋਲੇ, ਏ ਢਿੱਲ ਬਣਦੀ ਨਾਹੀਂ । (124)

ਕੀਆ ਤਰੱਦਦ ਮੌਜਮ ਯਾਰੋ ਏਹੋ ਉੱਦਮ ਕੀਤਾ ।
ਇਸੇ ਵਿਵਾਹ ਦੇ ਕਾਰਨ ਮੌਜਮ ਚਾਇ ਭਲੇਰੀਆਂ ਰੀਤਾਂ ।
ਇਹ ਸਬੱਬ ਬਣੇ ਜੇ ਕੋਈ, ਪਿੱਛੋਂ ਕਥੀਂ ਕੇ ਕੀਤਾ ।
ਆਖ ਦਮੋਦਰ ਫ਼ਿਕਰ ਕਾਜ ਦੇ, ਖ਼ਾਨ ਫਿਰੇ ਚੁੱਪ ਕੀਤਾ । (125)

---

[13] ਗ. ਸਿੰ. ਬੇ. ਤੇ ਡਾ. ਪ. ਸਿੰ., ਮੈਂ ਹਾਂ ਜ਼ਹੀਫ਼. ।

ਮੱਤਾ ਡੂਮ ਮੌਜਮ, ਸਦ ਭਾਈ, ਲਿਖ ਵੜਾਇਚਾਂ ਤਾਈਂ ।
ਗੰਢੀਂ ਪਾਇ ਭੇਜ ਤੂੰ ਪਹਿਲਾਂ ਇਹ ਢਿੱਲ ਬਣਦੀ ਨਾਹੀਂ ।
ਜੀਵੰਦਿਆਂ ਸੁਖ ਵੇਖਾਂ ਅੱਖੀਂ, ਧੀਦੋ ਨੂੰ ਪਰਨਾਈਂ ।
ਜੁਲਿਆ ਬਾਮ੍ਹਣ ਨਾਲ ਡੂਮੇਟਾ, ਆਖ ਦਮੋਦਰ ਤਾਈਂ । (126)

ਪੜ੍ਹ ਕਰ ਖਤ ਦਿਲਾਸਾ ਕੀਤਾ ਸਭ ਸਾਮਾਨ[14] ਕਰੇਂਦਾ ।
ਕਰੇ ਤਹੰਬਲ ਰਾਤ ਰਹੇ ਤ੍ਰੈ, ਗੰਢੀ ਪਾਇ ਚਲੇਂਦਾ ।
ਗੰਢੀਂ ਦੇਕਰ[15] ਅਪਣੇ ਕੰਮੀ ਨਾਲ ਉਨ੍ਹਾਂ ਦੇ ਦੇਂਦਾ ।
ਆਖ ਦਮੋਦਰ ਸਭ ਸਮਾਨ ਕਰ, ਟੰਮਕ ਢੋਲ ਧਰੇਂਦਾ । (127)

ਤਾਂ ਸੁਣ ਸਭਨਾਂ ਲੋਕਾਂ ਏਹੋ ਮੌਜਮ ਕਾਜ ਰਚਾਇਆ ।
ਧੀਦੋ ਦੇ ਪਰਨਾਵਣ ਵ੍ਹਾਤੇ[16] ਵੱਡਾ ਵਿਸਤਾਰ ਕਰਾਇਆ ।
ਬਹੁਤ ਖੁਸ਼ ਸੁਣ ਕਰ ਸਭ ਹੋਏ ਸਭਸੇ ਦੇ ਮਨ ਭਾਇਆ ।
ਆਖ ਦਮੋਦਰ ਮੌਜਮ ਤੱਕੋ, ਵੱਡਾ ਵੀਆਹੁ ਰਚਾਇਆ । (128)

ਤਾਂ ਕਰਨ ਪਸੰਦ ਬੈਠ ਸਭ ਸਾਊ, ਕੀਕਣ ਕੀਚੈ ਭਾਈ ।
ਦੇਵੇ ਕਾਜ ਨਾ ਕਰੇ ਤਹੰਬਲ, ਢਿੱਲ ਨ ਬਣਦੀ ਕਾਈ ।
ਕਰੇ ਸਮਾਨ ਵੜਾਇਚ ਜੁਆਨੇਂ, ਵੱਡੀ ਬਾਜੀ ਪਾਈ ।
ਆਖ ਦਮੋਦਰ ਕਾਜ ਗਿਣਾਇਆ ਆਈ ਸਭ ਲੁਕਾਈ । (129)

ਗੰਢੀਂ ਭੇਜ ਕਰੇਂਦਾ ਸ਼ਾਦੀ, ਦੱਸੇ ਸਕਿਆਂ ਭਾਈਂ ।
ਘਿਉ ਗੁੜ, ਖੰਡ ਮੈਦੇ ਤੇ ਦਾਣੇ ਕਿਛੁ ਸੁਧ ਪੈਂਦੀ ਨਾਹੀਂ ।
ਜੇਡਾ ਸਿਰ ਤੇਡੀ ਸਿਰ ਪੀੜਾ, ਤੇਹਾ ਸਮਾਨ ਉਨਾਂਹੀਂ ।
ਆਖ ਦਮੋਦਰ ਸੋਲਾਂ ਗੰਢੀਂ, ਗਈਆਂ ਰਾਂਝਿਆਂ ਤਾਈਂ । (130)

ਤਾਂ ਮੌਜਮ ਮਨ ਮਿੱਠਾ ਲੱਗਾ, ਸਭ ਸਾਮਾਨ ਕਰੇਂਦਾ ।
ਭੇਜੇ ਕੰਮੀ ਸਭਨੀ ਸੱਕੀਂ, ਸਾਰ ਤਿਨ੍ਹਾਂ ਨੂੰ ਦੇਂਦਾ ।
ਘੁਰਨ, ਨਫੀਰਾਂ ਤੇ ਸਰਨਾਈਂ, ਟੰਮਕ ਢੋਲ ਧਰੇਂਦਾ ।
ਆਖ ਦਮੋਦਰ ਮੌਜਮ ਆਖੇ, ਕਦੋਂ ਏਸ ਪਰਨੈਂਦਾ (131)

ਤਾਂ ਇਦੋਂ ਉਦੋਂ ਕਰੀ ਤਿਆਰੀ, ਧੀਦੋ ਮਾਈਏਂ ਪਾਇਆ ।
ਚੀਕੂ ਵਟਣਾ ਮਹਿੰਦੀ ਲੈ ਕਰ, ਧੀਦੋ ਨੂੰ ਘਿਉ ਲਾਵਣ ਆਇਆ ।
ਆਪੇ ਬਾਪ ਤੇ ਆਪੇ ਅੰਮਾਂ, ਭੀ ਵੀਰਾਂ ਮੰਦਾ ਭਾਇਆ ।
ਆਖ ਦਮੋਦਰ ਨੀਯਤ ਭੈੜੀ, ਮਾਰਨ ਮਤਾ ਪਕਾਇਆ । (132)

---

[14]ਗ. ਸਿੰ. ਬੇ ਤੇ ਡਾ. ਪ. ਸਿੰ., ਸਮਾਨ ।
[15]ਗ. ਸਿੰ. ਬੇ. ਤੇ ਡਾ. ਪ ਸਿੰ., ਗੰਢੀਂ ਦੇ ਕਰ ਆਪਣੇ ਕੰਮੀਂ ।
[16]ਗ. ਸਿੰ. ਬੇ ਤੇ ਡਾ. ਪ. ਸਿੰ., ਵਾਸਤੇ ।

ਦਾਸਾਂ ਵਰ੍ਹਿਆਂ ਦਾ ਧੀਦੋ ਰਾਂਝਾ ਕੇਹੀ ਸਿਫਤ ਅਖਾਈਂ ।
ਨੱਕ ਬੁਲਾਕ ਤੇ ਕੰਨੀ ਲੁੜਕੇ, ਸੋਨੇ ਕੜੇ ਹਥਾਈਂ ।
ਕੰਨੇ ਚੁਣੇ ਥੱਚੇ ਨਾਗਾਂ, ਜ਼ੁਲਫ ਕੁੰਡਲ ਵਲ ਤਾਈਂ ।
ਆਖ ਦਮੋਦਰ ਜੇਕੋ ਵੇਖੇ ਤਾਂ ਫਿਰ ਉਠੇ ਨਾਹੀਂ । (133)

ਸਭ ਭਰਜਾਈਆਂ ਆਸ਼ਕ ਤਿਸ ਤੇ, ਬਿਨ ਦੇਖੇ ਖਾਵਣ ਨਾਹੀਂ ।
ਜਿਉਂ ਜਿਉਂ ਚੀਕੂ ਮਲਣ ਰੰਫੇਟ, ਤਿਉਂ ਤਿਉਂ ਕੱਢਣ ਆਹੀਂ ।
ਮੂੰਹ ਮਹਿਤਾਬ ਅੱਖੀਂ ਬਲਨ ਮਸਾਲਾਂ, ਕੇਹੜੀ ਸਿਫਤ ਅਖਾਹੀ ।
ਆਖ ਦਮੋਦਰ ਕਿਸ ਸਲਾਹੀਂ, ਪੂਤ੍ਰ ਜਣੇਂਦਹਿ ਮਾਈ । (134)

## ਮੌਜਮ ਦੀ ਮੌਤ ਹੋ ਜਾਣੀ

ਜਾਂ ਬਾਕੀ ਸਤ ਰੰਡੀਂ ਰਹੀਆ ਤਾਂ ਦਿਹੁੰ ਫਿਰਦਾ ਨਾਹੀਂ ।
ਵਿਚ ਇਰਾਦੇ ਈਵੇਂ ਬਣਦੀ, ਟਾਲੀ ਟਲਦੀ ਨਾਹੀਂ ।
ਮੌਜਮ ਮੁਆ ਨਿਖੁੱਟੇ ਦਾਣੇ, ਬਣੀ ਜੁ ਬਾਬ ਤਿਵਾਹੀਂ ।
ਆਖ ਦਮੋਦਰ ਹੋਇ ਨਿਛੱਕਾ, ਧੀਦੋ ਰਹਿਆ ਤਦਾਹੀਂ । (135)

ਤਾਂ ਸਹੀ ਭਿਰਾਵਾਂ ਉਤੇ ਵੇਲੇ, ਵੀਰੇ ਕਾਜ ਰੇਹਾਯਾ ।
ਹੋਆ ਹੁਕਮ ਹਜੂਰੋਂ ਈਵੇਂ, ਵੱਸ ਗਨੀਮਾਂ ਆਇਆ ।
ਦੌਲਤ ਖੱਸ ਗਲੀਆਂ[17] ਲੀਤੀ ਕਰਦੇ ਜੋ ਮਨ ਭਾਇਆ ।
ਇਉਂ ਕਰ ਧੀਦੋ ਜਾਪੇ ਯਾਰੋ ਵਸ ਕਾਠ ਕੁਹਾੜੇ ਆਇਆ । (136)

## ਭਰਾਵਾਂ ਨੇ ਧੀਦੋ ਨੂੰ ਤੰਗ ਕਰਨਾ

ਮਤਾ ਪਕਾਇ ਕਰੇਂਦੇ ਮਸਲਤ, ਵੇਖ ਥੀਵਾਹਾਂ ਭਾਈ ।
ਏਹੋ ਨੀਯਤ ਵੱਖ ਕਰਨ ਦੀ, ਹਭਣਾ ਚੰਗੀ ਭਾਈ ।
ਖੋਟੀ ਗੱਲ ਭਰਾਵਾਂ ਹੋਂਧੀ, ਨੀਯਤ ਭੱਲੀ ਨਾਹੀਂ ।
ਆਖ ਦਮੋਦਰ ਟਲੇ ਨਾ ਟਾਲੀ ਬਣੀ ਜੁਬਾਬ ਤਿਵਾਈਂ । (137)

ਕਰਨ ਪਸੰਦ ਬੈਠ ਕਰ ਤ੍ਰਾਹੇ, ਕੀਕਣ ਏਸ ਮਰੀਹਾਂ ।
ਹਿਕ ਤਾਂ ਮਾਰੋ ਰਾਤੀਂ ਸੁਤਿਆਂ, ਹਿਕੇ ਤਾਂ ਮਹੁਰਾ ਦੀਹਾਂ ।
ਹਿਕੇ ਤਾਂ ਘੱਟੂ ਵਿਚੋਂ ਇਸ ਨੂੰ, ਹਿਕ ਕਪ ਕੇ ਨਈਂ ਸਟੀਹਾਂ ।
ਆਖ ਦਮੋਦਰ ਅਰਮਾਨ ਦਿਲੇ ਤੋਂ ਗੁੱਸਾ ਸਾਰਾ ਲਈਹਾਂ । (138)

ਪਹਿਲੋਂ ਥੀਹੋ ਵੱਖ ਸਹੀ ਸੱਚ, ਬਦੀ ਘਿਨਾਹੇ ਨਾਹੀਂ ।
ਵੰਡਹੁ ਮਿਲਖ ਮਾਲ ਅੰਦਰ ਦਾ, ਵੰਡਿਓ ਸੱਤੇ ਪਾਹੀਂ ।

[17] ਡਾ. ਪ. ਸਿੰ , ਗਨੀਆਂ ।

ਵੰਡਹੁ ਕਪੜਾ, ਲੱਤਾ, ਲੰਡੀ ਜੋ ਭੰਨਹੁ ਖੇਜ ਕਿਵਾਹੀਂ ।
ਇਸ ਵਿਧ ਮਾਰਨ ਏਸ ਮੁਨਾਸਬ ਬਦੀ ਬੁਰਾਹਾਂ ਨਾਹੀਂ । (139)

ਧੀਦੋ ਸੱਦ ਭਿਰਾਵਾਂ ਆਂਦਾ ਥੀਹੋ ਵੱਖ ਕਰੀਹਾਂ ।
ਤਰਕਾ ਜੋ ਪਿਉ ਦਾਦੇ ਸੰਦਾ, ਹਿੱਸੇ ਚਾਰ ਕਰੀਹਾਂ ।
ਜੋ ਦੌਲਤ ਦਾ ਅੰਦਰ ਬਾਹਰ, ਫ਼ਰਕੋ ਫ਼ਰਕ ਕਰੀਹਾਂ ।
ਆਖ ਦਮੋਦਰ ਦਿਲ ਦਗ਼ਾ ਭਿਰਾਵਾਂ, ਇਸ ਦੀ ਖੱਲ ਲਹੀਹਾਂ । (140)

ਸੁਣ ਤਾਹਰ ! ਤੂੰ ਜਾਹ ਬਾਪ ਦੀ ਮੈਨੂੰ ਖ਼ਬਰ ਨਾ ਕਾਈ ।
ਮੈਂ ਦੁਧਵਾਤਾਂ ਲੱਜ ਤੁਸਾਂ ਨੂੰ, ਮਿਹਰ ਰੰਝੇਟੇ ਪਾਈ ।
ਅੰਦਰ ਹੋਰ ਤੇ ਮੂੰਹੋਂ ਦਿਲਾਸਾ, ਨੀਤ ਭਲੇਰੀ ਨਾਹੀਂ ।
ਆਖ ਦਮੋਦਰ ਜਾਤੀ ਧੀਦੋ, ਮੂੰਹ ਤੇ ਜ਼ਰਦੀ ਆਈ । (141)

ਮੌਜਮ ਮਨੋਂ ਵਿਸਾਰ ਜੁਆਨਾਂ ਹੁਣ ਥੀ ਕਰ ਜੱਟ ਕਮਾਈਐ ।
ਬੂਟੇ ਮਾਰਨ ਨੌਂ ਤੂੰਦਿਂ ਤੈਂਡੀ, ਕਹੀ ਵਹੋਲਾ ਚਾਈਐ ।
ਚਲ ਧੀਦੋ ਤੂੰ ਨਾਲ ਅਸਾਡੇ, ਚਿੱਤ ਕੰਮ ਤੇ ਲਾਈਐ ।
ਉਚ ਮਦਾਰ ਕਰੇ ਕਰਿ ਅਪਣੀ, ਵੀਰਾਂ ਚਾਣਕ ਲਾਈਐ । (142)

ਵੀਰਾ ! ਭੁਈਂ ਤੁਸਾਡੀਆਂ, ਨਟੀਂ ਤੁਸਾਡੀਆਂ ਵੰਡ ਵੰਡ ਘਿਨਹੁੰ ਭਾਈ ।
ਮੇਰੇ ਹੱਥ ਭੀ ਰੱਤੇ ਤੇ ਪੈਰ ਭੀ ਰੱਤੇ, ਕੀਕਣੁ ਕਹੀ ਵਗਾਈਂ ।
ਮੌਜਮ ਮੁਆ ਮੁਹਾਬਾ ਚੁਕਾ, ਨਹੀਂ ਭਨਾਹੈਂ ਜਾਈ ।
ਕਿਸਮਤ ਟਿਕਣ ਨਾ ਮੂਲੇ ਦੇਵੇ, ਮਗਰ ਮੁਹਾਸਲ ਲਾਈ । (143)

**ਕਵੀ ਦਾ ਰਾਂਝੇ ਦੀ ਸਿਫ਼ਤ ਸੁਣ ਕੇ ਹਜ਼ਾਰੇ ਜਾਣਾ**

ਉੱਭੀ ਤਰਫੋਂ ਪਾਂਧੀ ਆਏ, ਝੰਗ ਸਿਅਲਾਂ ਤਾਈਂ ।
ਆਇਕੇ ਬੈਠੇ ਕੋਲ ਅਸਾਡੇ ਉਨ੍ਹਾਂ ਗੱਲ ਚਲਾਈ ।
ਮੌਜਮ ਦੇ ਘਰ ਬੇਟਾ ਹੋਇਆ, ਅਜ਼ਮਤ ਕੀ ਰੁਸ਼ਨਾਈ ।
ਸੁਣ ਦਮੋਦਰ ਸਿਫ਼ਤ ਧੀਦੋ ਦੀ ਅਸਾਂ ਸੁਰਤ ਉਠਾਈ । (144)

ਜੁਲਿਆ ਛੋੜ ਝੰਗ ਸ਼ਿਆਲਾਂ ਦੀ ਦਮੋਦਰ ਉੱਭੀ ਤਰਫ਼ ਸਿਧਾਇਆ ।
ਕਰ ਮੰਜਲ ਤੀਜੀ ਦਮੋਦਰ ਤਾਂ ਚੱਲ ਹਜ਼ਾਰੇ ਆਇਆ ।
ਵੰਝ ਡਿਠੋਸੇ ਤਖ਼ਤ ਹਜ਼ਾਰਾ ਜਿਥੇ ਰਾਂਝਾ ਜਾਇਆ ।
ਆਖ ਦਮੋਦਰ ਵੇਖ ਧੀਦੋ, ਨੌਂ ਅੱਸਾਂ ਦਿਲ ਫਹਾਇਆ । (145)

ਅੱਗੋ ਰਾਂਝਾ ਦਿੱਲ ਉਦਾਸੀ ਟਿਕੇ ਨ ਮੂਲ ਟਿਕਾਇਆ ।
ਚਉ ਚਉ ਕਰਦੇ ਲੋਕ ਹਜ਼ਾਰੇ, ਰਾਂਝੇ ਇਹ ਸੁਣ ਪਾਇਆ ।
ਕਿਸਮਤ ਦਾਨਾ ਪਾਣੀ ਧਾਰੇ ਵੇਖਾਂ ਕਿਦੇ ਰੱਬ ਉਠਾਇਆ ।
ਆਖ ਦਮੋਦਰ ਨਾਲ ਰਾਂਝੇ ਦੇ ਅਸਾਂ ਭੀ ਚਲਣਾ ਆਇਆ (146)

ਗਲੀ ਗਲੀ ਲੋਕ ਜੁੜ ਬਹਿੰਦੇ ਸਭਨਾਂ ਗੱਲ ਬਣਾਈ ।
ਮੌਜਮ ਮੁਆ, ਧੀਦੋ ਤਾਈਂ, ਹੋਆ ਨਿਛੱਕਾ ਤਾਈਂ ।
ਪਹਿਲਾਂ ਧੀਦੋ ਵੱਖ ਕਰੀਹਾਂ ਪਿਛੇ ਕੱਪ ਲੜਾਈ ।
ਆਖ ਦਮੋਦਰ ਕੂਚੇ ਕੂਚੇ ਏਹਾ ਗੱਲ ਸੁਣ ਪਾਈ । (147)

ਅੰਗੁਲ ਜੋੜੀ ਨਾਲ ਧੀਦੋ ਦੇ ਅਸੀਂ ਲਗੇ ਫਿਰਾਂਹੇ ।
ਗੱਲੀਂ ਸੁਣ ਸੁਣ ਲੋਕਾਂ ਕੋਲੋਂ ਅਸੀਂ ਤਾਨ ਨ ਮੂਲ ਖਵਾਂਹੇ ।
ਅਣਡਿੱਠੀ ਭੁਹੀਂ ਸਭ ਕਿਦਾਈਂ, ਆਖਹੁ ਕ੍ਰਿਦੇ ਜੁਲਾਹੇਂ ।
ਆਖ ਦਮੋਦਰ ਇਹ ਦਿਲ ਠਹਿਟੀ ਜੋ ਲੰਮੀ ਤਰਫ ਵੰਞਾਹੇਂ । (148)

ਹੱਛੀ ਪੁਸ਼ਾਕ ਰਾਂਝੇ ਦੇ ਉਤੇ, ਚੇਹਰਾ ਭਲਾ ਵਿਖਾਵੇ ।
ਹੱਥੀਂ ਕੜੇ ਤੇ ਕੰਨੀਂ ਲੁੜਕੇ, ਮੱਝ ਨੀਲਾ ਖੇਸ ਬੰਧਾਵੇ ।
ਉਚੀ ਅੰਬਰੀ ਉਤੇ ਧੀਦੋ, ਬੁੱਕਲ ਮਾਰ ਵਿਖਾਵੇ ।
ਵੇਖ ਜੁਆਨੀ ਧੀਦੋ ਦੀ ਯਾਰੋ ਲੋਕੀ ਬਹੂੰ ਗ਼ਮ ਖਾਵੇ । (149)

ਨੱਢੀ ਬੁੱਢੀ ਜੋ ਵਿਚ ਹਜ਼ਾਰੇ ਗਲ ਨਾ ਕਿਸੇ ਭਾਣੀ ।
ਮੌਜਮ ਮੂਆ, ਕਾਜ ਰਹਾਇਆ, ਗੱਲ ਨ ਰਹੀ ਲੁਕਾਈ ।
ਡਰਦੇ ਲੋਕ ਸਭ ਆਖਣ ਨਾਹੀਂ, ਏਹਾ ਵੱਡੀ ਵਿਡਾਣੀ ।
ਆਖ ਦਮੋਦਰ ਸਾਈ ਥੀਸੀ ਜੋ ਸੱਚੇ ਰੱਬ ਭਾਣੀ । (150)

ਘਰ ਘਰ ਗਿਲਾ ਤਾਹਰ ਜ਼ਾਹਰ ਦਾ ਲੋਕਾਂ ਨੱਪ ਉਠਾਇਆ ।
ਕਲ੍ਹ ਪਿਉ ਮੋਇਆ ਡਿਠੇ ਨੇ ਯਾਰੋ, ਅੱਜ ਮਾਰਨ ਮਤਾ ਪਕਾਇਆ ।
ਘਰ ਘਰ ਹੱਭਾ ਈਹੋ ਆਖੇ, ਤਾਹਰ ਕਾਜ ਰਹਾਇਆ ।
ਆਖ ਦਮੋਦਰ ਲੋਕਾਚਾਰੀ ਧੀਦੇ ਭੀ ਸੁਣ ਪਾਇਆ (151)

ਤਾਂ ਚਉ ਚਉ ਚਲ ਹਜ਼ਾਰੇ ਉਠੀ, ਧੀਦੋ ਸਹੀ ਮਰੀਂਦਾ ।
ਮਿਲ ਮਿਲ ਵੀਰ ਕਰੇਂਦੇ ਮਸਲਤ, ਈਹੋ ਮਤਾ ਪਕੀਂਦਾ ।
ਸੁਣ ਸੁਣ ਮਾਰਨ ਸੰਦੀ ਮਸਲਤ, ਦੀਦੋ ਪੀਲਾ ਥੀਂਦਾ ।
ਨੱਸੀਏ ਜਿੰਦ ਘਿਨ ਕਰ ਯਾਰੋ, ਨਹੀਂ ਅਜ਼ਾਈਂ ਥੀਂਦਾ । (152)

ਨਾ ਕਰ ਵਿਦਾ ਭਰਾਵਾਂ ਨਾਲੋਂ ਰਾਂਝਾ ਘਰੋਂ ਸਿਧਾਇਆ ।
ਖੂੰਡੀ ਤੇ ਹੱਥ ਵੰਝਲੀ ਕੀਤੀ, ਚੱਲਣ ਤੇ ਚਿਤ ਚਾਇਆ ।
ਚੀਰਾ ਲਾਲ ਤੇ ਉਤੇ ਅੰਬਰੀ, ਮੱਝ ਨੀਲਾ ਖੇਸ ਬਨ੍ਹਾਇਆ ।
ਨੱਕ ਬੁਲਾਕ ਤੇ ਕੰਨੀਂ ਲੁੜਕੇ, ਚੂਣਿਆਂ ਰੁਣ ਝੁਣ ਲਾਇਆ । (153)

ਅੱਧੀ ਰਾਤ ਚਲਿਆ ਉਠ ਧੀਦੋ, ਪੱਲੇ ਖ਼ਰਚ ਨ ਪਾਇਆ ।
ਤ੍ਰਾਸ ਜਿੰਦ ਦਾ ਅੰਦਰ ਧੀਦੋ, ਰਹੈ ਨ ਮੂਲ ਰਹਾਇਆ ।

ਰਾਤ ਦਿਹਾਂ ਉੱਠ ਚੱਲੇ ਧੀਦੋ ਧਰਤੀ ਪੈਰ ਨਾ ਪਾਇਆ।
ਖੂੰਡੀ ਤੇ ਹੱਥ ਵੰਝਲੀ ਕੀਤੀ ਰਾਤ ਮਸੀਤੀਂ ਆਇਆ। (154)

ਰਾਤ ਰਹਿਣ ਨੋ ਧੀਦੋਂ ਕੀਤਾ, ਵਿਚ ਮਸੀਤੀ ਭਾਈ।
ਕੁੜੀਆਂ ਪਾਣੀ ਭਰਨ ਨੂੰ ਗਈਆਂ, ਕਰਤੇ ਬਾਜ਼ੀ ਪਾਈ।
ਵੇਖ ਵਿਕਾਣੀ ਧੀਦੋ ਤਾਈਂ, ਸਿਰਦਾਰੇ ਦੀ ਜਾਈ।
ਆਖ ਦਮੋਦਰ ਤਿੱਤੇ ਵੇਲੇ, ਜਮਾਤ ਜੱਟਾਂ ਦੀ ਆਈ। (155)

ਤਾਂ ਧੀਦੋ ਦਾ ਮੂੰਹ ਪੀਲਾ ਹੋਇਆ ਆਏ ਚੱਲ ਟਿਦਾਈਂ।
ਭਛ ਭਿਰਾਵਾਂ ਮੁੱਤੇ ਮੈਂ ਧਿਰ, ਆਏ ਮਾਰਨ ਤਾਈਂ।
ਮਿਲ ਬੈਠੇ ਸਭ ਵਿਚ ਮਸੀਤੀ, ਪੁੱਛਣ ਧਾਂਦੇ ਸਾਈਂ।
ਆਖ ਦਮੋਦਰ ਕਿਦੇ ਜੁਲਿਐ ? ਦੇਹੁ ਜਵਾਬ ਅਸਾਹੀਂ। (156)

ਕਿਸਮਤ ਦਾਣਾ ਪਾਣੀ ਚਾਚਾ, ਹੁਕਮੀਂ ਖੇਲ ਚਲਾਇਆ।
ਮੌਜਮ ਮੁਆ ਮੁਹਾਬਾ ਚੁੱਕਾ, ਵੀਰਾਂ ਮਤਾ ਪਕਾਇਆ।
ਜਿੰਦੂ ਦੇ ਭਉ ਰਾਹੀ ਹੋਇਆ, ਧੀਦੋ ਆਖ ਸੁਣਾਇਆ।
ਆਖ ਦਮੋਦਰ ਵੱਸ ਨ ਮੈਂਡੇ, ਕਿਸਮਤ ਨਪ ਚਲਾਇਆ। (157)

ਵੇਖ ਵਿਕਾਣੀ ਛੋਹਿਰ ਲੋਕਾ, ਆਈ ਸੂਲ ਕਰੇਂਦੀ।
ਘਿੱਨ ਘੜਾ ਸਿਰ ਉੱਤੋਂ ਮਾਏ, ਨਹੀਂ ਤਾਂ ਖੂਏਂ ਮਰੇਂਦੀ।
ਵਿਚ ਮਸੀਤੀ ਚੰਨ ਫਬੇਈ, ਮੈਂ ਵਰ ਨੀਂਹੇਂ ਦੇਂਦੀ।
ਹੱਥ ਸਿਰ ਰੱਖ ਅਸਾਡੇ ਨਹੀਂ ਤਾਂ, ਆਪੇ ਨਿਕਲ ਵੈਂਦੀ। (158)

ਘਿੱਨ ਚਪੇੜ ਮੂੰਹ ਉਤੇ ਮਾਊ, ਲੈ ਧੀਓ ਨੂੰ ਲਾਈ।
ਕੰਜ ਕੁਆਰੀ ਮੂੰਹ ਨ ਬੋਲੀ, ਤੁਧ ਕਿਉਂ ਲੱਜਾ ਲਾਹੀ।
ਹੁਣੇ ਪਿਉ ਵੀਰ ਸੁਣੇਈ ਧੀਏ, ਦਾਖਲ ਕਰੀ ਸਜਾਈ।
ਵੱਤ ਨ ਬੋਲੇਂ ਪੇਟੋਂ ਜਾਈ, ਅੰਮਾਂ ਏਹੁ ਨਾ ਭਾਈ। (159)

ਹਿੱਕ ਸੁਣੇਂਦੀ, ਲੱਖ ਸੁਣੇਸੀ, ਜੇ ਮੈਂ ਮੂੰਹ ਤੋਂ ਪੱਲੂ ਲਾਹਿਆ।
ਮੈਂ ਤਾਂ ਮੁੱਲ ਬਗੈਰ ਵਿਕਾਣੀ, ਤਾਂ ਮੂੰਹ ਕੂਕ ਸੁਣਾਇਆ।
ਜਿਉਂ ਜਾਣੇ ਤਿਉਂ ਦੇਦਿ ਅਸਾਨੂੰ, ਬਖਤੇ ਮੈਂ ਹੱਥ ਆਇਆ।
ਨਹੀਂ ਤਾਂ ਆਪੇ ਵੈਂਦੀ ਆਹੂ, ਸ਼ਰਮ ਅਸਾਂ ਸਭ ਲਾਹਿਆ। (160)

ਧੀਰੀ ਬੀ ਜਾਣ ਦਿਹ ਮੈਨੂੰ, ਗੰਦ ਗੁਲਾਮ ਡਿਠੋਈ।
ਜਾਪੇ ਕੌਣ ਜੁ ਇਸ ਪਰਦੇਸੀ, ਜਾਂ ਤੁਧ ਰੋਇ ਦਿਤੋਈ।
ਸੁਣ ਧੀਏ ਵੰਞਣ ਦੇਹ ਮੈਨੂੰ, ਪੁੱਛਾਂ ਜਾਇ ਖਲੋਈ।
ਆਖ ਦਮੋਦਰ ਸਾਉਂ ਕੁੜੀ ਦੀ, ਗੱਲ ਅਗੇਰੇ ਹੋਈ। (161)

ਨਾਹੀਂ ਕੂੜੀ, ਆਹੀ ਸੱਚੀ, ਕੇ ਇਸ ਆਖ ਸੁਣਾਈ ।
ਨਾਹੀਂ ਮਾਊ ਪੀਊ ਜਾਇਆ, ਕਿਸ ਜ਼ਬਾਨ ਸਲਾਹੀਂ ।
ਵੇਖ ਵਿਕਾਣੀ ਝੀਵਰਆਣੀ ਕਦਮ ਉਠੀਉਸ ਨਾਹੀਂ ।
ਹੈਂ ਜੇ ਚੁੱਖ ਵਡੇਰਾ ਹੋਵੈ, ਤਾਂ ਮੈਂ ਆਪ ਨਿਕਾਹ ਬਨ੍ਹਾਈਂ । (162)

ਹੋਇ ਬੇਹੋਸ਼ ਵੜੀ ਵਿਚ ਜੱਟਾਂ, ਵੰਝ ਮਿਲੀ ਉਨ੍ਹਾਂ ਤਾਈਂ ।
ਕੇ ਇਹ ਆਖਹੁ ਲਗੇ ਤੁਸਾਡਾ, ਕੇਹੜੀ ਜ਼ਾਤ ਤੁਸਾਹੀਂ ।
ਈਹੁ ਹੈ ਕੇਹੜੀ ਜ਼ਾਤ ਦਾ ਨੀਂਗਰ, ਵੈਸੇ ਕੇਹੜੀ ਜਾਈਂ ।
ਆਖ ਹਕੀਕਤ ਤੁਸੀਂ ਭਿਰਾਵੋ ! ਏਹਾ ਗਲ ਪੁਛਾਈਂ । (163)

ਝੀਵਰ ਅਸੀਂ, ਏ ਜ਼ਾਤ ਅਸਾਡੀ, ਅਸੀਂ ਗੜ੍ਹ ਮੁਲਤਾਨੋਂ ਆਏ ।
ਜੇਹਲਮ ਜੁੱਲੇ ਬੇੜੀਆਂ ਤਾਈਂ ਬਹੁਤੇ ਤਮੇਂ ਸੱਤਾਏ ।
ਦਿਲ ਵਿਚ ਦਗ਼ਾ ਭੁੱਖ ਦਾ ਜੱਟਾਂ, ਵੱਡੇ ਕੂੜ ਅਲਾਏ ।
ਆਖ ਦਮੋਦਰ ਰਾਜ਼ੀ ਹੋਏ ਫਿਰ ਉਨ੍ਹਾਂ ਸੁਖ਼ਨ ਸੁਣਾਏ । (164)

ਇਸ ਪੁਤ੍ਰ ਨੂੰ ਬੇਟੀ ਦਿੱਤੀ ਅਸਾਂ ਰਾਜ਼ੀ ਥੀ ਕਰ ਭਾਈ ।
ਗਾਤੀਂ ਬੰਨ੍ਹ ਦੁਆਇ ਕੁੜੀ ਦੀ ਬਹੁ ਜੱਟਾਂ ਹਿਤ ਆਈ ।
ਬਹੁਤ ਰਜਾਇ ਕਰਣ ਦੇ ਤਾਈਂ ਝੀਵਰਿਆਣੀ ਭਾਈ ।
ਜੱਟਾਂ ਸੁਣ ਇਹ ਬਹੁਤੀ ਭਾਣੀ, ਜਾਂ ਇਉਂ ਗਲ ਸੁਣ ਪਾਈ । (165)

ਮਿੱਠੀ ਰੋਟੀ ਤੇ ਦੁੱਧ ਮਾਝਾ, ਕਰ ਤਿਆਰ ਘਿਨ ਅਣਾਈਂ ।
ਕੁੜੀ ਤੁਸਾਡੀ ਅੱਸਾਂ ਲੀਤੀ, ਸੱਕੇ ਅਸੀਂ ਤੁਸਾਹੀਂ ।
ਰਾਤੀਂ ਕਾਜ ਕਰੀਹਾਂ ਇਸ ਦਾ, ਪਹਿਲੋਂ ਤਾਮੁ ਖਵਾਹੀਂ ।
ਆਖ ਦਮੋਦਰ ਰਾਜ਼ੀ ਭਾਈ ਦੋਵੇਂ ਥੋਕ ਤਦਾਹੀਂ । (166)

ਏ ਕੁਝ ਆਖ ਗਈ ਘਰ ਅਪਣੇ, ਸ਼ੱਕਰ ਘਿਉ ਅਣਵਾਏ ।
ਉਬਾਲ ਸੇਵੀਆਂ ਘੜਾ ਲਸੀ ਦਾ, ਤਮਾਕੂ ਚਿਲਮ ਸਦਾਏ ।
ਘਿੱਨ ਮਸੀਤੀ ਆਣ ਜੁ ਰਖੀ, ਉਸ ਮਹਿੰਦੀ ਚੀਕੂ ਲਾਏ ।
ਆਖ ਦਮੋਦਰ ਕੰਜ ਕੁਆਰੀ ਨੂੰ ਅੰਮੜ ਮਾਈਏਂ ਪਾਏ । (167)

ਧੀਦੋ ! ਆਇ ਖਵਾਹਾਂ ਕਿਸਮਤ, ਬੂਹਾ ਚਾਇ ਮਰਾਈਂ ।
ਕਾਰਣ ਪੇਟ ਕੂੜ ਬੋਲਿਆਸੇ, ਖਾਂਦੇ ਉਠ ਵੰਞਾਹੀਂ ।
ਨਿਵਾਲਾ ਮਿੱਠਾ ਸਾਈ ਦਿੱਤਾ, ਹੋਇਆ ਨਸੀਬ ਅਸਾਹੀਂ ।
ਆਖ ਦਮੋਦਰ ਪੈਂਡਾ ਮੰਦਾ ਕਰ ਕਰ ਘੁੱਟ ਪਿਵਾਹੀਂ । (168)

ਨੀ ਮੂਨੀਅਤ ਵਿਵਾਹ ਕਰਣ ਦੀ, ਕੇ ਤੁਸਾਂ ਆਖ ਸੁਣਾਈਂ ।
ਇਸ ਰਜ ਖਾਵਣ ਨਾਲੋਂ ਭੁਖ ਚੰਗੇਰੀ, ਨਹੀਂ ਪਸਿੰਦ ਅਸਾਹੀਂ ।

ਹੱਕ ਪਰਾਇਆ ਕੂੜ ਬੋਲ ਕੇ, ਡਰੋ ਖ਼ੁਦਾ ਤੋਂ ਨਾਹੀਂ ।
ਆਖ ਦਮੋਦਰ ਸੁਣਿਅਹੁ ਚਾਚਾ ਮੈਂ ਹੱਥ ਹਰਾਮ ਨ ਲਾਈ । (169)

ਅੱਧੀ ਰਾਤੀਂ ਕੂਚ ਕਰਣ ਨੂੰ ਜੱਟਾਂ ਮਨਸਾ ਚਾਈ ।
ਨੱਸ ਚਲੇ ਭੀ ਅੱਧੀ ਰਾਤੀਂ, ਖ਼ਬਰ ਨਾ ਕਿਸੇ ਕਾਈ ।
ਉਠ ਧੀਦੋ ਨਾਲੇ ਨੂੰ ਹੋਇਆ, ਜੁਸੇ ਭੁੱਖ ਸਮਾਈ ।
ਆਖ ਦਮੋਦਰ ਉਥਿਉਂ ਲੰਮੇ, ਚੱਲ ਥੀਏ ਉਠ ਰਾਹੀ । (170)

ਜੀ ਦੇ ਭੇ ਚਲਿਆ ਉਠ ਧੀਦੋ, ਵੈਂਦਾ ਹੈ ਚੁਪ ਕੀਤੀ ।
ਜੇਹੇ ਆਏ, ਤੇਹੇ ਚੱਲੇ, ਇਹ ਗੱਲ ਅਸਾਂ ਜੋ ਕੀਤੀ ।
ਟੁੱਕਰ ਨਾ ਮੰਗੇ ਵਦੀਹੇ ਨ ਚੱਖੇ, ਲੱਸੀ ਪਾਇ ਨਾ ਪੀਤੀ ।
ਆਪਣਾ ਝੁੱਗਾ ਸਮਾਲ ਮਛਾਣੀ, ਪਾਇਆ ਹਈ ਮਸੀਤੀ ।
ਦੇਹ ਦੁਆਇ ਮਿੱਤ੍ਰ ਮਿਲਨ ਅਸਾਨੂੰ ਅਸੀਂ ਚਲੇ ਜਿਨ੍ਹਾਂ ਦੀ ਨੀਤੀ । (171)

ਰਾਹ ਛੋੜ ਔਝੜ ਨੂੰ ਥੀਆ, ਮਤ ਪਿਛੋਂ ਕੋਈ ਆਵੈ ।
ਭੁਖ ਤਿਹਾਇਆ, ਨਾ ਰਹੇ ਰਹਾਇਆ, ਭੁੱਖਾ ਰੋਂਦਾ ਜਾਵੇ ।
ਕੰਧੀ ਉੱਤੇ ਬੇਹੂੰ ਦਿਸੀਂਦਾ ਦੂਰੋਂ ਨਦਰੀ ਆਵੇ ।
ਆਖ ਦਮੋਦਰ ਵੇਖੋ ਧੀਦਸ, ਰਹਾਂ, ਜੇ ਡਾਢੇ ਭਾਵੇ । (172)

ਵੜਿਆ ਬਸਤੀ, ਤਮੇਂ ਪੇਟ ਦੇ, ਕਿਛ ਟੁਕੜਾ ਮੂੰਹ ਪਾਈ ।
ਵੇਖ ਸੁਆਣੀ ਸੁਆਲ ਕੀਤੋਸੁ ਜੇ ਹਿਕ ਫੂਹੜੀ ਦੇਵਾਈਂ ।
ਉੱਤੋਂ ਢੱਠਾ, ਜਿਮੀਂ ਪਛਾਇਆ, ਮੈਂਡਾ ਕੋਈ ਕਿਥਾਊ ਨਾਹੀਂ ।
ਕੁੱਤੇ ਤੇ ਦਰਵੇਸ਼ ਨਿਮਾਣੇ ਇਜ਼ਤ ਲਹਿੰਦੇ ਨਾਹੀਂ । (173)

ਤੂੰ ਬਹੁ ਮੈਂਡੀਆ ਅੱਖੀਂ ਉਤੇ, ਚੌਖਣੀਐ ਮੈਂ ਵੰਞਾਈ ।
ਬਖਤਾਂ ਬਾਝੂ ਲਹਾਂ ਨਾ ਨਾਠੀ, ਥਾਈ ਕਰਨ ਅਸਾਹੀ ।
ਰੰਤਾ ਪਲੰਘ, ਸੁਪੇਦ ਨਿਹਾਲੀ ਤੈਕੂੰ ਦੇਵਾ ਘਤ ਵਿਛਾਈ ।
ਚਿੱਤ ਸਵਾਣੀ ਈਹੋ ਕੀਤਾ, ਮੈਦਾ ਕੱਢੂ ਪਕਾਈਂ । (174)

ਲੱਗੀ ਆਣ ਸਵਾਣੀ ਯਾਰੋ ਖਵਾਵਣ ਰਾਂਝੇ ਤਾਂਈ ।
ਆਯਾ ਖ਼ਾਨ ਸੁ ਖ਼ਸਮ ਘਰੇ ਦਾ ਬੋਲੇ ਵੇਖਦਿਆਂ ਹੀ ।
ਬਖ਼ਤਾਂ ਬਾਝੋਂ ਲਹਾਂ ਨ ਨਾਠੀ, ਥੀਆ ਕਰਮ ਅਸਾਹੀਂ ।
ਚੇਤਾ ਕਰਹਿ ਸਵਾਣੀ ! ਹੋਵੈ, ਮੈਦਾ ਕੱਢ ਪਕਾਈਂ । (175)

ਦਸਤਪੋਸ਼ੀ ਮਿਲ ਦੋਹਾਂ ਕੀਤੀ, ਧੀਦੋ ਬਹੁੰ ਸੁਖ ਪਾਇਆ ।
ਮੱਖਣ ਮੈਦਾ ਤੇ ਦੁਧ ਮਾਝਾ, ਬੈਠ ਪਲੰਘ ਤੇ ਖਾਇਆ ।
ਭਲੀ ਤਰਾਂ ਸਿਉ ਖ਼ਿਜਮਤ ਕੀਤੀ, ਦੁਧ ਪੀਤਾ ਪੱਜ ਅਘਾਇਆ ।
ਆਖ ਦਮੋਦਰ ਖਿਜਮਤ ਕਰ ਕਰ, ਰੱਤੇ ਪਲੰਘ ਸੁਆਇਆ । (176)

ਭਲਾ ਸਹਿਜ ਸਿਉਂ ਸਮ ਕਰ ਉਠਿਆ, ਸਾਉਂਆਂ ਸੁਖਨ ਪੁਛਾਇਆ ।
ਕੌ ਹੇ ਜ਼ਾਤ ? ਕਵਣ ਕੁਲ ਵਿਚਹੁੰ ? ਪਿਉ ਕੇਹੜਾ ਜਿਸ ਜਾਇਆ ।
ਬਾਝੋਂ ਕਜੀਏ ਵਤਨ ਨਾ ਤਜਿਆ, ਹਾਲ ਭਲੇਰੇ ਆਇਆ ।
ਕੁੱਲ ਹਕੀਕਤ ਆਖ ਅਸਾਨੂੰ, ਤੈਥੂੰ ਸੁਖਨ ਪੁਛਾਇਆ । (177)

### ਧੀਦੋ

ਜੇ ਕੋਈ ਅੱਗਾ ਪਿੱਛਾ ਹੋਵਮ ਤਾਂ ਤੈਨੂੰ ਆਖ ਸੁਣਾਈਂ ।
ਨਾ ਕੋਈ ਲੂਹ ਨ ਤਕੀਆ ਮੈਂਡਾ, ਕੋਈ ਕਿਥਾਉਂ ਨਾਹੀਂ ।
ਉਤੋਂ ਢੱਠਾ ਜ਼ਿਮੀਂ ਪਛਾੜਿਆ, ਮੈਂਡਾ ਕੋਈ ਨਾ ਸਾਈਂ ।
ਕੇਹੜਾ ਮਾਂ ਪਿਉ ਆਖਾਂ ਤੈਨੂੰ, ਨਾ ਡਿੱਠੇ ਸੁਣੇਂ ਕਿਥਾਈਂ । (178)

ਜੇ ਤੂੰ ਰੁੱਸ ਘਰਾਂ ਤੇ ਆਇਆ, ਤਾਂ ਤੂੰ ਕਹੁ ਮੈਂ ਤਾਈਂ ।
ਦੇਵਾਂ ਉੱਠ ਤੇ ਘੋੜੀ ਖੱਚਰ, ਦੇਵਾਂ ਮੱਝੀ ਗਾਈਂ ।
ਦੇਵਾਂ ਖੂਹ ਸਿਲਾਬੇ ਬੰਨੇ, ਦੇਵਾਂ ਕਿੱਤੀ ਵ੍ਹਾਈ ।
ਜੇ ਹੁਵਿਮੁ ਕਾਈ ਭੈਣ ਭਤੀਜੀ ਤਾਂ ਅੱਜ ਦੁਆਇ ਬੰਨ੍ਹਾਈਂ । (179)

ਤਾਂ ਹੱਸ ਸੁਖ਼ਨ ਅਲਾਇਆ ਧੀਦੋ, ਹਿੰਮਤ ਭਲੀ ਵਧਾਈ ।
ਰਹਿਮਤ ਤੈਨੂੰ ਆਦਰ ਦਿੱਤੇ, ਅਸਾਂ ਲੂਹ ਨਾ ਕਾਈ ।
ਦਿਲੋਂ ਬਜਾਨੋਂ[18] ਭਲੀ ਕੀਤੀਆਈ ਰਹਿਮਤ ਤੈਨੂੰ ਭਾਈ ।
ਜ਼ਿਆਰਤ[19] ਕਰ ਆਵਾਂ ਪੀਰਾਂ ਦੀ ਰਹਿਸਾਂ ਇੱਤੇ ਜਾਈ । (180)

ਉਠ ਵਿਦਿਆ ਲੈ ਚਲਿਆ ਧੀਦੋ, ਚੱਲਣ ਤੇ ਚਿਤ ਚਾਇਆ ।
ਵੱਡੀ ਮਜਲ, ਵਡੇਰੇ ਪੈਂਡੇ, ਸਾਥ ਨ ਕੋਈ ਚਾਇਆ ।
ਜੰਗਲ ਰੋਹੀ[20] ਬਲਾਈਂ ਬੇਲੇ ਕਿਸਮਤ ਨੱਪ ਚਲਾਇਆ ।
ਆਖ ਦਮੋਦਰ ਬਣੀ ਹਕੀਕਤ ਸਿੱਕ ਸਿਆਲੀਂ ਆਇਆ । (181)

### ਪੰਜਾਂ ਪੀਰਾਂ ਨਾਲ ਮੇਲ ਹੋਣਾ

ਆਣ[1] ਕਿਨਾਰੇ ਰਹਿਣ ਕੀਤੋਈ, ਵਹੇ ਚਨਾਉਂ ਕਿਨਾਰੇ ।
ਦਿਲ ਥੀਆ ਕੰਧੀ ਦੇ ਉਤੇ, ਕੀਤੇ ਬਹਿਣੇ ਵੀਚਾਰੇ ।
ਬਹਿ ਕੰਧੀ ਤੇ ਫਿਕਰ ਕੀਤੋਸੁ ਘਿੰਨ ਕਰ ਵੰਝਲੀ ਮਾਰੇ ।
ਆਖ ਦਮੋਦਰ ਹਿੱਕ ਬੇੜੀ ਰਾਂਝੇ ਦੀ ਨਜ਼ਰੀਂ ਪਈ ਦਰਿਆਰੇ । (182)

---

[18] ਗ. ਸਿ. ਬੇ. ਤੇ ਡਾ. ਪ. ਸਿੰ., ਦਿਲੋਂ ਬਜਾਨੀਂ ।
[19] ਗ. ਸਿ. ਬੇ., ਜ਼ਾਰਤ, ਡਾ. ਪ. ਸਿੰ., ਜ਼ਾਰਤ ।
[20] ਗ. ਸਿ. ਬੇ., ਰੋਹ; ਡਾ. ਪ. ਸਿੰ. ਰੋਹ ।
[21] ਡਾ. ਪ. ਸਿੰ., ਵਿਚ; ਗ. ਸਿ. ਬੇ., ਵਿਚ ਕਿਨਾਰੇ ।

ਕੀਤਾ ਰਾਗ ਬੰਬੀਹਾ ਬੋਲਿਆ, ਪੀਰਾਂ ਬੇੜੇ ਵਿਚ ਸੁਣ ਪਾਇਆ।
ਸੁਣ ਕਰ ਖੁਸ਼ੀ ਥੀਏ ਬਹੁਤਰੇ, ਚਲਣੇ ਤੇ ਚਿਤ ਚਾਇਆ।
ਕੀਤੀ ਨਜ਼ਰ ਡਿੱਠੋ ਨੇ ਕੰਧੀ, ਬੇੜਾ ਹਾਕ ਚਲਾਇਆ।
ਆਖ ਦਮੋਦਰ ਰੰਝੇਟਾ ਡਰਵਰ ਹੋਆ, ਜਾਂ ਉਸ ਨਦਰੀ ਆਇਆ। (183)

ਤਾਂ ਕੱਧੀ ਤੇ ਬੇੜਾ ਆਇ ਲੱਗਾ, ਲੱਥੇ ਪੀਰ ਤਦਾਈਂ।
ਹੱਥੀਂ ਮਿਲ ਬੈਠੇ ਪੰਜ ਪੀਰੇ ਛੇਵਾ ਧੀਦੋ ਮਜਲਸ ਤਾਈਂ।
ਕੁਲ ਹਕੀਕਤ ਪੀਰਾਂ ਲੀਤੀ, ਧੀਦੋ ਆਖ ਸੁਣਾਈ।
ਆਖ ਦਮੋਦਰ ਕੁਲ ਪੁਛਾਈ, ਰਾਂਝ ਦੱਸੀ ਭਾਈ। (184)

ਤਾਂ ਘਿੱਨ ਹਕੀਕਤ ਰਾਜ਼ੀ ਹੋਏ, ਰਾਂਝੇ ਵੰਝਲੀ ਵਾਹੀ।
ਲਲਤ ਰਾਗ ਵਿਚ ਵਾਹੀ ਵੰਝਲੀ, ਪੀਰਾਂ ਚੰਗੀ ਭਾਈ।
ਹਿੱਕ ਹਿੱਕ ਵਥ ਦਿੱਤੀ, ਲੈ ਹਭਨਾ, ਖ਼ਾਤਰ ਏਹ ਰਜ਼ਾਈ।
ਆਖ ਦਮੋਦਰ ਹੀਰ ਵਲੀਹਾ ਰਾਂਝੇ ਦੇ ਪੱਲੇ ਪਾਈ। (185)

ਤਾਂ ਸੁਪਨੇ ਦੇ ਵਿਚ ਪੰਜ ਪੀਰ ਗਏ, ਹੀਰ ਨੂੰ ਸੁਖਨ ਸੁਣਾਇਆ।
ਝਾਂਵਾਂ ਕਰਕੇ ਬਹੁਤ ਹੀਰੇ ਨੂੰ ਕੰਨ, ਮਰੋੜ ਸਿਖਾਇਆ।
ਚੇਤਾ ਕਰੂੰ ਨਾ ਕਬੂਲੇਂ ਹੋਰ ਕੋਈ, ਵਿਚ ਇਰਾਦੇ ਆਇਆ।
ਸੁਣ ਕੁੜੀਏ ਏਹੁ ਗੱਲ ਅਸਾਡੀ, ਅਸਾਂ ਤੈਂਡੇ ਪੱਲੇ ਧੀਦੋ ਪਾਇਆ। (186)

ਕਰ ਕਰ ਮੁਹਕਮ ਗੱਲ ਸੰਪੂਰਨ, ਪੀਰਾਂ ਦੁੱਧ ਪੀਵਾਇਆ।
ਸਭ ਰੁਸ਼ਨਾਈ ਧੀਦੋ ਪਾਈ, ਸਭ ਕਿਛ ਨਦਰੀਂ ਆਇਆ।
ਵੇਖਦਿਆਂ ਵਿਕਾਣਾ ਰਾਂਝਾ, ਵਰ ਪੀਰਾਂ ਤੋਂ ਪਾਇਆ।
ਆਖ ਦਮੋਦਰ ਪੀਰ ਸਿਧਾਣੇ, ਕਿਛ ਰਾਂਝੇ ਨਦਰੀਂ ਆਇਆ। (187)

### ਧੀਦੋ ਦਾ ਲੁੱਡਣ ਨੂੰ ਮਿਲਣਾ

ਰਾਤ ਗੁਜ਼ਾਰ, ਦੁਪਹਿਰੇ ਉਠਿਆ ਰਾਂਝੇ ਬੇੜੀ ਧਿਰ ਮਤਾ ਪਕਾਇਆ।
ਜਿਉਂ ਕਰ ਮਸਤ ਹਾਥੀ ਦੀ ਚਾਲੀ, ਤਿਉਂ ਹਾਲ ਅਜੇਹੇ ਆਇਆ।
ਕੰਠਣ ਪਾਇ ਰੱਤਾ ਘਿੱਨ ਕਪੜਾ ਭੀ ਚੜ੍ਹਿਉਸ ਰੰਗ ਸਵਾਇਆ।
ਆਖ ਦਮੋਦਰ ਹਾਲ ਨਵੇਲੇ ਬੇੜੀ ਉਤੇ ਆਇਆ। (188)

ਤਾਂ ਲੁੱਡਣ ਅੱਗੇ ਖੜਾ ਉਚੇਚਾ, ਜਾਂ ਉਸ ਨਦਰੀਂ ਆਇਆ।
ਵੇਖਦਿਆਂ ਵਿਕਾਣਾ ਝੀਵਰ, ਲਹੁੜੇ ਜੋਗ ਬੁਲਾਇਆ।
ਦੇ ਸਨੇਹੇ ਬਰਖੁਰਦਾਰਾ ! ਪਿੱਛੋਂ ਕਿੱਦੋਂ ਆਇਆ ?
ਅੱਗੇ ਕਿੱਦੇ ਵੈਸੀ ਬੇਟਾ ? ਲੁੱਡਣ ਏਂਵ ਪੁਛਾਇਆ। (189)

ਕਿਮਤ ਰੋਜ਼ ਨ ਫਿਰੈ ਪਿਛੂਹੀਂ, ਲੀਤੀ ਫਿਰੈ ਅਸਾਹੀਂ।
ਥੀ ਸੈਲਾਨੀ, ਫਿਰਾਂ ਵੇਖਦਾ, ਸਾਕ ਨ ਸੈਨ ਕਿਦਾਈਂ।

ਖੂੰਡੀ ਵੰਝਲੀ, ਇਹ ਦੁਇ ਸਾਥੀ, ਏਹ ਸਰੋਦ ਵਿਗਾਈਂ ।
ਆਖ ਦਮੋਦਰ ਇਤ ਬਿਧ ਧੀਦੋ, ਮਿਲਿਆ ਲੁੱਡਣ ਤਾਈਂ । (190)

ਤਾਂ ਮਿੰਨਤ ਲੁੱਡਣ ਬਹੁਤੀ ਕੀਤੀ, ਘਿੰਨ ਸਰੋਦ ਵਗਾਈਂ ।
ਆਖਣ ਮੰਨ ਲਇਆ ਭੀ ਧੀਦੋ, ਵੰਝਲੀ ਫੇਰ ਵਗਾਈ ।
ਸ਼ੀਂਹ, ਬਿਰੰਡੇ, ਚੀਤੇ, ਮੋਨੀ, ਸਭ ਤਮਾਸ਼ੇ ਆਈ ।
ਅਜਗਰ ਨਾਗ ਚਟੇਇਨ ਪਿੰਡਾ, ਵੇਖਣ ਨੂੰ ਸਧਰਾਈ ।
ਲੁੱਡਣ ਬਿਨਾਂ ਸ਼ਰਾਬੋਂ ਖੀਵਾ, ਵਾਤੋਂ ਝੱਗ ਵਹਾਈ ।
ਆਖ ਦਮੋਦਰ ਲੁੱਡਣ ਆਖੇ, ਰਾਂਝੇ ਚਾਇ ਰਹਾਈਂ । (191)

ਲੁੱਡਣ

ਆਖੇ ਲੁੱਡਣ ਬਰਖੁਰਦਾਰਾ ! ਕੁਝ ਆਖੇਂ ਤੁੱਧ ਦਿਵਾਈਂ ।
ਮੰਝੂ ਮੱਝੀਂ ਤੇ ਦੁਇ ਔਰਤਾਂ ਮੈਂ ਦੇਵਾਂ ਤੈਂ ਤਾਈਂ ।
ਇਹੁ ਨਸੀਬ ਹੋਵਣ ਸਭ ਤੈਨੂੰ ਅੱਵਲ ਆਖ਼ਰ ਤਾਈਂ ।
ਆਖ ਦਮੋਦਰ ਹੱਭੇ ਵੱਸਤੂ, ਤੈਥੋਂ ਘੋਲ ਘੁਮਾਈ । (192)

ਰਾਂਝਾ

ਮੰਗਣ ਕੋਲੋਂ ਮਰਣ ਚੰਗੇਰਾ, ਕੀਕਣ ਆਖ ਮੰਗਾਹਾਂ ।
ਮੱਝੀ ਗਾਈਂ ਤੁਧ ਮੁਬਾਰਖ, ਨਾਹੀਂ ਕੰਮ ਅਸਾਹਾਂ ।
ਸਰ ਪਰ ਰਾਜ਼ੀ ਤੇਰੇ ਉਤੇ, ਹੋਰ ਨ ਕੁਝ ਮੰਗਾਹਾਂ ।
ਆਖੇਂ ਤਾਂ ਦੁਇ ਘੜੀਆਂ ਚਾਚਾ ਪਾਸੇ ਪਲੰਘ ਸਮਾਹਾਂ । (193)

ਇਹ ਗਲ ਸੁਣ ਚੁਪ ਕੀਤੀ ਲੁੱਡਣ ਮੂੰਹੋਂ ਨਾ ਮੂਲ ਅਲਾਇਆ ।
ਰਿਹਾ ਉਡੀਕ ਤਕੇਂਦਾ ਰਾਂਝਾ, ਕੇ ਮੈਂ ਮੰਗਿਆ ਪਾਇਆ ।
ਨਾ ਕੁਝ ਆਖਿਉਸ, ਨਾ ਮੂੰਹੋਂ ਬੁਲੇਂਦਾ, ਨਾਕੋਂ ਜਬਾਬ ਸੁਣਾਇਆ ।
ਆਖ ਦਮੋਦਰ ਬਹੁਤ ਉਡੀਕੇ, ਰਾਂਝਾ ਕਾਵੜ ਆਇਆ । (194)

ਰਾਂਝਾ

ਕੂੜੀ ਦੁਨੀਆ ਤੇ ਕੂੜਾ ਆਲਮ, ਕੂੜੇ ਲਾਰੇ ਦੇਂਦਾ ।
ਮੈਂ ਨਾ ਰਾਜ਼ੀ ਮੰਗਣ ਉਤੇ ਘੱਤ ਸੁਆਲ ਮੰਗੇਂਦਾ ।
ਜਾਂ ਮੈਂ ਮੰਗਿਆ ਤਾਂ ਘੱਟੂ ਲੱਗਾ, ਮੂਲ ਜਵਾਬ ਨ ਦੇਂਦਾ ।
ਮੰਜੇ ਉਤੇ ਸਾਵਣ ਨਾ ਦੇਵੇਂ, ਹੋਨਾਂ ਮਝੀਂ ਕੀਕੁਣ ਦੇਂਦਾ । (195)

ਲੁੱਡਣ

ਧੀ ਚੂਚਕ ਦੀ ਭੈਣ ਪਠਾਣੇ, ਕਰਦੀ ਏ ਮਨ ਦੇ ਭਾਣੇ ।
ਜਾਂ ਤੈਨੂੰ ਦੇਖੇ ਤਾਂ ਸਿਰ ਮਾਰੇ, ਤਾਂ ਤੂੰ ਉਸ ਨੂੰ ਜਾਣੇ ।

ਚਾਰੇ ਨਈਂ ਨਿਵਾਈ ਉਸ ਹੁਕਮੀਂ, ਹੰਦਦੀ ਚੜ੍ਹੀ ਕਮਾਣੇ ।
ਅਕਬਰ ਕੋਲੋਂ ਡਰੇ ਨ ਮੂਲੋਂ, ਹੋਂਦੇ ਮੁਗ਼ਲ ਨਿਤਾਣੇ । (196)

ਰਾਂਝਾ

ਨਾ ਮੈਂ ਲਹਿਣਾ ਕਿਸੇ ਕੋਲੋਂ, ਨਾ ਮੈਂ ਖ਼ਤ ਲਿਖਵਾਇਆ ।
ਨਾ ਮੈਂ ਦਾਵਾ ਨਾਲ ਕਿਸੇ ਦੇ, ਸੀਉਂ ਨਾ ਬੰਨਾ ਵਾਹਿਆ ।
ਸੱਥਰ ਧੂਏਂ ਸੌਂਦਾ ਸਾਈਂ, ਅੱਗੇ ਕੈਂ ਪਲੰਘ ਵਿਛਾਇਆ ।
ਆਖ ਦਮੋਦਰ ਕਰ ਕਰ ਗੱਲਾਂ, ਜੁੱਤੀ ਚਾੜ੍ਹ ਸਿਧਾਇਆ । (197)

ਲੁੱਡਣ ਧਾਇ ਚਲਿਆ ਪਲ ਪਿਛਹੁੰ, ਤਾਂ ਫੜ ਕੁੱਛੜ ਚਾਇਆ ।
ਜੇ ਮੈਂ ਮੁਇਆ ਤਾਂ ਸਦਕੇ ਕੀਤਾ, ਕੰਮ ਰੇਝੇਟੇ ਦੇ ਆਇਆ ।
ਵਾਰ ਬੁਢੇਂਦੀ ਹੁਣ ਮਰ ਵੈਂਦਾ, ਜੇ ਤੂੰ ਟਰ ਸਿਧਾਇਆ ।
ਆਖ ਦਮੋਦਰ ਧੀਦੋ ਚਾਈਂ, ਆਣਕੇ ਪਲੰਘ ਸਵਾਇਆ । (198)

ਤਾਂ ਪੀਂਘ ਚੜ੍ਹਾਈ ਪਾਰੋਂ ਹੀਰੇ, ਪਲੰਘ ਤੇ ਸੁੱਤਾ ਨਦਰੀ ਆਇਆ ।
ਮਾਰਿਆ ਧ੍ਰੱਕ ਪਈ ਵਿਚ ਨੈਂਦੇ, ਸਰਨਾਈ ਤੁਲ੍ਹਾ ਨ ਚਾਇਆ ।
ਆਤਣ ਹੋਇ ਹੈਰਾਨ ਖਲੋਤਾ, ਇਸਦੇ ਜੀ ਕੇ ਆਇਆ ?
ਥਰਥਰ ਪਇਆ ਵਿਚ ਸਾਰੇ ਆਤਣ, ਹੱਸੀ ਸੁਖਣ ਪੜਾਇਆ । (199)

ਅੰਬਰੋ ਤ੍ਰੁਟੇ ਜਿਵੇਂ ਹੀ, ਹਰਣੀ ਛੁੱਟੀ ਬੱਧੀ ।
ਦੁਆਈਂ ਦੇਨ ਤੇ ਪੀਰ ਸਰੇਨੀ, ਸਾਈਂ ਲਾਏ ਕੱਧੀ ।
ਹੋਇ ਹੈਰਾਨ ਖਲੋਤਾ ਆਤਣ, ਗਲ ਨਾ ਵੰਝੇ ਲੱਧੀ ।
ਐਬ ਸਵਾਬ ਹੋਵੈ ਕੋਈ ਇਸ ਨੂੰ, ਤਾਂ ਛੁਟੇ ਕਾਈ ਨ ਬੱਧੀ । (200)

ਹੱਥੇ ਤਿਤੇ ਵੇਲੇ ਪਈਆਂ, ਲਹਿਰੀਂ ਕੱਪਰ ਚਾਈਆਂ ।
ਘੜੀ ਬੁੱਢ ਵੰਝਨ ਘੜੀ ਸਿਰ ਕੱਢਨ, ਹੱਥੇ ਤਾਰੂ ਆਹੀਆਂ ।
ਆਜਜ਼ ਹੋਇਕੇ ਵਿੱਚ ਨਈਂ ਦੇ, ਗ਼ੋਤੇ ਖਾਣ ਸਵਾਈਆਂ ।
ਆਖ ਦਮੋਦਰ ਤੀਰ ਵਾਹੁ ਤਲੇਰੇ, ਪੱਤਣ ਕੋਲ੍ਹੂੰ ਆਈਆਂ । (201)

ਤਾਂ ਕਾਂਬਾਂ ਭੈਨ ਘਿੱਧੀਆਂ ਨੇ ਕੁੜੀਆਂ, ਇਹੋ ਹੁਕਮ ਕਰੇਂਦੀ ।
ਘੜੱਮ ਘੱਸਤਾ ਪੌਂਦੀ ਚੱਲੀ, ਠਮ ਠਮ ਪੈਰ ਧਰੇਂਦੀ ।
ਕਾਵੜ ਨਾਲ ਪਘਾਰਾ ਪੌਂਦਾ, ਹੱਥ ਮਰੋੜ ਪੁੜੇਂਦੀ ।
ਬੇੜੀ ਮਜਲ ਹੋਈ ਹੀਰੇ ਨੂੰ, ਕਦੋਂ ਕੁ ਉਥੇ ਵੈਂਦੀ । (202)

ਤਾਂ ਲੁੱਡਣ ਦੂਰੋਂ ਡਿਠਾ ਲੋਕਾ ਕਟਕ, ਰਬਾਣਾਂ ਆਈ ।
ਪੀਲਾ ਮੂੰਹ ਹੋਆ ਝੀਵਰ ਦਾ, ਦਿੱਤੀ ਹੀਰ ਦਿਖਾਈ ।
ਰਹੀ ਜ਼ਬਾਨ ਜਬਾਬ ਦੇਵਣ ਤੋਂ; ਗੱਲ ਨਾ ਆਵਸ ਕਾਈ ।
ਆਖ ਦਮੋਦਰ ਲੁੱਡਣ ਜਾਤਾ, ਜੁ ਮੌਤ ਅਸਾਡੀ ਆਈ । (203)

ਪੁੱਛੇ ਹੀਰ ਸੁਣ ਤੂੰ ਲੁੱਡਣ ! ਸੱਦ ਹਜ਼ੂਰ ਬੁਲਾਇਆ ।
ਕੇ ਤੈਨੂੰ ਚਿਤ ਮੋਤੇ ਕੀਤਾ, ਕਿ ਕਬਰ ਕਿਨਾਰੇ ਆਇਆ ।
ਹਿਕ ਤਾਂ ਮੈਥੋਂ ਕੋਈ ਰਾਠ ਡਢੇਰਾ ਹਿਕੇ ਤਾਂ ਤੁਧ ਲੁਝਾਇਆ ।
ਆਖ ਦਮੋਦਰ ਡਰਦੇ ਲੁੱਡਣ ਮੂੰਹੋਂ ਸੁਖ਼ਨ ਅਲਾਇਆ । (204)

ਇਹੁ ਵਲੀ ਖ਼ਸਮ ਦਾ ਪੂਰਾ, ਇਸ ਦਾ ਬੋਲਿਆ ਖ਼ਤਾ ਨਾਹੀਂ ।
ਮੰਗਿਆ ਸਵਣ ਤੁਸਾਰੇ[22] ਮੰਜੇ, ਕੀਕਣ ਨਾਂਹ ਕਰਾਈਂ ।
ਜੇ ਨਾਂਹ ਕਰੀਂ, ਤਾਂ ਤੈਥੂੰ ਡਰਦਾ, ਮਤ ਕਿਛ ਹੋ ਵੰਞੇ ਤਉਂ ਤਾਈਂ ।
ਆਖ ਦਮੋਦਰ ਲੁੱਡਣ ਏਹੋ, ਜਵਾਬ ਦਿਤਾ ਹੀਰ ਤਾਈਂ । (205)

ਭਈਏ ਮੁਈਓ ਵੈਦਾਂ ਨੇ ਹੇ ! ਕਰ ਕਰ ਪੀਰ ਸਵਾਇਆ ।
ਪੌਂਦੀ ਮਾਰ ਮੂੰਹੇ ਮੂੰਹਿ ਝਾਵੀ ਤਾਂ ਅਧਮੁਆ ਕਰਾਇਆ ।
ਰੱਤ ਵਿਰੱਤੀ ਪਿੰਡਾ ਹੋਇਆ, ਅਜੇ ਨ ਅਰਮਾਨ ਚੁਕਾਇਆ ।
ਆਖ ਦਮੋਦਰ ਧੂੱਕ ਦਿਤੇ ਈ ਲੁਡਣ ਨਈਂ ਸਿਧਾਇਆ । (206)

**ਹੀਰ ਨੇ ਕੁੜੀਆਂ ਨੂੰ ਛਮਕਾਂ ਮਾਰਣ ਦਾ ਹੁਕਮ ਦੇਣਾ**

ਕੀਤੁਸ ਹੁਕਮ ਮਾਰਿਓ ਮੰਜੇ, ਸੁੱਤਾ ਸਿਆਲੀਂ ਸੱਦਾ ਸੱਥਾ ।
ਕਾਈ ਕਾਂਬ ਨਾ ਵੰਞੇ ਜੁੰਮੇ, ਅਰਮਾਨ ਸਭੋ ਹੀ ਲੱਥਾ ।
ਰਾਂਝੇ[23] ਸੁਣ, ਮੂੰਹ ਕੀਤੁਸੁ ਨੰਗਾ, ਚੰਨਣ ਵੰਨਾਂ ਮੱਥਾ ।
ਆਖ ਦਮੋਦਰ ਕੁੱਲ ਫਹਾਈਆਂ ਜਾਲੀ ਫੜਕ ਮੁਏ ਜਲ-ਮੱਛਾ । (207)

ਬੇੜੀ ਛੋੜ, ਕੁਦਿਆ ਕੰਧੀ ਤੇ, ਡਾਕ ਮਾਰ ਫਿਰ ਆਇਆ ।
ਹੀਰ ਕੁਦੀ ਵੇਖ ਤਿੱਤੇ ਵੇਲੇ, ਬਾਹੋਂ ਪਕੜ ਨਪਾਇਆ ।
ਡਰਦਿਆ ਧੀਦੋ ਵੇਖ ਕਟਕ ਨੂੰ, ਹੱਕੋ ਉੱਛਲ ਆਇਆ ।
ਆਖ ਦਮੋਦਰ ਬਹੁ ਖੁਸ਼ ਹੋਈ, ਜਾਂ ਰਾਂਝੇ ਮੂੰਹ ਤੋਂ ਪੱਲੂ ਲਾਹਿਆ । (208)

ਜਾਂ ਧੀਦੋ ਪਲੰਘ ਤੋਂ ਟੱਪ ਖਲੋਤਾ, ਪਿੱਛੋਂ ਚੂਚਕ ਜਾਈ ਜਾਏ ।
ਪੁਛੇ ਹੀਰ, ਕੇ ਕੱਛੇ ਤੈਂਡੇ ਵਿਚ, ਮੈਨੂੰ ਗੱਲ ਦਸਾਂਹੇ ।
ਤਾਂ ਵੰਝਲੀ ਤੇ ਬੰਬੀਹਾ ਦੋਵੇਂ, ਰਾਂਝੇ ਕੱਢ ਵਿਖਾਏ ।
ਆਖ ਦਮੋਦਰ ਹੀਰ ਤਦ ਆਖੇ, ਹਿਕ ਵਾਰ ਤੂੰ ਵੰਝਲੀ ਵਾਹੇ । (209)

ਤਾਂ ਰਾਂਝੇ ਹੱਥ ਵੰਝਲੀ ਕੀਤੀ, ਕੇਹੀਆਂ ਸੁਰਾਂ ਅਲਾਈਆਂ ।
ਸੁਕਣ, ਕਾਹਿ, ਕੁਕਾਇ, ਬੰਬੂਲਾਂ, ਸੁਕਣ ਬੂਟੇ ਕਾਈਆਂ ।

---

[22]ਗ.ਸਿ.ਬੇ. ਤੇ ਡਾ. ਪ. ਸਿੰ., ਤੁਮਾਰੇ ।
[23]ਗ.ਸਿੰ.ਬੇ., ਕੁਕਾਰਾ ।

ਸ਼ੀਂਹ, ਬਿਰੇਂਡੇ, ਚੀਤੇ, ਸੋਨੀ, ਸਭ ਜ਼ਿਆਰਤ ਆਈਆਂ।
ਆਖ ਦਮੋਦਰ ਕੀਕਣ ਦਿੱਸਣ, ਜਣ ਈਦ ਦੇ ਸਿਜਦੇ ਪਾਈਆਂ। (210)

ਤਾਂ ਡਿੱਠਾ ਲੁੱਡਣ, ਜੋ ਮੈਂ ਸਿਰ ਥੀਆ, ਸੋ ਇਸ ਸਿਰ ਥੀਆ ਆਹੀ।
ਲੁੱਡਣ ਕੂਕ ਸੁਣਾਇਆ ਦੂਰੋਂ, ਹੱਥੋਂ ਕਟਕ ਰਹਾਈਂ।
ਹਿਕ ਬੰਬੀਹਾ ਤੂੰ ਬਿਆਂ ਮਗਾਏਂ, ਕੀਕੁਣ ਅਸੀਂ ਜੀਵਾਈਂ।
ਆਖ ਦਮੋਦਰ ਹੱਥੋਂ ਵੰਝਲੀ ਚਾਇ ਰੱਖੀ, ਮਤ ਖੀਵੇ ਕਾਈ ਅਜਾਈਂ। (211)

ਲੁੱਡਣ ਢੂੰਡ ਲਈ ਰਣ ਵਿਚਹੁੰ, ਮੁੱਠੀ ਭਰੇ ਤਿਵਾਈਂ।
ਲੱਧੀ ਜਾਗ, ਤਾਂ ਸਦਿਉਸ ਚਾਚਾ ਮੈਂ ਜਦਕੇ ਕੀਤੀ ਆਹੀ।
ਏਹ ਜੇਹਾ ਮਹੀਂ ਲੁੜੀਂਦਾ, ਸੋ ਮੇਲਿਓ ਆਣ ਅਸਾਹੀਂ।
ਦੇਹੋ ਦੁਇ ਮਝੀਂ ਇਤ ਵੇਲੇ ਭੈਣਾਂ, ਚਿਰ ਲਿਆਵੋ ਕਾਈ। (212)

ਲੁੱਡਣ

ਜੇ ਆਹਾ ਲਾਇਕ ਬਾਬ ਤੁਸਾਡੇ, ਤਾਂ ਮੈਂ ਪਲੰਘ ਸਵਾਯਾ।
ਮਿੰਨਤ ਮੈਂ ਕਰ ਹੁੱਟਾ ਬਹੁਤੀ, ਰਹੈ ਨ ਮੂਲ ਰਹਾਇਆ।
ਕੀਤੇ ਸੱਚ ਨ ਡਿਠੋ ਅੱਖੀਂ, ਮੈਂ ਅਣਮੁਇਆ ਕਰਾਇਆ।
ਆਖ ਦਮੋਦਰ ਸੁਣ ਧੀਏ ਹੀਰੇ ਮੈਂ ਸੌੜਾ ਵੇਗਾ ਪਾਇਆ। (213)

ਹੀਰ

ਪੁਰ ਤਕਸੀਰ, ਮੈਂ ਔਗਣਹਾਰੀ, ਮੈਂ ਭੁਲੀ ਨਾ ਸ਼ਰਮ ਤੁਸਾਹੀਂ।
ਜੇਕਰ ਬੇਟਾ ਕੰਮ ਵਿਗਾੜੇ, ਬਾਪ ਸਟੇਂਦਾ ਨਾਹੀਂ।
ਗਲ ਵਿਚ ਪੱਲੂ, ਦਸਤ ਪੈਰਾਂ 'ਤੇ, ਝੜ ਪੈਰੀਂ ਪਈ ਤਿਵਾਹੀਂ।
ਆਖ ਦਮੋਦਰ ਲੁੱਡਣ ਹੱਸੇ, ਫੜ ਲਈ ਉਸੁ ਫੇਰ ਉਤਾਹੀਂ। (214)

ਧੀਦੋ ਪਕੜ ਲੀਤੋਈ ਹੀਰੇ, ਲੈ ਕੰਧੀ ਤੇ ਆਈ।
ਤ੍ਰੈ ਸੈ ਸੱਠ ਸਹੇਲੀਆਂ ਨਾਲੇ, ਸਾਹਿਬ ਖੇਡ ਬਣਾਈ।
ਕੰਧੀ ਉਤੇ ਮਜਲਸ ਬੈਠੇ, ਧੀਦੋ ਚੂਚਕ ਜਾਈ।
ਕਾਈ ਨ ਕਿਸੇ ਨਾਲ ਬੁਲੇਂਦੀ, ਐਸੀ ਹਾਲਤ ਆਈ। (215)

ਤਾਂ ਚੋਰੀ ਵੇਖੇ ਹੀਰ ਸਿਆਲੀ, ਮੂੰਹੋਂ ਨ ਮੂਲ ਅਲਾਏ।
ਧਰਤੀ ਉੱਤੇ ਲੀਕਾਂ ਘੱਤੇ, ਆਖ ਨਾ ਮੂੰਹੋਂ ਸੁਣਾਏ।
ਅੰਦਰ ਗੱਲ ਹੰਢਾਏ ਨੀਂਗਰ, ਦਿਲ ਵਿੱਖ ਫਿਕਰ ਟਿਕਾਏ।
ਜੇ ਸੱਚ ਜਾਣਾ ਸਿਰਜਣਹਾਰਾ, ਤਾਂ ਧੀਰਾਂ ਪੱਲੂ ਪਾਏ। (216)

ਅੰਦਰ ਦੇ ਵਿੱਚ ਗੱਲ ਹੰਢਾਈ, ਮੂੰਹੋਂ ਨ ਆਖ ਸੁਣਾਈ।
ਜ਼ਿਮੀਂ ਖੁਦੇਂਦਾ ਤੇ ਤਲੇ ਤਕੇਂਦਾ, ਧਰਤੀ ਨਜ਼ਰ ਲਗਾਈ।

ਡਰਦਾ ਮੂੰਹੋਂ ਨਾ ਕੂਏ ਧੀਦੋ, ਅਜੇਹੀ ਹਾਲਤ ਆਈ ।
ਕਰੇ ਕਿਆਸ ਚਿਤ, ਫਿਕਰ ਸਹੀ ਸਚ, ਮੈਂਡੇ ਪਲੇ ਪੀਰਾਂ ਏਹਾ ਪਾਈ । (217)

ਤਾਂ ਹਿੱਕ ਬੋਲ ਉਠੀ ਸਲੇਟੀ, ਭੈਣਾਂ ਪਸਿੰਦ ਕਰੀਂਹਾ ।
ਕੇ ਵਿਸਾਹ ਸਹੀਆ ਦੰਮ ਦਾ, ਤਾਂ ਵਿੱਲ ਅਸੀ ਛੜੀਹਾਂ ।
ਨਾਹੀਂ ਇਹ ਮੁਨਾਸਬ ਅਸਾਂ, ਜੇ ਚਾਇ ਤਰੱਥਲ ਦੀਹਾਂ ।
ਹੀਰੇ ਆਖੇ ਕੰਮ ਜੇ ਹੋਵੇ, ਤਾਂ ਇਸ ਨੂੰ ਹਿਕ ਕਰੀਹਾਂ । (218)

ਤਾਂ ਦੂਜੀ ਬੋਲ ਸਨੇਹੇ ਦਿੱਤੇ, ਕੇ ਤੁਧ ਗੱਲ ਸਵਾਰੀ ।
ਲੱਜਾ ਗੱਲ ਰਣਾਇਣ ਸੰਦੀ ਸ਼ਰਮ ਨ ਕਰਣੈ ਹਾਰੀ ।
ਵੱਤ ਨਾ ਬੋਲੇਂ ਸੁਣ ਵਣ ਕੁੜੀਏ ! ਗੱਲ ਨ ਤੁੱਧ ਸਵਾਰੀ ।
ਤੁਸੀਂ ਤਾਂ ਸਭੇ ਮੰਗੀਆਂ ਹੋਈਆਂ-ਹਿੱਕਾ ਮਹੀਂ ਕੁਆਰੀ । (219)

ਤਾਂ ਵੀਰੋ ਨਾਉਂ ਡੁਮੇਟੀ ਛੋਹਿਰ, ਬੋਲ ਉਠੀ ਸਤ੍ਰਾਣੀ ।
ਸਾਉਜ਼ਾਦੀਆਂ ਤੁਸਾਂ ਲੱਜ ਗਵਾਈ, ਗੱਲ ਨ ਸੱਚ ਵਖਾਣੀ ।
ਗੰਢ ਗਹੀਰ ਗੁਲਾਮ ਕਿ ਜਾਪੇ, ਇਸ ਨੂੰ ਕੋਈ ਨ ਜਾਣੀ ।
ਤੁਸਾਂ ਸਾਊਜ਼ਾਦੀਆਂ ਬਣਦਾ ਨੀਹੇ, ਬਾਝੋਂ ਕੰਮਣਿਆਣੀ । (220)

ਤਾਂ ਰੋਂਦੀ ਹੀਰ ਨਾ ਬੋਲੇ ਵਾਤੋਂ ਜ਼ਰਾ ਬੁਲੇਂਦੀ ਨਾਹੀਂ ।
ਦੁਖ ਨ ਥੰਮੇ ਡੁਸਕੀਂ ਰੋਵੇ, ਕੋਈ ਬੁਝ ਸਕੈ ਨਾਹੀਂ ।
ਰੋਂਦੇ ਨੈਣ, ਕਰੇਂਦੀ ਜ਼ਾਰੀ ਕੈਥੂੰ ਦੁੱਖ ਵੰਡਾਈਂ ।
ਆਖ ਦਮੋਦਰ ਹੱਸੀ ਪੁੱਛੇ, ਫਿਰ ਫਿਰ ਹੀਰੇ ਤਾਈਂ । (221)

ਹੱਸੀ ਪੁੱਛੇ ਕਿਤਨੂੰ ਰੋਂਦੀ, ਦੇਹੁ ਜਵਾਬ ਅਸਾਹੀਂ ।
ਇਸ ਨੂੰ ਮਾਰ ਕਢਾਹਾਂ ਕੁੜੀਏ, ਜੇ ਆਇਓ ਭਾਣਾ ਨਾਹੀਂ ।
ਦੱਸੇ ਬਾਝਹੁ ਦੁਖ ਅਸਾਡਾ, ਕੀਕਣ ਅਸੀਂ ਬੁਝਾਹੀਂ ।
ਆਖ ਦਮੋਦਰ ਬੋਲੇ ਬਾਝਹੁੰ ਵੇਦਨ ਜਾਪੈ ਨਾਹੀਂ । (222)

ਸੁਣ ਨੀਂ ਹੱਸੀ ਕੇ ਸਮਝਾਈਂ, ਵੇਦਨ ਕੋਇ ਨਾ ਜਾਣੀ ।
ਇਸ ਗਲ ਦੀ ਮੈਂ ਮੂੰਹ ਕੇ ਆਖਾਂ, ਔਖੀ ਏਹੁ ਕਹਾਣੀ ।
ਅੰਦਰ ਜ਼੍ਹਾਦਾ ਦੁੱਖ ਅਸਾਨੂੰ, ਬੋਲ ਨਾ ਤੁਧ ਵਖਾਣੀ ।
ਬਾਬੇ ਦੀ ਸਹੁੰ ਸੁਣ ਤੂੰ ਹੱਸੀ, ਮੈਂ ਇਸ ਮਿਲਕਰ ਪੱਛੋਤਾਣੀ । (223)

ਇਤ ਬਿਧ ਕਰ ਮਿਲ ਪਛੋਤਾਣੀ, ਆਸਾਂ ਫ਼ਿਕਰ ਤਿਨ੍ਹਾਂ ਦਾ ।
ਪਿਛਲੇ ਦਿਨ ਫਿਰ ਅਗੇ ਆਣੀ, ਜੋ ਹੋਵਿਮੁ ਵਰਸਾਂਦਾ ।
ਅੰਦਰ ਸੰਦੀ ਕੈਨੂੰ ਆਖਾਂ, ਜੋਬਨ ਕਲਾਮਾਂ ਖਾਂਦਾ ।
ਜੋ ਦਿਨ ਰਾਂਝਣ ਬਾਝੋਂ ਗੁਜ਼ਰੇ, ਮੈਨੂੰ ਪਛਾਤਾਓ ਤਿਨ੍ਹਾਂ ਦਾ । (224)

ਜਿਗਰਾ ਕੱਢ ਦਿੱਤਾ ਮੈਂ ਤੈਨੂੰ, ਵੇਖੇਂ ਮਤਾਂ ਦਸਾਵੇਂ ।
ਕਦਮਾਂ ਉਤੇ ਕਦਮ ਟਿਕਾਏ, ਪਲ ਸੋਂ ਪਲਕ ਨ ਲਾਵੇਂ ।
ਖਾਓਂ ਮਰੀਓਂ ਜੇ ਇਸ ਵੰਞਾਏਂ, ਮੱਤ ਕਿਸੇ ਨੂੰ ਡਰਾਵੇਂ ।
ਆਖ ਦਮੋਦਰ ਜਾਨ ਅਸਾਡੀ, ਅੱਖੀ ਉਤੇ ਰਖਾਹੇਂ । (225)

ਪਲ ਸੋਂ ਪਲਕ ਲਏਸਾਂ ਨਾਹੀਂ, ਆਖ ਕੇ ਤੁੱਧ ਸੁਣਾਈਂ ।
ਕਦਮਾਂ ਉਤੇ ਕਦਮ ਟਿਕੈਸਾਂ, ਵਿਸਾਹ ਨ ਮੈਂ ਕਰਸਾਂਈਂ ।
ਪਾਵਾਹੇ ਆਣ ਛੜੇਹਾਂ, ਇਸ ਨੂੰ, ਅੱਸਾਂ ਤਿਸਦੇ ਤਾਈਂ ।
ਜੇ ਪਿਉ ਭਾਈ ਸਭ ਦਿਸੀਸੀ, ਤਾਂ ਪਿੱਛੋਂ ਨੱਸ ਵੈਸਾਈਂ । (226)

ਹੀਰੇ ਸਭ ਉਠਾਈਆਂ ਕੁੜੀਆਂ, ਹੱਸੀ ਦੂਰ ਬਹਾਈ ।
ਉਠਹੁ ਪੀਘਾਂ ਉਤੇ ਵੰਞਹੁ, ਇਥੇ ਬਹੁਹ ਨਾ ਕਾਈ ।
ਆਪ ਇਕੇਲੀ ਹੋਇ ਛੋਹਿਰ, ਹੱਸੀ ਦੂਰ ਬਹਾਈ ।
ਆਖ ਦਮੋਦਰ ਨੱਪ ਰੰਝੇਟਾ ਘਿੰਨ ਘਲੰਘ ਪਰ ਆਈ । (227)

ਨਾ ਕੋਈ ਆਖਹੁ 'ਹੀਰੇ' ਮੈਨੂੰ ਨਾ ਕੋਈ ਕਹੋ ਸਲੇਟੀ ।
ਜ਼ਾਤ ਸਨਾਤ ਪਛਾਣੇਂ ਨਾਹੀਂ, ਮੈਂ ਚਾਕੇ ਨਾਲ ਚਕੇਟੀ ।
ਕਦੋਂ ਚੂਚਕ ਮਾਂ ਪਿਉ ਮੈਂਡਾ ਮੈਂ ਕਦਣ ਉਨ੍ਹਾਂ ਦੀ ਬੇਟੀ ।
ਦਾਵਣ ਆਇ ਲਗੀ ਮੈਂ ਤੈਂਡੇ ਜੇ ਪਵਾਂ ਕਬੂਲ ਜਟੇਟੀ । (228)

ਤੇਰਾ ਤ੍ਰਟ ਗਇਆ ਹੀਰੇ ਦਾ, ਜੋ ਬੋਲੀ ਇਤ ਭੱਤੀ ।
ਹੋਈ ਖ਼ਾਕ ਜ਼ਿਮੀਂ ਦਾ ਲੱਕਾ, ਰਹੀ ਉਸ ਮਣੀ ਨਾ ਰੱਤੀ ।
ਗਲ ਵਿਚ ਪੱਲੂ ਦਸਤ ਪੈਰਾਂ ਤੇ, ਇਸ਼ਕ ਮਚਾਈ[24] ਮੱਤੀ ।
ਜਿਉਂ ਪੀਰਾਂ ਰਾਂਝੇ ਨੂੰ ਰੱਤਾ ਤਿਉਂ ਹੀਰ ਰੰਝੇਟੇ ਰੱਤੀ । (229)

ਬੋਹੜ, ਪਿੱਪਲ, ਅਵਰ ਸਗੀਹਾ, ਉਥੇ ਸੱਥ ਬਬਾਣੀ ।
ਹੌਲੀ ਟੁਰੇਂ, ਤੇ ਮਿੱਠਾ ਬੋਲੇਂ ਪਹਿਲੋਂ ਮੰਗੇ ਪਾਣੀ ।
ਮੂੰਹ ਤੇ ਢਾਲ ਦੇਵੇਂ ਲੜੀ ਲੁੰਡੀ, ਗੱਲ ਨ ਬਹੁਤ ਬਖਾਣੀ ।
ਇਹ ਨਸੀਹਤ ਕਰ ਉਠ ਸਲੇਟੀ, ਅੱਗੇ ਆਪ ਸਿਧਾਣੀ । (230)

## ਹੀਰ ਦੀਆਂ ਮਾਊਂ ਨਾਲ ਗੱਲਾਂ

ਮਾਏ ਨੀ ਮੈਂ ਚਾਕ ਲਧੋਈ, ਨਿੱਤ ਉੱਠ ਮੱਝੀ ਚਾਰੇ ।
ਬਰਕਤ ਜੈਂਦੀ ਘਾਹੁ ਨਾ ਸੁੱਕੇ, ਮੱਝ ਨ ਕੱਟੀ ਹਾਰੇ ।
ਰੋੜਾ ਮੂਲ ਨ ਲਗੇ ਕਦਾਹੀਂ, ਸਾਵਣ ਵੱਸਣ ਫੁਹਾਰੇ ।
ਅਜੇਹਾ ਚਾਕ ਲਧੰਸੀ ਮਾਏ ! ਅੱਗੇ ਬਖ਼ਤ ਤਿਹਾਰੇ । (231)

[24]ਡਾ. ਪ. ਸਿੰ., ਇਸ਼ਕ ਵੰਞਾਈ ਮੱਤੀ ।

ਰਾਂਝਾ ਆਇਆ ਝੰਗ ਸਿਆਲੀਂ, ਮਿਲਿਆ ਚੂਚਕ ਤਾਈਂ ।
ਚੂਚਕ ਖ਼ਾਨ ਸੱਥ ਵਿਚ ਬੈਠਾ, ਆਇ ਰਾਂਝੇ ਧੌਣ ਨਿਵਾਈ ।
ਸਭੇ ਸਿਆਲ ਪੁੱਛਣ ਉਠ ਲੱਗੇ, ਕਿੱਦੋਂ ਆਇਓਂ ਭਾਈ ।
ਆਖ ਦਮੋਦਰ ਤਾਂ ਚੁੱਪ ਕੀਤੇ ਰਾਂਝੇ ਢੂਹ ਜੁ ਲਾਈ । (232)

ਆਖ ਸਨੇਹੇ ਪਾਂਧੀ ਮੈਂਕੂੰ, ਤੂੰ ਆਇਓਂ ਕੇਹੜੇ ਥੈਂਹੋਂ ।
ਸਭ ਸੰਦੇਸਾ ਦੇਸਾਂ ਲੱਗਾ, ਜੇ ਤੁਸੀਂ ਜਰਾ ਜਲੇਹੋਂ ।
ਪੇਟੋਂ[25] ਭੁੱਖਾ, ਤਰੇਹ ਆਜਜ਼ ਕੀਤਾ, ਆਇਆ ਦੇਹੁ ਬਿਦੇਹੋਂ ।
ਆਖ ਦਮੋਦਰ ਚੂਚਕ ਸਦ ਕੀਤਾ, ਜੁ ਹੀਰੇ ਪਾਣੀ ਦੇਹੇ । (233)

ਲੂੱਗੇ ਦੁੱਧ, ਤੇ ਨੰਗੇ ਮੱਖਣ, ਬਾਬਲ !, ਮੈਂਡੇ ਕੋਲ ਨਾ ਕੋਈ ।
ਬਿੱਲੀਆਂ, ਕੁੱਤੇ ਬਹੁਤੇ ਫਿਰਦੇ, ਆਵਣ ਮਹੀਂ ਨਾ ਹੋਈ ।
ਜੂਠਾ ਮਿੱਠਾ ਟੁੱਕਰ ਬਹੁਤਾ, ਕੱਮੀਂ ਨਾਹੀਂ ਕੋਈ ।
ਅੰਦਰ ਭੇਜ ਦੇਹੋ ਤੁਸੀਂ, ਹੁਣ ਜੋ ਬਾਹਰੋਂ ਆਇਆ ਕੋਈ । (234)

ਅੱਗੇ ਹੀਰ ਨੇ ਚੂਰੀ ਕੁੱਟੀ, ਉੱਤੇ ਖੰਡ ਰਲਾਈ ।
ਰੱਤਾ ਪਲੰਘ ਵਿਛਾਇਆ ਛੋਹਿਰ, ਘੱਤ ਸੁਪੈਦ ਤੁਲਾਈ ।
ਘਿਉ ਮੈਦਾ ਤੇ ਸ਼ੱਕਰ ਰੋਟੀ, ਦੁੱਧ ਮਲਾਈ ਪਾਈ ।
ਪੱਖਾ ਲੈਕਰ ਹੱਥ ਖਲੋਤੀ, ਰਾਂਝੇ ਨੂੰ ਖਲਵਾਈ । (235)

ਪੂਣੀ ਤੇ ਧਰ ਪੂਣੀ ਲੈਕਾ ਸਲੇਟੀ ਸ਼ਗਨ ਕਰੇਂਦੀ ।
ਲੱਸੀ ਹੱਥ ਤੇ ਪਾਏ ਬੂੰਦਾਂ, ਪੱਲੂ ਗਲ ਪਏਂਦੀ ।
ਲੋਹੇ ਮੇਖ ਜਹਾਨ ਚੌਬੇੜੀ ਇਹ ਮੈਂ ਰਈਯਤ ਤੈਂਡੀ ।
ਲੱਜਾ ਮੈਂਡੀ ਤੁੱਧ ਗਲ ਰਾਂਝਣ, ਮੈਂ ਸਦਕਾ ਤੈਥੋਂ ਵੈਂਦੀ । (236)

ਉਠ ਕਰ ਰਾਂਝਾ ਹੀਰੇ ਪਾਸਹੁੰ, ਪਾਸ ਚੂਚਕ ਦੇ ਆਇਆ ।
ਆਖੇ ਚੂਚਕ ਰਾਂਝੇ ਤਾਂਹੀਂ, ਪਿੱਛੋਂ ਕਿੱਦੋਂ ਆਇਆ ।
ਬਾਝਹੁੰ ਕਜ਼ੀਏ ਵਤਨ ਕਾ ਤਜਿਆ, ਵੀਰਾਂ ਬਹੁਤ ਦੁਖਾਇਆ ।
ਆਖ ਦਮੋਦਰ ਚੂਚਕ ਪੁੱਛੇ, ਤੂੰ ਪੁੱਤਰ ਕਿਸਦਾ ਜਾਇਆ । (237)

ਤਖ਼ਤ ਹਜ਼ਾਰਾ ਰਾਂਝਿਆਂ ਵਾਲਾ, ਮੈਂ ਚਲ ਤਿੱਥੋਂ ਆਇਆ ।
ਜ਼ਾਤ ਰੰਝੇਟਾ, ਨਾਉਸੁ ਧੀਦੋ, ਮੌਜਮ ਸੰਦਾ ਜਾਇਆ ।
ਮੌਜਮ ਮੁਆ ਮੁਹੱਬਾ ਚੁੱਕਾ, ਭਾਈਆਂ ਬਹੁਤ ਦੁਖਾਇਆ ।
ਮਾਰਨ ਕਾਰਣ ਮਤਾ ਕੀਤੋਨੇ, ਮੈਂ ਤੱਕ ਤੁਸਾਨੂੰ ਆਇਆ । (238)

---

[25]ਗ. ਸਿ. ਬੇ. ਤੇ ਡਾ. ਪ. ਸਿ., ਪੇਟਹੁ ਭੁੱਖਾ ਤ੍ਰੇਹੋਂ ਆਜਜ਼ ਕੀਤਾ ।

ਚੰਗਾ ਕੀਤੋਂ ਆਇਓਂ ਮੈਂਥੇ, ਅੱਖੀਂ ਉਤੇ ਰਖਾਈਂ ।
ਉਠ ਘੋੜੇ ਮੈਂ ਤੈਕੂੰ ਦੇਵਾਂ, ਔਰ ਮੱਝੀਂ ਤੇ ਗਾਈਂ ।
ਦੇਸਾਂ ਖੂਹ ਸਿਲਾਬ ਬੰਨੇ, ਦੇਵਾਂ ਕਿੱਤੀ ਵਾਹੀ।
ਆਪੇ ਗੱਡ ਤੇ ਆਪੇ ਚਾਏਂ ਹਾਕਮ ਦੇਖਣ ਦੇਸਾਂ ਨਾਹੀਂ ।
ਭਲਾ ਕੀਤੋਈ ਜੇ ਤੂੰ ਆਇਓਂ ਰਾਜ਼ੀ ਹੋਇ ਅਸੀਂ ਆਹੀ।
ਉਹ ਸਾਹਿਬ ਸਭਸੇ ਦੇਵਣ ਜੋਗਾ ਕਿਸੇ ਅੜੰਦਾ ਨਾਹੀਂ । (239)

**ਰਾਂਝਾ**

ਸੋਨਾ ਰੁੱਪਾ, ਮਾਲ ਖਜੀਨਾ, ਢੁੱਕਣ ਸੱਤੇ ਪਾਹੀਂ ।
ਤੂੰ ਸਭ ਕਿਛ ਹੈਂ ਦੇਵਨ ਜੋਗਾ, ਕਿਤੇ ਅੜੀਦਾ ਨਾਹੀਂ ।
ਜੋ ਮੰਗਸਾਂ ਸੋ ਦੇਸੇਂ ਤੂੰਹੇਂ, ਜਾਤਾ ਸਹੀ ਅਸਾਹੀਂ ।
ਜੇ ਤੂੰ ਰਾਜ਼ੀ ਰੱਖਣ ਉੱਤੇ, ਤਾਂ ਮੱਝੀਂ ਦੇਹੁ ਚਰਾਈਂ । (240)

ਤਾਂ ਸੁਣ ਚੂਚਕ ਚੁਪ ਹੋਤੀ, ਯਾਰੋ । ਇਹ ਨਲਾਇਕ ਕੋਈ ।
ਜਿਮੀਂਦਾਰੀ ਖ਼ੁਸ਼ ਨਾ ਕੀਤੀ, ਚਾਕਾਂ ਕੰਮ ਭਣੇਈ ।
ਦੇ ਰਹਿਉਸ ਘੋੜੀ, ਉਠ ਜੋੜਾ, ਮੂਲ ਨ ਮਨੈਂਦਾ ਕੋਈ ।
ਆਖ ਦਮੋਦਰ ਸੁਣ ਕਰ ਚੂਚਕ, ਦਿਲ ਵਿਚ ਫ਼ਿਕਰ ਕੀਤੋਈ । (241)

**ਚੂਚਕ**

ਆਖੇ ਖ਼ਾਨ ਸੁਣ ਮੀਆਂ ਰਾਂਝਾ ! ਤੈਕੂੰ ਮੱਤ ਦਿਵਾਈਂ ।
ਦੇਵਾਂ ਘੋੜੀ ਤੇ ਦੋਇ ਉਠ, ਇਹ ਸਿਰੁਪਾਉ ਤੁਸਾਹੀਂ ।
ਕੰਮ ਨਾ ਚਾਕਾਂ ਸੰਦਾ ਚੰਗਾ, ਚਾਰਨ ਮੱਝੀਂ ਗਾਈਂ ।
ਦੇਕਰ ਬੇਟਾ ਨਾਲ ਤੁਸਾਡੇ, ਇਜ਼ਤ ਨਾਲ ਚਲਾਈਂ । (242)

**ਰਾਂਝਾ**

ਆਇਆ ਤੱਕ ਤੁਸਾਡੀ ਸਾਮੈਂ, ਨਾ ਫਿਰ ਘਰਾਂ ਨੂੰ ਜਾਈਂ ।
ਗਲੀਆਂ ਕੱਖ ਅਸਾਡੇ ਵੈਰੀ, ਚੰਗਾ ਜਾਵਣ ਨਾਹੀਂ ।
ਕੇਤੀ ਤੈਂਡੇ ਪਿਛੇ ਖਾਂਦੀ, ਕਮੀਂ ਕਿਸੇ ਨੂੰ ਨਾਹੀਂ ।
ਆਖ ਦਮੋਦਰ ਮੂਲ ਨ ਭਉ ਕਰੁ ਦੇਦੇ ਖੂੰਡੀ ਮਹੀਂ ਚਰਾਈ । (243)

**ਚੂਚਕ ਦੀ ਭਰਾਵਾਂ ਨਾਲ ਸਲਾਹ**

ਤਾਂ ਚੂਚਕ ਫਿਰ ਮਤਾ ਪਕਾਯਾ, ਸੱਦੇ ਵੀਰ ਤਦਾਹੀਂ ।
ਮੌਜਮ ਦਾ ਪੁੱਤ[26] ਛੱਡ ਹਜ਼ਾਰਾ, ਆਇਆ ਤੱਕ ਅਸਾਹੀਂ ।

---

[26]ਗ. ਸਿੰ. ਬੇ. ਦਾ ਮੌਜਮ, ਪੁੱਤਰ ਛੱਡ ਹਜ਼ਾਰਾ ।

ਦੇ ਰਹਿਉਸ ਘੋੜੀ, ਉਠ ਜੋੜਾ, ਮੂਲ ਮਨੇਂਦਾ ਨਾਹੀਂ ।
ਆਖੇ ਭਾਈ ਕੀਕਣ ਕੀਚੇ, ਬਿਨ ਮਝੀਂ ਚਾਰਨ ਤਾਈਂ । (244)

ਗੱਸੇ ਵਿਚ ਸਦਾਇਆ ਅਸਾਂ, ਮਸਲਤ ਏਹੁ ਕਰੇਂਦਾ ।
ਅਸਾਂ ਜਾਤਾ ਅਜ ਕਲ ਕੋਈ ਜੋ ਤੂੰ ਸ਼ਹਿਰ ਮਰੇਂਦਾ ।
ਧੁਪ ਨਾਲ ਧੌਲੀ ਦਾੜ੍ਹੀ ਹੋਈਆ, ਦੁਧ ਵਾਤੇ ਨੂੰ ਮੰਵ੍ਹ ਦੇਂਦਾ ।
ਆਖ ਦਮੋਦਰ ਮਸਤੀ ਤੈਨੂੰ, ਮਝੀਂ ਜਾਣ ਵੰਝੇਂਦਾ । (245)

ਭਾਈ ਮੈਂ ਕਰ ਥੱਕਾ ਮਿਨਤ ਬਹੁਤੇਰੀ, ਮੂਲੇਂ ਹੱਥ ਨ ਆਵੇ ।
ਸਰਪਰ ਚਾਰਨ ਮੱਝੀਂ ਮੰਗੇ, ਹੋ ਨ ਇਸ ਨੂੰ ਭਾਵੇ ।
ਸੂਰਤ ਇਸ ਦੀ ਵੇਖ ਨ ਭੁੱਲੋ ਚਾਕਾਂ ਕੰਮ ਹਿਤਾਵੇ ।
ਜੋ ਕੁਝ ਆਖੇ ਸੋਈ ਕੀਚੈ, ਜੋ ਹੋਇ ਅਸਾਂ ਥੀਂ ਆਵੇ । (246)

ਚਾਕ ਚੌਰਾਸੀ ਸ਼ਹਿਰ ਤੇਰੇ ਵਿਚ, ਖ਼ਿਜਮਤ ਏਹ ਕਰੀਹਾਂ ।
ਜਿਦੇ ਖੁੱਭੜ ਹੋਵੈ ਛੱਪੜ ਤਿਦੇ ਖਪਾਉ ਮਰੀਂਹਾ ।
ਇਕ ਵੀ ਵਹਿਣ ਲੁੜ ਵੰਞਨ ਜਿਦੇ, ਖੱਪੇ ਬੰਦ ਕਰੀਹਾਂ ।
ਆਖ ਦਮੋਦਰ ਇਸੇ ਰਉਂਸੇ ਗਲੋਂ ਕਲੰਕ ਚੁਕੀਹਾਂ । (247)

ਤਾਂ ਆਖੇ ਖ਼ਾਨ ਰੰਝੇਟੇ ਤਾਈਂ, ਤੈਨੂੰ ਮੰਗੂ ਦੇਂਦੇ ।
ਮਿੱਠਾ ਟੁੱਕਰ, ਸੰਝ ਸਬਾਹੀ, ਤੈਨੂੰ ਸੋਣ ਕਰੇਂਦੇ ।
ਜੁਮੇਂਰਾਤ ਦੇ ਦਿਹੁੰ ਤੁਸਾਨੂੰ, ਮੱਝੀਂ ਸਾਥ ਟੁਰੇਂਦੇ ।
ਆਖ ਦਮੋਦਰ ਰਾਂਝੇ ਤਾਈਂ, ਚੂਚਕ ਏਹੁ ਫੁਰਮੇਂਦੇ । (248)

ਤਾਂ ਇਹੁ ਪਸਿੰਦ ਕਰੇਂਦੇ ਸਾਊ ਇਉਂ ਕਰ ਖ਼ਾਨ ਬਣਾਈ ।
ਕੜ੍ਹਿਆ ਦੁੱਧ ਵਿਚ ਸ਼ੱਕਰ ਰੋਟੀ, ਮੈਦੇ ਸੰਦੀ ਪਾਈ ।
ਸੱਦਿਆ, ਧੀਦੋ ਘਿੰਨ ਨਿਵਾਲਾ, ਕੁਲ ਕਬੀਲੇ ਭਾਈ ।
ਆਖ ਦਮੋਦਰ ਖਾਵਣ ਬੈਠਾ ਤਾਂ ਅਜਮਤ ਚਾਕ ਵਿਖਾਈ । (249)

ਪਹਿਲਾ ਘਿੰਨ ਨਿਵਾਲਾ ਧੀਦੋ, ਸਹੀ ਸਲਾਮਤ ਖਾਇਓ ।
ਬੀਆ ਕਹੁਰ ਨਾ ਕਹੁਰਾਂ ਜੇਹਾ, ਬਹੁਤਾ ਕਾਵੜ ਆਇਓ ।
ਤਰਸ ਨ ਕੀਤੋ ਸਾਹਿਬ ਸੰਦਾ, ਮੈਂ ਗ਼ਰੀਬ ਕਰ ਪਾਇਓ ।
ਆਖੇ ਧੀਦੋ ਮੰਦਾ ਕੀਤੋ ਖ਼ਾਨਾ ! ਮੱਝ ਤ੍ਰਈ ਦਾ ਦੁੱਧ ਪਿਲਾਇਓ । (250)

ਤਾਂ ਇਹ ਸੁਣ ਖ਼ਾਨ ਹੈਰਾਨੀ ਲੱਗੀ, ਜਾਂ ਇਸ ਈਂਵ ਅਲਾਇਆ ।
ਕੇ ਕੋਹੁ ਪੀਰ, ਕਿ ਵਲੀ ਸਚਾਵਾ, ਆਖਿਆ ਗ਼ੈਬ ਸੁਣਾਇਆ ।
ਕੇ ਇਸ ਕੋਈ ਖ਼ਾਬ ਲਧੋਈ, ਕੇ ਕੋਈ ਸੁਪਨਾ ਪਾਇਆ ।
ਆਖ ਦਮੋਦਰ ਕਹਿਦਾ ਚੂਚਕ, ਫਿਰ ਧੀਦੋ ਨੂੰ ਅਜ਼ਮਾਇਆ । (251)

ਕੀਕੁਰ ਤ੍ਰਈ ਜਾਤੀ ਧੀਦੋ, ਸੁਣਕੇ ਹੈਰਤ ਆਈ ।
ਲੱਧੇ ਖ਼ਾਬੇ ਕਿ ਅਜ਼ਮਤ ਕੀਤੀ, ਕੇ ਕਹੀਂ ਆਖ ਸੁਣਾਈ ।
ਅਜਾਂ ਉਮਰ ਵੰਞਾਈ ਨਾਲ ਮਹੀਂ ਦੇ, ਅਜਾਂ ਨ ਅਟਕਲ ਆਈ ।
ਆਖ ਸੁਣਾਇ ਸਿਫ਼ਾਂਤ ਕੀਵੇਂ, ਖਾਨ ਨੇ ਗਲ ਪੁਛਾਈ । (252)

ਤ੍ਰੀਜੇ ਸੂਏ ਤੇ ਰੰਗ ਰੱਤੀ, ਮੱਥੇ ਫੁੱਲੀ ਨਾਹੀਂ ।
ਕੱਟੀ ਛੀ ਮਾਹ ਦੀ ਸੱਟੀ, ਮਾਝੀ ਗਇਆ ਕਿਦਾਈਂ ।
ਖਾਧੀ ਜੇਰ ਸੜੀ ਵਿਚ ਬੇਲੇ ਨਾ ਕੋ ਖ਼ਸਮ ਨਾ ਸਾਈਂ ।
ਤਿਸ ਦਾ ਦੁੱਧ ਪਿਵਾਇਓ ਮੈਨੂੰ, ਅਜੇ ਨ ਗੜ੍ਹੀ ਕਿਥਾਈਂ । (253)

ਕੇ ਇਹੁ ਪੀਰ ਕੇ ਵਲੀ ਸਚਾਵਾ, ਅਜ਼ਮਤ ਕੀ ਰੁਸ਼ਨਾਈ ।
ਬਿਨ ਬੋਲੇ, ਬਿਨ ਆਖੇ ਬਾਝੋਂ, ਜ਼ਾਹਿਰ ਕਲਾ ਦਿਖਾਈ ।
ਹਭਨਾ ਨੋਂ ਹੋ ਗਈ ਤਸੱਲਾ, ਬਹੁ ਹਭਨਾ ਹਿਤ ਆਈ ।
ਆਖ ਦਮੋਦਰ ਨਿਸ਼ਾ ਹੋਈਆ ਨੇ, ਇਹੁ ਚਰੈਸੀ ਭਾਈ । (254)

ਰਾਜੀ ਰਾਠ ਹੋਏ ਸਭ ਗੱਲੀਂ, ਸਭਣਾਂ ਏਹੋ ਭਾਇਆ ।
ਇਹ ਸੁਣ ਸ਼ਾਦੀ ਕੀਤੀ ਚੂਚਕ, ਟੰਮਕ ਢੋਲ ਧਰਾਇਆ ।
ਸੁਣਿਹੋ ਯਾਰੋ ਸੁਣੇ ਭਿਰਾਵੋ, ਮੈਂ ਚਾਕ ਨਵੇਲਾ ਪਾਇਆ ।
ਆਖ ਦਮੋਦਰ ਸੁਣਕਰ ਟੰਮਕ, ਆਲਮ ਉੱਛਲ ਆਇਆ । (255)

ਪਛਤਾਓ ਕਰੇਂਦਾ ਆਲਮ, ਜੈਂ ਕਹੀਂ ਨਦਰੀਂ ਆਇਆ ।
ਇਹ ਮਹਿਤਾਬ ਦਿਸੀਂਦਾ ਸਾਊ, ਕਿਸੇ ਲੇਖੇ ਆਣ ਫਹਾਇਆ ।
ਆਖਣ ਕੁੜੀਆਂ, ਮਿਲੇ ਅਸਾਨੂੰ, ਰੱਖੀਏ ਸਿਰ ਕਰ ਸਾਇਆ ।
ਆਖ ਦਮੋਦਰ ਅਸਾਂ ਕੇ ਹੋਆ, ਚਾਕ ਭਿਲਾੜਾ ਆਇਆ । (256)

ਖੂੰਡੀ ਚੁੰਮ ਚਲਾਇਆ ਮੰਡੂ, ਬੇਲੇ ਵੜਿਆ ਆਈ ।
ਟੋਆ ਖੱਟ ਥਲਾ ਹਿੱਕ ਕੀਆ, ਨਾਲੋਂ ਧੁਈਂ ਪਾਈ ।
ਮੰਡੂ ਛੇੜ, ਬੇਲੇ ਵਿਚ ਵੜਿਆ, ਜਲੂੰਰ ਰਾਂਝੇ ਪਾਈ ।
ਆਖ ਦਮੋਦਰ ਤਦੋਂ ਰਾਂਝੇ, ਰਹਿਣ ਕੀਤੋਈ ਭਾਈ । (257)

ਗਿਰਦੇ ਚਾਕ ਕਰੇਂਦੇ ਵੱਤਨ, ਜੋ ਚੂਚਕ ਫ਼ਰਮਾਇਆ ।
ਦੇ ਵਲ ਘੇਲ ਗਹੇਂਦੇ ਬੇਲਾ, ਮਨ ਮਹਿੰ ਫ਼ਿਕਰ ਟਿਕਾਇਆ ।
ਵੇਖਹੁ ਬੇਮੁਣੀਆਦਾ, ਹਭਣਾਂ ਮਾਰਣ ਚੰਗਾ ਭਾਇਆ ।
ਆਖ ਦਮੋਦਰ ਬੇਲੇ ਦੇ ਵਿਚ ਚਾਕਾਂ ਮੰਡੂ ਵਹਾਇਆ । (258)

ਜਾਂ ਦਿਹੁੰ ਗੁਜ਼ਰਿਆ ਤ੍ਰਕਾਲਾਂ ਪਈਆਂ, ਮਨ ਮਹਿ ਫ਼ਿਕਰ ਹੰਢਾਇਆ ।
ਸਿਆਲ ਤਕੇਂਦੇ ਹੋਸਨ ਪੈਂਡਾ: ਰਾਂਝੇ ਕਿਉਂ ਚਿਰ ਲਾਇਆ ?

ਜਲੂਰ ਛੋੜ, ਸਦੀਹਾਂ ਮੰਡੂ, ਮਤ ਖ਼ਸਮਾਂ ਮੰਦਾ ਭਾਇਆ ।
ਆਖ ਦਮੋਦਰ ਚੜ੍ਹ ਟਾਲ੍ਹੀ ਤੇ ਧੀਦੋ ਰਾਗ[27] ਉਠਾਇਆ । (259)

ਚੜ੍ਹ ਧੀਦੋ ਵੰਝਲੀ ਜਦ ਵਾਹੀ, ਕੇਹੀਆਂ ਸੁਰਾਂ ਉਠਾਈਆਂ ।
ਸ਼ੀਂਹ, ਬਿਰੰਡੇ, ਚੀਤੇ ਮੋਨੀ, ਸਭ ਜ਼ਿਆਰਤ[28] ਆਈਆਂ ।
ਅਜ਼ਗਰ, ਨਾਗ, ਚਟੇਇਨ ਪਿੰਡਾ, ਸਹੀਅੜ ਮੋਨੀ ਸਾਈਆਂ ।
ਸੁਣ ਕਰ ਮੇਹੀਂ ਕੰਨ ਫੜਕੇ ਨਾ ਵਾਤ ਕਤੋਹੀ ਪਾਈਆਂ ।
ਆਖ ਦਮੋਦਰ ਕੀਕਣ ਧੀਰਨ ਗੋਪੀਆਂ ਕ੍ਰਿਸ਼ਨ ਬੁਲਾਈਆਂ । (260)

ਤਬਮੇਹੀਂ, ਸ਼ੀਂਹਬਿਰੰਡੇ, ਚੀਤੇ, ਮੋਨੀ, ਅੰਤ ਨਾ ਜਾਵੇ ਪਾਇਆ ।
ਜੱਲੂਰ ਛੋੜ ਦਿੱਤੀ ਰੰਙੇਟੇ, ਧਰਤੀ ਉਤੇ ਆਇਆ ।
ਸ਼ੀਹਾਂ ਦੇ ਸਿਰ ਹੱਥ ਫਿਰੇਂਦਾ, ਬਹੁਤ ਦਿਲਾਸਾ ਲਾਇਆ ।
ਸਾਨੂੰ ਕੋ ਦਿਨ ਭਾਈ ਸੁਣਿਹੋ, ਕਿਸਮਤ ਆਣ ਬਹਾਇਆ । (261)

ਚਲਿਆ ਚਾਕ ਸਾਥ ਲੈ ਮੰਡੂ, ਸਾਊ ਖਲੇ ਤਕੇਂਦੇ ।
ਕਵਣ ਕਜ਼ਾਇ ਅਵੇਲਾ ਥੀਆ, ਥੱਕੇ ਸਭ ਉਡਕੇਂਦੇ ।
ਧੂੜ ਅਕਾਸ਼ ਚੜ੍ਹੀ ਪਲ ਅੰਦਰ, ਜਾਂ ਇਦੋਂ ਮੰਡੂ ਵੰਦੇ ।
ਅਪਣੇ ਘਰ ਵੰਝ ਵੜੀਆਂ ਮੱਝੀਂ, ਤਾਂ ਸਾਊ ਸਭ ਚੁਏਂਦੇ । (262)

ਭਾਂਡੇ ਲੈਕਰ ਚੋਇਣ ਆਏ, ਤਾਂ ਅਜ਼ਮਤ ਚਾਕ ਵਿਖਾਏ ।
ਭਾੜੇ ਵਾਲੀ ਨਾ ਮੰਗੇ ਭਾੜਾ, ਹੱਥ ਨ ਪੈਰ ਹਿਲਾਏ ।
ਕੱਟੀ ਵਾਲੀ ਚਿੱਤ ਨ ਕੱਟੀ, ਆਪੇ ਖਲੀ ਚੁਆਏ ।
ਜੋ ਖੱਟਰ ਮਿਲ ਆਪ ਖਲੋਤੀ, ਚੜ੍ਹਦੇ ਰੰਗ ਸਵਾਏ ।
ਆਖ ਦਮੋਦਰ ਇਹੁ ਡਿੱਠਾ ਰਾਠਾਂ, ਸਭ ਚੂਚਕ ਪੈ ਆਏ । (263)

ਤਾਂ ਪਈ ਕੂਕ ਵਿਚ ਝੰਗ ਸਿਆਲਾਂ, ਚਾਕ ਨਾ ਮੂਲ ਛੜੀਹਾਂ ।
ਜਾਂ ਜਾਂ ਆਸ ਹਯਾਤੀ ਹੋਵੇ, ਤਾਂ ਤਾਂ ਸਭ ਕਿਛ ਦੀਹਾਂ ।
ਇਹ ਵਲੀ ਹੈ ਪੂਰਾ ਸੂਰਾ, ਅਜ਼ਮਾਏ ਦਾ ਕਿਆ ਅਜ਼ਮੀਂਹਾ ।
ਆਖ ਦਮੋਦਰ ਚਾਕ ਸਚਾਵਾ, ਵਿਸਾਹ ਨ ਇਸੇ ਕਰੀਹਾਂ । (264)

ਚਤਾਇ ਲੈ ਆਇਆ ਮੱਝੀਂ ਧੀਦੋ, ਚਾਕਾਂ ਭਲੀ ਨ ਭਾਈ ।
ਕੀਕਰ ਛਿੜਸੀ ਰਾਤ ਰੰਝੇਟਾ, ਸ਼ੀਹਾਂ ਘੁੰਮਰ ਪਾਈ ।
ਅਜ਼ਗਰ ਨਾਗ ਡਸੇਂਦੇ ਭਾਰੇ, ਲੈ ਪੈਰ ਧਰੇ ਉਤ ਜਾਈ ।
ਆਖ ਦਮੋਦਰ ਸਭਨਾਂ ਚਾਕਾਂ ਏਹੋ ਮਤਾ ਪਕਾਈ । (265)

---

[27] ਗ. ਸਿ ਬੇ ਤੇ. ਡਾ. ਪ. ਸਿੰ., ਤਾਂ ਕਰ ।

[28] ਗ ਸਿ. ਬੇ ਤੇ. ਡਾ. ਪ. ਸਿ., ਜ਼ਾਰਤ ।

ਨਾਲ ਨਿਮਾਸ਼ੇ ਮੜੀਂ ਤਾਈਂ, ਰਾਂਝਾ ਵਸਤੀ ਆਇਆ।
ਵੰਝਲੀ ਮਾਰ ਸਦਾਵੇ ਮੰਝੂ, ਚੇਟਕ ਧੀਦੋ ਲਾਇਆ।
ਸੁਣ ਮੇਹੀਂ ਸਰੋਦ ਸਚਾਵਾ, ਚੱਲਣ ਤੇ ਚਿਤ ਚਾਇਆ।
ਆਖ ਦਮੋਦਰ ਕੀਕਣ ਧੀਰਨ ਗੋਪੀਆਂ ਕਾਹਨ ਬੁਲਾਈਆਂ। (266)

ਵੰਝਲੀ ਮਾਰ ਸੁਣਾਈ ਧੀਦੋ, ਮੇਹੀਂ ਸਭ ਰਿਝਾਈਆਂ।
ਮਹਰਕ ਤ੍ਰੋੜਨ ਕਤਹੁੰ ਨਾ ਧੀਰਨ, ਚੱਲਣ ਤੇ ਸਧਰਾਈਆਂ।
ਪੈਂਖੜ ਤ੍ਰੋੜ ਧਿੜਾਂਣੇ ਜੁਲੀਆਂ, ਰਹਿਣ ਨਾ ਮੂਲ ਰਿਹਾਈਆਂ।
ਆਖ ਦਮੋਦਰ ਕੀਕਣ ਧੀਰਨ, ਗੋਪੀਆਂ ਕਾਹਨ ਬੁਲਾਈਆਂ। (267)

ਮੰਝੂ ਲੈ ਚਲਾਇਆ ਧੀਦੋ, ਘਿੰਨ ਸਵੇਲੇ ਆਇਆ।
ਰੱਸਾ ਵੱਟ ਬਣਾਈ ਜੱਲ੍ਹਰ, ਉਪਰ ਆਸਣ ਲਾਇਆ।
ਅਉਭੜ ਢੰਗ ਬੇਲਾ ਬਹੁ ਘਾਟਾ, ਮੰਝੂ ਵਿਚ ਗੜਾਇਆ।
ਆਖ ਦਮੋਦਰ ਪਸ਼ੂ ਪਰਿੰਦੇ, ਧੀਦੋ ਸਭਨਾਂ ਭਾਇਆ। (268)

ਮਿਲਮਿਲ ਚਾਕਾਂ ਮਸਲਤ ਕੀਤੀ 'ਅਸੀਂ ਏਹੁ ਚਾਕ ਮਰੀਹਾਂ।
ਅੱਧੀ ਰਾਤੀਂ, ਕੋੜੇ ਸੁੱਤੇ ਇਸ, ਕੱਪ ਨਈਂ ਸਟੀਹਾਂ।
ਕਿਹੜੇ ਲਸ਼ਕਰ ਚੜਸਨ ਪਿੱਛੋਂ, ਜੇ ਅਸੀਂ ਤਹੰਬਲ ਦੀਹਾਂ।
ਟੁੱਕਰ ਖੱਸ ਚਕੇਰੇ ਲੀਤਾ, ਅਸੀਂ ਗਲੋਂ ਕਲੰਕ ਚੁਕੀਹਾਂ। (269)

ਮਾਰਨ ਮਸਲਤ ਚਾਕਾਂ ਕੀਤੀ ਬੁਰੀਆਂ ਨੀਤਾਂ ਚਾਹੀਆਂ।
ਸ਼ਸਤਰ[29] ਤੇਜ਼ ਅਰੰਭ ਕੀਤੋਨੇ, ਚੋਰੀ ਘਿੰਨ ਸਰਵਾਹੀਆਂ।
ਕਾਲੀ ਰਾਤ ਫੁਹਾਰ ਵਸੰਦੀ, ਮੋਢੇ ਤੇ ਰਖ ਚਾਈਆਂ।
ਆਖ ਦਮੋਦਰ ਬੇਲੇ ਆਏ, ਜਣੇ ਚੋਰਾਸੀ ਸਾਈਆਂ। (270)

ਆਦਮੀ ਭੇਜ ਕੇ ਸਹੀ ਕੀਤੋਨੇ, ਬੈਠਾ ਧਿਆਨ ਲਗਾਏ।
ਧੂਹ ਮਿਆਨੋਂ ਤੇਗਾਂ ਕੱਢੀਆਂ, ਐਲੀ ਐਲੀ ਕਰ ਧਾਏ।
ਕਾਲੇ ਜੋੜੇ, ਕਾਲੇ ਘੋੜੇ, ਲਖ ਲਸ਼ਕਰ ਨਦਰੀਂ ਆਏ।
ਅੱਡੀ ਲਾਇ ਪਇਆਨੇ ਪਿੱਛੇ, ਨੱਠੇ ਚਾਕ ਸਵਾਏ। (271)

ਕਈ ਮੁਏ ਪਿੜ ਉਤੇ ਲੋਕਾ, ਕਈ ਬਾਹਾਂ ਭੰਨ ਵੰਞਾਏ।
ਨਾਹੀਂ ਕੋਈ ਅਜੇਹਾ ਲੋਕਾ, ਜੋ ਨਾਂ ਨੀਰ ਚੁਆਏ।
ਮਾਰ ਬਹੁਤ ਨਠੇ ਨੇ ਤਬ ਹੀ, ਬਹੁ ਅਰਮਾਨ ਕਰਾਏ।
ਆਖ ਦਮੋਦਰ ਜੋ ਕੋਈ ਸਾਬਤ, ਅਕੇਲੇ ਛਪ ਕਰ ਆਏ। (272)

[29]ਗ. ਸਿੰ. ਬੇ, ਅ ਦੇ ਤੇਜ਼ ਆਰੰਭ ਕੀਤੋਨੇ।

‘ਪਿੱਟਣ’ ਨਾਰੀ ਮਤਾ ਪਕਾਇਆ, ਸੱਭ ਸਿਆਪੇ ਆਈ।
ਤਾਂ ਸੁਣ ਖਾਨ ਹਕੀਕਤ ਸਾਰੀ, ਕਹੀਂਏ ਗੱਲ ਸੁਣਾਈ।
ਸਹੀ ਕਰਿਹੋ ਏਹ ਚਾਕ ਅਸਾਡਿਆਂ, ਕੀਤੀ ਜਾਇ ਲੜਾਈ।
ਆਖ ਦਮੋਦਰ ਸੱਦੇ ਚੂਚਕ, ਤਦਾਂ ਸੁ ਗੱਲ ਪੁਛਾਈ।(273)

ਟੁੱਕਰ ਸੋਧਾ ਤੁਮਾਂ ਕੀਤੋਸੇ, ਇਹਿ ਕਰ ਮਤਾ ਪਕਾਇਆ।
ਮਾਰਣ ਧੀਦੋ ਕਾਰਨ ਕੀਤਾ, ਸਭ ਮਹਾਇਣ ਧਾਇਆ।
ਕਾਲੇ ਜੋੜੇ, ਕਾਲੇ ਘੋੜੇ, ਅਗੋਂ ਲਸ਼ਕਰ ਆਇਆ।
ਲੈ ਸ਼ਮਸ਼ੀਰਾ[30] ਪਿੱਛਾ ਕੀਤਾ, ਅਸਾਂ ਨੱਸਣ ਤੇ ਚਿਤ ਚਾਇਆ।
ਸੁਣ ਹੇ ਚੂਚਕ ਅਸਾਂ ਤਮਾਸ਼ਾ, ਇਹ ਕੁਝ ਨਜ਼ਰੀਂ ਆਇਆ। (274)

ਹੋਈ ਨਿਸ਼ਾ ਨਿਹਾਇਤ ਚੂਚਕ, ਇਹ ਗਲ ਖ਼ਾਲੀ ਨਾਹੀਂ।
ਬਰਕਤ ਬਾਝੋਂ ਖਾਲੀ ਨਾਹੀਂ, ਹੋਈ ਨਿਸ਼ਾ ਅਸਾਹੀਂ।
ਬਰਕਤ ਵੇਂਦ ਸਹੀ ਸਚ ਹੈ ਇਹੁ ਅਜ਼ਮਾਏ ਦਾ ਕਿਆ ਅਜ਼ਮਾਹੀਂ।
ਕਹੇ ਦਮੋਦਰ ਦਿਹੁੰ ਦਿਹੁੰ ਰੋਸ਼ਨ, ਥੀਂਦਾ ਚਾਕ ਤਦਾਹੀਂ। (275)

ਤਰੁਟ ਉਮੀਦ ਗਈ ਚਾਕਾਂ ਦੀ, ਕੈਨੂੰ ਫੇਰ ਅਖਾਹਾਂ।
ਟੁੱਕਰ ਖੱਸ ਚਕੋਰੇ ਲੀਤਾ, ਨਹੀਂ ਨਸੀਬ ਅਸਾਹਾਂ।
ਜਾਂ ਜਾਂ ਅਸੀਂ ਨਸੀਬ ਖਧੋਸੇ, ਹੁਣ ਕੀਕਰ ਫੇਰ ਖਵਾਹਾਂ।
ਛੋੜਿਓ ਤਾਂਘ ਚੂਚਕ ਕਦੀ ਭਾਈ, ਲਕੜੀ ਘਾਹੁਲਗਾਹਾਂ। (276)

ਆਪੇ ਛੇੜੇ ਤੇ ਆਪੇ ਚੋਏ, ਬੇਲੇ ਰਹੇ ਇਵਾਈਂ।
ਬੇਲਾ ਬੈਠਾ ਸਿਵਾਂਤੋਸੁ ਸਭੋ, ਜਾਂ ਤਾਂ ਬੂਟੇ ਕਾਹੀਂ।
ਸ਼ੀਂਹ, ਬਿਰੰਡੇ, ਬਿਸੀਅਰ, ਸੂਕਣ ਦੇ ਸਭ ਮਿੱਤ੍ਰ ਤੁਸਾਹੀਂ।
ਆਖ ਦਮੋਦਰ ਕਾਮਲ ਰੰਝੇਟਾ, ਮਹਿਰਮ ਥੀਆ ਸਭ ਜਾਹੀਂ। (277)

### ਰਾਂਝੇ ਦੇ ਪ੍ਰੇਮ ਦੀ ਧੁੰਮ ਪੈਣੀ

ਜਾਂ ਦੁਇ ਮਾਂਹ ਗੁਜ਼ਰੇ ਈਵੇਂ ਹੀ, ਚੜ੍ਹੇ ਚਉ ਪਈਆਈ।
ਆਤਣ ਦੇ ਵਿਚ ਹੀਰ ਹੱਸੀ ਨੂੰ ਖਿਜ਼ਮਤ ਇਹੁ ਦਸਾਈਂ।
ਚੂਰੀ ਕੁੱਟ ਪਏਂਦੀ ਮੁੰਗਰ ਉਤੋਂ ਖੰਡ ਰਲਾਈ।
ਕਹੇ ਦਮੋਦਰ ਚੋ ਚੋ ਚੱਲੀ, ਤਾਂ ਆਤਣ ਚੱਲ ਆਈ। (278)

ਚੋ ਚੋ ਚੱਲ ਪਈ ਵਿਚ ਕੁੜੀਆਂ ਡਰਦੀਆਂ ਆਖਣ ਨਾਹੀਂ।
ਰਾਈਸੁ ਗਈ, ਸਲੇਟੀ ਭੈਣੇ! ਇਹ ਰਹਿਣ ਦੀ ਨਾਹੀਂ।

---

[30] ਗ੍ਰ ਸਿੰ. ਥੇ., ਸ਼ਮਸ਼ੇਰਾ।

ਬਾਝੋਂ ਮੁੱਲ ਵਿਕਾਇ ਖਲੋਤੀ, ਇਸ ਨੂੰ ਮੱਤ ਦੇਵਾਹੀਂ ।
ਕਹੇ ਦਮੋਦਰ ਫਿਕਰ ਕੀਤੋਨੇ, ਹੋਈਆਂ ਆਖਣ ਤਾਈ । (279)

ਹੁੱਲੀ ਹੀਰੇ ! ਹੁੱਲੀ ਭੈਣੇ ! ਗੱਲ ਤੁਸਾਡੀ[31] ਹੁੱਲੀ ।
ਹੁਣੇ ਤਾਂ ਚੂਚਕ ਬਾਪ ਸੁਣੇਂਦਾ, ਤਾਮ ਨ ਪੱਕੇ ਚੁੱਲ੍ਹੀ ।
ਚਾਕਾਂ ਨਾਲ ਕਰੇਂ ਅਸ਼ਨਾਈ ਫਿਰਨੀਏਂ ਕੇਸੇਂ ਖੁੱਲ੍ਹੀ ।
ਸੁਣ ਤੂੰ ਸੱਚ ਸਿਆਣੀ ਕੁੜੀਏ ! ਚਾਕਾਂ ਉਤੇ ਭੁੱਲੀ । (280)

ਜਾਂ ਜਾਂ ਕੰਜ ਕੁਆਰੀ ਹੈਸੀ, ਗੁੱਡੀਆਂ ਤਾਂ ਤਾਂ ਤਾਈਂ ।
ਜਾਂ ਸ਼ਹੁ ਮਿਲੇ ਤਾਂ ਲਾਵਾਂ ਘਿਨੇ, ਫਿਰ ਫਿਤ ਆਵਸ ਨਾਹੀਂ ।
ਅਸਾਂ ਤਾਂ ਕਾਮਲ ਮੁਰਸ਼ਦ ਪਾਇਆ, ਕੂੜ ਲੁੜੀਂਦਾ ਨਾਹੀਂ ।
ਬੇੜੀ ਧੀਘਾਂ ਤੁਸਾਂ ਮੁਮਾਰਖ, ਅਸਾਂ ਸੁ ਰਾਂਝਨ ਸਾਈਂ । (281)

ਤਾਂ ਸਹੀਆਂ ਸੁਣਕੇ ਚੁਪ ਕੀਤੀ, ਜਾਂ ਉਸ ਈਂਵ ਸੁਣਾਇਆ ।
ਹੋਈਆਂ ਸਭ ਹੈਰਾਨ ਸਹੇਲੀਆਂ, ਸਾਫ਼ ਜਵਾਬ ਵੰਞਾਇਆ ।
ਅੱਗ ਰਹੇ ਰੂਈਂ ਵਿਚ ਕਿੱਕਣ, ਮੱਥੇ ਇਸ਼ਕ ਜਣਾਇਆ ।
ਆਖ ਦਮੋਦਰ ਕੀਕਣ ਲੁਕਸੀ, ਅਚਰਜ ਖੇਲ ਰਚਾਇਆ । (282)

ਤਾਂ ਚਉ ਚਉ ਚੱਲ ਪਈ ਵਿਚ ਆਲਮ ਝੰਗ ਸਿਆਲੇ ਆਈ ।
ਚਰਚਾ ਚੱਲ ਪਈ ਸਭ ਥਾਈਂ, ਗਈ ਚੂਚਕ ਦੀ ਜਾਈ ।
ਥੀਆ ਕਹਰ ਨਾ ਕਹੁਰਾਂ ਜੇਹਾ, ਚਾਕੇ ਸੇਂ ਅਸ਼ਨਾਈ ।
ਆਖ ਦਮੋਦਰ ਚਉ ਚਉ ਚੱਲੀ, ਚੂਚਕ ਖਬਰ ਨਾ ਪਾਈ । (283)

ਪਿੰਡ ਚੋਰਾਸੀ ਸਭ ਚੂਚਕ ਦੇ ਹੋਰ ਨ ਗੱਲ ਕਰੇਂਦੇ ।
ਗਲੀਆਂ ਕੱਖ ਤਾਂਗੀਂ ਸਭ ਪੱਖੀ, ਖਲੇ ਉਗਾਹੀ ਦੇਂਦੇ ।
ਧੀ ਚੂਚਕ ਦੀ ਵਿਗੜੀ ਲੋਕਾ ਲੋਕੀ, ਗਿਲਾਂ ਕਰੇਂਦੇ ।
ਆਖ ਦਮੋਦਰ ਸਭ ਕੋਈ ਆਖੇ, ਕਿਉਂ ਨਹੀਂ ਘੁੱਟ ਮਰੇਂਦੇ । (284)

ਜਾਂ ਦਿਹੁੰ ਦੋ ਤ੍ਰੈ ਗੁਜ਼ਰ ਗਿਆ ਨੀ, ਤਾਂ ਗੁੱਝੀ ਗੱਲ ਨਾ ਕਾਈ ।
ਹੋਇਆ ਗੋਗਾ ਆਲਮ ਸਾਰੇ, ਗਈ ਚੂਚਕ ਦੀ ਜਾਈ ।
ਕਸਬਾ ਕੁੱਲ ਨਾ ਡਰੇ ਆਖਣ ਤੋਂ, ਸਭ ਬਿਅਦਬ ਥੀਆਈ ।
ਆਖ ਦਮੋਦਰ ਅਜੇ ਇਤ ਵੇਲੇ, ਘਰ ਚੂਚਕ ਨਹੀਂ ਆਈ । (285)

ਖ਼ਾਨ ਹਿੱਕ ਦਿਨ ਵਡੇ ਵੇਲੇ, ਬੰਨ੍ਹ ਖਟਾਵਣ ਆਇਆ ।
ਕਸਬਾ ਸਭ ਸਦਾਇਆ ਚੂਚਕ, ਕੰਮ ਸੱਭੋ ਹੀ ਲਾਇਆ ।

---

[31] ਡਾ. ਪ. ਸਿੰ., ਅਸ ਡੀ ।

ਕੰਮ ਕਰੇਂਦੇ ਸਭੇ ਕੰਮੀਂ ਕਿਸੇ ਨ ਮੂੰਹੋਂ ਅਲਾਇਆ।
ਆਖ ਦਮੋਦਰ ਪੜਦਾ ਅਜੇ ਸਾਈਂ ਚੂਚਕ ਦਾ ਨਹੀਂ ਲਾਹਿਆ। (286)

ਹੋਰ ਸ਼ਰੀਕ, ਤਿੰਨ੍ਹਾਂ ਦੀਆਂ ਨਾਰੀਂ, ਕਿੱਸਾ ਸੁਣ ਸਭ ਪਾਇਆ।
ਕਰ ਕਾਵੜ ਉਠਿਆ ਕਬੀਲਾ, ਘਰ ਚੂਚਕਾਣੇ ਆਇਆ।
ਮਿਲੀਆਂ ਆਣ ਨੂਹਾਂ ਚੂਚਕ ਨੂੰ, ਓਹਨਾ ਅੱਗੇ ਲਾਖ ਸੁਣਾਇਆ।
ਆਖ ਦਮੋਦਰ ਡਰੀ ਨਾ ਕਾਈ, ਕੁੱਲ ਸਰੀਕਾ ਆਇਆ। (287)

ਸੁਣ ਬੇਬੇ ਹਿੱਕ ਗੱਲ ਅਸਾਡੀ, ਦੁਖਾਇਕੇ ਤ੍ਰੁੱਧ ਕਰੇਂਦੇ।
ਕੇ ਜੀਂਦੇ, ਕੇ ਮੁਏ ਦਿਸੀਂਦੇ ਸੁਣ ਸੁਣ ਚੁਪ ਕਰੇਂਦੇ।
ਕੇ ਗਈ ਬੁੱਧ ਅਸਾਡੀ ਬੇਬੇ। ਆਪੇ ਜਾਣ ਕਰੇਂਦੇ।
ਸੁਣ ਬੇਬੇ ਇਹ ਨਹੀਂ ਮੁਨਾਸਬ, ਜਾਤੀ ਦਾਗ਼ ਲਏਂਦੇ। (288)

ਬੋਲ ਜਵਾਬ ਦਿੱਤੇ ਨੇ ਅੱਗੋਂ, ਤੁਸਾਂ ਕੇ ਆਖ ਸੁਣਾਇਆ।
ਅਜ ਕਲ ਕੋਈ ਵੈਰ ਨਵੇਲਾ, ਚੂਚਕ ਸਿਰ ਤੇ ਚਾਇਆ।
ਸੌਦਾਗਰੀ ਕਹੀਂ ਲੁੱਟ ਨਾ ਲੀਤੀ, ਨਾ ਕੋਈ ਖੋਜ ਅਸਾਡੇ ਆਇਆ।
ਕੇ ਕੋਈ ਪਿਛੋਂ ਮੂਆ ਅਸਾਡਾ, ਕਹੀਂਏ ਆਣ ਸੁਣਾਇਆ।
ਆਖ ਬੀਬੀ! ਸੱਚ ਹਕੀਕਤ, ਕਹੀਂ ਅਕਬਰ ਸ਼ਾਹ ਭਛਾਇਆ। (289)

ਨਾ ਕੋਈ ਪਿਛੋਂ ਮੋਇਆ ਸੁਣਿਆਂ, ਨ ਖੋਜ ਤੁਸਾਡਾ ਆਇਆ।
ਅਕਬਰ ਗ਼ਾਜ਼ੀ ਰੋਜ਼ ਨ ਥੀਆ, ਨਾ ਕਹੀਂ ਜਾਇ ਭਛਾਇਆ।
ਏਥੇ ਵੰਞ ਰਹੇ ਸ਼ਦਿਆਨੇ, ਤੁਸਾਂ ਨਾ ਸੁਣ ਹੈ ਪਾਇਆ।
ਸੁਣ ਬੇਬੇ ਜੋ ਪੇਟੋਂ ਜਾਈ, ਇਹੁ ਤਿਸੇ ਅਲਾਂਬਾ ਲਾਇਆ। (290)

ਬੇਬੇ ਉਠ ਘਰ ਜਾਵਹੁ ਆਪਣੇ, ਸਾਨੂੰ ਫੱਟ ਅਵੱਲਾ ਲਾਇਓ।
ਫਾਟੇ ਹੱਥ ਤੇ ਧੌਣ ਹਿਲਾਇ, ਮੱਥੇ ਤੇ ਹੱਥ ਲਾਇਓ।
ਮਹੁਰਾ ਖਾਇ ਮਰੀਹਾਂ ਹੱਥੋ, ਜੀਵਾਂ ਕੇ ਸੁਖ ਪਾਇਓ।
ਆਖ ਦਮੋਦਰ ਵਾਰ ਬੁਢੇ ਦੀ ਪਿਊ ਦਾਗ਼ ਲਗਾਇਓ। (291)

### ਭਰਜਾਈਆਂ ਨੇ ਹੀਰ ਨੂੰ ਆਖਣਾ

ਮਿਲ ਬਹਿ ਮਸਲਤ ਕੀਤੀ ਨਾਰੀਂ, ਇਹ ਪਜਿੰਦ ਕਰੀਹਾਂ।
ਆਵੇ ਹੀਰ ਬੈਠ ਸਮਝੈਹਾਂ, ਭੇਦ ਨ ਕਿੱਸੇ ਦੀਹਾਂ।
ਮਤ ਪੜਦਾ ਰਹਿਸੁ ਬੁਢੇਦੀ ਵਾਰੀ, ਗੱਲ ਨ ਮੂਲ ਚਲੀਹਾਂ।
ਆਖ ਦਮੋਦਰ ਬੈਠ ਹੀਰੇ ਨੂੰ ਆਤਣ ਵਿਚ ਉਡਕੀਹਾਂ। (292)

ਜਾਂ ਠੀਕ ਦੁਪਹਿਰ ਪੂਰੇ ਹੋਏ, ਤਾਂ ਹੀਰ ਸਲੇਟੀ ਆਈ।
ਕਰ ਕਰ ਸੱਦ ਪੁਕਾਰਾਂ ਹੀਰੇ, ਭਰਜਾਈਆਂ ਸਦ ਬਹਾਈ।

ਸਦਕੇ ਕੀਤੀ ਮੈਂ ਲਖ ਵਾਰੀ ! ਸਦਕੇ ਮੈਂ ਭਰਜਾਈ ।
ਅਸਾਂ ਸੁਣਿਆਂ ਸਚ ਸਹੀ ਕਰ, ਤੇਰੀ ਚਾਕੇ ਸੇਂ ਅਸ਼ਨਾਈ । (293)

ਕਰ ਕਾਵੜ ਕਹਿੰਦੀ ਸਲੇਟੀ, ਭਾਬੀ ਜੋਗ ਸੁਣਾਇਆ ।
ਮੰਦਾ ਚੰਗਾ ਸੁਣ ਖਾਂ ਨੀ ! ਹੋ ਕੇ ਮੈਂਡਾ ਨਦਰੀਂ ਆਇਆ ।
ਬੋਲ ਖਲਾਫਤਵੀ ਦੀਆਂ ਪੰਡੀਂ, ਕਿਉਂ ਮੈਂਡਾ ਜੁੱਸ ਤਾਇਆ ।
ਨਹੀਂ ਮੁਨਾਸਬ ਖ਼ਾਨਾ ਹਾਏ, ਬਿਨ ਡਿੱਠਿਆ ਆਖਣ ਆਇਆ । (294)

ਬਾਬਲ ਬਾਜ਼, ਤੇ ਚਰਗ਼ ਭਤ੍ਰੀਏ, ਸ਼ਿਕਰੇ, ਬਾਸ਼ੇ ਭਾਈ ।
ਮਾਉ ਘੁਮਾਈ ਕੂੰਜ ਬੀ ਉਡਸੀ, ਸੀਚਾਨੇ ਭਰਜਾਈ ।
ਕਦੀ ਸਮਝ ਸਿਆਣੀ ਧੀਏ ! ਮੱਤ ਨਾ ਤੈਨੂੰ ਕਾਈ ।
ਕੈਂਦੀ ਧੀ ਤੇ ਨੂੰਹ ਕੈਂਦੀ ਹੈਂ, ਜਿਨ੍ਹਾਂ ਜ਼ਿਮੀਂ ਵਧਾਈ । (295)

ਤਾਂ ਤਾਂ ਬਹੁਤ ਵਿਚ ਸ਼ੋਰ ਸਿਆਲੀਂ, ਦਿਹੁੰ ਦਿਹੁੰ ਚੜ੍ਹੇ ਸਵਾਈ ।
ਤਦੋਂ ਥਕ ਪਈਆਂ ਭਰਜਾਈਆਂ, ਚੋਰੀ ਸੱਸ ਬੁਲਾਈ ।
ਸੁਣ ਭਾਬੀ ਤੂੰ ਵਾਰੀ 'ਹੀਰੇ' ਕਿਤ ਕੂੰ ਫੂਟ ਵਿਆਈ ।
ਗਲ ਥੀਂ ਨਾੜਾ ਨਾ ਕਪਿਓਈ, ਭਾਹਿ ਅਵੱਲੀ ਜਾਈ । (296)

ਤਾਂ ਕੁੰਦੀ ਸੁਣ ਰੁੰਨੀ ਲੋਹੂ, ਜਾਂ ਉਨ੍ਹਾਂ ਏਹ ਸੁਣਾਈ ।
ਕੁੱਲ ਸ਼ਰੀਕ ਨਿਵਾਏ ਅਸਾਂ ਹੁਣ ਮੈਂ ਊਂਧੀ ਆਈ ।
ਜੇ ਜਾਣਾ ਅੱਗ ਪੇਟੋਂ ਜੰਮੀਂ, ਕੱਪ ਨਾ ਗਰਦਨ ਲਾਹੀਂ ।
ਆਖ ਦਮੋਦਰ ਰੋਂਦਾ ਮਹਿਰੀ, ਦੁਖੀਂ ਬਹੁਤ ਤਿਵਾਈਂ । (297)

### ਹੀਰ ਦੀ ਮਾਂ ਦਾ ਹਾਲ

ਤਾਂ ਮੰਨ ਮੰਦਾ ਕੀਤਾ ਮਹਿਰੀ, ਚੋਰੀ ਹੀਰ ਸਦਾਈ ।
ਸੁਣ ਬੇਟੀ ਮੈਂ ਵਾਰ ਘੁਰੰਦੀ, ਤੂੰ ਸੈਂ[32] । ਪੇਟੋਂ ਜਾਈ ।
ਮਰਾਂ, ਕਿ ਜੀਵਾਂ, ਕੇ ਸਿਰ ਕਪੀਂ, ਕੇ ਮੈਂ ਮਹੁਰਾ ਖਾਈ ।
ਆਖੇ ਮਹਿਰੀ ਸੁੰਞੀ ਧੀਏ ! ਮੈਨੂੰ ਊਂਧੀ ਆਈ । (298)

ਸੁਣ ਮਾਏ ! ਤੈਂਡੇ ਜੀਵਣ ਜਾਏ, ਕੈਂ ਤੈਂਡੀ ਪਿੰਡੀ ਤਾਈ ।
ਬੇ ਤਕਸੀਰ ਕੇ ਡਿੱਠੋ ਮੈਂਡਾ, ਕੂੜੀ ਬਦੀ ਉਠਾਈ ।
ਮੈਂ ਕੇ ਜਾਣਾ ! ਕੰਜ ਕੁਆਰੀ, ਰੋਂਦੀ ਕੈ ਅਸ਼ਨਾਈ ।
ਆਖ ਦਮੋਦਰ ਕੁੰਦੀ ਮਹਿਰੀ, ਹੀਰੇ ਸਹੀ ਵਲਾਈ । (299)

---

[32] ਗ. ਸਿੰ. ਬੇ. ਤੇ ਡਾ. ਪ. ਸਿੰ., ਤੂੰ ਮੈਂ ।

ਸੁਣ ਧੀਏ ਤੂੰ ਦੁਧ ਨਿਪੁੰਨੀ, ਸਦਕੇ ਸਹੀਂ ਵੰਞਾਈਓ !
ਕੈਂਦੀ ਬੇਟੀ, ਤੂੰ ਨੂੰਹ ਕੈਂਦੀ, ਬੁਈਂ ਨਹੀਂ ਦੇ ਸਾਈਂ ।
ਨਾਲ ਸੁ ਅਕਬਰ ਦਾਵਾ ਜੈਂਦਾ ਢੁੱਕਣ ਸੱਤੇ ਧਾਹੀਂ ।
ਕਦੀ ਤਾਂ ਸਮਝ ਸਿਆਣੀ ਧੀਏ ! ਇਹੁ ਮੁਨਾਸਬ ਨਾਹੀਂ । (300)

ਸੁਣ ਮਾਏ ! ਤੈਂਡੇ ਜੀਵਣ ਜਾਏ ! ਕੈਂ ਤੁਧ ਨੂ ਆਖ ਸੁਣਾਈ ।
ਪੁੱਤ ਪਰਾਇਆਂ, ਕਿਜਮਤ ਆਇਆ, ਇੱਚਤ ਇਸ ਨਾ ਕਾਈ ।
ਚਾਕੋ ਚਾਕ ਸਦੇਂਦੇ ਸੱਭੇ, ਸਿਆਲਾਂ ਲੱਜ ਨਾ ਕਾਈ ।
ਸੁਣ ਵਣ ਮਾਏ । ਤੈਨੂੰ ਆਖਾਂ, ਮੈਂ ਵਿਚ ਦੋਸ਼ ਨਾ ਕਾਈ । (301)

ਸੁਣ ਨੀ ਹੀਰੇ ! ਗੁਣੀ ਗਹੀਰੇ ! ਤੁਧ ਭਲੇਰੀ ਚਾਈ ।
ਘਰ ਘਰ ਗੱਲ੍ਹ ਤੁਸਾਡੀ ਹੀਰੇ, ਸੁਣਸਨ ਸੱਕੇ ਭਾਈ ।
ਜੇ ਮਰ ਜਾਵੇ ਚਾਕ ਕਿਵੇਂਹੀ, ਅਸਾਂ ਉੱਧੀ ਆਈ ।
ਨਿੱਜ ਆਵੰਦਾ, ਕਿੱਦੋਂ, ਆਇਆ, ਲੱਗਸੁ ਕਾਨੀ ਕਾਈ ।
ਆਖੇ ਮਾਉਂ ਸਿਆਣੀ ਧੀਏ ! ਰੋਂਦੀ ਬਹਿ ਭਰਜਾਈ । (302)

ਸੁਣ ਮੈਂ ਆਖਾਂ ਮੈਂਡੀ ਮਾਏ ! ਤੈਨੂੰ ਕੌਣ ਸਮਝਾਏ ।
ਭਰੇ ਦਾਤ ਚਉਲਾਂ ਤੇ ਬੈਠੀ, ਨ, ਪੁਣ ਪੁਤਰ ਪਰਾਏ ।
ਸਮਝ--ਇਆਣੀ, ਥੀਉ ਸਿਆਣੀ, ਬੁਝੈ ਜਹੀਂ ਬੁਝਾਏ ।
ਤੇਹੀ ਪੀੜ ਸਿਫ਼ਾਪੇ ਮਾਏ ! ਜੋਹੋ ਪੇਟੋਂ ਜਾਏ । (303)

ਮੱਥਾ ਠੋਕ ਉਠੀ ਮਹਿਰੇਟੀ, ਜਾਂ ਉਸ ਈਂਵ ਸੁਣਾਈ ।
ਵੱਜੀ ਤਾਰ ਰਾਗ ਮੈਂ ਲੱਧਾ, ਜੋ ਤੈਂ ਗੱਲ ਅਲਾਈ ।
ਉੱਠੀ ਰੋਇ ਕਰ ਕਾਵੜ ਮਹਿਰੀ, ਬੋਲੀ ਫੇਰ ਨਾ ਭਾਈ ।
ਆਖ ਦਮੋਦਰ ਹਾਲ ਭਲੇਰੇ ਉੱਟੀ ਫੂਟੀ ਆਈ । (304)

### ਕਿਸੇ ਨੇ ਚੂਚਕ ਨੂੰ ਮਿਹਣਾ ਦੇਣਾ

ਹਿਕ ਦਿਨ ਚੂਚਕ ਬਾਹਰ ਆਇਆ, ਪਾਣੀ ਬੰਨ੍ਹ ਖਟਾਇਆ ।
ਘਿੱਨ ਬੁਲਾਇਆ ਕਸਬਾ ਸਾਰਾ, ਕੰਮ ਸਭੋ ਹੀ ਲਾਇਆ ।
ਭਲੀ ਗੁਜ਼ਾਰੀ ਚੂਚਕ ਖਾਨਾ ! ਨਾਹੋਂ ਕਿਸੇ ਨਿਵਾਇਆ ।
ਹੀਰ ਸੁ ਲੀਕ ਲਏਂਦੀ ਤੈਨੂੰ ਕਹੀਂ ਗਵਾਰ ਸੁਣਾਇਆ । (305)

ਇਹ ਸੁਣ ਪੇਟ ਪਜੂਤੀ ਚੂਚਕ, ਫਿਰ ਆਇਆ ਅੰਦਰ ਭਾਈ ।
ਮੱਥੇ ਤ੍ਰੋਊੜੀ ਤੇ ਮੂੰਹ ਪੀਲਾ, ਬੁੱਝ ਨਾ ਸਕੈ ਕਿਵਾਈ ।
ਛੋਡ ਦਲਾਨ ਸੁਫਾ ਤੇ ਕੋਠਾ, ਕੋਠੀ ਵੜਿਆ ਤਾਹੀਂ ।
ਆਖ ਦਮੋਦਰ ਮਹਿਰੀ ਰੁੰਨੀਂ, ਇਹ ਗੱਲ ਖ਼ਾਲੀ ਨਾਹੀਂ । (306)

ਮਹਿਰੀ ਆਣ ਵੜੀ ਫਿਰ ਅੰਦਰ, ਹੱਸ ਕਰ ਖ਼ਾਨ ਬੁਲਾਇਆ ।
ਹੋ [33] ਦਲਗੀਰ ਤੇ ਚੁੱਪ ਚੁਪਾਤਾ, ਤੂੰ ਕਿਉਂ ਅੰਦਰ ਆਇਆ ।
ਕੇਹਾ ਗ਼ਮ ਖਧੋਈ ਖਾਨਾਂ ! ਕਿ ਤੁੱਧ ਕਿਸੇ ਦੁਖਾਇਆ ।
ਆਖ ਦਮੋਦਰ ਖ਼ਾਨ ਚੂਚਕ ਥੋਂ ਮਹਿਰੀ ਏਵ ਪੁਛਾਇਆ । (307)

ਪਾਟਾ ਪੇਟ, ਕੇ ਪੱਟੀ ਬੱਨ੍ਹੇ, ਕੈਨੂੰ ਆਖ ਸੁਣਾਈ ।
ਗੱਲ ਨ ਆਖਣ, ਵੇਖਣ ਜੋਗੀ, ਮੂੰਹ ਕੱਢ ਮੱਥੇ ਲਾਈ ।
ਇਸ ਜੀਵਣ ਤੋਂ ਮਰਣ ਚੰਗੇਰਾ, ਜੇ ਮੈਂ ਮਹੁਰਾ ਖਾਈ ।
ਆਖ ਦਮੋਦਰ, ਮੂੰ ਪੀਲੇ ਬੋਲਿਆ ਕੇ ਮੂੰਹ ਆਖ ਸੁਣਾਈ । (308)

ਜੇ ਕੋਈ ਅੱਜ ਕਲ੍ਹ ਵੈਰ ਨਵੇਲਾ ਲੈ ਕਰ ਤੁਧ ਸਿਰ ਚਾਇਆ ।
ਕੇ ਕੋਈ ਸਾਥ ਰੰਝਾਣਿਆਂ ਚੋਰਾਂ, ਖੋਜ ਸਿਆਲੀਂ ਆਇਆ ।
ਕੇ ਕਹੀਂ ਚਾ ਗਲੀਮ ਭਲੇਰੇ, ਅਕਬਰਸ਼ਾਹ ਭੜਾਇਆ ।
ਤੈਂਡਾ ਹਾਲ ਨਾ ਉਹ ਦਿਸੀਂਦਾ, ਅੱਜ ਹਾਲ ਭਲੇਰੇ ਆਇਆ । (309)

ਨਾ ਕੋਈ ਵੈਰ ਅਸਾਂ ਸਿਰ ਚਾਇਆ, ਨਾ ਖੋਜ ਅਸਾਡੇ ਆਇਆ ।
ਨਾਂ ਮੈਂ ਵੈਰ ਕੀਤੋਈ ਅੱਜ ਕਲ, ਨਾ ਮੈਂ ਕੋਈ ਦੁਖਾਇਆ ।
ਨਾ ਮੈਂ ਮੰਦੀ ਨੀਯਤ, ਕੀਤੀ, ਨਹੀਂ ਕਿਨੇ ਅਕਬਰ ਸ਼ਾਹ ਭੜਾਇਆ ।
ਨਾ ਫੁੱਟ ਵਿਆਂਦੀ ਹੀਰੇ ਦੀ ਮਾਏ । ਜੈਂ ਤੀਰ ਅਸਾਨੂੰ ਲਾਇਆ । (310)

**ਕੁੰਦੀ**

ਬੱਚੇ ਮਰਨ ਸ਼ਰੀਕਾਂ ਸੰਦੇ, ਜਿਨ੍ਹਾਂ ਗੱਲ ਧੁਮਾਈ ।
ਅੱਠੇ ਪਹਿਰ ਇਹ ਫ਼ਿਕਰ ਤੁਸਾਂ ਦਾ, ਏਹਾ ਬਦੀ ਬਣਾਈ ।
ਤੈਂ ਤਾਂ ਅੱਜ ਸੁਣ ਪਾਇਆ ਹੁਜਰੇ, ਮੈਂ ਨਿੱਤ ਸੁਣੇਂਦੀ ਆਹੀ ।
ਬੱਚੇ ਮਰਨ ਸ਼ਰੀਕਾਂ ਸੰਦੇ, ਜੈਂ ਤੈਂਡੀ ਪਿੰਡੀ ਤਾਈ । (311)

ਬਹੁਤ ਵਿਲਾਇ ਵਿਸਾਹ ਕਰੀਂ ਹੁਣ, ਚੂਚਕ ਆਣ ਬਹਾਇਆ ।
ਡਿੱਠੇ ਬਾਝਹੁੰ ਦੋਸ ਨਾ ਦੀਜੇ ਮਹਿਰੀ ਇੱਵ ਸਮਝਾਇਆ ।
ਕੰਜ ਕੁਆਰੀ ਭਾਈ ਪੀਊ ਬਿਨ ਡਿੱਠੇ ਦੋਸ ਲਗਾਇਆ ।
ਕਹੇ ਦਮੋਦਰ ਸੁਖ਼ਨ ਸਚਾਵੇ, ਚੂਚਕ ਬਾਹਰ ਆਇਆ । (312)

ਅੰਦਰ ਆਤਸ਼ ਚੂਚਕ ਤਾਈਂ, ਬੁਝੇ ਨ ਮੂਲ ਬੁਝਾਈ ।
ਪੁੱਛਣ ਗੱਲ ਨਾ ਸਰਦੀ, ਮੈਨੂੰ ਅੰਦਰ ਘੱਤ ਹੰਢਾਈ ।
ਅੱਠੇ ਪਹਿਰ ਖੁਜੇਂਦਾ ਵੱਤੇ, ਮੂੰਹ ਤੇ ਜ਼ਰਦੀ ਆਈ ।
ਆਖ ਦਮੋਦਰ ਖ਼ਾਨ ਚੂਚਕ ਨੂੰ, ਆਵਸੁ ਗਲ ਨਾ ਕਾਈ । (313)

[33]ਗ. ਸਿੰ. ਬੇ. ਤੇ ਡਾ. ਪ. ਸਿੰ., ਕਿਉਂ ਦਿਲਗੀਰ ਅਤੇ ਚੁਪਾਤਾ ।

ਹੋਇ ਦਿਵਾਨਾ ਚੂਚਕ ਖ਼ਾਨਾ ਕੈਦੋ ਸੱਦ ਅਣਾਇਆ ।
ਧੀਓ ਨਾ ਨਾਬਰ ਮੇਰੀ ਵੱਲੋਂ, ਮੈਂਡੇ ਮਾਂ ਪਿਉ ਜਾਇਆ ।
ਘਰ ਘਰ ਵਤਨੈਂ ਸੈਲ ਕਰੇਂਦਾ, ਤੈਂ ਭੀ ਸੁਣ ਕੁਝ ਪਾਇਆ ।
ਆਖ ਭਿਰਾਉ ! ਸਚਾਈ ਮੈਨੂੰ, ਕੁਛ ਤੈਂ ਭੀ ਨਦਰੀ ਆਇਆ । (314)

**ਕੈਦੋ**

ਕੇ ਕੁਝ ਨਦਰੀ ਆਇਆ ਸਯਾਦਾ ! ਕਿਉਂ ਏਹ ਪੇਟੋਂ ਜਾਈ ।
ਫਾਹਾ ਕਿਉਂ ਨਾ ਦਿਤੋਈ, ਮਹਿਰੀ ਕਿਤ ਨੌਂ ਫੁੱਟ ਵਿਆਈ ।
ਫਿੱਟ ਅਜੇਹੀਆਂ ਨਾਰੀ ਲੋਕੋ, ਜੈਂ ਇਹੁ ਛੋਹਿਰ ਜਾਈ ।
ਇਹ ਡਿੱਠਾ, ਤੇ ਏਹੋ ਸੁਣਿਆਂ, ਤੇਰੇ ਸੱਤ ਚੱਟੇ ਸਿਰਣਛਾਈ । (315)

ਸੁਣ ਭਾਈ ਮੈਂ ਸਦਕੇ ਕੀਤਾ, ਤੈਨੂੰ ਆਖ ਸੁਣਾਈਂ ।
ਬੇਲੇ ਜਾਇ ਹਕੀਕਤ ਘਿਨੇ, ਆ ਆਖੇਂ ਮੈਂ ਤਾਈਂ ।
ਕੀਕੁਣ ਵੇਂਦੀਏ ਬੇਲੇ ਦੇ ਵਿਚ, ਅਸਾਂ ਮਲੂਮ ਕੁਛ ਨਾਹੀਂ ।
ਨਾਉਂ ਸਾਈਂ ਦੇ ਧੀਉ ਨਾ ਨਾਬਰ, ਵਖਤ ਪਇਆ ਮੈਂ ਤਾਈਂ । (316)

ਸੁਣ ਸਈਆਦਾ ! ਅਕਲ ਗਈਓਟੀ ਖ਼ਿਜਮਤ ਮੈਨੂੰ ਦਿੰਦਾ ।
ਓਹ ਨਾ ਟਲੇ ਅਕਬਰ ਨਾਲੋਂ, ਮੈਨੂੰ, ਜਾਣ ਮਰੇਂਦਾ ।
ਜੇ ਵੇਖੇ ਤਾਂ ਛੋੜੇ ਨਾਹੀਂ ਆਪ ਕਿਉਂ ਨੀਹੋਂ ਵੇਂਦਾ ।
ਆਖ ਦਮੋਦਰ ਚੂਚਕ ਰੋਵੇ, ਮਿੰਨਤ ਹੁੱਟਾ ਕਰੇਂਦਾ । (317)

ਜਿਉਂ ਜਾਣੋ ਤਿਉਂ ਜਾਵਹੁ ਭਾਈ, ਗਲ ਵਿਚ ਪਗੜੀ ਪਾਈ ।
ਧੀਉ ਨ ਨਾਬਰ ਮੈਂਡੀ ਪਾਰੋਂ, ਮਾਂ ਪਿਉ ਮਹੀਂ ਤੂੰ ਆਹੀ ।
ਕੈਦੋ, ਆਖਿਆ ਬੋਲ ਸੁਣਾਈਂ, ਆਖੀ ਬਣਦੀ ਨਾਹੀਂ ।
ਗਲ ਵਿਚ ਪੱਲੂ, ਦਸਤ ਪੈਰਾਂ ਤੇ, ਹੁਣ ਹੀ ਵੇਂਝ ਵਿਖਾਈਂ । (318)

ਡਿੱਠੁਸ ਦੁੱਖ, ਭਿਰਾਉ ਸੰਦਾ, ਤਾਂ ਚੱਲ ਬੇਲੇ ਆਇਆ ।
ਆਪ ਛੁਪਾਇ, ਛਪ ਬੈਠਾ ਕੈਦੋ, ਮੋਹੋਂ ਨ ਮੂਲ ਅਲਾਇਆ ।
ਬੈਠਾ ਵੇਖੇ ਛਪ ਕਰੀਹੁੰ, ਤਾਂ ਵਖਤ ਹੀਰ ਦਾ ਆਇਆ ।
ਆਖ ਦਮੋਦਰ ਵਕਤ[31] ਹੀਰ ਮਿਲਣ ਦਾ ਕੈਦੋ ਨਦਰੀ ਆਇਆ । (319)

ਤਾਂ ਚੂਰੀ ਛੰਨਾ ਸਿਰ ਦੇ ਉਤੇ ਮੁਜਰੇ ਕਰਦੀ ਆਈ ।
ਘਿੰਨੇ ਖ਼ਾਕ ਚੁਮੇਂਦੀ ਪੈਰਾਂ, ਮੂੰਹ ਮੱਥੇ ਤੇ ਲਾਈ ।

---

[31]ਗ. ਸਿੰ. ਹੇ ਵਖ਼ਤ;ਡਾ. ਪ. ਸਿੰ., ਵਖ਼ਤ ।

ਦੁਇ ਹੱਥ ਬੰਨ੍ਹ ਖਲੋਤੀ ਅੱਗੇ, ਰਾਂਝੇ ਇਉਂ ਫਰਮਾਈ ।
ਹੀਰੇ ! ਆਣੇ ਦੁੱਧ, ਤਾਂ ਖਾਵਾਂ ਚੂਰੀ, ਉਹ ਕੁੰਨੀ ਘਿੱਨ ਸਧਾਈ । (320)

ਲੱਧਾ ਕੈਦੋ ਵੇਲ ਤਦਾਹੀ ਆਇ ਸੁਆਲ ਸੁਣਾਇਆ ।
ਨਾਉਂ ਅੱਲਾਹ ਦੇ ਦੇਹੁ ਅਸਾਨੂੰ, ਭਿਖਿਆ ਮੰਗਣ ਆਇਆ ।
ਆਦਰ ਨਾਲ ਸਦਾਇਆ ਧੀਏ, ਚੂਰੀ ਘਿੱਨ ਦੇਵਾਇਆ ।
ਆਖ ਦਮੋਦਰ ਉਤੇ ਵੇਲੇ ਕੈਦੋ, ਚੂਚਕ ਪਾਸ ਲੈ ਆਇਆ । (321)

ਸੁਣਹੁ ਸਿਆਲੋ ਧੀਆਂ ਵਾਲਿਓ ।[35] ਧੀਆਂ ਮੂਲ ਨ ਰੱਖੋ ।
ਹਿੱਕੇ ਤਾਂ ਧੀਆਂ ਨਈਂ ਲੁੜ੍ਹਾਹੋ, ਹਿੱਕੇ ਸਿਰ ਕਰਿਆ ਹੇ ਵੱਖੋ ।
ਹਿੱਕ ਹਿੱਕ ਵੰਡੀ ਆਵੰਦੀ ਨਾਹੇਂ ਅੰਗੁਲ ਭਰ ਭਰ ਚੱਖੋ ।
ਤੁਸੀਂ ਖਾਂਦੇ ਹੋ ਢੰਡਾ ਥਾਪੀ, ਚਾਕ ਖਾਂਦੇ ਇਹੁ ਵੱਖੋ । (322)

ਲੈ ਚੂਰੀ ਘਿੱਨ ਚੂਚਕ ਹੱਥੀਂ, ਮਹਿਰੀ ਪਾਸ ਲਿਆਇਆ ।
ਪੈ ਮੁਈਏ ਇਹ ਕਹੁਰ ਲੁਟੀਂਦਾ, ਅਸਾਂ ਕਦੀ ਨ ਖਾਇਆ ।
ਚਾਕ ਖਾਂਦੇ ਨੀਂ ਇਹੁ ਨਿਵਾਲਾ, ਬਹੁਤਾ ਚਾਵੜ ਆਇਆ ।
ਚੱਘੜ ਘਿਨ ਰੋਵੈ ਰਤ ਹੰਝੂ, ਮਹਿਰੀ ਭਲਾ ਬਚਾਇਆ । (323)

ਮੰਨਤ ਕੁੜੀਆਂ ਖਿਦਰ ਦੀ ਆਹੀ, ਪਾ ਪਾ ਘਿਉ ਪਇਓਨੇ ।
ਇਹੁ ਚੂਰੀ ਮੈਂ ਹੀ ਕੁਟ ਦਿੱਤੀ, ਆਇਤਵਾਰ ਡਿੰਹੁ ਨੇ ।
ਭੱਸ ਪਏਂਦਾ ਗਿਆ ਕਿਦਾਉਂ ਖੰਰ ਨਾ ਮੂਲ ਦਿਤੇ ਨੇ ।
ਪਿੰਡੀ ਤੈਂਡੀ ਤਾਵਣ ਤਾਈਂ, ਇਹੋ ਦਗਾ ਕੀਤੋਨੇ । (324)

ਪਇਆ ਗੁਮਾਨ ਚੂਚਕ ਨੂੰ ਸੱਚਾ ਗੱਲ ਨ ਮੂਲ ਵਿਸਾਰੇ ।
ਸੁੱਤਾ ਆਇ ਦਾਰੇ ਦੇ ਉਤੇ, ਏਹਾ ਚਿੰਤਾ ਧਾਰੇ ।
ਪਾਟਾ ਪੇਟ ਕਿ ਪੱਟੀ ਬੱਝੇ, ਸੁਣਿਆਂ ਆਲਮ ਸਾਰੇ ।
ਆਖ ਦਮੋਦਰ ਹੋਇਆ ਕਾਹਲਾ, ਮੱਥਾ ਠੋਕੇ ਤੇ ਹੱਥ ਉਲਾਰੇ । (325)

### ਹੀਰ ਨੇ ਕੈਦੋ ਦੀ ਝੁੱਗੀ ਸਾੜਨੀ

ਆਈ ਹੀਰ, ਲਈ ਹੱਥ ਕੁੰਨੀ, ਤਾਂ ਕੈਦੋ ਦੇ ਖੋਜ ਸਿਞਾਤੇ ।
ਪੁਛਿਉਸ ਆਦਿ ਰੰਝੇਟੇ ਤਾਈਂ, ਕੈਦੀ ਇਥੇ ਆਇਆ ਜਾਪੇ ।
ਆਹਾ ਸਹੀ ਜੰਜੂਸ[36] ਅਸਾਡਾ, ਖੁਰੀ ਅੱਡੀ ਹੈ ਕਾਂਪੇ ।
ਆਖ ਦਮੋਦਰ ਖੋਜ ਲੈਣ ਨੂੰ, ਤਾਂ ਉੱਠ ਚੱਲੀ ਆਪੇ । (326)

---

[35]ਗ. ਸਿੰ. ਬੇ. ਤੇ ਡਾ. ਪ. ਸਿੰ., ਵਾਲੋ ।
[36]ਗ. ਸਿੰ. ਬੇ. ਤੇ ਡਾ. ਪ. ਸਿੰ., ਚੰਜੂਸ ।

ਜੇ ਵੇਖੇ ਹੀਰ, ਕੇ ਕੀਤਾ ਕੈਦੋ, ਫੂਕ ਅਲੰਬਾ ਆਇਆ।
ਅੱਗੇ ਭੀ ਕੁਝ ਪੜ੍ਹਦਾ ਆਹਾ, ਹੁਣ ਇਸ ਸੁੱਤਾ ਲੋਕ ਜਗਾਇਆ।
ਘਰ ਘਰ ਭਾਜੀ ਹੀਰੇ ਸੰਦੀ, ਭਾਉ ਸਿਆਲੀਂ ਆਇਆ।
ਆਖ ਦਮੋਦਰ ਹੀਰੇ ਡਿੱਠਾ, ਜੁ ਤਾਏ ਮੁਆਤਾ ਲਾਇਆ। (327)

ਤਦਹੂੰ ਹੀਰ ਨ ਰਹੀ ਰਹਾਈ, ਗੁੱਸਾ ਹੀਰ ਨੂੰ ਆਇਆ।
ਘਿੱਨ ਮੁਆਤਾ ਅੱਗੀ ਸੰਦਾ, ਝੁੱਗੀ ਤਾਈਂ ਲਾਇਆ।
ਜਲ ਬਲ ਕੋਲਾ ਕੀਤੀ ਝੁੱਗੀ, ਕੈਦੋ ਨੂੰ ਕਹੀਂ ਸੁਣਾਇਆ।
ਤਕੀਆ ਹੀਰੇ ਸਾੜ ਦਿਤੋਈ ਸੁਣ ਕਰ ਉਥੇ ਆਇਆ। (328)

ਮੈਂ ਕੇ ਕੀਤਾ ? ਹੀਰੇ ਧੀਏ ! ਤੁਧ ਝੁੱਗੀ ਮੇਰੀ ਜਾਲੀ।
ਮੁੱਨੀ ਬੱਧਾ ਵਿਚ ਲੇਲਾ ਸੜਿਆ, ਕੁਕੜ ਆਂਡੜਿਆਂ ਵਾਲੀ।
ਭਾਂਡਾ, ਚਿਮਚਾ, ਵਿਚੇ ਸੜਿਆ, ਸੂਈ ਦਾਨ ਖਿਆਲੀ।
ਤਸਬੀ ਸੇਲ੍ਹੀ ਤੇ ਮਿਰਗਾਣੀ, ਨਾਲੇ ਸਾੜੀਆ ਜਾਲੀ।
ਹੱਟ ਪਸਾਰੀ ਦਾ ਸਾੜ ਦਿਤੋਈ, ਮੈਂ ਕੇ ਕੇ ਵੱਥ ਸਮ੍ਹਾਲੀਂ। (329)

ਅਜੇ ਮੈਂ ਕੇ ਕੀਤਾ ਤਾਇਆ ! ਤੈਨੂੰ ਅਜੇ ਹੋਰ ਕਰੇਸਾਂ।
ਦਾੜ੍ਹੀ ਤੈਂਡੀ ਤੇ ਵਾਲ ਨ ਛੋੜੀ, ਹਿਕ ਹਿਕ ਨੱਪ ਪਟੇਸਾਂ।
ਜੇੜ੍ਹੀ ਜੰਘ ਚੰਗੇਰੀ ਤੇਰੀ, ਮੁੰਡੀ ਨੱਪ ਕਰੇਸਾਂ।
ਪੀਸਾਂ ਰੱਤ ਨ ਛੋੜੀਂ ਤੈਨੂੰ ਹਿਕ ਤਾਂ ਬਾਂਹਿ ਮਰੇਸਾਂ। (330)

ਬੱਚੇ ਮੋਏ ਸਦਿਆ ਮੈਨੂੰ, ਮੈਂ ਤਾਂ ਖ਼ਬਰ ਨ ਕਾਈ।
ਮਿੰਨਤਾਂ ਕਰ ਕਰ ਬੇਲੇ ਮੁੱਤਾ, ਪਗੜੀ ਗਲ ਵਿਚ ਪਾਈ।
ਮੈਂ ਕੇ ਕੰਮ, ਸੁਣ ਸਾਹਿਬਆਣੀ, ਜੇ ਤੂੰ ਕਾਵਿੜ ਆਈ।
ਇਹੁ ਨਸੀਹਤ ਮੈਨੂੰ ਧੀਆ, ਜੇ ਝੁੱਗੀ ਜਾਣ ਸੜਾਈ। (331)

ਜੇ ਜਾਤੇ, ਸੋਈ ਸਿਰ ਕੀਤਾ ਹੀਰੇ ਆਖ ਸੁਣਾਇਆ।
ਜੇ ਮੈਂ, ਸੀਸ ਕਰੇਸਾਂ ਤੈਂਡੇ, ਕਿਥੇ ਵੈਸੀ ਤਾਇਆ।
ਕਿਥੇ ਨਸਸੀ, ਹੁਣ ਤੂੰ ਮੈਥੋਂ, ਵੱਸ ਕਾਠ ਕੁਹਾੜੇ ਆਇਆ।
ਆਖ ਦਮੋਦਰ ਸੁਖਨ ਸਲੇਟੀ ਤਾਏ ਨੂੰ ਸਮਝਾਇਆ। (332)

ਜੇ ਹੋਵਿਮ ਵੈਰੀ ਮੁਗ਼ਲ ਮਹਿੰਡੇ, ਤੇ ਹੋਇ ਫ਼ਕੀਰ ਛੁੜਾਂਈ।
ਜੇ ਹੋਵਨ ਵੈਰੀ ਸਾਉ ਮੈਂਡੇ, ਤਾਂ ਹੋਇ ਸ਼ਰੀਕ ਬਚਾਈਂ।
ਜੇ ਹੋਵਿਨ ਦੁਸਮਣ ਆਲਮ ਸਾਰਾ, ਤਾਂ ਗਲ ਵਿਚ ਪਲੂ ਪਾਈਂ।
ਆਖ ਦਮੋਦਰ ਵੈਰ ਤੁਸਾਡੇ, ਮੈਂ ਜੀਵਨ ਜੋਗਾ ਨਾਹੀਂ। (333)

ਇਹ ਸੁਣ ਹੀਰੇ ਮਨ ਮਹਿ, ਪਾਈ ਕੇਦੋਂ ਨਾ ਛੁੜਸਾਂਈਂ ।
ਮੈਥੋਂ ਭੰਨਾ ਕਿਦੋ ਵੈਸੀ, ਪਿੱਛੇ ਪੈ ਮਰਸਾਂਈ ।
ਜਾਣ ਖਹੇੜਿਓ ਨਾਲ ਅਸਾਡੇ, ਗੰਤੀ ਸਿਰ ਕਪਸਾਂਈਂ ।
ਤਾਇਆ ! ਛੋੜਣ ਜੋਗੀ ਨੀਸੁ, ਆਖ ਕੇ ਤੁਧ ਸੁਣਾਈ । (334)

ਹੀਰੇ ! ਮੁਇਆਂ ਜਾਹ ਬਹੁਤੇਰੀ, ਜੀਵੰਦਿਆਂ ਨੂੰ ਨਾਹੀਂ ।
ਵੰਞ ਰਜੋਇ ਸਈਯਦਾਂ ਵਾਲੇ ਉੱਥੇ ਧੂੰਆਂ ਧਾਈਂ ।
ਜਾਹਗਾ ਕਹੀਂ ਏ ਚਾਇ ਨਾ ਲੀਤੀ, ਉਥੇ ਜਾਇ ਰਹਿਸਾਂਈ ।
ਆਖੇ ਕੈਦੋ ਵੈਰ ਤੁਸਾਡੇ, ਰਹਿਣਾ ਮੈਂਡਾ ਨਾਹੀਂ । (335)

## ਚੂਚਕ ਨੇ ਆਪ ਸਾਰਾ ਮਾਜਰਾ ਵੇਖਣਾ

ਤਾਂ ਚੂਚਕ ਦੇ ਚਿਤ ਵਿਚ ਆਵੇ, ਕੀਕੂ ਗੱਲ ਕਰੀਹਾਂ ।
ਹੋਰਸ ਨੂੰ ਆਖਣ ਦੀ ਨਾਹੀਂ, ਅੰਦਰ ਘੱਤ ਹੰਢੀਹਾਂ ।
ਅੱਖੀਂ ਵੇਖਾਂ ਵੰਞ ਕਰੀ ਹੁਣ, ਭੇਤ ਨਾ ਕਿਸੇ ਦੀਹਾਂ ।
ਆਖ ਦਮੋਦਰ ਚੂਚਕ ਜਾਤਾ, ਆਪੇ ਨਜ਼ਰ ਪਈਹਾਂ । (336)

ਹਿੱਕ ਦਿਹੁੰ ਠੀਕ ਦੁਪਹਿਰੀਂ ਵੇਲੇ, ਚੂਚਕ ਆਇਆ ਤਿਵਾਈਂ ।
ਅੱਗੇ ਜੱਲ੍ਹਰ ਉੱਤੇ ਦੋਹੇਂ ਸੁੱਤੇ, ਕਿਉਂ ਕਰ ਕੀਚੇ ਭਾਈ ।
ਵੇਖਦਿਆਂ ਫਿਰ ਮੁੜਿਆਂ ਪਿੱਛਾਂ, ਆਈ ਲੱਜ ਤਿਵਾਈਂ ।
ਆਖ ਦਮੋਦਰ ਵੇਖ ਹਕੀਕਤ, ਕੀਤੇ ਸੱਦ ਉਭਾਈਂ । (337)

ਜਾਂ ਸੱਦ ਖ਼ਾਨ ਕੀਤੇ ਬਹੁਤੇਰੇ, ਤਾਂ ਦੋਹਾਂ ਸੁਣ ਪਾਇਆ ।
ਜਾਗੀ ਹੀਰ ਹੋਈ ਹੈਰਾਨੀ, ਰਾਂਝੇ ਜੋਗ ਜਗਾਇਆ ।
ਉੱਠੀਂ ਰਾਂਝਾ ਤੂੰ ਕਿਉਂ ਸੁੱਤਾ, ਬਾਬਲ ਸਿਰ ਚੜ੍ਹ ਆਇਆ ।
ਆਖ ਦਮੋਦਰ ਹੀਰ ਗਈ ਉਠ, ਰਾਂਝਾ ਬੇਲੇ ਧਾਇਆ । (338)

ਫਿਰ ਫਿਰ ਸੱਦ ਕਰੇਂਦਾ ਚੂਚਕ, ਸੁਣ ਕੇ ਚੁੱਪ ਕਰੇਂਦਾ ।
ਵੱਡੇ ਰੋਹ ਸੁਣੀਂਦਾ ਬੇਲੇ, ਮੂਲ ਜਵਾਬ ਨਾ ਦੇਂਦਾ ।
ਚਿੱਕੜ ਸੱਭੇ ਦਲ ਮਲ ਸਾਰੇ; ਪਿੰਡੇ ਘਿੰਨ ਮਲੇਂਦਾ ।
ਆਖ ਦਮੋਦਰ ਜਾਂ ਥੱਕਾ ਚੂਚਕ, ਤਾਂ ਸੱਦ ਰਾਂਝਾ ਦੇਂਦਾ । (339)

ਮਿਲਿਆ ਆਇ ਚੂਚਕ ਨੂੰ ਰਾਂਝਾ; ਕਿਉਂ ਚਾਕਾ, ਨਾਹੇਂ ਬਲੇਂਦਾ ।
ਤੁੱਟਾ ਸੱਘ ਸਦੇਂਦਿਆਂ ਮੈਂਡਾ, ਅੱਗੇ ਜਵਾਬ ਨਾ ਦੇਂਦਾ ।
ਕੇ ਸੁਣ ਸੁਣ ਚੁੱਪ ਕਰੇਂਦਾ ਆਪੇ, ਮੈਨੂੰ ਜਾਣ ਝਖੇਂਦਾ ।
ਆਖ ਦਮੋਦਰ ਖ਼ਾਨ ਨਾ ਟਲਦਾ, ਕੇਹਾ ਸੁਖ਼ਨ ਅਲੇਂਦਾ । (340)

ਖੁੱਭੀ ਝੋਟੀ ਵਿਚ ਚਿੱਕੜ ਦੇ, ਮੈਂ ਤਾਂ ਸੁਣਿਆਂ ਨਾਹੀਂ ।
ਅੱਗੋਂ ਕੱਢਾਂ ਤਾਂ ਪਿੱਛੋਂ ਖੁੱਭੇ, ਜੇ ਪਿੱਛੋਂ ਤਾਂ ਅਗਾਹੀਂ ।
ਘੁਲਦਾ ਨਾਲ ਝੋਟੀ ਦੇ ਖ਼ਾਨਾ, ਮੈਂ ਸੁੱਧ ਪਵੇ ਕੁਝ ਨਾਹੀਂ ।
ਸੁਣ ਖ਼ਾਨਾ ਸੱਦ ਪਿਛਲੇ ਸੁਣਿਆ, ਮਿਲਿਆ ਆਇ ਤਦਾਹੀਂ । (341)

ਜੇਹੀਆਂ ਮੱਝੀ ਕੱਢੇ ਚਾਕਾ ! ਸੱਭਾ ਮੈਂ ਸੁਣ ਪਾਈ ।
ਕਰ ਕਾਵਿੜ ਬਹੁ ਤੇਰੀ ਚੂਚਕ, ਡਾਢੀ ਕਮਚੀ ਲਾਈ ।
ਮੰਝੂ ਦੇਇ ਸਮ੍ਹਾਲ ਅਸਾਨੂੰ, ਲੈ ਵੰਝ ਇਜ਼ਤ ਭਾਈ ।
ਆਖ ਦਮੋਦਰ ਦੂਜੀ ਕਮਚੀ, ਧੀਦੋ ਨੇ ਬਹਿ ਲਾਈ । (342)

ਵਿਲ ਵਿਲ ਪਇਆ ਰੰਝੇਟਾ ਲੋਕਾ, ਚੱਲੀ ਰੱਤ ਤਿਵਾਈਂ ।
ਕਾਈ ਵੇਦਨਾ ਖਾਧੀ, ਚੋਇ ਨ ਪੀਤੀ, ਚੱਲ ਸੰਭਾਲ ਦਿਵਾਈਂ ।
ਆਇਉਸ ਘਿੰਨ ਧੂੰਏ ਦੇ ਉਤੇ, ਇਹ ਲੈ ਮੱਝੀ ਗਾਈਂ ।
ਖਾਨਾ ! ਜੇ ਖੱਸ ਲੀਤੋ ਮੰਝੂ, ਤਾਂ ਹਜ਼ਾਰਾ ਲੀਤੋ ਨਾਹੀਂ । (343)

ਮੰਝੂ ਆਣ ਦੇਇ ਮੈਂ ਤਾਈਂ, ਵੰਞ ਹਜ਼ਾਰੇ ਭਾਈ ।
ਕਰਕੇ ਤਰਸ ਰੱਖਿਆ ਤੈਨੂੰ, ਸੰਨ੍ਹ ਅਸਾਂ ਘਰ ਲਾਈ ।
ਜਾਹਿ ਤੁਸਾਡੀ ਇਥੇ ਨੀਹੂ, ਅਸਾਂ ਥੀਂ ਅਬ ਜਾਹੀ ।
ਜੁੱਤੀ ਚਾੜ੍ਹ ਤਿਆਰੀ ਕੀਤੀ, ਥੀ ਉਠੰਦਾ ਰਾਹੀ । (344)

ਦਿਹੁ ਅਲਾਪ, ਬੁਲਾਇਆ ਮੰਝੂ, ਕੇਹੀਆਂ ਸੁਰਾਂ ਵਗਾਈਆਂ ।
ਸ਼ੀਂਹ ਬਰਿੰਡੇ, ਅਜ਼ਗਰ ਮੋਨੀ, ਸੱਭੇ ਜ਼ਿਆਰਤ[37] ਆਈਆਂ ।
ਪਸ਼ੂ ਪਰਿੰਦਾ, ਰਹਿਓ ਨ ਕੋਈ, ਮੋਹੀਂ ਸੁਣ ਸਭ ਧਾਈਆਂ ।
ਆਖ ਦਮੋਦਰ ਤ੍ਰਿੱਥੋਂ ਧੀਰਨ, ਗੋਪੀਆਂ ਕਾਨ੍ਹ ਬੁਲਾਈਆਂ । (345)

ਘਿੱਨ ਸੰਭਾਲ ਤੂੰ ਗਣ ਕਰ ਖਾਨਾਂ ! ਕਾਈ ਨ੍ਹੀਮੂ ਨਾਲ ਚਲਾਈ ।
ਕੱਛ ਸਰੋਦ ਚੂਚਕ ਨੇ ਸੁਣਿਆ ਡਾਢੀ ਮਸਤੀ ਆਈ ।
ਖੂੰਡੀ ਤੇ ਹੱਥ ਵੰਝਲੀ ਕੀਤੀ, ਜੁੱਤੀ ਚਾੜ੍ਹੀ ਭਾਈ ।
ਆਖ ਦਮੋਦਰ ਥੀਆ ਰਾਹੀ, ਮੋਢੇ ਕੰਬਲੀ ਪਾਈ । (346)

ਚਲਿਆ ਚਾਕ, ਮੰਝੂ ਸਭ ਨਾਲੇ, ਚੂਚਕ ਹੋੜਾ ਪਾਏ ।
ਜਿਉਂ ਜਿਉਂ ਮੋੜੇ, ਤਿਉਂ ਤਿਉਂ ਵੱਗਣ, ਰਹਿਣ ਨਾ ਮੂਲ ਰਹਾਏ ।
ਹੁੱਟਾ ਖ਼ਾਨ ਮਰੇਂਦਾ ਮੰਝੂ, ਚੱਲਣ ਉਹ ਕਦਮਹੁੰ ਕਦਮ ਸਵਾਏ ।
ਆਖ ਦਮੋਦਰ ਜਾਂ ਪੈ ਹੁੱਟਾ, ਗਲ ਪਗੜੀ ਤੇ ਚਾਕ ਮਨਾਏ । (347)

---

[37]ਗ. ਸਿ. ਬੇ. ਤੇ ਡਾ. ਪ. ਸਿ., ਜ਼ਾਰਤ ।

ਤਾਂ ਆਖੇ ਖ਼ਾਨ ਤੂੰ ਤਾਂਹੀਂ ਰੁੱਠਾ, ਜੇ ਮੈਂ ਸੱਟਾਂ ਲਾਈਆਂ ।
ਜੇਹਾ ਖ਼ਾਨ, ਪਠਾਣ, ਅਸਾਡਾ ਨਾਲ ਬਰਾਬਰ ਭਾਈਆਂ ।
ਜੇ ਬਾਪ ਸਜਾਇ ਦਿਤੀ ਬੇਟੇ ਨੂੰ, ਕਿਸੇ ਕੇ ਲਹਿਣ ਸਾਈਆਂ ।
ਆਖ ਦਮੋਦਰ ਇਉਂ ਕਰ ਮੱਝੀਂ, ਚੂਚਕ ਖ਼ਾਨ ਫਿਰ ਦੀਆਂ । (348)

ਆਇਆ ਫੇਰ ਰੰਝੇਟਾ ਬੇਲੇ, ਮੰਝੂ ਬੇਲੇ ਆਇਆ ।
ਦੇਇ ਦਿਲਾਸਾ ਤੇ ਕਰ ਕਰ ਮਿੰਨਤਾਂ, ਚੂਚਕ ਚਾਕ ਮਨਾਇਆ ।
ਬੇਲਾ ਛੋੜ ਉਠ ਘਰਾਂ ਨੂੰ ਹੋਇਆ, ਲੈ ਚਿੰਤਾ ਘਰ ਆਇਆ ।
ਆਖ ਦਮੋਦਰ ਕੁੱਲ ਕਬੀਲਾ, ਸਾਰਾ ਪੁੱਛਣ ਆਇਆ । (349)

**ਚੂਚਕ**

ਕੇ ਮੂੰਹ ਆਖਕੇ ਮੱਥੇ ਲਾਈਂ, ਕੇ ਆਖ ਸੁਣਾਈਂ ਭਾਈਆਂ ।
ਆਹਾ ਸੱਚ ਨਾ ਕੂੜ ਰਤੀ ਹਿੱਕ, ਜੋ ਗੱਲਾਂ ਸੁਣੀਦੀਆਂ ਆਹੀਆਂ ।
ਰਿਹਾ ਅਜਮਾਇ ਆਪਣੀ ਪਾਰੋਂ, ਮੈਂ ਹੀ ਚਾਕ ਭਵਾਈਆਂ ।
ਹੀਰ ਵਿਜਾਰੀ ਕੌਣ ਚਿਕਾਰੀ, ਮੈਂਡੀਆਂ ਮੇਹੀਆਂ ਭੀ ਚਾਕ ਵੰਡਾਈਆਂ । (350)

ਆਇਆ ਖ਼ਾਨ ਭਲੇਰੀ ਰੀਤੀ, ਮਹਿਰੀ ਸੱਦ ਬਹਾਈ ।
ਜੋ ਚਉ ਚਉ ਗਲ ਸੁਣੇਂਦੇ, ਕੰਨੀ, ਤਾਂ ਅੱਖੀਂ ਰੱਬ ਵਖਾਈ ।
ਗਈ ਏ, ਦੇਹੁੰ ਕਲੋਕੇ ਵਾਂਗੂੰ, ਜੋ ਤੁੱਧ ਪੱਟੋਂ ਜਾਈ ।
ਆਖ ਦਮੋਦਰ ਵਾਰ ਬੁਢੇ ਦੀ ਨਿਕੱਥੀ ਏਹੁ ਕਮਾਈ । (351)

**ਹੀਰ ਦੇ ਵਿਆਹ ਦਾ ਸਲਾਹ ਮਸ਼ਵਰਾ ਕਰਨਾ**

ਤਾਂ ਮਸਲਤ ਮਿਲ ਬੈਠੇ ਸਾਊ, ਆਖਹੁ ਕੀਕਣ ਕੀਚੈ ।
ਲੱਥੀ ਮਣੀ ਅਸਾਡੀ, ਮਹਿਰੀ ! ਜ਼ਹਿਰ ਘੋਲਕੇ ਪੀਚੈ ।
ਜੋ ਹੋਵੇ ਸੋ ਅੱਜ ਕਲ ਹੋਵੇ, ਢਿੱਲ ਨ ਮੂਲੇ ਕੀਚੈ ।
ਕਰੇ ਫ਼ਿਕਰ ਨਾ ਕਰੋ ਤਹਿਬਲ ਵਾਹੁ[38] ਬੰਨ ਕਲੀਚੈ । (352)

ਸਈਂ ਵਿਲਾਵੀਂ ਗੰਢ ਸੁਹਿੱਕਾ, ਨ ਹੋਰ ਪਸਿੰਦ ਕਰੀਹਾਂ ।
ਜਿਉਂ ਤਿਉਂ ਸੱਚ ਨ ਦੂਜੀ ਬਣਦੀ, ਅਸੀਂ ਸਰਪਰ ਢੰਗ ਕਰੀਹਾਂ ।
ਨਹੀਂ ਮੁਨਾਸਬ ਢਿੱਲ ਕਰਨ ਦੀ, ਅਸੀਂ ਗੰਢੀ ਪਾਇ ਭਿਜੀਹਾਂ ।
ਕਹੈ ਦਮੋਦਰ ਹੀਰ ਸਿਆਲੀ ਲਾਵਾਂ ਅਜ ਦਿਈਹਾਂ । (353)

ਇੱਦੋਂ ਫ਼ਿਕਰ ਕੀਤੋਈ ਚੂਚਕ, ਮਸਲਤ ਘਰੇ ਕਰਾਈ ।
ਸੁਣ ਮਹਿਰੀ ! ਵਿਣ ਕਾਜ ਵਰਾਜਾਂ, ਬਣਦੀ ਗੱਲ ਨ ਕਾਈ ।

---

[38]ਗ. ਸਿੰ. ਬੇ. ਤੇ ਡਾ. ਪ. ਸਿੰ., ਵਾਹੇ ਬੰਨ੍ਹ ।

ਜਿਉਂ ਜਿਉਂ ਢਿੱਲ, ਖੁਦਾਰੀ ਤਿਉਂ ਤਿਉਂ ਕਿਆ ਮੂੰਹ ਕਾਲਕ ਲਾਈਂ।
ਆਖ ਦਮੋਦਰ ਹੀਰ ਅਘੇੜੇ ਕਿਤਨਾ ਮੈਂ ਕੋਜਮਾਈ। (354)

ਚੰਗੀ ਖਾਨ ਸਦਾਏ ਕੰਮੀ, ਖਿਜ਼ਮਤ ਦਿੱਤੀ ਤਾਹੀਂ।
ਕਿਸੇ ਸੋਨਾ, ਕਿਸੇ ਮੋਤੀ, ਕਿਸੇ ਕਪੜਾ ਭਾਈ।
ਕਿਸੇ ਖੰਡ, ਤੇ ਕਿਸੇ ਮੈਦਾ, ਵੰਡੇ ਕੰਮੀਆ ਤਾਈਂ।
ਆਖ ਦਮੋਦਰ ਚੰਗੀ ਤੋਰੇ, ਕੰਮੀ ਕੰਮਾਂ ਤਾਈਂ। (355)

ਤਾਂ ਚਉ ਚਉ ਚੱਲ ਪਈ ਵਿਚ ਸਿਆਲੇ, ਚੂਚਕ ਕਾਜ ਕਰੇਂਦਾ।
ਗੁੱਝੀ ਕੀਕਣ ਰਹੇ ਸਹੀ ਸੱਚ, ਲੋਕ ਉਗਾਹੀ ਦੇਂਦਾ।
ਜੋ ਬੋਲੇ ਹੋਰ ਗਲ ਨ ਕਾਈ, ਸ਼ਾਦੀ ਖ਼ਾਨ ਕਰੇਂਦਾ।
ਆਖ ਦਮੋਦਰ ਹਰ ਕੋਈ ਆਖੇ, ਚੂਚਕ ਹੀਰ ਪਰਨੇਂਦਾ। (3:6)

**ਮਾਂ**

ਸੁਣ ਧੀਆ ਮੈਂ ਸਦਕੇ ਕੀਤੀ, ਆਖਾਂ ਤੁੱਧ ਸੁਣਾਈ।
ਜੋਬਨਵੰਤ, ਫਿਰੇਂ ਵਿਚ ਬੇਲੇ, ਗੱਲਾਂ ਝਗ ਤੁਸਾਹੀਂ।
ਘਰ ਘਰ ਹੋਰ ਨ ਗੱਲਾਂ ਧੀਏ ! ਕਾਲਕਜੋਗ ਅਸਾਹੀਂ।
ਕਹੇ ਦਮੋਦਰ ਧੀ ਸਿਆਣੀ ! ਵੀਵਾਹੀਂ ਤੁਧ ਤਾਈਂ। (357)

**ਹੀਰ**

ਅੰਮਾਂ ! ਜਿਨ੍ਹਾਂ ਨੇ ਹੱਕ ਸਿਞਾਤਾ, ਸੁਣਹੁ ਸਿਆਣੀ ਮਾਈ।
ਅਸੀਂ ਨਵੇਂ ਨਰੋਏ ਹਾਂ ਹੀ ਅਸਾਂ, ਖਿਆ ਜੀਅ ਨਾ ਲਗੇ ਕਾਈ।
ਪਾਣੀ ਢੁੱਲ ਮਿਲਿਆ ਪਾਣੀ ਨੂੰ, ਬਾਕੀ ਰਹੀ ਨ ਕਾਈ।
ਸੁਣ ਅੰਬੜ ! ਇਹ ਗੱਲ ਸਚਾਵੀ, ਮੈਂਡੀ ਕੀਤੀ ਕੈਂ ਕੁੜਮਾਈ। (358)

**ਮਾਂ**

ਕਹਾ ਰਲਾ ਮੰਗੇਵੇ ਦੇ ਵਿੱਚ, ਤੁੱਧ ਗੁਮਾਨ ਪਇਓਈ।
ਆਪਹੁੰ ਚੰਗੇ ਢੂੰਡ ਲਧਿਆਸੇ, ਖੇੜਿਆਂ ਤੁੱਲ ਨ ਕੋਈ।
ਅਸਾਂ ਜਹੇ ਹਨ ਲਖ ਉਨ੍ਹਾਂ ਨੂੰ, ਕਮੀ ਨਹੀਂ ਹੈ ਕੋਈ।
ਸੁਣ ਧੀਏ ! ਸੱਚ ਆਖਾਂ ਤੈਨੂੰ, ਮਾਲਮ ਤੁੱਧ ਨਾ ਹੋਈ। (359)

**ਹੀਰ**

ਸੁਣ ਮਾਏ ! ਬਹੁ ਵੱਡੇ ਖੇੜੇ, ਜਿਨ੍ਹਾਂ ਜੋਗ ਸਲ੍ਹੇਂਦੀ।
ਜਿਨ੍ਹਾਂ ਵਿਚ 'ਪਾਕ ਮੁਹੱਬਤ' ਨਾਹੀਂ, ਨੀਮੂ ਕਿਸੇ ਲਵੇ ਲਏਂਦੀ।
ਖੇੜੇ ਖਾਵਨ ਖ਼ਸਮਾਂ ਤਾਈਂ, ਜੋ ਮੈਂ ਅਗੇ ਸਿਫ਼ਤ ਕਰੇਂਦੀ।
ਮਾਏ ਸੱਚ ਸੁਹਾਗ ਸਚਾਵਾ, ਜਿਨ੍ਹਾਂ, ਸਿਰ ਸਾਈਂ ਮੈਂ ਦੇਂਦੀ। (360)

ਮਾਂ

ਸੁਣ ਧੀਏ ! ਮੈਂ ਸਦਕੇ ਕੀਤੀ, ਤੈਨੂੰ ਕੌਣ ਬੁਝਾਏ ।
ਰੁਲਦਾ ਆਇਆ ਤਖ਼ਤ ਹਜ਼ਾਰਿਓਂ, ਕੋਈ 'ਚਾਕ' ਨ ਲਾਏ ।
ਆਪੇ ਆਪ ਸਲਾਹਿਓਂ ਧੀਏ ! ਆਪੇ ਅਸਾਂ ਸੁਣਾਏ ।
ਸਾਰੇ ਜੱਗ ਵਿਚ ਊਂਧੀ ਆਈ, ਤੈਂਡੇ ਬਾਪ ਨਾ ਭਾਏ ।
ਸਾਈਆਂ ਛੁਟ ਪਰਵਾਹਾਂ ਸੱਭੇ, ਜੇ ਰਾਂਝਾ ਮਰ ਜਾਏ । (361)

ਹੀਰ

ਸੁਣ ਨੀ ਮਾਏ ! ਚੂਚਕ ਹਾਏ, ਤੈਨੂੰ ਕੌਣ ਸਮਝਾਏ ।
ਭਰੇ ਵਾਤ ਚਊਲਾਂ ਤੇ ਬੈਠੀ ਨਾ ਪੁਣ ਪੁਤ੍ਰ ਪਰਾਏ ।
ਪਿੱਛੋਂ ਕੌੜੀ ਗਲ ਨ ਚੰਗੀ, ਕੋਈ ਤੈਂ ਭੀ ਪੇਟੋਂ ਜਾਏ ।
ਨਹੀਂ ਮੁਨਾਸਬ ਦੇਣ ਪਲੂਤਾ, ਜੋ ਤੈਨੂੰ ਰੱਬ ਭਾਏ । (362)

ਮਾਂ

ਚਾਕਾਂ ਉੱਤੋਂ ਵੀਰਾਂ ਤਾਈਂ, ਪੁਣਦਿਆਂ ਮਿਹਰ ਨਾ ਆਈ ।
ਨਾੜੇ ਦੀ ਥਾਂ ਨ ਕੱਪਿਓ ਮੈਂ ਕਿ ਤੂ ਫੁੱਟ ਵਿਆਹੀ ।
ਲੋਕਾਂ ਦੇ ਘਰ ਦੋ ਦੋ ਧੀਆਂ, ਤੂੰ ਕਟਕ ਰਬਾਣਝ ਜਾਈ ।
ਆਖੇ ਮਾਊ, ਧੀਅ ਸਿਆਣੀ, ਤੇਰੀ ਚਾਕੇ ਸੇ ਅਸ਼ਨਾਈ । (363)

ਹੀਰ

ਕੈਨੂੰ ਤੂੰ ਸਮਝਾਏਂ ਮਾਏ ! ਜੋਰ ਨਿਆਉਂ ਕਰੇਂਦੀ ।
ਲੂੰ ਲੂੰ ਅੰਦਰ ਰਾਂਝਾ ਵੜਿਆ, ਖੱਸ ਖੇੜਿਆਂ ਨੂੰ ਦੇਂਦੀ ।
ਖਾਰੇ ਉਤੋਂ ਰੂਪ ਖਲੋਸਾ, ਤਦੋਂ ਤੂੰ ਸਮਝੇਂਦੀ ।
ਕਹੇ ਦਮੋਦਰ ਹੀਰ ਸਿਆਲੀ, ਰਾਂਝਾ ਹੀਰ ਕੇਕੇਂਦੀ । (364)

ਰਾਂਝੇ ਦੀ ਮੈਂ ਦਰਦ ਦਿਵਾਨੀ, ਹੰਝੂ ਚੰਨਾ ਭਿਨਾਂ ।
ਜਾਂ ਜਾਂ ਸ਼ਉਕ ਹਯਾਤੀ ਮਾਣਾ, ਰਾਂਝੇ ਨੂੰ ਮੈਂ ਘਿੱਨਾਂ ।
ਸੋ ਦੁਨਿਆਵੀ ਰਾਹ ਕੀ ਜਾਣਨ, ਹੱਕ ਨਾ ਕੀਤਾ ਜਿਨਾਂ ।
ਕਹੈ ਦਮੋਦਰ ਹੀਰ ਸਿਆਲੀ, ਕਾਜ ਗਿਣਾਇਆ ਕਿੰਨਾਂ । (365)

ਮਾਂ

ਕਾਜ ਗਿਣਾਯਾ ਬਾਬਲ ਧੀਏ, ਤੂੰ ਜੋਬਨ ਭਰ ਮਾਤੀ ।
ਤ੍ਰੋੜੇ ਹਟਕੇ ਰਹਿੰਦੀ ਨਾਹੇਂ, ਦਾਗ ਲਏਂਦੀ ਜਾਤੀ ।
ਚਾਕਾਂ ਨਾਲ ਕਰੇਂ ਅਸ਼ਨਾਈ ਫੱਲ ਫਿਰੇਂਦੀ ਰਾਤੀਂ ।
ਕਹੇ ਦਮੋਦਰ ਹੀਰ ਸਿਆਲੀ ਨਾਂ ਥੀ ਮੂਲ ਕੁਪਾਤੀ । (366)

ਹੀਰ

ਬਾਗੋ ਅੰਦਰ ਫੁੱਲ ਟਹਿੱਕੇ, ਤਿਉਂ ਰਾਂਝੇ ਡਿੱਠਿਆਂ ਜੀਵਾਂ ।
ਪ੍ਰੋਕਰ ਹਾਰ ਪਾਈਂ ਵਿਚ ਗਲ ਦੇ, ਮਾਲਣ ਆਖੇ ਥੀਵਾਂ ।
ਬੇੜੀ ਵਿਚੋਂ ਢੂੰਡ ਲਧੋਸੇ, ਇਸ ਦਿਲ ਕੀਤਾ ਨੀਵਾਂ ।
ਕਹੇ ਦਮੋਦਰ ਹੀਰ ਸਿਆਲੀ, ਮੈਂ ਜਗ ਸੁਹਾਗਣ ਥੀਵਾਂ । (367)

ਮਾਂ

ਇਹ ਸੁਹਾਗ ਤੁਹਾਡਾ ਧੀਏ ! ਕੰਮ ਨ ਕਿੱਤੇ ਆਵੇ ।
ਚਾਕਾਂ ਨਾਲ ਕਰੇਂ ਅਸ਼ਨਾਈ, ਲੱਜ ਨਾ ਤੁੱਧੇ ਆਵੇ ।
ਵੱਸ ਅਸਾਡਾ ਕੋਈ ਨਾਹੀਂ, ਖੇੜਿਆਂ ਬੱਧਿ ਦਾਵੇ ।
ਕਹੇ ਦਮੋਦਰ ਮਾਂ ਕਹੇ ਹੀਰ ਨੂੰ, ਸੋ ਰਾਂਝਾ ਮਰ ਜਾਵੇ । (368)

ਹੀਰ

ਮਾਏ ਸੋ ਰਾਂਝਾ ਵਰ ਦੇਵੈ ਮੈਨੂੰ, ਨਿੱਤ ਸੁਹਾਗ ਢਹੋਏ ।
ਰਾਂਝਾ ਦਿਲਬਰ ਯਾਰ ਅਸਾਡਾ, ਦੀਨ ਦੁਨੀ ਤੇ ਜੀਵੇ ।
ਹਿਕਸ ਕਸੀਰੇ ਤੋਂ ਖੇੜਾ ਖੋਟਾ, ਰਾਂਝਾ ਲੱਖੀਂ ਤੁਲੀਵੇ ।
ਕਹੇ ਦਮੋਦਰ ਹੀਰ ਸਿਆਲੀ, ਭਾਇ ਅਸਾਡੇ ਥੀਵੇ । (369)

ਮਾਂ

ਭਾਇ ਤੁਸਾਡੇ ਤਦੋਂ ਥੀਵੇ, ਜੇ ਮਾਂ ਪਿਉ ਹੋਵੇ ਰਾਜ਼ੀ ।
ਮੇਲ ਮਹਾਇਣ ਗੰਢ ਪਈਜਾਸੇ, ਕਰਮ ਲਿਖਿਆ ਸੋ ਸਾਂਝੀ ।
ਸੁਣ ਹੀਰੇ ਤੂੰ ਥੀਉ ਨ ਕਾਹਲੀ, ਅਸਾਂ ਦੂਰ ਰਖਿਆ ਮਿਤ੍ਰ ਮਾਝੀ ।
ਕਹੇ ਦਮੋਦਰ ਹੀਰ ਸਿਆਲੀ, ਥੀਉ ਖੇੜਿਆਂ ਤੇ ਰਾਜ਼ੀ । (370)

ਹੀਰ

ਜੇ ਤੁਸਾਂ ਦੂਰ ਰੱਖਿਆ ਮਿਤ੍ਰ ਮਾਝੀ, ਤਾਂ ਹਰਦਮ ਕੱਢਾਂ ਆਹੀਂ ।
ਖਾਣਾ ਤਾਮ ਨਾ ਰੁੱਚੇ ਹਰਦਮ, ਜੇ ਸ਼ਹੁ ਵੇਖਾਂ ਨਾਹੀਂ ।
ਹਿੱਕ ਘੜੀ ਮੈਂਡੀ ਵਰ੍ਹੇ ਵਰ੍ਹੇ ਦੀ, ਪਲੋਕ ਪਲੋਕ[39] ਛਿਮਾਹੀਂ ।
ਕਹੇ ਦਮੋਦਰ ਮੇਲ ਕਰੇਸੀ, ਆਪੇ ਸੱਚਾ ਸਾਂਈਂ । (371)

ਮਾਂ

ਗੰਢੀਂ ਪਾਇ ਖੇੜਿਆਂ ਨੂੰ ਮਿਲਿਆਂ ਹੋਏ ਅੱਤੇ ਸਾਹੇ ।
ਬੈਠੇ ਖੜੇ, ਖੜੇ ਉਠਆਰੇ, ਉਠਦੇ ਰਾਹੁ ਪਇਆਹੇ ।

---

[39] ਗ੍ਰ. ਜਿ. ਬੇ. ਤੇ ਡਾ. ਪ. ਜਿ., ਪਲਕ ਪਲਕ ਛਿਮ ਹੀਂ।

ਅਸੀਂ ਤੁਸਾਡੇ ਬੰਦੇ ਬਰਦੇ, ਮੁਹਲਤ ਨਾ ਕਰਿਆਹੇ ।
ਕਹੇ ਦਮੋਦਰ ਹੀਰ ਸਿਆਲੀਂ, ਲੱਗੇ ਕਰਨ ਸੰਬਾਹੇ । (372)

ਮਾਂ

ਸੁਣ ਨੀਂ ਧੀਏ ਪੈਸਨ ਕਜ਼ੀਏ, ਸਾਰੇ ਜੱਗ ਪਚਾਰਾਂ ।
ਅਸੀਂ ਸਿਰਦਾਰ ਜ਼ਿਮੀਂ ਦੇ ਖਾਵੰਦ, ਢੂੱਲ ਨ ਸਹਿੰਦੇ ਭਾਰਾਂ ।
ਕਸਬੇ ਦੇ ਵਿਚ ਗੱਲ ਅਸਾਡੀ, ਸਭ ਸਿਰ ਤੇ ਘਰ ਬਾਰਾਂ ।
ਲੋਕਾਂ ਦੇ ਘਰ ਤ੍ਰੈ ਤ੍ਰੈ ਧੀਆਂ, ਤੂੰ ਇਕ ਛੱਜ[40] ਅੰਗਾਰਾਂ । (373)

ਹੀਰ

ਲੱਧਾ ਪੀਰ ਚਰੋਕਾ ਮਾਏ, ਤੁੱਧ ਨੂੰ ਗੱਲ ਸੁਣਾਈਂ ।
ਦਿਲ ਲਾਕੇ ਸੁਣ ਗੱਲ ਅਸਾਡੀ, ਮੰਨਣ ਜੋਗੀ ਆਹੀ ।
ਦਾਵਾ ਛੋੜ ਹਲੀਮ ਥਿਆਸੇਂ, ਤੈਨੂੰ ਕੇ ਸਮਝਾਈ ।
ਆਖ ਵਿਕਾਣੀ ਦੰਮਾਂ ਬਾਝੋਂ, ਲੱਧਾ ਪੀਰ ਅਸਾਹੀਂ । (374)

ਮਾਂ

ਲੱਧਾ ਪੀਰ ਕਦੋਂਕਾ ਧੀਏ ! ਮੱਝੀਂ ਨਿੱਤ ਚਰੇਂਦਾ ।
ਕਰ ਕਰ ਪੀਰ, ਸਿਞਾਤੇ ਕੀਕਣ ? ਜੱਗ ਉਲਾਮੇਂ ਦੇਂਦਾ ।
ਮੂੰਹ ਕਾਲਾ, ਸ਼ਰਮਿੰਦੇ ਜਗ ਵਿਚ, ਆਲਮ ਫਿਟੂ ਦੇਂਦਾ ।
ਕਿਵੇਂ ਹੀ ਸਮਝ ਜਿਆਣੀ ਛੋਹਿਰ, ਬਾਪ ਨਸੀਹਤਾਂ ਦੇਂਦਾ । (375)

ਹੀਰ

ਮਾਏ ਰਾਂਝੇ ਦੀ ਮੈਂ ਰੋਟੀ ਕੀਤੀ, ਚਾਵਲ ਮਹੀਂ ਛਿਲਾਏ ।
ਹਿੱਕ ਜੋ ਚਾਵਲ ਸਹੀਆਂ ਭੰਨਾਂ, ਰਾਂਝਾ ਅੰਨ ਨ ਖਾਏ ।
ਸੱਦਿਓ ਕਾਈ ਦਰਦਾਂ ਵਾਲੀ ਕਰ ਕਰ ਮਿੰਨਤ ਮਨਾਏ ।
ਕਹੈ ਦਮੋਦਰ ਮੈਂ ਦਾਵਣ ਲੱਗੀ ਜੇ ਮੈਨੂੰ ਤੋੜ ਨਿਬਾਹੇ । (376)

ਮਾਂ

ਦਾਵੇ ਖੇੜਿਆਂ ਬੱਧੇ ਧੀਆਂ ! ਰਹਿਣ ਨ ਮੂਲ ਦਿਵਾਈਂ ।
ਆਖ ਹਕੀਕਤ ਧੀ ਸਿਆਣੀ, ਕੱਦਸਨ ਰਾਂਝੇ ਤਾਈਂ ।
ਅਸਾਂ ਨ ਸੁਝੇ, ਕੋਈ ਜ਼ਿਮੀਂ ਤੇ, ਜੋ ਪਰਨੈਸੀ ਤੈਂ ਤਾਈਂ ।
ਕਦੀ ਤਾਂ ਸਮਝ ਸਿਆਣੀ ਛੋਹਿਰ ! ਰਖ ਈਮਾਨ ਦਿਵਾਈਂ । (377)

ਮਾਏ ਕੂੜੇ ਸਾਕ ਨ ਥੀਂਦੇ ਸੱਚੇ, ਜੇ ਸਉ ਮੱਚ ਕਰਾਈਂ ।
ਤ੍ਰਿਥੇ ਆਦਮ ਈਦਮ ਜਿੱਥੇ ਹੋਈ ਕੁੜਮਾਈ ।

---

[40]ਗ. ਸਿੰ. ਬੇ. ਤੇ ਡਾ. ਪ. ਸਿੰ., ਤ੍ਰੈ ਮੈਂ ਛੱਜ ਅੰਗਾਰਾ ।

ਵੱਡੇ ਵਲੀ ਸਾਦਕ ਸਾਹਿਬ ਦੇ, ਜਿਨ੍ਹਾਂ ਪਚਾਰ ਸੁਣਾਈ ।
ਆਉ ਵਿਚਾਰੀ ਅੰਮਾਂ ਬਾਵਾ, ਤੈਨੂੰ ਖ਼ਬਰ ਨ ਕਾਈ । (378)

**ਮਾਂ**

ਆਖਰ ਸ਼ਰਮਿੰਦੀ ਹੋਸੀ ਧੀਆ ! ਓੜਕ ਵੇਖਣ ਤਾਈਂ ।
ਖੇੜੇ ਕਹਿਰ ਜਵਾਲ ਸਾਹਿਬ ਦੇ, ਮੂਲ ਛੁੜੇਸਨ ਨਾਹੀਂ ।
ਲੜ ਭਿੜ ਘਿਨਸਨ ਹੁਕਮੀਂ ਤੈਨੂੰ, ਅਸੀਂ ਨਿਲੱਜ ਥੀਗਾਈਂ ।
ਨਿਜ ਅਜੇਹੀ ਜੰਮਣ ਨਾਲੋਂ, ਲੋਕਾ, ਕੁਲ ਲਜਾਵਨ ਤਾਈਂ । (379)

**ਹੀਰ ਦਾ ਵਿਆਹ**

ਤਾਂ ਸਦੀਆਏ ਚੂਚਕ ਕੀਤੇ ਟੰਮਕ ਢੋਲ ਧਰਾਇਆ ।
ਸਾਦੀ ਹੋਈ ਘਰ ਚੂਚਕਾਣੇ, ਆਲਮ ਉੱਛਲ ਆਇਆ ।
ਦੇਣ ਵਧਾਈ ਮਹਿਰੀਂ ਤਾਈਂ ਹੱਭਣਾ ਚੰਗਾ ਭਾਇਆ ।
ਆਖ ਦਮੋਦਰ ਮੂਲ ਨ ਮਾਵਨ, ਇਤਨਾ ਮੰਗਤਾ ਆਇਆ । (380)

**ਰਾਂਝਾ**

ਰਾਂਝਾ ਹੀਰ ਬੈਠੇ ਵਿਚ ਬੇਲੇ ਤਾਂ ਸਾਦੀ ਸੁਣ ਪਾਈ ।
ਕੋਈ ਕਾਜ ਗਿਣਾਇਆ ਕਿੱਸੇ, ਕੇ ਕਾਈ ਕੁੜਮਾਈ ?
ਕੇ ਕਾਈ ਸੁੰਨਤ, ਕੇ ਕਾਈ ਮਿਲਣੀ, ਕੇ ਕਾਈ ਪੜ੍ਹਾਈ ।
ਆਖ ਦਮੋਦਰ ਹੀਰੇ ਕੋਲੋਂ ਰਾਂਝੇ ਗੱਲ ਪੁਛਾਈ । (381)

**ਹੀਰ**

ਨਾ ਕੋ ਢੰਗ ਨ ਸਾਦੀ ਕਾਈ, ਨਾ ਕਾਈ ਕੁੜਮਾਈ ।
ਨਾ ਮੰਗੇਵਾ[1] ਨਾ ਕਾਈ ਮਿਲਣੀ, ਨਾ ਕਾਈ ਪੜ੍ਹਾਈ ।
ਡਰਦਾ ਹੋਇ ਰਹਿਆ ਵਸਤੀ ਵਿਚ, ਚੋ ਚੋ ਸਿਆਲ ਵਿਚ ਆਹੀ ।
ਜੇ ਆਖੇ ਸੁਧ ਵੰਡ ਘਿੱਨਾਂ ਸਿਆਲੀਂ, ਮਤ ਹੋਵੇ ਮੈਂ ਸਿਰ ਆਈ । (382)

**ਰਾਂਝਾ**

ਨਾਹੁਸ ਚਾਕ ਚਿਰੋਕਾ ਹੀਰੇ । ਮੈਂ ਭੀ ਰਾਠਾਂ ਦਾ ਜਾਇਆ ।
ਆਹਿ ਅਸਾਡਾ ਜੀ ਵਧੇਈ, ਤਾ ਮੈਂ ਚਾਕ ਸਦਾਇਆ ।
ਫਿਰਾਂ ਮਹੀਂ ਦਾ ਛੁਮਕਾਂ ਖਾਂਦਾ ਪਿਉ ਦਾ ਨਾਉ ਵੰਞਾਇਆ ।
ਆਖ ਹਕੀਕਤ ਅਪਣੀ ਹੀਰੇ ! ਤੈਂ ਕੇ ਮਨ ਤੇ ਆਇਆ । (383)

**ਹੀਰ**

ਸੁਣ ਸਾਹਿਬ ! ਤੂੰ ਕਾਮਲ ਮੁਰਸ਼ਦ, ਮੈਂ ਆਜਜ਼ ਨ ਅਜਮਾਹੇਂ ।
ਲੱਗੀ ਆਇ ਮੈਂ ਨਾਲ ਪੈਰਾਂ ਦੇ ਛਡਕੇ ਨਾ ਮੈਂ ਜਾਏਂ ।[2]

---

ਗ. ਸਿ. ਬੇ. ਤੇ ਡ. ਪ. ਸਿ., ਨਾ ਕੋਈ ਮੰਗੇਵਾ ਨਾ ਕੋਈ ਮਿਲਣੀ ।
ਗ. ਸਿ. ਬੇ. ਤੇ ਡਾ. ਪ. ਸਿ., ਛੱਡ ਕੇ ਨਾ ਮੈਨੂੰ ਜਾਵੇਂ ।

ਦੇਵੇਂ ਪਾਕ ਮੁਹੱਬਤ ਸੱਚੀ ਮੈਨੂੰ ਨਾਂ ਭਰਮਾਏਂ ।
ਆਖ ਦਮੋਦਰ ਸੁਣੀ ਰੰਝੇਟਾ ! ਤੇਰੇ ਪੈਰਾਂ ਹੇਠ ਮਰਾਂਹੇ । (384)

ਰਾਂਝਾ

ਸੁਣੀ ਦੀ ਜੰਞ ਖੇੜਿਆਂ ਦੀ ਆਈ ਆਖ, ਵੇਖਾਂ ਕੇ ਥੀਸੀ ।
ਸਹਿਸੀ ਕੌਣ ਅਸਾਡਾ ਮਾਣਾ ਜੇ ਤੂੰ ਮਾਈਏਂ ਨੱਪ ਘਈਸੀ ।
ਆਲਮ ਲਗਸੀ ਮੈਂਡੇ ਪਿੱਡੇ ਤੂੰ ਕੀਕਣ ਸੱਦ ਪੁਛੀਸੀ ।
ਆਖ ਦਮੋਦਰ ਕੀਕੁਣ ਹੋਸੀ, ਜੇ ਵਿਨ ਤੂੰ ਪਰਨੀਸੀ । (385)

ਹੀਰ

ਮਾਰਿਓ ਫੱਟ ਅਵੱਲਾ ਮੈਨੂੰ ਵੱਤ ਕਿਵੇ ਪਰਨੇਂਦਾ ?
ਖੇੜੇ ਖਾਵਨ ਖਸਮਾਂ ਤਾਈਂ, ਮੈਨੂੰ ਆਪ ਅਲੇਂਦਾ ।
ਬੁਝ ਨ ਸੱਕਾਂ, ਮੈਥੂੰ ਪਛੇਂ, ਤੂੰ ਮੈਂਕੂ ਅਜ਼ਮੇਂਦਾ ।
ਤੋਬਾ ਤੋਬਾ ਖੇੜਿਆਂ ਦੀ ਪਾਰੋਂ ਜੀਉ ਤੈਂਡਾ ਜ਼ਿਕਰ ਕਰੇਂਦਾ । (386)

ਉੱਠੀ ਹੀਰ ਜੁਲੀ ਘਰ ਆਪਣੇ ਮਨ ਵਿਚ ਫ਼ਿਕਰ ਕਰੀਂਦਾ ।
ਘਰ ਚੂਚਕਾਣੇ ਟੰਮਕ ਵਜਿਆ ਕੰਨ ਅਵਾਜ਼ ਸੁਣੀਂਦਾ ।
ਕੁੜੀਆਂ ਗਾਵਣ; ਆਟਾ ਪੀਸੇ, ਕੇਹਾ ਘਾੜ ਘੜੀਂਦਾ ।
ਨਾਲ ਖੇੜਿਆਂ ਦੇ ਕੇਹੜੀ; ਵੈਸੀ ਮੈਥੋਂ ਨਹੀਂ ਪੁਛੀਂਦਾ ।
ਸੱਦ ਕਰੀਂ ਘਰ ਆ ਵੇ ਰੰਝੇਟਿਆ, ਜੇ ਤੈਂ ਕਝ ਸੁਣੀਂਦਾ । (387)

ਖੇੜਿਆਂ ਦੀ ਬਰਾਤ

ਜੰਞ ਬਣਾਇ ਲੈ ਚੱਲੇ ਖੇੜੇ ਸੱਕੇ ! ਕੁੱਲ ਸਦਾਇ ।
ਨੁਕਰੇ, ਨੀਲੇ, ਅਬਲਕ, ਪੀਲੇ, ਗਲ ਗਜਗਾਹੁ ਬਣਾਏ ।
ਹੰਨੇ ਤਬਲਬਾਜ਼ ਵਿਚ ਬਣਦੇ, ਮਖ਼ਮਲ ਜ਼ੀਨੀ ਲਾਏ ।
ਆਖ ਦਮੋਦਰ ਜੰਞ ਖੇੜਿਆਂ ਦੀ ਵਿੱਸਣ ਰੂਪ ਸਵਾਏ । (388)

ਬਖ਼ਸ਼ਣ ਕਾਰਣ ਟੱਟੂ ਲੀਤੇ, ਸੁ ਲੈ ਨਾਲ ਚਲਾਏ ।
ਲੰਡੀ, ਖੇਸ, ਕੱਪੜ ਬਹੁਤੇਰਾ ਕੇ ਕੋਈ ਆਖ ਸੁਣਾਏ ।
ਉਠ ਟੱਟੂ ਕਸ਼ਮੀਰੀ ਕੇਹੇ, ਰੰਕੜ ਨਾਲ ਲਦਾਏ ।
ਆਖ ਦਮੋਦਰ ਅਜੇ ਨ ਪੂਰੇ ਹੋਰ ਕੇ ਚੀਜ਼ ਮੰਗਾਏ । (389)

ਕੋਤਲ ਉਤੇ ਸਾਜ਼ ਕਰਾਈ, ਰੱਖ ਨੀਸਾਣ ਚਲਾਏ ।
ਭੰਡ, ਭਗਤੀਏ, ਔਰ ਕੰਜਰੀਆਂ ਆਣ ਸੁ ਰਾਗ ਉਠਾਏ ।
ਵੱਜਣ ਢੋਲ ਅਤੇ ਸਰਨਾਈ ਜੁੱਰੇ ਬਾਜ਼ ਉਡਾਏ ।
ਆਖ ਦਮੋਦਰ ਕੇ ਕੁਝ ਡਿੱਠੇ, ਤਿਸ ਦਿਨ ਧਰਤੀ ਭਾਰ ਨਚਾਏ । (390)

ਤਾਂ ਚੂਚਕ ਫਿਰ ਉੱਦਮ ਕੀਤਾ ਜਾਂ ਸੁਣਿਆਂ ਖੇੜੇ ਆਏ ।
ਮੈਦੇ, ਚਾਵਲ ਤੇ ਘਿਉ ਖੰਡ ਸ਼ਕਰ ਸਭ ਮੌਜੂਦ ਕਰਾਏ ।
ਆਟਾ ਦਾਣਾ ਲੇਫ਼ ਨਿਹਾਲੀ ਅੰਤ ਨ ਕੋਈ ਪਾਏ ।
ਆਖ ਦਮੋਦਰ ਅਕਬਰ ਕੋਲੋਂ ਦੋਵੇਂ ਨ ਘੱਟ ਆਹੇ । (391)

ਮਸਲਤ ਸੱਦ ਸਿਆਲਾਂ ਕੀਤੀ, ਕੀਕਣ ਤੇਲ ਠਕੀਹਾਂ ।
ਹੱਥੇ ਨੱਪੀ ਵੈਂਦੀ ਨਾਹੀਂ ਅਜਾਈਂ ਖ਼ਸਮ ਕਰੀਹਾਂ ।
ਭਿੜਨੇ ਤੇ ਵਿਰੇ ਮੂੰਹ ਪਾਈ, ਕੀਕਣ ਆਖ ਬਚੀਹਾਂ ।
ਆਖ ਦਮੋਦਰ ਸੱਚ ਹਕੀਕਤ ਕੀਕਣ ਬੰਦੀ ਦੀਹਾਂ । (392)

ਹੋਰਤ ਮਾਈਏਂ ਕਿਤੇ ਨ ਪਾਉਂਦੀ, ਏਹੋ ਮਤਾ ਕਰੀਹਾਂ ।
ਜਿੱਥੇ ਖਾਵਣ ਬਹਿੰਦੀ ਰੋਟੀ, ਤਿਥੈ ਵੀਰ ਛਪਈਹਾਂ ।
ਜਾਂ ਰਜ ਖਾਵੈ ਉਠਣ ਲਗੈ, ਪਾਣੀ ਹੱਥ ਧੁਵਈਆਂ ।
ਆਖ ਦਮੋਦਰ ਇਤ ਬਹਾਨੇ ਛੋਹਿਰ ਕੋਠੇ ਦੀਹਾਂ । (393)

ਤ੍ਰਾਹੇ ਵੀਰ, ਤੇ ਚਾਰੇ ਮਾਮੇਂ, ਅੰਦਰ ਆਣ ਛਪਾਏ ।
ਮੱਖਣ ਛਾਹ ਅਤੇ ਦੁੱਧ ਮਾੜਾ, ਉੱਤੇ ਖੰਡ ਰਲਾਏ ।
ਖਾਧੁਸ ਰੱਜ ਤੇ ਪਾਣੀ ਮੰਗੇ, ਜਾਂ ਮਾਊ ਹੱਥ ਧੁਵਾਏ ।
ਆਖ ਦਮੋਦਰ ਜੇ ਉਠਣ ਲੱਗੀ, ਤਾਂ ਹੱਥ ਭਿਰਾਵਾਂ ਪਾਏ । (394)

ਧੀਹੀ ਨੇ, ਹੇ ਤੈਂਕੂ ਭਾਈ ! ਮਹੀਂ ਨਾ ਕੋ ਛੁਹਿਆਏ ।
ਜਿਦੇ ਖਤਿਹੋ, ਮੈਂ ਆਪੇ ਵੈਂਦੀ, ਹੱਥ ਨ ਮਹੀਂ ਲਇਆਏ ।
ਨਾਇ ਸਾਈਂ ਦੇ ਗੱਲ ਕਰੇਂਦੀ ਮੈਂਡੀ ਭੀ ਸੁਣਿਆਹੇ ।
ਵੀਰਾ ਛੁਹੋ ਨਾ ਮੈਂਡੇ ਪਿੰਡੇ, ਮੈਨੂੰ ਹੱਥ ਰੰਞੇਟੇ ਲਾਏ । (395)

ਹੁਕਮੀ ਆਣ ਦਿੱਤੀ ਵਿਚ ਕੋਠੇ ਏਂਵ ਨ ਬੰਦੀ ਦੀਹਾਂ ।
ਆਣਿਓਂ ਜ਼ਹਿਰ ਦੇਹੋ ਕੰਦੀ ਨੀ, ਰਾਤ ਖਵਾਇ ਮਰੀਹਾਂ ।
ਇਸਦੀ ਜਾਹੀ ਧੀ ਖ਼ਾਨ ਦੀ, ਹੁਣੇ ਹੀ ਚਾ ਪਰਨੀਹਾਂ ।
ਆਖ ਦਮੋਦਰ ਹਭਣਾ ਭਾਈ, ਨਾ ਜ਼ਰਾ ਤਹੰਬਲ ਕਰੀਹਾਂ । (396)

ਆਂਦੀ ਜ਼ਹਿਰ ਗੜਾਈ ਆਟੇ, ਮੈਦਾ ਮਾਊਂ ਪਕਾਏ ।
ਮੱਖਣ ਛਾਹੀ ਦੇ ਵਿਚ ਮਹੁਰਾ, ਨਿੱਕਾ ਪੀਹ ਰਲਾਏ ।
ਖਾਣਾ ਭਲਾ ਪਕਾਇਆ ਕੁੰਦੀ ਖਾਵਣ ਹੀਰ ਬਹਾਏ ।
ਆਖ ਦਮੋਦਰ ਜੇ ਰੱਜ ਖਾਧਾ, ਤਾਂ ਹੀਰ ਜਵਾਬ ਸੁਣਾਏ । (397)

ਹੀਰ

ਸੁਣਵਣ ਮਾਏ ! ਮੈਂ ਮਾਈਏ ਪਾਇਓ, ਵੀਰ ਛਪਾਏ ਬਹਾਏ ।
ਭਲਾ ਥੀਆ ਜੇ ਆਪੇ ਆਈ, ਉਨਾ ਮੈਨੂੰ ਹੱਥ ਨ ਲਾਏ ।

ਪਾਕੋਂ ਨੇ ਪਪਲੀਤੀ ਦਿੱਤੀ ਹੁਣ ਮਹੁਰਾ ਰੱਜ ਖਵਾਏ ।
ਜ਼ਹਿਰ ਕਿ ਪੱਹੇ ਮਾਉਂ ਤਿਨ੍ਹਾਂ, ਜਿਨ੍ਹਾਂ ਕਾਮਿਲ ਇਸ਼ਕ ਪਚਾਏ । (398)

ਤਾਂ ਹੁਕਮੀ ਵੜ ਅੰਦਰ ਘੱਤੀ ਨਾਰੇ ਹੀਰ ਕਰੇਂਦੀ ।
ਹੱਸੀ ! ਸੱਚ ਸਹੇਲੀ ਮੈਂਡੀ ਆਖ ਵੇਖਾਂ ਮੈਂ ਕੇਂਦੀ ।
ਮਾਲਕ ਮੁਰਸ਼ਦ ਈਵੇਂ ਭਾਣੀ, ਤਾਂ ਤਿਸ ਕੀਤਾ ਮੈਂਦੀ ।
ਵਸ ਪਰਾਏ ਪਈ ਸਲੇਟੀ ਹੱਥ ਫਾਟੇ ਤੇ ਧੌਣ ਹਿਲੈਂਦੀ । (399)

ਮਾਏ ਇਆਣੀ ਤੁਧ ਮਹਿੰਦੀ ਆਣੀ, ਕੈਂਦੇ ਦਸਤ ਰੰਗੇਸੀ ।
ਹਿਕ ਦਿਲ ਆਹੀ, ਰਾਂਝਣ ਲੀਤਾ, ਖੇੜਿਆ ਨੂੰ ਕੇ ਦੇਸੀ ?
ਨੌਸ਼ੁ ਉਠ ਬਲੋਚਾਂ ਵਾਲਾ ਦਰ ਦਰ ਜਾਇ ਫ਼ੁਕੇਸੀ ।
ਆਖ ਦਮੋਦਰ ਨਾਹਿ ਛੁੜੇਸੀ ਰਾਂਝਾ, ਖੇੜੇ ਕਿਹੜੀ ਵੇਸੀ । (400)

ਜਿਉਂ ਘਨੀਅਰ ਵੱਸੇ ਡੂਗਰ ਉੱਤੇ, ਪਾਣੀ ਰੁੜ੍ਹੇ ਨਿਵਾਣੇ ।
ਹੀਰ ਨਿਖੇੜੀ ਤ੍ਰਿੰਝਣ ਵਿਚੋਂ, ਮਾਈਏਂ ਘੱਤੀ ਆਣੇ ।
ਚੀਕ੍ਹ ਮਲੋ ਸਹੇਲੀਓ ਮੈਨੂੰ ਬਿਕਲਾਈਆਂ ਦੇ ਤਾਣੇ ।
ਲੋਕਾਂ ਭਾਣੇ ਢੰਗ ਥੀਆ ਅੰਮਾਂ ਮੈਂ ਭਾਣੇ ਮੁਹਕਾਣੇ । (401)

**ਛੇੜੂਆਂ ਦਾ ਰਾਂਝੇ ਨੂੰ ਛੇੜਨਾ**

ਖੇੜੇ ਢੁੱਕੇ ਚਾਕ ਰੁਝੇਟਿਆਂ ! ਕੇਹੀਆਂ ਧੀਰਕਾਂ ਦੇਂਦੇ ।
ਕਿਥੋਂ ਖਾਸੀ ਚੂਰੀ ਮੱਖਣ ? ਹੀਰੇ ਨੂੰ ਪਰਨੈਂਦੇ ।
ਖੱਸ ਘਿਦੋਈ ਮੰਹੂ ਅਸਾਥੋਂ, ਤੈਂਡੇ ਸਿਰ ਕੇ ਕਰੇਂਦੇ ।
ਖ਼ਾਤਰ ਜਮਾਂ ਕਰ ਅਸਾਂ ਸੁਣਿਆਂ ਤੈਂ ਕੂੰ ਬਾਂਧਿ ਮਰੇਂਦੇ । (402)

**ਰਾਂਝਾ**

ਸੁਣਿਹੋ ਭਾਈ ਮੈਂ ਖ਼ਬਰ ਨ ਕਾਈ, ਮੈਨੂੰ ਕਿਸਮਤ ਆਣ ਫਹਾਇਆ ।
ਤਾਂ ਤਾਂ ਤਾਈਂ ਬੈਠਾ ਹਾਂ ਮੈਂ, ਜਾਂ ਜਾਂ ਰਿਜ਼ਕ ਬਹਾਇਆ ।
ਉੱਠ ਚਲਾਹਾਂ ਛੱਡ ਸਿਆਲਾਂ, ਨਾਂ ਅਸਾਂ ਖ਼ਤ ਲਿਖਾਇਆ ।
ਆਖ ਦਮੋਦਰ ਕੰਮ ਕੇ ਅਸਾਂ ਸੀਊਨਾ ਬੰਨਾ ਵਾਹਿਆ । (403)

**ਛੇੜੂ**

ਹੁਣ ਤਦਾਂ ਜੀਅ ਉਦਾਸੀ ਕੀਤੋ, ਜੇ ਖ਼ਸਮਾਂ ਹੀਰ ਚਲਾਈ ।
ਅਗੇ ਨਾਹੇ ਵੈਂਦਾ ਮੀਆਂ ! ਜੇ ਖਾਵਹਿ ਦੁੱਧ ਮਲਾਈ ।
ਅੰਦਰ ਵੜ ਤੇਡੇ ਨਹੀਂ ਵੇਖੇ, ਜੋ ਤੈਂ ਆਖਰ ਆਈ ।
ਆਖ ਦਮੋਦਰ ਸਿਰ ਕਪਸੈਨੀ ਜੋ ਤੈਂ ਧੁਧ ਧਵਾਈ । (404)

**ਰਾਂਝਾ**

ਸੁਣਹੋ ਭਾਈ ! ਤੁਸਾਂ ਏਹੋ ਭਾਣਾ, ਦੋ ਕਰ ਗਾਲੀ ਲੜਿਆ ।
ਜੋ ਜਾਣੋ ਸੋ ਕਰਿਹੋ ਮੈਨੂੰ ਬੇਮੁਣਿਆਦਾ ਫੜਿਆ ।

ਕੋਈ ਨਾ ਉਜ਼ਰ ਬੈ ਉਜ਼ਰੇ ਤਾਈਂ, ਜ਼ੀਊ ਅਸਾਡਾ ਸੜਿਆ ।
ਜੇਕਰ ਹੀਰ ਖ਼ਸ ਲੀਤੀ ਖੇੜਿਆਂ ਤਾਂ, ਹਜ਼ਾਰਾ ਖਸ ਨਾ ਖੜਿਆ । (405)

ਛੇੜੂ
ਘਊਂ ਪਿੰਡਾ ਵਧਾਇਆ ਚੂਰੀ ਖਾਇਕੇ, ਗੱਬਰ ਕਿਸੇ ਨ ਪਏਂਦਾ ।
ਅੱਠੇ ਪਹਿਰ ਫਿਰਹਿੰ ਅਲਮਸਤੀ, ਸਦਿਆਂ ਸੱਦ ਨ ਦੇਂਦਾ ।
ਹੁਣ ਆਖਿਓ ਵੱਸ ਅਸਾਡੇ ਚਾਕਾ, ਦਾਖਲ ਸਜ਼ਾਇ ਪਏਂਦਾ ।
ਆਖ ਦਮੋਦਰ ਬੇਮੁਨਿਆਦਾ ! ਕੇਹਾ ਜਵਾਬ ਕਰੇਂਦਾ । (406)

ਰਾਂਝਾ
ਭਾਬੀ ਮੈਂ ਤਾਂ ਅਰਜ਼ ਕਰੇਂਦਾ ਤੁਸੀਂ ਮਾਰਣ ਨੂੰ ਪਏਆਹੇ ।
ਅਸਾਂ ਚਿੱਤ ਹੁਣ ਪਇਆ ਹਜ਼ਾਰਾ, ਅੱਸਾਂ ਕੌਣ ਰਹਾਏ ।
ਜਾਂ ਜਾਂ ਕਿਸਮਤ ਅਸੀਂ ਤਾਂ ਤਾਂ ਬੈਠੇ, ਹੁਣ ਅਸਾਂ ਕੌਣ ਰਹਾਏ ।
ਸੁਣ ਭਾਈ, ਘਿੰਨ ਵਿਚੋਂ ਜ਼ੁਲਮਾਂ ਤਾਂ ਪਲਿਓ ਖੱਸ ਘਿਨਿਆਹੇ (407)

ਸਿਆਲਾਂ ਨੇ ਹੀਰ ਮਾਰਣ ਦਾ ਮਸ਼ਵਰਾਂ ਕਰਨਾ
ਤਾਂ ਮਾਈਏਂ ਹੀਰ ਕਰੇਂਦੀ, ਨਾਅਰੇ ਰੋਂਦੀ ਕਰ ਕਰ ਆਹੇਂ ।
ਪਾਣੀ ਤਾਮ ਹਰਾਮ ਕੀਤੋਸੁ, ਰੋਜ਼ੇ ਖ਼ਸਮ ਰਖਾਏ ।
ਜ਼ੇਹੇ ਸੈਲ ਬੇਲੇ ਬਹੁ ਕੀਤੇ, ਹੁਣ ਅਸਾਂ ਕਵਣ ਖਵਾਏ ।
ਆਖ ਦਮੋਦਰ ਹੁਣ ਕੀਕੁਣ ਖਾਜੈ ਜੇ ਮੁਰਸ਼ਦ ਠਾਕਾ ਪਾਏ । (408)

ਤਾਂ ਡਿੱਠਾ ਰੰਗ ਭਿਰਾਵਾਂ ਅੰਦਰ, ਕੈਨੂੰ ਹੱਕ ਪਰਨੀਹਾਂ ।
ਲੱਜ ਅਸਾਡੀ ਰਹਿੰਦੀ ਨਾਹੀਂ, ਕਿਤਨਾ ਅਸੀਂ ਛੁਪੀਹਾਂ ।
ਸਾਊ ਸੱਟ ਬਸੰਦ[੩] ਕਰੇਂਦੇ, ਰਾਤੀਂ ਹੀਰ ਮਰੀਹਾਂ ।
ਚੂਚਕ ਦੇ ਘਰ ਧੀਆਂ ਘਣੀਆਂ, ਹੋਰੀ ਤੇਲ ਠਕੀਹਾਂ ।
ਆਖ ਦਮੋਦਰ ਏਂਵ ਨ ਬਣਦੀ, ਅਸੀਂ ਗਲੋਂ-ਕਲੰਕ ਚਕੀਹਾ । (409)

ਤਾਂ ਇਹ ਕੁਲ ਕਬੀਲੇ ਭਾਈ, ਸਭਨਾ ਈਵੈਂ ਭਾਇਆ ।
ਚਾਰੇ ਮਾਮੇ, ਤ੍ਰਾਹੇ ਭਾਈ, ਸਭਨਾ ਮਤਾ ਪਕਾਇਆ ।
ਹਭਨਾ ਹੀਰ ਸੁ ਮਾਰੀ ਭਾਵੇ, ਤਰਸ ਨ ਕਹੀਏਂ ਆਇਆ ।
ਆਖ ਦਮੋਦਰ ਧੀ ਪਠਾਣੈ, ਗਾਨਾ ਹੱਥ ਬਨ੍ਹਾਇਆ । (410)

[੩]ਗ. ਸਿ. ਬੇ. ਤੇ ਡਾ. ਪ. ਸਿੰ,. ਪਸੰਦ ਕਰੇਂਦੇ ।

ਸਾਡੇ ਮੁਲਤਾਨ ਵਾਲੇ ਖਰੜੇ ਵਿਚ ਬਸੰਦ ( بسند ) ਹੈ । ਬਸੰਦ ਫ਼ਾਰਸੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਕਾਫ਼ੀ ਸਹਾਰਾ ਤੇ ਹਮਖਿਆਲ ਕਰਨਾ । ਇਸ ਲਈ ਬਸੰਦ ਸ਼ਬਦ ਹੀ ਇਥੇ ਦਰੁਸਤ ਹੈ । ਭਾਵ ਸਾਊਆਂ ਨੂੰ ਉਹ ਨਾਲ ਮਿਲਾ ਰਹੇ ਸਨ ।

ਨਾਲ ਤ੍ਰਿਕਾਲੇਂ ਜਿੱਥੇ ਮਾਈਏਂ, ਖ਼ਾਨ ਤਿਥੇ ਚਲ ਆਇਆ ।
ਹੱਸੀ ਸੱਦ ਬਹਾਈ ਚੂਚਕ, ਗੋਸ਼ੇ ਬਹਿ ਸਮਝਾਇਆ ।
ਤਰ ਕਰ ਵਿੱਥ ਸਵੈਂ ਇਸ ਨਾਲੋਂ, ਅਸਾਂ ਮਾਰਨ ਮਤਾ ਪਕਾਇਆ ।
ਆਖ ਦਮੋਦਰ ਮਤ ਮਾਰੀ ਵੰਝੇ, ਇੱਤ ਆਇ ਚਿਤਾਇਆ । (411)

ਹੱਸੀ

ਭੁਲਾ ਕਿਤੋਂਹੇ ਜੋ ਤੁਸਾਂ ਭਾਣੀ, ਮਾਰਣ ਮਤੇ ਪਕਾਏ ।
ਇਤਨੇ ਬਝਹੁੰ ਰਹਿੰਦੀ ਨੀਹੇਂ ਜ਼ੋਂਦੀ ਨਾ ਛੁੜਿਆਹੇ ।
ਬਾਬਾ ! ਲਾਹੇਂ ਫ਼ਰਜ਼ ਸਿਰੇ ਤੋਂ ਵਿਸਾਰ ਨ ਗੱਲ ਦਿਵਿਆਹੇ ।
ਨਾਇ ਸਾਈਂ ਦੇ ਖ਼ਾਨ ਸਲਾਮਤ ! ਮੈਂ ਪਹਿਲੋਂ ਮਰਿਆਹੇ । (412)

ਸੁਣ ਹੀਰੇ ! ਭਾਈ ਪਿਉ ਤੈਂਡੇ, ਬਾਹਰ ਸਦ ਮੈਂ ਸਮਝੈਂਦੇ ।
ਕੋਲੋਂ ਹੋਇ ਸਵੇਂ ਦੁਰਾਡੀ, ਅਸੀਂ ਹੀਰੇ ਜੋਗ ਮਰੈਂਦੇ ।
ਆਇ ਉਚੇਚਾ ਮੈਨੂੰ ਆਖਿਉਸੁ, ਨਾਹੀਂ ਜਿਰਗ ਕਰੇਂਦੇ ।
ਆਖ ਦਮੋਦਰ ਖ਼ਤਾ ਨਾ ਜਾਣੇ, ਤੈਨੂੰ ਚੋਟ ਕਰੇਂਦੇ । (413)

ਹੀਰ

ਕੇਨੂੰ ਇਹ ਮਰੇਂਦੇ ਹੱਸੀ ! ਅਸਾਂ ਦਿਲ ਲੱਗੇ ਨਾਹੀਂ ।
ਕੂੜੇ, ਸੂਬ, ਭੁਸੜਦੇ ਰੱਜੇ, ਮੂਲੋਂ ਬੱਝਣ ਨਾਹੀਂ ।
ਇਹ ਕੇ ਜਾਣਨ ਬੇਮੁਣੀਆਦੇ, ਕਿਉਂ ਮਾਰਨ ਮੈਂ ਤਾਈਂ ।
ਆਖ ਦਮੋਦਰ ਕੌਣ ਮਰੇਂਦਾ, ਜੈਂ ਸਿਰ ਧੀਦੇ ਸਾਈਂ । (414)

ਤਾਂ ਅੱਧੀ ਰਾਤੀਂ ਕੋੜੇ ਸੋਤੇ, ਮਾਮੇਂ ਭਾਈ ਆਏ ।
ਨੀਤ ਭਲੇਰੀ ਮਾਰਣ ਸੰਦੀ, ਸੱਭੇ ਅੰਦਰ ਧਾਏ ।[4]
ਕਾਲੇ ਜੋੜੇ, ਕਾਲੇ ਘੋੜੇ, ਅੱਗੇ ਚੌਕੀ ਆਹੇ ।
ਧੂਹ ਮਿਆਨੋਂ ਪਿਛੇ ਧਾਣੇ, ਤੁਟੇ ਧਰਤੀ ਪਾਏ ।
ਆਖ ਦਮੋਦਰ ਪਈਆ ਨੇ ਦੰਦਣ, ਕਿਹੜਾ ਨੀਰ ਚੁਆਏ । (415)

ਆਈ ਮਹਿਰੀ ਰੋਂਦੀ ਲੋਹੂ, ਡਾਢੇ ਰੋਇ ਸੁਣਾਏ ।
ਪਾਣੀ ਪਾਏ ਭਨੇਂਦੀ ਦੰਦਣ, ਰੋਵੇ ਤੇ ਗਲ ਲਾਏ ।
ਅੱਗੇ ਅੱਗ, ਕੰਧੋਲੀ ਪਿੱਛੇ, ਮੋਏ ਸੂਲ ਕਰੰਤੇ ਖਾਏ ।
ਆਖ ਦਮੋਦਰ ਚੂਚਕ ਹੋਰੀ, ਗੋੜ੍ਹੇ ਅੱਗੇ ਆਏ । (416)

**ਖੇੜਿਆਂ ਦੀ ਜੰਞ ਦਾ ਆਉਣਾ**

ਬਹੁਤ ਜੰਞ ਖੇੜਿਆਂ ਦੀ ਆਈ ਬਹੁਤਾ ਰੰਗ ਹੰਭੀਰੀ ।
ਤੁਰਕੀ, ਤਾਜ਼ੀਤੇ ਐਰਾਨੀ, ਉਠ, ਟੱਟੂ ਕਸ਼ਮੀਰੀ ।

---

[4]ਗ. ਸਿ. ਬ. ਤੇ ਡਾ. ਪ. ਸਿੰ., ਸੱਭੇ ਅੰਦਰ ਆਏ ।

ਮਖ਼ਮਲ ਕੱਟ ਕਰਾਈਆਂ ਜ਼ੀਨੀਂ, ਅਤ ਫ਼ੂਰਨ ਬਹੁ ਸੀਰੀ।
ਕਹੇ ਦਮੋਦਰ ਹੀਰ ਸਿਆਲੀ, ਆਈ ਜੰਞ ਸਖ਼ੀਰੀ। (417)

ਬਾਗ ਉਤਾਰਾ ਕੀਤਾ ਰਾਠਾਂ, ਘੁਰੇ ਨੀਸਾਨ ਬਜਾਇਆ।
ਸੱਟ ਨਗਾਰੇ ਪਹਿਲੀ ਪਾਈ ਤਾਂ ਆਲਮ ਉੱਛਲ ਆਇਆ।
ਨੱਢੀ ਬੁੱਢੀ ਅਵਰ ਜੁਆਨੀਂ, ਬਾਕੀ ਕੋ ਨਾ ਰਹਾਇਆ।
ਆਖ ਦਮੋਦਰ ਮੈਂ ਡਿੱਠਾ ਅੱਖੀਂ, ਰਾਂਝੇ ਨੂੰ ਆਖ਼ਰ ਆਇਆ। (418)

ਰੋਂਦੀ ਹੀਰ ਕਰੇਂਦੀ ਨਾਅਰੇ ਰੋਵੇ ਕੂਕ ਸੁਣਾਈ।
ਆਈ ਜੰਞ ਖੁਸ਼ੀ ਜੱਗ ਹੋਇਆ, ਝੋਰਾ ਮੈਂ ਨਿਭਰਾਈ।
ਹਿਣਕਣ ਘੋੜੇ, ਲਸ਼ਕਨ ਜਾਂਞੀ, ਮੈਨੂੰ ਆਖਿਰ ਆਈ।
ਆਖ ਦਮੋਦਰ ਮਰਨੇ ਬੱਚੇ, ਜਿਨ੍ਹਾਂ ਮੈਂ ਮਾਈਏਂ ਪਾਈ। (419)

ਚੂਚਕ ਤੇਜ਼ ਹਲੂਫ਼ਾ ਦਿੱਤਾ ਲੈਕਰ ਕੰਮੀਂ ਆਏ।
ਦੇਖਹੁ ਲੋਕਾ ਆਲਮ ਸਾਰਾ, ਹੋਰ ਗਾਂਵ ਸਭ ਆਏ।
ਸੱਕਾ ਸਹੁਰਾ ਹੋਰ ਕੇਤੜੀ,[5] ਕੇਤੀ ਹੋਰ ਸਵਾਏ।
ਆਖ ਦਮੋਦਰ ਅੰਤ ਨਾ ਪਾਈਐ ਜੇਤੀ ਤਰਵਰ ਛਾਏ। (420)

ਸੋਹਣੇ ਫੁੱਲਾਂ ਸਿਹਰੇ ਸਿਰ 'ਤੇ, ਸਭ ਸਿਰਪਾਉ ਬਣਾਇਆ।
ਸੁਨਹਿਰੀ ਸਿਰਪਾਉ, ਕੇਸਰੀ ਬਾਣਾ, ਲਹੁਤੇ ਨੂੰ ਪਹਿਰਾਇਆ।
ਵਾਹ ਵਾਹ ਖਾਵੰਦ ਹੀਰੇ ਸੰਦਾ ! ਸਭਨਾ ਨਦਰੀ ਆਇਆ।
ਆਖ ਦਮੋਦਰ ਲਹੁੜੇ ਤਾਈਂ ਆਲਮ ਵੇਖਣ ਆਇਆ। (421)

ਸੁਣ ਧੀਦੋ ਚਿਤ ਕੀਤਾ ਚੇਤਾ ਅਸੀਂ ਭੀ ਵੇਖ ਅਦਾਹਾਂ।
ਉੱਛਲ ਆਲਮ ਆਇਆ ਸਾਰਾ, ਅਸੀਂ ਕਿਉਂ ਜਾਣ ਬਹਾਰਾਂ।
ਵੰਞ ਵਿਖਾਹਾਂ ਖਸਮ ਹੀਰੇ ਦਾ, ਹੁਣ ਮੁਸ਼ਕਲ ਰਹਿਣ ਅਸਾਹਾਂ।
ਆਖ ਦਮੋਦਰ ਵੇਖਣ ਆਏ ਅਸੀਂ ਭੀ ਵੇਖ ਜੁਲਾਹਾਂ। (422)

ਜੁਲਿਆ ਚਾਕ ਜੰਞ ਵੇਖਣ ਨੂੰ, ਜਾਂ ਚੱਲ ਨੇੜੇ ਆਇਆ।
ਅੱਗੋਂ ਧੂਮਲ ਕੁੜੀਆਂ ਸੰਦਾ ਵੇਖ ਪਿਛਾਹਾਂ ਧਾਇਆ।
ਵੇਖ ਰਾਂਝੇ ਨੂੰ ਕੁੜੀਆਂ ਆਖਣ 'ਹੀਰੇ' ਦਾ ਪੈ ਆਇਆ।
ਆਖ ਦਮੋਦਰ ਝੜਿਆ ਧਰਤੀ, ਡਾਢਾ ਫ਼ੂਣਾ ਖਾਇਆ। (423)

ਮੁੱਢੀ ਪੁੜੀ ਉਸੁ ਰੱਤ ਵਿਰੱਤੀ, ਪੈਰੀਂ ਰੱਤ ਵਹਾਈ।
ਨਹੀਂ ਨਸੀਬ ਜੰਞ ਵੇਖਣ ਸਾਨੂੰ ਜੋ ਹੀਰੇ ਦੀ ਆਈ।
ਕੀ ਤੁਸ ਫ਼ਿਕਰ ਕੀਕੁਣ ਜੰਞ ਦਿਸੈ, ਬੈਠਾ ਚੜ੍ਹ ਉੱਚੀ ਜਾਈ।
ਆਖ ਦ..ਦਰ ਸਦ ਲੀਤਾ ਮੈਂਢਾ ਇਸ ਚੜ੍ਹ ਵੇਖਾਂ ਜਾਈ। (424)

[5]ਗ. ਸਿ. ਬੰ. ਤੇ ਡਾ. ਪ. ਸਿੰ., ਕਿੱਤੀ।

ਧੀਦੋ ਚੜ੍ਹਿਆ ਸੰਢੇ ਉੱਤੇ ਆਇਆ ਵੇਖਣ ਤਾਈਂ ।
ਸੰਢਾ ਛੋੜ ਦਿੱਤਾ ਤਬ ਈਵੇਂ, ਬਲਨ ਮਸਾਲਾਂ ਭਾਈ ।
ਚਾਕ ਚੂਚਕ ਦੇ, ਘੋੜਿਆਂ ਅੱਗੇ, ਫਿਰਦੇ ਕੰਮਾਂ ਤਾਈਂ ।
ਆਖ ਦਮੋਦਰ ਜੰਞ ਵੇਖਣ ਨੂੰ ਰਾਂਝਾ ਗਇਆ ਤਿਥਾਈਂ । (425)

ਜਣੇ ਜਣੇ ਦੀ ਜ਼ਿਆਰਤ[6] ਕੀਤੀ ਧੀਦੋ ਫਿਰਦਾ ਆਇਆ ।
ਖ਼ਾਨ ਵਸਾਵੇ ਡਿੱਠਾ, ਧੀਦੋ ਤਾਂ ਉਸ ਫੇਰ ਪੁਛਾਇਆ ।
ਕੌਣ ਜੁਆਨ ਸੁ ਕਮਲੀ ਵਾਲਾ ਚੱਲ ਕਿਦਾਊਂ ਆਇਆ ।
ਆਖੋ ਦਸਿਓ ਭਾਈ ਮੈਨੂੰ, ਇਊਂ ਕਰ ਖ਼ਾਨ ਪੁਛਾਇਆ । (426)

ਚਾਕਾਂ ਬੋਲ ਸੁਨੇਹੇ ਦਿੱਤੇ, ਕਹਿ ਕਰ ਏਂਵ ਸੁਣਾਇਆ ।
ਆਇਆ ਤਖ਼ਤ ਹਜ਼ਾਰਿਓਂ ਰੁਲਦਾ, ਖ਼ਾਨ ਬੁਲਾਇ ਰਖਾਇਆ ।
ਸੁਣਕੇ ਜੰਞ ਆਇਆ ਹੈ ਵੇਖਣ ਚਾਕਾਂ, ਈਂਵ[7] ਸੁਣਾਇਆ ।
ਆਖ ਦਮੋਦਰ ਤਾਂ ਉਸ ਕਮਲੀ ਚੜ੍ਹਦਾ ਰੂਪ ਸਵਾਇਆ । (427)

ਇਹ ਕੋਈ ਕਾਮਲ, ਸਾਈਂ ਸੰਦਾ, ਤੁਸਾਂ ਨਾ ਮੂਲ ਲਖਾਇਆ ।
ਅਜ਼ਮਤ ਕੀ ਰੁਸ਼ਨਾਈ ਦਿੱਸੈ, ਕੋਈ ਥਾਣ ਹਰੀਫ਼ਾਂ ਲਾਇਆ ।
ਨੂਰ ਇਨਾਇਤ ਦਿਸੈ ਨਿਹਾਇਤ, ਵਲੀਆਂ ਸੰਦਾ ਸਾਇਆ ।
ਆਖਹੁ ਯਾਰੋ ਕਾਮਲ ਕੋਈ, ਆਪਣਾ ਆਪ ਛਪਾਇਆ । (428)

ਤਾਂ ਲੜਦੇ ਚਾਕ ਰੰਞੇਟੇ, ਤਾਈਂ ਦਰਸ਼ਨ ਆਇ ਦਿਤੋਈ ।
ਭਲਾ ਥੀਆ ਜੋ ਛਪੀ ਆਹੀ, ਜ਼ਾਹਿਰ ਚਾਇ ਕਿਤੋਈ ।
ਕੇਹਾ ਕੰਮ ਜੋ ਆਇਓਂ ਇੱਥੇ, ਆਇ ਦਿਦਾਰ ਦਿਤੋਈ ।
ਆਖ ਦਮੋਦਰ ਧੱਕੇ ਖਾਂਦਾ ਤਾਂ ਲੜਦਾ ਸਭ ਕੋਈ । (429)

ਪੱਟੀ ਪੈਰ ਬੱਧੀ ਛਿਕ ਰਾਂਝੇ, ਮੁੜਿਆ ਫੇਰ ਪਿਛਾਹੀਂ ।
ਡਿੱਠਾ ਸਹੀ ਡੁਮੇਟੀ ਕਿਸੇ, ਆਇਓਸ ਹੀਰੇ ਤਾਈਂ ।
ਹੀਰੇ ! ਧੀਦੋ ਕੋਠੇ ਪਿਛਦੋਂ, ਸਹੀ ਡਿੱਠਾ ਹੈ ਅਸਾਹੀਂ ।
ਆਖ ਦਮੋਦਰ ਭੰਨੀ ਛੋਹਿਰ, ਮਿਲੀ ਸੁ ਆਇ ਤਿਦਾਈਂ । (430)

### ਹੀਰ ਦਾ ਰਾਂਝੇ ਨੂੰ ਮਿਲਣਾ

ਆਇ ਮਿਲੀ ਹੀਰ ਰਾਂਝੇ ਤਾਈਂ ਕੇਹੇ ਸੁਖਨ ਸੁਣਾਏ ।
ਗਲ ਵਿਚ ਪਲੂ ਪਾਇ ਕਰੀਹੂੰ, ਪੈਰਾਂ ਤੇ ਹੱਥ ਲਾਏ ।

---

[6]ਗ. ਸਿੰ. ਬੇ. ਤੇ ਡਾ. ਪ. ਸਿੰ., ਜ਼ਾਰਤ ।
[7]ਗ. ਸਿੰ. ਬੇ. ਤੇ ਡਾ. ਪ. ਸਿੰ., ਈਹੇ ਜਵਾਬ ਸੁਣਾਇਆ ।

ਆਖੇ ਧੀਦੋ ਰਾਂਝੇ ਸਾਈਂ, ਅਸੀਂ ਕਿਉਂ ਬੰਦੀ ਪਾਏ ।
ਆਖ ਦਮੋਦਰ ਹੀਰ ਰਾਂਝੇ ਸੇਤੀ, ਹਥ ਫੇਰੇ ਤੇ ਗਲ ਲਾਏ । (431)

ਖਾਧਾ ਸੱਪ, ਤੇ ਪਟੀ ਪੈਰੇ, ਮੈਨੂੰ ਹੱਥ ਨਾ ਲਾਈਂ ।
ਤੁਧ ਮੈਂ ਸਾਕ ਕਿਵੇਹਾ ਹੀਰੇ ! ਮੈਂ ਜੁਲਾਂ ਹਜ਼ਾਰੇ ਤਾਈਂ ।
ਤੂੰ ਆਪਣੇ ਵਲਸੀ ਵੰਝ ਖੇੜੇ, ਮੈਂ ਕੈਂ ਨਾਲ ਮਣੀ ਕਰਾਈ ।
ਇਥੇ ਹਾਸੇ ਬਹੁਤ ਕੀਤੋਸੇ, ਹੁਣ ਆਪਣੇ ਜੁਲਿਆ ਆਹੀ । (432)

**ਹੀਰ ਦੀ ਸਿਦਕ**

ਕੁੱਲ ਜ਼ਿਮੀਂ ਦਾ ਖਾਵੰਦ ਧੀਦੋ ਸਭ ਤੁੱਧੇ ਬਾਜ਼ੀ ਪਾਈ ।
ਮੈਂ ਭੁੱਲੀ ਦਾ ਕੇ ਅਜ਼ਮਾਵਣ, ਮੈਂ ਸਦਕੇ ਘੋਲ ਘੁਮਾਈ ।
ਕਿਆ ਤਕਸੀਰ ਜੇ ਆਪਹੁੰ, ਜਾਣਾ ਤਾਂ ਮੈਂ ਬੰਦੀ ਪਾਈ ।
ਕਾਮਲ ਮੁਰਸ਼ਦ ਮੈਂ ਪਰਣਾ ਤੈਂਡਾ ਦੂਜੀ ਜਾਹਿ ਨ ਕਾਈ । (433)

ਤਾਂ ਫਿਰ ਧ੍ਰੁਹ ਖੜੀ ਕੋਠੇ ਨੂੰ, ਰਾਂਝਾ ਬੇਲੇ ਆਇਆ ।
ਦਰਦ ਫ਼ਿਰਾਕ ਅਤੇ ਰੰਗ ਪੀਲਾ, ਮੂਹਹੁੰ ਨ ਮੂਲ ਅਲਾਇਆ ।
ਵੰਝਲੀ ਨਾਲ ਸਟੇਂਦਾ ਕਾਵਤ, ਕੇਹਾ ਰਾਗ ਉਠਾਇਆ ।
ਆਖ ਦਮੋਦਰ ਮਾਤਮ ਰਾਂਝੇ, ਕੇਹਾ ਮੂਹਹੁੰ ਅਲਾਇਆ । (434)

ਆਇਆ ਬਾਹਮਣ ਰੀਤ ਕਰੇਂਦਾ, ਮੌਲੀ ਹੱਥ ਉਠਾਈ ।
ਮਹਿਰੀ ! ਮੁਹਰ ਸਦਾਇ ਕੁੜੀ ਨੂੰ, ਕੱਢ ਲਈ ਸਭ ਜਾਈ ।
ਬੈਠੇ ਖਾਨ ਤਕੇਂਦੇ ਮੈਨੂੰ, ਕਾਜ ਸਮਾਂ ਮਤ ਜਾਈ ।
ਆਖ ਦਮੋਦਰ ਨਾਲ ਬਾਹਮਣ ਕੇ ਉਠੀ ਮਹਿਰੀ ਆਈ । (435)

ਹੀਰੇ ! ਰੀਤ ਕਰੇਂਦਾ ਬ੍ਰਾਮਣ ਧੀਏ ਆਖ ਸੁਣਾਈਂ ।
ਸਾਈਆਂ ਦਧੇ ਸੁ ਵੇਲ ਸੁਖਾਲੀ, ਮੱਸ ਸਹੁਰੇ ਤਾਈਂ ।
ਚੰਗੇ ਤੈਂਡੇ ਕਾਰਣ ਧੀਏ, ਤੈਂਕੂ ਸਗਨ ਕਰਾਈਂ ।
ਮਿੰਨਤ ਮਾਉ ਕਰੇਂਦੀ ਹੀਰੇ, ਮੂੰਹੋਂ ਨ ਮੂਲ ਅਲਾਈਂ । (436)

ਹਿੱਕ ਦਿਲ ਆਹੀ ਸੁ ਰਾਂਝਨ ਲੀਤਾ, ਮਾਏ ਦੂਜਾ ਦਿਲ ਕੋ ਨਾਹੀਂ ।
ਮਰਦ ਪਰਾਇਆ ਨ ਛੁਹੇ ਸਾਨੂੰ ਨਾ ਮਹਿਰਮ ਹੱਥ ਨ ਲਾਈ ।
ਅਸਾਂ ਕਾਮਲ ਮੁਰਸ਼ਦ ਪਾਇਆ, ਕੂੜ ਲੁੜੀਂਦਾ ਨਾਹੀਂ ।
ਆਪ ਕਢਾਇ ਏਸਦੇ ਹਥੋਂ, ਅਸੀਂ ਜਾਣਹਾਂ ਨਾਹੀਂ ।
ਆਖ ਦਮੋਦਰ ਮੈਂ ਰਾਂਝਣ ਦੀ ਉਹ ਮੇਰਾ ਸਿਰ ਸਾਈ । (437)

ਹੱਸੀ ਭੇਜ ਦਿਤੀ ਤਾਂ ਬੇਲੇ, ਧੀਦੋ ਜੋਗ ਬੁਲਾਇਆ ।
ਖੰਨੂਸ ਗਾਨਾ ਪਹਿਲਾਂ ਤੂੰ ਹੈਂ, ਮਹਿਰੀ ਆਖ ਸੁਣਾਇਆ ।

ਪਾਈ ਝਾਤ ਸੂਰਜ ਰੁਸ਼ਨਾਈ, ਰਾਂਝੇ ਮੂੰਹ ਵਿਖਲਾਇਆ ।
ਉੱਠੀ ਹੀਰ ਪਈ ਝੜ ਪੈਰੀਂ, ਤੇ ਗਲ ਵਿਚ ਪੱਲੂ ਪਾਇਆ । (438)

ਜਿਥੇ ਭਾਵੀ ਘਿੰਨ ਤਿਥਾਈਂ ਉਜ਼ਰ ਬਿਉਜ਼ਰੀ ਦਾ ਨਾਂਹੀਂ ।
ਮਹੀਂ ਨਿਮਾਣੀ ਕੁਝ ਨਾ ਜਾਣਾਂ, ਬਾਝਹੁ ਮੁਰਸ਼ਦ ਸਾਈਂ ।
ਅੱਠੇ ਪਹਿਰ ਧਿਆਨ ਤੁਸਾਡਾ, ਨਾ ਕਰਸਾਂ ਸਾਸ ਅਜਾਈਂ ।
ਆਖ ਦਮੋਦਰ ਵੱਸ ਨਾ ਮੈਂਡੇ ਜਿਉਂ ਜਾਣੇ ਤਿਵੈਂ ਨਚਾਈਂ । (439)

ਤਾਂ ਬਾਹਮਣ ਪੁੱਛੇ ਮਹਿਰੀ ਕੋਲੋਂ, ਏਆਹਾ ਕੌਣ ਦਸਾਂਹੇ ।
ਮਾਲੂਮ ਕੁੱਲ ਹਕੀਕਤ ਕੀਤੀ, ਕਿਉਂ ਨੱਪ ਹੱਕ ਕਰਾਏਂ ।
ਮਹਿਰੀ, ਨਿੱਤ ਸੁਣੀਂਦੀ ਚੰ ਚੇ, ਆਖੇ ਬਿਨਾ ਬੁਝਾਏਂ ।
ਆਖ ਦਮੋਦਰ ਸੋ ਡਿੱਠਾ ਅੱਖੀਂ, ਜੋ ਕੰਨੀਂ ਸੁਣਦੇ ਆਹੇਂ । (440)

ਵੱਢੀ ਦੇ ਵਿਲਾਇਆ ਬਾਹਮਣ, ਪੜ੍ਹਦਾ ਮਾਉਂ ਕਜੇਂਦੀ ।
ਬਾਹਮਣ ਭੇਜ ਦਿੱਤਾ ਫੇਰ ਪਿਛੇ, ਨਾਲ ਸੁ ਆਪੇ ਵੈਂਦੀ ।
ਗਈ ਗਈ ਲੈ ਸਭਨਾਂ ਕੀਤੀ, ਪੜਦੇ ਮਾਉਂ ਢਕੇਂਦੀ ।
ਆਖ ਦਮੋਦਰ ਕਿਹੜੇ ਵੇਲੇ, ਡੋਲੀ ਹੀਰ ਪਏਂਦੀ । (441)

ਖਾਰੇ ਉਤੇ ਸਾਊ ਬੈਠੇ, ਖਾਰੀਂ ਖਾਨ ਬਹਾਇਆ ।
ਆਣਿਓਂ ਕੁੜੀ ਨਿਕਾਹ ਬੰਨਾਹਾਂ, ਕਾਜ਼ੀ ਇਉਂ ਫੁਰਮਾਇਆ ।
ਮਾਮੇ ਵੀਰ ਅਤੇ ਹਿਕ ਮਹਿਰੀ ਹੱਥੇ ਘਿੰਨਣ ਆਇਆ ।
ਆਖ ਦਮੋਦਰ ਹੀਰੇ ਡਿੱਠਾ ਜੋ ਖ਼ਲਲ ਮੈਨੂੰ ਆਇਆ । (442)

ਹੱਥ ਨ ਲਾਇਓ ਵੀਰਾ ਮੈਨੂੰ ਮੈਂ ਆਪੇ ਨਾਲ ਵੰਞਾਈਂ ।
ਮਾਮਾਂ ਵੀਰ ਨ ਮਹਿਰਮ ਕੋਈ, ਬਾਝਹੁੰ ਧੀਦੋ ਸਾਈਂ ।
ਬੁੱਕਲ ਮਾਰ ਸਿਲੇਟੀ ਜੁੱਲੀ, ਆਪੇ ਵੇਖਣ ਤਾਈਂ ।
ਆਖ ਦਮੋਦਰ 'ਬਹਿਸਾਂ ਖਾਰੀ', ਕੇ ਨੁਕਸਾਨ ਅਸਾਹੀਂ । (443)

ਕਾਜ਼ੀ ਕਹੇ ਸੁਣ ਧੀਆ ਹੀਰੇ ! ਵਕੀਲ ਕਰੇਂ ਜੇ ਕੋਈ ।
ਪੁੱਛਾਂ ਕੈਂਥੂੰ ਬਾਝ ਵਕੀਲੀ ! ਕੈਦ ਸ਼ਰ੍ਹੇ ਦੀ ਹੋਈ ।
ਤੁਧ ਕਬੂਲ ਅੱਲੀ ਦਾ ਬੇਟਾ ? ਆਖ ਸੁਣੇ ਸਭ ਕੋਈ ।
ਆਖ ਦਮੋਦਰ ਉਤੇ ਵੇਲੇ ਹੀਰ ਜਵਾਬ ਦਿਤੋਈ । (444)

**ਜਵਾਬ ਹੀਰ**

ਨੀਸੂ ਗੁੰਗੀ ਡੋਰੀ ਕਾਜ਼ੀ ! ਜੇ ਕੋਈ ਵਕੀਲ ਕਰਾਈਂ ।
ਹਾਜ਼ਰ ਹੋ ਬੈਠੀ ਮੈ ਜ਼ਾਹਰ, ਘਿੰਨ ਜਬਾਬ ਦਿਵਾਈਂ ।
ਆਖੇ ਕੂਕ ਸੁਣਾਈ ਲੋਕਾਂ, ਆਲਮ ਜੋਗ ਸੁਣਾਈਂ ।
ਰਾਂਝਣ ਹੋਰੀਂ ਅਸਾਂ ਮੁਬਾਰਕ, ਖੇੜਾ ਅੰਮਾਂ ਤਾਈਂ । (445)

ਤਾਂ ਮੂੰਹ ਘੁਟ ਨਾ ਬੋਲਣ ਦਿੱਤੀ ਹਲੋਂ ਹਲੋਆ ਹੋਈ ।
ਜ਼ੋਰੀ ਨੱਪ ਭਵਾਈ ਵੀਰਾਂ, ਲਾਵਾਂ ਘਿੰਨ ਖਲੋਈ ।
ਜ਼ੋਰੀ ਕੇ ਕਰੇਸੀ ਬਾਬਾ, ਜੋ ਮੂੰਹ ਤੋਂ ਲੱਥੀ ਲੋਈ ।
ਆਖ ਦਮੋਦਰ ਚੱਲੀ ਅੰਦਰ ਜਿੱਥੇ ਸੌਣ ਕਿਤੋਈ । (446)

ਕਰ ਕਰ ਰੀਤ ਅੰਦੇਸੇ ਖੇੜਾ, ਤਾਂ ਚਲ ਅੰਦਰ ਆਇਆ ।
ਦਿਤੁਸੁ ਪੈਰ ਪਲੰਘ ਦੇ ਉੱਤੇ, ਹੀਰ ਜਗਾਇ ਬਹਾਇਆ ।
ਪੁੱਛੇ ਕੌਣ ? ਕਿ ਜਾਤੂ ਸੁ ਖੇੜਾ, ਨੱਥ ਤਮਾਚਾ ਲਾਇਆ ।
ਆਖ ਦਮੋਦਰ ਦੰਦ ਰੰਞਾਣੇ, ਲੋਹੂ ਨਾਲ ਚਲਾਇਆ । (447)

ਭਵਿਆਂ ਮਗਜ਼ ਤੇ ਹਾਂਉ ਭਲੇਰਾ, ਮੰਦਾ ਹਾਲ ਸੁਣਾਇਆ ।
ਮਰਾਂ, ਜੇ ਮਾਰੇ ਦੂਜਾ ਮੈਨੂੰ, ਹੋਵੇ ਦੁੱਖ ਸਵਾਇਆ ।[8]
ਰੋਵੇ ਖੇੜਾ, ਦੰਦ ਰੰਞਾਣੇ, ਲੋਹੂ ਨਾਲ ਚਲਾਇਆ ।
ਆਖ ਦਮੋਦਰ ਰੋਂਦੀ ਸਲੇਟੀ, ਮੈਂ ਹੱਥ ਨਾ ਮਹਿਰਮ ਲਾਇਆ । (448)

ਤਾਂ ਕਰ ਅਕਲ, ਖ਼ਦਾਏ ਆਪੇ, ਤੁਧ ਕਿਤ ਤਮਾਚਾ ਲਾਇਆ ?
ਨਾਉਂ ਰੰਝੇਟਾ ਤੇ ਕਾਲੀ ਕੰਮਲੀ, ਚੱਲ ਇਦਾਊਂ ਆਇਆ ।
ਵੇਖ ਵਿਕਾਣਾ ਉਸਦੇ ਪਿੱਛੇ, ਤਾਂ ਚੱਲ ਵੇਖਣ ਆਇਆ ।
ਆਖ ਦਮੋਦਰ ਰਾਂਝੇ ਦੇ ਪਿੱਛੇ, ਇਹੋ ਹਾਲ ਕਰਾਇਆ । (449)

ਸੁਣ ਕਰ ਦੂਖਨ ਆਈ ਸਲੇਟੀ, ਮੈਂ ਸਦਕੇ ਕੀਤੀ ਆਹੀ ।
ਜੇ ਮੈਂ ਭੁੱਲ ਤਮਾਚਾ ਲਾਇਆ, ਬਖ਼ਸ਼ ਗੁਨਾਹ ਅਸਾਹੀਂ ।
ਗਲ ਵਿਚ ਪੱਲੂ ਦਸਤ ਪੈਰਾਂ ਤੇ, ਮੈਂ ਭੁੱਲੀ ਦਾ ਸ਼ਰਮ ਤੁਸਾਹੀਂ ।
ਤੂੰ ਭੀ ਮੈਂਡਾ ਮਾਂ ਪਿਉ ਜਾਇਆ, ਕੁਝ ਤਫ਼ਾਵਤ ਨਾਹੀਂ । (450)

ਕਿੱਥੇ ਡਿਠੋ ? ਸਦਕੇ ਕੀਤੀ, ਮੈਂ ਪੁੱਛਾਂ ਤੁਧ ਤਾਈਂ ।
ਅੱਖੀਂ ਦਾ ਸੁਖ ਮਹਿਰਮ ਮੈਂਡਾ, ਮੈਕੂੰ ਆਖ ਸੁਣਾਈਂ ।
ਰਾਹ ਤਕੇਂਦੀ ਕਾਗ ਉਡੇਂਦੀ, ਅੱਚੋ ਪਿੰਡੇ ਤਾਈਂ ।
ਸਦਕੇ ਕੀਤੀ, ਵੀਰ ਮੈਂ[9] ਤੈਥੋਂ, ਰਾਂਝਾ ਦਸ ਕਿਥਾਈਂ ? (451)

ਜੋ ਹੋਵੇ ਹੁਕਮ ਅਗੋਲੋਂ ਉਠਕੇ, ਆਖੇ ਹੀਰੇ ਤਾਈ ।
ਮਤ ਹੋਵੇ ਸਹੀ ਖਲੋਤਾ ਥੀਵੇ, ਵੇਪਰਵਾਹ ਅਖਾਈਂ ।
ਉਠੀ, ਵੇਖ ਰੰਝੇਟਾ ਵੀਰਾ ! ਕੇ ਮੈਂ ਭੀ ਨਾਲ ਅਵਾਈਂ ।
ਆਖ ਦਮੋਦਰ ਜੁਲਿਆ ਖੇੜਾ, ਆਪ ਬਚਾਵਣ ਤਾਈਂ । (452)

---

[8] ਗੁ. ਸਿੰ. ਖੇ. ਤੇ ਡਾ. ਪ. ਸਿੰ., ਰੋਵੇ ਦੁਖ ਸਬਾਇਆ ।
[9] ਗੁ. ਸਿੰ. ਖੇ. ਤੇ ਡਾ. ਪ. ਸਿੰ., ਸਦਕੇ ਕੀਤੀ ਵੀਰਾ ਤੈਥੋਂ ।

ਵੜਿਆ ਵੰਝ ਜਿੱਥੇ ਜੰਞ ਲੱਥੀ, ਤਾਂ ਪੁੱਛੇ ਸਭ ਕੋਈ ।
ਆਖ ਵੇਖਾਂ, ਰਾਤੀਂ ਨਾਲ ਸਲੇਟੀ ਸਾਗਲ ਕਿਉਂਕਰ ਹੋਈ ।
ਅਣੋਖੀ ਬਹੁਤ ਸੁਣੀਐ ਸਲੇਟੀ, ਤੈਂ ਨਾਲ ਕੀਕੁਣ ਹੋਈ ।
ਆਖ ਦਮੋਦਰ ਗਲ ਦੇ ਅਸਾਨੂੰ ਸਭਨਾਂ ਏਂਵ ਪੁਛਿਓਈ । (453)

ਬੈਠ ਹਕੀਕਤ ਖੇੜੇ ਕੀਤੀ, ਸੁਣਿਹੋ ਗੱਲਾਂ ਭਾਈ ।
ਕੀਤੀ ਚਾਘ ਕੁੜੀਆਂ ਹਿਕ ਮੰਦੀ, ਦੀਵੇ ਜੋਤ ਬੁਝਾਈ ।
ਅੱਗੇ ਬੱਧੀ ਪੱਬਣ ਘੋੜੀ, ਮੈਨੂੰ ਖ਼ਬਰ ਨ ਕਾਈ ।
ਦੇਖਹੁ ਬਾਬਾ ! ਦੰਦ ਨਸ਼ਾਣੇ, ਪੁਸਤੀ ਘੋੜੀ ਲਾਈ । (454)

ਰਾਤ ਗੁਜ਼ਾਰੀ[10], ਵੱਡੇ ਵੇਲੇ, ਖ਼ਾਨਾਂ ਹਥ ਉਠਾਏ ।
ਦੇਵਣ ਉਠ ਤੇ ਟੱਟੂ, ਘੋੜੇ, ਪਟਕਾ, ਖੇਸ ਸਵਾਏ ।
ਦੇਵਨ ਰੋਕੜ ਤੇ ਜਿਨਸ ਕੇਤੀ, ਅਜੇ ਦੇਵਣ ਨੂੰ ਸਧਰਾਏ ।
ਆਖ ਦਮੋਦਰ ਰਾਠਾਂ ਵੇਖੋ, ਕੰਮੀ ਸਭ ਰਜਾਏ । (455)

ਤਾਂ ਤਾਂ ਤਾਮ ਤਿਆਰੀ ਥੀਆ, ਕੰਮੀ ਸੱਦਣ ਆਏ ।
ਖਾਨ ਗਏ, ਖਾਵਣ ਦੇ ਤਾਈਂ, ਖਾਣਾ ਖਾਇ ਅਘਾਏ ।
ਬੈਠਕ ਬੈਠੇ, ਚੱਲਣ ਪਿਆਲੇ, ਖ਼ਾਨ ਸ਼ਰਾਬ ਮੰਗਾਏ ।
ਆਖ ਦਮੋਦਰ ਮੱਤੇ ਸਾਊ, ਚੂਚਕ ਉੱਠੀ ਆਏ । (456)

ਕਮੰਜੇ ਆਣ ਵਿਛਾਏ ਚੂਚਕ, ਦਾਜ ਸਮਾਨ ਕਰਾਏ ।
ਜੜਤੂ ਸੋਨਾ ਬਹੁਭਾਂਤੀ ਗਹਿਣੇ ਆਣ ਮੌਜੂਦ ਕਰਾਏ ।
ਹੈਦਰਵਾਈਆਂ ਦੋ ਮਣੋ ਕੜਾਈਆਂ ਚਾਇ ਕੰਮੀ ਘਿਨਆਏ ।
ਪੀੜਾ, ਪਲੰਘ, ਮੜਿਆ ਰੁਪੇ ਦਾ, ਤਿੱਲੇ ਨਾਲ ਉਣਾਏ । (457)

ਦਾਜ ਪਟਾਂਗਲ ਤ੍ਰੈ ਸੈ[11] ਤੇਵਰ, ਪੱਕੀ ਖੇਸ ਉਣਾਏ ।
ਖਿਲਸਿਰ ਵੇਖੋ ਮੁੱਲ ਦੀ ਭਾਰੀ, ਗੁਲੀਂ ਕਪੂਰ ਸੁਹਾਏ ।
ਸੁਰਮੇਦਾਣੀ ਸੋਨੇ ਸੰਦੀ, ਚੂਨੀ ਮੋਤੀ ਲਾਏ ।
ਟੋਮਦ ਰੁੱਪੇ ਸੰਦਾ ਲੱਕਾ, ਉਚੇ ਕਦਮ ਸਵਾਏ । (458)

ਪਕਵਾਨਾਂ ਦੇ ਢੇਰ ਦਿਸੌਂਦੇ, ਜਾਣੋਂ ਪਰਬਤ ਸਾਏ ।
ਸੱਤੇ ਪਾਹੀ ਹਾਜ਼ਰ ਲੋਕਾਂ, ਕੇ ਕੋਈ ਆਖ ਸੁਣਾਏ ।
ਹਰ ਜਾਂਞੀ ਸਿਰਪਾਉ ਸੁਨਹਿਰੀ, ਛੰਨੇ, ਸੇਤ ਸੁਹਾਹੇ ।
ਆਖ ਦਮੋਦਰ ਮੈਂ ਅੱਖੀਂ ਡਿੱਠਾ ਜੋ ਵੇਖੇ ਸੋਈ ਸਲਾਹੇ । (459)

---

[10]ਗ. ਸਿੰ. ਬੇ. ਤੇ ਡਾ. ਪ. ਸਿੰ , ਰਾਤ ਗੁਦਾਰੀ ।
[11]ਗ. ਸਿੰ. ਬੇ. ਤੇ ਡਾ. ਪ. ਸਿੰ , ਦਾਜ ਪਟਾਂਗਲ ਕੇ ਤ੍ਰੈ ਤੇਵਰ ।

ਖੇੜੇ ਸੱਦੇ ਕੰਮੀ ਯਾਰੋਂ ! ਉਨ੍ਹਾਂ ਦਾਜ ਉਠਾਇਆ ।
ਸੰਨ੍ਹ ਅਸਬਾਬ ਮੁਹਕਮੀ[12] ਕੀਤੇ, ਸੱਭੋ ਮਾਲ ਬਨ੍ਹਾਇਆ ।
ਆਣ ਬਧੇਨੇ ਡੇਰਾ ਸਾਰਾ ਚੱਲਣ ਤੇ ਚਿੱਤ ਚਾਇਆ ।
ਆਖ ਦਮੋਦਰ ਸੋ ਕੁਝ ਕਥਿਆ, ਜੋ ਕੁਝ ਰੱਬ ਕਹਾਇਆ । (460)

**ਜੰਞ ਦੀ ਤਿਆਰੀ**

ਛਿੱਕੇ ਤੰਗ ਤਿਆਰੀ ਕੀਤੀ, ਚੱਲਣ ਤੇ ਚਿੱਤ ਲਾਇਆ ।
ਕਰ ਕਰ ਵਿਦਾ ਸ਼ਰੀਕਾਂ ਨਾਲੋਂ, ਲੈ ਅਜਬਾਬ ਬਨ੍ਹਾਇਆ ।
ਜਿਉਂ ਜਿਉਂ ਰਾਤ ਪਵੇ ਖੇੜੇ ਨੂੰ, ਤਿਉਂ ਤਿਉਂ ਮਰਣਾ ਆਇਆ ।
ਆਖ ਵੇਖਾਂ ਹੁਣ ਕੀਕੁਣ ਹੋਸੀ, ਕੱਲ ਤਾਂ ਆਪ ਬਚਾਇਆ । (461)

ਰਾਤੀਂ ਵੰਞ ਬਹਾਨਾ ਕੀਤੋਸੁ, ਧੀਦੋ ਜੋਗਾ ਸਦਾਇਆ ।
ਸੁਣ ਹੀਰੇ ਮੈਂ ਬੇਲੇ ਦੇ ਵਿਚ ਚੱਲ ਉਚੇਚਾ ਆਇਆ ।
ਆਦਮ ਸੱਦ ਸਹੀ ਇਕ ਵਾਰੀ ਇੱਥੇ ਉਹ ਨਾ ਆਇਆ ?
ਵੇਖੋ ਭਾਈ ਅਕਲ ਖੇੜੇ ਦੀ ਜਿਸ ਆਪਣਾ ਆਪ ਵੰਞਾਇਆ[13] । (462)

ਪਹਿਰ ਰਾਤ ਜੋ ਬਾਕੀ ਰਹੀ, ਵੱਜੀ ਬੰਬ ਤਦਾਹੀਂ ।
ਛਿੱਕੇ ਤੰਗ ਜੁਆਨੀ ਭਾਈ, ਭੂਈਂ ਨਈਂ ਦੇ ਸਾਈਂ ।
ਹੰਨੀਂ ਤਲਬਬਾਜ ਰੁੱਪੇ ਦੇ, ਬਹੁੱਟੇ ਸੋਨੇ ਬਾਹੀਂ ।
ਆਖ ਦਮੋਦਰ ਉਛਾੜ ਮਖ਼ਮਲੀ, ਪਾਇਆ ਡੋਲੀ ਤਾਈਂ । (463)

ਬੂਹੇ ਆ ਖਲੋਤੀ ਡੋਲੀ, ਸੱਭਾ ਸੋਨੇ ਭਾਰੀ ।
ਮਸਲਤ ਚੂਚਕ ਖ਼ਾਨ ਕਰੇਂਦੇ, ਲੈਕਰ ਖ਼ਿਲਵਤ ਭਾਰੀ ।
ਹੁਣ ਇਸ ਕੀਕੁਰ ਡੋਲੀ ਪਾਈਏ, ਅੱਗੋ ਕਹਰ ਕਹਾਰੀ ।
ਆਖ ਦਮੋਦਰ ਨੂਰੇ ਮਸਲਤ, ਜੀਉਂ ਕੱਢ ਸਵਾਰੀ । (464)

ਮੂੰਹ ਬੰਨੋਂ ਨੂੰ ਦੇਵੇ ਵਾਤ ਵਿਚ, ਏਹੋ ਕੰਮ ਕਰੀਹਾਂ ।
ਸ਼ਾਰਤ ਦੇਇ ਕਹਾਰਾਂ ਤਾਈਂ, ਬਹੁਤ ਸ਼ਤਾਬ ਟੁਰੀਹਾਂ ।
ਕਰਹੁ ਕਿਫ਼ਾਇਤ ਦਿਸੈ ਸਾਰੀ ਵਿਦਾ ਨਾ ਮੂਲ ਕਰੀਹਾਂ ।
ਆਖ ਦਮੋਦਰ ਖ਼ਾਨ ਨਾ ਮੰਨੇ, ਆਪੇ ਮੁਣਸ ਮਰੀਹਾਂ । (465)

ਜਾਨੀ ਜ਼ੋਰ ਕੀਤਾ, ਸੁਣ ਖ਼ਾਨਾ । ਬੰਨ੍ਹੋਂ ਮੁਸ਼ਕੀ ਬਾਹੀਂ ।
ਬਹੁਤ ਕੂਕਾਰਾ ਹੋਸੀ ਤਦੋਂ, ਜੰਞ ਨਾ ਜਾਣੇ ਕਾਈ ।
ਕਰ ਸ਼ਾਰਤ ਵਿਚ ਘੱਤੋ ਡੋਲੀ, ਦੂਜੀ ਗੱਲ ਨਾ ਕਾਈ ।
ਆਖ ਦਮੋਦਰ ਖ਼ਾਨ ਚੂਚਕ ਨੇ ਏਹੀ ਗੱਲ ਠਹਿਰਾਈ । (466)

---

[12]ਗ. ਸਿੰ. ਬੇ. ਤੇ ਡਾ. ਪ. ਸਿੰ., ਬੰਨ੍ਹ ਸਲੀਤੇ ਮੁਹਕਮ ਕੀਤੇ ।
[13]ਗ. ਸਿੰ, ਬੇ. ਤੇ ਡਾ. ਪ. ਸਿੰ., ਵਞ ਇਆ ।

ਤਾਂ ਤਾਂ ਤਾਈਂ ਚੂਚਕ ਰੁੰਨਾ, ਮੈਂ[15] ਬਹੁਤਾ ਦੁਖ ਪਾਇਆ।
ਮਸੇ ਮਸੇ ਕਰ ਬਹੁਤੀ ਮਿੰਨਤ, ਕੈਦੋ ਜੋਗ ਸਦਾਇਆ।
ਥੀਉ ਨਾ ਨਾਬਰ ਨਾਉਂ ਸਾਈਂ ਦੇ, ਮੈਂ ਗਲ ਵਿੱਚ ਪਟਕਾ ਪਾਇਆ।
ਕੇ ਥੀਆ ! ਜੇ ਫਕਰ ਰਬਾਣਾ, ਮੈਂਡੇ ਮਾਂ ਪਿਓ ਜਾਇਆ। (467)

### ਕੈਦੋ

ਕੇਹੀ ਬਾਜੀ ਪਾਈਆ ਈ ਪਾੜਾ ! ਮੱਤ ਨ ਤੈਂਨੂੰ ਕਾਈ।
ਕਿਤਨੇ ਨਾਲ ਪਿਆਦੇ ਦੇਸੀ। ਕਿਤਨੇ ਤੰਗ ਉਠਾਈ।
ਕਿਤਨੇ ਮੰਜੇ, ਤਉਂਗ, ਉਨੈਸਨ, ਕਿਤਨੇ ਡੋਲੀ ਚਾਈ।
ਚੁਕਾਇ ਕਲੰਕ ਦੇਹ ਸਿਰ ਟੰਮਦ, ਜਾਵੇ ਰਾਂਝਾ ਚਾਈ[16]। (468)

ਤਾਂ ਹਲੋ ਹਲੋ ਹੋਈ ਭਾਈ, ਕੈਦੋ ਨਿਆਉਂ ਚੁਕਾਇਆ।
ਮੁੱਤਾ ਡੂਮ ਗਇਆ ਵਿੱਚ ਬੇਲੇ, ਧੀਦੋ ਜੋਗ ਸਦਾਇਆ।
ਚੱਲ ਡੁਮੇਟਾ ਹੋਇਆ ਅਗੇਰੇ, ਬੇਲੇ ਦੇ ਵਿਚ ਆਇਆ।
ਆਖ ਦਮੋਦਰ ਕੂਕੇ ਡੂਮੇਟਾ, ਰਾਂਝੇ ਜੋਗ ਬੁਲਾਇਆ। (469)

ਬੇਲੇ ਦੇ ਵਿਚ ਕੂਕੇ ਡੂਮੇਟਾ, ਰਾਂਝੇ ਜੋਗ ਬੁਲਾਈ।
ਚਲਿਆ ਡੂਮ ਸਦੇਂਦਾ ਰਾਂਝਾ, ਅੱਗੋਂ ਕਾਵੜ ਆਈ।
ਕਿਤ ਲੁੜੀਨੈਂ ? ਆਖ ਹਕੀਕਤ, ਬਲ ਸੰਦੇ ਦੀ ਜਾਈ।
ਆਖ ਦਮੋਦਰ ਹੀਰ ਨ ਵੈਂਦੀ, ਤੂ ਸਿਰ ਟੰਮਕ ਵੰਞੇ ਚਾਈ। (470)

ਥੀ ਤਈਯਾਰ ਰੰਝੇਟਾ ਚਲਿਆ[17], ਜਾਂ ਉਸ ਦੀਂਵ ਸੁਣਾਇਆ।
ਲੈ ਅਸਬਾਬ ਜੁਲਿਆ ਛੱਡ ਡੇਰਾ, ਹਿੱਕ ਪਲਕ ਨੂੰ ਆਇਆ।
ਟੰਮਕ ਸਿਰ ਦਿੱਤਾ ਰਾਂਝੇ ਦੇ, ਡੋਲੀ ਕੋਲ ਬਹਾਇਆ।
ਆਖ ਦਮੋਦਰ ਡੋਲੀ ਕੋਲੇ, ਘੱੜੀ ਲੈਕੇ ਖੇੜਾ ਆਯਾ। (471)

### ਹੀਰ ਦੀ ਵਦਾਇਗੀ

ਆਖੇ ਮਾਉਂ ਸੁਣ ਸੁਦਕੇ ਕੀਤੀ, ਸੁਣ ਤੂੰ ਘੋਲ ਘੁਮਾਈ।
ਹੱਸ ਹੱਸ ਪਵਿਹ ਵਿਚ ਡੋਲੀ, ਸੁਣ ਧੀਏ ਸਭਰਾਈ।
ਸਾਰੀ ਜੰਞ ਖਲੋਤੀ ਵੇਖੇ, ਤੁਧ ਵੱਲੇ ਲੋਕਾਈ।
ਆਖ ਦਮੋਦਰ ਤੂੰ ਪਉ ਡੋਲੀ, ਸਦਕੇ ਵੈਂਦੀ ਮਾਈ। (472)

---

[15]ਗ.ਸਿ.ਬੇ. ਤੇ ਡਾ.ਪ.ਸਿ., ਲੈ।

[16]ਗ.ਸਿ.ਬੇ. ਤੇ ਡਾ.ਪ.ਸਿ., ਚਕ/ਚੁਕਾਇ ਕਲੰਕ ਗਲੋਂ ਸਈਆਦਾ ਟੰਮਕ ਸਿਰ ਦਿਹ ਜੁ ਜਾਏ ਰਾਂਝਾ ਚਾਈ।

[17]ਗ.ਸਿ.ਬੇ.ਤੇ ਡਾ. ਪ.ਸਿ., ਥੀ ਤਈਯਾਰ ਚੱਲਿਆ ਰੰਝੇਟਾ।

ਹੀਰ

ਤੂੰ ਕਿਉਂ ਨੀਹੇਂ ਪਉਂਦੀ ਮਾਏ ! ਸੁਣ ਤੂੰ ਚੂਚਕ ਹਾਏ ।
ਕੋਲ ਖਲੋਇ ਤਮਾਸ਼ਾ ਵੇਖਾਂ, ਜੇ ਤੈਨੂੰ ਡੋਲੀ ਰੱਬ ਪਾਏ ।
ਬੱਚੇ ਖਾਂਦੀ, ਅਸਾਂ ਖਿਝੇਂਦੀ, ਭਈਏ ਮੁਈਏ ਕਸਾਏ ।
ਅੱਗੋਂ, ਹੋਈਂ ਦੂਰ, ਮਤੀਰ੍ਹੂੰ ਮੁੱਕੀ, ਮੈਨੂੰ ਕਾਵੜ ਆਏ । (473)

ਮਾਂ

ਜੈਂ ਕਾਰਨ ਤੂੰ ਨੀਹੇਂ ਵੈਂਦੀ, ਸੌ ਭੀ ਅਸਾਂ ਨਾਲ ਚਲਾਇਆ ।
ਉੱਠੀ ਵੇਖ ਸਿਦਾਣ ਸਹੀ ਸਚ ਕਰ ਮਾਊ ਓਸ ਬੁਝਾਇਆ ।
ਡਿਠ੍ਹੁ ਚਾਕ, ਸਹੀ ਸੱਚ ਰਾਂਝਾ, ਅੰਮਾਂ ਨਾਲ ਚਲਾਇਆ ।
ਆਖ ਦਮੋਦਰ ਚਾਉ ਹੀਰੇ ਨੂੰ, ਚੱਲਣ ਸੰਦਾ ਆਇਆ । (474)

ਹੀਰ

ਮੰਦਾ ਕਰ ਕਰ ਚੰਗਾ ਕੀੜੋ, ਰਾਂਝਾ ਨਾਲ ਦਿਤੋਈ ।
ਅਸਾਂ ਹੋਇ ਰਹੀ ਖੁਸ਼ਹਾਲੀ ਗੁਲਕਾਰੀ ਸਭ ਹੋਈ ।
ਅਸੀਂ ਮੁਸਾਫਰ ਉਠੀ ਚੱਲੇ, ਮਾਏ, ਡਾਢੇ ਰਿਜ਼ਕ ਉਠਿਓਈ ।
ਆਖ ਦਮੋਦਰ ਵਿਦਾ ਕਰੇਂਦਿਆਂ, ਸਭ ਲੋਕਾਈ ਰੋਈ । (475)

ਸੁਣ ਨੀ ਮਾਏ ! ਮੰਦਾ ਕਰ ਕਰ ਚੰਗਾ ਕੀਤੋ, ਸਦਕੇ ਵੈਂਦੀ ਆਹੀ ।
ਮੰਨ ਸੁਆਲ, ਅਸਾੜਾ ਮਾਏ, ਡਰਦੀ ਆਖਾਂ ਨਾਹੀਂ ।
ਇਹ[18] ਇਹ ਭੀ ਨੇਕੀ ਚਾੜ੍ਹ ਅਸਾਏ, ਗਲ ਵਿੱਚ ਪੱਲੂ ਪਾਈ ।
ਡੋਲੀ ਵਿਚ ਬਹਾਇ ਰੰਝੇਟਾ, ਨਾਲ ਕਹਾਰਾਂ ਚਾਈ । (476)

ਮਾਂ

ਬੇਟੀ ਨਾ ਥੀ ਕਾਹਲੀ ਹੋਵੈ ਧੀਰੀ, ਧੀਰੋਂ ਨਾਲ ਸਿਧਾਇਆ ।
ਅੱਖੀਂ ਡਿੱਠੇ ਰੱਜੀਏ ਨਾਹੀਂ, ਕੇ ਹੋਸੀ ਕੋਲ ਬਹਾਇਆ ।
ਫੁੱਲਾਂ ਸੰਦੀ ਵਾਸ ਨਾ ਰਜੀਏ, ਕੇ ਹੋਸੀ ਨੱਕ ਲਾਇਆ ।
ਆਖ ਦਮੋਦਰ ਮਾਉਂ ਧੀਉ ਨੂੰ, ਸੁਖਨਾਂ ਨਾਲ ਸਮਝਾਇਆ । (477)

ਰੋਵੇ ਹੱਸੀ ਕੋਲ ਖਲੋਤੀ, ਜਾਂ ਵੇਖੇ ਹੀਰੇ ਤਾਈਂ ।
ਤੈਂਡੇ ਵਿਛੋੜੇ ਹੀਰੇ ਕੁੜੀਏ ! ਜੀਵਣ ਮੈਂਡਾ ਨਾਹੀਂ ।
ਬੇੜੀ, ਬੇਲਾ, ਖਾਵੇ ਅਸਾਨੂੰ, ਖ਼ਾਲੀ ਵੇਖ ਮਰ ਜਾਈਂ ।
ਆਖ ਦਮੋਦਰ ਡਾਢਾ ਵਿਛੋੜਾ ਦਿੱਤਾ ਸੱਚੇ ਸਾਈਂ । (478)

---

[18] ਗ.ਸਿੰ ਬੇ. ਤੇ ਡਾ. ਪ.ਸਿੰ , ਬਈ ਵੀ ।

ਪਾਇਆ ਵਿਛੋੜਾ ਡਾਢਾ ਹੱਸੀ ! ਵੱਤ ਨਾ ਆਵਣ ਹੋਸੀ ।
ਕਿੱਥੇ ਵੇਖਸਾਂ ਬੇਲਾ, ਸਹੀਆਂ, ਕੈਂਦੀ ਸਿੱਕ ਖਲੇਸੀ ।
ਤੈਂਡੀ ਸਿੱਕ ਦੇ ਕਾਰਣ ਹੱਸੀ ! ਹੀਰ ਨਿਮਾਣੀ ਰੋਸੀ ।
ਅਣਡਿਠਿਆਂ ਵਿੱਚ, ਹੱਸੀ ਕੀਕਣ[19], ਜਾਲ ਅਸਾਡੀ ਹੋਸੀ (479)

ਤੈਂਡੀ ਜਾਲ ਤਾਂ ਹੋਸੀ ਹੀਰੇ ! ਤੈਂ ਧੀਦੋ ਨਾਲ ਚਲਾਇਆ ।
ਮੁੰਡੇ ਝੰਗ ਸਿਆਲਾਂ ਦੇ ਵਿਚ, ਮੈਨੂੰ ਭੀ ਰਹਿਣਾ ਆਇਆ ।
ਨਾ ਧੀਦੋ, ਨਾ ਤੂੰ ਦਿਸੀਸੀ, ਰੱਬ ਵਿਛੋੜਾ ਪਾਇਆ ।
ਆਖ ਦਮੋਦਰ ਹੱਸੀ ਦੇ ਸੁਖਨਾਂ ਸਾਰਾ ਆਤਣ ਰੁਵਾਇਆ । (480)

ਰੁੰਨੀ ਹੀਰ, ਬਹੂੰ ਸਿਰ ਤਾਈਂ, ਕਰੇ ਵਿਦਿਆ ਨਾਲ ਸਹੇਲੀ ।
ਰਾਜ ਤੁਸਾਡੇ ਉੱਤੇ ਸਹੀਓ । ਮੈਂ ਸਦਾ ਰਹੀ ਅਲਬੇਲੀ ।
ਡਾਰ ਤੁਸਾਡੀ ਵਿਚੋਂ ਨਿੱਖੜੀ, ਜਿਉਂ ਕੂੰਕੇ ਕੂੰਜ ਇਕੇਲੀ ।
ਆਖ ਦਮੋਦਰ ਹੀਰ ਜੁ ਆਖੇ, ਸਾਈਂ ਅਸਾਡਾ ਬੇਲੀ । (481)

ਸਾਈਂ ਤੁਸਾਡਾ ਬੇਲੀ ਹੋਵੈ, ਸਾਨੂੰ ਦੇਇ ਵਿਛੋੜਾ ਚੱਲੀ ।
ਕਿੱਥੇ ਹੀਰ ਤੇ ਕਿੱਥੇ ਰਾਂਝਾ, ਕਿੱਥੇ ਬਬਾਣੀ ਗਲੀ ।
ਕਿੱਥੇ ਬੇੜੇ ਤੇ ਕਿੱਥੇ ਪੱਤਣ, ਕਿਤ ਪਿੱਪਲ ਕਿਤ ਝੱਲੀ ।
ਆਖ ਦਮੋਦਰ ਵਿਛੋੜੇ ਤੈਂਡੇ, ਮੈਂ ਮਰਸਾਂ ਰੋਇ ਅਕੱਲੀ । (482)

ਸਦਕੇ ਕੀਤੀ, ਮੈਂ ਹੱਸੀ । ਤੁਸਾਥੋਂ, ਆਤਣ ਛੋੜ ਸਿਧਾਈ ।
ਬੇੜੀ, ਬੇਲਾ ਤੇ ਪਿੱਪਲ, ਪੀਘਾਂ, ਲੁੱਡਣ, ਬਾਪ ਤੇ ਭਾਈ ।
ਅਸੀਂ ਚੁਲੇ ਅਣਡਿੱਠੀ ਜੂਹੀਂ, ਫਿਰ ਆਵਣ ਗੱਲ ਨਾ ਕਾਈ ।
ਨਾ ਕੋ ਲੂਹਣਾ ਤਕੀਆ ਮੈਨੂੰ, ਨਾ ਕੋ ਬਾਪ ਨਾ ਮਾਈ । (483)

ਰੋਂਦੇ ਆਤਣ ਤੇ ਰੋਂਦੇ ਵਿਹੜੇ, ਜਿਉਂ ਜਿਉਂ ਵਿਦਾ ਕਰੇਂਦੀ ।
ਰੋਵਣ ਬਿਰਖ, ਬੰਬੂਲ, ਪੰਖੇਰੂ, ਸਹੀਆਂ ਵਾਰੇ ਦੇਂਦੀ ।
ਰੋਵੇ ਮਾਉਂ ਨਾ ਮੂੰਹੋਂ ਅਲਾਏ, ਫਿਰਦੀ ਪੇਟ ਖੁਹੇਂਦੀ ।
ਆਖ ਦਮੋਦਰ ਆਖੇ ਮਹਿਰੀ ਮੈਂ ਰਾਂਝੇ ਤਾਈਂ ਦੇਂਦੀ । (484)

ਰੋਵਨ ਪੱਤਰ ਦਰਖਤਾਂ ਸੰਦੇ, ਰੋਵਣ ਬੂਟੇ ਕਾਹੀਂ ।
ਹੋਵੈ ਬੁੱਢੀ, ਨੱਢੀ, ਲੋਕਾ, ਰੋਵਣ ਸੱਤੇ ਪਾਹੀਂ ।
ਜੁਲਿਆ ਕਟਕ, ਸਹੀ ਸਲੇਟੀ, ਵੇਝਣ ਜੋਗੀ ਨਾਹੀਂ ।
ਇਸ ਦੇ ਰਾਜ ਸਿਆਲਾਂ ਦੇ ਵਿੱਚ ਸਿਤਮ ਕਹੀਂ ਸਿਰ ਨਾਹੀਂ । (485)

---

[19] ਗ. ਸਿ.ਬੇ. ਤੇ ਡਾ. ਪ.ਸਿੰ., ਅ ਣਡਿਠਿਆ ਵਿਚ ਹੱਸੀ ।

ਡੋਲੀ ਚਾਇ ਚਲਾਈ ਯਾਰੋ, ਟੰਮਕ ਰਾਂਝੇ ਚਾਇਆ।
ਥੀਏ ਰਾਹ ਰਵਾਂ ਹੋ ਲੋਕਾ, ਲੋਕ ਵਿਦੇ ਨੂੰ ਆਇਆ।
ਜੇ ਕੋਈ ਵੇਖੇ, ਸੋਈ ਰੋਵੇ, ਲੋਕਾਂ ਸ਼ੋਰ ਮਚਾਇਆ।
ਆਖ ਦਮੋਦਰ ਹੀਰ ਦੇ ਟੁਰਨੇ[20], ਸਾਰਾ ਆਲਮ ਰੁਆਇਆ[21]। (486)

ਸਭ ਆਲਮ ਉਛਲ ਕਰ ਚਲਿਆ, ਰੋ ਰੋ ਵਿਦਾ ਕਰੇਂਦੇ।
ਡੋਲੀ ਪਾਇ ਲੈ ਚੱਲੇ ਖੇੜੇ, ਨਾਹੀਂ ਕਿਸੇ ਮਿਲੇਂਦੇ।
ਮਾਉ ਵਿਦੇ ਨੂੰ ਆਈ ਆਹੀ, ਡੋਲੀ ਨੱਪ ਅਟਕੇਂਦੇ।
ਸੁਣ ਧੀਆ ! ਤੂੰ ਥੀ ਸਿਆਣੀ, ਮੈਂ ਦੁੱਖ ਵਿਛੋੜਾ ਦੇਂਦੇ।
ਅਠੋਹਾਰੀ ਵੀਰ ਭਿਜਸਾਨੂੰ, ਅਸੀਂ ਤੈਨੇ ਰਹਿਣ ਨਾ ਦੇਂਦੇ। (487)

ਹੀਰ

ਝੂਠੇ ਲਾਰੇ, ਨਾ ਕਰਿ ਮਾਏ ! ਮੈਨੂੰ ਜਾਣ ਵਿਲੇਂਦੀ।
ਕਿਸ ਲੁੜੀਂਦਾ ਮਾਏ ! ਮੈਨੂੰ ਅਜੇ ਨ ਕੁਝ ਛੁੜੈਂਦੀ।
ਜੋ ਕਝ ਤੈਂਡੇ ਅੰਦਰ ਗੁਜ਼ਰੇ, ਮਾਲਮ ਮਹੀਏਂ ਕਰੇਂਦੀ।
ਮਾਉਂ ਸਿਆਲੀ ਜੁਲਦੀ ਵਾਰੀ, ਮੈਕੂੰ ਸੱਤ ਅੰਗਾਰ ਸਟੇਂਦੀ।
ਆਖ ਨਾ ਮਾਊਂ ਦਿਲਾਸਾ ਕੂੜਾ, ਮੈਂ ਆਪੇ ਟੁਰ ਵੈਂਦੀ। (488)

ਮਾਉਂ ਅਤੇ ਭਰਜਾਈਆਂ, ਭੈਣਾਂ, ਸਭ ਵਿਦੇ ਨੂੰ ਆਈਆਂ।
ਪਿਆ ਸ਼ਿੰਗਾਰ ਰੋਵਣ ਦਾ ਭਾਰੀ, ਰੋਵਣ ਦਾਈ, ਦਾਈਆਂ।
ਕਿੱਥੋਂ ਫੇਰ ਵਿਖਸਾਹਾਂ ਤੈਨੂੰ, ਰੋਵਣ ਕਰਿ ਭਰਜਾਈਆਂ।
ਆਖ ਦਮੋਦਰ ਵਿਦਾ ਕੀਤੋ ਨੇ, ਫਿਰਨ ਪਿਛੂਹਾਂ ਨਾਹੀਆਂ। (489)

ਸੁਣ ਮਾਏ ਤੈਂਕੂ ਬੇਟੀ ਆਖੇ ! ਤੈਨੂੰ ਖਬਰ ਨਾ ਕਾਈ।
ਮੈਂ ਮਹਿਮਾਨ ਮੁਸਾਫਰ, ਕੁੰਦੀ ! ਖਾਵੰਦ ਆਣ ਬਹਾਈ।
ਜੇ ਆਇਆ ਖ਼ਸਮ ਸੰਭਾਲਿਓਸੁ ਮੈਨੂੰ, ਤੁਧ ਕੇਹੀ ਬਾਜੀ ਪਾਈ।
ਲੈ ਮਾਏ ਘਰ ਝੰਗ ਸਿਆਲੀ, ਅਸੀਂ ਉਠ ਚੱਲੇ ਥੀ ਰਾਹੀ। (490)

ਤਾਂ ਲੱਥੇ ਖ਼ਾਨ ਸਭ ਘੋੜਿਆਂ ਉਤੋਂ, ਵਿਦਾ ਕਰਨ ਕੈ ਤਾਈਂ।
ਇਦੋਂ ਉਦੋਂ ਕੁਲ ਜਮਾਤਾਂ, ਘੇਤੇ ਮੁਣਸ ਅਖਾਈਂ।
ਸਾਊ, ਰਾਠ; ਸੂਰਮੇ ਬਹੁਤੇ ਕੇਠੇ ਜੋੜੀਆਂ ਆਹੇ।
ਆਖੋ ਭਾਈ ਸਕਲ ਜੁਆਨਾ, ਕੀਕਰ ਸਿਫਤ ਅਖਾਹੀਂ।
ਹੋਟੇ ਆਗੇਰੇ ਮੈਂ ਖੜਾ ਦਮੋਦਰ, ਜੋ ਅਖੀਂ ਵਿਦਾ ਵਿਖਾਈਂ। (491)

ਤਾਂ ਤਾਂ ਵਿਦਾ ਚੂਚਕ ਸੱਚ ਕੀਤਾ, ਗਲ ਵਿਚ ਪੱਲੂ ਪਾਇਆ।
ਪਹਿਲਾ ਵੇਰ ਮੈਂ ਚੱਧੜੀ ਕੀਤਾ, ਸੋ ਜਿਣ ਪੈਰੇ ਲਾਇਆ।

---

[20],[21] ਜ ਜਿ.ਬੇ. ਤੇ ਡਾ. ਪ ਜਿ., ਹੀਤ ਦੇ ਟੁਰਿਆ ਸਾਰਾ ਆਲਮ ਅ ਟਿਆ।

ਦੂਜਾ ਵੈਰ ਮੈਂ ਨਾਹਰੀਂ ਕੀਤਾ, ਕੌਈ ਹੱਥ ਨਾ ਆਇਆ ।
ਨਾਹੁਸ ਨਿਵਿਆਂ ਕਿਸੇ ਅੱਗੇ, ਹੁਣ ਹੀਰੇ ਆਣ ਨਿਵਾਇਆ । (492)

ਹੀਰ ਮਹਿੰਡੀ ਸਾਹਿਬਆਣੀ, ਤੂੰ ਮੈਂਡਾ ਸਿਰ ਸਾਈਂ ।
ਤੈਂਡੇ ਘਰ ਦੀ ਲਹਾਂ ਨਾ ਗੋਲੀ, ਤੈਂ ਹੀਰ ਦਿਤੀ ਮੈਂ ਤਾਈਂ ।
ਤੇਰਾ ਕੀਤਾ ਵੱਡਾ ਹੋਇਆ, ਕੇਹੜੇ ਵਾਤ ਸਲਾਹੀਂ ।
ਆਖ ਦਮੋਦਰ ਪੈਰੇ ਹੱਥ ਲਾਏ, ਫੜ ਚੂਰਕ ਲਇਆ ਉਤਾਹੀਂ । (493)

ਤਾਂ ਕੀਤੀ ਮਜਲ, ਰਾਹ ਚੱਲਣ ਨੂੰ, ਸੂਲ ਅੰਦਰ ਲਹਿਰ ਅਸਾਹੀ ।
ਕਿਸ ਬਿਧ ਕਸਰ ਘਿਹੈ ਇਸ ਤੋਂ, ਦਿਲ ਅਰਮਾਨ ਚੁਕਾਈ ।
ਖਾਊਂ ਮਰੀਉਸੁ, ਮੂਲ ਨਾ ਛੋੜੀਉਸੁ, ਛੋੜਿਆ ਚੰਗਾ ਨਾਹੀ ।
ਵਡਾ ਗਲੀਮ ਅਸਾਡੀ ਬੁੱਕਲ, ਆਖ ਦਮੋਦਰ ਸਾਈ । (494)

ਨਾਲ ਕਾਵੜ ਦੇ, ਫਿਰ ਫਿਰ ਸੱਟਾਂ ਮਾਰਨ ਟੰਮਕ ਤਾਂਈ ।
ਭਜਸੁ ਗਰਦਨ ਤ੍ਰਟ ਮਰੇਂਦੇ, ਚਰਾ ਅਸਾਇਸ਼ ਨਾਹੀਂ ।
ਧਿੱਕੇ ਚੋਕਾਂ ਅੱਡੀ ਖੋਤੇ, ਆਵਣ ਮਾਰਨ ਤਾਈਂ ।
ਕੇਹੀ ਰਉਂਸ ਮਰੀਂਦਾ ਧੀਦੋ, ਕੇ ਤਸ਼ਬੀਹ ਸੁਣਾਈਂ । (495)

### ਹੀਰ ਨੂੰ ਚੂਰੀ ਖਲਾਉਣੀ

ਹਾਲ ਹਾਲ ਕਰ, ਪੈਂਡਾ ਚੱਲੇ, ਮਜਲ ਵਡੇਰੀ ਆਏ ।
ਲੱਥੇ ਖ਼ਾਨ, ਪਹਿਰ ਦਿਨ ਰਹਿੰਦੇ, ਗੋਹੇ ਕੋਲ ਚੁਣਾਏ ।
ਆਏ ਗੁਨ੍ਹ, ਕੁਟੇਂਦੇ ਚੂਰੀ, ਹੱਭੇ ਖਾਏ ਅਘਾਏ ।
ਆਖ ਦਮੋਦਰ ਬੈਠੇ ਸਾਊ, ਘੋੜੇ ਕਿੱਲੀਂ ਲਗਾਏ । (496)

ਤੱਦੋਂ ਖ਼ਾਨ ਸਦਾਈ ਚੂਰੀ, ਹੀਰੇ ਦੇਵਣ ਤਾਈਂ ।
ਵਿਲਾਇ ਖਵਾਇ ਸਿਆਣੀ ਦਾਈ, ਹੀਰ ਸਲੋਟੀ ਤਾਈਂ ।
ਭੁੱਖੀ ਹੋਸੀ, ਰੰਦੀ ਰੰਦੀ, ਕਿਛ ਖਾਧਾ ਹੋਸੁਸੁ ਨਾਹੀਂ ।
ਆਖ ਦਮੋਦਰ ਤਿੱਤੇ ਵੇਲੇ, ਲੈ ਆਈ ਹੀਰੇ ਤਾਈਂ । (497)

ਸੁਣ ਨੀ ਹੀਰੇ ! ਇਹ ਸਹੁਰੇ ਦਿੱਤੀ ਦਾਈ ਗੱਲ ਸੁਣਾਈ ।
ਸੁਣ ਦਾਈ ! ਤੂੰ ਕੇ ਲੈ ਆਈ ? ਹੀਰੇ ਤੀਊੜੀ ਪਾਈ ।
ਆਪਣੇ ਸੱਭਾ ਹੋਏ ਪਰਾਏ, ਹੋਇ ਰਾਖੀ, ਮਿਹਰ ਨਾ ਆਈ ।
ਖਾਂਦੇ ਮਰੂਨੇਂ, ਚੂਰੀ ਤੇ ਪਾਣੀ, ਅਸਾਂ ਕੇ ਅਸ਼ਨਾਈ ।
ਆਖ ਦਮੋਦਰ ਨਹੀਂ ਅਸਾਡਾ, ਨਾ ਕੋ ਬਾਪ ਨਾ ਮਾਈ । (498)

ਅੱਧੀ ਚੂਰੀ ਦਾਈ ਖਾਧੀ, ਅੱਧੀ ਧਰੀ ਉਬਾਈਂ ।
ਲੈ ਆਈ ਚੂਰੀ ਧੀਦੋ ਪੈ, ਦਿੱਤੀ ਹੱਥ ਤਿਵਾਈਂ ।

ਅੱਧੀ ਲੈ ਖਾਧੀ ਸਲੇਟੀ, ਅੱਧੀ ਤੇਰੇ ਤਾਈਂ ।
ਆਖ ਦਮੋਦਰ ਉਠ ਰੰਝੇਟ ਦੇਹੱਥੜ ਲਈ ਤੁਦਾਹੀਂ । (499)

ਤਾਂ ਧੀਦੋ ਹੱਥ ਚੂਰੀ ਲੀਤੀ, ਰੱਖੀ ਖਾਵਣ ਤਾਈਂ ।
ਘਿੰਨ ਨਿਵਾਲਾ ਪਹਿਲਾ ਰਾਂਝੇ, ਰੱਖੀ ਫੇਰ ਤਿਵਾਈਂ ।
ਬੋਲ ਖਿਲਾਫ਼ ਭੰਨਿਾਇਓਈ ਰੋਜ਼ਾ, ਲਾਅਨਤ ਤੇਰੇ ਤਾਈਂ ।
ਆਖ ਨੀ ਦਾਈ ! ਕੂੜ ਅਲਾਇਓ ਵਿਚ ਮੁਸ਼ਕ ਸਲੇਟੀ ਦਾ ਨਾਹੀਂ । (500)

ਕਰ ਦਗ਼ਾ ਦਾਈ ਇਹ ਕੀਤਾ, ਲੈ ਹੀਰੇ ਥੇ ਆਈ ।
ਹੀਆ ਅੱਧੀ ਤੈਨੂੰ ਦਿੱਤੀ, ਰਾਂਝੇ, ਅੱਧੀ ਆਪ ਮੂੰਹ ਪਾਈ ।
ਕਰ ਨਾਂਇ ਸਾਈਂ ਦਾ ਹੀਰੇ ਲੀਤੀ, ਭੁੱਖੀ ਓੜਕ ਦੀ ਆਹੀ ।
ਆਖ ਦਮੋਦਰ ਖਾਵਣ ਬੈਠੀ, ਸੱਚ ਦੂਰਕ ਦੀ ਜਾਈ । (501)

'ਲਾਅਨਤ ਤੇਰੇ ਤਾਈਂ ਦਾਈ' ! ਹੀਰ ਗੁੱਸਾ ਗ਼ਮ ਖਾਵੇ ।
ਚੂਰੀ ਲੈ ਲੀਤੀ ਹੱਥ ਹੀਰੇ, ਲੜਦੀ ਭਉਹਾਂ ਚੜ੍ਹਾਵੇ ।
ਆਖੇ ਤਾਂ ਮਿਰ ਭੰਨਾ ਛੰਨਾ, ਰੋਜ਼ਾ ਜਾਣ ਭਨਾਵੇਂ ।
ਤੂੰ ਤਾਂ ਵਿਚੋਂ ਰੱਖੇ ਆਪੇ, ਨਾ ਮੁਸ਼ਕ ਰੰਝੇਟੇ ਦਾ ਆਵੇ । (502)

ਤਾਂ ਦਾਈ ਖਾਧੀ ਚੂਰੀ ਭਾਈ, ਫੇਰ ਬੁਲੇਂਦੀ ਨਾਹੀਂ ।
ਰਹੇ ਰਾਤ, ਜਿਹੁ ਹੋਇਆ ਲੌਕਾ, ਚੱਲੇ ਸੰਝ ਸਬਾਹੀਂ ।
ਪਰ ਟੰਮਕ ਮਿਰ ਧੀਦੇ ਦਿੱਤਾ, ਚੱਲੇ ਮਜ਼ਲ ਫਿਰ ਰਾਹੀਂ ।
ਆਖੋ ਯਾਰ ਕਰੀਹਾਂ ਮਸਲਤ, ਚਾਕ ਮਾਰਨ ਦੇ ਤਾਈਂ । (503)

ਮੀਆਂ ਰਾਂਝੇ ਖੜ੍ਹਿਆਂ ਡਿੱਠਾ, 'ਹੀਰ' ਖੇੜੇ ਲੈ ਚੱਲੇ ।
ਨੰਗੇ ਪਿੰਡੇ ਚੋਟਾਂ ਪਈਆਂ, ਨੈਣ ਨਾ ਰਹਿੰਦੇ ਠੱਲ੍ਹੇ ।
ਕਿੱਦੋਂ ਕੱਢਾਂ ਤਖ਼ਤ ਹਜ਼ਾਰਾ, ਸਾਮ ਖੇੜਿਆਂ ਦੀ ਝੱਲੇ ।
ਕੈਨੂੰ ਆਖਾਂ ਅੰਦਰ ਸੰਦੀ, ਦੁੱਖਾਂ ਸੀਨੇ ਮੱਲੇ । (504)

ਸੁਣ ਵੇ ਖੇੜਾ ! ਕਦੀਮੀ ਭੈੜਾ, ਕਿਉਂ ਤੂੰ ਹੱਥ ਦਾ ਤੁੱਟਾ ।
ਰਾਂਝਾ ਮੈਂਡਾ ਗੰਢ ਗੰਢੇਂਦਾ, ਨਉਲਖੇ ਹਾਰ ਦਾ ਲੜਤੁੱਟਾ ।
ਕੇ ਤੈਂਡੇ ਹੱਥ ਆਵੇ ? ਨਾਹੀਂ ਤੂੰ ਤੇੜਾ ਹੂ ਮੁੱਠਾ ।
ਆਖ ਦਮੋਦਰ ਵਡੇ ਹੱਥੋਂ, ਤੂੰ ਸੱਚ ਅਸਾਡਾ ਕੁੱਠਾ । (505)

ਮਿਲ ਮਿਲ ਮਾਰਨ ਰਾਂਝੇ ਤਾਈਂ, ਦਾਖਲ ਸਜ਼ਾਇ ਕਰੇਂਦੇ ।
ਰੱਤ ਵਿਰੱਤੀ ਪਿੰਡਾ ਹੋਇਆ, ਤਰਸ ਨਾ ਮੂਲ ਕਰੇਂਦੇ ।
ਜਿਹੜਾ ਆਵੇ ਸਸੇ ਸਾਹਾ ਦੇਦ ਕਰੀਟ ਵਰੇਂਦੇ ।
ਆਖ ਦਮੋਦਰ ਵੱਜ ਗਲੀਆਂ, ਸਭ ਅਰਮਾਨ ਚੁਕੇਂਦੇ । (506)

ਸੁਣਹੋ ਯਾਰੋ ! ਨਾਮ ਸਾਈਂ ਦੇ, ਕਿਉਂ ਮੈਨੂੰ ਹਰਾਮ ਮਰੇਂਦੇ ?
ਲੈ ਸ਼ਮਸ਼ੇਰ, ਗਰਦਨ ਤੇ ਗਾਟਾ ਨੀਹੇਂ ਧੋਣ ਕਪੇਂਦੇ ?
ਮੰਦਾ ਹਾਲ, ਨਾ ਤਰਸ ਤੁਸਾਨੂੰ, ਫਿਰ ਫਿਰ ਮੈਂ ਸੰਭਲੇਂਦੇ ।
ਯਾਰੋ ਡਰੀਏ ਗਜ਼ਬ ਸਾਈਂ ਦੇ ਕੋਲੋਂ, ਅਸਾਂ ਅਜ਼ਾਰ ਕਰੇਂਦੇ । (507)

ਸਾਊਆਂ ਮਿਲ ਕਰ ਮਤਾ ਪਕਾਇਆ, ਕਿਹੜੀ ਤਰਾਂ ਮਰੀਹਾਂ ।
ਲੈ ਸ਼ਮਸ਼ੀਰ ਕਟੀਹਾਂ ਗਰਦਨ, ਗਲੋਂ ਕਲੰਕ ਚੁਕੀਹਾਂ ।
ਨਾਲ ਖ਼ੁਆਰੀ, ਆਲਮ ਸਾਰੀ, ਮਲਾਮਤ ਦੂਰ ਕਰੀਹਾਂ ।
ਅੱਖੀ ਸੜਨ, ਜਾਂ ਨਦਰੀ ਆਵੈ, ਮਾਰਹੁ ਨਈਂ ਸਟੀਹਾਂ । (508)

ਆਦਿਤ ਖਾਨ ਨਾ ਭਾਣੀ ਮਸਲਤ, ਇਹ ਨ ਕੰਮ ਕਰੀਹਾਂ ।
ਚਾਕ ਚੂਚਕ ਦੇ ਨਾਲੇ ਵੈਂਦੇ, ਏਂਵ ਨਾ ਏਸ ਮਰੀਹਾਂ ।
ਇਸ ਬਿਧ ਲੱਜਾ ਰਹਿੰਦੀ ਨਾਹੀਂ, ਜੋ ਸਿਰ ਤੇ ਬਦੀ ਚੜੀਹਾਂ ।
ਮੱਝੀਂ ਦੇਇ ਪਾਈਏ ਵਿੱਚ ਨੈਂਦੇ, ਇਸ ਨੂੰ ਬੇੜ ਮਰੀਹਾਂ । (509)

ਬੇੜੀ ਆਇ ਚੜ੍ਹੇ ਸਭ ਸਾਊ, ਦਿਲ ਗੁੱਸਾ ਸਭ ਮਾਹੀਂ ।[22]
ਪਾਈਏ ਨੈਂ ਵਿੱਚ, ਢਿੱਲ ਨ ਬਣਦੀ, ਜ਼੍ਹਾਂ ਬੇੜੀ ਵਿਚ ਨਾਹੀਂ ।
ਧੱਕ ਚਲਾਇਆ, ਸਭਨਾ ਭਾਇਆ, ਵਹਿਲਾ ਮਰੇ ਕਿਵਾਹੀਂ ।
ਆਖ ਦਮੋਦਰ ਨਾਲ ਅਸਾਡੇ ਜੀਂਵਦਾ ਬਣਦਾ ਨਾਹੀਂ । (510)

ਸੁਣ ਕਰ ਅਰਜ਼, ਸੁਣਾਈ ਧੀਦੋ, 'ਮਹੀਂ' ਹਰਾਮ ਮਰੇਂਦੇ ।
ਜੇ ਕਾਦਰ ਤੁਸੀਂ, ਕੁਖਧਤੀ ਮੈਂਡੀ, ਨੀਹੇਂ ਸੀਸ ਲਹੇਂਦੇ ।
ਭੇਨੇ ਭੰਨੇ ਵੈਰ ਨ ਲੈਂਦੇ ? ਕੇਹੀ ਤਰ੍ਹਾਂ ਕਰੇਂਦੇ ।
ਸਰਪਰ ਦਾਵਣਸੀਰ ਤੁਸਾਂਹੇ, ਜੇ ਨੀਹੇ ਚੋਟ ਕਰੇਂਦੇ । (511)

ਤਾਂ ਮਾਰ ਤਮਾਚੇ, ਹੁਕਮੀਂ ਢੋਇਆ, ਏਂਵ ਸੁ ਚਲਦਾ ਨਾਹੀਂ ।
ਪਹਿਲਾਂ ਪਉ ਤੂੰ ਵਿੱਚ ਨਈਂ ਦੇ ਧੁੱਪ ਚੜ੍ਹਦੀ ਰਾਹ ਅਸਾਂਹੀ ।
ਮੇਹੀਂ ਚਾਕਾ ਢੋਇ ਨਈਂ ਵਿੱਚ ਹਾਲ ਸੁਣਾਇਓ ਤਾਂਹੀ ।
ਆਖ ਦਮੋਦਰ ਰੋਇ ਰੋਇ ਰਾਂਝੇ, ਸੌਰਿਆ ਪੀਰਾਂ ਤਾਂਈਂ । (512)

ਮੈਂ ਆਪ ਨ ਲੀਤੀ, ਤੁਸਾਂ ਆਪੇ ਦਿੱਤੀ, ਕੇਹਾ ਕਹਰ ਕੀਤੋਹੇ ।
ਕੋਠੇ ਉੱਤੇ ਚਾੜ੍ਹ ਕਰੀਹਾਂ, ਪੌੜੀ ਲਾਲ ਘਿਧੀਓਹੇ ।
ਦੁਖ ਕਰ ਧੀਦੋ ਰੋਇਆ ਭਾਈ, ਪੰਜੇ ਆਦਿ ਖਲੋਤੇ ।
ਆਖ ਦਮੋਦਰ ਢਿੱਲ ਨ ਬਣਦੀ, ਜੇ ਪੰਜੇ ਹਾਜ਼ਰ ਹੋਏ । (513)

---

[22]ਗ.ਸਿੰ. ਬੇ ਤੇ ਡਾ. ਪ. ਸਿੰ., ਸਭਨਾਹੀਂ ।

ਕਿਉਂ ਰੁੰਨੇਂ ? ਦੁਖ ਧੀਦੋ ਰਾਂਝਾ । ਪੀਰਾਂ ਆਖ ਸੁਣਾਇਆ ।
ਆਪੇ ਅਸਾਂ ਸਜ਼ਾਇ ਦਿਵਾਈ, ਪਹੁਤਾ ਦੁੱਖ ਸਵਾਇਆ ।
ਨਾ ਰੋਸ਼ਨ ਹੋਂਦਾ ਇਤਨੇ ਬਾਝੋਂ, ਆਪ ਸਜ਼ਾਇ ਦਵਾਇਆ ।
ਆਖਣ ਪੀਰ ਪਉ ਵਿਚ ਨਦੀਂ ਦੇ, ਅਸਾਂ ਨਾਲੇ ਬੇੜਾ ਚਾਇਆ । (514)

ਮੱਝੀ ਪਾਈਆਂ, ਕੱਪਰ ਚਾਈਆਂ, ਰੰਝੇ ਹਾਕ ਚਲਾਈਆਂ ।
ਧੀਦੋ ਰਾਂਝੇ ਤੇ ਹੀਰ ਸਿਆਲੀ, ਨੈਂ ਵਿਚ, ਅੱਖੀਂ ਲਾਈਆਂ ।
ਰੋਵਣ ਦੁੱਖ ਪੁਰਾਣੇ ਆਪਣੇ, ਦੁੱਖ ਕਰ ਕੱਢਣ ਆਹੀਆਂ ।
ਆਖ ਦਮੋਦਰ ਧੀਦੋ ਤਾਈਂ, ਫਿਰ ਕਰ ਹੀਰ ਸੁਣਾਈਆਂ । (515)

ਘਿੰਨ ਬੰਬੀਹਾ ਰਾਂਝੇ ਵਾਹਿਆ, ਕੇਹੀ ਸਰੋਦ ਵਜਾਈ ।
ਕਛੂ, ਮਛ, ਕਲੁੱਹੋੜਾ, ਕੁੰਮਾਂ, ਜਲ ਵਿਚ ਝਾਤੀ ਪਾਈ ।
ਕਿਰ ਪਏ ਵੰਝ ਮਲਾਹਾਂ ਹੱਥੋਂ, ਤਨ ਦੀ ਖ਼ਬਰ ਨਾ ਕਾਈ ।
ਘੋੜੇ ਜਾਂਞੀ ਨੂੰ ਹੋਈ ਮਸਤੀ, ਬੇੜੀ ਲੰਮੇ ਆਈ ।
ਆਖ ਦਮੋਦਰ ਨਾਲ ਦੁਪਹਿਰੇ ਬੇੜੀ ਬੰਨੇ ਲਾਈ । (516)

### ਹੀਰ ਦਾ ਰੰਗਪੁਰ ਪੁੱਜਣਾ

ਆਪੋ ਆਪਣੇ ਜਾਞੀ ਹੋਏ, ਸਲੇਟੀ ਬਾਗ ਬਹਾਈ ।
ਖਬਰੀਂ ਖੇੜਿਆਂ ਦੇ ਘਰ ਗਈਆਂ, ਹੋਈ ਜੱਗ ਵਧਾਈ ।
ਸੱਸ, ਸ਼ਰੀਕਣੀਆਂ, ਸਭ ਮਿਲੀਆਂ ਮਿਲੀ ਨਣਦਾਂ[1] ਭਰਜਾਈ ।
ਆਖੋ ਧਾਰੋ ਸਭ ਸਵਾਣੀ, ਰੀਤ ਕਰਣ ਨੂੰ ਆਈ । (517)

ਤਾਂ ਸੱਸ ਝਾਤ ਕਰੇਂਦੀ ਹੀਰੇ, ਮੱਥੇ ਮੱਥਾ ਲਾਇਆ ।
ਝਾਵਰ ਝੱਲ ਨ ਸੰਘੀ ਸੱਸੂ, ਮੂੰਹੋਂ ਨ ਬੋਲ ਅਲਾਇਆ ।
ਸਿਫ਼ਤ ਕਰੇਂਦਹ ਸੱਸ ਸਿਆਲੀ, ਦਿੱਸੇ ਰੂਪ ਸਵਾਇਆ ।
ਆਖ ਦਮੋਦਰ ਸੱਸ ਵਿਕਾਣੀ, ਜਾਂ ਹੀਰੇ ਮੂੰਹ ਵਿਖਾਇਆ । (518)

ਲੈ ਹੱਥ ਚੂਰੀ, ਘਤਿ ਨਿਵਾਲਾ, ਹੀਰੇ ਦੇ ਮੂੰਹ ਦੇਂਦੀ ।
ਸਾਈਂ ਦਾ ਨਾਉਂ, ਖਾਇ ਸਿਆਲੀ, ਮੈਂ ਤੈਂਡਾ ਸ਼ਗਨ ਮਨੈਂਦੀ ।
ਸਦਕੇ ਕੀਤੀ ਖਾਇ ਖ਼ੁਸ਼ੀ ਕਰ, ਮੈਂ ਆਪਣੀ ਇੱਛ ਪੁਜੈਂਦੀ ।
ਵੇਖ ਵੈਰਾਗ ਲੱਥਾ ਨਹੀਂ ਮੈਂਡਾ, ਮੈਂ ਸਦਕੇ ਤੈਥੋਂ ਵੈਂਦੀ । (519)

### ਹੀਰ

ਸੁਣ ਨੀ ਰੰਨੇ ! ਤੁਧ ਕੇ ਕਰਿ ਜਾਤਾ, ਤੂੰ ਚੂਰੀ ਕਿਸ ਖਵੈਂਦੀ ?
ਅੱਸਾਂ ਲੌਂਗ ਸਮਾਵੇ ਨਾਹੀਂ, ਤੂੰ ਕਿਸ ਨੂੰ ਅੰਨ ਵਿਖੈਂਦੀ ।

---

[1]ਗ਼. ਜਿੰ. ਥੇ., ਨਿਣਾਨ੍ਹਾਂ ਤੇ ਭਰਜਾਈ ।

ਖਾਣਾ ਸਾਨੂੰ ਖਾਣ ਨਾ ਆਵੇ, ਕਿਉਂ ਤੂੰ ਧੁੰਮ ਪਵੇਂਦੀ।
ਆਖ ਦਮੋਦਰ ਕਿਉਂ ਨੀਮੂ ਖਾਂਦੀ ? ਜੇ ਰਾਂਝਨ ਕੋਲ ਬਹੇਂਦੀ। (520)

ਤਾਂ ਸੁਣ ਕਾਵੜ ਕੀਤੀ ਮਹਿਰੀ, ਅਗੋਂ ਦਾਈ ਗੱਲ ਵਲਾਈ।
ਰਾਤੀਂ ਚੂਰੀ ਸਭਨਾਂ ਦਿੱਤੀ, ਚਾਕੇ ਨਾ ਮਿਲੀਆਈ।
ਓਹਾ ਗੱਲ ਹੁਣ ਕਰੇ ਸਲੇਟੀ, ਹੋਸਸੁ ਗੱਲ ਰਿਤ ਆਈ।
ਆਖ ਦਮੋਦਰ ਮਹਿਰੀ ਅੱਗੋ, ਦਾਈ ਗੱਲ ਵਲਾਈ। (521)

ਤਦਹੂੰ ਨਿਵਾਲੇ ਦੂਜੇ ਭਾਈ, ਹੱਭਾ ਖਰੀ ਹਰੇਂਦੀ।
ਕੈਨੂੰ ਦੇਨੀਏਂ ਰੰਨੇ ਚੂਰੀ ! ਕਿਸਨੂੰ ਤੂੰ ਖਵਲੈਂਦੀ।
ਖਾਧਾ ਜਾਂ ਜਾਂ ਹਾਸੇ ਖੇਲੇ, ਹੁਣ ਰੋਜ਼ੇ ਅਸਾਂ ਭਨੇਂਦੀ।
ਆਖ ਦਮੋਦਰ ਜੇ ਰਾਂਝਾ ਨਾਲ ਬਹਾਨੇ, ਮੈਂ ਤੈਨੂੰ ਸਭ ਸਮਝੈਂਦੀ। (522)

ਲੱਸੀ ਮੁੰਦਰੀ ਖੇਡਣ ਆਈਆਂ, ਸਭ ਖੇੜਿਆਂ ਦੀਆਂ ਰੰਨਾਂ।
ਹਿੱਕੇ ਤਾਂ ਖੇਡੇ ਧੀਦੋ ਰਾਂਝਾ, ਨਹੀਂ ਦੇਂਦ ਖੇੜੇ ਦੇ ਭੰਨਾਂ।
ਮਿਲ ਕਰ ਸਹੀਆਂ ਦੇਹੋ ਮੁਬਾਰਖ, ਹੀਰੇ ਰਾਂਝੇ ਵੰਨਾਂ।
ਆਖ ਦਮੋਦਰ ਕਹਿਣ ਖੇੜਿਆਂ ਦੀਆਂ, ਹੀਰ ਨ ਕਰੇ ਅਮੰਨਾ। (523)

ਤਾਂ ਤਾਂ ਧੱਪ ਪਈ ਬਹਤੇਰੀ, ਚੌ ਚੌ ਖ਼ਲਕ ਕਰੇਂਦੀ।
ਉੱਠ ਖਲੌਤੀ ਮਹਿਰੀ ਆਪੇ, ਨਾਹੀਂ ਗੀਤ ਕਰੇਂਦੀ।
ਭੱਠ ਇਜੇਹੀ ਸੂਰਤ ਸੁਹਣੀ, ਮੂੰਹੋਂ ਬੁਰਾ ਅਲੇਂਦੀ।
ਪੱਲੂ ਛੋਡ, ਉਠੀ ਮਹਿਰੇਟੀ, ਕੰਮੋਂ ਕਾਜੋਂ ਵੈਂਦੀ। (524)

**ਹੀਰ ਦੀ ਸੱਸ ਆਪਣੇ ਪਤੀ ਅਲੀ ਨੂੰ ਕਹਿੰਦੀ ਹੈ**

ਬੱਚੇ ਮੁਇਆ। ਸਾਕ ਕੇ ਕੀਤੋ ! ਇਸ ਨੂੰ ਮੂਲ ਨ ਜਾਣੇ ?
ਸ਼ੀਂਹ, ਬਿਰਛਾ, ਕੋਇ ਨਾ ਬਣਦਾ, ਡਰਦੇ ਇਸ ਜਰਵਾਣੇ।
ਮਾਰ ਤਸੱਲਾ ਹਾਲ ਕੀਤੋਈ, ਡਰਦੇ ਜਮ ਜਰਵਾਣੇ।
ਆਖ ਦਮੋਦਰ ਸਭ ਕੋ ਡਰਦਾ, ਕੇ ਤੁਧ ਆਖ ਵਖਾਣੇ। (525)

ਸੁਣ ਕੇ ਅਲੀ ਨੇ ਗੁੱਸਾ ਕੀਤਾ, ਇਹੋ ਚਾਕ ਮਰਾਈਏ।
ਮਾਰ ਧਹਾਇ ਸਟੋ ਵਿਚ ਨੈਂ ਦੇ, ਗਲੋਂ ਕਲੰਕ ਚੁਕਾਈਏ।
ਸੱਦ ਭਿਰਾਉ ਸੁਣਾਏ ਅੱਲੀ, ਏਹੋ ਮਤਾ ਪਕਾਈਏ।
ਆਖ ਦਮੋਦਰ ਈਵੇਂ ਬਣਦੀ, ਅੱਜ ਰਾਂਝੇ ਜੋਗ ਮਰਾਈਏ। (526)

ਸੁਣ ਕਰ ਖ਼ਾਨਾ ਗਰਮੀ ਕੀਤੀ, ਕਾਰਨ ਤੜ ਫ਼ਰਮਾਇਆ।
ਵੇਖ ਡੁਮੇਟੀ ਗਈ ਮਾਉਂ ਥੇ, ਸਭ ਕਿਛ ਆਖ ਸੁਣਾਇਆ।
ਸੁਣ ਧੀਦੋ ਭਉ ਕੀਤਾ ਜਿੰਦ ਦਾ, ਚੱਲਣ ਤੇ ਚਿਤ ਚਾਇਆ।

ਦਿੱਤੋ ਧ੍ਰੱਕ ਨਾਲੇ ਹੀ ਮੱਝੀ, ਰਾਤੀਂ ਨੈਂ ਤਰਵਾਇਆ ।
ਆਖ ਦਮੋਦਰ ਜਾਂ ਪਹੁ ਫੁੱਟੀ, ਤਾਂ ਪਾਰ ਕੱਧੀ ਤੇ ਆਇਆ । (527)

ਖੋਜ ਅਗੋਲ ਸਿਞਾਤੇ ਡੋਲੀ ਦੇ, ਤਾਂ ਦੁਖ ਉਛਲ ਆਇਆ ।
ਮੁੱਠਾਂ ਵਿਚ ਉਡਾਏ ਮਿੱਟੀ, ਅਪਦਾ ਰਾੜ ਮਿਟਾਇਆ ।
ਕਾਵੜ ਕਰੇ ਬੇਖੀਰੇ ਉੱਤੇ, ਸੁੱਕੇ ਸਬਜ਼ ਕਰਾਇਆ ।
ਆਖ ਦਮੋਦਰ ਸੁਣ ਵੰਝਲੀ ਨੂੰ, ਕੇਤਾ ਤ੍ਰਿੰਞਣ ਆਇਆ । (528)

## ਕਿਸੇ ਪਿੰਡ ਦੀਆਂ ਕੁੜੀਆਂ ਤੇ ਰਾਂਝਾ

ਕੁੜੀਆਂ ਪੁੱਛਣ ਸੁਣ ਪ੍ਰਦੇਸੀ ! ਕੈ ਕੋਈ ਸੁਣ ਪਾਇਆ ?
ਕੋਈ ਮੁਆ, ਕਿ ਮੰਹੂ ਖੜਿਆ, ਕੇ ਤੁਧ ਮਾਲ ਲੁਟਾਇਆ ?
ਹਾਲ ਇਜੇਹਾ, ਕਿਤ ਨੂੰ ਕੀਤੋ ? ਕੁੜੀਆਂ ਏਂਵ ਪੁਛਾਇਆ ।
ਆਖ ਦਮੋਦਰ ਦੇਖ ਤਮਾਸ਼ਾ, ਦੁਖ ਰੰਝੇਟੇ ਨੂੰ ਆਇਆ । (529)

## ਰਾਂਝਾ

ਕੇ ਪੁਛਸੋ ਬਖ਼ਤੋਂ ਤੱਤੇ ਨੂੰ, ਅੱਜ ਮੈਂ ਤਾਂ ਖੇਪ ਮਰਾਈ ।
ਬੇਮੁਣਿਆਦਾ ਹਾਲ ਨ ਕੋਈ, ਮੈਨੂੰ ਲੂਹ ਨਾ ਕਾਈ ।
ਜੁੱਸਾ ਤਪ ਰਹਿਆ ਆਤਸ਼ ਬਿਨ, ਹੁਣ ਮਰ ਵੇਂਦਾ ਹਾਂ ਇਤ ਜਾਈ ।
ਆਖ ਦਮੋਦਰ ਮੈਨੂੰ ਕੁੱਲ ਹਨੇਰਾ, ਤੁੱਸਾ ਨੂੰ ਰੁਸ਼ਨਾਈ । (530)

ਤਾਂ ਇਕ ਡੁਮੇਟੀ ਸਹੀ ਸਿਞਾਤਾ, ਤਾਂ ਉਸ ਗੱਲ ਸੁਣਾਈ ।
ਕੱਲ੍ਹ ਕੁਪਹਿਰੀਂ ਸ਼ਦੀਆਨੇ ਵੱਜੇ, ਜਦ ਜੰਞ ਖੇੜਿਆਂ ਦੀ ਆਈ ।
ਕੁਲ ਡੁਮਾਇਣ ਹੋਈ ਇਕੱਠੀ, ਵਧਾਈ ਮੰਗਣ ਕਉ ਧਾਈ ।
ਅਖੀਂ ਡਿੱਠਾ ਆਹੇ ਅਸਾਂ, ਸਿਰ ਟਮਕ ਵੇਂਦੇ ਚਾਈ । (531)

ਸਹੀ ਸਿਞਾਤਾ ਰਾਂਝਾ ਕੁੜੀਆਂ, ਆਖੇਂ ਤਾਂ ਅਰਜ਼ ਕਰੀਹਾਂ ।
ਓਹੋ ਜੇਹੀਆਂ ਜਾਈਂ ਏਥੇ, ਬੇਲੇ ਗੰਇਲ ਕਰੀਹਾਂ ।
ਤੂੰ ਉਹੋ ਰਾਂਝਾ, ਤੇ ਅਸੀਂ ਓਹ ਕੁੜੀਆਂ, ਨਉਤਨ ਇਸ਼ਕ ਲਈਹਾਂ ।
ਆਖ ਦਮੋਦਰ ਜੇ ਹੋਵੇਂ ਰਾਜ਼ੀ, ਤਾਂ ਉੱਦਮ ਇਹ ਕਰੀਹਾਂ । (532)

ਜੇ ਕੋਈ ਜੀਵੇ ਜਿੰਦ ਦੇ ਬਾਝੋਂ, ਤਾਂ ਮੈਂ ਮੁਇਆਂ ਜੀਵਾਈਂ ।
ਕਿੱਥੇ ਰਹਿਣ ਅਸਾਡਾ ਥੀਵੇ, ਜਾਨ ਅਸਾਂ ਵਿਚ ਨਾਹੀਂ ।
ਫਿਰਦਾ ਰੂਹ, ਹੀਰ ਦੇ ਪਿੱਛੇ, ਕੋ ਬਿਧ ਜਾਣੈ ਨਾਹੀਂ ।
ਜੇ ਕੋਈ ਜੀਵੇ ਜਿੰਦ ਦੇ ਬਾਝੋਂ, ਤਾਂ ਹੀਰੇ ਬਾਝ ਜੀਵਾਈਂ । (533)

ਤਾਂ ਜੁਲਿਆ ਚਾਕ ਅੱਗੇ ਪਰ ਮੱਝੀਂ, ਚੱਲਣ ਚਿੱਤ ਉਠਾਇਆ ।
ਬੇਲੇ ਆਇ ਵੜਿਆ ਫਿਰ ਤਿੱਥੇ, ਜਿੱਥੇ ਨਾਲ ਮੰਹੂ ਦੇ ਆਇਆ ।

ਚਿੱਤ ਉਦਾਸ ਕੀਤੁਸੁ ਬਹੁਤੇਰਾ, ਬਹੁ ਦੁੱਖ ਉੱਛਲ ਆਇਆ ।
ਆਖ ਦਮੋਦਰ ਜਿੱਥੇ ਜੱਲ੍ਹਰ, ਉਥੇ ਮੱਥਾ ਲਾਇਆ । (534)

ਜਾਹ ਸਿਞਾਣ, ਰੁੰਨਾ ਦੁੱਖੀ ਧੀਦੋ, ਸੱਥਰ ਧੂੰਆਂ ਭਾਈ ।
ਆਸਣ ਚੁੰਮ, ਵਿਤਿਆ ਜੱਲ੍ਹਰ ਤੇ ਵੰਝਲੀ ਦਰਦ ਵਗਾਈ ।
ਨਾਲ ਫ਼ਿਰਾਕ ਵਿਦੋਹ ਦੁੱਖਕਰ, ਬੰਬੀਹਾ ਦਰਦ ਦਗਾਈ ।
ਆਖ ਦਮੋਦਰ ਸੁਣਿਆਂ ਸਹੀਆਂ, ਸਭ ਉਤੇ ਵੇਲੇ ਆਈ । (535)

ਕਿਸੇ ਲੁੰਡੀ, ਕਿਸੇ ਚਾਦਰ, ਕਿਸੇ ਸਲਾਰੀਂ ਆਹੀਆਂ ।
ਗਈਆਨੇ ਸੁਧ ਸਰੀਰਹੁੰ ਹੈਰਤ, ਕੇਹੀ ਰਉਂਸੇ ਪਾਈਆਂ ।
ਵੱਡੇ ਵਿਦੋਹ, ਵਿਰਾਗ ਵਡੇਰੇ, ਹਿਕ ਪਲਕ ਨੂੰ ਆਈਆਂ ।
ਆਖ ਦਮੋਦਰ ਕਿੱਥੋਂ ਧੀਰਜ, ਗੋਪੀਆਂ ਕ੍ਰਿਸ਼ਨ ਬੁਲਾਈਆਂ । (536)

ਮਿਲੀਆਂ ਆਇ ਰੰਝੇਟੇ ਤਾਈਂ, ਬਹੁ ਵੈਰਾਗ ਵੰਡਾਇਆ ।
ਕੌਣ ਕਜ਼ੀਆ ਤੈਨੂੰ ਥੀਆ, ਜੋ ਚੱਲ ਅਗੋਹੇ ਆਇਆ ।
ਕੰਮੀਂ ਨਾਲ ਗਏ ਬਹੁਤੇਰੇ, ਕਹੀਂ ਨਾ ਆਪ ਵਿਖਾਇਆ ।
ਕੌਣ ਕਜ਼ੀਆ ਤੈਨੂੰ ਥੀਆ, ਹਾਲ ਅਜੇਹੇ ਆਇਆ ? (537)

ਰਾਂਝਾ

ਪਹਿਲੀ ਮੰਜ਼ਲ ਕੀਤੀ ਅਸਾਂ, ਸਿਰ ਫੜ ਟੋਮਕ ਚਾਇਆ ।
ਦੋਦੇ ਘਹੀਆਂ, ਸਿਰ ਮੈਂਡੇ ਤੇ, ਹਭਨਾ ਬਹੁੰ ਸਤਾਇਆ ।
ਅੱਧੇ ਰਾਹ ਅੱਧ ਮੁਰਦਾ ਹੋਇਆ, ਮੈਂ ਸਹਿਆ ਜੋ ਰੱਬ ਸਹਾਇਆ ।
ਸੁਣ ਹੰਸੀ ! ਜਾਂ ਪੱਤਣ ਪਹੁੰਤੇ, ਉਨ੍ਹਾਂ ਮਾਰਣ ਮਤਾ ਪਕਾਇਆ । (538)

ਮਾਰਣ ਮਤਾ ਪਕਾਇਆ ਖੇੜਿਆਂ, ਏਹਾ ਗੱਲ ਕੀਤਿਆਏ ।
ਨੈਂ ਵਿਚ ਘੱਤ ਬੁੜੀਹਾਂ ਇਸ ਨੂੰ, ਭੈੜੀ ਨੀਤ ਬਧੀਆਨੇ ।
ਆਖਿਆ ਮੈਂਡਾ ਮੰਨੇ ਨਾ ਕੋਈ, ਮਿਹਰ ਨਾ ਮਨ ਪਈਆਏ ।
ਵੱਸ ਨਾ ਮੈਂਡਾ ਚਲੇ ਹੰਸੀ ! ਕਰ ਥੱਕਾਂ ਬਹੁਤ ਬਹਾਨੇ । (539)

ਸਰਪਰ ਮੈਨੂੰ ਵਿਚ ਪਇਓਨੇ, ਹਭਨਾਂ ਏਹਾ ਭਾਈ ।
ਨਾ ਕੋ ਤੁਲਾ, ਨਾ ਪੱਤਣ, ਬੇੜੀ, ਕੰਧੀ ਨਜ਼ਰ ਨਾ ਆਈ ।
ਵੱਸ ਨ ਮੈਂਡਾ, ਸਰਪਰ ਪੌਣਾਂ, ਅਸਾਂ ਲੂਹ ਨਾ ਕਾਈ ।
ਮੱਝੀ ਘਿੰਨ ਵੜਿਆ ਵਿਚ ਨੈਂਦੇ, ਰੱਬ ਬੇੜੀ ਬੰਨੇ ਲਾਈ । (540)

ਧੂਣੀਂ ਬਹਾਇਆ ਦੇ ਕਰ ਮੱਝੀ, ਤਾਂ ਕੁੜੀਆਂ ਗੱਲ ਸੁਣਾਈ ।
ਮਾਰਣ ਮਤਾ ਪਕਾਇਆ, ਖੇੜਿਆਂ ਮੈਂ ਏਹਾ ਸੁਣ ਪਾਈ ।
ਦਿਤਮੁਸ ਧੱਕ ਵੜਿਆ ਵਿਚ ਨੈਂਦੇ, ਰਾਤ ਅਸਾਂ ਮੂੰਹ ਆਈ ।
ਆਖ ਦਮੋਦਰ ਇਹ ਮੈਂ ਸਿਰ ਵਰਤੀ, ਹੰਸੀ ! ਮੈਨੂੰ ਹੀਰੇ ਖ਼ਬਰ ਨਾ ਕਾਈ ।
(541)

ਹੱਸੀ ਆਖੇ ਸੁਣ ਮੀਆਂ ਰਾਂਝਾ ਭਲਾ ਭਇਆ ਤੂੰ ਆਇਆ ।
ਭੱਠ ਖੇੜੇ ਤੇ ਨਾਉਂ ਖੇੜਿਆਂ ਦਾ, ਤੁਹਿ ਆ ਦਰਸ ਦਿਚਾਇਆ ।
ਤੈਨੂੰ ਵੇਖ ਖੁਸ਼ੀ ਅਸੀਂ ਹੋਈਆ, ਥੀਆ ਰੰਗ ਸਵਾਇਆ ।
ਆਖ ਦਮੋਦਰ ਜ਼ਾਲ ਇਥਾਈਂ, ਰੱਬ ਤੈਨੂੰ ਆਣ ਪੁਚਾਇਆ । (542)

ਰਾਂਝਾ

ਸੁਣ ਹੱਸੀ ! ਮੈਂ ਕੀਕਰ ਜਾਲੀਂ, ਕੁੱਵਤ ਮੈਂ ਵਿਚ ਨਾਹੀਂ ।
ਜੇ ਕੋਈ ਜੀਵ ਜਿੰਦ ਦੇ ਬਾਝਹੁੰ, ਤਾਂ ਮੈਂ ਆਖ ਜੀਵਾਈਂ ।
ਰਗ ਰਗ ਰੋਮ ਹਜੂਮ ਹੀਰ ਦਾ, ਜ਼ਿਕਰ ਕਰੀਂ ਹਰ ਜਾਈ ।
ਹੱਭੋ ਕੁੜੀਆਂ ਤਾਰੇ ਦਿਸਹੁ, ਵਿਚ ਚੰਦ ਸਲੇਟੀ ਨਾਹੀਂ । (543)

ਸੁਣ ਰਾਂਝਾ, ਇਕ ਅਰਜ਼ ਅਸਾਡੀ, ਬੈਠ ਪਸਿੰਦ ਕਰੀਹਾਂ ।
ਓਹੋ ਬੇਲਾ, ਤੇ ਓਹੋ ਬੇੜੀ, ਅਸੀਂ ਗੋਇਲ ਬੈਠ ਕਰੀਹਾਂ ।
ਤੂੰ ਓਹੋ ਰਾਂਝਾ, ਅਸੀਂ ਓਹੋ ਕੁੜੀਆਂ ਨਉਤਨ ਇਸ਼ਕ ਲਈਹਾਂ ।
ਜੇ ਕੋਈ ਗੱਲ ਕਰੇ ਤੁਸਾਡੀ, ਤਾਂ ਅੱਖੀਂ ਚਾਇ ਕਢੀਹਾਂ ।
ਜਿਉਂ ਜਾਣੇ ਤਿਉਂ ਜਾਲ ਇਥਾਈ, ਪੱਲੂ ਗਲੇ ਕਈਹਾਂ । (544)

ਰਾਂਝਾ

ਰਹਿਣ ਅਸਾਡਾ ਨਾਹੀਂ ਹੱਸੀ ! ਬਾਝਹੁੰ ਹੀਰ ਸਿਆਲੀ ।
ਇਹ ਮੁਨਾਸਬ ਮੈਨੂੰ ਨਾਹੀਂ, ਬਹਿ ਚੂਚਕਾਣੇਂ ਜਾਲੀਂ ।
ਰਿਜ਼ਕ ਅਸਾਡਾ ਚਲਿਆ ਹਜ਼ਾਰੇ, ਕੁਦਰਤ ਕਾਦਰ ਵਾਲੀ ।
ਆਖ ਦਮੋਦਰ ਰਾਂਝਾ ਆਖੇ, ਫੰਗੇ ਹੀਰੇ ਬਾਝੋਂ ਖਾਲੀ । (545)

ਹੱਸੀ

ਜੇ ਤੂੰ ਉਠ ਚੱਲੇਂ ਮੀਆਂ ਰਾਂਝਾ, ਅਸੀਂ ਭੀ ਨਾਲ ਅਵਾਈਂ ।
ਜੀਉ ਅਸਾਡਾ ਕੱਢ ਤੈਂ ਲੀਤਾ, ਕੀਕਰ ਅਸੀਂ ਜੀਵਾਈਂ ।
ਇਸ ਜੀਵਣ ਤੋਂ ਮਰਣ ਚੰਗੇਰਾ, ਅੱਠੇ ਪਹਿਰ ਰਵਾਈਂ ।
ਆਖ ਦਮੋਦਰ ਰਹਿਣ ਅਸਾਡਾ, ਇੱਥੇ ਥੀਂਦਾ ਨਾਹੀਂ । (546)

ਮੰਦਾ ਹਾਲ ਸਿਞਾਤਾ ਰਾਂਝੇ, ਰਹਿਣ ਨਾ ਮੂਲ ਰਹਾਈਆਂ ।
ਕਿਤੀ ਕਰਾਂ ਨਸੀਹਤ ਇਨ੍ਹਾਂ, ਅਗੇ ਅਗੇਰੇ ਆਈਆਂ ।
ਰਹਿਸਾਂ ਸਹੀ ਰਜ਼ਾਇ ਤੁਸਾਡੀ, ਗੱਲਾਂ ਚਾਕ ਸੁਣਾਈਆਂ ।
ਆਖ ਦਮੋਦਰ ਕੀਕੁਣ ਹੋਵੇ, ਵਿੱਸਣ ਨਹੀਂ ਵਿਸਾਹੀਆਂ । (547)

ਹੱਸੀ

ਸੁਣ ਧੀਦੋ ! ਨਿਤ ਫਿਕਰ ਤੁਸਾਡਾ, ਹੋਵੈ ਅੱਜਾਂ ਤਾਈਂ ।
ਆਜ਼ਜ਼ ਅਸੀਂ ਦਰਦ ਦੁਖ ਭਰੀਆਂ, ਕੋ ਗੱਲ ਜਾਣੈ ਨਾਹੀਂ ।

ਹਿੱਕੇ ਤਾਂ ਲੈ ਚਲ ਨਾਲ ਅਸਾਨੋਂ, ਹਿੱਕੇ ਆਪੇ ਅਸੀਂ ਚਲਾਹੀਂ ।
ਧੀਦੋ ਜਾਣ ਸਹੀ ਸਚ ਤੂੰ, ਤਾਂ ਹਿੱਕੇ ਤੁਧਨੋਂ ਨੱਪ ਰਖਾਹੀਂ । (548)

ਕੀਤਾ ਰਹਿਣ ਰੰਝੇਟੇ ਬੋਲੇ, ਸਹੀਆਂ, ਮੰਨਣ ਨਾਹੀਂ ।
ਵਿਸਾਹ ਨ ਤੈਂਡਾ ਆਵੇ ਅਸਾਂ, ਮੂਲ ਪਤੀਜਾਂ ਨਾਹੀਂ ।
ਹੋਵੇ ਨਿਸ਼ਾਂ ਨਿਹਾਇਤ ਸਾਡੀ, ਜੇ ਕੁਝ ਤੁਧ ਖਵਾਈਂ ।
ਆਖ ਦਮੋਦਰ ਜੇ ਮੂੰਹ ਬੋਲੇਂ, ਤਾਂ ਖ਼ਾਤਰ ਜਮਾਂ ਅਸਾਹੀਂ । (549)

ਕੁੜੀਆਂ ਉੱਲਮ ਖਾਣ ਦਾ ਕੀਤਾ, ਖਾਣਾ ਸਹੀ ਸਦਾਇਆ ।
ਗਈਆਂ ਲੈਣ ਚੂਰੀ ਨੂੰ ਮਹੀਆ, ਧੀਦੋ ਡੱਕ ਬਹਾਇਆ ।
ਕੁੜੀਆਂ ਹੱਥ ਬੰਝੀਹਾ ਦਿੱਤਾ, ਤਾਂ ਧੀਦੋ ਰਾਗ ਉਠਾਇਆ ।
ਆਖ ਦਮੋਦਰ ਸਭ ਮੂਰਛਾ ਹੋਈਆਂ, ਤਾਂ ਜੁੱਤੀ ਚਾਕ ਸਿਧਾਇਆ । (550)

ਰਾਂਝਾ ਤਖ਼ਤ ਹਜ਼ਾਰੇ ਵਿਚ

ਪਹੁੱਤਾ ਜਾਇ ਹਜ਼ਾਰੇ ਰਾਂਝਾ, ਮਿਲਿਆ ਵੀਰਾਂ ਤਾਈਂ ।
ਮਿਲਿਆ ਆਇ ਪਿਕਾਇਣਪ ਰਾਂਝਾ, ਉਨ੍ਹਾਂ ਮੂੰਹ ਲਾਇਓ ਨਾਹੀਂ ।
ਪਛੋਤਾਉ ਲੱਗਾ ਧੀਦੋ ਨੂੰ, ਭੁੱਲਾ ਕੰਮ ਕਿ ਆਈਂ ।
ਆਖ ਦਮੋਦਰ ਚਿੱਤ ਉਦਾਸੀ, ਰਾਂਝਾ ਟਿੱਕੇ ਨਾਹੀਂ । (551)

ਤਾਂ ਤਾਹਰਿ ਨੂੰ ਹੱਸ ਅਲਾਇਆ, ਮੈਂ ਮਾਲ ਨਾ ਵੰਡਣ ਆਇਆ ।
ਬਾਰਾਂ ਵਰ੍ਹੇ ਫ਼ਕੀਰੀ ਕੀਤੀ, ਹੁਣ ਵਤਨ ਵੇਖਣ ਨੂੰ ਆਇਆ ।
ਆਇ ਨਾ ਮੰਗਿਆ ਕੁਝ ਤੁਸਾਥੋਂ, ਕੁਝ ਨਾ ਸੁਆਲ ਸੁਣਾਇਆ ।
ਆਖ ਦਮੋਦਰ ਕੇ ਤੈਂਡਾ ਵੈਂਦਾ, ਹੱਸ ਨਾ ਮੂੰਹੋਂ ਅਲਾਇਆ । (552)

ਤਾਂ ਤਾਹਰਿ ਬੋਲ ਜਵਾਬ ਜਿ ਦਿਤਾ, ਅੱਜਾਂ ਉਧੀ ਆਈ ।
ਵੰਞ ਸਿਆਲੇ ਵਾਇ ਖਟਾਈਆ ! ਕੇਟ ਬਧਸਈ ਭਾਈ ?
ਮੋਜਮ ਦੇ ਮੂੰਹ ਕਾਲਕ ਲਾਈਆ, ਚਾਕ ਸਦਾਇਓ ਭਾਈ ।
ਲਾਅਨਤ ਤੇਰੇ ਜੀਵੇ ਤਾਈਂ, ਮੁਇਓਂ ਨਾ ਉਤੇ ਜਾਈ । (553)

ਰਾਂਝਾ

ਮਹੀਂ ਫ਼ਕੀਰ, ਸੁ ਤਾਹਰਿ ਖ਼ਾਨਾ । ਦਾਅਵਾ ਕੋਈ ਨਾਹੀਂ ।
ਆਏ, ਵਤਨ, ਨਾਉਂ ਲੈ ਤੈਂਡਾ, ਇਹੁ ਨਤੀਜਾ ਪਾਈਂ ।
ਹੋਈ ਨਿਸ਼ਾ ਨਿਹਾਇਤ ਮੈਂਡੀ, ਕੋਈ ਕਿਸੇ ਦਾ ਨਾਹੀਂ ।
ਆਖ ਦਮੋਦਰ ਬੋਲਣ ਭਾਈਆਂ, ਮੂਲੇ ਭਾਣਾ ਨਾਹੀਂ । (554)

ਤਾਹਿਰ

ਕੇ ਬੁਲੀਹਾਂ, ਤੈਂ ਨਾਲ ਧੀਦੋ, ਗੁੱਝੀ ਰਹੀ ਨਾ ਕਾਈ ।
ਜਾਂ ਸੁਣੀਂਦਾ ਨਾਲ ਮਹੀਂ ਦੇ ਚਾਕ ਚੂਚਕ ਦਾ, ਭਾਈ ।

ਜਾਂ ਸੁਣੀਂਦਾ ਨਾਲ ਜੰਞਾਂ ਦੇ ਸਿਰ ਵੈਂਦਾ ਟੇਮਕ ਚਾਈ।
ਆਖ ਦਮੋਦਰ ਹਾਲ ਇਜੇਹਾ ਮਰਾਂ ਕਿ ਜੀਵਾਂ ਭਾਈ। (555)

ਤਾਂ ਭਰਜਾਈਆਂ ਪੁੱਛਣ ਆਈਆਂ ਰਾਂਝਾ ਦਸ ਅਸਾਂਹੀ।
ਗਲ ਵਿਚ ਪੱਲੂ ਦਸਤ ਪੈਰਾਂ ਤੇ, ਪੁਛਣ ਧੀਦੋ ਤਾਈਂ।
ਜੈਂਦੇ ਕਾਰਨ ਹੁੰਆਂ ਕਿਤੋਈ, ਕੇਹੀ ਦਸ ਅਸਾਹੀਂ।
ਆਖ ਦਮੋਦਰ ਉਠ ਚਲੀਏ ਏਥੋਂ, ਏਥੇ ਬੈਠਿਆਂ ਬਣਦੀ ਨਾਹੀਂ। (556)

### ਧੀਦੋ ਰਾਂਝਾ

ਕੇ ਆਖਾਂ ਕੇ ਤੁਸਾਂ ਸੁਣਾਈ, ਤੁਸਾਡਾ ਬੋਲਿਆ ਅਸਾਂ ਨਾ ਭਾਵੇ।
ਨਾ ਕਰਹੋ ਚਿਤ ਸਲੇਟੀ ਮੂਲੇ, ਮਰਨਾ ਮੈਨੂੰ ਆਵੇ।
ਡਰਦਾ ਹਾਹ ਨਾ ਕੱਢਾ ਮੂਲੇ, ਮਤਿ ਉਸ ਪਸਿੰਦ ਨ ਆਵੇ।
ਆਖ ਦਮੋਦਰ ਹੀਆ ਡਾਢਾ, ਜਿਸ ਵਿਚ ਹਾਹ ਸਮਾਵੇ। (557)

ਆਏ ਯਾਰ ਮਿਲੇ ਗਲ ਬਾਹੀਂ, ਜਣੇ ਜਣੇ ਨੂੰ ਭਾਈ।
ਬੰਨ੍ਹੀਂ ਛੱਨ ਤੇ ਘੱਤੇ ਸੱਥਰ, ਵਾੜ ਲਗਾਹੋ ਚਾਈ।
ਪਾਨੀ ਕੂਜੇ, ਤੇ ਦਇ ਚਿਲਮਾਂ ਇਹੁ ਬਸਾਤਿ ਰਖਾਈ।
ਸੁਣਹੋ ਯਾਰੋ ਏਹੁ ਹਕੀਕਤ, ਰਹਿਣ ਕੀਤੋਸੁ ਭਾਈ। (558)

ਦਾਰੇ ਬੈਠ ਮਿਲਿਆ ਸਭ ਕੋਈ, ਸਭਨਾ ਆਇਆ ਭਾਦੋ।
ਬੈਠ ਕਰਨ ਮਜਲਸ ਦਿਨ ਰਾਤੀਂ, ਦਾਰਾ ਬਹੁਤ ਹਿਤਾਣੇ।
ਬੁੱਕਲ ਮਾਰ ਬਹੇ ਦਿਨ ਰਾਤੀਂ, ਕੁਝ ਨ ਪੀਣਾ ਖਾਣੇ।
ਆਖ ਦਮੋਦਰ ਆਲਮ ਸਾਰੇ, ਧੀਦੋ ਆਇਆ ਭਾਦੋ। (559)

### ਯਾਕੂਬ ਵੜਾਇਚ ਨੇ ਧੀਦੋ ਦੇ ਵਿਆਹ ਲਈ ਆਉਣਾ

ਤਦੋਂ ਸੁਣਿਆ ਯਾਕੂਬ ਵੜਾਇਚ, ਪੁੱਤ੍ਰ ਮੌਜਮ ਦਾ ਆਇਆ।
ਮੇਲਾ ਸਭ ਇਕੱਠਾ ਹੋਇਆ, ਹਜ਼ਾਰੇ ਜੋਗ ਚਲਾਇਆ।
ਕੀਤਾ ਮਜਲ ਸਿਧਾਣੇ ਸਾਊ, ਚੱਲ ਹਜ਼ਾਰੇ ਆਇਆ।
ਮਿਲ ਕੇ ਮਜਲਸ ਤਾਹਰਿ ਜ਼ਾਹਰਿ ਬੈਠ ਪਸਿੰਦ ਕਰਾਇਆ। (560)

### ਯਾਕੂਬ

ਅਸਾਂ ਕੰਨੀਂ ਸੁਣਿਆਂ ਖ਼ਾਨਾਂ! ਵੀਰ ਤੁਸਾਡਾ ਆਇਆ।
ਇਸੇ ਵਾਰੀ ਸਹੀ ਸੱਚ ਮੌਜਮ, ਭਾਈ ਤ੍ਰੁੱਟ ਵਿਆਇਆ।
ਵੱਡਾ ਨਾਉ ਸੁ ਕੀਤੀ ਕੁਲ ਦਾ, ਜਾਂ ਉਸ ਚਾਕ ਸਦਾਯਾ।
ਸੁਣਹੋ ਸਾਊ! ਗਲ ਕਰਨ ਨੂੰ, ਸਭ ਮਹਾਜਨ ਆਇਆ। (561)

ਤਾਂ ਤਾਹਰਿ ਸੁਣ ਮੰਦੀ ਭਾਣੀ, ਜਾਂ ਉਸ ਈਂਵ ਸੁਣਾਇਆ ।
ਜੁੱਲੋ ਪੱਲਾ ਹਛਾ ਕਰੀਹਾਂ, ਮੁਦਈ ਹਜ਼ਾਰੇ ਆਇਆ ।
ਵੀਰ, ਵੜਾਇਚ, ਹੋਏ ਇਕੱਠੇ, ਮੇਲਾ ਦਾਰੇ ਆਇਆ ।
ਆਖ ਦਮੋਦਰ ਰਾਂਝੇ ਡਿੱਠਾ, ਦਿਲ ਵਿਚ ਭਲਾ ਨਾ ਭਾਇਆ । (562)

ਤਦੋਂ ਵੜਾਇਚ ਬੋਲ ਅਲਾਇਆ, ਆਖਿਉਸ ਧੀਦੋ ਤਾਈਂ ।
ਤੈਂਡੀ ਵਾਰੀ ਮੌਜਮ ਮੂਆ, ਗਲ ਕੱਧਿਓਸੂ ਨਾਹੀਂ ।
ਨਿਲਾਇਕ ਜਿਹੜੀਆਂ ਗੱਲਾਂ ਹੋਵਨ, ਸਾਈਂ ਕਰਹਿ ਤਿਵਾਈਂ ।
ਨਾ ਹੁੰਦੋਂ ਤੂੰ ਕਦੀ ਇਜੇਹਾ, ਜੋ ਕੱਢੇ ਨਾਉਂ ਭਿਰਾਈਂ । (563)

ਧੀਦੋ

ਸੁਣਿਹੋ ਭਾਈ ! ਤੁਸਾਂ ਕੇ ਦਿਲ ਵਿਚ, ਸਖਤ ਜ਼ੁਬਾਨ ਕਰੇਂਦੇ ।
ਆਪਣਾ ਮੁੱਦਾ ਕਹੋ ਅਸਾਨੂੰ, ਜੋ ਆਇ ਵਖਾਲੀ ਦੇਂਦੇ ।
ਬੇਤਕਸੀਰ ਅਲਾਇਓ ਮੰਦਾ, ਅਸੀਂ ਗੁਜ਼ਾਰ ਕਰੇਂਦੇ ।
ਆਖ ਦਮੋਦਰ ਆਪਣਾ ਮਤਲਬ ਕਿਉਂ ਨੀਹੇ ਜ਼ਾਹਿਰ ਕਰੇਂਦੇ । (564)

ਯਾਕੂਬ

ਅਸਾਂ ਤੁਧ ਨਾਲ ਕੰਮ ਨ ਕੋਈ, ਮੂੰਹ ਵੇਖਣ ਨੀਸੇ ਆਏ ।
ਆਪਣੀ ਗਰਜ਼ ਹਜ਼ਾਰਾ ਡਿੱਠਾ, ਮੌਜਮ ਅਸੀਂ ਵਹਾਏ ।
ਹਿਕੇ ਵਿਆਹ, ਹਿਕੇ ਲੜ ਹੱਛਾ, ਦੇਹੁ ਜਬਾਬ ਸੁਣਾਏ ।
ਆਖ ਦਮੋਦਰ ਜ਼ਿਆਰਤ ਤੈਂਡੀ ਅਸੀਂ ਨਹੀਂ ਸੁ ਆਏ । (565)

ਧੀਦੋ

ਜਾਹੁ, ਵਿਆਹੁ ਕਰੋ ਜਿਤ ਭਾਵੇ, ਮੈਂ ਦਾਵਾ ਕੋਈ ਨਾਹੀਂ ।
ਭੁਈ ਨਈਂ ਦੇ ਖਾਵੰਦ ਨੀਸੇ ਧੁਏਂ ਸੱਥਰ ਸਾਈਂ ।
ਫਿਰ ਫਿਰ ਆਇਕੇ ਜ਼ਿਆਰਤ ਦੇਹੋ, ਸਾਡੇ ਆਵਣ ਤਾਈਂ ।
ਆਖ ਦਮੋਦਰ ਅਸਾਂ ਤੁਸਾਂ ਨਾਲ ਦਾਵਾ ਕੋਈ ਨਾਹੀਂ । (566)

ਧਰ ਸ਼ਾਹਦ ਉਠ ਚੱਲੇ ਸਾਊ, ਥੀਏ ਉਦਾਸ ਤਿਵਾਈਂ ।
ਛਿੱਕੇ ਤੰਗ, ਤਿਆਰੀ ਕੀਤੀ, ਰਾਹੀ ਹੋਵਣ ਤਾਈਂ ।
ਤਾਹਰਿ ਵਾਗ ਆਣ ਹਥ ਪਾਇਆ, ਲੈ ਗਇਆ ਨੱਪ ਉਥਾਈਂ ।
ਆਖ ਦਮੋਦਰ ਉੱਦਮ ਕੀਤਾ, ਖਾਣੇ ਦਾਣੇ ਤਾਂਈਂ । (567)

ਟੁਕਰ ਖਾ ਕਰਿ ਚੜਿਓ ਭਾਈ ! ਤਾਹਰਿ ਜ਼ਾਹਰਿ ਆਏ ।
ਜੀਵਣ ਖ਼ਾਨ ਬਹਾਦਰ ਸੂਰਾ, ਗਲ ਵਿਚ ਪੱਲੂ ਪਾਏ ।
ਨੀਸੇ ਨੌਖ ਚਿਰੋਕੇ ਸੱਕੇ, ਵਾਣੂ ਵਾਂਗ ਉਣਿਆਏ ।
ਆਖ ਦਮੋਦਰ ਖ਼ਾਨਾਂ ਤਾਈ ਜੀਵਣ ਸੁਖਨ ਸੁਣਾਏ । (568)

ਗੱਲ ਅਸਾਡੀ ਸੁਣਿਹੋ ਖ਼ਾਨਾ, ਸੱਕੇ ਅਸੀਂ ਤੁਸਾਹੀਂ ।
ਅੱਗੇ ਸਾਕ ਬਹੁਤੇਰੇ ਹੋਏ, ਉਣੇ ਸੁ ਵਾਣ ਨਿਆਈਂ ।
ਖ਼ਾਨਾ ! ਤਾਹਰਿ ਦਾ ਬੇਟਾ ਇਹੋ, ਕਰਿਹੋ ਕੰਮ ਇਦਾਈ ।
ਆਖ ਦਮੋਦਰ ਖ਼ਾਨ ਜੀਵਣ ਆਖੇ, ਇਉਂ ਲਜ ਰਹਿੰਦੀ ਨਾਹੀਂ । (569)

ਸੁਣਿਹੋ ਸਾਹਿਬ ! ਅੱਗੇ ਨਿਛ਼ਾ ਹੁਈਆਸੇ, ਜੇ ਤੁਸਾਂ ਵੀਰ ਮੰਗਾਇਆ ।
ਆਇ ਦੀਦਾਰ ਕੀਤੋਸੇ ਤੈਂਡਾ, ਹੁਣ ਤੁਸਾਂ ਏਂਵ ਸੁਣਾਇਆ ।
ਨਾ ਵੰਞ ਪਸੰਦ ਕਰੀਹਾਂ ਸਾਹਿਬ, ਅਗੋ ਬਹੁੰ ਸੁਖ ਪਾਇਆ ।
ਆਖ ਦਮੋਦਰ ਅਗੋਂ ਖ਼ਾਨਾਂ, ਇਹੁ ਜਬਾਬ ਸੁਣਾਇਆ । (570)

**ਜੀਵਣ**

ਜੇ ਹਿੱਕ ਮੁਆ ਕੇ ਕਮਲਾ ਥੀਆ, ਤਿਸ ਪਿੱਛਾ ਕੀਚੈ ਨਾਹੀਂ ।
ਪਇਆ ਸੁ ਭੱਠ, ਨ ਕੀਚੇ ਪਿਛਾ, ਜਾਵਣ ਦੇ ਇਤਿਨਾਹੀਂ ।
ਨੀਸੇ ਨੱਖ, ਚਿਰੱਕੇ ਸੱਕੇ, ਉਣੇ ਸ ਵਾਣ ਨਿਆਈਂ ।
ਆਖ ਦਮੋਦਰ ਗੜਵੜ ਅਸੀਂ ਪਈ, ਕੇਹੀ ਪੁੱਛ ਤੁਸਾਹੀਂ । (571)

**ਧੀਦੋ ਦੀ ਮੰਗ ਧੀਦੋ ਦੇ ਭਤੀਜੇ ਨੇ ਵਿਆਹੁਣੀ**

ਤਾਂ ਇਦੋਂ ਉਦੋਂ ਸਭ ਸਮਾਨ ਕਰ, ਸਾਊਆਂ ਕਾਜ ਰਚਾਇਆ ।
ਘਿਉ, ਗੁੜ, ਖੰਡ, ਆਟੇ ਤੇ ਦਾਣੇ, ਟੰਮਕ ਢੋਲ ਧਰਾਇਆ !
ਚੰਗੀ ਸਾਇਤ ਵੇਖ ਕਰਾਂਹੀ ਆਟੇ ਪਾਣੀ ਪਾਇਆ ।
ਆਖ ਦਮੋਦਰ ਗੰਢੀ ਲੈ ਕੇ ਬਮਣੇਟਾ ਤਾਂ ਧਾਇਆ । (572)

ਨੁਕਰੇ, ਨੀਲੇ, ਅਬਲਖ, ਸੁਰਖੇ ਤੇਜ ਕੁਮੈਤ ਮੰਗਾਏ ।
ਮਖ਼ਮਲ ਕਟ ਕਰਾਈਆਂ ਗਲਰਾਂ, ਜੋ ਜ਼ੀਨਾਂ ਉਤੇ ਲਾਏ ।
ਸਿਰ ਕਲਗੀਆਂ ਅਤੇ ਵਾਤ ਦਹਾਨੇ, ਹੰਨੇ ਤਬਲਬਾਜ਼ ਠਹਿਰਾਏ ।
ਆਖ ਦਮੋਦਰ ਕੇਤੇ ਸਾਰੂ ਦਿਸਣ, ਮਾਵਾਂ ਪੁੱਤ ਜਾਏ । (573)

ਜੰਞ ਤਿਆਰ ਹੋਈ ਰਾਂਝਿਆਂ ਦੀ, ਜੁਲਦੇ ਸ਼ਾਦੀ ਤਾਈਂ ।
ਕਰਿ ਸਿਰਪਾਉ ਤਿਆਰ ਕੀਤੀ, ਕੱਠੇ ਜੇਤੀਆਂ ਆਹੀਂ ।
ਕਹੀ ਸਲਾਹ ਦਿਤੀ ਤਾਹਰ ਨੂੰ, ਇਹੁ ਮੁਨਾਸਬ ਨਾਹੀਂ ।
ਇਹ ਭੀ ਤੁਹਾਡੇ ਮਾਂ ਪਿਉ ਜਾਇਆ ਲੇ ਨਾਲ ਚਲੋ ਤਿਸ ਤਾਈਂ । (574)

ਰਾਂਝੇ ਮਿਲ ਕਰ ਕੁਲ ਕਬੀਲਾ, ਤਾਹਰ ਆਇ ਮਨੇਂਦਾ ।
ਉੱਠੀ ਨਾਲ ਜੁਲੇਂ ਮੇਰੇ ਭਾਈ, ਮਿੰਨਤ ਖ਼ਾਨ ਕਰੇਂਦਾ ।
ਆਖ ਦਮੋਦਰ ਵਿੱਲ ਨ ਬਣਦੀ ਤਾਹਰਿ ਹਥ ਫੜੇਂਦਾ ।
ਯਾਰਾਂ ਪਕੜ ਉਠਾਇਆ ਰਾਂਝਾ, ਤਾਂ ਜਬਾਬ ਕੇ ਦੇਂਦਾ । (575)

### ਧੀਦੋ

ਸੁਣ ਤਾਹਰ ਮੈਂ ਨਾਲ ਨਾ ਬਣਦਾ, ਘਾਟਾ ਕੁਲ ਤੁਸਾਹੀਂ ।
ਸਮਝ ਨਾ ਵੇਖੋ, ਕਹੇ ਨ ਲਗੋ, ਮੈਂ ਉਥੇ ਕੇ ਕਰਸਾਂਹੀਂ ।
ਆਸੀ ਆਲਮ, ਹੋਣ ਪਚਾਰਾਂ, ਘਾਟਾ ਸਭ ਤੁਸਾਂਹੀਂ ।
ਆਖੇ ਰਾਂਝਾ, ਤਾਹਰਿ ਜਾਹਰਿ ! ਇਹੁ ਮੁਨਾਸਬ ਨਾਹੀਂ । (576)

### ਤਾਹਰ

ਸਾਰੀ ਜੰਵ ਰਹਾਈਆਂ ਰਾਂਝਿਆ, ਜੇ ਤੂੰ ਜਲਦਾ ਨਾਹੀਂ ।
ਜੇ ਤੂੰ ਚੱਲੇਂ ਤਾਂ ਸਭ ਕੋ ਰਾਜੀ, ਅਸੀਂ ਭੀ ਨਾਲ ਚਲਾਈਂ ।
ਤੂੰ ਪਿੜ੍ਹੀਆ, ਪਿਊ ਥਾਂ ਜੇਹਾ, ਭਤੀਜੇ ਜਾ ਪਰਨਾਈਂ ।
ਆਉ ! ਉਠੀ ਸੁਣ ਸਦਕੇ, ਧੀਦੋ, ਜੇ ਰੁੱਠਾ ਹੋਵੇਂ ਮਨਾਈਂ । (577)

### ਧੀਦੋ ਨੇ ਜੰਵ ਨਾਲ ਜਾਣਾ

ਢੁੱਕੇ ਰਾਂਝੇ ਨਾਲ ਵੜੈਚਾਂ, ਆਲਮ ਵੇਖਣ ਆਏ ।
ਲੱਥੇ ਬਾਗ, ਬਹਾਦਰ ਸੱਭੋ, ਕੁਆਰ ਹਲੂਫੇ ਲਿਆਏ ।
ਪੱਕਾ ਤਾਮ, ਤਿਆਰੀ ਕੀਤੀ, ਰਾਠਾਂ ਜੰਗ ਖਵਾਏ ।
ਆਖ ਦਮੋਦਰ ਕੇਤੇ ਆਤਣ, ਵੇਖਣ ਉੱਮਲ ਆਏ । (578)

ਕੁੜੀਆਂ ਜਣੇ ਜਣੇ ਨੂੰ ਵੇਖਣ, ਖੁਸ਼ੀ ਹੋਏ ਸਭ ਜਾਈਂ ।
ਕੁੜੀਆਂ, ਖ਼ਾਨ ਸੁਹਾਗ ਜੁ ਲਾੜਾ, ਆਈਆਂ ਵੇਖਣ ਤਾਈਂ ।
ਆਈ ਡਿੱਠੋਨੇ ਧੀਦੋ ਰਾਂਝਾ, ਮੋਹੀਆਂ ਰਹੀਆਂ ਉਥਾਈ ।
ਵੇਖਣ ਗਈਆਂ ਵਿਕਾਣੀਆਂ ਹੱਥੇ, ਪੁਛ ਨਾ ਹੰਗੇ ਕਾਈ । (579)

ਹਿਕ ਜੁ ਬੋਲਿਆ ਯਾਰ ਧੀਦੋ ਦਾ, ਤਿਸੇ ਗੱਲ ਸੁਣਾਈ ।
ਧੀਦੋ ਇਹ ਕਤਰਟਾ ਰਾਂਝਾ, ਤੁਸਾਂ ਸੁਣਿਆ ਨਾਹੀਂ ?
ਇਹ ਸੁਣ ਕੁੜੀਆਂ ਹੋਈ ਹੈਰਾਨੀ, ਬੋਲ ਨ ਸੱਕੇ ਕਾਈ ।
ਆਖ ਦਮੋਦਰ ਸੂਰਤ ਰਾਂਝੇ ਦੀ, ਵੇਖ ਮੋਹੀਆਂ ਉਥਾਈਂ । (580)

ਹਿਕ ਕੁੜੀ ਤਦ ਹੋਇ ਅਗੇਰੇ, ਰਾਂਝ ਦੇ ਕੋਲ ਆਈ ।
ਕੇ ਫਕੀਰਾ ਨਾਉਂ ਤੁਸਾਡਾ ? ਅਸਾਂ ਨੂੰ ਦੇਇ ਸੁਣਾਈ ।
ਮੈਨੂੰ ਪਇਆ ਭੁਲਾਵਾ ਤੈਂਡਾ, ਤਾਹਰਿ ਦਾ ਤੂੰ ਭਾਈ ।
ਆਖ ਦਮੋਦਰ ਧੀਦੋ ਆਖੇ ਪਈ ਕੇਹੀ ਪੁਛ ਤੁਸਾਹੀਂ । (581)

ਵੇਖ ਵਿਕਾਇ ਗਈਆਂ ਸਭ ਯਾਰੋ, ਫੇਰ ਤਿਥਾਊਂ ਆਈਆਂ ।
ਵੱਡੀ ਕੁਬਖ਼ਤ ਕੁੜੀ ਇਕ ਆਈ, ਕੁੜੀਆਂ ਧੁੰਮਾਂ ਪਾਈਆਂ ।

ਪਹਿਲਾਂ ਤੁਧ ਮੰਗੇਂਦਾ ਕੁੜੀਏ ! ਅਸੀਂ ਵੇਖ ਵਿਕਾਈਆਂ।
ਆਖ ਦਮੋਦਰ ਮਾਂਈਏ ਦੇ ਵਿਚ, ਕੁੜੀ ਪਾਸ ਤਬ ਆਈਆਂ। (582)

ਤਾਂ ਰੋ ਰੋ ਕੁੜੀ, ਕਰੇਂਦੀ ਨਾਰੇ; ਮੈਨੂੰ ਆਣ ਵਿਖਾਇਓ।
ਆਖ ਸਲੇਟੀ ਸਦਕੇ ਕੀਤੀ, ਮੈਂ ਅਰਮਾਨ ਚੁਕਾਇਓ।
ਦੇ ਦਿਲਾਸਾ, ਵੇਖਣ ਤਾਈਂ, ਮੈਨੂੰ ਝਾਤ ਪਵਾਇਓ।
ਆਖ ਦਮੋਦਰ ਚਾਉ ਅਸਾਡਾ, ਮਹੀਂ ਵਿਰਾਗ ਮਿਟਾਇਓ। (583)

ਕੁੜੀਆਂ ਕੂੜ ਅਲਾਇਆ ਭਾਈ, ਪਾਸ ਰੰਝੇਟੇ ਆਈਆਂ।
ਉਠੀ ਚਲ ਫਕੀਰ ਸਦੇਂਦੇ, ਘਿੰਨ ਸਨੇਹੇ ਸਾਈਆਂ।
ਜੁਲਿਆ ਨਾਇ ਫਕੀਰਾਂ ਸੰਦੇ, ਛੋੜ ਜੰਵ ਤੇ ਭਾਈਆਂ।
ਆਖ ਦਮੋਦਰ ਲੈ ਅੰਦਰ ਪਾਇਆ, ਗੱਲਾਂ ਆਖ ਸੁਣਾਈਆਂ। (584)

ਜਾ ਵੜਿਆ ਆਇ ਰੰਝੇਟਾ ਅੰਦਰ, ਅਜਮਤ ਕੀ ਰੁਸ਼ਨਾਈ।
ਕੁੜੀਆਂ ਛਿੱਕ ਬਹਾਇਆ ਅੰਦਰ, ਪਾਸਹੁੰ ਘੁੰਮਰ ਪਾਈ।
ਕੇਹੀਆਂ ਗੱਲਾਂ ਕਰੇ ਮੰਗੇਂਦੀ, ਆਖਣ ਦੁਖ ਸਬਾਈ।
ਆਖ ਦਮੋਦਰ ਛਿਕ ਪਜੂਤਾ ਜਿਹੜੀ ਮੰਗੇਂਦੀ ਆਹੀ। (585)

### ਕੁੜੀ

ਕੇ ਤਕਸੀਰ ਮੈਂ ਬਖਤੋਂ ਤੱਤੀ, ਪਲਿਰ ਮਹੀ ਦਿਤੋਈ।
ਐਸੀਂ ਨਿਤ ਪਏਂਦੀ ਆਹੀ, ਕੇਚ ਮਿਲਾਵੇ ਕੋਈ।
ਥੀਓ ਨ ਨਾਬਰ, ਮੈਂ ਮਰੇਂਦੀ, ਮੈਂ ਤਕਸੀਰ ਨਾ ਕੋਈ।
ਆਖ ਦਮੋਦਰ ਜਬਾਬ ਸੁਣਾਇ ਅਸਾਨੂੰ ਕੇਹਾ ਗੁਨਾਹ ਡਿਠੋਈ। (586)

### ਧੀਦੋ

ਮੈਂ ਮਨਖਟੂ ਖੱਟ ਨਾ ਜਾਣਾ, ਮੈਂ ਕਿਛ ਆਵੈ ਨਾਹੀਂ।
ਸਾਡੀ ਘੱਤ ਪਰਾਈ ਜਾਈ, ਇਹੁ ਮੁਨਾਸਬ ਨਾਹੀਂ।
ਮੇਹਨਤ ਕਦੀ ਨਾ ਕੀਤੀ ਹੱਥੀਂ, ਕੈਂਦੇ ਘਰੋਂ ਖਵਾਹੀਂ।
ਆਖ ਦਮੋਦਰ ਸਮਝ ਡਿਠੋਸੇ, ਜੋ ਕੁੱਤ ਮੈਂਥੇ ਨਾਹੀਂ। (587)

### ਕੁੜੀ

ਵਿਚ ਸਿਆਲੀ ਆਹੀਆ ਕੁਵੱਤ ? ਜੇ ਪਿਊ ਨਾ ਨਾਊਂ ਵੰਞਾਇਆ।
ਮਝੀਂ ਚਾਰੇ, ਤੇ ਸ਼ਰਮ ਨ ਤੈਨੂੰ ਜੇ ਸਿਰ ਤੇ ਟੰਮਕ ਚਾਇਆ ?
ਜੇਕਰ ਹੋਰ ਉਠ ਗਈ ਖੇੜੀਂ, ਤਾਂ ਚਿਤ ਹਜ਼ਾਰਾ ਆਇਆ ?
ਆਖ ਦਮੋਦਰ ਸਾਡੀ ਵਾਰੀ ਮੀਆਂ, ਮਖੱਟੂ ਨਾਊਂ ਧਰਾਇਆ। (588)

ਧੀਦੋ

ਨਾਹੀਂ ਤਾਹਨੇ ਲਹਿਣੇ ਮੈਥੋਂ, ਜ਼ੋਰ ਉਲਾਮੇ ਦੇਂਦੀ।
ਅਸਾ ਸਮਝ ਡਿੱਠਾ ਵਲ ਆਪੇ, ਜੇ ਨਾਹੀਂ ਕੁਵੱਤ ਰਹੇਂਦੀ।
ਜੇ ਘੱਤ ਸਾੜੀ ਧੀ ਪਰਾਈ, ਜ਼ਰਾ ਨ ਖ਼ੂਬੀ ਮੈਂਡੀ।
ਭਾਰਾ ਚਾਇ ਨ ਸੰਘਾਂ ਬੀਬੀ, ਨਾਹੀ ਕੁਵੱਲ ਵਿਚ ਦੇਹ ਮੈਂਡੀ। (589)

ਕੁੜੀ

ਆਖ ਅੱਗੇ ਤਾਂ ਤੂੰ ਰਾਜ਼ੀ ਰਹਿੰਦਾ, ਆਹੋਂ ਇਤੇ ਜਾਈ।
ਹੀਰੇ ਕਾਰਨ ਤਰਲੇ ਕੀਤੇ, ਹੱਥ ਨਾ ਤੈਨੂੰ ਆਈ।
ਜੇ ਚਾਕਾਂ ਆਜਜ਼ ਕੀਤੋਂ ਮੀਆਂ, ਤਾਂ ਜੀਉ ਉਦਾਸੀ ਆਈ।
ਆਖ ਮਖਟੂ ਤਦੋਕਾ ਥੀਉ, ਜਦੋਂ ਕਿ ਹੀਰ ਗਵਾਈ। (590)

ਧੀਦੋ

ਬੀਬੀ ਤ੍ਰਾਨੇ ਦੇਇ ਨਾ ਮੈਨੂੰ, ਕੂੜਾ ਝਗੜਾ ਜਾਣ ਕੀਤੋਈ।
ਛੋਡ ਅਸਾਡਾ ਪੱਲਾ ਬੀਬੀ! ਮਤ ਬਾਹਰੋਂ ਆਵੈ ਕੋਈ।
ਨਾ ਕਿਛ ਲਹਿਣਾ, ਨਾ ਕਿਛ ਦੇਣਾ, ਕੂਕ ਨਿਕਮੀਂ ਹੋਈ।
ਰਾਂਝਾ ਰਜ ਥੀਆ ਮਹੀ ਸੱਤ, ਕਾਦਰ ਸੁਖਨ ਕੀਤੋਈ। (591)

ਕੁੜੀ

ਕਿਉਂ ਕਾਦਰ ਕਰ ਬੋਲੇਂ ਤੂੰਹਾਂ, ਮੈਨੂੰ ਨਿਤ ਅੰਦੇਸਾ।
ਅੱਠੇ ਪਹਿਰ ਨਿਹਾਰੀ ਪੈਂਡਾ, ਰੋਂਦੀ ਇਤ ਵਰੇਸਾ।
ਜਾ ਮੈਂ ਭਰ ਜੋਬਨ ਰਸ ਮਾਤੀ, ਰੰਗ ਵਟਾਇਆ ਕੇਸਾਂ।
ਜੇ ਤੂੰ ਹੀਰ ਹੱਕ ਪਰਾਏ ਪਿੱਛੇ, ਤਾਂ ਮੈਂ ਕਿਉਂ ਹੱਕ ਛੁਡੇਸਾਂ। (592)

ਧੀਦੋਂ

ਤੈਂਡਾ ਹਕ ਨਾ ਅਸੀਂ ਬੀਬੀ! ਮਤਲਬ ਅੱਸਾਂ ਨਾਹੀਂ।
ਕੂੜੇ ਨੱਪ ਫਹਾਇਓ ਅੰਦਰ, ਤੁਸਾਂ ਲੱਜ ਨਾ ਕਾਈ।
ਬਾਹਰ ਲੋਕ ਸੁਣੇਸੀ ਸਾਰਾ, ਨਾਲੇ ਮੇਰੇ ਭਾਈ।
ਆਖ ਦਮੋਦਰ ਰਾਂਝਾ ਆਖੇ, ਤੁਸਾਂ ਇਹ ਗਲ ਚੰਗੀ ਨਾਹੀਂ। (593)

ਤਾਂ ਤਾਹਿਰ, ਰਾਹ ਪੁਛਦਾ ਪੁਛਦਾ, ਅੰਦਰ ਸੀ ਚਲ ਆਇਆ।[1]
ਵੇਖ ਹੈਰਾਨ ਥੀਆ ਅਤਿ ਸਾਉ, ਅੱਖੀਂ ਸਮਝ ਵਖਾਇਆ।
ਬਾਹਰਿ ਨਾਹ ਤੇ ਅੰਦਰ ਰਾਜ਼ੀ, ਅਸਾਂ ਚੰਗਾ ਭਾਇਆ।
ਉਠੀ, ਤੂੰ ਚੜ੍ਹ ਖਾਰੇ ਧੀਦੋ! ਹੱਕ ਖ਼ਸਮ ਹੱਥ ਆਇਆ। (594)

[1]ਗ. ਸਿ. ਬੇ. ਤੇ ਡਾ. ਪ. ਸਿ., ਤਾਂ ਅੰਦਰ ਸੀ ਚਲ ਆਇਆ।

## ਧੀਦੋ

ਸਾਈਂ ਦੀ ਸਹੁੰ ਭਾਈ ਤਾਹਰਿ ! ਮੈਨੂੰ ਖ਼ਬਰ ਨ ਕਾਈ ।
ਦੇਕਰ ਦਗਾ ਆਂਦੋ ਨੇ ਅੰਦਰ, ਫਕੀਰਾਂ ਨਾਉਂ ਸੁਣਾਈ ।
ਮੈਂ ਕੇ ਜਾਣਾ ਨਾਉਂ ਫਕੀਰਾਂ, ਅੱਗੇ ਫਾਹੀ ਆਹੀ ।
ਆਖਾਂ ਸਹੀ ਸਚ, ਭਾਈ ਤਾਹਰਿ ! ਮੈਂਡੀ ਮਾਂ ਪਿਉ ਜਾਈ । (595)

ਦਿਤੇ ਛੋੜ, ਛੁੜਾਇਆ ਰਾਂਝੇ, ਜੋ ਅੰਦਰ ਤਾਹਰਿ ਆਇਆ ।
ਜੁਲਿਆ ਨੱਸ, ਛੁੜਾਇਆ ਆਪੇ, ਚੱਲਣ ਤੇ ਚਿਤ ਚਾਇਆ ।
ਸ਼ੁਕਰ ਸਹੀ ਕਰ ਬਾਹਰ ਧੀਦੋ, ਦੇਖੋ ਆਪ ਛੁੜਾਇਆ ।
ਆਖ ਦਮੋਦਰ ਉਸੇ ਵੇਲੇ, ਜੁੱਤੀ ਚਾੜ੍ਹ ਸਿਧਾਇਆ । (596)

ਛਾਰੋਂ ਵੰਵ ਕੀਤੀ ਅਵਦਾਨੀ ਸ਼ੁਕਰ ਕੀਤੋਸੁ ਭਾਈ ।
ਨਾ ਮੈਂ ਚਿੱਤ, ਨਾ ਚੇਤਾ ਕੋਈ, ਪਈਆਂ ਗੈਰ ਦੀ ਫਾਹੀ ।
ਪੀਲਾ ਰੰਗ, ਭਲੇਰੀ ਰੀਤੀ, ਸ਼ੁਕਰ ਕੀਤੋਸੁ ਤਾਂਹੀ ।
ਆਖ ਦਮੋਦਰ ਤਾਂ ਦਿਨ ਤੀਜੇ, ਜੰਵ ਰਾਂਝਿਆਂ ਦੀ ਆਈ । (597)

## ਹੀਰ ਰੰਗਪੁਰ ਖੇੜਿਆਂ ਵਿਚ

ਕਿੱਸਾ ਰਾਂਝਿਆਂ ਦਾ ਪੂਰਾ ਹੋਇਆ, ਅੱਗੇ ਖੇੜਿਆਂ ਦੀ ਆਈ ।
ਰਲ ਮਿਲ ਖੇੜੇ ਕਰਨ ਸਲਾਹਾਂ,[1] ਸੱਦੇ ਸੱਕੇ ਭਾਈ ।
ਅਸਾਂ ਹੀਰ ਵਿਆਹ ਜੁ ਆਂਦੀ ਜ਼ਹਿਮਤ ਅੱਸਾਂ ਪਾਈ ।
ਆਖ ਦਮੋਦਰ ਆਖੇ ਅੱਲੀ, ਮਸਲਤ ਤਰਿਹੋ ਕਾਈ । (598)

ਤਾਂ ਬੈਠ ਬਸੰਦ[2] ਕਰੇਂਦੇ ਸਾਊ, ਕੀਕਰ ਅਸੀਂ ਕਰੀਹਾਂ ।
ਬਣਦੀ ਏਹਾ ਗੱਲ ਅਸਾਂਹੀ, ਸਰਪਰ ਹੀਰ ਮਰੀਹਾਂ ।
ਕੇਂਕੇ ਰਖੇਂਦੀ ਲੱਜ ਅਸਾਂਹੀ ? ਜੇਕਰ ਢਿੱਲ ਕਰੀਹਾਂ ।
ਆਖ ਦਮੋਦਰ ਹੋਰ ਨਾ ਬਣਦੀ, ਕਾਲਖ ਗਲੋਂ ਲਹੀਹਾਂ । (599)

'ਨਾਹੀਂ ਮੁਨਾਸਬ ਖ਼ਾਨਾ ਮਾਰਨ ! ਮਹਿਰੀ ਆਖ ਸੁਣਾਇਆ ।
'ਧੀ ਚੂਚਕ ਦੀ, ਕੀਕਰ ਮਾਰਹਿ, ਬਹੁਤਾ ਭੁੱਲ ਅਲਾਇਆ ।
ਲਹਾਂ ਨਾ ਕੁੱਤੀ ਇਸ ਦੇ ਘਰ ਦੀ, ਖ਼ਾਨਾਂ ਕਹੀਂ ਕੁਲਾਇਆ ।
ਆਖ ਦਮੋਦਰ ਸੋਹੇ ਨਾ ਤੈਨੂੰ ਮਾਰਨ ਮਤਾ ਪਕਾਇਆ । (600)

---

[1]ਗ. ਸਿੰ ਬੇ. ਤੇ ਡਾ. ਪ. ਸਿੰ., ਮਸਲਤਾਂ ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਪਸੰਦ ।

'ਜਿੱਥੇ ਅੰਨ ਪਏਂਦੇ ਤੁਸੀਂ', ਉਥੇ ਕੋਲ ਨਾ ਕੋਈ।
ਸਹਿਤੀ ਕੋਲ ਸਹੀ ਹਮਸਾਈ, ਉਥੇ ਰਹਿਣਾ ਹੋਈ।
ਵੱਡੀ ਜੂਹ, ਅਕੱਲੇ ਕੋਠੇ, ਉਥੇ ਖੜਿਹੋ ਕੋਈ।
ਆਖ ਦਮੋਦਰ ਉਥੇ ਰੱਖੋ ਈਹੋ ਮਤਾ ਕੀਤੋਈ। (601)

ਹੀਰ ਦਾ ਬਿਰਹਾ

ਆਣ ਬਹਾਈ ਵਿਚ ਹਵੇਲੀ, ਦਿਸੈ ਕੋਲ ਨਾ ਕੋਈ।
ਕਾਲਾ ਕਿੜਾ ਤੇ ਤੁਟਾ ਤੁੜਾ, ਉਥੇ ਬਹਿਣ ਕੀਤੋਈ।
ਬੈਠੀ ਸਿਦਕ ਸਬੂਰੀ ਸੇਤੀ ਸਿੱਕ ਆਹਾਰ ਕੀਤੋਈ।
ਆਖ ਦਮੋਦਰ 'ਸਹਿਤੀ ਹੀਰੇ' ਤਾਂ ਹਮਸਾਈ ਹੋਈ (602)

ਬੈਠੀ ਹੀਰ, ਉਡਾਵੇ ਕਾਵਾਂ, ਇਹੋ ਜ਼ਿਕਰ ਕਰੇਂਦੀ।
ਉਠੀ ਵੇਖੇ ਪੈਂਡੇ ਵੱਲੇ, ਰੋਵੇ ਕਾਗਾ ਉਡੇਂਦੀ।
ਆਖ ਸਹੀ ਸਚ, ਮਹਿਰਮ ਰਾਂਝਾ, ਮੈਂ ਤੱਤੀ ਹੁਣ ਕੈਂਦੀ ?
ਆਖ ਦਮੋਦਰ ਵਿੱਥਾਂ ਪਈਆਂ, ਮੈਂ ਮਰਸਾਂ ਖੋਜ ਢੂਢੇਂਦੀ। (603)

ਮੱਛੀ ਵਾਂਙੂ ਅੱਚੇ ਪਿੰਡੇ ਹੀਰ ਸਲੇਟੀ ਤਾਈਂ।
ਮਰਨੋ, ਜੀਵੇ ਫਾਰਕਾ ਥੀਵੇ, ਤੁਸਕੇ ਕਢੇ ਆਹੀਂ।
ਮਰਨ ਅਹੁਲਿਆ, ਸਚ ਸਿਆਲੀ, ਮੈਂ ਭੁੱਲੀ ਦੀ ਸ਼ਰਮ ਤੁਸਾਹੀਂ।
ਆਖ ਦਮੋਦਰ ਧੀਦੋ ਬਾਝੋਂ, ਜੀਵਨ ਮੈਂਡਾ ਨਾਹੀਂ। (604)

ਸਿੱਕ ਰਾਂਝੇ ਦੀ ਹੀਰੇ ਤਾਈਂ, ਜੀਕਰ ਕੱਚਾ ਪਾਰਾ।
ਤੜਫੇ ਸਹੀ ਨਿਹਾਇਤ ਮੱਛੀ, ਗਲਦਾ ਪਿੰਡਾ ਵਿਚਾਰਾ।
ਸੁਲਕੇ ਸੁਲਤ੍ਰ ਸ਼ਲਕ ਫਿਰ ਬੁਜ਼ੇ, ਮੂੰਹੋਂ ਨਾ ਬੋਲਣਹਾਰਾ।
ਹੀਰ ਸਿਆਲੀ ਦੇਹੀ ਗਾਲੀ, ਕੁਝ ਨਾ ਚਲਦਾ ਚਾਰਾ। (605)

ਐਂਸੀ ਪਾਏ ਤੇ ਕਾਗ ਉਡਾਏ, ਮੱਥੇ ਤੇ ਹੱਥ ਲਾਏ।
ਆਈ ਜਾਲ ਸੱਥਰ ਦੇ ਉੱਤੇ ਮੈਨੂੰ ਬਾਣ ਹਰੀਫ਼ਾਂ ਲਾਏ।
ਲੂੰ ਲੂੰ ਦਖ਼ਲ ਕੀਤਾ ਰੰਝੇਟੇ, ਓਹੋ ਹੀ ਦਾਰੂ ਲਾਏ।
ਜਿਵੇਂ ਜਲਾਏ ਕਾਮਲ ਮੁਰਸ਼ਦ ਤੇਹਾ ਜਾਲੀਂ, ਮਾਏ। (606)

ਉਲਟੀ ਹੀਰ, ਹੀਰੇ ਵਿਚ ਰਾਂਝਾ, ਹਾਲ ਨਾ ਜਾਣੇ ਕੋਈ।
ਰਾਂਝਾ ਰਾਂਝਾ ਕੇਨੂੰ ਆਖਾਂ, ਮੈਂ ਆਪੇ ਰਾਂਝਨ ਹੋਈ।
ਰਾਂਝਾ ਹੀਰ ਤੇ ਹੀਰ ਰਾਂਝੇ ਦੀ ਰੱਤੀ ਫ਼ਰਕ ਨਾ ਕੋਈ।
ਰਾਹੀਂ ਦੋਹਾਂ ਬਾਝ ਰੰਝੇਟੇ, ਇਸ ਨੂੰ ਜ਼ਿਕਰ ਨਾ ਕੋਈ। (607)

ਸਦਕੇ ਧੀਦੋ ! ਧੀਰੀ ਕੀਕਣ ? ਧੀਰਜ ਮੈਥੇ ਨਾਂਹੀ ।
ਹੀਆ ਧਸਕੇ ਕੰਠੀ ਲਸਕੇ, ਵੇਖਾਂ ਕਦੋਂ ਮਿਲਾਂਹੀ ।
ਵਿੱਥੀ ਪਈਆਂ, ਮਨਹੁੰ ਨ ਵਿੱਥੀ, ਬੈਠੀ ਕਾਗ ਉਡਾਂਈਂ ।
ਇਹੋ ਦਿੱਤੋ, ਜੋ ਤੈਂ ਭਾਣਾ, ਦੁਖ ਪੀਵਾਂ ਗ਼ਮ ਖਾਈ । (608)

ਬੰਦੀ ਪਈ, ਵਿਚਾਰੀ ਹੋਈ, ਕੈਨੂੰ ਆਖ ਸੁਣਾਈ ।
ਹਿਕ ਇਕੱਲੀ, ਕੋਲ ਨਾ ਕੋਈ, ਅੱਖੀਂ ਕੈਂ ਵਲ ਲਾਈ ।
ਅੱਖੀ ਦੇ ਵਿਚ ਧੀਦੋ ਰਾਂਝਾ, ਬਾਹਰ ਦੂਜਾ ਨਾਹੀਂ ।
ਆਖ ਜੇ ਮਰਾਂ, ਤੈਨੂੰ ਉਡਕੇਂਦੀ, ਪਵਾਂ ਕਬੂਲ ਤਦਾਹੀਂ । (609)

ਤੈਂਡੀ ਸਿਕ ਵਦੀਫ਼ਾ ਕੀਤਾ, ਖਾਵਾਂ ਪੀਵਾਂ ਓਹੀ ।
ਸੂਲ ਰਾਂਝੇ ਦੀ ਖ਼ਰਚੀ ਮੈਂਡੀ, ਤੋਸਾ ਪਾਇ ਦਿਤੋਈ ।
ਜੇ ਮੈਂ ਰੋਇ ਸੁਣਾਈਂ ਕਿਸੇ, ਨਾ ਗੌਰ ਕਰੇਂਦਾ ਕੋਈ ।
ਆਖ ਦਮੋਦਰ ਸਮਝ ਡਿਠੋਸੇ, ਮਰਾਂ ਸਹੀ ਦੁਖ ਹੋਈ । (610)

ਚੰਨ ਚੜ੍ਹਿਆ ਕੁਲ ਆਲਮ ਵੇਖੇ, ਮੈਂਡਾ ਚੰਨ ਉਦਾਈਂ ।
ਰਾਹ ਤਕੇਂਦੀ ਤੇ ਕਾਗ ਉਡੇਂਦੀ, ਬੈਠੀ ਝਾਤੀ ਪਾਈਂ ।
ਸਿੱਕ ਤੁਸਾਡੀ ਤੋਸਾ ਮੈਂਡਾ, ਬੱਧੀ ਬੈਠੀ ਖਾਈਂ ।
ਕਦੇ ਤਾਂ ਚਿੱਤ ਕਰੇਸੀ ਖਾਵੰਦ, ਭੁੱਲੀ ਦਾ ਸ਼ਰਮ ਤੁਸਾਹੀਂ । (611)

ਚੰਨ ਚੜ੍ਹਿਆ ਕੁਲ ਆਲਮ ਵੇਖੇ, ਮੈਨੂੰ ਖ਼ਬਰ ਨ ਕਾਈ ।
ਲੋਕਾਂ ਦੇ ਵਿਚ ਸ਼ਾਦੀ ਹੋਈ, ਝੋਰਾ ਮੈਂ ਨਿਭਰਾਈਂ ।
ਬੇਲੇ ਦੇ ਵਿਚ ਕਰਹਿੰ ਦਿਲਾਸਾ, ਹੁਣ ਕਿਉਂ ਚਿਤ ਨਾ ਆਈ ।
ਜੇ ਮਰਾਂ ਤਕੇਂਦੀ ਰਾਹ ਤੁਸਾਡਾ, ਤਾਂ ਹਜ ਅਸਾਂ ਇੱਤ ਲਾਈ ।
ਆਖ ਦਮੋਦਰ ਮੈਂ ਅੰਦਰ ਡੱਕੀ, ਤੈਨੂੰ ਖ਼ਬਰ ਨਾ ਕਾਈ । (612)

ਲੱਗੀ ਵਾਉ ਜਿਨ੍ਹਾਂ ਦੀ ਸਾਤੇ, ਸੇ ਗਲ ਦੇਂਦੇ ਬਾਹੀਂ ।
ਤਿਨੀਂ ਘਰੀਂ ਬਹਾਲਿਓ ਮੈਨੂੰ, ਸ਼ਰਮ ਤੁਸਾਂ ਸਿਰ ਸਾਈਂ ।
ਕੀਕਰ ਜਾਲੀਂ ਨਾਲ ਖੇੜਿਆਂ ਦੇ, ਆਤਸ਼ ਰੂਈਂ ਨਿਆਈਂ ।
ਆਖ ਦਮੋਦਰ ਪੁਛਣ ਕਰਦੀ, ਸਹਿਤੀ ਹੀਰੇ ਤਾਈਂ । (613)

ਹੀਰ

ਸੁਣ ਸਹਿਤੀ ਮੈਂ ਦੁਖੇ ਦੱਧੀ, ਮਾਊ ਬੁਰਾ ਕੀਤੋਈ ।
ਪਿਛੋਂ ਮੂਲ ਨ ਵੱਟੀ ਵਾਹੀ , ਜਣ ਮਾਂ ਪਿਉ ਮਹੀਂ ਨਾ ਕੋਈ ।
ਕੈਨੂੰ ਆਖਾਂ ਦਿਲ ਦੀ ਵੇਦਨ, ਜੋ ਲੱਗੀ ਜਾਣੇ ਸੋਈ ।
ਆਖ ਦਮੋਦਰ ਮਰਾਂ ਕਿ ਜੀਵਾਂ, ਰੋਂਦਿਆਂ, ਹਾਲ ਗਇਓਈ । (615)

**ਸਹਿਤੀ**

ਸੁਣ ਨੀ ! ਦੇਵੇ ਮੂੰਹ ਉਗਾਹੀ ਪੁੱਛਣ ਦੀ ਗੱਲ ਨਾ ਕਾਈ ।
ਅੰਦਰ ਦੁਖ ਬਿਆਪੀ ਤੈਂਕੂੰ, ਮਾਰ ਜਹੀ ਵਗਦਾਈ ।
ਆਖ ਹਕੀਕਤ ਮੈਨੂੰ ਕੁੜੀਏ ! ਇਹ ਕਿਉਂ ਅੱਗ ਛਪਾਈ ।
ਕਹੇ ਦਮੋਦਰ ਹੀਰ ਸਿਆਲੀ, ਤੂੰ ਕਹੁ ਮੈਂ ਘੋਲ ਘੁਮਾਈ । (616)

**ਹੀਰ**

ਨਾ ਕਰ ਖਹਿੜਾ ਮੈਂਡਾ ਸਹਿਤੀ ! ਆਜਜ਼ ਅਸੀਂ ਹਾਂ ਆਏ ।
ਮਾਊਂ, ਪੀਊ ਅਤੇ ਭਿਰਾਵਾਂ, ਅਸੀਂ ਮਨਹੁੰ ਵਿਸਰਾਏ ।
ਕੈਂਦੇ ਤਾਣ ਬੁਲੀਹਾਂ ਸਹਿਤੀ ! ਕੈਂ ਅਸੀਂ ਜਾਇ ਜਮਾਏ ।
ਸਹਿਤੀ ਆਖ ਮਰਾਂ ਕਿ ਜੀਵਾਂ, ਰੋਂਦੇ ਨੈਣ ਸਵਾਏ । (617)

**ਸਹਿਤੀ**

ਚਾਟ ਅਵੱਲੀ ਤੈਂਡੇ ਅੰਦਰ, ਅਸਾਂ ਸੁ ਮਾਲੂਮ ਕੀਤੀ ।
ਕੇਤੇ ਪੂਰ ਡੁੱਬੇ ਵਿਚ ਤਾਰੂ, ਇਸ਼ਕ ਜੜੀ ਤਰ ਪੀਤੀ ।
ਹੱਡਾਂ ਵਿਚੋਂ ਅਮਲ ਨਾ ਵੰਞੇ, ਰੋਂਦਿਆਂ ਵੰਞੇ ਬੀਤੀ ।
ਸਾਈਂ ਰੰਜਸ਼ ਤੇਰੇ ਠਾਈਂ, ਮੈਂ ਠੀਕ ਸਹੀ ਕਰ ਲੀਤੀ । (618)

**ਹੀਰ**

ਤੂੰ ਸਹੀ ਕਰ ਲੀਤੀ ਹੋਸੀ, ਕਰਨੀ ਦੇਂ ਕੁਸ਼ਤੀ ਭੈਣੇ ।
ਇਨ੍ਹਾਂ ਗੱਲਾਂ ਦੀ ਖ਼ਬਰ ਨਾ ਕਾਈ, ਨਾ ਡਿਠਿਆਸੇ ਨੈਣੇ ।
ਅਸੀਂ ਆਇ ਵਿਗੁੱਤੇ ਕੁੜੀਏ ! ਨਾ ਸੱਕੇ ਨਾ ਸੈਣ ।
ਆਖ ਸਹੀ ਸਹਿਤੀ ਕਿਆ ਸਮਝਾਂ, ਦੁੱਖਾਂ ਅਸੀਂ ਹੈਰਾਣੇ । (619)

**ਸਹਿਤੀ**

ਸੁਣ ਹੀਰੇ ! ਤੂੰ ਸਾਹਿਬਆਣੀ, ਕਿਤ ਨੂੰ ਮੁੱਕਰ ਪੈਂਦੀ ।
ਇਹ ਉਗ ਹੋਇਆਂ ਅੱਖੀਂ ਦੇਵਣ, ਕਿਤ ਨੂੰ ਗੱਲ ਛਪੇਂਦੀ
ਕਿਸ ਕਨ੍ਹੋਂ ਇਹ ਛਪਦੀ ਨਾਹੀਂ, ਇਸ਼ਕ ਸਲਾਮਤ ਤੈਂਦੀ ।
ਗਰਕ ਰਹੀਏ ਤੂੰ ਵਿਚ ਇਸ਼ਕ ਦੇ, ਫਿਰ ਫਿਰ ਲਵੇ ਲਏਂਦੀ ।
ਆਖ ਦਮੋਦਰ ਸੁਣ ਸਿਆਲੀ ਹੀਰੇ ! ਇਸ਼ਕ ਨੈਂ ਵਿਚ ਕੇਤੀ ਲੁੜਕੀ ਵੈਂਦੀ ।
(620)

ਜੈਨੂੰ ਸਿੱਕ ਦੁਨੀਆਂ ਦੀ ਸਿਆਲੀ ! ਸਾਵਾ ਰੰਗ ਦਿਖਾਏ ।
ਲਾਲ ਗੁਲਾਬ ਜੈਂ ਸਿੱਕ ਸਾਈਂ ਦੀ, ਐਸਾ ਚਿਹਨ ਦਿਖਾਏ ।
ਸਿੱਕ ਮਨੁੱਖ ਦੀ ਜੈਨੂੰ ਹੋਵੇ ਪੀਲਾ ਰੰਗ ਸੁਹਾਏ ।
ਹੀਰੇ ! ਤੈਨੂੰ ਸਿੱਕ ਇਸ਼ਕ ਦੀ, ਕਿਆ ਹੋਵੇ ਜੇ ਤੂੰ ਛਪਾਏਂ । (621)

ਤਰਲੇ ਕਰ ਕਰ ਸਹਿਤੀ ਹੁੱਟੀ, ਸਿੱਧੀ ਹੋਂਦੀ ਨਾਹੀਂ ।
ਕੀਕਰ ਘਿੰਨਾਂ ਭੇਦ ਹੀਰੇ ਦਾ, ਜੇ ਹੋਵੇ ਨਹੀਂ ਅਜਾਈਂ ।
ਆਪਣਾ ਹਾਲ ਨ ਦੱਸੇ ਮੈਨੂੰ, ਮੈਂ ਆਪਣਾ ਹਾਲ ਸੁਣਾਈਂ ।
ਆਖ ਦਮੋਦਰ ਮਤ ਹੱਥ ਆਵੇ, ਮੈਂ ਇਸ ਨੂੰ ਸਭ ਅਖਾਈਂ । (622)

ਇਕਤ ਸਮੇਂ ਸਹਿਤੀ ਅਪਣੇ ਜੁਲੀ, ਗਿਰਾਂਇ ਕਿਦਾਈਂ ।
ਆਈ ਫੇਰ ਸਹੀ ਦਿਨ ਤੀਜੇ, ਕਰੇ ਫਰੇਬ ਤਦਾਈਂ ।
ਢੱਠੀ ਤ੍ਰੀਜਾਹੀਂ ਧਰਤੀ ਤੇ, ਹੀਰ ਕਹੇ[1] ਰਖ ਸਾਈਂ ।
ਆਖ ਦਮੋਦਰ ਹੀਰ ਪੁਛਿਆ, ਫਿਰ ਕਰ ਸਹਿਤੀ ਤਾਈਂ । (623)

ਸੁਣ ਸਹਿਤੀ ਤੂੰ ਪਹੀਏਂ ਤ੍ਰੱਠੀ, ਕੇ ਦਿੱਤੀ ਦਿਉ ਦਿਖਾਈਂ ?
ਕੇ ਤੂੰ ਕਿਤੇ ਭੂਤ ਰੰਵਾਣੀ ? ਕੇ ਸਾਇਆ ਤੁਧ ਤਾਈਂ ?
ਕੇ ਤੁਟ ਪਈ ਘੋੜੇ ਦੇ ਉਤੋਂ ? ਖ਼ਬਰ ਨਹੀਂ ਮੈਂ ਤਾਈਂ ।
ਸਦਕੇ ਕੀਤੀ ! ਦਸ ਅਸਾਨੂੰ, ਕੁਝ ਮਾਲੂਮ ਕਰਾਈਂ । (624)

ਸਹਿਤੀ

ਜਿਹੜਾ ਸਾਹਿਬ ਯਾਰ ਅਸਾਡਾ, ਉਹ ਦਿਸੀਂਦਾ ਨਾਹੀਂ ।
ਅੱਖੀਂ ਦਾ ਸੁਖ 'ਬਾਮ੍ਹਣ ਰਾਮੂੰ' ਜੈਂ ਮੁੱਲ ਖਰੀਦੀਆਹੀ;
ਜੇ ਅਜ ਨਾ ਆਇਆ ਨਜ਼ਰ ਅਸਾਨੂੰ, ਤਾਂ ਜੀਵਣ ਜੋਗੀ ਨਾਹੀਂ ।
ਸੁਣ ਹੀਰੇ ! ਕੇ ਤੈਨੂੰ ਆਖਾਂ, ਬਣੀ ਜੁ ਬਾਬ ਅਸਾਹੀਂ । (625)

ਸੁਣ ਸੁਣ ਚਮਕਾਇਲ ਹੋਈ ਸਲੇਟੀ, ਜਾਂ ਉਸ ਈਵ ਸੁਣਾਇਆ ।
ਹਾਮੀ ਏਹਾ ਮਿਹਰ ਅਸਾਡੀ, ਹੀਰੇ ਮਨ ਵਿਚ ਆਇਆ ।
ਕਰਕੇ ਰੱਖ ਸਾਈਂ ਦੀ ਹੀਰੇ, ਪੱਖਾ ਹੱਥ ਉਠਾਇਆ ।
ਆਖ ਦਮੋਦਰ ਪੈਰ ਘੁਟੇਂਦੀ, ਤਾਂ ਡਿਠੂਸੁ ਰੋਗ ਜਣਾਇਆ । (626)

ਹੀਰ

ਸੁਣ ਸਹਿਤੀ ਮੈਂ ਸਦਕੇ ਕੀਤੀ, ਮੈਨੂੰ ਕਿਵੇਂ ਵਿਖਾਹੇਂ ।
ਕੇਹਾ ਜੇਹਾ ਤੈਂਡਾ ਪਿਆਰਾ, ਅਸੀਂ ਦੀਦਾਰ ਕਰਾਹੇਂ ।
ਵੇਖਾਇਆ ਕੁਝ ਦੇਂਦਾ ਨਾਹੀਂ, ਮੈਂ ਸਦਕੇ ਕੀਤੀਆਹੇਂ ।
ਆਖ ਦਮੋਦਰ ਸ਼ੌਕ ਵੇਖਣ ਦਾ, ਮਤ ਕੋ ਦਿਨ ਅਸੀਂ ਜਿਵਾਹੇਂ । (627)

ਸਹਿਤੀ

ਜੇ ਲੱਧਾ ਤਾਂ ਆਣ ਵਿਖੇਸਾਂ, ਅਜੇ ਸੁ ਲਭਦਾ ਨਾਹੀ ।
ਇਹ ਸਿਰ ਕੱਪ ਸ਼ਰੀਣੀ ਦੇਵਾਂ, ਜੇ ਫਿਰ ਯਾਰ ਵਿਖਾਹੀਂ ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਕਰੇ ।

ਸੁਣ ਹੀਰੇ ! ਮੈਂ ਸਦਕੇ ਕੀਤੀ, ਜੋ ਮੰਗੇ ਸੋ ਤੁਧ ਦਿਵਾਹੀਂ ।
ਜੋ ਆਖ਼ਰ ਪਈ ਸੁਣੀਂਦੀ ਕਾਈ, ਸੋ ਆਈ ਮੈਂ ਤਾਈਂ । (628)

ਜਿਉਂ ਜਿਉਂ ਸਹਿਤੀ ਦੁਖ ਫੁਲੇਂਦੀ, ਤਿਉਂ ਤਿਉਂ ਹੀਰ ਸ਼ਿਤਾਬੀ ।
ਪਲਕ ਪਲਕ ਕੋ ਥੀਈ ਖੁਸ਼ਾਲੀ, ਜਿਉਂ ਰਲ ਸੁਤੀ ਜਾਗੀ ।
ਮੰਡੇ ਚਿੱਕੇ, ਪੱਖਾ ਫੇਰੇ, ਚਿਣਗ ਵਜੂਦੋਂ ਲਾਗੀ ।
ਬਾਮਣ ਰਾਮੂੰ ਨੂੰ ਵੇਖਣ ਕਾਰਣ, ਬਹੁਤ ਸਿਆਲ ਵੈਰਾਗੀ । (629)

ਤਾਂ ਫਿਰ ਸਹਿਤੀ ਫੇਰਾ ਕੀਤਾ, ਬਾਮ੍ਹਣ ਜੋਗ ਸਦਾਇਆ ।
ਫੰਧ ਫ਼ਰੇਬ ਹੀਰੇ ਦੇ ਕਾਰਣ, ਨਾਹੁਸ ਮੂਲ ਵੰਞਾਇਆ ।
ਆਂਦਾ ਸੱਦ ਵਿਕਾਇਆ ਰਾਤੀਂ ਹੀਰੇ ਨੂੰ ਹਿਤ ਆਇਆ ।
ਸਾਈਆਂ ! ਕਰੀਂ ਅਸਾਨ ਸੁ ਮੁਸ਼ਕਲ, ਕਾਦਰ ਜੇ ਤੁਧ ਭਾਇਆ । (630)

ਬ੍ਰਾਮਣ ਸਹਿਤੀ ਕੋਲ ਸੁ ਆਵੈ, ਵੇਖੈ ਹੀਰ ਵਿਚਾਰੀ ।
ਜਿਉਂ ਜਿਉਂ ਮਿਲਨ ਤੇ ਹੋਵਣ ਰਾਜ਼ੀ, ਝਾਤ ਪਈਂਦੀ ਬਾਰੀ ।
ਮਹਿਰਮ ਵਾਕਫ਼ ਸਹੀ ਜੋ ਹੋਈ, ਵੇਖ ਉਨ੍ਹਾਂ ਦੀ ਯਾਰੀ ।
ਆਖ ਦਮੋਦਰ ਵੇਖਣ ਤਾਂਈ, ਚਾਈ ਹੀਰ ਰੈਬਾਰੀ । (631)

ਜੇਕਰ ਸਹਿਤੀ ਮੂਲ ਨ ਹੋਵੈ, ਤਾਂ ਬਾਮ੍ਹਣ ਚਲ ਆਵੈ ।
ਸੁਨੇਹੇ ਦੇ ਵੰਞੇ ਹੀਰੇ ਨੂੰ, ਸਹਿਤੀ ਜੋਗ ਸੁਣਾਵੈ ।
ਜੇ ਸਹਿਤੀ ਉਠ ਵੰਞੇ ਪੇਕੇ, ਤਾਂ ਬਮਣੇਟਾ ਆਵੈ ।
ਸਹਿਤੀ ਵਾਲੇ ਦੇ ਸਨੇਹੇ, ਰਾਮੂੰ ਨੂੰ ਸਮਝਾਵੈ ।
ਆਖ ਦਮੋਦਰ ਈਵੈਂ ਬਣਦੀ, ਸਿਆਲ ਰੈਬਾਰੀ ਚਾਵੈ । (632)

ਜੋ ਮੁੱਦਤ ਬਹੁਤ ਮਹਿਰਮੀ ਕੀਤੀ, ਪੜਦਾ ਰਿਹਾ ਨ ਕੋਈ ।
ਸਹਿਤੀ ਆਖੇ ਸੁਣ ਹੀਰੇ ਕੁੜੀਏ ! ਮੈਨੂੰ ਸੁਖ ਦਿਤੋਈ ।
ਜਿੱਕਾਂ ਸਹੀ ਸਨੇਹੇ ਤਾਈਂ, ਜੇ ਤੁਧ ਨਾ ਮਹਿਰਮੀ ਹੋਈ ।
ਆਖੇ ਦੁਖ ਅਸਾਨੂੰ ਅਪਣਾ, ਤੁਧ ਪੜਦਾ ਮਹੀਂ ਨ ਕੋਈ । (633)

ਹੀਰ

ਧੀਦੋ ਨਾਉ ਰੰਝੇਟਾ ਸਹਿਤੀ ! ਮੈਂ ਤਿਸ ਦੇ ਹੱਕ ਵਿਕਾਣੀ ।
ਇਹੁ ਨਸੀਹਤ ਬਿਨਾ ਨਾ ਮਹਿਰਮ, ਮਹਿਰਮ ਹੋਇ ਤਾਂ ਜਾਣੀ ।
ਵੇਦਨ ਕਹਿਰ ਇਸ਼ਕ ਦੀ ਮੈਨੂੰ, ਮੈਂਡੀ ਲਿੰਡੀ ਧਾਣੀ ।
ਹੋਵੈ ਫ਼ਕਰ ਸਹੀ ਸੁਣ ਸਹਿਤੀ ! ਜੇਕਰ ਸਦਾਹੋਂ ਆਣੀ । (634)

**ਸਹਿਤੀ**

ਮੰਦਾ ਕੀਤੋ, ਜੋ ਭੇਤ ਨ ਦਿਤੋ, ਮੈਂ ਤਦ ਹੀ ਫਿਕਰ ਕਰੇਂਦੀ।
ਚੰਨਣ ਵੰਨੀ ਦੇਹੀ ਹੀਰੇ ! ਕਿਉਂ ਈਵੇਂ ਗਾਲ ਵੰਞੇਂਦੀ।
ਇਹ ਦੁਖ ਤੈਂਡੇ ਕੋਲ੍ਹੂ ਕੁੜੀਏ ! ਮੈਂ ਰਾਮੂ ਜੋਰਾ ਭਿਜੇਂਦੀ।
ਮੰਦਾ ਬਹੁਤ ਕੀਤੋਈ ਹੀਰੇ ! ਮੈਂ ਪਈ ਉਸ ਥੁੱਕ ਪੁਛੇਂਦੀ। (635)

**ਹੀਰ**

ਪਿੱਛੇ ਗਈ ਸੁ ਗੁਜ਼ਰੀ ਸਹਿਤੀ ! ਹੁਣ ਮੈਂ ਮਰਦੀ ਆਹੀਂ।
ਉਠੀ ਵੇਖ, ਨ ਕਰਹੁ ਤਹੰਬਲ, ਆਣ ਮੈਂਡਾ ਸਿਰ ਸਾਈਂ।
ਸਦਕਾ ਤੈਂਡਾ ਸਹਿਤੀ ਬੀਬੀ ! ਮਤ ਅਸੀਂ ਜਹਾਨ ਰਲਾਈਂ।
ਆਖ ਦਮੋਦਰ ਸਹਿਤੀ ਉਠੀ, ਰਾਮੂੰ ਭੇਜਣ ਤਾਈਂ। (636)

**ਹੀਰ ਦਾ ਸੁਨੇਹਾ ਲੈ ਕੇ ਰਾਮੂ ਨੇ ਤਖ਼ਤ ਹਜ਼ਾਰੇ ਜਾਣਾ**

ਤਾਂ ਰਾਮੂ ਸੱਦ ਅਲਾਇਆ ਸਹਿਤੀ, 'ਜਾਵਹੁ ਤਖ਼ਤ ਹਜ਼ਾਰੇ।
ਸਾਇਤ ਬਣੇ ਨ ਮੂਲ ਤਹੰਬਲ, ਦੁਖ ਸੁਣਾਏ ਸਾਰੇ।
ਜਿਉਂ ਤੁਧ ਤੇ ਮੈਂ ਪ੍ਰੀਤ ਵਿਆਪੀ, ਤਿਉਂ ਹੀਰੇ ਚਾਕ ਵਿਚਾਰੇ।
ਆਖ ਦਮੋਦਰ ਚਲਣ ਕੀਤਾ, ਬਾਮ੍ਹਣ ਪੈਰ ਸਮ੍ਹਾਰੇ। (637)

ਦੇਹੁ ਸੁਨੇਹੇਂ ਰਾਮੂ ਆਖੇ, ਦੇਹੁ ਨਿਸ਼ਾਨੀ ਕਾਈ।
ਅੱਸਾਂ ਰਹਿਣ ਮੁਹਾਲ ਥੀਓਈ, ਲੈ ਮੁਸੀਬ ਸਿਰ ਚਾਈ।
ਜੇਹੀ ਹੀਰੇ ! ਪੀੜ ਆਪਣੀ, ਤੇਹੀ ਪੀੜ ਪਰਾਈ।
ਆਖ ਸੁਨੇਹੇਂ ਦੇਵਣ ਕਾਰਣ, ਉਠ ਸਲੇਟੀ ਆਈ। (638)

**ਹੀਰ ਦੇ ਸੁਨੇਹੇ**

ਬੇੜੀ ਦੇ ਵਿਚ ਪਲੰਘ ਸੁਹਾਵਾ, ਸੁਤੇਂ ਆਇ ਕਿਵਾਈਂ।
ਮਹੀਂ ਮੁਰੀਦ ਕੀਤੇ ਬੇੜੀ ਵਿਚ, ਸਦਕੇ ਕੀਤੀ ਆਹੀ।
ਸਾਬਤ ਸਿਦਕ ਅਕੀਦਾ ਮੁਹਕਮ, ਜੇ ਦੇਵਹੁ ਮੈਂ ਤ੍ਰਾਈਂ।
ਆਖ ਸਾਹਿਬ ਮੈਂ ਅਉਗਣ ਹਾਰੀ, ਬਖਸ਼ ਗੁਨਾਹ ਅਸਾਂਹੀ। (639)

ਛੱਤੀ ਟਾਲ੍ਹੀ ਤੇ ਗੰਜਾ ਪਿੱਪਲ, ਉਥੇ ਬੋਲ ਕੀਤੋਈ।
ਮੈਂ ਸਿਰ ਛੱਤੇ ਮਾਣੇ ਮਤੇ, ਤੈਂ ਸਿਰ ਬੋਦੀ ਹੋਈ।
ਮਰਦਿਆਂ ਵਾਹ ਜਾਨ ਬਿਨ ਨਾਹੀਂ, ਕੇ ਮਹੀਂ ਕੰਬਖਤੀ ਕੋਈ।
ਆਖ ਦਮੋਦਰ ਕਾਮਲ ਮੁਰਸ਼ਦ, ਗੈਰ ਮੁਰੀਦ ਨ ਹੋਈ। (640)

ਆਖ ਵਿਖਾਂ ਮੈਂਡੀ ਕੇ ਹੋਸੀ, ਪਈ ਫਿਰਾਕੋਂ ਸੜਸਾਂ।
ਆਈਉਮ ਜਾਲ ਕਹਿਰ ਦੀ ਧੀਏ ! ਮੂੰਹ ਵੇਖਣ ਨੇ ਬਲਸਾਂ।

ਜੇ ਸੁਣਿਓਈ ਮੁਇਆਂ ਤਤੀ ਨੂੰ, ਕਹਿਰ ਜਨਾਜ਼ੇਂ ਮਰਸਾਂ।
ਕਬਰੇ ਅੰਦਰ ਨਾਉ ਰਾਂਝਨ ਦਾ, ਦਸਤ ਕੀਤੀ ਲੈ ਵੜਸਾਂ। (641)

ਜੇਹੀ ਪ੍ਰੀਤ ਦਸਰਥ ਸੁਤ ਨੰਦਨ, ਦੂਜੀ ਸੀਤਾ ਆਹੀ।
ਜੇਹੀ ਪ੍ਰੀਤ ਨੰਦ ਕੇ ਨੰਦਨ, ਅਰ ਬ੍ਰਿਖਭਾਨ ਕੀ ਜਾਈ।
ਹੁਣ ਤੈਂਡੀ ਮੈਂਡੀ ਪ੍ਰੀਤ ਅਜੇਹੀ, ਜਾਣੇ ਸਭ ਲੁਕਾਈ।
ਆਖ ਦਮੋਦਰ ਸੁਣ ਮੀਆਂ ਰਾਂਝਾ, ਤੂੰ ਮੈਂਡਾ ਸਿਰ ਸਾਂਈ। (642)

ਉਠੀ ਰਾਮੂ ! ਪਹੁੰਚ ਸਵੇਰੇ, ਮੈਂ ਮਰ ਵੈਂਦੀ ਆਹੀ।
ਸੁੱਤੀ ਅੱਗਾ ਜਗਾਈ ਸਹਿਤੀ, ਤਕ ਮੈਂਡੇ ਕੂ ਲਾਈ।
ਤੈਂਝਾ ਪਹੁੰਚਣ ਰਾਮੂ ਬ੍ਰਾਮਣ, ਤੈਨੂੰ ਕਰਮ ਇਲਾਹੀ।
ਆਖ ਦਮੋਦਰ ਰਾਮੂ ਬ੍ਰਾਮਣ ! ਪਹੁੰਚ ਹਜ਼ਾਰੇ ਭਾਈ। (643)

### ਰਾਮੂੰ ਦਾ ਹਜ਼ਾਰੇ ਜਾਣਾ

ਤਾਂ ਰਾਮੂ ਨੂੰ ਇਸ਼ਕ ਹੀਰੇ ਦਾ, ਲਿੰਡੀਂ ਧਸਕੇ ਆਇਆ।
ਮੁਠੀ ਵੱਟ ਚਲਿਆ ਬਮਣੇਟਾ, ਪੱਲੇ ਖ਼ਰਚ ਨਾ ਪਾਇਆ।
ਮਜ਼ਲ ਵੱਡੀ, ਮੂੰਹ ਰਾਤ ਰਾਮੂ ਨੇ. ਕੇਹਾ ਕਦਮ ਉਠਾਇਆ।
ਆਖ ਦਮੋਦਰ ਜਾਂ ਪਹੁ ਫੁੱਟੀ ਤਾਂ ਕੋਹ ਚਾਲੀ ਅਇਆ। (644)

ਵੜਿਆ ਵਿਚ ਗਿਰਾਂ ਬਮਣੇਟਾ, ਰੋਟੀ ਲੈ ਪਕਵਾਵੇ।
ਡੱਬੇ ਮਾਰ ਲਈ ਅੱਧ-ਪੱਕੀ, ਚੌਂਕੇ ਬੈਠ ਨਾ ਖਾਵੇ।
ਚਾਰ ਪਹਿਰ ਪਿਛਲੇ ਉਠ ਜੁਲਿਆ, ਪਾਸੀਂ ਖੰਭ ਲਗਾਵੇ।
ਆਖ ਦਮੋਦਰ ਨਾਲ ਨਿਮਾਸ਼ੀ ਤਾਂ ਕੋਹ ਅੱਸੀ ਆਵੇ। (645)

ਜਾਇ ਗਿਰਾਂਇ ਵੜਿਆ ਬਮਣੇਟਾ, ਟੁੱਕਰ ਖਾਵਣ ਵਾਰਾ।
ਖਲ੍ਹਿਆਂ ਹੀ ਪਕਵਾਈ ਰੋਟੀ, ਬੈਠੇ ਨਾਹੀਂ, ਅਜੇ ਫਿਰ ਚਲਣਹਾਰਾ।
ਆਈ ਰਾਤ ਬਹੁਤ ਬਾਮ੍ਹਣ ਨੂੰ, ਜ਼ਰਾ ਨਾ ਬਹਿਣੇ ਹਾਰਾ।
ਆਖ ਦਮੋਦਰ ਜਾਂ ਪਹੁ ਫੁੱਟੀ ਤਾਂ ਨਦਰੀ ਪਇਆ ਹਜ਼ਾਰਾ। (646)

ਵੜਿਆ ਆਇ ਹਜ਼ਾਰੇ ਰਾਮੂ, ਘਰ ਬਾਮ੍ਹਣਾਂ ਦੇ ਆਇਆ।
ਕੁਲ ਹਕੀਕਤ ਪੁੱਛੀ ਉਸ ਤੋਂ, ਰਾਮੂ ਸਭ ਦਸਾਇਆ।
ਅੱਗੋ ਕੌਮ ਜੁਲੇ ਕਸ਼ਮੀਰੇ, ਸੱਚ ਨਾ ਮੂਲ ਲਖਾਇਆ।
ਆਖ ਦਮੋਦਰ ਰਾਮੂ ਬ੍ਰਾਮਣ ਏਹਾ ਸੁਖ਼ਨ ਸੁਣਾਇਆ। (647)

### ਰਾਮੂੰ

ਕੇਹੇ ਹਾਕਮ ? ਮੀਰ ਕਿਵੇਹੇ ? ਕੇਹੇ ਸਰਦਾਰ ਤੁਸਾਹੀਂ।
ਕੇਹੇ ਫ਼ਸਲ ਤੁਸਾਡੇ ਭਾਈ ? ਬਹੁਤ ਅਜ਼ੂਦੀਆਂ ਜਾਹੀਂ।

ਮੌਜਮ ਭਲਾ ਸੁਣੀਵੇ ਸਾਊ ! ਆਖੋ ਗੱਲ ਅਸਾਹੀ ।
ਆਖੋ ਪਿਛੇ ਮੌਜਮ ਦੇ ਬੇਟੇ, ਕੇਹੇ ਆਖ ਦਸਾਹੀਂ । (648)

ਹਜ਼ਾਰੇ ਦਾ ਬ੍ਰਾਮਣ

ਬੇਟੇ ਤ੍ਰਾਹੇ ਚੜ੍ਹ ਚੜ੍ਹਦੇ, ਨਿੰਦਣ ਜੋਗੇ ਨਾਹੀਂ ।
ਜੇਹਾ ਸਮਾਂ ਫ਼ਸਲ ਤਿਵੇਹਾ, ਮੀਂਹ ਤਿਵੇਹੇ ਸਾਈਂ ।
ਮੌਜ਼ਕ ਹੋਇਆ ਚੌਥੀ ਬਰਕਤ, ਹੁਣ ਭੀ ਮੰਦੀ ਨਾਹੀਂ ।
ਚੌਥਾ ਬੇਟਾ ਮੌਜਮ ਸੰਦਾ, ਸੱਥਰ ਧੂੰਏਂ ਦਾ ਸਾਈਂ । (649)

ਇਹ ਸੁਣ ਰਾਮੂੰ ਫ਼ਿਕਰ ਕੀਤੋਈ, ਪੁੱਛਣ ਕੀਤਾ ਭਾਈ ।
ਮੌਜਮ ਦੇ ਤ੍ਰੈ ਬੇਟੇ ਚੰਗੇ, ਚੌਥਾ ਕਿੱਥੇ ਸਿਧਾਈ ।
ਦੇਸ ਛੋੜ ਪਰਦੇਸੀ ਹੋਇਆ, ਵੰਞ ਕਿਦੇ ਧੂਈਂ ਪਾਈ ?
ਆਖ ਦਮੋਦਰ ਰਾਮੂੰ ਪੁਛੇ, ਉਸ ਬ੍ਰਾਮਣ ਦੇ ਤਾਈਂ । (650)

ਤਦਣ ਹਜ਼ਾਰੇ ਵਾਲਾ ਬਾਮ੍ਹਣ, ਆਖੇ ਰਾਮੂੰ ਤਾਈਂ ।
ਚੌਥਾ ਬੇਟਾ ਮੌਜਮ ਸੰਦਾ, ਗਇਆ ਨਾ ਛੋੜ ਕਿਦਾਈਂ ।
ਅੱਗੇ ਰਹਿੰਦਾ ਵਿਚ ਸਿਆਲੀਂ ਜਾਂ ਜਾਂ ਹੀਰ ਨਾ ਵਿਆਹੀ ।
ਆਖ ਦਮੋਦਰ ਹੀਰ ਪਰਨੀਂ ਖੇੜੀਂ, ਤਾਂ ਆ ਰਿਹਾ ਇਥਾਈਂ । (651)

ਇਹ ਸੁਣ ਰਾਮੂੰ ਉਠ ਖਲੋਤਾ, ਸ਼ਹਿਰੋਂ ਬਾਹਰ ਆਇਆ ।
ਅੱਗੇ ਨੀਂਗਰ ਖੇਡਦੇ ਆਹੇ, ਦਾਰਾ ਵੰਞ ਪੁਛਾਇਆ ।
ਹਿੱਕ ਅਗੇ, ਹਿਕ ਨਾਲ ਉਠ ਚੱਲੇ, ਚੱਲ ਦਿਖਾਈਉਂ ਤਾਇਆ ।
ਆਖ ਦਮੋਦਰ ਰਾਮੂੰ ਬ੍ਰਾਮਣ, ਦਾਰੇ ਉਤੇ ਆਇਆ । (652)

ਤਾਂ ਰਾਮੂੰ ਦਾਰੇ ਤੇ ਆਇਆ, ਆਸਣ ਆਇ ਕੀਤੋਈ ।
ਸਾਰਾ ਦਿਹੁੰ ਤਕੇਂਦਿਆਂ ਗੁਜ਼ਰਿਆ, ਗੱਲ ਦਾ ਵਿਹਲ ਨਾ ਕੋਈ ।
ਅੱਖੀਂ ਵੇਖ ਹੁੱਟਾ ਬਮਣੇਟਾ, ਸਾਰਾ ਦਿਹੁੰ ਗੁਜ਼ਰਿਓਈ ।
ਆਖ ਦਮੋਦਰ ਜਾਂ ਦਿਹੁੰ ਲੱਥਾ, ਤਾਂ ਅੱਗੋਂ ਰਾਤ ਪਇਓਈ। (653)

ਦਿਹੁੰ ਲੱਥਾ, ਤ੍ਰਕਾਲਾਂ ਪਈਆਂ, ਕੋ ਆਵੈ ਕੋ ਜਾਵੈ ।
ਰਾਮੂੰ ਬੈਠਾ ਤੱਕੇ ਉਦਾਈਂ, ਗਲ ਦਾ ਵਿਹਲ ਨਾ ਪਾਵੈ ।
ਧੀ ਉਦਾਸ ਫਿਰੇ ਚੌਗਿਰਦੀਂ, ਉਥੇ ਬਹਿਣ ਨਾ ਆਵੈ ।
ਆਖ ਦਮੋਦਰ ਰਾਮੂੰ ਆਖੇ, ਲੋਕ ਇੱਥੋਂ ਕਿਵੇਂ ਜਾਵੈ । (654)

ਏਹੋ ਫ਼ਿਕਰ ਡਾਢਾ ਅਸਾਂ ਯਾਰੋ ਜ਼ਰਾ ਅਰਾਮ ਨਾ ਆਂਦਾ ।
ਜੋ ਕੋਈ ਫ਼ਿਕਰ ਹੋਵੇ ਦਿਲ ਅੰਦਰ, ਖਾਵਣ ਪੀਣ ਨਾ ਭਾਂਦਾ ।

ਜਾਂ ਜਾਂ ਫਿਕਰ ਨਾ ਮਿਟੇ ਅਸਾਡਾ, ਤਾਂ ਤਾਂ ਫ਼ਿਕਰ ਨ ਬਾਂਹਦਾ ।
ਆਖ ਦਮੋਦਰ ਜਾਂ ਪਈਆਂ ਨਿਮਸ਼ਾਂ, ਤਾਂ ਲੋਕ ਸਭੋ ਘਤ ਜਾਂਦਾ । (655)

ਜਾਂ ਟੁਰ ਲੋਕ ਗਇਆ ਘਰ ਅਪਣੇ, ਤਾਂ ਰਾਮੂੰ ਚਲ ਆਇਆ ।
ਪਾਸ ਧੀਦੋ ਦੇ ਆਇ ਕਰਾਹੂੰ. ਆਸਣ ਚਾਇ ਵਿਛਾਇਆ ।
ਸੱਜੇ ਖੱਬੇ ਪਰਤ ਡਿਠੋਸੁ, ਨਦਰੀਂ ਕੋਈ ਨਾ ਆਇਆ ।
ਆਖ ਦਮੋਦਰ ਰਾਮੂੰ ਬ੍ਰਾਮਣ, ਗੱਲ ਕਰਨੇ ਨੂੰ ਸਧਰਾਇਆ । (656)

ਡਰਦਾ ਗੱਲ ਨਾ ਆਖੇ ਰਾਮੂੰ, ਮਤ ਕੋਈ ਸੁਣ ਪਾਵੈ ।
ਰਾਮੂੰ ਤੱਕੇ ਸ਼ਹਿਰ ਦੇ ਪਾਸੇ, ਮਤ ਕੋਈ ਆ ਜਾਵੈ ।
ਰਾਂਝੇ ਦਿਲ ਵਿਚ ਏਹਾ ਕੀਤੀ, ਇਹ ਕਿਹੜੇ ਗੁਜ਼ਰ ਸਿਧਾਵੇ ।
ਆਖ ਦਮੋਦਰ ਥੀਆਂ ਜਾਂ ਸੋਤਾ, ਤਾਂ ਰਾਂਝਾ ਤਿਸੇ ਪੁਛਾਵੇ । (657)

**ਧੀਦੋ ਰਾਂਝਾ**

ਕਿਹੜੇ ਪਾਸਿਓਂ ਆਇਓਂ ਬੇਲੀ ! ਵੈਸੇਂ ਕਿਹੜੀ ਜਾਈ ।
ਕੈਂ ਨਾਲ ਤੇਰਾ ਮਤਲਬ ਏਹੈ, ਕੈਨੂੰ ਪੁਛ ਨੈਂ ਭਾਈ ।
ਕੈਂ ਕਾਰਨ ਤੂੰ ਬੈਠਾ ਏਹੈਂ, ਦਿਲ ਦੀ ਗਲ ਸੁਣਾਈਂ ।
ਆਖ ਦਮੋਦਰ ਰਾਮੂੰ ਆਖੇ, ਅਸਾਂ ਰਹਿਣਾ ਇਸੇ ਜਾਈ ॥ (658)

ਰਾਤ ਪਈ ਤਾਂ ਕਹਿਆ ਰੰਝੇਟੇ, ਵਸਤੀ ਵੰਞ ਅਖਾਈਂ ?
ਰਹਿਣ ਬਹਿਣ ਦੀ ਜਾਇ ਕਿਦਾਈਂ, ਸਵੇਰੇ ਕਰਹੁ ਕਿਦਾਈਂ ।
ਜੇ ਨਹੀਂ ਖਰਚ. ਆਟਾ ਘਿਉ ਤੈਂਥੇ, ਤਾਂ ਅਸੀਂ ਕਿਸੇ ਅਖਾਹੀਂ ।
ਪਇਆਂ ਹਨੇਰੇ ਔਖਾ ਥੀਸੀ, ਧੀਦੋ ਆਖ ਸੁਣਾਈਂ । (659)

**ਰਾਮੂੰ**

ਕਿੱਦੇ ਵੰਞਾਂ ਸੁਣਹੁ ਹਕੀਕਤ, ਤੈਂਥੇ ਆਇਆ ਆਹੀ ।
ਤੈਂਥੇ ਹੀਰ ਭੇਜਿਆ ਮੈਨੂੰ, ਸਨੇਹੇਂ ਘਿੰਨ ਦੇਵਾਹੀਂ ।
ਸੁਣ ਕਰ ਲੜਿਆ ਬਹੁਤ ਰਾਮੂੰ ਨੂੰ, ਆਖਣ ਦੀ ਗਲ ਨਾਹੀਂ ।
ਮੈਂ ਕੇ ਜਾਣਾ ? ਤੂੰ ਕੀ ਆਖੇਂ ? ਮੈਂ ਹੀਰ ਜਾਣਾ ਈਂ ਨਾਹੀਂ । (660)

ਤਾਂ ਫਿਰ ਰਾਮੂੰ ਬ੍ਰਾਮਣ ਬੋਲਿਆ[1], ਇਹੋ ਜਬਾਬ ਕਿਤੋਈ ।
ਨਵਾਂ ਬੇੜਾ ਤੇ ਲੁਡਣ ਮੁਹਾਣਾ, ਵੇਖ ਕੇ ਮੁਖ ਘਿਧੋਈ ।
ਨੈਂ ਚਨਾਹਾਂ, ਚੂਚਕਾਣਾ ਪੱਤਣ, ਰਾਂਝਿਆਂ ! ਵੰਞ ਡਿਠੋਈ ।
ਆਖ ਦਮੋਦਰ ਪਲੰਘ ਦੇ ਉਤੇ ਮੈਂ ਆਰਾਮ ਕੀਤੋਈ ॥ (661)

---

[1]ਗ. ਮਿ. ਥੇ. ਤ ਡਾ. ਪ. ਰਿੰ., ਤਾਂ ਫਿਰ ਬ੍ਰਾਮਣ ਬੋਲਿਆ ਬੇਲੀ ।

### ਰਾਂਝਾ

ਨੈਂ ਚਨਾਂਹਾਂ ਤੇ ਲੁੱਡਣ, ਬੇਲੀ ! ਅਸਾਂ ਤਾਂ ਸੁਣਿਆ ਨਾਹੀਂ ।
ਕੈਂਦਾ ਵੰਞਣ ਤੇ ਕੈਂਦਾ ਆਵਣ ? ਮੈਂਡੀ ਜਾਲ ਦਿਖਾਈਂ ।
ਤੂੰ ਤਾਂ ਭੁੱਲੇ ਰਾਮੂੰ ਬ੍ਰਾਮਣ । ਮੈਂ ਤਾਂ ਰਾਂਝਾ ਨਾਹੀਂ ।
ਆਖ ਦਮੋਦਰ ਰਾਂਝਾ ਆਖੇ, ਮੈਂ ਕੇ ਜਾਣਾ ਹੀਰੇ ਤਾਈਂ । (662)

### ਰਾਮੂੰ

ਦੂਜਾ ਘਿਨ ਸਨੇਹਾ ਧੀਦੋ ! ਤੈਨੂੰ ਮੈਂ ਜੁ ਅਖਾਹੀਂ ।
ਛੱਤੀ ਟਾਲ੍ਹੀ, ਤੇ ਲੰਡਾ ਪਿੱਪਲ, ਉਥੇ ਜਾਲ ਤੁਸਾਹੀਂ ।
ਬੇਲੇ ਦੇ ਵਿਚ ਮੈਹੀਂ ਚਾਰੇਂ, ਤੇ ਹੀਰ ਆਵੇ ਤੈਂ ਤਾਈਂ ।
ਜੱਲ੍ਹਰ ਉੱਤੇ ਬਹਿ ਕਰ ਧੀਦੋ ! ਚੂਰੀ ਤੁਧ ਖਵਾਈਂ ।
ਆਖ ਦਮੋਦਰ ਰਾਮੂੰ ਆਖੇ, ਸਨੇਹੇ ਇਹ ਦਿਵਾਈਂ । (663)

ਤੁਟਾ ਪੈਰਾਂ ਉੱਤੇ ਰਾਂਝਾ, ਤੁਧ ਅੱਖੀਂ ਡਿੱਠੀ ਭਾਈ ?
ਸਹੀ ਸਲਾਮਤ ? ਆਖ ਹਕੀਕਤ, ਦਸ ਚੂਚਕ ਦੀ ਜਾਈ ?
ਸਹੀ ਸੱਚ, ਜਾਣ ਅਕੀਦੇ ਤਾਈਂ, ਮੈਂ ਮਰਣੋਂ ਢਿੱਲ ਨਾ ਕਾਈ ।
ਆਖ ਹਕੀਕਤ ਬ੍ਰਾਮਣ ਮੈਨੂੰ, ਹੁਣ ਆਖ਼ਰ ਅੱਸਾਂ ਆਈ । (664)

### ਰਾਮੂੰ

ਰੱਤੀ ਰਤ ਨ ਮਾਸਾ ਮਾਸ ਹੈ, ਆਖਣ ਦੀ ਗੱਲ ਨ੍ਹਾਈਂ ।
ਮਰੈ ਨਹੀਂ, ਮਰ ਜੀਵੇ ਫਿਰ ਫਿਰ, ਮੁਲਕ ਮੁਲਕ ਘੁਤ ਜਾਈਂ ।
ਜਾਂ ਜਾਂ ਦਿਲ ਮੇਰੇ ਵੰਞਣ ਦੀ, ਜੀਤੇ ਤਾਂ ਤਾਂ ਤਾਈਂ ।
ਸੁਣ ਸਾਹਿਬ ਜੇ ਪੈਂ ਫਿਰ ਵੈਂਸਾਂ, ਤਾਂ ਜੀਵਨ ਦੀ ਨਾਹੀਂ । (665)

ਤਾਂ ਮੁਠੀ ਮੀਟੀ ਧੀਦੋ ਰਾਂਝੇ ਤੁਰਾ ਰਾਮੂੰ ਗਲ ਪਾਈ ।
ਪਹੁੰਚ ਕਿਵੀਹੀ ਪਹਿਲਾ ਰਾਮੂੰ, ਮੈਂ ਭੀ ਆਇਆ ਆਹੀ ।
ਆਇਆ ਵੇਖ ਅਸਾਨੂੰ ਹੀਰੇ, ਰਾਮੂੰ ਵੇਖ ਜੀਵਾਈ ।
ਆਖ ਦਮੋਦਰ ਰਾਂਝੇ ਚਲਣ ਕੀਤਾ, ਥੀ ਉਦਾਸ ਤਦਾਹੀਂ । (666)

### ਰਾਂਝੇ ਨੇ ਜੋਗ ਲੈਣ ਜਾਣਾ

ਤਾਂ ਦਾਰਾ, ਝੁੱਗੀ, ਸਾੜੀ ਧੀਦੋ, ਭੰਨੇ ਘੜੇ ਤਦਾਹੀਂ ।
ਅੱਧੀ ਰਾਤੀਂ ਚੱਲਣ ਕੀਤਾ, ਬੈਠਿਆਂ ਬਣਦੀ ਨਾਹੀਂ ।
ਓੜਕ ਆਇ ਪਹੁਤੀ ਸਲੇਟੀ, ਮਤ ਫੇਰ ਪਏਸੀ ਸਾਈਂ ।
ਅਸਾਂ ਤਾਂ ਸਿਕ ਤੁਸਾਡੀ ਹੀਰੇ ! ਸਰ ਪਰ ਤੁਸਾਂ ਮਿਲਾਹੀਂ । (667)

ਪਹਿਲੋਂ ਟਿੱਲੇ ਚਲਿਆ ਰਾਂਝਾ, ਏਹਾ ਮਨ ਵਿਚ ਆਈ।
ਪਹਿਲੀ ਮਜਲ ਰੰਝੇਟੇ ਕੀਤੀ, ਜਿਹਲਮ ਪਹੁਤਾ ਆਈ।
ਦੂਜੀ ਮਜਲ ਕੀਤੀ ਉਠ ਧੀਦੋ, ਚੜ੍ਹੇ ਪਹਾੜੇ ਜਾਈ।
ਆਖ ਦਮੋਦਰ ਤੀਜੀ ਮਜਲੋ, ਟਿੱਲੇ ਪਹੁਤਾ ਧਾਈ। (668)

ਟਿੱਲਾ ਵੰਞ ਡਿਠੋਈ ਧੀਦੋ, ਏਹਾ ਮਨ ਵਿਚ ਪਾਈ।
ਸਟ ਪਰ ਜਾਇ ਦਿਦਾਰਾ ਕੀਚੇ, ਢਿੱਲ ਨਾ ਬਣਦੀ ਕਾਈ।
ਪਹੁਤਾ ਜਾਇ ਮੁਕਾਮ ਪੀਰਾਂ ਦੇ, ਟਿੱਲੇ ਰਾਹ ਪੁਛਾਈ।
ਵੰਞ ਕੀਤੋਸੁ ਦਰਸ਼ਨ ਰਾਂਝ, ਅੱਗੇ ਸਿਧ ਬਗਾਈ।
ਆਖ ਦਮੋਦਰ ਜਿੱਥੇ ਥਾਨ ਪੀਰਾਂ ਦਾ, ਰਾਂਝਾ ਗਇਆ ਤਿਥਾਈਂ। (669)

ਜੋਗੀ ਪੁੱਛੇ ਰਾਂਝੇ ਤਾਈਂ, ਤੂੰ ਕਿਹੜੇ ਦੇਸੋਂ ਆਇਆ।
ਸੂਰਤ ਵੇਖਦਿਆਂ ਹੀ ਜੋਗੀ, ਰਾਂਝੇ ਦਸਤ ਵਿਕਾਇਆ।
ਆਖ ਹਕੀਕਤ ਮੈਂਕੂੰ ਆਪਣੀ, ਕਿੱਤ ਮਨੋਰਥ ਆਇਆ।
ਆਖ ਦਮੋਦਰ ਰਾਂਝੇ ਪਾਸੋਂ ਜੋਗੀ ਏਂਵ ਪੁਛਾਇਆ। (670)

ਕਿਹੜੀ ਜਾਹ ਦਸਾਈਂ, ਬਾਬਾ, ਤੱਕ ਤੁਸਾਨੂੰ ਆਇਆ।
ਗਲ ਵਿਚ ਕਪੜਾ ਪਾਇ ਕਰਾਹੀਂ, ਰਾਂਝੇ ਸੀਸ ਨਿਵਾਇਆ।
ਨਾ ਕੋਈ ਮੇਰੀ ਜਾ ਮੁਕਾਮੀਂ, ਨਾ ਮੈਂ ਕਹੀਂ ਦਾ ਜਾਇਆ।
ਦੇ ਥਾਪਨਾ ਆਪਣੀ ਜੋਗੀ, ਰਾਂਝੇ ਆਖ ਸੁਣਾਇਆਂ। (671)

ਤੇਰੀ ਚਾਲ ਅਜਾਇਬ ਦਿੱਸੇ, ਤੂੰ ਕਿਤਕੂੰ ਜੋਗੀ ਹੋਂਦਾ?
ਹੁਸ਼ਨਾਕ ਜਿਹਾ ਤੂੰ ਨਦਰੀਂ ਆਵੇਂ, ਤੁਝੇ ਜੋਗ ਨਹੀਂ ਸੋਂਹਦਾ।
ਮਾਂ ਦੀਆਂ ਪਕੀਆਂ ਖਾ ਡਿੱਠੀਆਂ ਨੀ, ਕਿਉਂ ਜੋਗ ਦੇ ਮਾਰਗ ਪੌਂਦਾ।
ਇਹ ਗੱਲ ਪੀਰਾਂ ਕਹੀ ਦਮੋਦਰ, ਤਾਂ ਸੁਣ ਰਾਂਝਾ ਰੋਂਦਾ। (672)

ਸ਼ਰਨੀ ਤੇਰੀ ਆਇਆ ਆਹੂੰ, ਰਾਂਝੇ ਸੁਖਨ ਕੀਤੋਈ।
ਜਿਨ੍ਹਾਂ ਤੇ ਕ੍ਰਿਪਾ ਤੁਮਾਰੀ ਹੋਈ, ਜੱਗ ਤੇ ਤਰਿਆ ਸੋਈ।
ਜੋਗ ਲਿਆ ਗੋਪੀ ਚੰਦ, ਭਰਥਰੀ, ਮੈਂ ਗਰੀਬ ਕੇ ਹੋਈ।
ਆਖ ਦਮੋਦਰ ਰਾਂਝਾ ਟਿੱਲੇ, ਚਰਨੀਂ ਆਇ ਪਿਇਓਈ। (673)

ਜੋਗ ਦਾ ਜਾਲਣ ਖਰਾ ਦੁਰੇਡਾ, ਤੂੰ ਕੈ ਜਾਣੇਂ ਬਾਤਾਂ।
ਜੋਗ ਦਾ ਜਾਲਣ ਔਖਾ ਹੋਈ, ਔਖੀਆਂ[1] ਇਸ ਦੀਆਂ ਘਾਤਾਂ।
ਮੰਗ ਖਾਣਾ ਤੇ ਸੱਥਰ ਸੌਣਾ, ਇਹ ਅਸਾਡੀਆਂ ਦਾਤਾਂ।
ਆਖ ਦਮੋਦਰ ਤਾਂ ਜੋਗ ਦਿਵਾਉਂ, ਜੇ ਸਚ ਦਿਸਾਏ ਬਾਤਾਂ। (674)

[1]ਗ. ਸਿੰ. ਬੇ. ਤੇ ਡਾ. ਪ. ਸਿੰ., ਜੋਗਣੀਆਂ।

**ਰਾਂਝਾ**

ਤਖ਼ਤ ਹਜ਼ਾਰਾ ਵਤਨ ਅਸਾਡਾ, ਮੌਜਮ ਦਾ ਮੈਂ ਜਾਇਆ ।
ਪਾਇਆ ਵਖ਼ਤ ਮੈਂ ਘਰੋਂ ਨਿਕੱਥਾ, ਸਿੱਕ ਸਿਆਲੀਂ ਆਇਆ ।
ਚੂਚਕ ਦੇ ਘਰ ਬੇਟੀ ਚੰਗੀ, ਹੀਰ ਸੁ ਨਾਉ ਰਖਾਇਆ ।
ਵੇਖ ਵਿਕਾਣਾ ਉਸਦੇ ਪਿੱਛੇ, ਉਸ ਮੇਰਾ ਜੀਉ ਫਹਾਇਆ ।
ਪਰਨੀ ਗਈ ਦੇਸ ਖੇੜਿਆ ਦੇ, ਤਾਂ ਮੈਂ ਕਜ਼ੀਆ ਪਾਇਆ ।
ਆਖ ਦਮੋਦਰ ਹੋਰ ਜਾਹ ਨਾ ਸੁੱਝੇ ਤਾਂ ਸਾਮ ਤੁਸਾਡੀ ਆਇਆ । (675)

ਇਹ ਸੁਣ ਜੋਗੀ ਥੀਆ ਹੈਰਾਨੀ, ਜਾਂ ਉਸ ਵੀਂਰ ਸੁਣਾਈ ।
ਸੱਦ ਬਹਾਲਿਆ ਚੇਲਿਆਂ ਤਾਈਂ, ਮਸਲਤ ਦੇਵੋਂ ਕਾਈ ।
ਨਾਉਂ, ਜ਼ਾਤ, ਦਸਾਇ ਓਸ ਸੱਤੇ, ਗੱਲ ਨਾ ਕਛੂ ਛਪਾਈ ।
ਆਖ ਦਮੋਦਰ ਚੇਲਿਆਂ ਕੋਲੋਂ, ਜੋਗੀ ਗੱਲ ਪੁਛਾਈ । (676)

ਤਾਂ ਸੁਣ ਚੇਲਿਆਂ ਏਹਾ ਆਖੀ, ਇਹ ਲਾਇਕ ਜੋਗ ਦੇ ਨਾਹੀਂ ।
ਭਈ ਗੱਲ ਨਾ ਆਖੀ ਕਾਈ, ਚਾਕਾਂ ਗੱਲ ਸੁਣਾਈ ।
ਤੂੰ ਏਂ ਪੀਰ ਟਿੱਲੇ ਦਾ ਤੈਨੂੰ, ਚੇਲਿਆਂ ਦੀ ਕਮੀਂ ਨਾ ਕਾਈ[1] ।
ਆਖ ਦਮੋਦਰ ਚੇਲੇ ਆਖਣ, ਇਹ ਗੱਲ ਬਣਦੀ ਨਾਹੀਂ । (677)

ਤਦਾ ਜੋਗੀ ਕਾਵੜ ਕੀਤੀ, ਝਿੜਕਿਆ ਚੇਲਿਆਂ ਤਾਈਂ ।
ਏਹਾ[2] ਕੋਈ ਅਪੀਲ ਦਸੀਏ, ਜੋਗੀ ਥਾਪੀ ਲਾਈ ।
ਲੱਗੀ ਥਾਪੀ ਹੋਰ ਹੋ ਗਇਆ, ਅਜ਼ਮਤ ਕੀ ਰੁਸ਼ਨਾਈ ।
ਆਸਣ ਛੋੜ ਆਇਆ ਪਲ ਅੰਦਰ, ਪੈਰੀਂ ਪਇਆ ਬਗਾਈ ।
ਆਖ ਆਇ ਚੜਿਉਂ ਨੂੰ ਟਿੱਲੇ, ਪੀਰਾਂ ਪੱਲੇ ਤੇਰੇ ਹੀਰ ਪਾਈ । (678)

ਗਲੀਆਂ ਕੱਖ ਭੀ, ਦੁਸ਼ਮਨ ਅੱਗੇ ਆਖ ਜ਼ਬਾਨੋਂ ਜਾਈਂ ।
ਥਾਪੀ ਦੇਵੋ ਸਿਧ ! ਅਸਾਨੂੰ, ਇਹ ਦਿਲ ਰਹਿੰਦਾ ਨਾਹੀਂ ।
ਭੁਈਂ ਪਰਾਈਆਂ ਕਈਂ ਪਰਾਈਆਂ, ਬਣਿਆਂ ਕੰਮ ਤਿਦਾਈਂ ।
ਆਖ ਦਮੋਦਰ ਇਦੋਂ ਉਦੋਂ ਪੈਰੀਂ ਪਏ ਦੁਆਹੀਂ । (679)

ਲੈ ਥਾਪੀ 'ਬਗਾਈਂ' ਕੋਲੋਂ, ਚਲਣ ਤੇ ਚਿਤ ਚਾਇਆ ।
ਭਗਾਵਾਂ ਵੇਸ ਕੀਤੋਈ ਧੀਦੋ, ਕੱਪੜ ਅਜਬ ਬਣਾਇਆ ।
ਮੱਥੇ ਲਾਇ ਬਿਭੂਤ ਰੰਝੇਟਾ, ਦਰਸ਼ਨ ਕੰਨੇ ਪਾਇਆ ।
ਆਖ ਦਮੋਦਰ ਚਲਿਆ ਰਾਂਝਾ, ਆਇ ਕੱਧੀ ਡੇਰਾ ਲਾਇਆ । (680)

[1]ਗ. ਸਿੰ ਬੇ. ਤੇ ਡਾ. ਪ. ਸਿੰ., ਤੂੰ ਪੀਰ ਟਿੱਲੇ ਸਾਰੇ ਦਾ ਸਾਈਂ ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਇਹੁ ।

ਉਥੋਂ ਚਲਿਆ ਫੇਰ ਰੰਝੇਟਾ, ਚੱਲ ਹਜ਼ਾਰੇ ਆਇਆ ।
ਉਲਟਿਆ ਫੇਰ ਹਜ਼ਾਰੇ ਥੀਂ ਪੀਛੇ, ਲੰਮੀ ਤਰਫ਼ ਸਿਧਾਇਆ ।
ਚਨਿਓਟ ਦੇ ਵਿਚਣੂੰ ਚਲਿਆ, ਅਲੀਪੁਰ ਫੇਰਾ ਪਾਇਆ ।
ਆਖ ਦਮੋਦਰ ਤਾਂ ਦਿਹੁੰ ਚੌਥੇ, ਝੰਗ ਸਿਆਲੀਂ ਆਇਆ । (681)

### ਰਾਂਝੇ ਨੇ ਝੰਗ ਵਿਚ ਆਉਣਾ

ਅੱਗੇ ਪਕ ਜੁਆਰੀਂ ਥੀਆ, ਕੁੜੀਆਂ ਮੰਨ੍ਹੇ ਤਾਈਂ ।
ਜੋ ਕਾਈ ਕੁਆਰੀ ਆਹੀ, ਸੋ ਪਰਨੀ ਗਈ ਕਿਦਾਈਂ ।
ਮੰਨ੍ਹੇ ਬੈਠ ਖਬਾਣੀ ਵਾਹਿਨ, ਕਿਹ ਝੇੜਾ ਇਨ੍ਹਾਂ ਤਾਈਂ ।
ਆਖ ਦਮੋਦਰ ਜਿਕ ਸਿਆਲੀਂ, ਰਾਂਝਾ ਵੜਿਆ ਤਦਾਹੀਂ । (682)

### ਰਾਂਝੇ ਦੀ ਬਰਕਤ

ਤਾਂ ਪਹਿਲੀ ਵਿਫਲ ਉੱਠੀ ਸਹੇਲੀ, ਬੋਲ ਕੇ ਸੁਖ਼ਨ ਸੁਣਾਏ ।
ਬੋਲਣ ਮੋਰ, ਚਿਕੋਰ, ਸੰਚਾਨੇ, ਕੋਇਲ ਸ਼ਬਦ ਸੁਣਾਏ ।
ਠੰਢੀ ਵਾਉ, ਜੁਸਾ ਬਹੁ ਠੰਢਾ, ਮੋੜ ਨਾ ਵਾਤ ਹਿਲਾਏ ।
ਆਖ ਦਮੋਦਰ ਸਚ ਕਹੇ ਜੇ ਸਾਈਂ, ਅਜ ਕਦਮ ਰੰਝੇਟੇ ਪਾਏ । (683)

ਦੂਜੀ ਬੋਲ ਸੁਨੇਹੇ ਦਿੱਤੇ, ਭੈਣੇ ਗੱਲ ਅਖਾਈਂ ।
ਛਾਤੀ ਠਾਰ ਹੋਈ ਅਚੇਤੇ, ਬੋਲੇ ਮੋਰ, ਸਬਾਹੀਂ ।
ਲੂੰ ਲੂੰ ਵਿਚ ਖੁਸ਼ਾਲੀ ਭੈਣੇ ਚੜਿਆ ਸੁਆਉ ਅਸਾਹੀਂ ।
ਜਿਨ੍ਹਾਂ ਤੇ ਕਿਰਪਾ ਤੁਮਰੀ ਹੋਈ, ਜੱਗ ਤੇ ਤਰਿਆ ਸੋਈ ।
ਜੋਗ ਲਇਆ ਗੋਪੀ ਚੰਦ, ਭਰਥਰੀ ਮੈਂ ਗਰੀਬ ਕੇ ਹੋਈ ।
ਆਖ ਦਮੋਦਰ ਰਾਂਝਾ ਟਿੱਲੇ ਚਰਨੀ ਆਇ ਪਇਓਈ । (684)

ਸਭੇ ਆਪੋ ਆਪ ਸਿਆਲੀਂ, ਬਹਿ ਬਹਿ ਫ਼ਿਕਰ ਕਰੇਨੀ ।
ਅਜ ਚੂੜਾ ਚੜਿਆ ਬੇਲੇ ਤਾਈਂ, ਬਿਰਖ ਉਗਾਹੀ ਦੇਨੀ ।
ਕਾਹਲ ਹੋਇ ਗਈਆਂ ਜੁਸੇ ਵਿਚ, ਕੇਹਾ ਫ਼ਿਕਰ ਕਰੇਨੀ ।
ਆਖ ਦਮੋਦਰ ਛੋੜ ਜੁਆਰੀਂ ਰਾਂਝੇ ਨੂੰ ਅਗੋਲੇਨੀ । (685)

ਰਹੀਆਂ ਢੂੰਡ ਸਿਆਲੀਂ ਹੱਥੇ, ਫਿਰ ਰਹੀਆਂ ਸਭ ਜਾਹੀਂ ।
ਢੂੰਡਨ ਖੂਹ ਸਿਲਾਬੇ ਬੰਨੇ, ਢੂੰਡਨ ਟੋਬੇ ਵਾਹੀ ।
ਢੂੰਡਨ ਕਾਹਿ, ਕੁਕਾਹਿ, ਬੇਖ਼ੂਲਾਂ ਢੂੰਡਨ ਸੱਭੇ ਜਾਹੀਂ ।
ਆਖ ਦਮੋਦਰ ਢੂੰਡ ਹੁੱਟੀਆਂ, ਮੂਲ ਲਧੋਂਕੇ ਨਾਹੀਂ । (686)

ਫਿਰ ਉਠ ਸਿਆਲੀਂ ਢੂੰਡਨ ਲਗੀਆਂ, ਕੇਹੀ ਰਊਸ ਢੂੰਡੇਨੀ ।
ਪਾਤਸ਼ਾਹਾਂ ਦੇ ਚਾਕਰਾਂ ਵਾਂਙੂ, ਹਥ ਅਗੋਲ ਕਰੇਨੀ ।

ਢੂੰਡ ਸਹੀ ਸੱਚ ਬੇਲਾ ਬਾਹਰ ਨਹੀਂ ਤਹੰਬਲ ਦੇਨੀ ।
ਆਖ ਦਮੋਦਰ ਬੂਟਾ ਬੂਟਾ ਹਥ ਅਗੋਲਾ ਦੇਨੀ । (687)

ਫਿਰ ਫਿਰ ਫਿਕਰ ਕਰੇਨ ਸਿਆਲੀਂ ਢੂੰਡਨ ਤੇ ਮਨ ਚਾਇਆ ।
ਰਹੀਆਂ ਹਾਰ ਸਭੇ ਹੀ ਕੁੜੀਆਂ, ਮੂਲ ਨਾ ਨਜ਼ਰੀਂ ਆਇਆ ।
ਬੇਲੇ ਢੂੰਡ ਕੀਤੀਆ ਨੇ ਡਾਢੀ, ਕਿਤੇ ਨਾ ਕੋਈ ਦਿਸਾਇਆ ।
ਆਖ ਦਮੋਦਰ ਕੁੜੀਆ ਤਾਈਂ, ਹਿਕ ਜੋਗੀ ਨਦਰੀਂ ਆਇਆ । (688)

ਤਾਂ ਮਿਲ ਘੇਰ ਘਿੱਧੋਨੇ ਜੋਗੀ, ਅਸੀਂ ਤੁੱਧ ਪੁਛਾਈਂ ।
ਬੁੱਝਣਾ ਹੁੰਦਾ ਕੰਮ ਤੁਸਾਡਾ, ਵੇਖਾਂ ਦੱਸ ਅਸਾਹੀਂ ।
ਦੂੰਹ ਵਿਚੋਂ ਹਿਕ ਕੇਹੜਾ ਮਿਲਦਾ, ਬਹੁਤ ਵਿਰਾਗੀਆਹੀ ।
ਜੇ ਮਿਲੇ ਕੋਈ ਦੂੰਹ ਵਿਚੋਂ ਸਾਨੂੰ, ਤਾਂ ਲਾਪ ਜੁਆਰ ਦਿਵਾਹੀਂ । (689)

ਮਾਲਾ ਮਣਕੇ ਫਿਰ ਫਿਰ ਪਰਤੇ, ਮੂੰਹੋਂ ਨ ਮੂਲ ਅਲਾਏ ।
ਨਾਸਾਂ ਤੇ ਧਰ ਸਿੰਝੇ ਮਣਕੇ, ਫਿਰ ਫਿਰ ਅੱਖੀਂ ਲਾਵੇ ।
ਮਾਲਾ ਢੂੰਡ ਰਹਿਆ ਮਤਵਾਰੀ, ਦਿਲ ਵਿਚ ਦਗ਼ਾ ਹੰਢਾਏ ।
ਆਖ ਦਮੋਦਰ ਕਰ ਕਰ ਅੰਗੁਲ, ਉਤੇ ਤਰਫ਼ ਬੁਝਾਏ । (690)

ਕੇ ਤੂੰ ਅੰਨ੍ਹਾ ? ਕੇ ਗੁੰਗਾ ਡੋਰਾ ? ਮੂੰਹੋਂ ਬੁਲੇਂਦਾ ਨਾਹੀਂ ?
ਏਹੋਂ ਕੌਣ ਇਆਣਾ ਜੋਗੀ ? ਮੂੰਹ ਬੱਧਾ ਫਿਰੇ ਕਿਵਾਈਂ ?
ਕੇ ਤੂੰ ਸਿਹਰੀ ? ਕਿਉਂ ਚੁਪ ਕੀਤਾ, ਬੁਝ ਸਕਾਹਾਂ ਨਾਹੀਂ ।
ਆਖ ਦਮੋਦਰ ਕਾਹਲ ਹੋਈਆਂ, ਵਹਿਲਾ ਦਸ ਅਸਾਈਂ । (691)

ਫਿਰ ਮਾਲਾ ਹਥ ਲੀਤੀ ਜੋਗੀ, ਮਣਕੇ ਪਰਤ ਸਟੇਂਦਾ ।
ਕਾਵੜ ਨਾਲ ਕਰੇ ਸਭ ਸ਼ਾਰਤ, ਮੂੰਹੋਂ ਨਾ ਮੂਲ ਅਲੇਂਦਾ ।
ਲਾਪ ਜੁਆਰ ਦਿਵਾਹਾਂ ਤੈਨੂੰ, ਕਿਉਂ ਨੀਹੋਂ ਸਵਣ ਸੁਣੇਂਦਾ ।
ਆਖ ਅਸਾਂ ਸਚ, ਦੇ ਸਨੇਹਾ, ਫਿਰ ਫਿਰ ਹੱਥ ਮਰੇਂਦਾ (692)

ਤਾਂ ਕੁੜੀਆਂ ਬੋਲ ਸਨੇਹੇ ਦਿੱਤੇ, ਪਿਛੋਂ ਜੋਗੀ ਆਇਆ ।
ਆਈ ਵਾਊ ਉੱਤੇ ਦੀ ਅਸਾਂ, ਤੁਸਾਂ ਮੁਸ਼ਕ ਨਾ ਆਇਆ ?
ਡਿੱਠੋ ਸਹੀ, ਸਿਆਣ ਪਛਾਤਾ, ਹੋਰ ਸੁ ਨਹੀਂ ਕਰ ਪਾਇਆ ।
ਹੱਸੀ ਆਖਿਆ ਜੋਗੀ ਨੀਹੇਂ, ਇਹ ਆਪ ਰੰਝੇਟੇ ਆਇਆ । (693)

ਜਾਣ ਸਿਞਾਤਾ, ਸਭਨਾ ਸਹੀਆ, ਗਈਆਂ ਚਮੜ ਤਿਵਾਈਂ ।
ਸਹੀ ਸੱਚ ਜਾਤੇ ਨੇ ਧੀਦੋ, ਮੂੰਹੋਂ ਬੁਲੇਂਦਾ ਨਾਹੀਂ ।

ਕੇਈ ਪੈਰੀਂ, ਕੇਈ ਹੱਥੀ, ਕੇਈ ਜੰਘਾਂ, ਕੇਈ[1] ਬਾਹੀਂ ।
ਕੇਈ ਪਿੱਛੇ, ਕੇਈ ਅੱਗੇ, ਕੇਈ ਵੇਖਣ ਤਾਈਂ ।
ਆਖ ਦਮੋਦਰ ਕੇਹੀ ਰੜ੍ਹੈਂਜੇ, ਜਣ ਮੰਗਣ ਮੂੰਹੋਂ ਮਾਹੀ । (694)

ਪੁਛ ਨ ਦੁਖ, ਹਕੀਕਤ ਆਖਣ, ਰੋਵਣ, ਕੱਦਣ ਆਹੀਂ ।
ਅਸਾਂ ਵਿਸਾਰ ਬੈਠੋਂ, ਸੁਣ ਸਾਹਿਬ ! ਚਿੱਤ ਆਈਆਂ ਤੈਂ ਨਾਹੀਂ ?
ਜੋਗੀ ਹੋਈ, ਨਾ ਕੀਤੋ ਫੇਰਾ ? ਅਸੀਂ ਓਹੋ ਆਤਣ ਆਹੀਂ ।
ਆਖ ਦਮੋਦਰ ਨੱਪ ਅੰਦੋਨੇ, ਜਿੱਥੇ ਟਾਲੀ ਪੂੰਆਂ ਆਹੀਂ । (695)

ਚਿਰੀਂ ਵਿਛੁੰਨੀਆਂ, ਦੁਖ ਫੁਲੇਂਦੀਆਂ, ਬਹੁਤ ਵੈਰਾਗ ਕੀਤੋਨੇ ।
ਦੁਖ ਪੁਰਾਣੇ ਜ਼ਾਹਰ ਕੀਤਿਆਂ ਨੇ, ਧੀਦੋ ਲੈ ਬਹਿਓਨੇ ।
ਮਜਲਸ ਰੰਜ ਕੀਤੀ ਸਿਆਲੀਂ, ਏਹੋ ਫ਼ਿਕਰ ਕੀਤੋਨੇ ।
ਆਖ ਦਮੋਦਰ ਸਹੀ ਸਿਆਲੀਂ ਰਾਂਝੇ ਨੇ ਆਖਿਓਨੇ । (696)

**ਹੱਸੀ**

ਹੋਵੇ ਹੁਕਮ ਅਖਾਹਾਂ ਤੈਨੂੰ, ਜੇ ਤੈਂਡੇ ਮਨ ਭਾਵੇ ।
ਜਾਲ ਦਿਖਾਈਂ, ਗੋਇਲ ਕੀਚੈ, ਆਤਣ ਆਖ ਸੁਣਾਵੇ ।
ਓਹੋ ਬੇੜੀ, ਤੇ ਓਹੋ ਬਲਾ, ਆਤਣ ਪੱਲੂ ਪਾਵੇ ।
ਆਖ ਦਮੋਦਰ ਜਾਲ ਦਿਖਾਈਂ, ਅੱਸਾਂ ਬਹੁਤ ਹਿਤਾਵੇ । (697)

**ਧੀਦੋ**

ਸੁਣ ਹੱਸੀ ! ਮੈਂ ਕੀਕਰ ਜਾਲੀਂ, ਇਹ ਦਿਲ ਲਗਦਾ ਨਾਹੀਂ ।
ਹੀਰੇ ਬਾਝੋਂ ਕੁੱਲ ਹਨੇਰਾ, ਕੁਲ ਦਿਸੀਂਦਾ ਨਾਹੀਂ ।
ਰਗ ਰਗ ਦੇ ਵਿਚ ਹੀਰ ਸਮਾਣੀ, ਹੋਰ ਨਾ ਕੋ ਅਸ਼ਨਾਈ ।
ਆਖ ਹੱਸੀ, ਵੈਂਦਾ ਤਾਂ ਖੇੜੀਂ ! ਵੇਖਾਂ, ਕੇ ਭਾਵੇ ਖ਼ਸਮੇ ਤਾਈਂ । (698)

**ਹੱਸੀ**

ਸੁਣ ਧੀਦੋ ! ਹਿਕ ਅਰਜ਼ ਅਸਾਡੀ, ਕਿਤ ਕੂੰ ਅਗੇ ਵੈਂਦਾ ।
ਤੂੰ ਓਹੋ ਰਾਂਝਾ, ਤੇ ਅਸੀਂ ਓਹੋ ਕੁੜੀਆ, ਕਿਉਂ ਨਹੀਂ ਗੱਲ ਮਨੇਂਦਾ ।
ਬਹੁਤ ਉਡੀਕ ਤੁਸਾਡੀ ਮੈਕੂੰ, ਹੁਣ ਨੀਹੋਂ ਰਹਿਣ ਕਰੇਂਦਾ ।
ਆਖ ਦਮੋਦਰ ਨਹੀਂ ਤਾਂ ਆਤਣ ਨਾਲੇ ਤੇਰੇ ਵੈਂਦਾ । (699)

**ਰਾਂਝਾ**

ਸੁਣ ਹੱਸੀ ! ਸਿਰ ਰਖ ਤਲੀ ਤੇ, ਮੈਂ ਹੀਰੇ ਧਿਰ ਆਇਆ ।
ਜਿੰਦੇ ਜੀਊ, ਮੈਂਡੀ ਤਾਂਘ ਤਿਤੇ ਵਲ, ਹੁਣ ਮੈਂ ਆਪੇ ਆਇਆ ।

---

[1]ਗ. ਸਿ. ਬੇ., ਕਹੀ ਬਾਹੀਂ ।

ਵੱਸ ਨ ਮੈਂਡਾ ਚਲੇ ਇਦਾਂਈ, ਹੁਕਮੀਂ ਪਕੜ ਚਲਾਇਆ ।
ਕੀਕਣ ਰਹਾਂ ਸਿਆਣੀ ਹੱਸੀ ! ਚਿਤ ਸਿਆਲੀ ਹੀਰ ਫਹਾਇਆ । (700)

ਹੱਸੀ

ਜੇ ਤੂੰ ਚੱਲੇਂ ਲੈ ਚੱਲ ਅਸਾਨੂੰ, ਬੇਲਾ ਖਾਵਣ ਆਇਆ ।
ਇਸ ਵਿਰਾਗ, ਅਸਾਂ ਜੀਵਣਾ ਮੁਸ਼ਕਲ, ਜੀਵਾਂ ਕੇ ਸੁਖ ਪਾਇਆ ।
ਨਾ ਤੂੰ ਧੀਦੋ, ਨਾ ਹੀਰ ਅਸਾਂਥੇ, ਚਲ ਜਿਦੋ ਤੁਧ ਭਾਇਆ ।
ਆਖ ਦਮੋਦਰ ਨਾ ਰਹਿ ਸਾਊਂ, ਕਿਆ ਥੀਆ ਜੇ ਤੁਧ ਵਲਾਇਆ । (701)

ਰਾਂਝਾ

ਸੁਣ ਹੱਸੀ ! ਮੈਂ ਕੀਕਰ ਜਾਲੀਂ, ਬੇਲਾ ਮੈਨੂੰ ਖਾਂਦਾ ।
ਹੀਰ ਨਾਲ ਮਣੀ ਰਲ ਗਈਆਂ, ਉਸ ਬਿਨ ਮੈਂ ਕੀਕਣ ਰਾਂਹਦਾ ।
ਇਕਤਵਾਰ ਵੇਖਾ ਹਾਂ ਸਲੇਟੀ, ਮੇਰਾ ਜੀਉ ਸੁ ਚਾਂਹਦਾ ।
ਹੱਸੀ ਆਖ ! ਮੈਂ ਡਿੱਠੇ ਬਾਝੋਂ, ਮੂਲ ਵਿਰਾਗ ਨਾਲਾਂਹਦਾ । (702)

ਹੱਸੀ

ਚਲ ਚਲਾਇ ਅਸਾਂ ਨੂੰ ਨਾਲੇ, ਅਸੀਂ ਹੁਣ ਰਹਂਦੀਆਂ ਨਾਹੀਂ ।
ਜੇਹੀਂ ਆਪਣੀ ਪੀੜ ਸਿਞਾਣੇ, ਸਾਡੀ ਭੀ ਜਾਣ ਤਿਵਾਈਂ ।
ਆਖ ਜਲੀਹਾਂ ! ਕੀਕਰ ਮੀਆਂ, ਤੂੰ ਤਾਂ ਰਹਿੰਦਾ ਨਾਹੀਂ ।
ਆਖ ਦਮੋਦਰ ਰਹਿਣ ਔਖੇਰਾ, ਤੂੰ ਲੈ ਚਲ ਨਾਲ ਅਸਾਂਹੀ । (703)

ਜੇ ਦੇਖੇ ਰਾਂਝਾ ਰਹਿਨ ਨ ਮੂਲੇ, ਤਾਂ ਇਸ 'ਰਹਿਣ' ਸੁਣਾਇਆ ।
ਨਾਲ ਨ ਆਵਣ ਹੋਵੇ ਮੈਂਡੇ, ਕਿਸਮਤ ਪੇਲ ਚਲਾਇਆ ।
ਸਭਨਾਂ ਸਖੀਆਂ ਚੂਰੀ ਛੰਨਾ[1], ਰਾਂਝੇ ਕਾਣ ਮੰਗਾਇਆ ।
ਆਖ ਸੁਣਾਇ ਸਰੋਦ ਅਸਾਨੂੰ, ਹੱਸੀ ਏਂਵ ਦਸਾਇਆ । (704)

ਘਿੱਨ ਬੰਝੀਹਾ ਰਾਂਝੇ ਵਾਹਿਆ, ਕੇਹਾ ਰਾਗ ਉਠਾਇਆ ।
ਪਸ਼ੂ, ਪਰਿੰਦੇ ਸ਼ੀਂਹਤੇ ਚਿਤਰੇ, ਸਭ ਤਮਾਸ਼ੇ ਆਇਆ ।
ਗਈਆਂ ਸੁਧ, ਸਿਆਲੀਂ ਹੈਰਤ, ਜਣ ਕਹੀਂ ਸ਼ਰਾਬ ਪਿਵਾਇਆ ।
ਆਖ ਦਮੋਦਰ ਰਾਂਝਾ ਉੱਤੇ ਵੇਲੇ, ਜੁੱਤੀ ਚਾੜ੍ਹ ਸਿਧਾਇਆ । (705)

ਰਾਂਝੇ ਦਾ ਜੋਗੀ ਬਣ ਕੇ ਰੰਗਪੁਰ ਆਉਣਾ

ਸਹਿਤੀ ਦਾ ਗਿਰਾਂਇ ਸੁਹਾਵਾ, ਧੀਦੋ ਤਿੱਥੇ ਆਇਆ ।
ਚੋਖੀ ਤੌਰ ਗਿਰਾਉਂ ਡਿਠੋਸੁ, ਮਲਖ ਬਹੁੰ ਖ਼ੁਸ਼ ਆਇਆ ।

---

[1] ਸ਼. ਸਿ. ਬੇ. ਤੇ. ਡਾ. ਪ. ਸਿੰ., ਸਹੇਲੀਆਂ ਸਭਨਾਂ ਚੂਰੀ ਛੰਨਾ ।

ਅਗੇ ਸ਼ਹਿਰ ਖੇੜਿਆਂ ਦਾ ਤ੍ਰੈ ਕੋਹ, ਏਹੋ ਦਿਲ ਨੂੰ ਭਾਇਆ।
ਨਹੀਂ ਜ਼ਰੂਰ ਲਿਖੇ ਨਹੀਂ ਦੇਣੇ, ਕਰ ਮਸਲਤ ਧੂੰਆਂ ਪਾਇਆ। (706)

ਬੈਠਾ ਜਾਇ ਦਰਿਆਉ ਦੀ ਕੱਧੀ, ਤਿੱਥੇ ਆਸਣ ਲਾਇਆ।
ਕਰ ਕਰ ਮਸਲਤ ਘਿੰਨ ਫਹੌੜੀ, ਧੂਏਂ ਕਾਰਨ ਪਾਇਆ।
ਅੱਗੇ ਰਾਣੀ ਸਹਿਤੀ ਬੈਠੀ ਤਿਸ ਨੂੰ ਨਦਰੀਂ ਆਇਆ।
ਆਖ ਦਮੋਦਰ ਫ਼ਿਕਰ ਕਰੇਂਦੀ, ਸੂਰਜ ਧਰਤੀ ਆਇਆ। (707)

ਧੂੰਆਂ ਮੇਲ ਬਧੋਈ ਜੋਗੀ, ਕਿਸਥੋਂ ਆਖ ਚਵਾਇਆ।
ਸਹਿਤੀ ਵੇਖ ਹੈਰਾਨ ਥੀਆਈ, ਜਾਂ ਤਿਸ ਨਦਰੀਂ ਆਇਆ।
ਆਈਂ ਚਲ ਚਲਾਵਣ ਧੂੰਆਂ, ਤਾਂ ਇਹ ਆਖ ਸੁਣਾਇਆ।
ਆਖ ਦਮੋਦਰ ਸਹਿਤੀ ਜੋਗੀ, ਤਾਂ ਮੂੰਹ ਮੱਥਾ ਲਾਇਆ। (708)

ਸਹਿਤੀ

'ਕਿਤ ਵਿਹੂਣਾ ਜੋਗੀ ਹੂਆ' ਤੈਥੋਂ ਸੁਖਨ ਪੁਛੇਂਦੀ।
ਮੂੰਹ ਮਤਾਬ, ਅਖੀਂ ਬਲਨ ਮਸਾਲਾਂ, ਵਾਹ ਜੁਆਨੀ ਤੈਂਦੀ।
ਜੈਂ ਕੰਡ ਦੇਇ ਸਿਧਾਇਓਂ, ਬਾਹਰ, ਫੁਟਮ ਮਾਉਂਜਏਂਦੀ।
ਆਖ ਦਮੋਦਰ ਸਹਿਤੀ ਪੁੱਛੇ, ਦੱਸ ਜੋਗੀ ! ਸਦਕੇ ਵੈਂਦੀ। (709)

ਜੋਗੀ

ਉਤੋਂ ਝੜਿਆ ਧਰਤ ਪਛਾੜਿਆ, ਮੇਰਾ ਕੋਈ ਕਿਥਾਊਂ ਨਾਹੀਂ।
ਨਾ ਕੋਈ ਲੂਹ ਨ ਤਕੀਆਂ ਮੈਂਡਾ, ਕੇਹੜੀ ਗੱਲ ਅਖਾਂਈ।
ਦਰ ਦਰਵੇਸ਼ਾਂ ਮੰਗਣ ਮਾਈ ! ਕੋਈ ਇਜ਼ਤ ਦੇਵੇ ਨਾਹੀਂ।
ਜੇ ਕੋ ਅੱਗਾ ਪਿੱਛਾ ਹੋਵਮ, ਤਾਂ ਤੈਨੂੰ ਆਖ ਸੁਣਾਈ। (710)

ਸਹਿਤੀ

ਵੱਡਾ ਫ਼ਕੀਰ ਤਪੱਸੀ ਵੱਡਾ, ਤੂੰ, ਮੈਂਕੂੰ ਨਦਰੀ ਆਇਆ।
ਤੈਂਡੇ ਸਦਕੇ ਕੀਤੀ ਜੋਗੀ, ਧੂੰਆਂ ਹੱਥ ਉਠਾਇਆ।
ਹੋਈ ਮੈਂ ਰਾਜ਼ੀ ਦਰਸ਼ਨ ਦਿੱਤੋ, ਬਖ਼ਤ ਅਸਾਡੇ ਆਇਆ।
ਤਦੋਂ ਫ਼ਕੀਰੀ ਕਿੱਥੇ ਧਰੀਆ ! ਜੇ ਲੁੱਡਣ ਜੋਗ ਮਰਾਇਆ। (711)

ਧੂਈਂ ਵੀਟ ਸਟਾਈ ਧੀਦੋ, ਲਜ ਕਰ ਕਾਵੜ ਆਇਆ।
ਤ੍ਰਾਨੇਂ ਦੇਇ ਫ਼ਕੀਰਾਂ ਤਾਂਈ, ਅੱਸਾਂ ਇਹੁ ਨਾ ਭਾਇਆ।
ਫੇਰ ਮਸੇਂ ਬੰਨ੍ਹਾਇਆ ਧੂੰਆਂ, ਸਹਿਤੀ ਜੋਗੀ ਜੋਗ ਚਵਾਇਆ।
ਤਦੋਂ ਫ਼ਕੀਰੀ ਕਿਥੇ ਧਰੀਆ ਜਾਂ ਸਿਰ ਤੇ ਟੰਮਦ ਚਾਇਆ ? (712)

ਫੇਰ ਸੁ ਧੂੰਈਂ ਵੀਟੀ ਧੀਦੋ, ਕਾਵੜ ਬਹੁਤ ਕਰੇਂਦਾ।
ਮੰਦੇ ਸੁਖਨ ਅਲਾਏਂ ਅਸਾਨੂੰ ਇਹ ਮਨ ਰੋਸ ਧਰੇਂਦਾ।
ਅਸਾਂ ਕਿ ਲਗੇ ਇਨ੍ਹਾਂ ਗਾਲੀਂ, ਜੇ ਕੋਈ ਬੁਰਾ ਅਲੈਂਦਾ।
ਆਖ ਦਮੋਦਰ ਨਾਲ ਕਾਵੜ ਦੇ, ਧੂੰਈ ਚਾਇ ਵੀਟੇਂਦਾ। (713)

ਸਹਿਤੀ

ਭੁੱਲੀ ਭੁੱਲੀ ਮਹੀਂ ਫ਼ਕੀਰਾ ! ਮੰਦਾ ਸੁਖਨ ਅਲਾਇਆ।
ਆਪੇ ਮੇਲ, ਬਹਾਇਉਸ ਸਹਿਤੀ, ਸੁਣਵੇ ਘੋਲ ਘੁਮਾਇਆ।
ਬੇਤਕਸੀਰ ਤੂੰ ਡਾਢੇ ਮੈਨੂੰ, ਏਵੇਂ ਕਾਵੜ ਆਇਆ।
ਤਦੋਂ ਫ਼ਕੀਰੀ ਕਿੱਥੇ ਧਰੀਆ, ਘਿੰਨ ਚੂਰੀ ਕੋਦੋਂ ਨੂੰ ਪਾਇਆ ? (714)

ਏਹੇਂ ਕਵਣ ? ਤੂੰ ਆਖ ਹਕੀਕਤ ਗੁੰਮੀਂ[1] ਰੋਗ ਲਏਂਦੀ ?
ਤੁੱਟਾ ਪੈਰਾਂ ਉਤੇ ਧੀਦੋ, ਸੁਧ ਸੁਨੇਹਾ ਦੇਂਦੀ।
ਜੋ ਕੁਝ ਪਿਛੇ ਗੁਜਰੀ ਆਹੀ, ਮੈਂ ਸਿਰ, ਜ਼ਾਹਰ ਪਈ ਕਰੇਂਦੀ।
ਆਖ ਦਮੋਦਰ ਮੈਂ ਸਾਮ ਤੁਸਾਡੀ, ਮੈਕੂੰ ਸੱਚ ਦਸੇਂਦੀ। (715)

ਸਹਿਤੀ

ਸੁਣ ਧੀਦੋ ਘਰ 'ਹੀਰ' ਮਤਿੰਡੇ, ਉਸ ਹੱਥੇ ਭੇਤ ਸੁਣਾਇਆ।
ਕੁਲ ਹਕੀਕਤ ਮੈਨੂੰ ਦੱਸੀ, ਤੁਸਾਂ ਕੀਕਰ ਇਸਕ ਲਗਾਇਆ।
ਖ਼ਾਤਰ ਜਮਾਂ ਕਰ ਧੀਦੋ ਰਾਂਝਾ, ਬ੍ਰਾਮਣ ਅਸਾਂ ਭਿਜਵਾਇਆ।
ਆਖ ਦਮੋਦਰ ਸਹਿਤੀ ਧੀਦੋ ਤਾਈਂ, ਬਹੁਤ ਦਿਲਾਸਾ ਲਾਇਆ। (716)

ਸੁਣ ਕਰ ਸੁਖਨ ਰੁੰਨਾ ਬਹੁ ਧੀਦੋ, ਮੈਂਕੂ ਤੁਧ ਸਦਾਇਆ।
ਸੱਭਾ ਲੱਜ ਪਈਆਂ ਗਲ ਤੇਂਡੇ, ਗਲ ਵਿਚ ਪਲੂ ਪਾਇਆ।
ਪਈਆ ਲੱਜ ਨਿਬਾਹੇਂ ਸਹਿਤੀ ! ਮੈਂ ਤੈਥੋਂ ਘੋਲ ਘੁਮਾਇਆ।
ਆਖ ਦਮੋਦਰ ਲੱਜ ਤੁਸਾਨੂੰ, ਸ਼ਰਮ ਤਹੂੰ ਗਲ ਪਾਇਆ। (717)

ਸਹਿਤੀ

ਸੁਣ ਵੇ ਧੀਦੋ ! ਲੱਜ ਤੁਸਾਡੀ ਜਾਂ ਮੈਂ ਗੱਲ ਵਿਚ ਪਾਈ।
ਨੌ ਸੌ ਪੱਗ ਪਿਕਾਇਣ ਸੰਦੀ, ਵੇਖ ਮਹੀਂ ਲਜਾਈ।
ਰਾਤ ਗੁਜ਼ਾਰ, ਸਬਾਹੀਂ ਜਾਵੇਂ, ਕੱਧੀ ਧੂੰਆ ਲਾਈਂ।
ਮੂੰਹੋਂ ਚੁਪਾਤਾ ਹੋ ਕੇ ਬੈਠੀਂ, ਮੂਲ ਨ ਕਿਸੇ ਲਖਾਈਂ। (718)

ਰਾਤ ਗੁਜ਼ਾਰ ਉਠ ਚਲਿਆ ਤਿਵੀਹੀਂ, ਤਾਂ ਚਲ ਖੇੜੀਂ ਆਇਆ।
ਕਰ ਆਸਣ ਬੈਠਾ ਕੱਧੀ ਤੇ, ਕਿਸੇ ਨ ਮੂਲ ਲਖਾਇਆ।

---
[1] ਗ.ਸਿੰ. ਬੇ. ਤ ਡਾ. ਪ. ਸਿੰ., ਰੁੰਮੀਂ।

ਬੈਠਾ ਬਹਿਣ ਤੇ ਅੱਚੋਂ ਪਿੰਡੇ, ਬਹੁਤ ਫ਼ਿਰਾਕ ਸਦਾਇਆ ।
ਆਖ ਦਮੋਦਰ ਵੱਡੇ ਵੇਲੇ ਧੂਈਂ ਮੇਲਣ ਨੂੰ ਆਇਆ । (719)

**ਜੋਗੀ ਤੇ ਹੀਰ**

ਅਗੇ ਸੁੱਤੀ ਹੀਰ ਸਿਆਲੀ, ਜਾਂ ਇਹ ਨਜ਼ਰ ਲਗਾਏ ।
ਰੱਤੀ ਰੱਤ, ਨ ਮਾਸਾ ਮਾਸਹਿ, ਹੱਥ ਫਾਟੇ, ਧੌਣ ਹਿਲਾਏ ।
ਕਾਲਾ ਕਿੜਾ ਤੇ ਤਰੁੱਟਾ ਤ੍ਰੁੱੜਾ, ਸੁੱਤੀ ਪਾਸਾ ਲਾਏ ।
ਆਖ ਦਮੋਦਰ ਵੇਖੇ ਰਾਂਝਾ, ਹੀਰ ਪਈ ਗਮ ਖਾਏ । (720)

ਤਲੀਏਂ ਟੇਕ, ਪੱਟੇ ਸਿਰ ਛੋਹਿਰ, ਕੈਨੂੰ ਹਾਲ ਸੁਣਾਏ ।
ਪੋਸਤੀ ਵਾਂਙੂ ਪਿਣਕਾਂ ਲੱਗਸੁ, ਰਾਂਝੇ ਦਾ ਫ਼ਿਕਰ ਹੰਢਾਏ ।
ਆਖ ਵੇਖਾਂ ਮੈਂ ਕੈਂਦੀ ਧੀਦੋ, ਰੱਵੇ ਤ ਕਾਰਾ ਉਡਾਏ ।
ਆਖ ਦਮੋਦਰ ਕੇ ਨਹੀਂ ਇਜੇਹਾ, ਜੋ ਕੋਈ ਆਣ ਮਿਲਾਏ । (721)

ਤਾਂ ਭਿਖਿਆ ਮੰਗਣ ਕਾਰਣ ਜੋਗੀ, ਸੁਆਲ ਹੀਰੇ ਨੂੰ ਪਾਇਆ ।
ਭਿੱਖਿਆ ਦਿਹ ਦਲ ਆਇਆ ਤੈਥੇ, ਭੁੱਖਾ ਮਹੀਂ ਦਸਾਇਆ ।
ਭੁਖ ਤਿਖਾ ਮੈਂ ਆਜ਼ਜ਼ ਕੀਤਾ, ਚਲ ਉਚੇਚਾ ਆਇਆ ।
ਭਿਖਿਆ ਦੇਹ, ਅਸਾਂਦੇ ਤਾਈਂ, ਜੋਗੀ ਆਖ ਸੁਣਾਇਆ । (722)

**ਹੀਰ**

ਬੱਚੇ ਮੁਇਆ ! ਕੇ ਦੇਵਾਂ ਤੈਕੋਂ ? ਕੇ ਤੈਨੂੰ ਭਿੱਖ ਪਾਈਂ ?
ਆਜਜ਼ ਮੈਂ, ਰੋਵਾਂ ਦਿਨ ਰਾਤੀਂ, ਦਿੱਸੈ ਸੁਣੀਐ ਨਾਹੀਂ ।
ਹਿੱਕ ਸਿੱਕਣ ਬਿਆ ਹਾਹੀਂ ਕੱਢਣ, ਏਹੋ ਪੀਵਾਂ, ਖਾਈਂ ।
ਜੇ ਮੰਗੇ ਖ਼ੈਰ, ਤੇਰਾ ਜੀਉ ਹੋਵੇ, ਤਾਂ ਭੁੱਖ ਖ਼ਰਾਇਤ ਪਾਈਂ । (723)

**ਜੋਗੀ**

ਭਿਖਿਆ 'ਭੁੱਖ' ਕਿਉਂ ਦੇਵੇਂ ਮੈਨੂੰ, ਅੰਨ ਤਾਂ ਬਹੁਤ ਦਿਖਾਏ ।
ਮਾਂਹ, ਜੁਆਰ, ਚੀਣਾ ਬਹੁਤੇਰਾ, ਕਿਉਂ ਨਹੀਂ ਭਿਖਿਆ ਪਾਏਂ ।
ਦੇਹ ਅੰਨ ਜੁਲਾਹੇ ਇਥੋਂ, ਬਹੁਤੀ ਭੁੱਖ ਸਤਾਏ ।
ਦੇਹਿ ਖਰਾਇਤ, ਰੱਜ ਖਵਾਹੇਂ ! ਸਾਈਂ ਤੇਂਡੀ ਵੀ ਆਸ ਪੁਜਾਏ । (724)

ਸੀਨੇ ਪਰਣੇ ਜੁੱਲੀ ਸਲੇਟੀ, ਚੱਲੀ ਗੋਇ ਨਿਆਂਈਂ ।
ਜੋਗੀ ਬਹੁਤ ਅਸੀਸਾਂ ਦੇਂਦਾ, ਇਸ ਕੂੰ ਭਿੱਖਿਆ ਪਾਈਂ ।
ਆਂਦੁਸੁ ਮਸੋਂ ਮਸੋਂ ਬੁਕ ਦੀਣਾ :-'ਝੱਲੀਅੱਤ ! ਦਿਵਾਈਂ' ।
ਆਖ ਦਮੋਦਰ ਰਾਂਝੇ ਚੇਲਿਆਂ ਜੋ ਚੀਣਾ ਕਿਵੇਂ ਵੀਟਾਂਈਂ । (725)

ਜੋਗੀ ਆਣ ਵਿਟਾਇਆ ਚੀਣਾ, ਚੁਣਿਆ ਹੱਥ ਨਾ ਆਵੈ ।
ਕੰਡ ਵਲਾਇ ਬੈਠੰਈ, ਜੋਗੀ, ਚੁਣੇ ਤੇ ਝੁਰੇ ਅਲਾਵੈ ।
ਲੜਦੀ ਹੀਰ, 'ਉਠੀ ਵੰਞ' ਇਥੋਂ ਮੀਆਂ ਮਿੱਟੀ ਪਲੇ ਪਾਵੈ ।
ਆਖ ਦਮੋਦਰ ਜੋਗੀ ਬੈਠਾ, ਹੀਰ ਨਾ ਮੂਲ ਹਿਤਾਵੈ । (726)

ਪੋਸਤੀ ਵਾਂਙੂ ਪਿਣਕਾਂ ਲੱਗਣ, ਫਿਰ ਫਿਰ ਤੱਕੈ ਜਾਈ ।
ਉਠੀਂ ਜੋਗੀ ! ਕਿਉਂ ਬੈਠਾ ਇਥੇ ! ਮੈਨੂੰ ਕਾਵੜ ਆਈ ।
ਇਤੇ ਹਾਲ ਮਰੀਉਂ ਵੱਟਾ, ਬੈਠਾ ਰਹੁ ਦਿਲ ਨਾ ਲਾਈ ।
ਆਖ ਦਮੋਦਰ ਬੋਲੇ ਨਾਹੀਂ, ਮੂੰਹ ਬੈਠਾ ਬੁੱਕਲ ਪਾਈ । (727)

ਜਾਂ ਵੇਖੇ ਤਾਂ ਬੈਠਾ ਜੋਗੀ, ਫਿਰ ਕਰ ਆਖ ਸੁਣਾਇਆ ।
ਉਠ ਫਕੀਰਾ ! ਵੱਟਾ ਮਰਾਈਂ, ਲੈ ਕਰ ਹਥ ਉਠਾਇਆ ।
ਕੇਹਾ ਧਰਨਾ ਦਿੱਤੋ ਜੋਗੀ ! ਤੈਂਡਾ ਪਿਉ ਵਤਾਇਆ ।
ਆਖ ਦਮੋਦਰ ਈਵੇਂ ਲੜਦੀ, ਮੁਸ਼ਕ ਨੂੰ ਸਲੇਟੀ ਆਇਆ । (728)

ਭਿਖਿਆ ਹੋਰ ਦਿਵਾਈਂ ਜੋਗੀ ! ਹੀਰੇ ਆਖ ਸੁਣਾਇਆ ।
ਪਿਆ ਗੁਮਾਨ ਸਹੀ ਸਲੇਟੀ, ਮਤ ਧੀਦੋ ਰਾਂਝਾ ਆਇਆ ।
ਕੜਕ ਉਠੀ, ਚਮਕਾਇਲ ਹੋਈ, ਅੱਖੀਂ ਦਰਸ਼ਨ ਪਾਇਆ ।
ਆਖ ਦਮੋਦਰ ਰਾਂਝੇ ਜੋਗੀ ਸਹੀ, ਜਬਾਬ ਸੁਣਾਇਆ । (729)

**ਜੋਗੀ**

ਸਾਵੀ ਪੀਲੀ ਕਿਉਂ ਪਈ ? ਵੇਦਨ ਆਖ ਸੁਣਾਇ ।
ਕਾਰੀ ਕਰਾਂ ਮੈਂ ਤੈਂਡੜੀ ਜੇ, ਰੱਬ ਆਪ ਕਰਾਇ ।
ਕੇਹੀ ਰੰਜਸ਼ ਤੁੱਧ ਨੂੰ ਮੈਨੂੰ ਆਖ ਸੁਣਾਇ ।
ਆਖ ਦਮੋਦਰ (ਤੈਨੂੰ) ਚੰਗਾ ਕਰੀਂ, ਜੇ ਸਾਈਂ ਭਾਵੇ ਚਾਇ । (730)

**ਹੀਰ**

ਨਿੱਘਰ ਵੈਂਦਿਆ ਜੋਗੀਆ ! (ਮੇਰੇ) ਸਿਰ ਤੋਂ ਕੜ ਕੜ ਲਾਹਿ ।
ਤੁਧ ਪਰਾਈ ਕੀ ਪਈ ! ਜਾਹ ਆਪਣੀ ਤੋੜ ਨਿਬਾਹਿ ।
ਮੈਂ ਮਾਰੀ ਆਪਣੇ ਕਹਿਰ ਦੀ, ਬਹੁਤ ਨਾ ਮਹੀਂ ਸਤਾਇ ।
ਆਖ ਦਮੋਦਰ ਜੋਗੀਆ ! (ਝਬ) ਇਥਹੁੰ ਕੰਡ ਵਲਾਇ । (731)

**ਜੋਗੀ**

ਅਪਣੀ ਵੇਦਨ ਦਸ ਦਿਹੁ, ਆਖਾਂ ਤੁੱਧ ਸੁਣਾਇ ।
ਪੁੜੀਆਂ ਦੇਵਨ ਬੰਨ੍ਹ ਕੇ, ਤੱਤੇ ਪੀਰ ਫਕਾਇ ।
ਕੇਹੀ ਵੇਦਨ ਤੁੱਧ ਨੂੰ, ਮੈਨੂੰ ਸਭ ਬਤਾਇ ।
ਦੇਵਾਂ ਪੁੜੀਆਂ ਝਬ ਮੈਂ, ਤੈਨੂੰ ਖ਼ੈਰ ਹੋ ਜਾਇ । (732)

ਹੀਰ

ਕੰਨੀ ਘੱਸਾਂ (ਤੋਂਡੇ) ਨਾ ਪਈਆਂ, ਅੰਗਨਾ ਸੋਹੇ ਭਸਮ।
ਮਹੀਂ ਸਿਞਾਤੇ ਜੋਗੀਆ। ਉੱਕੇ ਵੇਲੇ ਨਾ ਭੇਨ।
ਹਥੀਂ ਪੈਰੀਂ ਉੱਜਲਾ ਚੋਦਸ ਸੰਦਾ ਚੰਨ।
ਅਖੀਂ ਖੋਹਲ ਵਿਖਾਇ ਮੈਂ, ਕਹਿਆ ਅਸਾਡਾ ਮੰਨ। (732)

ਜੋਗੀ

ਧੁਰੋਂ ਭੁਟੰਤੋਂ, ਟਿਲਿਓਂ ਢੁਲਕ ਲਥਾ ਮੁਲਤਾਨ।
ਮੈਂ ਜੋਗੀ ਹਾਂ ਸਤ ਪੀੜੀਓਂ, ਤੂੰ ਭੁੱਲੀ ਕਿੱਤ ਗੁਮਾਨ।
ਮਾਨਸ ਜੇਹੇ ਮਾਨਸ ਕੇਤੇ, (ਤੂੰ) ਦਿਲ ਤੇ ਮੈਲ ਨਾ ਆਨ।
ਆਪਣੀ ਵੇਦਨ ਦਸ ਦਿਹ, ਜੋ ਸਾਈਂ ਕਰੇ ਅਸਾਨ। (733)

ਹੀਰ

ਸੁਣ ਵੇ ਨਿਘਰਿਆ ਜੋਗੀਆ! ਰੋਗ ਨਾ ਮੈਂਡਾ ਛੇੜ।
ਅੰਦਰ ਸੁਲਕੇ ਜਾਮਕੀ, ਲਾਟ ਬਲੇ ਬਿਨ ਤੇਲ।
ਫੋਲ ਨਾ ਕਾਈ ਬਾਤੜੀ, ਮਾਰ ਨਾ ਮੈਨੂੰ ਸੇਲ।
ਜੇ ਤੁਧ ਰੋਗ ਵੰਞਾਵਣਾ, ਤਾਂ ਚਾਕ ਅਸਾਂ ਨੂੰ ਮੇਲ। (734)

ਲੱਕ ਨਾ ਸੁੰਹਦਾ ਨਾਰਾ ਬੇਦ, ਮੱਥੇ ਨਾ ਸੋਹੇ ਬਿਭੂਤ।
ਕਿਉਂ ਕਰ ਅਸਾਣ ਛੋਡਿਓ, ਕਰਕੇ ਡੇਰਾ ਕੂਚ।
ਹੱਥੀਂ ਪੈਰੀਂ ਉੱਜਲਾ, ਲੱਗੇ ਅਹਿਲ ਮਲੂਕ।
ਮੈਂ ਸਿਞਾਤੋ ਜੋਗੀਆ! ਤੇਰੀ ਕੋਟਾਂ ਅੰਦਰ ਕੂਕ। (735)

ਜੋਗੀ

ਨਰਵਰ ਕੋਟੋਂ ਚਲਿਆ, ਢੁਲਕ ਆਇਆ ਪਰਦੇਸ।
ਪਿੰਡਾ ਭਸਮ ਰਵਾਲਿਆ, ਭਸਮ ਰਵਾਲੇ ਕੇਸ।
ਭਿਖਿਆ ਮੈਨੂੰ ਦੇਹ ਤੂੰ (ਨਹੀਂ) ਕਰ ਕੇ ਚੱਲਾਂ ਅਦੇਸ।
ਇਹੁ ਕਜੀਆ ਲਿਖਿਆ, ਆਇ ਪਇਆ ਮੇਰੇ ਪੇਸ਼। (736)

ਹੀਰ

ਮੁੰਦ੍ਰਾਂ ਕੰਨੀਂ (ਕਿਤਨੂੰ) ਘੱਤੀਓ ? ਮੈਨੂੰ ਆਖ ਸੁਣਾਇ।
ਨ ਤੂੰ ਡਰਿਆ ਰੱਤ ਤੋਂ, ਲਏ ਨੀਂ ਕੰਨ ਪੜਾਇ ?
ਜਿਤ ਦਿਨ ਘਰ ਤੋਂ ਚਲਿਆ, ਫੱਟ ਨਾਮੁਈ ਆਇ ?
ਆਖ ਦਮੋਦਰ ਜੋਗੀਆ! ਮੈਨੂੰ ਸੱਚ ਦਸਾਇ। (737)

ਜੋਗੀ

ਦਾੜ ਕਿੜਨਿਓ ਚਲਿਆ, ਢੂੰਲਕ ਆਇਆ ਦਿਤ ਜਾਇ।
ਮੈਂ ਤਾਂ ਜੋਗੀ ਜੁਗਾਂ ਦਾ, ਸਮਝ ਨਾ ਕੂੜ ਅਲਾਇ।
ਕਿਤ ਬੁਲਾਵੇ ਤੂੰ ਭੁਲੀ, ਮੈਨੂੰ ਆਖ ਸੁਣਾਇ।
ਅੰਦਰ ਜਿਹੜੀ ਬਾਤ ਤੁੱਧ, ਸੱਭਾ ਮਹੀਂ ਦਸਾਇ। (739)

ਹੀਰ

ਜੋਗੀ ਨੀਹੇਂ (ਤੂੰ) ਚੋਰ, ਯਾਰ, ਹਿੱਕੇ ਤਾਂ ਹੈ ਬਟ ਪਾਲ।
ਹਿੱਕੇ ਤਾਂ ਰੰਨਾ ਠੱਗੀਆਂ, ਹਿੱਕੇ ਠੱਗੇ ਨੀ ਬਾਲ।
ਕੂੜ ਅਲੇਂਦਾ ਮੁਖ ਥੀਂ, ਬੋਲੇਂ ਨਹੀਂ ਸੰਭਾਲ।
ਜੇ ਤੂੰ ਜੋਗੀ ਸੱਚ ਦਾ, (ਮੈਨੂੰ) ਅੱਖੀਂ ਖੋਲ੍ਹ ਵਿਖਾਲ। (740)

ਜੋਗੀ

ਸਿਧ ਬਗਾਈ ਅਖੀਂ ਬਧੀਆਂ, ਓਹੋ ਖੁਹਲੇ ਆਇ।
ਮੈਨੂੰ ਮਨ੍ਹਾ ਹੈ ਗੁਰੂ ਦੀ, ਅੱਖ ਵੇਖ ਨਾਝਾਤੀ ਪਾਇ।
ਕਿਸ ਭੁਲਾਵੇ ਤੂੰ ਭੁੱਲੀ, ਮੁਖ ਥੀਂ ਸੱਚ ਅਲਾਇ।
ਜਿਹੜੀ ਬੰਦਨ ਤੁੱਧ ਨੋਂ, ਹੱਭਾ ਸਮੇਂ ਦਸਾਇ। (741)

ਹੀਰ

ਰਾਤੀਂ ਘਿੱਧਾ ਹੈ ਭੇਖ ਤੈਂ, ਮੈਨੂੰ ਦੇਹਿ ਸੁਣਾਇ।
ਝੋਲੀ, ਸਿਙੀ ਨਾ ਤੁੱਧ ਹੱਥ, ਹੁਨਰ ਕੀਤੋਈ ਜਾਇ।
ਵੇਸ ਕੀਤੋਈ ਫ਼ਕਰ ਦਾ, ਠੱਗ ਰੰਨਾਂ ਨੂੰ ਵਿਲਾਇ।
ਕਿੱਥੇ ਖੱਪਰ (ਤੈਥੋਂ) ਭੁਗਤਦਾ, ਹੁਣ ਆਇਓਂ ਭੇਖ ਬਣਾਇ (742)

ਜੋਗੀ

ਪੱਲੇ ਖ਼ਰਚ ਨ ਬੰਨ੍ਹਦੇ, ਪੰਖੀ ਤੇ ਦਰਵੇਸ਼।
ਜਿਨ੍ਹਾਂ ਤਕੀਆ ਰੱਬ ਦਾ, ਤਿਨ੍ਹਾਂ ਰਿਜ਼ਕ ਹਮੇਸ਼।
ਆਇਆ ਤੁਧ ਥੇ ਮੰਗਣੇ, ਜੋਗੀ ਦਾ ਕਰ ਭੇਸ।
ਨਹੀਂ ਤਾਂ ਦੇਹ ਜਵਾਬ ਤੂੰ, ਕਰਕੇ ਚਲਾ ਅਦੇਸ। (743)

ਜੇ ਤੂੰ ਰਾਂਝਾ ਨੀਹੇਂ, (ਤਾਂ) ਮੈਂ ਮੁਈਂ ਗਈ ਸੁ ਗੋਤਾ ਖਾਇ।
ਦੰਦਣ ਪਇਆ ਸਿਆਲ ਨੂੰ ਕੋਈ ਸਕੇ ਨਾ ਨੀਰ ਚੁਆਇ।
ਜੋਗੀ ਰੁੱਨਾ ਰਤ ਭਰ, 'ਮੈਂ ਜੁਲਿਆਂ ਖ਼ਤਾ ਮਰਾਇ।
ਇਸ ਜਣਾਇਆ ਲੋੜੀਏ, ਮਤ ਅਜਾਈਂ ਹੋਇ ਜਾਇ। (744)

ਪੰਜਾਂ ਪੀਰਾਂ ਆਇਕੈ, ਅੰਦਰ ਹੀਰ ਕਹਿਆਇ ।
ਏਹੁ ਸੁ ਧੀਦੋ ਆਇਆ, 'ਜੋਗੀ' ਭੇਖ ਬਣਾਇ ।
ਉੱਠੀ ਤੂੰ ਮਿਲ ਇਸ ਨੂੰ, ਖਬਰਦਾਰ ਹੁਇ ਜਾਇ ।
ਉਠ ਬੈਠੀ ਤਦ ਹੀਰ ਭੀ, ਬਹੁਰ ਕਰੇ ਪ੍ਰਗਟਾਇ । (745)

ਹੀਰ

ਕੈ ਜੋਗੀ ਦੀ ਤੈਨੂੰ ਥਾਪਣਾ, ਕੈ ਜੋਗੀ ਦੀ ਤੈਨੂੰ ਸਿੱਖ ?
ਹੱਥੀਂ ਪੈਰੀਂ ਉਜਲਾ, ਅਹਿਲ ਮਲੂਕ, ਸੁਨਿਖ ।[1]
ਜੋਗੀ ਭੇਖ ਬਣਾਇਓ ਕਰਦਾ ਫਿਰੇ ਅਲਿੱਖ ।
ਦਰ ਦਰ ਕਰੇਂ ਸੁਵਾਲ ਤੂੰ, ਮੰਗ ਖਾਵੇਂ ਤੂੰ ਭਿੱਖ ? (746)

ਜੋਗੀ

ਇਨ੍ਹੀਂ ਹੱਥੀਂ ਖੀਰ ਖਵਾਲੀਆ, ਦੁੱਧ ਪੀਵਾਇਓ ਮਾੜਾ ।
ਰਲ ਮਿਲ ਕਰਕੇ ਮਸਲਤ ਕਰਦੇ, ਸਣ ਹੀਰੇ ਇਹ ਬਾੜਾ ।
ਬੇਲੇ ਦੇ ਵਿਚ ਕਰਹਿ ਦਿਲਾਸਾ, ਹੁਣ ਕਿਉਂ ਕਰਨੀਏਂ ਲਾਂਭਾ ।
ਵਖਤ ਪਇਆ ਸਿਞਾਣੇਂ ਨਾਹੀਂ, ਮੈਂ ਉਹੋ ਧੀਦੋ ਰਾਂਝਾ । (747)

ਹੀਰ

ਕਿੱਥੇ ਤੈਂਡਾ ਵਤਨ ਹੈ ? ਕੇਹੜੀ ਤੇਰੀ ਜਾਇ ?
ਕੇਹੜੀ ਨੈਂ ਤੇ ਵੱਸਦਾ ? ਮੈਨੂੰ ਆਖ ਸੁਣਾਇ ।
ਕਿਸ ਜੋਗੀ ਦੀ ਤੈਨੂੰ ਥਾਪਣਾ, ਆਇਓਂ ਕੰਨ ਪੜਾਇ ।
ਆਖ ਦਮੋਦਰ ਜੋਗੀਆ ! ਅਪਣਾ ਪਤਾ ਦਸਾਇ । (748)

ਜੋਗੀ

ਤਖਤ ਹਜ਼ਾਰਾ (ਮੈਂਡਾ) ਜੰਮਿਹੈ, ਚੰਦਲ ਵਾਹਦੀ ਠੰਢੇ ਨੀਰ ।
ਮੈਨੂੰ ਸਿੱਧ, ਬਗਾਈ ਦੀ ਥਾਪਣਾ, ਜਿਹੜਾ ਟਿੱਲੇ ਦਾ ਪੀਰ ।
ਆਇਉਸੁ ਕੱਪਰ ਭਾਗ ਕੇ, ਨੈਂ ਬੂਟੇ ਝੱਲ ਚੀਰ ।
ਅਖੀਂ ਵੇਖ ਸਿਞਾਣ ਤੂੰ ਮੈਂ ਰਾਂਝਾ ਤੇ ਤੂੰ ਹੀਰ । (749)

ਉੱਡੀ ਵਾਂਗ ਬਜ਼ੀਨ ਜਿਉਂ, ਤਾਂ ਗਲ ਲੱਗੀ ਧਾਇ ।
ਦਾਵਣ ਪਕੜ ਖਲੋਤੀਆ, ਵੇਖ ਹੱਥ ਲਗਾਇ ।
ਸੂਰਜ ਚੰਨ ਸਿਞਾਣ ਦੀ, ਧਰਤੀ ਹੱਥ ਵਤਾਇ ।
ਸਹੀ ਸੱਚ ਰਾਂਝਨ ਆਇਆ ? ਮਤ ਸੁਪਨਾ ਹੁਇ ਜਾਇ । (750)

---

[1] ਗ. ਸਿੰ. ਬੇ. ਤੇ ਡਾ. ਪ. ਸਿੰ., ਅਲੱਖ ।

ਰੋਵੇ ਰੱਤ ਭਰ ਹੰਝੂ ਚਸ਼ਮਾਂ, ਦੁੱਖ ਫੁਲੇਂਦੀ ਤਾਹੀ ।
ਅੰਬਰ ਕਾਲਾ ਇਤ ਭਤ ਹੋਇਆ ਅਸਾਂ ਦਰਦ ਵੰਦਾਂ ਦੀਆਂ ਆਹੀਂ ।
ਤਾਰੇ ਚਿਣਗਾਂ ਜੁੱਸੇ ਵਿਚਹੁੰ ਅੰਬਰ ਗਈਆਂ ਤਦਾਹੀਂ ।
ਆਖ ਦਮੋਦਰ ਦੋਵੇਂ ਰੋਵਨ, ਵਿਰਾਗ ਠਮੀਂਦਾ ਨਾਹੀਂ । (751)

ਤਾਂ ਆਖੇ ਹੀਰ-ਵਸੀਲਾ ਕੀਤਾ, ਸਹਿਤੀ ਨਾਉਂ ਅਖਾਈਂ ।
ਹੋਵਿਸੁ ਨਿਸ਼ਾਂ, ਸੁਣ ਸਾਈਂ ਰਾਂਝਾ ! ਕਿਵੇਂ ਸਹਿਤੀ ਤੁਧ ਮਿਲਾਈਂ ।
ਪੀੜ ਵੰਡਾਵੀ ਸਹਿਤੀ ਮੈਂਡੀ, ਤੈਨੂੰ ਕਿਵੇਂ ਵਿਖਾਈਂ ।
ਸੁਣੇ ਹੀਰੇ ! ਰਾਤ ਸਹਿਤੀ ਕੋਲੂੰ, ਪਈਆ ਆਇ ਅਸਾਂਹੀ । (752)

ਕੱਧੀ ਬੈਠ ਤੂੰ ਜਾਹ ਸਵੇਲੇ, ਮਤ ਕੋਈ ਵੰਞ ਸੁਣਾਏ ।
ਵਡੇ ਗਲੀਮ ਜਾਨ ਦੇ ਦੁਸ਼ਮਣ ! ਮਾਰਣ ਨੂੰ ਸਧਰਾਏ ।
ਜੁਲਿਆ ਜੋਗੀ ਕੱਧੀ ਦੇ ਵਲ, ਸਥਰ ਧੂੰਈਂ ਪਾਏ ।
ਆਖ ਦਮੋਦਰ ਮੂੰਹ ਸਿਰ ਬੱਧੇ, ਕੱਧੀ ਆਸਣ ਲਾਏ । (753)

ਤਾਂ ਦਿਨ ਤੀਜੇ ਸਹਿਤੀ ਆਈ, ਹੀਰੇ ਵਲ ਤਕੇਂਦੀ ।
ਅਜ ਉਹ ਨਾ ਤੇਰਾ ਰੰਗ ਦਿਸੀਂਦਾ, ਓਹ ਨਾ ਹਾਲਤ ਤੈਂਡੀ ।
ਬਾਘੇ ਵਾਂਗ ਬਹਾਦਰ ਹੀਰੇ ! ਬੈਠੀ ਤੀਰ ਚਲੇਂਦੀ ।
ਆਖ ਦਮੋਦਰ ਹੀਰੇ ਕੋਲੋਂ, ਸਹਿਤੀ ਏਂਵ ਪੁਛੇਂਦੀ । (754)

ਹੀਰ

ਸਦਕਾ ਤੈਂਡਾ ਦਿਹੁੰ ਦਿਹੁੰ ਤਾਜ਼ੀ, ਜਾਂ ਰਾਮੂੰ ਗੱਲ ਸੁਣਾਈ ।
ਆਮਦ[1] ਸੁਣੀ ਰੰਝੇਟੇ ਸੰਦੀ, ਤਾਂ ਮੂੰਹ ਲਾਲੀ ਆਈ ।
ਅਜ ਕਲ ਮਤਾਂ ਦੀਦਾਰ ਕਰੀਹਾਂ, ਹੋਵੈ ਮਤ ਰੁਸ਼ਨਾਈ ।
ਆਖ ਦਮੋਦਰ ਸਹਿਤੀ ਰਾਣੀ ! ਇੱਤੇ ਮਹੀਂ ਸਵਾਈ । (755)

ਸਹਿਤੀ

ਸੁਣ ਤੂੰ ! ਪੰਜ ਪੰਜ ਨਾਲ ਲੋਕਾਂ ਦੇ, ਮੈਂ ਨਾਲ ਪੰਜ ਕਰੇਂਦੀ ।
ਅੱਖੀਂ ਵੇਖ ਸਿਞਾਤੀ ਵੇਦਨ, ਅੱਸ਼ਾਂ ਜਾਣ ਭੁਲੇਂਦੀ ।
ਕੁੱਲ ਹਕੀਕਤ ਤੈਂਡੀ ਹੀਰੇ ! ਮਾਲੂਮ ਮਹੀਂ ਕਰੇਂਦੀ ।
ਕੀਕਰ ਕੰਮ ਤੁਹਾਡਾ ਹੋਸੀ ? ਮੈਂ ਦਾਈ ਤੋਂ ਪੇਟ ਛਪੇਂਦੀ । (756)

ਤਾਂ ਡਰ ਗਈ ਸੁ ਹੀਰ ਸਲੇਟੀ, ਜਾਂ ਉਸ ਈਂਵ ਸੁਣਾਇਆ ।
ਬੀਬੀ ![2] ਮੂੰਹ ਸਿਰ ਬੱਧੇ ਕੋਈ, ਧੂਣੀਂ ਮੇਲਣ ਆਇਆ ।

[1]ਗ. ਸਿੰ. ਬੇ. ਤੇ ਡਾ. ਪ. ਸਿੰ., ਆਮਦਨ ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਬੇਬੇ ।

ਤੈਥੋਂ ਡਰਦਿਆਂ ਸਹਿਤੀ ਰਾਣੀ, ਨਾਹੀਂ ਅਸਾਂ ਬੁਲਾਇਆ ।
ਪਰ ਉਹ ਚਾਲ ਤੇ ਓਹਾ ਜਿੱਸਨ, ਮੈਨੂੰ ਨਜ਼ਰੀਂ ਆਇਆ । (757)

ਸਹਿਤੀ

ਆਇਆ ਹਈ ! ਸਹੀ ਸਚ ਹੀਰੇ, ਆਖਾਂ ਤੁਧ ਸੁਣਾਈਂ ।
ਕਰ ਰਹੁ ਚੁਪ, ਬੋਲ ਨਹੀਂ ਮੁੱਖ ਤੇ, ਕਿਸੇ ਲਖਾਵੇਂ ਨਾਹੀਂ ।
ਤੈਂਡੀ ਬੁਰੀ, ਸਹੀ ਸਿਆਲੀਂ, ਇਹ ਲਗੀ ਮੈਂ ਤਾਂਈ ।
ਸੁਣ ਹੀਰੇ ! ਮੈਂ ਤੈਂਡੀ ਖਾਤਰ ਨੇ ਸੈ ਪੱਗ ਲਜਾਈ । (758)

## ਹੀਰ ਤੇ ਸਹਿਤੀ ਦੀ ਵਖਾਵੇਮਾਤ੍ਰ ਲੜਾਈ

ਸਹਿਤੀ

ਸੁਣ ਲੈ ਹੀਰੇ ! ਹੋਰ ਨਾ ਬਣਦੀ, ਪਹਿਲੋਂ ਲੜਣ ਕਰੀਹੇ ।
ਜੋ ਜੋ ਗਾਲ੍ਹ ਦਿਵਾਂਈਂ ਤੈਂਕੂ, ਸੋ ਸੋ ਤੂੰ ਭੀ ਦੀਹੇਂ ।
ਓੜਕ ਤਾਈਂ ਕਰੀਂ ਲੜਾਈ, ਸਾਰਾ ਲੋਕ ਮਿਲੀਂਹੇ ।
ਸੁਣ ਸਿਆਲੀ, ਈਵੇਂ ਬਣਦੀ, ਅੱਜ ਉਦਮ ਏਵ ਕਰੀਹੇ । (759)

ਤਾਂ ਵੱਡੇ ਵੇਲੇ, ਸਹਿਤੀ ਉੱਠੀ, ਬਹੁਤੀ ਕਾਵਿਰ ਆਈ :—
ਨੀਸੇ ਗੋਡ ਗੁਲਾਮ ਸੁ ਅਸੀਂ, ਨਵੀਂ ਹੈ ਤੁਸਾਂ ਵਿਆਹੀ ।
ਕੇਹਾ ਤੁੱਧ ਨਵੱਟਾ ਲੱਤਾ, ਕੜੀ ਅਨੋਖੀ ਆਹੀ ।
ਖ਼ੈਰ ਸਾਈਂ ਥੋਂ ਮੰਗ ਸਿਆਲੀ, ਸਭ ਹਸੇਂਦੀ ਆਹੀ । (760)

ਹੀਰ

ਏਡੇ ਬੋਲ ਨ ਬੋਲੀਂ ਸਹਿਤੀ ! ਕੌਣ ਕਮੀਨੀ ਆਹੇਂ ।
ਕੇਹੜੇ ਵੱਡੇ ਪਿਊ ਦੀ ਜਾਈ ! ਮੈਨੂੰ ਇਵ ਅਲਾਏਂ ।
ਵੱਤ ਨਾ ਬੋਲੇਂ ਮੈਂ ਨਾਲ ਕੁੜੀਏ ! ਏਹੁ ਟੱਪੇ ਲਾਏਂ ।
ਆਖ ਦਮੋਦਰ ਕੌਣ ਤੂੰ ਹੋਵੇਂ, ਜੋ ਮੈਨੂੰ ਸਮਝਾਏਂ । (761)

ਸਹਿਤੀ

ਪੁਛਹੁ ਭੈਣੇ ! ਹੀਰੇ ਕੋਲ੍ਹੋਂ, ਤੁਸੀਂ ਭਲੀ ਹਮਸਾਈ ।
ਨੀਸੇ ਗੋਡ ਗੁਲਾਮ ਸੁ ਅਸੀਂ, ਜਿਨ੍ਹੀਂ ਦੇਕਰ ਦਗਾ ਵਿਆਹੀ ।
ਤੈਂਡੇ ਪਿਉ ਜਹੇ ਕੰਮੀ ਅਸਾਂ, ਗੱਦਰ ਨਾ ਆਵਣ ਭਾਈ ।
ਆਖ ਦਮੋਦਰ ਕਾਵੜ ਸਹਿਤੀ, ਓੜਕ ਸਿਰ ਤੱਕਆਈ । (762)

ਹੀਰ

ਤੂੰ ਵੱਡੇ ਬਾਬੇ ਦੀ ਧੀ ਬੁਲੇਂਦੀ, ਸ਼ਰਮ ਨ ਤੈਨੂੰ ਆਵੇ ?
ਮੈਂਡੇ ਪਿਊ ਜਹੇ ਕੰਮੀਂ ਤੁਸਾਡੇ, ਗੱਦਰ ਕੋਈ ਨਾ ਆਵੇ ?

ਬੈਠੀ ਪ੍ਰੰਤੀ ਮਾਹ ਗੁਚਾਰੇ, ਝਾਤ ਨਾ ਕੋਈ ਪਾਵੈ ।
ਸੁਣਹੋ ਵੇਹੜਾ ਟੁਕਰ ਕਾਰਣ, ਭੱਲ ਨ ਕੋਈ ਭਵਾਵੈ । (763)

ਸਹਿਤੀ

ਕੈਨੂੰ ਭੱਲ ਭਵਾਈਂ ਕੁੜੀਏ ! ਤੁਧ ਨਿਵੱਟਾ ਚਾਇਆ ।
ਤੂੰ ਹੈਂ ਕੌਣ ਕਮੀਨੀ ਕੁੱਤੀ, ਜਿਸ ਸਿਆਪਾ ਪਾਇਆ ।
ਮੈਂਡੇ ਪਿਉ, ਤੈਂਡੇ ਪਿਉ ਜੇਹੇ, ਕਿਤਨੇ ਪਕੜ ਨਿਵਾਇਆ ।
ਵੱਡੀ ਕੁੜੀ ਹਥ ਲਗੀ ਅਸਾਡੇ, ਜੱਸ ਭਲੇਰਾ ਆਇਆ । (764)

ਹੀਰ

ਏਹੋਂ ਕੌਣ ਕਮੀਨੀ ਰੰਨੇ ! ਮੈਨੂੰ ਟੱਪਾ ਲਾਇਆ ।
ਵੱਡਾ ਬਾਪ ਸਲਾਹੇਂ ਅਪਣਾ, ਸੋ ਖੇੜਾ ਕੰਮ ਨਾ ਆਇਆ ।
ਵੱਡਾ ਬਾਪ ਡਿਠਾ ਤੁਸਾਡਾ, ਜਿਸ ਦੌਲਤਵੰਦ ਸਦਾਇਆ ।
ਘਰ ਤੈਂਡੇ ਤੋਂ ਵਸਤ ਅਸਾਨੂੰ ਤ੍ਰੁੱਟਾ ਤ੍ਰੁੱਡਾ ਆਇਆ । (765)

ਸਹਿਤੀ

ਜੇਕਰ ਤ੍ਰੁੱਟਾ ਤ੍ਰੁੱਡਾ ਆਵੀ, ਖੋਟ ਕਿਸੇ ਨੂੰ ਨਾਹੀਂ[1] ।
ਪਿਉ ਮੈਂਡੇ ਸਭ ਸੋਨਾ ਰੁੱਪਾ ਢੁਕਣ ਮੱਤੇ ਪਾਹੀਂ ।
ਤੈਂਡੇ ਪਿਉ ਦਾਦੇ ਜੇਹਿਆਂ ਨੂੰ ਗੱਥਰ ਅਣੇਂਦੇ ਨਾਹੀਂ ।
ਮੈਂਡੇ ਪਿਉ ਦੀਆਂ ਕੰਧੀ ਗਲ ਸੋਨਾ, ਅਸਾਂ ਜਾਣਾਹਾਂ ਨਾਹੀਂ । (766)

ਹੀਰ

ਤੁਸੀਂ ਕਰਹੁ ਨਿਆਇੰ ਹਮਸਾਈਆਂ, ਜੋ ਤੁਸਾਂ ਸੁਣਿਓਹੇ ।
ਇਨ੍ਹਾਂ ਦੀਆਂ ਕੰਧਾ ਦੇ ਗਲ ਸੋਨਾ, ਲੋਕਾ ਜੋਗ ਦਿਤੋਹੇ ।
ਫਿੱਟ ਸਹੀ ਅਵੇਹੀ ਰੰਨੇ ! ਤੈਨੂੰ ਇਹ ਗਲ ਨਾ ਸੋਹੇ ।
ਤੁਸਾਡੇ ਗਹਿਣੇ ਮੈਂ ਰੱਜ ਨ ਹੋਂਦਾਏ,
ਮੈਂਡੇ ਪਿਉ ਦਿਤੇ ਭੀ ਲਾਹ ਘਿਧਿਓਹੇ । (767)

ਸਹਿਤੀ

ਨੀਹੋਂ ਕੁੜੀ ਇਤ ਗੱਲ ਸੱਚੀ, ਦਾਦੇ ਪਿਉ ਥੇ ਵੈਂਦੀ ।
ਜੇ ਕੁਝ ਤੈਂਡਾ ਸੋਨਾ, ਮੋਤੀ, ਹੱਭੋ ਅੱਜ ਅਣੇਂਦੀ ।
ਜੇ ਮਲ ਤੈਂਡਾ, ਵੱਸਣ ਉੱਤੇ, ਤਾਂ ਹੁਣੇ[2] ਉਥੇ ਮੈਂ ਵੈਂਦੀ ।
ਆਖ ਦਮੋਦਰ ਕਰ ਕੇ ਕਾਵਿੜ ਸਹਿਤੀ ਜੁਤੀ ਨਾ ਮੂਲ ਪਏਂਦੀ । (768)

---

[1]ਗ. ਸਿੰ. ਬੇ. ਤੇ. ਡਾ. ਪ. ਸਿੰ., ਨਾਹੀਂ ਗੋਟੀ ਕਿਸੇ ਤਾਈਂ ।
[2]ਗ. ਸਿੰ. ਬੇ. ਤੇ. ਡਾ. ਪ. ਸਿੰ., ਤਾਂ ਹੁਣ ਭੀ ਉਥੇ ਮੈਂ ਵੈਂਦੀ ।

ਤਾਂ ਕਰ ਕਾਵਿੜ ਸਹਿਤੀ ਰਾਣੀ ਪਿਉ ਕੋਲੇ[1] ਚਲ ਆਈ।
ਮਿਲੀ ਨਾ ਚੂਚਕ ਸੰਦੀ ਬੇਟੀ, ਗੋਲੀ ਉਸ ਵੀਵਾਹੀ ?
ਕੇਹਾ ਕਹਿਰ ਕੀਤੋਹੇ ਬਾਬਾ ! ਭਾਤ ਨ ਕਿਸੇ ਪਾਈ।
ਦੇਵਉ ਸਭ ਕਿਛ, ਪਿਉ ਦਾ ਦਿੱਤਾ, ਹੀਰ ਵੱਸਣ ਤੇ ਆਈ। (769)

ਤਾਂ ਸੁਣ ਅੱਲੀ ਉਠ ਖਲੋਤਾ, ਕਾਵਿੜ ਕਰੇ ਕਿਵਾਈਂ।
ਭੇਜੇ ਗਹਿਣੇ, ਸੋਨੇ, ਰੁਪੇ, ਭੇਜੇ ਸੱਤੇ ਪਾਂਹੀਂ।
ਭੇਜੇ ਬੁਚਕੇ, ਭੇਜੇ ਭਾਂਡੇ, ਭੇਜੇ ਮੱਝੀਂ ਗਾਈਂ।
ਭੇਜੇ ਪਲੰਘ ਤੇ ਲੇਫ਼ ਨਿਹਾਲੀ, ਕੋ ਕਰ ਆਖ ਸੁਣਾਈਂ।
ਆਖ ਦਮੋਦਰ ਅੰਦਰ, ਬਾਹਰ, ਦੌਲਤ, ਮਾਵੈ ਨਾਹੀਂ। (770)

ਤਾਂ ਸਲੇਟੀ ਉਠ ਖਲੋਤੀ, ਸਭਾ ਵਸਤ ਸੰਭੇਂਦੀ।
ਕਿਥਾਈਂ ਬੁਚਕੇ, ਕਿਥਾਈਂ ਡੱਬੇ, ਕਿਥਾਊਂ ਮੰਜੇ ਵਿਛੇਂਦੀ।
ਭਾਂਡ, ਟਿੰਡਰ, ਲੇਫ਼, ਨਿਹਾਲੀ, ਬਹੁਤਾ ਸਾਜ ਕਰੇਂਦੀ।
ਸੱਭਾ ਵਸਤ ਟਿਕਾਣੇ ਲਾਈ, ਨੇਹੀਂ ਆਖ ਦਬੇਂਦੀ। (771)

ਸਹਿਤੀ ਆਇ ਦਿਲਾਸਾ ਕੀਤਾ, ਆਪ ਪਿਛੇਰੇ ਆਈ।
ਜੇ ਆਖੇਂ ਕੁਝ ਹੋਰ ਦਿਵਾਊਂ ! ਜੋ ਤੇਰੇ ਮਨ ਭਾਈ।
ਬਹੁਤ ਸੁ ਖੁਸ਼ੀ ਹੋਈ ਸਲੇਟੀ ਵੱਸਣ ਉੱਤੇ ਆਈ।
ਆਖ ਦਮੋਦਰ ਤਿਤ ਦਿਨ ਮਿਲਦੀ, ਖੇੜਿਆਂ ਤਾਈਂ ਵਧਾਈ। (772)

ਆਪੇ ਰਿੰਨ੍ਹੇ, ਆਪੇ ਗੁੰਨ੍ਹੇ, ਆਪੇ ਬੈਠ ਪਕੇਂਦੀ।
ਹਸ ਹਸ ਫਿਰਦੀ ਵਿਚ ਵਿਹੜੇ ਦੇ ਪੈਰ ਨਾ ਜਿਮੀਂ ਧਰੇਂਦੀ।
ਪਾਣੀ ਬਿਨਾਂ ਤਰੇ ਸਲੇਟੀ, ਪਾਸੀਂ ਖੰਭ ਲਏਂਦੀ।
ਆਖ ਦਮੋਦਰ ਆਪ ਪਕਾਏ, ਚੋਗੀ ਵੰਡ ਵੰਡ ਦੇਂਦੀ। (733)

**ਅਲੀ ਦੇ ਪੁਤਰ ਨੇ ਹੀਰ ਕੋਲ ਆਉਣਾ**

ਜਾ ਦੁਇ ਤ੍ਰੈ ਦਿਹੁ ਹੀਵੇਂ ਗੁਜ਼ੇਰ, ਸਾਹਿਬਾ ਲਾ ਆਯਾ ਮਹਿੰਦੀ।
ਅੱਗੇ ਬੈਠੀ ਹੀਰ ਸਲੇਟੀ, ਉਸ ਨੂੰ ਨਜ਼ਰ ਪਏਂਦੀ।
ਉਠੀ ਹਰਣੀ ਵਾਂਙ ਤਰੁੱਠੀ, ਪਾਸ ਸਹਿਤੀ ਦੇ ਵੇਂਦੀ।
ਆਖ ਦਮੋਦਰ ਸਾਹੁ ਨਾ ਮਾਵਸ, ਸਹਿਤੀ ਹੋਲ ਕਰੇਂਦੀ। (774)

ਆਖੇ ਹੀਰੇ ! ਤੂੰ ਪਰੀਏ ਤ੍ਰੁਠੀ ਕੇ ਦਿਤੀ ਦੇਉ ਦਿਖਾਈ ?
ਕੇ ਤੂੰ ਕਿਸੇ ਭੂਤ ਰੰਞਾਣੀ, ਹਾਲ ਅਜੇਹੇ ਆਈ ?

---

[1] ਗ. ਸ. ਬ. ਠ. ਡ. ਪ. ਸਿ., ਪਿਊ ਕੋਲੂੰ।

ਮੂੰਹ ਪੀਲਾ ਤੇ ਅੱਖੀਂ ਫਿਰੀਆਂ, ਕੁਵੱਤ ਰਹੀ ਨਾ ਰਾਈ ।
ਆਖ ਦਮੋਦਰ ਸਹਿਤੀ ਮੰਡੇ, ਹਾਲ ਭਲੇਰੇ ਆਈ । (775)

### ਹੀਰ

ਨਾ ਮੈਂ ਬੀਬੀ ! ਧਰੀਓਂ ਤਰੱਠੀ, ਨਾ ਦੇਵਾਂ ਤ੍ਰਾਸ ਦਿਖਾਇਆ ।
ਨਾ ਮੈਂ ਭੂਤ ਪ੍ਰੇਤ, ਰੰਞਾਣੀ, ਤੇ ਨਾ ਕੋਈ ਮੈਨੂੰ ਸਾਇਆ ।
ਨਾ ਕੋਈ ਮੈਨੂੰ ਸੂਲ ਮਰੋੜਾ, ਨਾ ਕਹੀਂ ਮੁੱਠ ਸਤਾਇਆ ।
ਇਸ ਤੇ ਉੱਠੀ ਭੈਣੀ ਮੈਂ ਤਾਂ, ਬੇਮਹਿਰਮ ਨਜਰੀਂ ਆਇਆ । (776)

ਤਾਂ ਸਹਿਤੀ ਵਹਿਲੀ ਉਠ ਖਲੋਤੀ, ਲੜੀ ਭਿਰਾਉ ਤਾਈਂ ।
ਮੰਦਾ ਕੀਤੋ ਵੀਰਾ ਸਾਹਿਬਾ ! ਜਾਂ ਆਇਓਂ ਚਲ ਇਥਾਈਂ ।
ਉਠੀ ਵੰਞ ਤੂੰ ਆਵਹਿਂ ਤਦੋਂ, ਜਦੋਂ ਮੈਂ ਸਦਸਾਈ ।
ਆਖ ਦਮੋਦਰ ਉਠੀ ਚਲਿਆ, ਭੇਰਾ ਬੈਠੇ ਨਾਹੀਂ । (777)

ਗਿਆ ਖ਼ਾਨ ਅਪਣੇ ਘਰ ਤਾਈਂ, ਹੀਰ ਸਿਆਲੀ ਆਵੇ ।
ਬਾਹਰ ਹਟ ਖਲੋਤੀ ਛੋਹਿਰ, ਪਾਉ ਨ ਅੰਦਰ ਪਾਵੇ ।
ਕੰਧਾਂ ਪੋਚ[1] ਧੁਆਏ ਮੰਜੇ, ਲਾਹ ਉਛਾੜ ਧੁਆਵੇ ।
ਅੰਦਰ ਪਾਕ[2] ਕੀਤੋਈ ਸਲੇਟੀ, ਤਾਂ ਅੰਦਰ ਪਾਉਂ ਧਰਾਵੇ । (778)

### ਸਹਿਤੀ ਤੇ ਹੀਰ ਦੀ ਸਲਾਹ

ਤਾਂ ਦੋਵੇਂ ਅੰਦਰ ਰਹੀਆਂ, ਲੋਕਾ ਮਜਲਸ ਕਰਨ ਤਿਵਾਈਂ ।
'ਬੈਠ ਪਸਿੰਦ ਕਰੀਹਾਂ ਕੁੜੀਏ ਕੋਈ ਮਤਾ ਪਕਾਈਂ ।
ਆਈ ਬਣੀ ਸਿਰ ਹੀਰ ਮਹਿੰਡੇ, ਸਰਮ ਸਾਈਂ ਗਲ ਪਾਈ ।
ਆਖ ਦਮੋਦਰ ਸਹਿਤੀ ਭਾਰਾ ਚਾਇਆ, ਆਵਸ ਅਰਾਮ ਜੁਨਾਹੀਂ । (779)

ਹੀਰੇ ਹਲਧਰ ਰਜਾੜ ਕਿਵੀਂਹੀਂ, ਬਾਹਰ ਦੇਵੈ ਵੰਞਾਹਾਂ ।
ਜਾਇ ਫਰੇਬ ਕਰੀਹਾਂ ਕੋਈ, ਰਾਂਝੇ ਦੀ ਖ਼ਬਰ ਲਹਾਹਾਂ ।
ਘਿੱਨ ਚਲ ਕਟੋਰੀ, ਬੰਨੇ ਉੱਤੇ, ਅਸੀਂ ਜੁ ਤੁੱਧ ਅਖਾਂਹਾਂ ।
ਜੇਕਰ ਰਾਂਝੇ ਹੱਥ ਪਈਓ, ਸਹਿਤੀ ਆਖ ਤਦਾਹਾਂ । (780)

### ਹੀਰ ਨੂੰ ਕੂੜਾ ਸੱਪ ਲੜੇਣਾ

ਤਾਂ ਆਈਆਂ ਬੰਨੇ ਤਿਲਾਂ ਦੇ ਉੱਤੇ, ਹੀਰੇ ਲੰਮੀ ਪਾਈ ।
ਜਿਹੜੀ ਹਲਧਰ ਕਟੋਰੀ ਦੇ ਵਿਚ, ਹੀਰੇ ਤਾਈਂ ਲਾਈ ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਪੱਟ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਕੀਤਾ ।

ਸੂਆ ਗਿੱਟੇ ਉੱਤੇ ਪੱੜਿਆ, ਅਤੇ ਲੈ ਰੱਤ ਵਹਾਈ।
ਆਖ ਦਮੋਦਰ ਲੜਿਆ ਬਿਸੀਅਰ, ਸਹਿਤੀ ਸੁਆਹ ਉਡਾਈ। (781)

ਮਾਝੀ, ਕਾਟੀ ਅਤੇ ਆਜੜੀ, ਸੁਣ ਕਰ ਦੂਰੋਂ ਆਏ।
ਆਖੇ ਧੀਆ ! ਹੁਣ ਕੁਝ ਥੀਆ, ਜੇ ਖੁਲ੍ਹੇ ਕੇਸ ਵੰਞਾਏ।
ਵੇ ਮੈਥੋਂ ਕੇ ਪੁੱਛੋ ਹਾਲਤ, ਤੁਸੀਂ ਹੀਰ ਨੂੰ ਨਜ਼ਰ ਪਇਆਹੇ।
ਆਖ ਦਮੋਦਰ ਮਿਲ ਕੇ, ਤੁਸੀਂ, ਕੋਈ ਵੰਦ ਅਖਿਆਹੇ। (782)

ਵੰਞਹੁ ਵਸਤੀ, ਤੁਸੀਂ ਕਿਆ ਵੇਖਹੁ ! ਅਖੀਂ ਡਿੱਠੀ ਭਾਈ।
ਤ੍ਰੈ ਰਾਜ਼ ਨਾਗ ਤੇ ਰੰਗ ਕਾਲਾ, ਤਿਸ ਬਿਸੀਅਰ ਨੇ ਖਾਈ।
ਚੱਲੇ ਖਬਰ ਕਰੋ ਅੱਲੀ ਨੂੰ, ਢਿੱਲ ਨਾ ਬਣਦੀ ਕਾਈ।
ਆਖ ਦਮੋਦਰ ਤਿੱਤੇ ਵੇਲੇ ਕਿਤਣੀ ਆਖਣ ਆਈ। (783)

ਘੱਤੀ ਕੂਕ ਜਾਇ ਕੇ ਲੋਕਾਂ, ਬਸਤੀ ਵਿਚ ਸੁਣਾਇਆ।
ਧੀ ਚੂਚਕ ਦੀ ਬਿਸੀਅਰ ਡੰਗੀ, ਆਲਮ ਉਛਲ ਆਇਆ।
ਜੋ ਕੋ ਖੇੜਾ ਬਸਤੀ ਦੇ ਵਿਚ, ਹਿੱਕ ਨਾ ਨਦਰੀਂ ਆਇਆ।
ਆਖ ਦਮੋਦਰ ਕੁੱਲ ਜ਼ਨਾਨਾ ਅੰਤ ਨਾ ਵੰਞੇ ਪਾਇਆ। (784)

ਜਿਉਂ ਜਿਉਂ ਡੰਗ ਵੇਖਣ ਹੀਰੇ ਦਾ, ਤਿਉਂ ਤਿਉਂ ਰੋਵਣ ਭਾਈ।
ਖੁੱਲ੍ਹੇ ਵਾਲ ਜ਼ਨਾਨੇ ਸਾਰੇ, ਮਰਦਾਂ ਦੇ ਮੂੰਹ ਛਾਹੀ।[1]
ਸਹਿਤੀ ਰੋਇ ਕਰੇਂਦੀ ਨਾਅਰੇ, ਖੱਥੀ[2] ਇਹ ਕਮਾਈ।
ਆਖ ਦਮੋਦਰ ਬਿਸੀਅਰ ਡੰਗੀ ਜਾਂ ਵੱਸਣ ਤੋਂ[3] ਆਈ। (785)

ਅੱਲੀ ਬੰਨ੍ਹ ਹਕਾਰਾ ਕੀਤਾ, ਤਾਂ ਅਸਵਾਰ ਮੰਗਾਏ।
ਜਿੱਥੇ ਕੋਈ ਮਾਂਦਰੀ ਨੇਂਹੇ, ਮੂਲ ਨ ਕੋ ਛੁੜਿਆਹੇ।
ਤਾਂ ਸਹਿਤੀ ਆਖੇ ਪਿਊ[4] ਤਾਈ, ਮੈਂਡੀ ਭੀ ਗਲ ਸੁਣਿਆਹੇ।
ਆਖ ਦਮੋਦਰ ਸੁਣ ਪਿਊ ਮੈਂਡਾ ! ਆਖ ਸੁ ਬਚਨ ਸੁਣਾਏ। (786)

ਬਾਬਾ ! ਜੇ ਅਪਣੀ ਬਸਤੀ ਆਹੀ, ਤਾਂ ਬਣੀ ਕਜ਼ਾਇਤ ਨਾਹੀ।
ਧੋਬਾ, ਮੋਚੀ, ਹੋਰ ਜੁਲਾਹਾ ਸੱਪ ਲੜਿਆ ਇਨ੍ਹਾਂ ਤਾਈਂ।
ਤਾਂ ਤ੍ਰਾਹੇ ਮੁਏ ਸੁ ਅੱਖੀਂ ਡਿੱਠੇ ਆਂਦਿਆ ਨੇ ਦੱਬਣ ਤਾਈਂ।
ਇਕਸ ਜੋਗੀ ਨੇ ਆਣ ਜਿਵਾਏ, ਆਇ ਪੈਦਾ ਹੋਇਆ ਕਿਦਾਈਂ। (787)

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਰੋਵਨ ਖੇਹ ਉਡਾਈ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਨਿਖੱਥੀ।
[3]ਗ. ਸਿੰ. ਬੇ. ਤੇ ਡਾ. ਪ. ਸਿੰ., ਉੱਤੇ।
[4]ਪਿਉ

**ਅਲੀ**

ਕੇਹਾ ਢੰਗ, ਜੋਗੀ ਦਾ ਧੀਆ ! ਓਹ ਕੀਕਣ ਹੱਥ ਆਵੈ ।
ਜੇ ਕੋਈ ਦੱਸ ਕਿਦਾਈਂ ਦੇਵੈ, ਅੱਸਾਂ ਆਣ ਸੁਣਾਵੈਂ ।
ਜੇ ਦੱਸੇ ਤਾਂ ਆਪ ਵੰਞਾਹਾਂ, ਹਿਕੋ ਕੋਈ ਘਿੰਨ ਆਵੈ ।
ਸਹਿਤੀ ਆਖੇ ਕਲ੍ਹ ਮੈਂ ਡਿੱਠਾ, ਜੇ ਰੱਬ ਨਾ ਮੋਹਿ ਭੁਲਾਵੇ । (787)

ਮੂੰਹ ਬੱਧੇ, ਮੱਥੇ, ਪੈਰੇ, ਹੱਥੇ, ਆਪ ਨਾ ਮੂਲ ਵਿਖਾਵੈ ।
ਵੰਞ ਵੇਖਹੁ ਬਸਤੀ ਵਿਚਹੁੰ ਜੋਗੀ, ਕਿਵੇਂ ਮੱਤ ਹਥ ਆਵੈ ।
ਹੋਵਣ ਬਖ਼ਤ ਅਸਾਡੇ ਬਾਬਾ ! ਜੇ ਕੋਈ ਆਣ ਮਿਲਾਵੈ ।
ਆਖ ਦਮੋਦਰ ਤਿੱਤੇ ਵੇਲੇ ਹੁਣੇ ਸਿਆਲ ਜੀਵਾਵੈ । (788)

ਪੱਤਣ ਉਤੇ ਰਹੈ ਚਿਰੰਕਾ, ਲੋਕਾਂ ਡਿੱਠਾ ਆਇਆ ।
ਸਹੀ ਕੀਤੋਨੇ, ਜਾਇ ਕਹਿਓਨੇ, ਅੱਸਾਂ ਨਜ਼ਰੀਂ ਆਇਆ ।
ਚੱਲੇ ਰਾਠ, ਨ ਕੋਈ ਬਾਕੀ, ਗੱਲ ਵਿੱਚ ਪੱਲੂ ਪਾਇਆ ।
ਆਖ ਦਮੋਦਰ ਨਾਲ ਮਹਾਜਨ, ਆਪ ਅਲੀ ਉਥੇ ਆਇਆ । (789)

ਸੁਣ ਸਾਹਿਬ ਇਕ ਅਰਜ਼ ਅਸਾਡੀ, ਗੱਲ ਵਿਚ ਪੱਲੂ ਪਾਈ ।
ਚੂਚਕ ਬੇਟੀ ਮਿਲੀ ਅਸਾਨੂੰ, ਗੋਲੀ ਜੱਗ ਲਹਾਂਹੀ ।
ਸਿਰ ਤੋਂ ਕਰਜ਼ ਚੜ੍ਹੇ ਨਹੀਂ ਲਥੇ, ਜੇ ਚਾਏ ਸਹੀ ਅਸਾਹੀ ।
ਕਰਸੈਂ ਮਿੰਨਤ, ਚਲੋ ਹਿਕ ਵਾਰੀ, ਮਤ ਹੋਵੈ ਕੁੜੀ ਅਜਾਈਂ । (791)

**ਜੋਗੀ ਦੀ ਬੇਪ੍ਰਵਾਹੀ**

ਪਾਸਾ ਮੋੜ ਬੈਠਾ ਫਿਰ ਜੋਗੀ, ਵਲ ਜਬਾਬ ਨਾ ਦੇਂਦਾ ।
ਥੱਕ ਖਲੋਤੇ ਅਰਜ਼ ਕਰੇਂਦੇ, ਪਾਸਾ ਨਾ ਪਰਤੇਂਦਾ ।
ਜਿਤ ਵਲ ਮੂੰਹ ਫੇਰੇ ਰੰਝੇਟਾ, ਖ਼ਾਨ ਤਿਤੇ ਵਲ ਵੈਂਦਾ ।
ਆਖ ਦਮੋਦਰ ਥਕ ਖਲੋਤੇ ਸਾਊ, ਮੂਲ ਜਬਾਬ ਨਾ ਦੇਂਦਾ । (792)

ਜਾਂ[1] ਅੱਲੀ, ਸਾਊ ਥੱਕ ਖਲੋਤੇ, ਮੂਲ ਜਬਾਬ ਨਾ ਆਇਆ ।
ਅੱਲੀ ਸਹਿਤੀ ਜੋਗ ਸਦਾਇਆ, ਧੀਏ ! ਜੋਗੀ ਪਾਇਆ ।
ਮਿੰਨਤ ਕਰ ਕਰ ਥਕ ਖਲੋਤੇ, ਹੱਥ ਨਾ ਮੂਲੇ ਆਇਆ ।
ਆਖ ਦਮੋਦਰ ਸੁਣ ਕਰ ਸਹਿਤੀ, ਨਾਲ ਕੁੱਲ ਜ਼ਨਾਨਾ ਆਇਆ (793)

**ਪਿਉ ਨੂੰ ਸੁਣਾ ਕੇ ਸਹਿਤੀ ਬੋਲੀ**

ਬਾਬਾ ਬੇਪ੍ਰਵਾਹ ਸਦਾ ਅਲਮਸਤੀ ਇਸ ਪ੍ਰਵਾਹ ਨਾ ਕੋਈ ।
ਜੇ ਭਾਵਸ ਤਾਂ ਮੇਹਰ ਕਰੇਸੀ, ਪੈਰੀਂ ਪਵਹੁ ਸਭ ਕੋਈ ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਜੇ।

ਸੀਹਾਂ ਸ਼ਰਮ ਆਪਣੀ ਬਾਬਾ ! ਆਪਣੀ ਲਜ ਪਇਓਈ।
ਆਖ ਦਮੋਦਰ ਸਹਿਤੀ ਰਾਣੀ, ਗਲ ਪੱਲੂ ਪਾਇ ਖਲੋਈ। (794)

ਨਾਰੀ ਦੀ ਲੱਜ ਸ਼ੀਂਹ ਪਲੇਂਦੇ, ਉਹ ਭੀ ਫਿਰਦੇ ਨਾਹੀਂ।
ਤੂੰ ਅਤੀਤ, ਸਿਧ ਪੀਰ ਪੁਰਾਤਮ, ਭੁੱਲੀ ਦੀ ਸ਼ਰਮ ਤੁਸਾਹੀਂ।
ਅਜੇ ਅਸਾਂ ਰੱਜ ਨ ਡਿੱਠੀ ਸਲੇਟੀ, ਵਿਰਾਗ ਲੱਥੋਸੇ ਨਾਹੀਂ।
ਆਖ ਦਮੋਦਰ ਚਲ ਫ਼ਕੀਰਾ ! ਮਤ ਹੋਵੈ ਕੂੜੀ ਅਜਾਈਂ। (795)

ਜੋਗੀ

ਅਸਾਂ ਕੇ ਕੰਮ ? ਅਵਾਹਾਂ ਉੱਠੀ, ਦੁਨੀਆਂ ਕੂੜ ਸਾਇਆ।
ਲੜਦੇ ਕੀੜੇ ਆਲਮ ਦੇ ਵਿਚ, ਕਿਸੇ ਨ ਜੋਗ ਢੰਡੋਰਾ ਲਾਇਆ।
ਕੇਹੜੇ ਕੇਹੜੇ ਮੰਤ੍ਰ ਝੜੀਹਾਂ ! ਆਲਮ ਨਾਗੇ ਖਾਇਆ।
ਆਖ ਦਮੋਦਰ ਸਹਿਤੀ ਦੇ ਹਿੱਤ, ਉਠ ਕਰ ਜੋਗੀ ਆਇਆ। (796)

ਜੋਗੀ ਦਾ ਔਣਾ

ਤਾਂ ਹਲੋ ਹਲੋ ਹੋਈ ਲੋਕਾਂ ਵਿਚ, ਜੋਗੀ ਉੱਠ ਸਿਧਾਇਆ।
ਨੱਢੀ ਬੁੱਢੀ ਆਲਮ ਸਾਰਾ, ਲੋਕ ਤਮਾਸ਼ੇ ਆਇਆ।
ਬੇਸ਼ੁਮਾਰ, ਖ਼ਲਕਤ ਕੇਤੀ, ਅੰਤ ਨ ਵੰਞੇ ਪਾਇਆ।
ਜਿੱਥੇ ਸਿਆਲ ਪਈ ਮੂੰਹ ਪਰਣੇ, ਤਿੱਥੇ ਜੋਗੀ ਆਇਆ। (797)

ਨੰਗੀ ਕਰ ਵਿਖਲਾਈ ਸਹਿਤੀ, ਜਿੱਥੇ ਡੰਗ ਡਠੰਦੀ।
ਤ੍ਰੁੱਟਾ ਪਿਛਲੇ ਪੈਰੀਂ ਜੋਗੀ, ਜਾਂ ਇਸ ਨਜ਼ਰ ਪਇਓਈ।
ਨਾ ਇਹੁ ਫਨੀਅਰ, ਨਾ ਏਹੁ ਤਿਲੀਅਰ, ਵੈ ਸਕਰੋੜ ਨਾ ਕੋਈ।
ਨਾ ਇਹੁ ਕੁਕੜ, ਨਾ ਸੰਗ ਚੂਹੜ, ਇਨ੍ਹਾਂ ਵਿਚੋਂ ਨਹੀਂ ਕੋਈ।
ਇਹੁ ਖਾਧੀ ਚੋਟੀ ਵਾਲੇ ਬਿਸੀਅਰ, ਮੈਥੂੰ ਛੁਟਣ ਮੁਸ਼ਕਲ ਹੋਈ। (798)

ਸਹਿਤੀ

ਸੁਣ ਸਾਹਿਬ ! ਤੂੰ ਸਿੱਧ ਪੁਰਾਤਮ, ਮੈਨੂੰ ਕੀਹ ਸੁਣਾਏਂ।
ਡਿੱਠਾ ਅਸਾਂ ਤਮਾਸ਼ਾ ਤੈਂਡਾ, ਜਾਂ[1] ਤ੍ਰਾਹੇ ਬਿਸੀਅਰ ਖਾਏ।
ਆਇਓ ਚਲ ਉਨ੍ਹਾਂ ਦੇ ਕਰਮੀਂ, ਭੇਰੇ ਵਿਚ ਜਿਵਾਏ।
ਅਜੇ ਇਸ ਸਾਹ, ਨਹੀਂ ਮਰ ਚੁੱਕੀ, ਅਸਾਂ ਕੂੰ ਨਾ ਭਰਮਾਏ। (799)

ਜੋਗੀ

ਵੱਡੀ ਮਿਹਨਤ ਨਾਲ ਏਸ ਦੇ ਬੀਬੀ ! ਮੰਤ੍ਰ ਪੜ੍ਹਾਈਂ।
ਹਿੱਕ ਇਕੱਲਾ ਕੋਠਾ ਹੋਵੈ, ਕੋਈ ਝਾਤ ਨਾ ਕਰੇ ਕਿਦਾਈਂ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਜੇ।

ਹਿੱਕ ਏਹਾ ਜੇ ਬਹੁਤੀ ਰੋਂਦੀ, ਹੋਵੈ ਖਿਜ਼ਮਤ ਤਾਈਂ ।
ਜੇ ਕਰ ਚਲੀਹਾ ਪੱਕਾ ਹੋਵੈ, ਤਾਂ ਇਸ ਜੋਗ ਨੁਵਾਈਂ । (800)

ਤਾਂ ਹਲੋ ਹਲੋ ਹੋਈ ਉਥੇ, ਮੰਜਾ ਪਕੜ ਚਵਾਇਆ ।
ਆਇ ਜ਼ਰੂਰ, ਚਾਇਓ ਨੇ ਸਿਰ ਤੇ, ਘਰ ਸਹਿਤੀ ਦੇ ਪਾਇਆ ।
ਅੱਗੇ ਦਰਵਾਜ਼ੇ ਸੱਭੇ ਚਾੜ੍ਹੇ, ਜੋਗੀ ਅੰਦਰ ਆਇਆ ।
ਆਖ ਦਮੋਦਰ ਵੇਖਹੁ ਯਾਰੋ ! ਸਹਿਤੀ ਅਹਿਦ ਉਠਾਇਆ । (801)

## ਹੀਰ ਰਾਂਝੇ ਦਾ ਮਿਲਣਾ

### ਸਹਿਤੀ

ਹਸਹੁ, ਖੇਡਹੁ, ਮੌਜਾਂ ਕਰਿਹੋ ! ਕਮੀ ਕਿਸੇ ਦੀ ਨਾਹੀਂ ।
ਜੇ ਮੈਂ ਮੁਈ, ਤਾਂ ਸਦਕੇ ਕੀਤੀ, ਆਵਾਂ ਕੰਮ ਤੁਸਾਂਹੀਂ ।
ਸੈ ਸੁਕਰਾਨੇ ਮੈਨੂੰ ਕੁੜੀਏ ! ਸਿਕਦੇ ਰੂਹ ਮਿਲਾਈਂ ।
ਜੇਹਾ ਹੁਕਮ ਕਰੇ ਸਾਈਂ ਰਾਂਝਾ ! ਖਾਵਣ ਸੋਈ ਪਕਾਈਂ । (802)

### ਭੋਜਨ ਤਿਆਰ ਕਰਨਾ

ਤਾਂ ਚੂਰੀ ਕੁੱਟੀ, ਤੇ ਦੁੱਧ ਮਾਝਾ, ਮੱਖਣ ਖੀਰ ਮਿਲਾਈ ।
ਘਾਟੀ ਛਾਹ, ਛੁਹਾਰੇ ਮੇਵੇ, ਕਰ ਤਈਆਰ ਘਿੰਨ ਆਈ ।
ਖਾਵੋ, ਪੀਵਹੁ, ਮੌਜਾਂ ਕਰਿਹੋ, ਸਦਕੇ ਘੋਲ ਘੁਮਾਈ ।
ਆਖ ਦਮੋਦਰ ਖਾਵਣ ਬੈਠੇ, ਸਹਿਤੀ ਪੱਖਾ ਚਾਈ । (803)

ਦੋਵੇਂ ਹੋਇ ਇਕੱਠੇ ਬੈਠੇ, ਜਾਂ ਖਾਣੇ ਹਥ ਪਾਇਆ ।
ਪ੍ਰੇਤ੍ਰੀ ਮਾਹ, ਨੌਂ ਰਾਤੀਂ ਪਿਛੋਂ, ਰੱਬ ਅਨਾਜ[1] ਖੁਵਾਇਆ ।
ਖਾਧਾ[2] ਪੀਤਾ ਜਿਉਂ ਕੀਉਂ ਹੋਇਆ, ਹੱਸਣ ਖੇਡਣ ਭਾਇਆ ।
ਆਖ ਦਮੋਦਰ ਵੇਲ ਖੁਸ਼ੀ ਦਾ, ਹੀਰ ਸਲੇਟੀ ਪਾਇਆ । (804)

ਹੱਸਣ, ਖੇਡਣ ਮੰਜੇ ਉੱਤੇ, ਖਿਲ ਖਿਲ ਪਵਨ ਤਿਵਾਈਂ ।
ਬਹੁਤ ਖੁਸ਼ਾਲ ਹੱਦ ਥੀਂ ਬਾਹਰ, ਆਖਣ ਦੀ ਗੱਲ ਨਾਹੀਂ ।
ਅੰਦਰ ਰੰਗ, ਜਾਮਕੀ ਸੁਲਕੇ, ਕੇ ਥੀਸੀ ਬਾਬ ਅਸਾਹੀਂ ।
ਆਖ ਦਮੋਦਰ ਕੇਹੜੀ ਥੀਸੀ, ਅਸੀਂ ਜਣਾਹਾਂ ਨਾਹੀਂ । (805)

ਫਿਰ ਫਿਰ ਛੁੱਖਨ, ਫਿਰ ਹੱਸ ਬੈਠਨ, ਅੰਦਰ ਬਹੁਤ ਖੁਸ਼ਾਲ੍ਹੀ ।
ਸਿਕਦੇ ਰੂਹ ਮਿਲਾਏ ਸਾਹਿਬ, ਓਹੋ ਜੇਹੀ ਲਾਲੀ ।

---

[1] ਗ. ਸਿੰ. ਬੇ. ਤੇ ਡਾ. ਪ. ਸਿੰ., ਰੱਬ ਅਸਾਂ ।
[2] ਜੰਕੀ ਹੋਇਆ ।

ਮੂੰਹ ਮਤਾਬ, ਅੱਖੀਂ ਬਲਨ ਮਸਾਲਾਂ, ਦੋਨੋਂ ਇਸ਼ਕ ਮਵਾਲੀ ।
ਆਖ ਦਮੋਦਰ ਓਹੋ ਜੇਹੀ, ਹੀਰੇ ਰਾਂਝੇ ਵਾਲੀ । (806)

ਬਹੁਤ ਖੁਸ਼ੀ, ਹੱਦ ਥੀਂ ਬਾਹਰ, ਆਖਣ ਦੀ ਗੱਲ ਨਾਹੀਂ ।
ਮਿਹਰ ਮੁਹੱਬਤ ਸੇਤੀ ਬੈਠੇ, ਬੈਠਨ ਦੇਹ ਗਲ ਬਾਹੀਂ ।
ਬਹੁਤ ਵੈਰਾਗ ਅੰਦਰ ਦਾ ਚੁੱਕਾ, ਅਜੇ ਨੌਤਨ ਇਸ਼ਕ ਤਿਨਾਂਹੀ ।
ਆਖ ਦਮੋਦਰ ਅਠੋਹਾਰੀ, ਗੁਜ਼ਰੀ ਦੋਹਾਂ ਤਾਂਈਂ । (807)

### ਹੀਰ ਦੀ ਸੱਸ ਖ਼ਬਰ ਲੈਣ ਆਈ

ਤਾਂ ਨਾਰ ਅੱਲੀ ਦੀ, ਬਹੁ ਸੰਗ ਆਲਮ, ਘਰ ਸਹਿਤੀ ਦੇ ਆਈ ।
ਬਾਹਰ ਆਇ ਬੂਹਾ ਖੜਕਾਇਆ, ਉਚੇ ਸੱਦ ਸੁਣਾਈ ।
ਸੁਣ ਸਹਿਤੀ ਦੌੜੀ ਤਦ ਅੰਦਰੋਂ, ਬਾਹਰ ਨਿੱਕਲ ਆਈ ।
ਧੀਆ ! ਦੇ ਖ਼ਬਰ ਹੀਰੇ ਦੀ, ਅੰਮੜ ਘੋਲ ਘੁਮਾਈ । (808)

ਸੁਣ ਮਾਏ ! ਕੇ ਤੈਨੂੰ ਆਖਾਂ, ਸਹਿਤੀ ਆਖ ਸੁਣਾਇਆ ।
ਅੱਠੋ ਪਹਿਰ ਖਲੋਤਾ ਜੋਗੀ, ਧਰਤੀ ਪੈਰ ਨਾ ਲਾਇਆ ।
ਮਾਰੇ ਮੰਤ੍ਰ, ਮੋਰਾਂ ਹੱਥ ਮੁੱਠਾ, ਫਿਰੇ ਭੁੱਖਾ ਤ੍ਰਿਹਾਇਆ ।
ਸਲੇਟੀ ਸਹਿਕੇ ਮੰਜੇ ਉੱਤੇ, ਪਾਸਾ ਨਾਹਿ ਹਿਲਾਇਆ । (809)

ਅੱਲੀ ਆਖੇ ਸੁਣ ਸਹਿਤੀ ਧੀਏ ! ਅਸਾਂ ਕੰਮ ਨਾ ਕੋਈ ।
ਅੱਠੋ ਪਹਿਰ ਇਦਾਈਂ ਅੱਖੀਂ, ਵਿਸਰ ਸੁ ਕੰਮ ਗਇਓਈ ।
ਓਸੇ ਵੇਲੇ ਮੈਥੋਂ ਮੁੰਜੇਂ; ਜਾਂ ਕਿਛ ਫਰਕ ਡਿਠੋਈ ।
ਆਖ ਦਮੋਦਰ ਉਹ ਬਾਹਰ ਥੀਏ, ਸਹਿਤੀ ਅੰਦਰ ਹੋਈ । (810)

### ਸਹਿਤੀ ਤੇ ਹੀਰ

ਸੁਣ ਨੀ ਹੀਰੇ ! ਆਖ ਹਕੀਕਤ, ਕਿਤਨਾ ਕੂੜ ਅਖਾਈਂ ।
ਕੰਧੇ ਉਤੇ ਕਿਤਨਾ ਦੌੜੀਂ, ਆਖਮ ਮੈਂ ਢਹਿਸਾਈਂ ।
ਹੋਵੇ ਬੋਲ ਸਚਾਵਾ ਹੀਰੇ ! ਸਿਕਦੇ ਰੂਹ ਮਿਲਾਈਂ ।
ਖਾਵਹੁ ਪੀਵਹੁ ਮੌਜਾਂ ਕਰਿਹੋ, ਆਖ ਕੇ ਤੁਸਾਂ ਸੁਣਾਈਂ ।
ਆਖ ਦਮੋਦਰ ਸੁਣ ਸਲੇਟੀ ! ਜੇ ਮਰਾਂ ਤਾਂ ਕੰਮ ਤੁਸਾਂਹੀਂ । (811)

ਚੂਰੀ, ਘਿਉ, ਗੁੜ ਸ਼ਕਰ ਖਾਂਦੇ, ਮੌਜਾਂ ਮੇਹਰ ਬਨਾਏ ।
ਰਾਜ਼ੀ ਬਹੁਤ, ਹੱਸ ਬਹਿਣ ਪਲੰਘ ਤੇ, ਹੱਸ ਹੱਸ ਬਚਨ ਸੁਣਾਏ ।
ਹਿੱਸਾ ਰੂਹ ਅਤੇ ਦੁਇ ਜੁੱਸੇ, ਡਾਢੇ ਆਣ ਫਹਾਏ ।
ਆਖ ਦਮੋਦਰ ਅੱਠੋਹਾਰੀ, ਤਾਂ ਮਿਲ ਖੇੜੇ ਆਏ । (812)

**ਦੂਜੇ ਸਤਵਾਰ ਖ਼ਬਰ ਲੈਣ ਔਣਾ**

ਅੱਲੀ ਨਾਲ ਜ਼ਨਾਨਾ ਸਭੋ, ਤਾਂ ਬਾਹਰ ਚਲ ਆਇਆ।
ਕੀਤੇ ਸੱਦ ਉਚੇਰੇ ਲੋਕਾਂ, ਤਾਂ ਸਹਿਤੀ ਸੁਣ ਪਾਇਆ।
ਸੁਣ ਕਰ ਸੱਦ ਹੋਈ ਚਮਕਾਇਲ, ਬਾਬਾ ਬਾਹਿਰ ਆਇਆ।
ਆਖ ਦਮੋਦਰ ਸੁਕਚੇ ਦੋਹੇਂ, ਤਾਂ ਸਹਿਤੀ ਬੂਹਾ ਲਾਇਆ। (813)

**ਅਲੀ**

ਸੁਣ ਧੀਏ ! ਕੋਈ ਦੇਇ ਸਨੇਹਾਂ, ਸੱਭਾ ਕਲਵਲ ਹੋਈ।
ਅੱਠੇ ਪਹਿਰ ਇਦਾਂਈ ਅੱਖੀਂ, ਕੁਛ ਫਰਕ ਭੀ ਨਦਰ ਪਇਓਈ ?
ਆਖ ਅਸਾਨੋਂ, ਧੀਰਜ ਹੋਵੈ, ਅਜੇ ਖਾਤ੍ਰ ਜਮਾਂ ਨਾ ਕੋਈ।
ਆਖ ਦਮੋਦਰ ਸਹਿਤੀ ਸਿਆਣੀ ! ਅੰਦਰ ਕੀਕਣ ਹੋਈ। (814)

ਸੁਣ ਬਾਬਾ ! ਕੇ ਤੈਨੂੰ ਆਖਾਂ ? ਸਹਿਤੀ ਸੁਖਨ ਸੁਣਾਏ।
ਕੱਕੇ, ਕਾਲੇ, ਤੇ ਕੋੜੀਆਲੇ, ਲੱਖ ਸਪਾਂ ਦੇ[1] ਜਾਏ।
ਜੋ ਆਵੇ, ਸੋਈ ਮੁੜ ਵੰਞੇ, ਜੋਗੀ ਜੀਅ ਨਾ ਲਾਏ।
ਸੁਣ ਬਾਬਾ ! ਪਿੜ ਤੇ ਨਹੀਂ ਮੁਈਯਾ, ਹੁਣ ਕੁਝ ਫਰਕ ਦਿਖਾਏ[2]। (815)

ਬੂਹਾ ਮਾਰ ਆਈ ਫਿਰ ਅੰਦਰ, ਆਖੇ ਦੋਹਾਂ ਤਾਈਂ।
ਲੱਗੀ ਅੱਗ, ਸਹੀ ਸਿਰ ਮੈਂਡੇ, ਕੀਕਰ ਆਖ ਬੁਝਾਈਂ।
ਖੰਡੇ ਧਾਰ ਵਿਚੋਂ ਕਿਉਂ ਜਿਣਨਾਂ, ਮੈਂ ਸੁਧ ਪੌਂਦੀ ਨਾਹੀਂ।
ਖਾਵਹੁ, ਪੀਵਹੁ, ਮੌਜਾਂ ਕਰਿਹੋ, ਮਰਾਂ ਤਾਂ ਕੰਮ ਅਵਾਂਹੀ। (816)

**ਰਾਂਝਾ**

ਲੱਜ ਅਸਾਡੀ ਤਉਂ ਗਲ ਸਹਿਤੀ, ਅਸਾਂ ਲੂਹ ਨਾ ਤਕੀਆ ਕੋਈ।
ਜਿਉ ਜਾਣੇ ! ਤਿਉਂ ਰੱਖ ਅਸਾਡੀ, ਜੇਹਾ ਬੋਲ ਚਇਓਈ।
ਗਲੀਏਂ ਕੱਖ ਅਸਾਡੇ ਦੁਸ਼ਮਨ, ਦੋਸਤ ਅਸਾਂ ਨਾ ਕੋਈ।
ਗਲ ਅਸਾਡੇ, ਤੇ ਹਥ ਤੈਂਡੇ, ਸਾਡਾ ਹੋਰ ਨਾ ਕੋਈ। (817)

**ਸਹਿਤੀ**

ਸੁਣ ਵੇ ਚਾਕਾ ! ਛਾਹ ਪਿਆਕਾ ! ਤੈਨੂੰ ਮੱਤ ਨਾ ਕਾਈ।
ਹੀਰ ਨਾ ਤੁਧ ਪਰਬਤ ਤੇ ਚਾੜ੍ਹੀ, ਨਾਂ ਤੁਧ ਸਿੰਧ ਲੰਘਾਈ।
ਫਿਰ ਫਿਰ ਝੰਗ ਸਿਆਲਾਂ ਦੇ ਵਿਚ, ਮੁੰਞੇ ! ਬਾਜ਼ੀ ਪਾਈ।
ਆਖ ਦਮੋਦਰ ਧੌਂਦੀ ਧੌਂਦੀ, ਮੈਂ ਤੱਤੀ ਦੇ ਸਿਰ ਆਈ। (818)

---

[1]ਗ. ਸਿं. ਬੇ. ਤੇ ਡਾ. ਪ. ਸਿੰ., ਲੱਖ ਸੱਪਾ ਦੇ ਆਏ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਜੋਗੀ ਆਖੇ ਹੁਣ ਕੁਝ ਫ਼ਰਕ ਦਿਖਾਏ।

ਰਾਂਝਾ

ਖੀਓਂ ਨਾ ਨਾਬਰ, ਸਦਕੇ ਕੀਤੀ, ਅਸਾਂ ਲੂਹ ਨਾ ਕੋਈ ।
ਪਿਉ ਮਾਂ ਤੂੰ ਅਸਾਡਾ ਸਹਿਤੀ, ਲੱਜਾ ਤੋਂ ਗਲ ਹੋਈ ।
ਪਾੜਿਆ ਅਸਾਂ, ਸੀਅ ਜਿਉਂ ਜਾਣੇ, ਸਾਡਾ ਹੋਰ ਨਾ ਕੋਈ ।
ਆਖ ਦਮੋਦਰ ਝੂਰਕੇ ਝੁਖਦੇ, ਅੱਠਿਹਾਰੀ ਹੋਈ (819)

ਤੀਜੇ ਸਤਵਾਰੇ ਖਬਰ ਲੈਣ ਔਣਾ

ਥੀਆ ਸੱਦ, ਤਾਕ ਖੜਕਾਇਆ, ਬਾਕੀ ਰਹਿਆ ਨਾ ਕੋਈ ।
ਮਿਹਰੀ, ਮਰਦ ਅਤੇ ਕੁਲ ਕਸਬਾ, ਪਿਛੇ ਰਹਿਆ ਨਾ ਕੋਈ।
ਸਹਿਤੀ ਆਇ ਖੋਲ੍ਹਿਆ ਬੂਹਾ, ਪੁੱਛਣ ਨੂੰ ਸਭ ਹੋਈ ।
ਸਹਿਤੀ ਆਖ ਸਿਆਣੀ ਧੀਏ ! ਜੇ ਕੁਝ ਫਰਕ ਡਿਠੋਈ ?

ਸਹਿਤੀ

ਬੱਗੇ, ਰੱਤੇ, ਪੀਲੇ ਲੱਖ ਸੱਪਾਂ ਦੇ ਜਾਏ ।[1]
ਜੋਗੀ ਪੜ੍ਹਦਾ ਮੰਤਰ ਤਿਵੀਹੇਂ, ਪੈਰ ਨਾ ਧਰਤੀ ਲਾਏ ।
ਜਿਸ ਡੰਗੀ ਨੌਂਹ ਤੈਂਡੀ ਬਾਬਾ ! ਅਜੇ ਉਹ ਨਹੀਂ ਮੂੰਹ ਵਿਖਾਏ ।
ਸੁਣ ਬਾਬਾ ! ਹੀਰੇ ਪਾਸਾ ਪਰਤਿਆ, ਮੈਂ ਵਾਰੀ ਤੁਸਾਂ ਵਧਾਏ । (821)

ਬੂਹਾ ਮਾਰ ਸਿਧਾਈ ਅੰਦਰ, ਮਿਲੀ ਸੁ ਆਇ ਤਿਵਾਈਂ ।
ਰੋਵਣ ਹੀਰ ਰੰਝੇਟਾ ਦੋਵੇਂ, ਬਣੀ ਜੁ ਬਾਬ ਅਸਾਹੀਂ ।
ਹਸਹੁ, ਖੇਡਹੁ, ਮੌਜਾਂ ਕਰਿਹੋ, ਮੈਂ ਬਲਿ ਬੱਠੀ ਆਹੀਂ ।
ਆਖ ਦਮੋਦਰ ਜੇ ਮਰਣ ਅਹੁਲਿਆ, ਤਾਂ ਤੁਸੀਂ ਖੜਹੁ ਕਿਉਂ ਨਾਹੀਂ । (822)

ਰਾਂਝੇ ਅਤੇ ਹੀਰ ਦੀ ਚਿੰਤਾ

ਖਾਵਣ ਰੱਜ, ਰੋਜ ਬਹਿ ਅੰਦਰ, ਬਹਿ ਬਹਿ ਫਿਕਰ ਕਰੇਨੀਂ ।
ਅੰਦਰ ਧੁੱਖ ਨ ਛੱਡੇ ਮੂਲੇ, ਮੱਥੇ ਹੱਥ ਲਏਨੀ ।
ਜਿਉਂ ਜਿਉਂ ਮੁੱਦਤ ਨੇੜੇ ਆਵੇ, ਤਿਉਂ ਤਿਉਂ ਮਤੇ ਪਕੇਨੀ ।
ਆਖ ਦਮੋਦਰ ਕੁਝ ਨ ਸੁੱਝੈ, ਬੈਠ ਉਦਾਸ ਭਰੇਨੀ (823)

ਤਾਂ ਸਹਿਤੀ ਫਿਰ ਕਰੇ ਦਿਲਾਸਾ, ਧੀਏ ! ਤੁੱਧ ਸੁਣਾਈਂ ।
ਜੇ ਵੱਸ ਚੱਲੇ ਚਾਕਾ ਮੈਂਡਾ, ਤਾਂ ਅੱਜ ਦੋਏਂ ਬੰਨ੍ਹਾਈਂ ।
ਜੇ ਵੱਸ ਮੈਂਡਾ ਹੋਵੈ ਧੀਏ ! ਘੱਟ ਨ ਮੈਂ ਕਰ ਸਾਈਂ ।
ਤੱੜੇ ਮਰਾਂ ਮਰੀਂਦੀ ਚਾਕਾ ! ਤੈਂ ਨਾਲ ਹੀਰ ਚਲਾਈਂ । (824)

---

[1] ਗ. ਸਿੰ. ਬੇ. ਤੇ ਡਾ. ਪ. ਸਿੰ., ਸੱਪਾਂ ਦੇ ਆਏ :

**ਰਾਂਝਾ**

ਇਹ ਸਿਰ ਸਦਕੇ ਕੀਤਾ ਸਹਿਤੀ, ਅਸੀਂ ਨਾ ਲਾਹ ਸੰਗਾਈਂ ।
ਲਾਹੇ ਨੇਕੀ ਕੌਣ ਤੁਸਾਡੀ, ਮੂਲ ਨ ਅਸੀਂ ਲਹਾਈਂ ।
ਜੇਹੀ ਚਾਈਆ ! ਨਿਭਾਇ ਤਿਵੇਹੀ, ਅਸੀਂ ਗਲ ਪਏ ਤੁਸਾਂਹੀਂ ।
ਆਖ ਦਮੋਦਰ ਅਸੀਂ ਵਿਚਾਰੇ, ਚਾਰਾ ਕੋਈ ਨਾਹੀਂ । (825)

**ਸਹਿਤੀ**

ਖੇਡਹੁ ਹੱਸਹੁ, ਖੁਸ਼ੀਆਂ ਕਰਿਹੋ, ਅਸਾਂ ਸਿਰ ਅਹਿਦ ਉਠਾਇਆ ।
ਕੇਹਾ ਸਰਫ਼ਾ ਮਰਣ ਜੀਵਣ ਦਾ, ਮਰਣ ਜਿਨ੍ਹਾਂ ਸਿਰ ਚਾਇਆ ।
ਜੇ ਧੀਦੋ ! ਔਧ ਹੁਈਆਸੇ ਪੂਰੀ, ਰਹੇ ਨਾ ਮਰਣ ਰਹਾਇਆ ।
ਆਖ ਦਮੋਦਰ ਮੈਂ ਬਲਿ ਬਕਰਾ, ਸਿਰ ਕੰਮ ਤੁਸਾਡੇ ਆਇਆ । (826)

ਅੱਠੇ ਪਹਿਰ ਫ਼ਿਕਰ ਤੈਹਾਂ ਨੂੰ, ਮੁੱਦਤ ਨੇੜੇ ਆਈ ।
ਕਰ ਧੀਰੇ, ਨਾ ਕਾਹਲੇ ਥੀਵਹੁ, ਖਾਵਹੁ, ਘੋਲ ਘੁਮਾਈ ।
ਗਾਣਵੇਂ ਦਿਹੁ, ਕਿਆ ਵੈਂਦਿਆ ਲੱਗੇ, ਸਾਇਤ ਸੁਖੀ ਨਾ ਕਾਈ ।
ਆਖ ਦਮੋਦਰ ਅੱਠੋਹਾਰੀ, ਤਾਂ ਸੱਭਾ ਪੁੱਛਣਆਈ । (827)

**ਚੋਥੇ ਸਤਵਾਰੇ ਔਣਾ**

ਥੀਆ ਸੱਦ, ਸੁਣਿਆ ਤਦ ਸਹਿਤੀ, ਤਾਂ ਸੁਣ ਬਾਹਰ ਆਈ ।
ਪੁੱਛੇ ਬਾਪ, ਅਤੇ ਕਬੀਲਾ, ਫੁੱਫੀ ਮਾਸੀ ਤਾਈ ।
ਡਿਠੋ ਫਰਕ ? ਪਾਣੀ ਕਿ ਟੁੱਕਰ, ਮੰਗਦੀ ਹੀਰ ਸਭਾਈ ?
ਧੀਏ ਆਖ ਸਹੀ ਸੱਚ ਬੇਟੀ ! ਕਾਈ ਤੁਧ ਭੀ ਨਜ਼ਰੀ ਆਈ ? (828)

**ਸਹਿਤੀ**

ਸੁਣ ਮਾਏ ! ਹਿਕ ਗੱਲ ਅਸਾਡੀ, ਹਿਕ ਅਚਰਜ ਨਦਰੀਂ ਆਇਆ ।
ਵਡਾ ਸੱਪ, ਸੱਪ ਤੇ ਚੜ੍ਹਿਆ, ਕਾਲਾ ਰੰਗ ਤਿਸ, ਆਇਆ ।
ਜੋਗੀ ਪਕੜ ਪੈਰ ਹੀਰੇ ਦਾ, ਤਿਸ ਦੇ ਅੱਗੇ ਪਾਇਆ ।
ਆਖ ਦਮੋਦਰ ਤੁਸੀਂ ਵਧਾਏ ! ਹੀਰੇ ਪਾਸਾ[1] ਹਿਲਾਇਆ । (829)

ਅਗਲੇ ਹਫਤੇ ਆਵਹੁ ਬਾਬਾ, ਹੀਰ ਨਵਾਵਣ ਤਾਈਂ ।
ਕਰਿਹੋ ਸ਼ਾਦੀ, ਤੁਸਾਂ ਮੁਮਾਰਖ, ਜਾਣੇਂ ਅੱਜ ਜੀਵਾਹੀ ।
ਧਰ ਸ਼ਦਿਆਨੇ ਛੁਟੀ ਨੇਹੇ, ਮਿਹਰ ਕੀਤੀ ਆਹੇ ਸਾਈਂ ।
ਸਹੀ ਸਲਾਮਤ ਛੁੱਟੀ ਨੇਹੇ, ਦਿਲ ਕਰਹੁ ਖਰਾਇਤ ਦੇਵਣ ਤਾਈਂ । (830)

---

[1]ਗ. ਸਿ. ਬੇ. ਤੇ ਡਾ. ਪ. ਸਿੰ., ਪਾਸ ।

ਤਾਂ ਸੁਣ ਅਲੀ ਕਰੇ ਤਿਆਰੀ, ਟੰਮਕ ਢੋਲ ਧਰਾਏ ।
ਭਲਾ ਥੀਆ, ਸਲੇਟੀ ਛੁੱਟੀ, ਜਣ, ਅਸੀਂ ਅਜ ਵਧਾਏ ।
ਖ਼ੈਰਾਇਤ ਦੇ ਕੋਠੇ ਛੋੜੇ, ਆਲਮ ਘਿੱਨਣ ਆਏ ।
ਆਖ ਦਮੋਦਰ ਖੇੜੇ ਦਿੱਸਣ, ਸਭਨਾ ਰੰਗ ਸਵਾਏ । (831)

### ਸਹਿਤੀ ਤੇ ਹੀਰ ਦੀ ਸਲਾਹ

ਸੁਣ ਹੀਰੇ ! ਬਾਕੀ ਇਕ ਹਫ਼ਤਾ, ਕੀਕਣ ਕੀਚੈ ਭਾਈ ?
ਆਖ਼ਰ ਕੂੜ ਬੁਲੇਂਦੀ ਹੁੱਟੀ, ਇਸ ਮੁਣੀਆਦ ਨਾ ਕਾਈ ।
ਵੇਖਾਂ ਕੀਕਣ ਹੋਸੀ ਅੱਗੇ, ਪੌਂਦੀ ਸੁਧ ਨਾ ਕਾਈ ।
ਆਖ ਦਮੋਦਰ ਆਖ਼ ਸੁਣੀਐ, ਸਾਈ ਆਖ਼ਰ ਆਖਰ ਆਈ । (832)

ਜਾਂ ਗੁਜ਼ਰੇ ਪੰਜ ਦਿਹਾੜੇ ਅੰਦਰ, ਤਾਂ ਸਹਿਤੀ ਆਖ ਸੁਣਾਇਆ ।
ਸੋ ਕਿਛੁ ਨਾਲ ਤੁਸਾਡੇ ਕੀਤਾ, ਜੋ ਮੈਂ ਥੀ ਹੋਇ ਆਇਆ ।
ਥੀਓ ਤਿਆਰ ਮੈਨੂੰ ਦੇਵਣ ਤਾਈਂ, ਮੈਂ ਤਾਂ ਏਹੋਂ ਭਾਇਆ ।
ਆਖ ਦਮੋਦਰ ਤ੍ਰੀਹਾਂ ਜਣਿਆਂ, ਏਹੋ ਮਤਾ ਪਕਾਇਆ । (833)

ਤਾਂ ਦਿੱਤੀ ਸੰਨ੍ਹ ਤ੍ਰੀਹਾਂ ਬਹਿ ਰਾਤੀਂ, ਥੀਏ ਤਿਆਰ ਤਦਾਹੀਂ ।
ਜੇ ਵੱਸ ਚੱਲੇ ਮੈਂਡਾ ਚਾਕਾ ! ਤੈਂ ਨਾਲ ਹੀਰ ਪਰਨਾਈਂ ।
ਜੇਹਾ[1] ਤਾਓ ਦੇਸੋ ਪੈਰਾਂ ਨੋਂ ਉਡਹੁ ਪੰਖੀ ਨਿਆਈਂ ।
ਆਖ ਦਮੋਦਰ ਸੁਣਿਹੋ[2] ਰਾਂਝਾ ! ਤੁਸਾਂ ਅਸਾਂ ਦਾ ਸਾਈਂ । (834)

ਤਾਂ ਸਹਿਤੀ ਕੁਤ੍ਰੱਪਾ ਕੀਤਾ, ਤੁਸਾਂ ਕਰੋ ਤਿਆਰੀ ਆਹੀਂ ।
ਵੱਡੇ ਵੇਲੇ ਮਜਲ ਕਰਿਆਹੇ, ਟਿਕੋ ਕਿਥਾਊਂ ਨਾਹੀਂ ।
ਪਿੱਛੋਂ ਬਾਬ ਅਸਾਡੇ ਬਣਸੀ, ਸੋ ਤਾਂ ਮਹੀਂ ਵਿਖਾਈਂ ।
ਆਖ ਦਮੋਦਰ ਸਾਈਂ ਹਵਾਲੇ ਰਾਂਝਾ ! ਅਸਾਂ ਤੁਸਾਂ ਦਾ ਸਾਈਂ । (835)

### ਹੀਰ ਰਾਂਝੇ ਨੇ ਰਾਤੀਂ ਨਸਣਾ

ਜੁੱਲੇ ਵਿਦਾ ਕਰ ਸਹਿਤੀ ਕੋਲੋਂ, ਕੀਤੀ ਮਜਲ ਤਦਾਹੀ ।
ਨਾਲ ਕਢਾਈਂ ਮੂਲ ਉਲੰਘੀ, ਫਿਰ ਫਿਰ ਉਤੇ ਜਾਹੀ ।
ਸਾਰੀ ਰਾਤ ਕੀਤੋਨੇ ਪੈਂਡਾ, ਤੇਲੀ ਬੈਲ ਨਿਆਈ ।
ਆਖ ਦਮੋਦਰ ਜੇ ਪਹੁ ਫੁਟੀ,
ਤਾਂ ਆਜ਼ਜ਼ ਹੋਏ, ਸੱਦਣ ਸਹਿਤੀ ਤਾਈ । (837)

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਕੇਹਾ ।
[2]ਆਖ ਦਮੋਦਰ ਸੁਣ ਹੋ ਸਾਈਂ ਰਾਂਝਾ।

ਤਦਣ ਸਹਿਤੀ ਉਠੀ ਭੰਨੀ, ਇਹਨਾਂ ਗੱਲ ਸੁਣਾਈ।
ਢੱਬੀ ਸੰਨ੍ਹ, ਸਿਆਣਪ ਕਰ ਕਰ, ਉਥੇ ਧੂੰਈਂ ਪਾਈ।
ਕੀਕਣ ਹੀਰੇ ! ਮੂਲ ਉਲੰਘੀ ਸਹਿਤੀ ਗੱਲ ਪੁਛਾਈ।
ਬਹੁਤਾ ਜੰਮ ਸਹੀ ਇਸ ਬੂਟੀ, ਹੋਸੀ ਤਲੀਏਂ ਆਈ। (837)

### ਦੂਜੇ ਦਿਨ ਫੇਰ ਨੱਸੇ

ਦਿਹੁੰ ਦੂਜੇ ਭੀ ਫੇਰ ਇਨ੍ਹਾਂ ਨੇ, ਮੰਜਲ ਭਰ ਭਰ ਕੀਤੀ।
ਹਾਇ ਹਾਇ ਜੁੱਲੇ ਕਰੇਂਦੇ, ਨੱਸਣ ਸੰਦੀ ਕੀਤੀ।
ਚਾਰੇ ਪਹਿਰ ਚੱਲੇ ਉਠ ਪੲੀਏ, ਦੋਹਾਂ ਚੋਰੀ ਕੀਤੀ।
ਪੰਦਰਾਂ ਕੋਹ ਕੀਤੋਨੇ ਪੈਂਡਾ, ਤਾਂ ਦਿਹੁੰ ਹੋਇਆ, ਨਿਸ ਬੀਤੀ। (838)

ਛਪੇ ਜਾਇ ਦੋਵੇਂ ਵਿਚ ਬੇਲੇ, ਤੱਸ਼ਾ ਪਲਿਓਂ ਖਾਇਆ।
ਚਾਰੇ ਪਹਿਰ ਨ ਥੀਏ ਜ਼ਾਹਿਰ ਬੈਠਿਆਂ ਆਪ ਛਪਾਇਆ।
ਜਾਂ ਆਈ ਰਾਤ, ਦੋਹੇਂ ਉਠ ਚਲੇ, ਪਾਸੇ ਖੰਭ ਲਗਾਇਆ।
ਆਖ ਦਮੋਦਰ ਤਾਂ ਦਿਹੁੰ ਤੀਜੇ ਅੱਜੀ ਹੀਰ ਨਵ੍ਹਾਵਣ ਆਇਆ। (839)

### ਖੇੜੇ ਹੀਰ ਨੂੰ ਨੁਵ੍ਹਾਵਣ ਆਏ

ਡੂਮਣੀਆਂ ਸਿਰ ਘੜੇ ਲੱਸੀ ਦੇ, ਗਾਵਣ ਗੀਤ ਤਦਾਹੀਂ।
ਨਾਲ ਸਵਾਣੀਆਂ ਅਤੇ ਸਾਊ, ਦੇਣ ਖਰਾਇਤ ਰਾਹੀਂ।
ਜਾਹਗਾ ਜਾਹਗਾ ਗੀਤ ਸੁਣੀਐ, ਖੇੜਾ ਹੱਥ ਉਠਾਈ।
ਇਤ ਭੱਤੇ, ਬਾਘਾ ਅਤੇ ਡੋਹੇ, ਬਹੁਤੇ ਆਲਮ ਆਈ। (840)

ਸਹਿਤੀ ਮੰਜੀ ਬੂਹੇ ਉਤੇ ਘੱਤੀ ਆਣ ਤਿਥਾਈ।
ਸੁਣ ਕਰ ਚੁਪ ਕਰੇਂਦੀ ਸਹਿਤੀ, ਮੂਲ ਬੁਲੇਂਦੀ ਨਾਹੀਂ।
ਹੋਇਆ ਹਉਲ ਮਾਂ ਪਿਉ ਨੂੰ ਬਾਹਰ, ਸਹਿਤੀ ਖਾਧੀ ਨਾਗ ਸਤਾਹੀਂ।
ਆਖ ਦਮੋਦਰ ਬੂਹਾ ਭੰਨਣ, ਅੱਗੋਂ ਮੂਲ ਬੁਲੇਂਦੀ ਨਾਹੀਂ। (841)

ਤਾਂ ਛੋਹਰ ਚਾੜ੍ਹ ਦਿਤੋਨੇ ਉਤੇ, ਜਾਂ ਉਸ ਝਾਤੀ ਪਾਈ।
ਸੁੱਤੇ ਬੂਹੇ ਉਤੇ ਸਹਿਤੀ, ਤਲੀਏਂ ਮੰਡ ਜਗਾਈ।
ਅੰਦਰ ਬਾਹਰ ਥੀਆ ਕਰਾਹਾ, ਕੁੰਡੀ ਅੱਗੋਂ ਲਾਹੀ।
ਆਖ ਦਮੋਦਰ ਬੂਹਾ ਲੱਥਾ, ਤਾਂ ਸੱਭਾ ਅੰਦਰ ਆਈ। (842)

ਪੁੱਛੇ ਸਾਊਂ, ਬਾਪ, ਭਰਜਾਈ, ਅਸੀਂ ਹੀਰ ਨਵ੍ਹਾਵਣ ਆਏ।
ਅੱਗੇ ਲੱਗ, ਜੁਲਾਹਾਂ ਅਸੀਂ, ਪਿੰਡੇ ਪਾਣੀ ਪਾਏ।
ਹੱਭਾ ਆਇ ਖਲੋਤੀ ਬਾਹਰ, ਵੇਖਣ ਨੂੰ ਸਧਰਾਏ।
ਆਖ ਦਮੋਦਰ ਸਹਿਤੀ ਤਾਈਂ, ਮਾਂ ਪਿਉ ਆਖ ਸੁਣਾਏ। (843)

ਸਹਿਤੀ

ਬਾਬਾ ! ਅੱਜ ਜਾਂ ਮੈਂ ਪੈ ਸੁੱਤੀ, ਮੈਂ ਕਨ ਮਸਤੀ ਆਈ ।
ਅੰਦਰ ਬਾਹਰ ਸੱਪਾਂ ਭਰਿਆ, ਜ਼ਹਿਰ ਅਸਾਂ ਲਗ ਧਾਈ ।
ਤੀਆ ਦਿਹੁੰ ਸੁੱਤੀ ਕਰ ਮਸਤੀ, ਮੈਨੂੰ ਆਲਸ ਆਈ ।
ਆਖ ਦਮੋਦਰ ਬਾਹਰ ਸੁੱਤੀ, ਮੈਨੂੰ ਹੀਰ ਦੀ ਖ਼ਬਰ ਨਾ ਕਾਈ । (844)

ਅੰਦਰ ਆਇ ਵੜਿਆ ਕੁੱਲ ਆਲਮ, ਬਹੁਤ ਵਿਰਾਗੇ ਆਹੇ ।
ਅੱਗੇ ਵੇਖਣ ਤਾਂ ਕੁਝ ਨਾਹੀਂ, ਪਾੜ ਦਿਵਾਲ ਗਿਆਹੇ ।
ਘੱਤੀ ਕੂਕ, ਸੰਨ੍ਹ ਜਾ ਡਿੱਠੀ, ਹੱਭਾ ਕੂਕ ਸੁਣਾਏ ।
ਆਖ ਦਮੋਦਰ ਹਭਣਾ ਜਾਤਾ, ਜੋਗੀ ਚਾਕ ਭੀ ਆਹੇ । (845)

ਤਾਂ ਸਾਊ ਸੜ ਗਏ ਤਿਵੀਂਹੀ, ਬਿਨਾ ਚਾਕ ਕੋਈ ਨਾਹੀਂ ।
ਕੁੱਲ ਫਰੇਬ ਡਿਠੋਸੇ ਹੱਭੇ, ਥੀਏ ਤਿਆਰ ਤਦਾਂਹੀ ।
ਪਹੁਚੋਂ ਭਾਈ ! ਨਾ ਕਰਹੁ ਤਹੱਬਲ, ਕਿਤੇ ਪੱਤਣ ਟਾਂਗ ਲਗਾਹੀਂ ।
ਆਖ ਦਮੋਦਰ ਆਏ ਹੱਭੇ, ਸਹਿਤੀ ਪੁੱਛਣ ਤਾਈਂ । (846)

ਸੁਣ ਨੀ ਸਹਿਤੀ ! ਤੂੰਧ ਕਿਦਾਈ ਵੈਂਦੇ ਨਦਰੀ ਆਏ ?
ਕੇਹੜੇ ਵੱਲ ਕਰੀਹਾਂ ਫੇਰਾ ! ਕੋਈ ਅਸਾਂ ਸੁਣਾਏ ।
ਆਖ ਸੁਣਾਏ ਨਾ ਬਣੇ ਤਹੱਬਲ, ਅਸਾਂ ਘੋੜੇ ਜ਼ੀਨ ਕਰਾਏ ।
ਪੁੱਛੇ ਮਾਂ ਪਿਉ ਸਹਿਤੀ ਤਾਈਂ, ਉੱਤੇ ਹੱਥ ਬੁਝਾਏ । (847)

ਖੇੜਿਆਂ ਦੀ ਵਾਹਰ ਹੀਰ ਰਾਂਝੇ ਦੇ ਮਗਰ

ਕੁੱਲੇ, ਕਾਲੇ, ਨੁਕਰੇ, ਨੀਲੇ, ਅਕਲਬ, ਬਾਜ਼ ਪੀੜਾਏ ।
ਥੀ ਤਈਯਾਰ ਜੁਲੇ ਉਠ ਹੱਭੇ, ਜੋਗੀ ਮਾਰਣ ਨੂੰ ਸਧਰਾਏ ।
ਖਾਵਣ ਰੱਤ ਖ਼ੂਨ ਦਾ ਜਿਗਰਾ, ਪੀਵਣ ਰੱਤ ਤ੍ਰਿਹਾਏ ।
ਆਖ ਦਮੋਦਰ ਖੋਜ ਢੂੰਡੇਦੇ, ਪਾਂਧੀ ਅੱਗੇ ਆਏ । (848)

ਹਿਕ ਜੁਆਨ, ਕੁੜੀ ਭੀ ਨਾਲੇ ! ਭਾਈ ਤੁਸਾਂ ਭੀ ਨਦਰੀਂ ਆਈ ?
ਖੇੜੇ ਪੁੱਛਣ ਉਨ੍ਹਾਂ ਤਾਈਂ, ਸੱਚ ਦਸਿਆਹੇ ਭਾਈ ।
ਅਸਾਂ ਨਾ ਡਿੱਠੇ ਰਾਹ ਤੇ ਵੈਂਦੇ ਸਭਨਾਂ ਨਿਸ਼ਾਂ ਥੀ ਆਈ ।
ਆਖ ਦਮੋਦਰ ਘੋੜੇ ਫੇਰਨ, ਫੇਰ ਪਿਛਾਹਾਂ ਭਾਈ । (849)

ਘੋੜੇ ਫੇਰੇ, ਫਿਰੇ ਪਿਛੂਹੇ, ਲਸ਼ਕਰ ਫਿਰੇ ਤਿਵਾਂਈ ।
ਜੂਹ ਸਿਵਾਣ ਜੁਲੇ ਐਰਾਕੀ, ਮੂਲ ਠਸੀਂਦੇ ਨਾਹੀਂ ।
ਆਇ ਦੁਮਜਲਾ ਪੈਂਡਾ ਕੀਤਾ, ਥੀਏ ਪੁਛਣ ਤਾਈਂ ।
ਆਖ ਦਮੋਦਰ ਕਹੈ ਸੋਹਰ ਕੋ, ਪਇਆ ਗੁਮਾਨ ਇਦਾਈਂ । (850)

ਜੋ ਅੱਗੋਂ ਆਇ ਪੁਛੇਂਦੇ ਸਾਊ ਦੇਹੁ ਸਨੇਹਾ ਭਾਈ ।
ਹਿਕ ਦਿਸਣ ਜੋਗੀ ਭਲਾ ਦਿਸੀਂਦਾ, ਹਿੱਕ ਨਾਲ ਆਹੀਂ ਹਮਸਾਈ ?
ਅਸੀਂ ਢੂੰਡਾਊ ਦੋਹਾਂ ਸੰਦੇ, ਕਹੋ ਸੰਦੇਸਾ ਭਾਈ ।
ਆਖ ਦਮੋਦਰ, 'ਆਖੋ ਯਾਰੋ !' ਏਨਾਂ ਗੱਲ ਪੁਛਾਈ । (851)

ਕਿਤ ਨੂੰ ਪੁਛਹੁ ? ਮਤਲਬ ਆਖਹੁ ? ਤੁਸੀਂ ਕਿਉਂ ਪੁਛਦੇ ਭਾਈ ।
ਹਿਕ ਸੂਰਜ, ਹਿਕ ਚੰਦ ਚੌਦਸ ਦਾ, ਅਜ਼ਮਤ ਕੀ ਰੁਸ਼ਨਾਈ ।
ਹੇਤ, ਮੁਹੱਬਤ, ਬਹੁਤ ਡਿਠੋਸੇ, ਗਲ ਵੈਂਦੇ ਬਾਹਾਂ ਪਾਈ ।
ਆਖ ਦਮੋਦਰ ਅਸੀਂ ਵੇਖਣ ਸੇਤੀ, ਕੁਲ ਜਮਾਤ ਵਿਕਾਈ । (852)

ਤਾਂ ਸੁਣ ਆਤਸ਼ ਲੱਗੀ ਸਾਊਆਂ, ਕੇਹੀਆ ਵਾਗਾਂ ਚਾਈਆਂ ।
ਪੱਟੀਏ ਪੱਟੀਏ ਵੈਂਦੇ ਭੰਨੇ, ਅਗਹੁੰ ਕੁੜੀਆਂ ਆਈਆਂ ।
ਪੁੱਛਣ ਸੱਭ ਖਲੋਕੇ ਸਾਊ, ਗੱਲਾਂ ਉਨ੍ਹਾਂ ਸੁਣਾਈਆਂ ।
ਖਾਨੋਂ ! ਮਿਹਰੀ ਉਤੇ ਮਰਦ, ਵਿਕਾਣੇ, ਅਸੀਂ ਹੀਰ ਨੂੰ ਵੇਖ ਵਿਕਾਈਆਂ ।
(853)

ਤਾਂ ਇਹ ਸੁਣ ਭਛ ਦਿਤਿਆਨੇ ਘੋੜੇ, ਕਦਮ ਉਠਾਵਨ ਹਾਰੇ ।
ਵੱਜੀ ਧਰਤ ਸੁੰਬ ਅਤਿ ਬੋਲੇ, ਛੁਪੇ ਸੁ ਅੰਬਰ ਤਾਰੇ ।
ਵੇਖ ਖਲੋਤੇ ਹੀਰ ਤੇ ਰਾਂਝਾ, ਝਲ ਨਾ ਸੱਘਣ ਭਾਰੇ ।
ਆਖ ਦਮੋਦਰ ਖੇੜੇ ਆਏ, ਜਾਣਹੁ ਭੁੱਤੇ ਹਾਰੇ । (854)

**ਰਾਂਝਾ**

ਲੈ ਹੀਰੇ ! ਕਿਵੇਂ ਮਾਰ ਤੂੰ ਮੈਨੂੰ, ਇਹ ਮੰਦੀ ਤਰਾਂ ਮਰੇਂਦੇ ।
ਗੁੱਸੇ ਕਾਰਨ ਚਿੱਤ ਜੋ ਪਿਛਲੇ, ਸਹਿਮ ਸਹਿਮ ਦੁੱਖ ਦੇਂਦੇ ।
ਔਖੀ ਜਾਹ ਔਝੜ ਵਡੇਰੀ, ਮੈਂ ਸਹਿਮਾ ਸਹਿਮ ਮਰੇਂਦੇ ।
ਜੇ ਮੈਂ ਮਰਸਾਂ ਤੈਂਡੇ ਹੱਥਹੁ ਤਾਂ ਸ਼ੁਕਰ ਬਜਾਇ ਕਰੇਂਦੇ । (855)

**ਹੀਰ ਦਾ ਸਿਦਕ**

**ਹੀਰ**

ਤੂ ਸਾਹਿਬ ! ਮੈਂ ਬਰਦੀ ਤੈਂਡੀ ਮੈਂ ਆਜਜ਼ ਨਾ ਅਜ਼ਮਾਹੇਂ ।
ਵੇਚਾਰੀ ਦਾ ਚਾਰਾ ਕੇਹਾ, ਤੂੰ ਆਪੇ ਕਰਹਿ ਕਰਾਂਹੇਂ ।
ਸਭ ਕਿਛ ਕੀਤਾ ਤੈਂਡਾ ਹੋਂਦਾ, ਮੈਥੂੰ ਜਾਣ ਛਪਾਹੇਂ ।
ਕੇ ਕੁਦਰਤ ਕਿੱਸੇ ਦੀ ਸਾਹਿਬ ! ਜੋ ਤੈਨੂੰ ਹੱਥ ਲਾਏ । (856)

**ਰਾਂਝਾ**

ਨਾ ਹੀਰੇ ! ਅਸੀਂ ਔਖੇ ਰੁੱਧੇ, ਪਹੁੰਤੇ ਪੁੱਤਰ ਪਰਾਏ ।
ਵੇਖੋ ਪਾਸ ਖਲੋਇ ਸਿਆਲੀ, ਉਨ੍ਹਾਂ ਮੈਂਥੇ ਹੱਥ ਉਠਾਏ ।

ਙੁੱਖਣ ਵਿਚ ਉਜਾੜੀ ਦੋਂਹੇ, ਪਹੁੰਤੇ ਰੱਤ ਤ੍ਰਿਹਾਏ ।
ਆਖ ਦਮੋਦਰ ਘੋੜੇ ਚਰਦੇ, ਪੀੜੇ ਨਜ਼ਰੀਂ ਆਏ । (857)

### ਹੀਰ ਰਾਂਝਾ ਦਾ ਨਾਹੜਾਂ ਦੀ ਸ਼ਰਣ ਆਉਣਾ

ਜਾਂ ਵੇਖਣ ਤਾਂ ਘੋੜੇ ਚਰਦੇ ਦੋਹਾਂ ਨਜ਼ਰੀਂ ਆਏ ।
ਦੇਖ ਦੋਹਾਂ ਦਿਲ ਤਾਜ਼ੇ ਹੋਏ, ਕਦਮ ਡੁਢੇਰੇ ਚਾਏ ।
ਜਾਂ ਦੇਖਣ ਤਾਂ ਖ਼ਾਨ ਡਢੇਰੇ ਮਾਂਹ ਕਪਾਵਣ ਆਏ ।
ਦੂਰਹੁੰ ਡਿੱਠੇ ਹੀਰ ਤੇ ਰਾਂਝੇ ਦੇਖ ਤਿਦਾਊਂ ਧਾਏ ।
ਆਖ ਦਮੋਦਰ ਵੇਖ ਉਨਾਹਾਂ, ਗਲ ਵਿਚ ਪੱਲੂ ਪਾਏ । (858)

### ਬਿਆਨ ਹੀਰ

ਮੈਂ ਧੀ ਚੂਚਕ ਦੀ, ਝੰਗ ਸਿਆਲੋਂ, ਹੀਰੇ ਗੱਲ ਸੁਣਾਈ ।
ਮੈਂਡਾ ਹਕ ਰੰਝੇਟਾ ਆਹਾ, ਸੁਣਿਹੋ ਘੋਲ ਘੁਮਾਈ ।
ਚੂਚਕ ਮੈਂਥੇ ਕਟਕੀ ਕੀਤੀ, ਖੇੜੇ ਜੋਗ ਵਿਵਾਹੀ ।
ਜੇ ਹੱਕ ਲੈ ਸਿਦਾਣ ਚੱਲੀ ਉਠ, ਤਾਂ ਅੱਲੀ ਫ਼ੌਜ ਚੜ੍ਹਾਈ ।
ਸੁਣ ਸਾਹਿਬ ! ਮੈਂ ਔਖੀ ਰੁੱਧੀ, ਤਾਂ ਸਾਮ ਤੁਸਾਡੀ ਆਈ । (859)

### ਬਿਆਨ ਰਾਂਝਾ

ਮੈਂ ਪੁਤ੍ਰ ਮੌਜਮ ਦਾ ਧੀਦੋ, ਤਖ਼ਤ ਹਜ਼ਾਰਿਓਂ ਆਇਆ ।
ਹੀਰੇ ! ਕਾਰਨ ਉਮਰ ਗੁਜ਼ਾਰੀ, ਦਰ ਤੇ ਧੂੰਆਂ ਪਾਇਆ ।
ਲੱਜ ਨਾ ਕੀਤੀ ਮਾਂ ਪਿਉ ਸੰਦੀ, ਤਾਂ ਮੈਂ ਚਾਕ ਸਦਾਇਆ ।
ਹੱਕ ਸਿਦਾਣ, ਜ਼ੁਲਿਆ ਘਿੰਨ ਲੰਮੇ, ਤਾਂ ਅਲੀ ਕਟਕ ਲੈ ਆਇਆ । (860)

ਨਾਂ[1] ਕੋ ਲੋਹ ਨਾ ਤਕੀਆ ਮੈਂਡਾ, ਨਾ ਕੋ ਓਟ ਨਾ ਸਾਇਆ ।
ਕਣ ਕਣ ਮੈਂਡਾ ਦੁਸ਼ਮਣ ਥੀਆ, ਜਾਂਨ ਲਵਣ ਨੂੰ ਆਇਆ ।
ਤੁਸੀਂ ਹੋ ਰਾਠ ਜ਼ਮੀਂ ਦੇ ਖ਼ਾਵੰਦ, ਤੱਕ ਤੁਸਾਨੂੰ ਧਾਇਆ ।
ਆਖ ਦਮੋਦਰ ਜਾਂ ਔਖਾ ਰੁੱਧਾ, ਤਾਂ ਸਾਮ ਤੁਸਾਡੀ ਆਇਆ । (861)

### ਖ਼ਾਨ

ਆਵਹੁ ਬਹਹੁ ਅਸਾਡੇ ਪਿੱਛੇ, ਅਸਾਂ ਤਾਈਂ ਏਹੋ ਭਾਵੇ ।
ਹੁਕਮੀ ਪਾਇ ਹੱਥਾਂ ਸਿਰ ਸੇਤੀ, ਬੰਨ੍ਹ ਸਿਰੇ ਤੇ ਦਾਵੇ ।
ਪਿੱਛੇ ਪਏ ਨ ਕੁੱਤੇ ਦਿੱਪਨ, ਤੁਸੀਂ ਤਾਂ ਰਾਠਾਂ ਜਾਏ ।
ਮਰਣ ਅਹੂਲ ਬੈਠੇ ਸਿਰ ਸੇਤੀ, ਤੋੜੇ ਲਸ਼ਕਰ ਧਾਏ ।
ਆਖ ਦਮੋਦਰ ਮੂਲ ਨਾ ਦੇਸਾਂ, ਤੋੜੇ ਅਕਬਰ ਆਏ । (862)

---

[1]ਉਪਰੋਕਤ ਦੋ ਸਤਰਾਂ ਕਿਸੇ ਵੀ ਹੋਰ ਪੁਸਤਕ ਵਿਚ ਨਹੀਂ ।

ਤਾਂ ਖ਼ਾਨਾਂ ਸਭ ਹਥਿਆਰ ਸੰਭਾਲੇ, ਘੋੜੇ ਨੱਪੇ ਤਾਂਹੀ।
ਮਰਣ ਚਇਓਨੇ ਸਿਰ ਅਪਣੇ ਤੇ, ਹੋਏ ਝੱਲਣ ਤਾਈਂ।
ਕੇਹੇ ਹੱਥ ਕਰੇਸੋ ਭਾਈ ! ਵੈਰ ਪਰਾਇਆ ਚਾਈ।
ਕੀਕਰ ਅਸੀਂ ਮਰੀਹਾਂ ਨਾਹੀਂ ? ਪੁਤ੍ਰ ਮੌਜਮ ਦਾ,
ਧੀ ਚੂਚਕ ਦੀ ਸਾਮ ਅਸਾਡੀ ਆਈ। (863)

ਖੋਜ ਸੁ ਜੁਲੇ ਅਗੇਰੇ ਰਾਹੇਂ, ਫ਼ੌਜ ਇਦਾਊਂ ਆਈ।
ਦੇਇ ਸਲਾਮ ਮਿਲੇ ਖ਼ਾਨਾਂ ਨੂੰ, ਪੁੱਛਣ ਏਨ੍ਹਾਂ ਤਾਈਂ।
ਹਿੱਕ ਜੋਗੀ ਤੇ ਨਾਲ ਹਿੱਕ ਮਹਿਰੀ, ਤੁਸਾਂ ਨਜ਼ਰ ਨਾ ਆਈ ?
ਆਖ ਦਮੋਦਰ ਖੇੜੇ ਪੁੱਛਣ, ਓਨ੍ਹਾਂ ਨਾਹੜਾਂ ਤਾਈਂ। (864)

**ਨਾਹੜ**

ਨਾਹੀਂ ਡਿੱਠੇ, ਪੁਛਹੁ ਅਗਹੂੰ, ਇੱਦੇ ਨਾਹੀ ਆਏ;
ਅਸੀਂ ਵਿਰੱਕੇ ਇੱਥੇ ਬੈਠੇ, ਅਜੇ ਨਾ ਮਾਹ ਕਪਾਏ।
ਵੇਖਹੁ ਰਾਹ ਅਗੇਰੇ ਹੋ ਕੇ, ਅਗਹੂੰ ਵੰਞ ਪੁਛਿਆਹੇ।
ਅਸੀਂ ਆਪਣੇ ਮੂੰਹ ਸਿਰ ਬੈਠੇ ਬੋਲੇ, ਅਸੀਂ ਨਾ ਕੂੜ ਬੋਲਾਹੇ। (865)

**ਖੇੜੇ**

ਸੁਣਹੁ ਭਾਈ ! ਅਸੀਂ ਅਖਾਹਾਂ, ਕੀਹੇ ਤੁਸੀਂ ਦਸੇਂਦੇ।
ਅਸੀਂ ਬਹੁਤ ਆਜ਼ਜ਼ ਹਾਂ ਥੱਕੇ, ਤੁਸਾਡੀਆਂ ਅਖੀਂ ਵਿਚ ਬੁਲੇਂਦੇ।
ਖਾਧੀ ਖੰਡ ਰਜਾਹਾਂ ਨਾਹੀਂ, ਕਿਤ ਨੂੰ ਜ਼ਹਿਰ ਘੁਲੇਂਦੇ।
ਹੱਸ ਹੱਸ ਕੇ ਦੱਸਹੁ ਭਾਈ ! ਨਹੀਂ ਅਸੀਂ ਲੋਹੇ ਹੱਥ ਪਏਂਦੇ। (866)

**ਨਾਹੜ**

ਜੇ ਨਹੀਂ ਆਏ, ਤਾਂ ਭੀ ਆਏ, ਕਿਆ ਡਰ ਅੱਸਾਂ ਤਾਈਂ।
ਨੀਸੇ ਚਿੜੀਆਂ ਢਿੰਗਰਾਂ ਉਤੇ, ਜੇ ਕਤ ਉੱਡ ਵੈਸਾਈਂ।
ਪਿੱਛੇ ਪਏ ਨ ਕੁਤੇ ਦਿੱਪਨ, ਇਹ ਆਏ ਰਾਠ ਅਸਾਹੀਂ।
ਜੇ ਤੁਸੀਂ ਕਟਕ ਵਡੇਰਾ ਦਿੱਸੇ, ਤਾਂ ਥੋੜ੍ਹਿਆਂ ਬਹੁਤਿਆਂ ਸਾਈਂ। (867)

**ਖੇੜਿਆਂ ਨਾਹੜਾਂ ਦਾ ਜੰਗ**

ਤਾਂ ਧੂਹ ਮਿਆਨੋਂ ਇਦੋਂ ਉਦੋਂ ਐਲੀ ਐਲੀ ਕਰ ਆਏ।
ਤੁੱਟਨ ਲੋਥਾਂ ਇਦੋਂ ਉਦੋਂ, ਹੋਏ ਰੱਤ ਤਿਹਾਏ।
ਬਹੁਤ ਵਿਰਾਗ ਭਿੜਨ ਦਾ ਖੇੜੇ, ਅਜੇ ਭਿੜਨੇ ਨੂੰ ਸਧਰਾਏ।
ਆਖ ਦਮੋਦਰ ਨਹੀਂ ਟਲਦੇ ਨਾਹੜ, ਫਿਰ ਪਵਣੇ ਨੂੰ ਸਧਰਾਏ। (868)

ਫਿਰ ਸੁ ਵੜੇ ਐਲੀ ਐਲੀ ਕਰ, ਦੋਹੇਂ ਫਿਰਦੇ ਨਾਹੀਂ।
ਲੁੱਝਣ ਇੱਦੋਂ ਉਦੋਂ ਲੋਥਾਂ, ਹੋਇਆ ਤਾਊ ਦੁਹਾਂਹੀਂ।
ਤੁਟਨ ਲੋਥਾਂ ਸਿਰ ਦੇ ਪਰਣੇ, ਕੋਈ ਸੰਗਾਵੈ ਨਾਹੀਂ।
ਆਖ ਦਮੋਦਰ ਨੌਂ ਖੇੜੇ ਮਾਰੇ, ਪੰਜ ਨਾਹੜ ਭੀ ਥੀਏ ਅਜ਼ਾਹੀਂ। (869)

ਫੇਰ ਵਗਾਰ ਪਈ ਵਿਚ ਦੋਹਾਂ, ਕੁਦਿਆਂ ਜੰਗ ਤਦਾਹੀਂ ।
ਨਾਹੜ ਵਾਹ ! ਭਿੜਨ ਦੇ ਪੂਰੇ, ਆਖਣ ਜੋਗੇ ਨਾਹੀਂ ।
ਅਜੇ ਭਿੜਨੇ ਉੱਤੇ ਚਾਉ ਰਾਠਾਂ ਦਾ, ਦਿੱਸੇ ਚਾਉ ਦੁਹਾਹੀਂ ।
ਆਖ ਦਮੋਦਰ ਪੰਜ ਖੇੜੇ ਤ੍ਰੁਟੇ, ਤ੍ਰੈ ਨਾਹੜ ਭੀ ਥੀਏ ਅਜਾਈਂ । (870)

ਫਿੱਥੇ ਸਿਰ, ਜਿਉਂ ਭੰਨੀ ਚਾਟੀ, ਆਖਣ ਦੀ ਗੱਲ ਨਾਹੀਂ ।
ਧੁੰਮ ਨਾਹੜਾਂ ਦੀ ਬਸਤੀ ਆਈ, ਗੁੱਝੀ ਗੱਲ ਨਾ ਕਾਈ ।
ਸਾਰੀ ਛਿਮੀਂ ਰੰਗੀਲ ਕੀਤੀਆਂ ਨੇ, ਜਿਵੇਂ ਵਿਵਾਹੀ ।
ਨਾਉਂ ਦਮੋਦਰ, ਮੈਂ ਛੱਪ ਖਲੋਤਾ, ਜਿੱਥੇ ਦੁਇ ਬੂਟੇ ਤੇ ਇਕ ਕਾਹੀ । (871)

ਸਈਯਦ ਸਹੀ ਰਜ਼ੋਏ ਵਾਲੇ, ਡੋਲੀ ਘਿੱਧੀ ਵੈਂਦੇ ।
ਇਹੁ ਕਕਾਰਾ ਤੇ ਲਲਕਾਰਾ, ਆਏ ਧਾਇ ਸੁਣੇਂਦੇ ।
ਜੇ ਵੇਖਣ ਤਾਂ ਖੇੜੇ ਨਾਹੜ ਲੜਦੇ ਤੇ ਵੰਗਰੇਂਦੇ ।
ਆਖ ਦਮੋਦਰ ਸਈਯਦ ਵੇਖਹੁ, ਹੋੜਾ ਆਇ ਪਏਂਦੇ । (872)

ਇੱਦੋਂ ਉਦੋਂ ਚਾਇ ਹਟਾਏ, ਸਈਯਦ ਆਣ ਬਹੇਂਦੇ ।
ਆਖਹੁ ! ਕਿਸ ਕਾਰਨ ਤੁਸੀਂ ਲੜਦੇ, ਕਿਤ ਨੂੰ ਆਪ ਮਰੇਂਦੇ ।
ਅਸੀਂ ਤੁਸਾਨੂੰ ਪੁਛਦੇ ਆਹਾਂ, ਕਿਉਂ ਨੇਹੋਂ ਅਗਹੂੰ ਦਸੇਂਦੇ ।
ਕਹੇ ਦਮੋਦਰ ਆਖਹੁ ਯਾਰੋ ! ਕਿਉਂ ਏਹੁ ਵੇਰ ਉਠੇਂਦੇ । (873)

ਸੁਣ ਸਾਹਿਬ ! ਇਕ ਗੱਲ ਅਸਾਡੀ, ਖੇੜੇ ਆਖ ਸੁਣਾਇਆ ।
ਚੂਚਕ ਦੇ ਘਰ ਘੱਤ ਵਸੀਲੇ, ਲਹੁੜਾ ਮੈਂ ਪਰਨਾਇਆ ।
ਚੋ ਚੋ ਸੁਣੀ ਉਥਾਉਂ ਅਸਾਂ, ਮੂੰਹੋਂ ਨਾ ਮੂਲ ਅਲਾਇਆ ।
ਲੈ ਮੁਕਲਾਵਾ ਆਏ ਅੱਸਾਂ, ਟੋਮਕ ਦੇਸ ਚਵਾਇਆ । (874)

ਆਂਦਾ, ਵੱਤ ਨੱਠਾ ਫਿਰ ਸਾਹਿਬ ! ਜੋਗੀ ਭੇਖ ਬਣਾਇਆ ।
ਕੂੜੇ ਕੂੜੀ ਚੰਗੀ ਭਲੀ ਨੂੰ ਇਸ ਨੂੰ ਸੱਪ ਲੜਾਇਆ ।
ਕਰ ਹੁਨਰ, ਘੱਤ ਅੰਦਰ ਪਾਈ, ਇਹ ਜੋਗੀ ਹੋਇ ਆਇਆ ।
ਆਖ ਦਮੋਦਰ ਸਭ ਦੀ ਅੱਖੀਂ, ਇਸਨੇ ਘੱਟਾ ਪਾਇਆ । (875)

ਚਾਲੀ[1] ਦਿਨ ਦੇ ਚਿੱਲੇ ਦਾ, ਇਸ ਜੂਠ ਬਹਾਨਾਂ ਲਾਇਆ ।
ਦਿੱਤੀ ਸੰਨ੍ਹ ਤੇ ਲੀਤੀ[2] ਬਿਲਗਾ, ਸੁਣ ਪਿਛਹੂੰ ਮੈਂ ਧਾਇਆ ।
ਤੁਸੀਂ ਪੁਛਹੋ ਸਾਹਿਬ ! ਬੈਠੇ ਨਾਹੜ, ਇਨਾਂ ਪਿੱਛੇ ਕਿਉਂ ਪਾਇਆ ।
*ਆਖ ਦਮੋਦਰ ਅੱਲੀ ਈਵੇਂ, ਅਪਣਾ ਦੁਖ ਸੁਣਾਇਆ (876)

---

[1]ਉਪਰੋਕਤ ਦੋ ਸਤਰਾਂ ਹੋਰ ਕਿਸੇ ਵੀ ਪੁਸਤਕ ਵਿਚ ਨਹੀਂ ।
[2]ਦਿੱਤੀ ਸੰਨ ਹਥ ਲੀਤੀ ਬਿਲਗਾਂ

ਨਾਹੜ ਬੋਲ ਉਠੇ ਤਦਾਂਹੀ, ਕਿਛੂ ਤਫ਼ਾਵਤ ਨਾਹੀਂ ।
ਆਏ ਚੱਲ ਕਿਦਾਊਂ ਦੋਵੇਂ, ਆ ਢੱਠੇ ਸਾਮ ਅਸਾਹੀਂ ।
ਪਿੱਛ ਪਏ ਨ ਕੁੱਤੇ ਦਿੱਪਨ, ਰਾਠਾਂ ਦੀ ਲੱਜ ਨਾਹੀਂ ।
ਨਹੀਂ ਮੁਨਾਸਬ ਜੋ ਨੱਪ ਦਿਵਾਹਾਂ, ਕਿ ਮੂੰਹ ਕਾਲਕ ਲਾਈ ।
ਆਖ ਦਮੋਦਰ ਜੁਆਨ ਮਰਾਏ, ਅਸਾਂ ਕੁਝ ਲਹਿਣਾ ਨਾਹੀਂ । (877)

**ਸਈਯਦ**

ਮੰਦਾ ਕੀਤਾ, ਦੋਹਾਂ ਰਾਠਾਂ, ਤੁਸਾਂ ਜੁਆਨ ਮਰਾਏ ।
ਗੱਲ ਮਰਨੇ ਦੀ ਤੁੱਸਾਂ ਜੁ ਕੀਤੀ, ਕੈਂ ਕੋਈ ਸਮਝਾਏ ।
ਬਾਵੀ ਕੋਹ ਕੋਟ ਕਬੂਲੋ ਦਾ, ਉੱਥੇ ਵੰਞ ਝਿੜਿਆਹੇ ।
ਜੈਂਦੀ ਵੰਨੀ ਕਾਜ਼ੀ ਆਖੇ, ਸੋਈ ਜਿਣ ਘਿਨਿਆਹੇ । (878)

ਤਾਂ ਹਲੇ ਹਲੇ ਹੋਈ ਭਾਈ, ਹਭਣਾ ਏਹਾ ਭਾਈ ।
ਖੇੜੇ ਨਾਹੜ, ਮਿਲੇ ਤਿਵੀਹੀਂ, ਦਿਲਗੀਰੀ ਮਨੋਂ ਚੁਕਾਈ ।
ਜਿਹੜਾ ਸ਼ੇਰ ਗਇਆ ਵੰਞ ਬਸਤੀ, ਪਿਛੂੰ ਫੌਜ ਨਾਹੜਾਂ ਦੀ ਆਈ ।
ਆਏ ਚੜ੍ਹ ਤ੍ਰੈ ਵੀਹਾਂ ਨਾਹੜ, ਜਾਂ ਇਹ ਗੱਲ ਸੁਣ ਪਾਈ । (879)

ਤਾਂ ਇਹ ਆਲਮ ਇਦੋਂ ਉਦੋਂ ਦੋਹਾਂ ਜਵਾਨ ਮਰਾਏ ।
ਟੁਕਰ ਆਖ ਉ ਖੇੜਿਆਂ ਤਾਈਂ ਬਸਤੀ ਮੈਂ ਘਿੰਨ ਆਏ ।
ਛੁੱਪੇ ਹੋਏ ਹੀਰ ਰੰਝੇਟਾ, ਦੋਹੇ ਨਾਲ ਚਲਾਏ ।
ਆਖ ਦਮੋਦਰ ਹੀਰ ਖੇੜਿਆਂ ਨੂੰ ਡਿਠਾ, ਕੇਹੇ ਵਚਨ ਸੁਣਾਏ । (880)

## ਹੀਰ ਤੇ ਖੇੜੇ

**ਹੀਰ**

ਲੱਜ ਨਾ ਤੈਨੂੰ ਆਵੇ ਅੱਲੀ ! ਘਿੰਨ ਕੇ ਫ਼ੌਜਾਂ ਆਇਆ ।
ਲੱਜ ਵੰਞਾਇ ਨਾ ਹੋਇਓਂ ਸ਼ਰਮਿੰਦਾ, ਕੇਹੜੇ ਮੂੰਹ ਚੜ੍ਹ ਧਾਇਆ ।
ਸ਼ਾਬਸ਼ ਰਾਠਾਂ ਨਾਹੜਾਂ ਤਾਈਂ ਜਿਨ੍ਹਾਂ ਪਿੱਛ ਅਸਾਨੂੰ ਪਾਇਆ ।
ਆਖ ਦਮੋਦਰ ਅੱਲੀ ਤਾਈਂ, 'ਹੀਰੇ' ਸੁਖ਼ਨ ਸੁਣਾਇਆ । (881)

**ਅਲੀ ਰਾਂਝੇ ਨੂੰ**

'ਪਿਛਹੁੰ ਰਹਿਓਂ ਕਰੇਂਦਾ ਘਾਤਾਂ, ਵੱਸ ਅਸਾਡਾ ਨਾਹੀਂ ।
ਜੇ ਵੱਸ ਚੱਲੇ ਕਦੀ ਅਸਾਡਾ, ਤਾਂ ਲਹੂ ਤੁਸਾਂ ਪੀਵਾਈਂ ।
ਏਹੁ ਜੁ ਬੁਕਲ ਮਾਰੀ ਵੈਂਦਾ, ਇਨ ਕਚਿਆਂ ਮਾਸ ਖਵਾਈਂ ।
ਆਖ ਦਮੋਦਰ ਅੱਗੋਂ ਰਾਂਝਾ ਮੂਲ ਬੁਲੇਂਦਾ ਨਾਹੀਂ । (882)

### ਹੀਰ ਖੇੜੇ ਨੂੰ

ਵੰਞ ਵੇ ਖੇੜਾ ! ਕਦਮੀਂ ਭੇੜਾ, ਮੇਰੇ ਰਾਂਝੇ ਨਾਲ ਅਲੇਂਦਾ ।
ਇਹੋਂ ਕੌਣ ਕਮੀਨਾ ਜੱਟਾ ! ਜੋ ਅੱਸਾਂ ਝਿੜਕਾਂ ਦੇਂਦਾ ।
ਸਾੜੀਂ ਮੂੰਹ ਕੁਲ ਖੇੜਿਆਂ ਸੰਦਾ, ਜ਼ਬਾਬ ਹਜ਼ੂਰ ਸੁਣੇਂਦਾ ।
ਫਿੱਟੇ ਮੂੰਹ ਕੁੱਲ ਜ਼ਾਤ ਖੇੜਿਆਂ ਦੀ, ਮੇਰੇ ਰਾਂਝਣ ਨਾਲ ਝੜੇਂਦਾ । (883)

### ਹੀਰ ਰਾਂਝਾ ਨਾਹੜਾਂ ਦੇ ਘਰ

ਖ਼ਸਤੀ ਵੰਞ ਕੀਤੋਨੇ ਰਹਿਣਾਂ, ਚੰਗੀ ਮੰਦੀ ਆਈ ।
ਕੋਠਾ ਹਿੱਕ ਅਕੱਲਾ ਡਿੱਠਾ, ਦੋਹਾਂ ਆਣ ਬੈਠਾਈ ।
ਗੈਰਤ ਕੁੱਲ ਕਰੇਂਦੇ ਖੇੜੇ, ਕਿਉਂ ਚਾਕੇ ਨਾਲ ਬਹਾਈ ।
ਆਖ ਦਮੋਦਰ ਨਾਹੜ ਆਖਣ, ਸੁਣਹੋ ਇਹ ਗੱਲ ਭਾਈ । (884)

ਤਾਂ ਆਖਣ ਖ਼ਾਨ, ਖੇੜਿਆਂ ਦੇ ਤਾਈਂ, ਅਸਾਂ ਜੇਕਰ ਨਜ਼ਰੀਂ ਆਈ ।
ਦੇ ਗਲ ਬਾਹਾਂ ਦੋਹੇਂ ਮਿਲੇ ਸਾਨੂੰ, ਵਿਛੜੀ ਡਿੱਠੀ ਨਾਹੀਂ ।
ਨਹੀਂ ਮੁਨਾਸਬ ਏਂਵ ਵਿਛੋੜਨ, ਬਣਦੀ ਗੱਲ ਨਾ ਕਾਈ ।
ਆਖ ਦਮੋਦਰ ਮਿਲੇ ਸੁ ਹੋਏ, ਅਸੀਂ ਵਿਛੜੇਂਦੇ ਨਾਹੀਂ । (885)

### ਖੇੜੇ

ਆਪਣੇ ਭੇਜ ਜਨਾਨੇਂ ਰੱਖੋ, ਇਹੁ ਮੁਨਾਸਬ ਨਾਹੀਂ ।
ਤੁਸੀਂ ਭੀ ਰਾਠ ਜ਼ਿਮੀਂ ਦੇ ਖਾਵੰਦ, ਭੁਈਂ ਨਈਂ ਦੇ ਸਾਈਂ ।
ਚੋਰ ਚਿਰੋਕਾ ਲੱਗਾ ਪਿੱਛੇ, ਜਾਣੇ ਜੱਗ ਤਿਵਾਈਂ ।
ਆਖ ਦਮੋਦਰ ਮਰਾਂ ਕਿ ਜੀਵਾਂ, ਕੇ ਹੁਣ ਮਹੁਰਾ ਖਾਈਂ । (886)

### ਨਾਹੜ

ਨਹੀਂ ਵਿਛੋੜ ਸੰਗਾਹੇਂ ਭਾਈ ! ਜੇਕਰ ਸਰੇ ਅਸਾਂਹੀ ।
ਅਸਾਂ ਕੇ ਕੰਮ, ਜੁ ਮੂਹੋਂ ਅਖਾਹਾ, ਕਰੀਏ ਰੰਜ ਇਨਾਂਹੀ ।
ਆਪੇ ਤੁਸੀਂ ਕੋਟ ਕਬੂਲ ਵੇਂਦੇ, ਝੇੜਾ ਝੇੜਨ ਤਾਈਂ ।
ਆਖ ਦਮੋਦਰ ਜਿਹੜਾ ਘਿੰਨਸੇ, ਸੋਈ ਸਤਰ ਰਖਾਈਂ । (887)

### ਨਾਹੜਾਂ ਦੀਆਂ ਕੁੜੀਆਂ ਹੀਰ ਵੇਖਣ ਆਈਆਂ

ਕੁੜੀਆਂ ਨਾਹੜਾਂ ਸੰਦੀਆਂ ਹੱਭੇ ਹੀਰ ਨੂੰ ਵੇਖਣ ਆਈਆਂ ।
ਜਿਉਂ ਜਿਉਂ ਵੇਖਣ ਹੀਰ ਵੱਲੋਂ, ਸਭ ਹੀ ਵੇਖ ਵਿਕਾਈਆਂ ।
ਡਿੱਠੀ ਰੱਜ ਚੂਚਕ ਦੀ ਜਾਈ, ਅਜੇ ਵੇਖਣ ਨੂੰ ਸਧਰਾਈਆਂ ।
ਆਖ ਦਮੋਦਰ ਮਿਲਿਆ ਜ਼ਨਾਨਾ, ਸਿਫ਼ਤ ਕਰਨ ਸਭਰਾਈਆਂ । (888)

ਕੋਠੇ ਦੇ ਵਿਚ ਖਾਣਾ ਆਇਆ, ਰਾਂਝੇ ਜੋਗ ਜਗਾਇਆ ।
ਵੇਖਣ ਨਾਲ ਮੂੰਹ ਮੱਥਾ ਚਿਹਰਾ, ਜਣਾ ਪਸਿੰਦ ਬਹੂੰ ਆਇਆ ।
ਆਖਣ ਕੁੜੀਆਂ ਏਹੋ ਢੋਆ, ਸਾਈਂ ਸੱਬਬ ਬਣਾਇਆ ।
ਆਖ ਦਮੋਦਰ ਹੀਰ ਸਿਆਲੀਂ, ਕੁੜੀਆਂ ਜੋਗ ਉਠਾਇਆ । (889)

ਕੁੱਦਰਤ ਕੁੜੀਆਂ ਸੰਦੀ ਗਈਆਂ, ਨਰ ਨਾਰੀ ਸਭ ਮੋਹੇ ।
ਹੱਡੋ ਆਖਣ ਖੇੜਿਆਂ ਤਾਈਂ, ਕੇਡਾ ਕਹਿਰ ਕੀਤੋਹੇ ।
ਏਡਾ ਪਿੱਛਾ ਲਸ਼ਕਰ ਕਰ ਕਰ, ਖੋਜ ਉਠਾਇ ਘਿਧੋਹੇ ।
ਆਖ ਦਮੋਦਰ ਹੀਰ ਤੁਸਾਂ ਨਾ ਬਣਦੀ, ਹੀਰ ਜੋਗੀ ਨੂੰ ਸੋਹੇ । (890)

## ਹੀਰ ਰਾਂਝਾ, ਖੇੜੇ ਤੇ ਨਾਹੜਾਂ ਦਾ ਕੋਟ ਕਬੂਲੇ ਨੂੰ ਜਾਣਾ

ਤਾਂ ਖੇੜੇ ਹੁੱਟ ਪਏ ਸੁਣੇਂਦੇ, ਰਾਤੀਂ ਖਾਣਾ ਆਇਆ ।
ਸੂਲਾਂ ਸੱਲ, ਰਾਤ ਹੁਈਆਨੇ, ਭਲਕ ਥੀਆ, ਭਲਾ ਭਾਇਆ ।
ਘੋੜੇ ਪੀੜ ਤਿਆਰੀ ਕੀਤੀਆਨੇ ਚੱਲਣ ਤੇ ਚਿਤ ਚਾਇਆ ।
ਆਖ ਦਮੋਦਰ ਨਾਹੜ ਸੱਭੇ, ਸਾਥ ਸੁ ਟੁਰਨਾ ਆਇਆ । (891)

ਘੋੜੇ ਪੀੜ ਤਈਯਾਰ ਥੀਆਨੀ, ਚੁਲਣ ਕਬੂਲੇ ਤਾਈਂ ।
ਪੁੱਛਣ ਖੇੜੇ, 'ਤੁਸੀਂ ਵੈਂਦੇ ਕਿੱਦੋ ? ਦੱਸਹੋ ਸਹੀ ਅਸਾਂਹੀਂ' ।
ਅਸੀਂ ਸਾਥੀ ਸਹੀ ਤੁਸਾਡੇ, ਨਾਲ ਅਸਾਡੇ ਆਹੀ ।
ਆਖ ਦਮੋਦਰ ਖੇੜੇ ਪੁੱਛਣ, ਕਿਹੜਾ ਕੰਮ ਤੁਸਾਂਹੀ ? (892)

### ਨਾਹੜ

ਯਾਰੋ ਨਹੀਂ ਮੁਨਾਸਬ ਅਸਾਂ, ਇਨ੍ਹਾਂ ਨੂੰ ਤੁਸਾਂ ਹੱਥ ਦੀਹਾਂ ।
ਮਾਰੋ ਥਾਂਇ, ਜੁ ਰਾਹਿ ਇਨਾਹੀਂ, ਅਸੀਂ ਤੇ ਤਰਸ ਕਰੀਹਾਂ ।
ਜਿੱਥੇ ਕਾਜ਼ੀ, ਮੁਫਤੀ, ਹਾਕਮ, ਹਾਜ਼ਿਰ ਇਨ੍ਹਾਂ ਕਰੀਹਾਂ ।
ਆਖ ਦਮੋਦਰ ਸ਼ਰ੍ਹਾ ਜੇ ਆਖੇ, ਹੀਰ ਅਸੀਂ ਤਦ ਦੀਹਾਂ । (893)

ਚੱਲੇ ਖੇੜੇ ਨਾਹੜ ਨਾਲੇ, ਲੋਕਾਂ ਏਹੁ ਚਲਾਏ ।
ਬੁੱਕਲ ਮਾਰੀ, ਤੇ ਮੂੰਹ ਬੱਧੇ, ਅੱਗੇ ਲਾਇ ਟੁਰਾਏ ।
ਵੈਂਦੇ ਘੋੜਿਆਂ ਅੱਗੇ ਭੰਨੇ, ਖੇੜਾਂ ਵੇਣ ਲਾਏ :
ਆਖ ਦਮੋਦਰ 'ਚਾਕ ਕਰਨ ਨੂੰ ਹੀਰੇ ਚਾਲੇ ਚਾਏ' । (894)

### ਹੀਰ

ਤਾਂ ਮੂੰਹ ਸੜੀ ਵੇ ਸੁੰਞਾ ਖੇੜਾ । ਮੈਂਡੇ ਧੀਦੋ ਤੈਂ ਘੋਲ ਘੁਮਾਇਆ ।
ਜਿੱਥੇ ਸਾਈਂ ਇਸ਼ਕ ਵੰਡੇਂਦਾ ਆਹਾ, ਕਿਸੇ ਤੈਨੂੰ ਨਹੀਂ ਪਹੁੰਚਾਇਆ ।

ਤੂੰ ਲੜ ਉਤਲਾ ਮਧਾਣੀ ਸੰਦਾ, ਕੰਮ ਭਵਣ ਦੇ ਆਇਆ ।
ਵੱਤ ਨ ਬੋਲੇਂ ਸੁੰਞਾ ਖੇੜਾ ! ਤੈਂਡਾ ਪਿਉ ਵਤਾਇਆ । (895)

ਨਾਲੇ ਨਾਲੇ ਮੈਂਡੇ ਲਗੇ ਵੈਂਦੇ, ਖੇੜਾ ਵੈਣ ਅਲਾਏ ।
ਮਰੇਂਨਾ, ਜੀਵੇਂ ਕੁਤੀ ਰੰਨੇ, ਹੁਈਏਂ ਚਾਕੇ ਹਾਏ ।
ਕਰਦੀ ਰੱਜ ਹਰਾਮ ਨ ਫਿਰ ਦੀ, ਚਾਕ ਮਰੀ ਅੱਜ ਮਾਏ ।
ਆਖ ਦਮੋਦਰ ਹੀਰੇ ਤਾਈਂ ਖੇੜਾ ਵੈਣ ਅਲਾਏ । (896)

ਹੀਰ

ਜੱਦਣ ਇਸ਼ਕ ਵੰਡੀਂਦਾ ਆਹਾ, ਤਦੋਂ ਖੇੜਾ ! ਕਿਥੇ ਆਹੋਂ ।
ਹਿੱਕੇ ਅੰਦਰ ਵੜਨ ਨਾ ਮਿਲਿਆ, ਹਿੱਕੇ ਤਾਂ ਭੁੱਲੋਂ ਰਾਹੋਂ,
ਸੁੰਞੇ ਖੇੜੇ ਨੂੰ ਭਾਉ ਨਾ ਆਇਆ, ਇਸ ਚੁਰਕਾਣੀ ਧਾਹੋਂ ।
ਹੁਕਮੀ ਲੱਪ ਰੰਝੇਟਾ ਲੀਤਾ, ਹੀਰ ਜੱਟੀ ਲੱਪ ਬਾਹੋਂ । (897)

ਨਾਹਤ ਮਨਾਂ ਕਰੇਂਦੇ ਯਾਰੋ ! ਏਹੁ ਮੁਨਾਸਬ ਨਾਹੀਂ ।
ਰੰਨਾਂ ਨਾਲ ਨਾ ਮਰਦ ਅਲੇਂਦੇ, ਕਰਹੋ ਸ਼ਰਮ ਤੁਸਾਂਹੀ ।
ਹਿਕ ਹਿਕੜੀ ਅੱਗੇ ਹੋਸੀ, ਕਿਛ ਤਫਾਵਤ ਨਾਹੀਂ ।
ਆਖ ਦਮੋਦਰ ਹੁਣ ਤਾਂ ਚੁੱਪ ਕਰਿਹੋ, ਕੋਟ ਕਬੂਲੇ ਤਾਈਂ । (898)

ਹੀਰ

ਭੱਸ ਸਹੀ, ਸਿਰ ਖੇੜਿਆਂ ਸੰਦੇ, ਜੋ ਕਿਛ ਆਖਣ ਮਾਹੀਂ[1] ।
ਮੈਂ ਸਿਰ ਕਾਮਲ ਮੁਰਸ਼ਦ ਸੱਚਾ, ਏ ਖਸਮ ਮੈਂ ਤ੍ਰੀਆ[2] ਆਹੀਂ ।
ਸੋਈ ਸਾਹਿਬ ਢੂੰਡ ਲਧੋਸੇ, ਅੱਵਲ ਆਖਰ ਤਾਈਂ ।
ਆਖ ਦਮੋਦਰ ਰਾਂਝਾ ਸਾਹਿਬ, ਸੱਚਾ, ਭੱਸ ਪੌਸੀ ਸੀਸ ਇਨ੍ਹਾਂਹੀ । (899)

ਨਾਲ ਰਬੇੜੇ, ਏਹੋ ਜੇਹੇ, ਕੋਟ ਕਬੂਲੇ ਆਏ ।
ਨਾਲ ਲਿਮਾਸ਼ਾਂ ਦਾਖਲ ਹੋਏ, ਘੱੜੇ ਖਾਨਾਂ ਲਾਏ ।
ਘੇਰੇ ਹੋਏ ਦੋਹੇਂ ਬੰਦੂਏ, ਅਗੋਂ ਮੈਂ ਪਕੜ ਬਹਾਏ ।
ਆਖ ਦਮੋਦਰ ਦਿਹਾਂ ਅਦਾਲਤ, ਏ ਆਇ ਨਾ ਵੇਖੇ ਮਾਏ । (900)

ਕੋਟ ਕਬੂਲੇ ਕਾਜ਼ੀ ਦੀ ਕਚਹਿਰੀ ਵਿਚ ਮੁਕੱਦਮਾ

ਰਾਤੀਂ ਖਾਇ ਸੁੱਤੇ ਸਭ ਸਾਊ, ਦਿਹਾਂ ਅਦਾਲਤ ਆਹੀ ।
ਘੇਰੇ ਦੇ ਵਿਚ ਦੋਹੇਂ ਸੁਤੇ, ਹੁਈ ਸਵੇਰ ਜਗਾਈ ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਨਾਹੀਂ ।
[2]ਗ. ਸਿੰ. ਬੇ. ਤੇ ਡਾ. ਪ. ਸਿੰ., ਤੀਆਂ ।

ਉੱਠ ਤਈਆਰ ਥੀਵਹੋਂ ਚੋਰੋ ! ਹਾਜ਼ਰ ਜਾਇ ਥੀਵਾਹੀਂ ।
ਆਖ ਦਮੋਦਰ ਵੜੇ ਕਚਹਿਰੀ, ਯਾਦ ਕੀਤੋ ਏ ਸਾਈਂ । (901)

ਚਉ ਚਉ ਕੋਟ ਕਬੂਲੇ ਚੱਲੀ, ਕਹੀਂ ਇਹ ਗੱਲ ਸੁਣਾਈ ।
ਝੰਗ ਸਿਆਲੀ[1] ਧੀ ਚੂਚਕ ਦੀ, ਪਈ ਸੁਣੀਂਦੀ ਆਹੀ ।
ਚਾਕ ਸਮੇਤ ਸੁ ਕੋਟ ਕਬੂਲੇ, ਝੇੜਨ ਉੱਤੇ ਆਈ ।
ਆਖ ਦਮੋਦਰ ਵੇਖਣ ਤਾਈਂ, ਆਈ ਬਹੁਤ ਲੁਕਾਈ । (902)

ਕਾਜ਼ੀ, ਮੁਫਤੀ ਹਾਕਮ ਬੈਠੇ, ਕਾਨੀਗੋ ਤਿਵਾਈਂ ।
ਕਸਬਾ ਲੋਕ ਵਿਚ ਵੜਿਆ ਕਚਹਿਰੀ ਆਏ ਵੇਖਣ ਤਾਈਂ ।
ਢੁੱਕੇ ਆਏ ਖੜੇ ਤੇ ਨਾਹੜ, ਸਿਰ ਧਰ ਸੱਚਾ ਸਾਈਂ ।
ਆਖ ਦਮੋਦਰ ਪੁੱਛੇ ਕਾਜ਼ੀ, ਸ਼ਰ੍ਹਾ ਦੇ ਮੇਲੇ ਤਾਈਂ । (903)

**ਅਲੀ ਦੀ ਫ਼ਰਿਆਦ**

ਸੁਣ ਸਾਹਿਬ ! ਅੱਲੀ ਕਰ ਗੁੱਸਾ, ਪਹਿਲਾਂ ਅਰਜ਼ ਸੁਣਾਈ ।
ਸਿਰ ਤੇ ਕਰਜ਼ ਚੜ੍ਹੇ ਬਹੁਤੇਰੇ, ਧੀ ਚੂਚਕ ਦੀ ਜਾਈ ।
ਕਾਜ ਕੀਤੋਸੁ ਭਲੀ ਭਾਂਤ ਸੋਂ, ਚਾਕੇ ਚੋ ਚੋ ਆਹੀ ।
ਅਸਾਂ ਖ਼ਬਰ ਨਾ ਪਈਆ ਉੱਥੇ, ਸੁਣਿਹੋ ਅਰਜ਼ ਦਸਾਂਹੀ । (904)

ਟੰਮਕ ਸਿਰ ਦਿੱਤਾ ਮੈਂ ਇਸ ਦੇ, ਆਂਦਾ ਧਰ ਇੱਤ ਜਾਈ ।
ਚੋਰੀ ਸੱਪ ਲੜਾਇਆ ਇਸ ਨੂੰ, ਤਾਂ ਫੜ ਅੰਦਰ ਪਾਈ ।
ਜੋਗੀ ਹੋ ਕਰ ਮਾਂਦਰੀ ਬਣਿਆਂ, ਦੇ ਕਰ ਸੰਨ੍ਹ ਨਸਾਈ ।
ਆਖ ਦਮੋਦਰ ਪੁਛਹੁ ਨਾਹੜਾਂ, ਇਨ੍ਹਾਂ ਪਿੱਛੇ ਕਿਉਂ ਧਾਈ । (905)

**ਨਾਹੜ**

ਜਿਉਂ ਆਖਣ ਤਿਉਂ ਕੂੜ ਨਾ ਭੋਰਾ, ਜ਼ਰਾਂ ਫਰਕ ਕਿਛ ਨਾਹੀਂ ।
ਅਸੀਂ ਮਾਂਹ ਕਪੋਂਦੇ ਬੇਲੇ, ਇਹ ਨਿਖਰੇ ਆਇ ਕਿਦਾਈਂ ।
ਕੁੱਲ ਹਕੀਕਤ ਏਹਨਾਂ ਕੀਤੀ, ਲੱਜਾ ਧਈ ਅਸਾਂਹੀ ।
ਪਿਛੇ ਪਏ ਨਾ ਕੂੜ ਦਿੱਪਨ, ਰਾਠਾਂ ਦੀ ਲੱਜ ਨਾਹੀਂ ।
ਜੋਂਦੀ ਮੰਗ, ਜਿਣੈ ਘਿੱਨ ਸੋਈ, ਅਸਾਂ ਮਤਾਲਬ ਨਾਹੀਂ । (906)

## ਕਾਜ਼ੀ ਤੇ ਹੀਰ

**ਕਾਜ਼ੀ**

ਸੁਣ ਨੀ ਹੀਰੇ ! ਗੁਣੀ ਗਹੀਰੇ ! ਸਾਹਿਬ ਦਾ ਫ਼ੁਰਮਾਇਆ ।
ਜਿਸ ਰਾਂਝੇ ਦਾ ਮਾਣ ਕਰੇਨੀਏਂ, ਸੋ ਰਾਂਝਣ ਹੱਕ ਪਰਾਇਆ ।

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਝੰਗ ਸਿਆਲਾਂ (ਪਰ ਇਹ ਬਿਲਕੁਲ ਗ਼ਲਤ ਹੈ ਕਿਉਂਕਿ ਸਿਆਲੀਂ ਦਾ ਭਾਵ ਸਿਆਲਾਂ ਵਿਚ ਹੁੰਦਾ ਹੈ) ।

ਚੂਚਕ ਬਾਪ ਕੀਤੋ ਸ਼ਰਮਿੰਦਾ, ਭਾਈਆਂ ਅਦਬ ਗਵਾਇਆ ।
ਆਖੇ ਕਾਜ਼ੀ ਸੁਣ ਤੂੰ ਹੀਰੇ ! ਜੱਗ ਢੰਡੋਰਾ ਲਾਇਆ । (907)

ਹੀਰ

ਸੁਣ ਕਾਜ਼ੀ ! ਦਿਲ ਨਾਹੀ ਰਾਜ਼ੀ, ਤੁੱਧਕੇ ਪਾਈ ਬਾਜ਼ੀ ।
ਮੈਂ ਤੇ ਰਾਂਝੇ ਦਾ ਨੇਰ ਚਿਰੋਕਾ, ਜਾਂ ਸਾਹਿਬ ਖ਼ਲਕਤ ਸਾਜੀ ।
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਬੰਨ੍ਹਸੀ ਕਾਜ਼ੀ ।
ਸਹੀ ਸ਼ਰ੍ਹਾ ਨਿਆਉਂ ਚੁਕਾਨੈਂ ਜੇ ਇਸ਼ਕ[1] ਨਾ ਦਖੀਆ ਭਾਜ਼ੀ । (908)

ਕਾਜ਼ੀ

ਸੁਣ ਨੀ ਹੀਰੇ, ਗੁਣੀ ਗਹੀਰੇ ! ਤੂੰ ਆਈ ਏਂ ਝਗੜਨ ਅੱਗੇ ।
ਆਖ਼ਰ ਸੱਚ ਨਿਬੇੜਾ ਹੋਸੀ, ਕੂੜ ਨਾ ਮੂਲੇ ਤੱਗੇ ।
ਤੂੰ ਤਾਂ ਖੇੜਿਆਂ ਦੇ ਸੀ ਵਿਆਹੀ, ਸੁਣਿਆ ਸਾਰੇ ਜੱਗੇ ।
ਕਾਜ਼ੀ ਆਖੇ ਸੁਣ ਧੀਆ ਹੀਰੇ ! ਇਸ਼ਕ ਸ਼ਰ੍ਹੇ ਕਿਆ ਲੱਗੇ । (909)

ਹੀਰ

ਆਖੇ ਹੀਰ, ਸੁਣ ਸਾਈਂ ਕਾਜ਼ੀ ਦੱਸ ਸਚਾਵੀਆਂ ਬਾਤਾਂ ।
ਛੋੜ ਹਲਾਲ, ਹਰਾਮ ਕਰੇ ਇਨ, ਫਿਟ ਤਿਨ੍ਹਾਂ ਦੀਆਂ ਜ਼ਾਤਾਂ ।
ਮੂਲ ਨ ਛੋੜੀਂ ਰਾਂਝੇ ਦਾ ਦਾਵਣ, ਜਿਦੇ ਮਿਲਬਨ ਸੱਤ ਸਨਾਂਤਾਂ ।
ਤਾਹੀ ਹੱਸ ਨਿਆਉਂ ਕਰਨੈਂ, ਜੇ ਇਸ਼ਕ ਨਾ ਜਾਤੀਆਂ ਘਾਤਾਂ । (910)

ਕਾਜ਼ੀ

ਕਾਫ਼ਰਿਆਣੀ ! ਕੁਫ਼ਰ ਪਵੀ ਮਤ, ਇਸ਼ਕ ਹਰਾਮ ਸੁਣੇਂਦੀ ।
ਚੇਟਕ ਚਾਕੇ ਨਾਲ ਲਗੇਈ ! ਜ਼ਾਤੀ ਦਾਗ਼ ਲਏਂਦੀ ।
ਦਾਖ਼ਲ ਸਜਾਇ ਕਰੇਊਂ ਕੁੜੀਏ ! ਨਾ ਮਾਕੂਲ ਖੁਲੈਂਦੀ ।
ਸਮਝ ਅਲਾਇ, ਸਿਆਣੀ ਕੁੜੀਏ ! ਮਤ ਹੋਇ ਸਜ਼ਾਇ ਪਏਂਦੀ । (911)

ਹੀਰ

ਜੇ ਸੱਚ ਥੀਂ ਮੈਂ ਸਜ਼ਾਇ ਪਏਸਾਂ, ਇਸ ਜੇਹੀ ਹੋਰ ਨਾ ਭਾਈ ।
ਰਵਾ ਨਾ ਰੱਖੇਂ ਕਾਜ਼ੀ ਸਾਹਿਬ ! ਤੁਧ ਭੀ ਪੇਟੋਂ ਜਾਈ ।
ਹਾਜ਼ਰ ਆਇ ਖਲੋਤੀ ਤੈਂਡੇ, ਗੁੱਝੀ ਗੱਲ ਨਾ ਕਾਈ ।
ਜੀਵੰਦੀ ਕਬਰ ਪਈਂਦੀ ਕਾਜ਼ੀ ! ਦੇਇ ਰਵਾਇਤ ਸਾਈ । (912)

---

[1]ਗ. ਸਿੰ. ਬੇ. ਤੇ ਡਾ. ਪ. ਸਿੰ., ਅਬਕ ।

ਕਾਜ਼ੀ

ਸੁਣ ਹੀਰੇ ! ਜੰਞ ਆਲਮ ਢੁੱਕਾ, ਜਾਂ ਤੂੰ ਪਿਉ ਪਰਨਾਈ ।
ਕੁਫ਼ਰ ਪਵੀਂ, ਮਤ ਮਰੇਂ ਮਰੀਂਦੀ, ਗੁੱਝੀ ਗੱਲ ਨਾ ਕਾਈ ।
ਮੁੱਕਰ ਪਵੇਂ, ਮਰੀਉ ਪਿੜਤੇ, ਮੈਨੂੰ ਕਾਵੜ ਆਈ ।
ਕੀਕੂੰ ਸੱਚ ਮੰਨਾ ਕੁਬਖ਼ਤੀ ! ਤੇਰੀ ਚਾਕੇ ਸੇ ਅਸ਼ਨਾਈ । (913)

ਹੀਰ

ਸੁਣ ਵੇ ਕਾਜ਼ੀਆ ! ਨਿਆਉਂ ਕਰੇਨੈਂ, ਖ਼ਬਰ ਨਾ ਕਾਈ ਜਾਣੇ ।
ਨਿਆਉਂ ਕਰੇਂ ਸਚਾਵਾ ਜੇਕਰ, ਕਰਨੈ ਮਨ ਦੇ ਭਾਣੇ ।
ਕੁਫ਼ਰ ਤਿਨ੍ਹਾਂ ਨੂੰ ਪੌਸੀ ਕਾਜ਼ੀ ! ਜੋ ਮਾਇਆ ਵੇਖ ਲੁਭਾਣੇ ।
ਆਖ ਦਮੋਦਰ ਹੀਰ ਰਾਂਝੇ ਦੀ, ਸੱਭੋ ਕੋਈ ਜਾਣੇ (914)

ਕਾਜ਼ੀ

ਸੁਣ ਨੀ ਹੀਰੇ, ਗੁਣੀ ਗਹੀਰੇ ! ਆਲਮ ਸੁਣ ਸਭ ਪਾਇਆ ।
ਖੇੜੇ ਨਾਲ ਵਿਵਾਹ ਕੀਤੋਨੇ, ਬਾਪ ਤੈਨੂੰ ਪਰਨਾਇਆ ।
ਕੇਤੇ ਖ਼ਰਚ ਕੀਤ ਹੈਂ ਖੇੜਿਆਂ, ਆਲਮ ਲੈ ਕੇ ਆਇਆ ।
ਇਸ਼ਕ ਦੀ ਮਾਰੀ, ਸੁਖ਼ਨ ਕਰੇਂਦੀ, ਸੱਭੋ ਸ਼ਰਮ ਵੰਞਾਇਆ । (915)

ਹੀਰ

ਇਹ ਗੱਲ ਮੂਲ ਨ ਆਖੇਂ ਕਾਜ਼ੀ ! ਬਣਦੀ ਤੈਨੂੰ ਨਾਹੀਂ ।
ਸੱਚੇ ਖ਼ੁਦਾਇ ਦੇ ਕੋਲੋਂ ਡਰ ਤੂੰ, ਮਤ ਕਾਈ ਹੋਵੀ ਪੇਟੋਂ ਜਾਈ ।
ਅਕਬਰ ਸ਼ਾਹ ਦਾ ਰਾਜ ਡਢੇਰਾ, ਜੈਂ ਤੈਨੂੰ ਕਜ਼ਾ ਦਿਤੀ ਆਈ ।
ਆਖ ਦਮੋਦਰ ਸੁਣ ਮੀਆਂ ਕਾਜ਼ੀ ! ਮੈਂ ਭੀ ਰਾਠਾਂ ਦੀ ਜਾਈ । (916)

ਕਾਜ਼ੀ

ਪਿਉ ਤੇਰਾ ਜੋ ਰਾਠ ਵਡੇਰਾ, ਤੈਂ ਸ਼ਰਮ ਨਾ ਕੀਤੀ ਭੋਰੀ ।
ਜੇ ਤੈਂ ਉਥੇ ਪਈ ਗੁਜ਼ਾਰੀ, ਹੁਣ ਨੱਪ ਖੇੜੇ ਹੱਥ ਟੋਰੀ ।
ਵੱਡੀ ਬੇਸ਼ਰਮੀ ਕੀਤੀਆ ਹੀਰੇ ! ਆਈਏਂ ਨੱਸ ਕੇ ਚੋਰੀ ।
ਆਖ ਦਮੋਦਰ ਵੰਞੇ ਨਾਲ ਸਰਮ ਦੇ, ਨਹੀਂ ਤਾਂ ਨੱਪ ਦਸਾਹੇਂ ਜ਼ੋਰੀ । (917)

ਹੀਰ

ਤੂੰ ਕਿਉਂ ਜ਼ੋਰੀ ਕਰਨੈਂ ਕਾਜ਼ੀ ! ਡਰੇਂ ਖ਼ੁਦਾਇ ਤੋਂ ਨਾਹੀਂ ।
ਮੇਰਾ ਹੱਕ ਰੰਝੇਟਾ ਏਹੈ, ਜਾਣੇ ਸੱਭ ਲੁਕਾਈ ।
ਲੈਕਰ ਵੱਢੀ ਹੱਕ ਗਵਾਏਂ, ਕੱਢ ਕਿਤਾਬ ਵਿਖਾਈ ।
ਆਖ ਦਮੋਦਰ ਹੀਰ ਜੁ ਆਖੇ, ਕਾਜ਼ੀ ਭਲਾ ਨਿਆਉਂ ਚੁਕਾਈ । (918)

ਕਾਜ਼ੀ

ਰੰਨ ਬਿਸ਼ਰਮੀ ਹੀਰ ਕੁੜੀਏ ! ਅਸਾਂ ਨੂੰ ਵੱਢੀ ਸੁਣਾਏਂ ।
ਛੋੜ ਹਲਾਲ, ਹਰਾਮ ਤੂੰ ਪਕੜੇਂ, ਨੱਕ ਤੇ ਕੰਨ ਕਪਾਏਂ ।
ਸ਼ਰ੍ਹਾ ਖੁਦਾਇ ਦੀ ਮੰਨੇ ਨਾਹੀਂ, ਫਿਰ ਫਿਰ ਚਾਕ ਸੁਣਾਏਂ ।
ਆਖ ਦਮੋਦਰ ਕਾਜ਼ੀ ਆਖੇ ਅੱਗਹੁ ਬੇ-ਅਦਬ ਅਲਾਏਂ । (919)

ਹੀਰ

ਨੱਕ ਤੇ ਕੰਨ ਤਿਸੇਦਾ ਵੱਢੀਏ, ਜੋ ਯਾਰੀ ਚੋਰੀ ਕਰੇਂਦਾ ।
ਦੂਜਾ ਨੱਕ ਤਿਸੇ ਦਾ ਵਢੀਏ, ਜੋ ਹੱਕ ਪਰਾਇਆ ਲੈਂਦਾ ।
ਰਾਂਝਣ ਮੈਂਡਾ, ਮੈਂ ਰਾਂਝੇ ਦੀ, ਬਿਆ ਨਿਕਾਹ ਨਾਥੀਂਦਾ ।
ਕਾਜ਼ੀ ! ਅੱਖੀਂ ਕਦੀ ਨਾ ਡਿਠਾ, ਖੇੜਾ, ਕੰਨੀਂ ਪਿਆ ਸੁਣੀਂਦਾ । (920)

ਕਾਜ਼ੀ

ਸੁਣ ਹੀਰੇ, ਤੀਜੇ ਵਰ੍ਹੇ ਦੀ ਤੂੰ ਪਰਨੀ, ਤੈਂ ਖੇੜੇ ਨਾਲ ਲੰਘਾਈ ।
ਈਹੋ ਚਾਕ ਜੁ ਬਾਪ ਤੇਰੇ ਦਾ, ਜਾਣੈ ਸਭ ਲੁਕਾਈ ।
ਭੁੱਖੇ ਮਰਦੇ ਵੱਤ ਆਦਿ ਨਿਖਥਾਂ ਤਾਂ ਤੂੰ ਨੱਸ ਸਿਧਾਈ ।
ਆਖ ਦਮੋਦਰ ਸੁਣ ਨੀ ਹੀਰੇ ! ਤੈਂ ਕਿਉਂ ਹੈ ਅੱਤ ਚਾਈ । (921)

## ਹੀਰ ਦਾ ਸਿਦਕ ਤੇ ਪਵਿੱਤਰਤਾ

ਹੀਰ

ਸਾਢੇ ਪ੍ਰੈਤ੍ਰੀ ਮਾਂਹ ਗੁਜ਼ਾਰੇ, ਅਸਾਂ ਲੂਣ ਨਾ ਖੇੜੇ ਦਾ ਖਾਇਆ ।
ਹਿਕਾ ਛਿਪਰੀ ਪੇਕਿਆਂ ਵਾਲੀ, ਅਸਾਂ ਤ੍ਰੇਵਰ ਨਾ ਕੋਈ ਹੰਢਾਇਆ ।
ਜੇਹੀ ਭਾਵੀ ਸਹੁੰ ਸੋ ਦੇਸਾਂ, ਕਦੀ ਮੰਜੇ ਪਾਸ ਨਾ ਲਾਇਆ ।
ਆਖ ਦਮੋਦਰ ਅਜ ਦਿੱਸੇ ਲਾਲੀ, ਜੇ ਰਾਂਝੇ ਮੂੰਹ ਵਿਖਾਇਆ । (922)

ਕਾਜ਼ੀ

ਇਹ ਰਾਂਝਾ ਹੈ ਚੋਰ ਸੰਨ੍ਹਾਂ ਦਾ, ਸ਼ਰ੍ਹਾ ਇਵ ਫੁਰਮੇਸੀ ।
ਚੋਰ ਚਿਰੋਕਾ ਪਿੱਛੇ ਲਗਾ, ਸਭ ਲੋਕ ਉਗਾਹੀ ਦੇਸੀ ।
ਖੇੜਾ ਤੇਰਾ ਹੱਕ ਜੁ ਹੀਰੇ ! ਤੈਨੂੰ ਕਾਹਿ ਛੁੜੇਸੀ ।
ਇਹ ਹੋਵੇ ਕੀਕਣ ਹੀਰੇ ! ਖਸਮ ਸੱਟ ਕੇ, ਯਾਰ ਮਣੇਸੀ । (923)

ਹੀਰ

ਤੂੰ ਸੁਣ ਬਾਤ, ਸਭ ਮੀਆਂ ਕਾਜ਼ੀ, ਅਸਾਂ ਅਪਣਹ ਸੰਧ ਸਿੰਜਾਤੀ ।
ਮੈਂ ਤੇ ਰਾਂਝੇ ਦਾ ਨੇਹੁੰ ਚਿਰੋਕਾ, ਅਜੇ ਆਹੁਸ ਦੁੱਧ ਦਾਤੀ ।
ਵਿਚ ਪੰਘੂੜੇ ਪਈ ਤੜਫਾਂ, ਵੇਦਨ ਕਹੀਂ ਨਾ ਜਾਤੀ ।
ਚੂਚਕ ਕੋਣ ਸਿਰ ਭੱਜ ਅੱਲੀ ਦੇ, ਮੈਂ ਅਪਣੀ ਵਸਤ ਸਿਞਾਤੀ । (924)

**ਹੀਰ ਨੂੰ ਕੋਰੜੇ**

ਤਾਂ ਕਟਕੇ ਕਾਵੜ ਕਾਜ਼ੀ ਬਹੁਤੀ, ਮੁਸ਼ਕੈਂ ਪਕੜ ਬੰਨ੍ਹਾਈਂ ।
ਹਾਜ਼ਰ ਬੰਨ੍ਹ ਖਲੋਤੀ ਜੁੱਸਾ ਆਪੇ ਕੰਡ ਨਿਵਾਈ ।
ਕੋਰੜੇ ਤ੍ਰੈ ਵਗਾਏ ਕੰਡੀ, ਤਾਂ ਰੱਤ ਨਿਕਲ ਆਈ ।
ਮਾਰ ਅਜੇਹੀ ਮਰਦੀ ਨੀਸੂ, ਦਾਖਲ ਹੋਈ ਸਜ਼ਾਈ ।
ਕਾਜ਼ੀ ! ਹੁਣ ਜੀਵਣ ਜੋਗੀ ਨੀਸੂ, ਸਿਰ ਧੁੱਪ ਰੰਙਣੇ ਨੂੰ ਆਈ । (925)

ਮੈਂ ਹਜ਼ਾਰ ਸੁਣੇਂਦੀ ਕੋਤੀ, ਆਲਮ ਉੱਛਲ ਆਏ ।
ਨਿੱਤ ਸੁਣੀਂਦੀ 'ਹੀਰ ਤੇ ਰਾਂਝਾਂ' ਸੋਈ ਰੱਬ ਵਿਖਾਏ ।
ਜੋ ਜੋ ਪੁੱਛੇ ਹਾਕਮ ਹੀਰੇ ਨੂੰ, ਸੋਈ ਜਬਾਬ ਸੁਣਾਏ ।
ਆਖ ਦਮੋਦਰ ਤਾਂ ਫਿਰ ਕਾਜ਼ੀ, ਹੀਰੇ ਕੋਲੋਂ ਪੁਛਾਏ । (926)

**ਕਾਜ਼ੀ**

ਸੁਣ ਹੀਰੇ ਤੂੰ ਹੈ ਨੂੰਹ ਕੈਂਦੀ, ਅਰ ਧੀ ਕੈਂਦੀ ਆਹੀ ।
ਅਕਬਰ ਨਾਲ ਜੁੜੇਂਦੇ ਪੱਲੂ, ਭੂਈਂ ਨਈਂ ਦੇ ਸਾਈਂ ।
ਵੱਡਾ ਅਦਬ ਉਨ੍ਹਾਂ ਦਾ ਮੈਂਕੂੰ, ਤੁਧ ਮਰੇਂਦੇ ਨਾਹੀਂ ।
ਕਿਤਨਾ ਤਉ ਸਮਝਾਈ ਹੀਰੇ ! ਨਾ ਕਰ ਆਪ ਅਜ਼ਾਈਂ । (927)

**ਹੀਰ**

ਕਿਆ ਵਡਿਆਈ, ਡਿਠੀਆ ਕਾਜ਼ੀ ! ਆਖ ਵੇਖਾਂ ਤੈਂ ਤਾਈਂ ।
ਇੱਤੇ ਵੱਡੇ ਜੁ ਸੋਨੇ ਰੁੱਪੇ, ਢੂੰਕਣ ਸੱਤੇ ਪਾਹੀਂ ।
ਚੁੱਲ੍ਹੇ ਵਿਚ ਘੱਤਾਂ ਇਹ ਵਸਤੂ, ਤੈਕੂੰ ਮਾਲੂਮ ਨਾਹੀਂ ।
ਮੁਣ ਕਾਜ਼ੀ ! ਮੈਂਕੂੰ ਸੁੰਞੇ ਦਿਸਣ, ਜੋ ਵਿਚ ਰਾਂਝਣ ਨਾਹੀਂ । (928)

ਤਾਂ ਕਾਜ਼ੀ ਰੱਸਾ ਘਤ ਹੱਥ : ਵਿਚ, ਮੁਸ਼ਕੀਂ ਫੇਰ ਬੰਨ੍ਹਾਈਂ ।
ਆਖ ਦੇਹ ਖਾਂ, ਮੈਂ ਨੂੰਹ ਖੇੜਿਆਂ ਦੀ ਜਾਣੋ ਸਭ ਲੁਕਾਈ ।
ਤਾਂ ਤਾਂ ਹੀਰੇ ਨਾਹ ਛੁੜਸਾਈਂ ! ਜਾਂ ਜਾਂ ਭਰੇਂ ਉਗਾਹੀ ।
ਨਹੀਂ ਮਰੀਂਦੀ ਮਰਦੀ ਵੈਸੀ, ਕਾਵੜ ਮੈਨੂੰ ਆਈ ।
ਆਖ ਦਮੋਦਰ ਕਿੱਤੀ ਰੱਖਾਂ, ਖ਼ਾਨਾਂ ਦੀ ਮਿਹਰਾਈ । (929)

**ਹੀਰ**

ਸੁਣ ਕਾਜ਼ੀ ! ਹਿਕ ਅਰਜ਼ ਅਸਾਡੀ, ਇਹ ਅਕੱਥ ਕਹਾਣੀ ।
ਲੌਂਹ ਕਲਮ ਨਾ ਅਰਸ਼ ਨਾ ਕੁਰਸ਼ੀ, ਨਾ ਨਦਰੀ ਆਵੇ ਪਾਣੀ ।
ਜ਼ਿਮੀ ਜ਼ਮਾ ਨਾ ਚੰਦ ਨਾ ਸੂਰਜ, ਜੇਤੀ ਜੰਤ ਸਮਾਣੀ ।
ਸਾਹਿਬ ਦੀ ਸਹੁੰ ਸੁਣ ਤੂੰ ਕਾਜ਼ੀ ! ਮੈਂ ਤਦੋਂ ਰਾਂਝੇ ਦਸਤ ਵਿਕਾਣੀ ।
ਜੋ ਕੋਈ ਤਦੋਂਕਾ ਪਾਸਹੁ ਹੋਵੇ ਤਾਂ ਮੈਂ ਸ਼ਾਹਦ ਆਣੀ । (930)

### ਕਾਜ਼ੀ ਨੇ ਰਾਂਝੇ ਨੂੰ ਪੁੱਛਣਾ

ਜੋਗੀ ਆਣ ਹਜ਼ੂਰ ਕੀਤੋਨੇ, ਕਾਜ਼ੀ ਸੁਖ਼ਨ ਪੁਛਾਇਆ।
ਤੂੰ ਤਾਂ ਚਾਕ, ਚੂਚਕ ਦਾ ਆਹੋਂ, ਜੋਗ ਕਦੋਂਕਾ ਪਾਇਆ।
ਵੱਡਾ ਹਰਾਮੀ ਚਾਕ ਡਿਠੋਸੇ, ਇਹੁ ਕੇਹਾ ਭੇਖ ਬਣਾਇਆ ?
ਆਖ ਦਮੋਦਰ ਰਾਂਝੇ ਤਾਈਂ, ਮੁਸ਼ਕੀਂ ਪਕੜ ਬੰਨ੍ਹਾਇਆ। (931)

### ਰਾਂਝਾ

ਸੁਣ ਸਾਹਿਬ ! ਜੋ ਕੋਈ ਮਹਿਰਮ ਹੋਵੇ, ਸੋਈ ਇਹੁ ਬਿਧ ਜਾਣੀ।
ਆਖੇ ਕੋਇ ਪਤੀਜੇ ਨਾਹੀ, ਜੇ ਕੋਈ ਸੁਖ਼ਨ ਵਖਾਣੀ।
ਮੁਹਰ ਜ਼ਬਾਨ ਕਰੀਂ ਸੁਣ ਕਾਜ਼ੀ ! ਔਖੀ ਇਹੁ ਕਹਾਣੀ।
ਆਖ ਦਮੋਦਰ ਗੁੰਗੇ ਦੀ ਸ਼ਾਰਤ, ਗੁੰਗਾ ਹੋਇ ਸੁ ਜਾਣੀ। (932)

### ਰਾਂਝੇ ਨੂੰ ਕੋਰੜੇ

ਤਾਂ ਕਰੜਾ, ਚਿਤ ਕੀਤਾ ਕਾਜ਼ੀ, ਰਾਂਝੇ ਜੋਗ ਮਰਾਇਆ।
ਉਚੀਆਂ ਬਾਹੀਂ ਖਲੀਆਂ ਕਰ ਕਰ, ਮਾਰਨ ਹਿਤ ਫੁਰਮਾਇਆ।
ਪਉਂਦੀ ਮਾਰ ਰੰਝੇਟੇ ਤਾਈਂ, ਨਜ਼ਰ ਹੀਰੇ ਨੂੰ ਆਇਆ।
ਆਖ ਦਮੋਦਰ ਚਲੀ ਸਲੇਟੀ, ਆਇ ਰਾਂਝੇ ਨੂੰ ਜੱਫਾ ਪਾਇਆ। (933)

ਤਾਂ ਆਲਮ ਹੱਸ ਲਹੋਂਦੇ ਨਾਲੋਂ, ਪਕੜੀ ਧੱਕੀ ਬਾਂਹੀਂ।
ਧ੍ਰੋਹੀ ਤੁਸਾਂ ਸਾਹਿਬ ਸੰਦੀ, ਜੇ ਮਨ੍ਹਾ ਕਰੋ ਮੈਂ ਤਾਈਂ।
ਇਸ ਦੀ ਮਾਰ, ਦੇਵਹੁ, ਕੁੱਲ ਮੈਨੂੰ, ਇਸ ਕਉ ਮਾਰੋ ਨਾਹੀਂ।
ਆਖ ਦਮੋਦਰ ਜੇ ਤੁਸੀਂ ਕੁਲੱਜੇ ਮਾਰਹੁ, ਤਾਂ ਅੱਧੀ ਪੀੜ ਵੰਡਾਈਂ। (934)

### ਕਾਜ਼ੀ ਨੇ ਹੀਰ ਖੇੜਿਆਂ ਨੂੰ ਦੇਣੀ

ਅੱਦਲ ਫ਼ੱਤਾ ਆਖੇ, 'ਸੁਣ ਹਜ਼ਰਤ ਕਿਤ ਨੂੰ ਇਨ੍ਹਾਂ ਮਰੇਂਦੇ ?
ਪਕੜ ਸਿਆਲ, ਦੇਵਹੁ ਅੱਲੀ ਨੂੰ, ਸ਼ਰਮਿੰਦਾ ਕਿੱਤ ਕਰੇਂਦੇ ?
ਕੇ ਸ਼ਾਹਦ, ਪੁੱਛਣ ਦੀ ਹਾਜਤ ? ਕੁੱਲ ਮਾਲੂਮ ਕਰੇਂਦੇ ?
ਆਖ ਦਮੋਦਰ ਹੀਰੇ ਤਾਈਂ, ਪਕੜ ਖੇੜਿਆਂ ਨੂੰ ਦੇਂਦੇ। (935)

### ਖੇੜੇ ਹੀਰ ਨੂੰ ਲੈ ਚੱਲੇ

ਪਕੜ ਖੇੜਿਆਂ ਨੂੰ ਮਿਲੀ ਸਲੇਟੀ, ਘੋੜਿਆਂ ਅੱਗੇ ਲਾਈ।
ਕੋਈ ਵੱਟਾ, ਕੋਈ ਸੋਟਾ, ਕਹੀਏਂ ਲੱਤ ਚਲਾਈ।
ਦੁੱਧ ਲਿਪੰਨੀ, ਮੱਖਣ ਪਾਲੀ, ਸਹਿਮਾ ਅੱਗੇ ਆਈ।
ਆਖ ਦਮੋਦਰ ਮੈਂ ਖੜਿਆਂ ਡਿੱਠਾ ਜੋ ਸਿਰ ਸਲੇਟੀ ਦੇ ਆਈ। (936)

ਰੱਸਾ ਤ੍ਰਿੱਕਲ ਘੱਤ ਰਲਾਈ, ਜਬਾਬ ਸਿਆਲ ਕਰੇਂਦੀ।
ਸੁਣ ਅੱਲੀ! ਇਨ੍ਹਾਂ ਸੱਟਾਂ ਕੋਲੂੰ, ਮੈਂ ਸਦਕੇ ਸਦਕੇ ਵੈਂਦੀ।
ਰਾਂਝੇ ਵੱਲੋਂ ਮਹੀਂ ਮਰੀਂਦੀ, ਮੈਂ ਸਿਰ ਸਦਕਾ ਦੇਂਦੀ।
ਸੁਣ ਸਹੀ ਸਈਯਾਦਾ ਜੱਟਾ! ਮੈਂ ਮਿੰਨਤ ਨਾ ਤੁੱਧ ਕਰੇਂਦੀ। (937)

ਜਿਉਂ ਜਿਉਂ ਸੁਖਨ ਕਰੇ ਸਲੇਟੀ, ਤਿਉਂ ਤਿਉਂ ਖਾਨ ਮਟਾਏ।
ਰੱਤ ਵਿਗੱਤੀ ਪਿੰਡਾ ਹੋਇਆ, ਨਾ ਕੋਈ ਹੋੜਾ ਪਾਏ।
ਵਾਲ ਹੀਰ ਦੇ ਘੱਟੇ ਅੱਟੇ, ਨਾਲੇ ਖੇਹ ਰਲਾਏ।
ਆਖ ਦਮੋਦਰ ਨਾ ਟਲੇ ਸਲੇਟੀ, ਭੀ ਕਰ ਸੁਖ਼ਨ ਸੁਣਾਏ (938)

ਹੀਰ

ਸੁਣ ਵੇ ਸੁਖਨ ਸਈਆਦਾ ਜੱਟਾ, ਤੂੰ ਕੋਈ ਗੁਮਾਨ ਕਰੇਂਦਾ।
ਪੁਰ ਤਕਸੀਰ! ਮੈਂ ਔਗਣਹਾਰੀ, ਮੁਰਸ਼ਦ ਮਹੀਂ ਮਰਸ਼ਦ।
ਜਿਨ ਸਿਰ ਮੁਰਸ਼ਦ ਰਾਂਝਣ ਜੇਹੇ, ਕਉਣ ਤਿਨ੍ਹਾਂ ਦਾਓ ਤਕੇਂਦਾ।
ਆਖ ਦਮੋਦਰ ਕੰਮ ਰਾਂਝੇ ਦੇ, ਜਾਣ ਤੂੰ, ਮਹੀਂ ਕਰੇਂਦਾ। (939)

ਜਿਉਂ ਜਿਉਂ ਹੀਰ ਬੁਲੇਂਦੀ ਅਗੋਂ, ਤਿਉਂ ਖੇੜੇ ਮਾਰ ਕਰੇਂਦੇ।
ਵੱਟਾ, ਸੋਟਾ, ਅਤੇ ਤਮਾਚਾ, ਜ਼ਰਾ ਨਾ ਢਿੱਲ ਕਰੇਂਦੇ।
ਲੱਤੇ ਪਾੜ ਘੱਤੇ, ਢਿੰਗਰਾਂ ਜਿਉਂ, ਰੱਜੀ ਘੱਤ ਧ੍ਰਿਕੇਂਦੇ।
ਆਖ ਦਮੋਦਰ ਹੀਰੇ ਨਾਲ ਖੇੜੇ, ਮੂਲ ਨਾ ਤਰਸ ਕਰੇਂਦੇ। (940)

## ਹੀਰ ਦਾ ਸਿਦਕ

ਹੀਰ

ਸੁਣ ਬੇਟੇ ਸਮੇਤ ਤੂੰ ਅੱਲੀ! ਮੈਨੂੰ ਸਜ਼ਾਇ ਵਿਖੇਂਦਾ।
ਜੈਂਦਾ ਕੁੱਤਾ ਵੰਞੇ ਮਰੀਂਦਾ। ਸੋ ਮੁਰਸ਼ਦ ਸੁਣੇ ਸੁਣੇਂਦਾ।
ਕੇ ਹੋਇਆ, ਮੈਂ ਭੁੱਲੀ ਚੁੱਕੀ, ਉਹ ਆਪਣੀ ਲਜ ਪਲੇਂਦਾ।
ਆਖ ਦਮੋਦਰ ਤੂੰ ਸੁਣ ਅੱਲੀ! ਤੈਨੂੰ ਧੀਦੋ ਨਹੀਂ ਛੁੜੇਂਦਾ। (941)

**ਕੋਟ ਕਬੂਲ ਅੱਗ ਲਗਣੀ**

ਤਾਂ ਕਲੱਰ ਕੋਟ ਕਬੂਲ ਸੰਦੇ ਅੱਗ ਲਗੀ ਦਰਵਾਜ਼ੇ।
ਅਦਲੀ ਰਾਜੇ ਅਦਲ ਨਾ ਕੀਤਾ, ਧੂੰਆਂ ਦੇ ਮੁਹਤਾਜੇ।
ਪਾਣੀ ਪਵੇ ਤੇਲ ਹੁਇ ਜਾਵੇ, ਭੜਕਣ ਸੱਭ ਦਰਵਾਜ਼ੇ।
ਆਖ ਦਮੋਦਰ ਕੋਟ ਕਬੂਲੇ, ਰੋਵਣ ਲੋਕ ਅਵਾਜ਼ੇ। (942)

ਭੜਕੇ ਸ਼ਹਿਰ, ਸੜੇ ਕੁਲ ਕਸਬਾ, ਲੋਕ ਜਬਾਬ ਕਰੇਂਦਾ।
ਧ੍ਰੋਹੀ ਕਾਜ਼ੀ ਹਾਕਮ ਤੈਨੂੰ! ਲਖੀਆ ਸ਼ਹਿਰ ਸੜੇਂਦਾ।

ਜੇ ਪੁੱਛੇ ਸ਼ਾਹ ਅਕਬਰ ਤੈਨੂੰ, ਤਾਂ ਤੂੰ ਜਬਾਬ ਕੇ ਦੇਂਦਾ ?
ਆਖ ਦਮੋਦਰ ਧੂਹੀ ਕਸਬਾ, ਆਲਮ ਆਇ ਕਰੇਂਦਾ । (943)

ਜਿਉਂ ਜਿਉਂ ਢਿੱਲ ਪਵੇ, ਫਿਰ ਤਿਉਂ ਤਿਉਂ ਕਸਬਾ ਸਭੋ ਆਇਆ ।
ਸਉੜਾ ਪਿਆ ਸੱਭੋ ਹੀ ਕਸਬਾ, ਤਾਂ ਉਹਨਾਂ ਕੂਕ ਸੁਣਾਇਆ ।
ਚਲਦੀ ਅੱਗ ਪੈਰ ਕਰ ਅੱਗੇ, ਆਖੇ ਜੋਗੀ ਪਰਚਾ ਲਾਇਆ ।
ਆਖ ਦਮੋਦਰ ਕਾਜ਼ੀ ਮੁਫਤੀ, ਕੁਦਰਤ ਵੇਖ ਵਿਕਾਇਆ । (944)

ਸੱਭਾ ਹੱਥ ਜੁ ਬੰਨ੍ਹ ਖਲੋਤੀ, ਜੋਗੀ ਕੋਲ ਚੱਲ ਆਈ ।
ਇਹ ਗੁਨਾਹ ਤੂੰ ਬਖਸ਼ ਅਸਾਨੂੰ ਆਖੇ ਸਭ ਲੁਕਾਈ ।
ਰੇਜ ਫ਼ੌਜ ਹੱਥ ਸਦੀਏ ਖੇੜੇ ਜੇ ਤੂੰ ਅੱਗ ਬੁਝਾਂਈ ।
ਆਖ ਦਮੋਦਰ ਹਥ ਕੀਤਾ ਧੀਰੋ, ਅੱਗ ਹਟੀ, ਤੇ ਫੌਜ ਲੰਘਾਈ । (945)

## ਕਾਜ਼ੀ ਨੇ ਕਿਹਾ ਜੋ ਅੱਗ ਬੁਝਾਏ ਹੀਰ ਓਹਦੀ

ਸੁਣਹੋ ਯਾਰੋ ! ਜੋ ਜ਼ਾਹਰ ਡਿੱਠਾ, ਕਾਜ਼ੀ ਆਖ ਸੁਣਾਇਆ ।
ਜੋ ਕੁਝ ਜ਼ਾਹਰ ਡਿੱਠਾ ਆਹਾ, ਸੋਈ ਨਿਆਉਂ ਚੁਕਾਇਆ ।
ਬਾਤ ਸਾਹਿਬ ਦੀ, ਕੋਈ ਕੇ ਜਾਣੇ, ਜੋ ਰੱਬ ਨਿਆਉਂ ਚੁਕਾਇਆ ।
ਹੱਕ ਸਲੇਟੀ, ਤਿਸਦਾ ਨੇਹੇ, ਜੋ ਕੋਈ ਅੱਗ ਬੁਝਾਇਆ (946)

ਸੱਭਾ ਆਖੇ ਕਾਜ਼ੀ ਤਾਈਂ, ਕੇਹਾ ਕਹਿਰ ਕੀਤੋਈ ।
ਹੱਕ ਸ਼ਲੇਟੀ, ਜੋਗੀ ਸੰਦਾ, ਖੇੜੇ ਨੂੰ ਦਿਤਿਓਈ ।
ਜੋਗੀ ਸਬਰ ਕੀਤਾਹਾ ਡਾਢਾ, ਤਾਂ ਇਹੁ ਹੋਂਵਣੀ ਹੋਈ ।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਹੱਭਾ ਕੂਕ ਖਲੋਈ । (947)

## ਖੇੜੇ ਪਕੜ ਮੰਗਵਾਏ

ਮੁੱਠੀ ਫ਼ੌਜ ਆਣਹੁ ਨੱਪ ਖੇੜੇ, ਅੱਗੇ ਨਾ ਵੰਞਣ ਦੇਹੋ ।
ਜੋਗੀ ਦੀ ਸਭ ਮਿੰਨਤ ਕਰਿਹੋ, ਪੈਰੀਂ ਪੈ ਕੇ ਦੇਹੋ ।
ਝੰਬਲ ਖੋਹ ਸੁਟਿਓ ਜੋ ਪਹਿਲਾਂ, ਹੁਣ ਤਾਂ ਸੱਭਾ ਲੇਹੋ ।
ਆਖ ਦਮੋਦਰ ਅੱਗ ਹਟੇ ਜਿਉਂ, ਲੋਕ ਅਸੀਸਾਂ ਲੇਹੋ । (948)

ਤਾਂ ਪਿਛਹੁੰ ਫੌਜ ਮਿਲੀ ਖੇੜਿਆਂ ਨੂੰ ਫੇਰ ਸਦੀਂਦੇ ਭਾਈ ।
ਅੱਲੀ ਹੋਇ ਹੈਰਾਨ ਖਲੋਤਾ, ਡਾਢੀ ਫੌਜ ਇਹੁ ਆਈ ।
ਵਹਿਲੇ ਜੁਲਹੁ, ਨਾ ਕਰੋ ਤਹੰਬਲ, ਸੜਦੀ ਸਭ ਲੁਕਾਈ ।
ਆਖ ਦਮੋਦਰ ਹੀਰੇ ਜਾਤਾ, ਜੋ ਅਜ਼ਮਤ ਚਾਕ ਵਿਖਾਈ । (949)

ਫੇਰ ਪਿਛੂਹੀਂ ਫਿਰੀ ਸਲੇਟੀ, ਘੋੜੇ ਮਿਲਣ ਨਾ ਦੇਂਦੀ ।
ਬੰਨ੍ਹ ਕੰਛੋਟਾ, ਡਾਕਾਂ ਮਾਰੇ, ਕੇਹੇ ਕਦਮ ਸਟੇਂਦੀ ।
ਤਿੰਸੇ ਸ਼ਰਮ ਕੀਤੋਹੀ ਸਾਹਿਬ ! ਮੈਂ ਬੰਦੀ ਬਰਦੀ ਜੇਂਦੀ ।
ਆਖ ਦਮੋਦਰ ਵੜੇ ਕਬੂਲੇ, ਅੱਗ ਨਾ ਲੰਘਣ ਦੇਂਦੀ । (950)

ਫੌਜ

ਸੁਣ ਹੀਰੇ ! ਜੇ ਉਦਹੂੰ ਆਏ, ਤਾਂ ਜੋਗੀ ਅਸਾਂ ਲੰਘਾਇਆ ।
ਕੀਕਰ ਅੰਦਰ ਦਾਖਲ ਹੋਈਐ ! ਲਸ਼ਕਰ ਏਂਵ ਪੁਛਾਇਆ ।
ਵੰਞ ਖਲੋਤੀ ਅੱਗੇ ਅੱਗ ਦੇ, ਹੱਥੀਂ ਤਾਉ ਹਟਾਇਆ ।
ਆਖ ਦਮੋਦਰ ਲਸ਼ਕਰ ਉਥਹੁੰ ਸਾਰਾ ਹੀਰ ਲੰਘਾਇਆ । (951)

ਜੇੜ੍ਹਾ ਅੱਗ ਬੁਝਾਏ ਹੀਰ ਉਸੇ ਦੀ

ਤਾਂ ਅੱਲੀ ਨੂੰ ਕਾਜ਼ੀ ਆਖੇ, ਕਰ ਕਰ ਸ਼ਰ੍ਹਾ ਸੁਣਾਏ ।
ਜੋ ਕਿਛ ਜ਼ਾਹਰ ਡਿਠਾ ਆਹਾ, ਸੋਈ ਨਿਆਉਂ ਚੁਕਾਏ ।
ਬਾਤਨ ਬਾਤ ਨਾ ਕੋਈ ਜਾਣੇ, ਕਾਜ਼ੀ ਸੁਖਨ ਸੁਣਾਏ ।
ਹੱਕ ਸਿਆਲ, ਸੋਈ ਘਿੰਨ ਵੰਞਹੁੰ, ਜੋ ਕੋਈ ਅੱਗ ਬੁਝਾਏ । (951)

ਅੱਲੀ

ਜੋਗੀ ਭੱਠ, ਤੇ ਚੁੱਲ੍ਹ ਸਲੇਟੀ, ਅਸੀਂ ਮੁਟੇ ਬਿਣ ਆਈ ।
ਅਸੀਂ ਵੰਞ ਜੁਲਾਹਾਂ ਇਥਹੁੰ, ਏਥੇ ਰਹਿੰਦੇ ਨਾਹੀਂ ।
ਕੁੱਲ ਮਹਾਜਨ ਸਭੋ ਸੜਦਾ, ਅਜਲ ਸੁ ਜੇਂਦੀ ਆਈ ।
ਆਖ ਦਮੋਦਰ ਅੱਗ ਨੂੰ ਖੇੜੇ, ਵੇਖ ਉਦਾਸੀ ਆਈ । (952)

ਸ਼ਹਿਰ ਦੇ ਲੋਕੀਂ

ਕਿਦੇ ਵੇਂਨਾਏਂ ਸੁਣ ਸਈਯਾਦਾ ! ਪਹਿਲੋਂ ਤੁੱਧ ਸੜੇਂਦੇ ।
ਆਣ ਬਲਾਇ ਪਾਈ ਵਿਚ ਬਸਤੀ, ਤੈਨੂੰ ਕੀਕਣ ਵੰਞਣ ਦੇਂਦੇ ।
ਹੱਲ ਸਹੀ, ਹਮਰਾਹੀ ਦੋਹੇਂ, ਬਰ ਸਿਰ ਬੈਠ ਜਲੇਂਦੇ ।
ਆਖ ਦਮੋਦਰ ਸਭ ਡਰਵਰ ਹੋਈ, ਜੋਗੀ ਤਰਫ਼ ਤਕੇਂਦੇ । (953)

ਪੀਦੇ ਜੋਗੀ ਨੇ ਅੱਗ ਬੁਝਾਈ

ਤਾਂ ਜੋਗੀ ਹੱਥ ਜੋੜ ਖਲੋਤਾ, ਦੋਵੇਂ ਨੈਣ ਮਿਲਾਏ ।
ਗਲ ਵਿਚ ਪੱਲੂ ਤੇ ਅਰਜ਼ ਕਰੇਂਦਾ, ਪੀਰਾਂ ਤਈਂ ਸੁਣਾਏ ।
ਮਿਹਰ ਕਰੋ ਕੁਲ ਕਸਬੇ ਉੱਤੇ, ਦੇਵਹੁ ਅੱਗ ਬੁਝਾਏ ।
ਅੱਗ ਬੁਝੀ ਤਦ ਉੱਤੇ ਵੇਲੇ, ਰਾਂਝੇ ਸਭ ਲੋਕ ਨਿਵਾਏ । (954)

### ਹੀਰ ਰਾਂਝੇ ਨੂੰ ਮਿਲੀ

ਖੇੜੇ ਮਾਰ ਕੱਢੇ ਸਭ ਉਥੋਂ, ਗਏ ਮਰੀਂਦੇ ਗੰਦੇ ।
ਕਰ ਕਰ ਫੌਜਾਂ ਆਏ ਖੇੜੇ, ਪਿਛਹੁੰ ਤਕਣ ਨਹੀਂ ਸ਼ਰਮਿੰਦੇ ।
ਸੱਭਾ ਆਈ ਪਾਸ ਜੋਗੀ ਦੇ, ਅਸੀਂ ਆਹਾ ਤੇਰੇ ਬੰਦੇ ।
ਆਖ ਦਮੋਦਰ ਜ਼ਾਲ ਇਥਾਈਂ, ਅਸੀਂ ਮਿੰਨਤ ਪਏ ਕਰੰਦੇ ।[1] (955)

ਹੱਭਾ ਪਈ ਜੋਗੀ ਦੇ ਪੈਰੀਂ, ਅਜ਼ਮਤ ਚਾਕ ਵਿਖਾਈ ।
ਕਾਜ਼ੀ, ਮੁਫਤੀ ਤੇ ਕੁਲ ਆਲਮ, ਸੱਭਾ ਮਿੰਨਤ ਆਈ ।
ਗਲ ਵਿਚ ਪੱਲੂ, ਦਸਤ ਪੈਰ, ਤੇ, ਅਜ਼ਮਤ ਭਲੀ ਵਿਖਾਈ ।
ਆਖ ਦਮੋਦਰ ਹੀਰ ਹਕ ਢੰਡਾ, ਮਿਲ ਜੋਗੀ ਥੇ ਆਈ । (956)

ਕੱਲਰ ਕੋਟੋਂ ਕੋਟ ਕਬੂਲੇ ਮੁਸ਼ਕ ਆਇਆ ਦਰਵਾਜ਼ੇ ।
ਅਦਲੀ ਰਾਜੇ ਅਦਲ ਸਿਞਾਂਤਾ, ਕੂੰਜ ਮਿਲੇ ਸ਼ੇਬਾਜ਼ੇ ।
ਚੰਦਨ ਕੰਧਾਂ ਤੇ ਮੁਸ਼ਕ ਘਨੇਰਾ ਵੱਸਣ ਫੁੱਲ ਗੁਲਾਬੇ ।
ਆਖ ਦਮੋਦਰ ਮੁਸ਼ਕ ਸ਼ਹਿਰ ਵਿਚ, ਸਭ ਦਿਲ ਹੋਏ ਤਾਜ਼ੇ । (957)

ਸੱਭਾ ਆ ਪੈਰਾਂ ਨੂੰ ਲਗੀ, ਅਜ਼ਮਤ ਚਾਕ ਵਿਖਾਈ ।
ਹਾਕਮ ਕਾਜ਼ੀ ਤੇ ਕੁਲ ਆਲਮ, ਜੱਭਾ ਜ਼ਿਆਰਤ ਆਈ ।
ਪਹਿਲੋਂ ਮਾਰ ਕੱਢੋਂ ਖੇੜਿਆਂ ਨੂੰ, ਵੱਤ ਨਾ ਦੇਣ ਵਿਖਾਈ ।
ਆਖ ਦਮੋਦਰ ਕੱਢੇ ਖੇੜੇ, ਸੱਭ ਚੱਟੇ ਸਿਰ ਛਾਈ । (958)

### ਕਿੱਸੇ ਦੀ ਸਮਾਪਤੀ

ਪੰਦਰਾਂ ਸੈ ਅਤੇ ਉਨੱਤ੍ਰੀ, ਸੰਬਤ ਬਿਕ੍ਰਮ ਗਏ ।
ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ ।
ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ ।
ਆਖ ਦਮੋਦਰ ਦੇਇ ਅਸੀਸਾਂ, ਸ਼ਹਿਰੋਂ ਬਾਹਰ ਆਏ । (960)

ਜ਼ਾਲ ਇਥਾਈਂ ਸਾਹਿਬ ਰਾਂਝਾ ! ਰਈਯਤ ਪੱਲੂ ਪਾਏ ।
ਨਵੇਂ ਦਲਾਨ ਪਈਹਾਂ ਇਥੇ, ਜੋ ਕੁਝ ਤੂੰ ਫੁਰਮਾਏ ।
ਦੇਵਹੁ ਵਿਦਾ, ਟੁਰਾਹੇ ਇਥਹੁੰ, ਘਰ ਬਾਰ ਚਲੀਹਾਂ ਧਾਏ ।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਲੰਮੀ ਤਰਫ਼ ਸਿਧਾਏ । (961)

### ਪੰਜ ਪੀਰਾਂ ਦਾ ਐਣਾ ਤੇ ਹੀਰ ਰਾਂਝੇ ਦਾ ਅਲੋਪ ਹੋਣਾ

ਜੇ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਭੀ ਨਾਲੇ ਆਹੇ ।
ਪੰਜ ਅਸਵਾਰ, ਜੋੜੇ ਸਭ ਕਾਲੇ, ਚੜ੍ਹ ਅਗਥੋਂ ਆਏ ।

---

[1] ਗ. ਮਿੰ. ਬ. ਤੇ ਡਾ. ਪ. ਸਿੰ., ਕਰੇਂਦੇ ।

ਹੱਥ ਫਿਰੇਂਦੇ ਸਿਰ ਦੋਹਾਂ ਦੇ, ਸਿਰ ਚੁੰਮਣ ਤੇ ਸਧਰਾਏ ।
ਇੱਨੇ ਬਾਝਹੁੰ ਤੂੰ ਸੁਣ ਹੀਰੇ ! ਰੋਸ਼ਨ ਹੋਂਦੇ ਨਾਹੇਂ ।
ਆਖ ਦਮੋਦਰ ਛੁਪੇ ਕਿਥਾਈਂ, ਗਏ ਸੁ ਫੇਰ ਨ ਆਏ । (962)

ਸਮਾਪਤੀ

ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨਾ ਕੋਈ ।
ਜਿਉਂ ਚਾਈ ਤਿਉਂ ਤੋੜ ਨਿਭਾਈ, ਜਾਣਤ ਹੈ ਤ੍ਰੈ ਲੋਈ ।
ਨਾਉਂ ਦਮੋਦਰ ਜ਼ਾਤ ਗੁਲਾਟੀ, ਡਿੱਠਾ ਸੋ ਲਿਖਿਓਈ ।
ਛੋੜ ਰਜੋਆ ਵਿਚ ਸਿਆਲੀਂ, ਅਸਾਂ ਤਾਂ ਰਹਿਣ ਕੀਤੋਈ । (963)

ਸਮਾਪਤ

# ਅਰਥਾਵਲੀ

1. ਦੁਰ : ਮੋਤੀ
   ਭਾਵ ਜ਼ਿਮੀਂ ਅਸਮਾਨ ਮੋਤੀਆਂ ਨਾਲ ਜੜਿਆ ਹੋਇਆ ।
2. ਭੋਈਂ ਨਈਂ ਦੇ ਸਾਈਂ : (ਬਾਵਾ ਗੰਗਾ ਸਿੰਘ ਬੇਦੀ) ਜ਼ਮੀਨਾਂ ਤੇ ਪਾਣੀਆਂ ਦਾ ਮਾਲਕ, (ਡਾ. ਪ. ਸਿੰ.) ਜ਼ਮੀਨਾਂ ਧਾਣੀਆਂ ਦਾ ਮਾਲਕ । ਪਰ ਇਸ ਦਾ ਭਾਵ ਹੈ ਖੂਹਾਂ ਤੇ ਜ਼ਮੀਨਾਂ ਦਾ ਮਾਲਕ ।
3. ਪਾਹੀਂ : ਕਮੀਂ ਕਮੀਣ (ਲੁਹਾਰ, ਤਰਖਾਣ, ਘੁਮਿਆਰ, ਤੇਲੀ, ਚੂਹੜਾ, ਨਾਈ, ਝੀਊਰ, ਮਰਾਸੀ ਆਦਿ) ।
   ਪਾਹੀਂ : ਘਰ ਦੇ ਮਾਲ ਡੰਗਰ ਨੂੰ ਵੀ ਕਹਿੰਦੇ ਹਨ ।
   (ਗ.ਸਿੰ.ਬੇ.) ਸਤ ਤਰ੍ਹਾਂ ਦਾ ਮਾਲ ਘੋੜੀ, ਮਹੀਂ, ਗਊ, ਊਠ, ਬਕਰੀ, ਭੇਡ, ਖੋਤੀ ।
4. ਬਦੇਂਦੇ : ਕਿਸੇ ਦੀ ਪ੍ਰਵਾਹ ਨਹੀਂ ਸਨ ਕਰਦੇ । ਆਪਣੇ ਬਰਾਬਰ ਨਹੀਂ ਸਨ ਸਮਝਦੇ ।
5. ਜ਼ਾਵਣ ਵਾਲੀ : ਜੰਮਣ ਵਾਲੀ ।
6. ਵਾਰ ਬੁਢੇਂਦੀ ਮਿਹਰੀ ਕੁੰਦੀ ਵੇਖਹੁ ਫੁਟ ਵਿਆਈ : ਭਾਵ ਬੁੱਢੇ ਵਾਰੇ ਮਿਹਰੀ ਕੁੰਦੀ ਨੂੰ ਔਲਾਦ ਪੈਦਾ ਹੋਈ ।
7. ਨਈਂ : (ਗ.ਸਿ. ਬੇ.) ਚਾਰੇ ਨਦੀਆਂ—ਗ.ਸਿ.ਬੇ. ਦਾ ਭਾਵ ਚਾਰੇ ਨਦੀਆਂ ਤੋਂ ਪਤਾ ਨਹੀਂ ਕੀ ਹੈ । ਇਹ ਕੋਈ ਮੁਹਾਵਰਾ ਨਹੀਂ । ਇਸ ਦਾ ਭਾਵ ਹੈ ਚਾਰੇ ਬੰਨੇ ਜਾਂ ਦਿਸ਼ਾਵਾਂ ।
8. ਡੀਹਾਂ : ਕਿਤੇ ਦੇਈਏ—ਭਾਵ ਉਸ ਦੀ ਮੰਗਣੀ ਕਰੀਏ ।
9. ਕੱਢਾ ਆਪ ਕਢੀਹਾਂ : ਭਾਵ ਆਪਣੀ ਮਰਜ਼ੀ ਨਾਲ ਜਿੰਨੀ ਮਰਜ਼ੀ ਹੈ ਜ਼ਮੀਨ ਮਲ ਲਵਾਂ ।
10. ਮਸਲਤ : (ਮਸਲਹਤ) ਸਲਾਹ ਮਸ਼ਵਰਾ
11. ਰਤੋਕੇ : ਰਾਤ ਦੇ
12. ਵੰਞ : ਜਾ ਕੇ
13. ਤਹੰਬਲ : (ਤੁਹੱਮਲ) ਦੇਰੀ
14. ਅੱਠੋਹਾਰਾ : (ਅਠਵਾਰਾ) ਅੱਠ ਦਿਨ

15. ਸੱਥੇ : (ਭਾਵ ਸੱਥ ਵਿਚ) ਪਰ੍ਹੇ ਵਿਚ ਪਿੰਡਾਂ ਵਿਚ, ਲੋਕਾਂ ਦੇ ਬੈਠਣ ਦੀ ਥਾਂ ਨੂੰ ਸੱਥ ਕਹਿੰਦੇ ਹਨ।
16. ਸ਼ਾਦੀ : ਖ਼ੁਸ਼ੀ (ਫ਼ਾਰਸੀ ਭਾਸ਼ਾ ਵਿਚ ਸ਼ਾਦੀ ਦਾ ਅਰਥ ਹੀ ਖ਼ੁਸ਼ੀ ਹੈ ਪਰ ਅਸੀਂ ਇਸ ਨੂੰ ਵਿਆਹ ਦੇ ਅਰਥਾਂ ਵਿਚ ਵਰਤਣ ਲੱਗ ਪਏ ਹਾਂ।
17. ਨੁਕਰੇ : ਨੁਕਰਾ ਘੋੜਾ ਚਿੱਟੇ, ਰੰਗ ਦੇ ਘੋੜੇ ਨੂੰ ਕਹਿੰਦੇ ਹਨ।
18. ਅਬਲਕ : ਦੋਰੰਗੇ ਘੋੜੇ ਨੂੰ ਕਹਿੰਦੇ ਹਨ। ਇਹ ਚਿੱਟੇ ਤੇ ਕਾਲੇ ਰੰਗ ਦਾ ਜਾਂ ਚਿੱਟੇ ਤੇ ਭੂਰੇ ਰੰਗ ਦਾ ਹੁੰਦਾ ਹੈ।
19. ਤਾਜ਼ੀ : (ਡਾ.ਪ.ਸਿੰ) ਨੇ ਤਾਜੀ ਲਿਖਿਆ ਹੈ ਜੋ ਦਰੁਸਤ ਨਹੀਂ। ਤਾਜ਼ੀ ਘੋੜਾ ਅਰਬੀ ਘੋੜੇ ਨੂੰ ਕਹਿੰਦੇ ਹਨ।
20. ਹੰਨਾ : ਘੋੜੇ ਦੀ ਕਾਠੀ
21. ਆਲਮ : ਦੁਨੀਆਂ, ਸੰਸਾਰ
22. ਸਰਨਾਈ : (ਡਾ.ਪ.ਸਿ. ਨੇ ਇਸ ਦਾ ਅਰਥ ਇਕ ਸਾਜ਼ ਲਿਖਿਆ ਹੈ ਅਤੇ ਗ.ਸਿ.ਬੇ. ਨੇ ਵਾਜੇ ਲਿਖਿਆ ਹੈ ਜੋ ਦਰੁਸਤ ਨਹੀਂ) ਕਵੀ ਦਾ ਭਾਵ ਹੈ ਵਾਜਿਆਂ ਵਾਲੇ। 'ਭੇਡ ਭਗੜੀਏ ਤੇ ਸਰਨਾਈ' ਦਾ ਅਰਥ ਕਿਸੇ ਤਰ੍ਹਾਂ ਵੀ ਨਕਲੀਏ, ਰਾਸਧਾਰੀਏ ਤੇ ਸਾਜ਼ ਜਾ ਬਾਜੇ ਨਹੀਂ ਹੋ ਸਕਦਾ। ਡਾ. ਪ. ਸਿੰ. ਤੇ ਗ.ਸਿ.ਬੇ. ਨੇ ਤੇ ਸ਼ਬਦ ਵੱਲ ਧਿਆਨ ਨਹੀਂ ਦਿੱਤਾ। ਇਥੇ ਸਰਨਾਈ ਵਿਸ਼ੇਸ਼ਣ ਦੇ ਰੂਪ ਵਿਚ ਆਇਆ ਹੈ।
23. ਕੁੱਲੇ : (ਡਾ.ਪ.ਸਿ) ਨੇ ਇਸ ਦਾ ਅਰਥ ਟੋਪੀਆਂ ਲਿਖਿਆ ਹੈ ਅਤੇ ਗ.ਸਿ.ਬੇ. ਨੇ ਪਾਲੇ ਹੋਏ ਘੋੜੇ, ਇਹ ਬਿਲਕੁਲ ਹੀ ਗ਼ਲਤ ਹੈ।
ਕੁੱਲਾ ਦਾ ਭਾਵ ਅਸਲ ਵਿਚ ਸਫ਼ੈਦ ਘੋੜੇ ਤੋਂ ਹੈ (ਵੇਖੋ Dictionary of Panjabi Language, Language Deptt. Patiala III ed., page 106).
ਟੋਪੀਆਂ ਦਾ ਤਾਂ ਇਥੇ ਅਰਥ ਹੀ ਕੋਈ ਨਹੀਂ। ਇਸ ਦਾ ਘੋੜਿਆਂ ਨਾਲ ਕੀ ਸੰਬੰਧ ਹੈ।
24. ਕੋਤਲ : (ਡਾ. ਪ. ਸਿ ਨੇ ਇਸ ਦਾ ਅਰਥ ਸਿਰਫ਼ ਘੋੜਾ ਦਿੱਤਾ ਹੈ, ਜੋ ਗ਼ਲਤ ਹੈ) ਕੋਤਲ ਘੋੜਾ ਉਸ ਨੂੰ ਕਹਿੰਦੇ ਹਨ ਜੋ ਅਮੀਰਾਂ ਦੀ ਸਵਾਰੀ ਦੇ ਅੱਗੇ ਅੱਗੇ ਚਲਦਾ ਹੈ। ਇਹ ਘੋੜਾ ਬਹੁਤ ਹੀ ਸ਼ਿੰਗਾਰਿਆ ਹੋਇਆ ਹੁੰਦਾ ਹੈ ਅਤੇ ਇਹ ਨੂੰ ਜਲੋਂ ਦਾ ਘੋੜਾ ਵੀ ਆਖਦੇ ਹਨ। ਇਸ ਦੀ ਪਿੱਠ ਤੇ ਕੋਈ ਅਸਵਾਰ ਨਹੀਂ ਹੁੰਦਾ। ਮੁਸ਼ਕੀ-ਕਾਲੇ ਰੰਗ ਦਾ ਘੋੜਾ (ਜਾਂ ਘੋੜੇ)।
25. ਬਹਿੰਗੀ : ਬਹਿੰਗੀ ਊਠ ਉੱਤੇ ਪਾਉਣ ਵਾਲੇ, ਕਚਾਵੇ ਨੂੰ ਕਹਿੰਦੇ ਹਨ।
26. ਅਸਤਰ : ਕਚਾਵੇ ਤੇ ਪਾਉਣ ਵਾਲਾ ਕਪੜਾ।
27. ਸੁਤਰ : ਊਠ
28. ਸਵਾਈ : ਸਜਾਏ—ਰਾਜਿਸਥਾਨ ਵਿਚ ਊਠਣੀ ਨੂੰ ਵੀ ਕਹਿੰਦੇ ਹਨ।

29. ਢਾਡੀ : ਢੱਡ ਸੁਰੰਗੀ ਨਾਲ ਗਾਉਣ ਵਾਲੇ ਗਾਇਕ ।
30. ਦਾਲਾਨ : ਗ.ਸਿ ਬੇ. ਨੇ ਇਸ ਦਾ ਅਰਥ ਖੁੱਲ੍ਹੀ ਥਾਂ ਕੀਤਾ ਹੈ ਪਰ ਇਸ ਦਾ ਅਰਥ ਹੈ ਤਿੰਨ ਦਰਵਾਜ਼ਿਆਂ ਵਾਲਾ ਬਹੁਤ ਹੀ ਲੰਬਾ ਕਮਰਾ। ਖੇੜਿਆਂ ਨੂੰ ਏਡੇ ਵੱਡੇ ਜਾਗੀਰਦਾਰ ਨੇ ਜ਼ਰੂਰ ਕਿਸੇ ਵੱਡੀ ਹਵੇਲੀ ਵਿਚ ਠਹਿਰਾਇਆ ਹੋਵੇਗਾ । ਸੋ ਖੁੱਲ੍ਹੀ ਥਾਂ ਦਰੁਸਤ ਨਹੀਂ ।
31. ਕੱਚਾ ਕੋਰਾਂ ਤਾਈਂ : ਇਸ ਦਾ ਅਰਥ ਗ.ਸਿ.ਪ੍ਰੋ. ਡਾ. ਗੁ. ਸਿੰ. ਤੇ ਗ.ਸਿ.ਬੇ. ਨੇ ਇਸ ਦਾ ਅਰਥ ਕੱਚੀ ਰਸਦ ਕੀਤਾ ਹੈ ਪਰ ਕੱਚੀ ਰਸਦ ਤਾਂ ਹਿੰਦੂ ਮੁਸਲਮਾਨਾਂ ਦੇ ਘਰਾਂ ਵਿਚ ਅਤੇ ਮੁਸਲਮਾਨ ਹਿੰਦੂਆਂ ਦੇ ਘਰਾਂ ਵਿਚ ਵਿਆਹਾਂ ਸ਼ਾਦੀਆਂ ਨੂੰ ਦਿੰਦੇ ਸਨ। ਆਪਣੇ ਕੁੜਮਾਂ ਨੂੰ ਕੋਈ ਕੱਚੀ ਰਸਦ ਘਰ ਆਇਆਂ ਨੂੰ ਨਹੀਂ ਦਿੰਦਾ। ਅਸਲ ਵਿਚ ਕੋਰਾ ਦਾ ਅਰਥ ਹੈ ਗ਼ਰੀਬ—ਇਹ ਗੱਲ ਮੁਲਤਾਨ ਵਾਲੇ ਖਰੜੇ ਵਿਚ ਹੋਰ ਵੀ ਸਾਫ਼ ਹੋ ਜਾਂਦੀ ਹੈ। ਓਥੇ ਸ਼ਬਦ ਕੋਰਾਂ ਹੈ ਜਿਸ ਦਾ ਭਾਵ ਹੈ ਕੱਚੀ ਰਸਦ ਗ਼ਰੀਬਾਂ ਨੂੰ ਵੰਡ ਰਿਹਾ ਸੀ । ਕੋਰਾ ਦਾ ਅਰਥ ਪੱਕੀ ਰਸਦ ਬਿਲਕੁਲ ਹੀ ਗਲਤ ਹੈ ।
32. ਸਾਊ : ਸਰਦਾਰ, ਸ਼ਰੀਫ਼ ਲੋਕ
33. ਹਿੱਕੇ ਹਿੱਕ ਮਿਲਾਏ : ਭਾਵ ਜਫੀਆਂ ਪਾ ਪਾ। ਮੁਸਲਮਾਨ ਦੋਹਾਂ ਮੋਢਿਆਂ ਨਾਲ ਲੱਗ ਕੇ ਮਿਲਦੇ ਹਨ ।
34. ਚੁਤਰਾਈ : ਅਕਲਮੰਦੀ (ਗ.ਸਿ.ਪ੍ਰੋ. ਨੇ ਸੁੰਦਰ ਲਿਖਿਆ ਹੈ)।
35. ਹਥ ਉਠਾਇਆ : ਭਾਵ ਦਾਨ ਪੁੰਨ ਕਰਨ ਲੱਗ ।
36. ਪਟਾਂਗਲ : ਰੇਸ਼ਮੀ ਕਪੜੇ
37. ਕੀ ਦੀਚੈ ਸੱਕੇ : ਭਾਵ ਕੁੜਮਾਂ ਨੂੰ ਕੀ ਦਈਏ ।
38. ਸਬਾਹੀਂ : ਸਵੇਰੇ
39. ਵਾਤ : ਮੂੰਹ
40. ਨੀਗੱਰ : ਛੋਹਰ, ਕੁੜੀ
41. ਅਜ਼ਮਤ : ਸ਼ਾਨੋ-ਸ਼ੌਕਤ
42. ਜਮਾਲ : ਹੁਸਨ, ਚਿਹਰੇ ਦਾ ਪ੍ਰਭਾਵ
43. ਸੁਰਿਸ਼ਤਾ : ਨਿਯਮ, ਤਰੀਕਾ ਆਦਿ
44. ਰੇਂਡੀ : ਖਰਬੂਜ਼ਾ
45. ਖੱਖੜੀ : ਫੁਟ ਜੋ ਖਰਬੂਜ਼ੇ ਵਰਗੀ ਹੁੰਦੀ ਹੈ ਪਰ ਉਸ ਦਾ ਜ਼ਾਇਕਾ ਖਟਮਿੱਠਾ ਹੁੰਦਾ ਹੈ ।
46. ਬੱਗਾ ਸ਼ੀਂਹ : ਚਿੱਟਾ ਸ਼ੇਰ
47. ਧ੍ਰੋਹੋ : ਦੁਹਾਈ
48. ਝੱਲੀਂ : ਝੱਲਾਂ ਵਿਚ ਭਾਵ ਜੰਗਲ ਵਿਚ ।

49. ਦੂਰੋਂ ਸਦ ਅਣਾਇਆ : ਭਾਵ ਦੂਰੋਂ ਸਦ ਭੇਜਿਆ ।
50. ਰੋਹ : ਗੁੱਸਾ ਰੁਅਬ
51. ਵੈਂਦਾ ਨੀਹੇਂ : ਭਾਵ ਕਿਧਰੇ ਚਲਾ ਨਾ ਜਾਵੇਂ ।
52. ਖਾਤੀ : ਭਾਵ ਠੰਡੀ (Western Panjabi-English Dictionary by *Jukes*, page 236) ।
ਭਾਵ ਉਸ ਸਮੇਂ ਤੂੰ ਮੈਨੂੰ ਮਿੰਨਤਾਂ ਨਾਲ ਮੰਗਵਾਇਆ ਸੀ । (ਡਾ. ਗੁ. ਸਿੰ. ਨੇ ਇਸ ਦਾ ਭਾਵ ਲਾਗੀ ਲਿਖਿਆ ਹੈ ਜੋ ਗ਼ਲਤ ਹੈ) ।
53. ਜਾਮ ਬੁਢਾਪਾ ਆਇਆ : ਜਿਸ ਵੇਲੇ ਬੁਢਾਪਾ ਆਇਆ
54. ਕੋਲੂੰ : ਨਾਲੋਂ
55. ਵੇਲ : ਸਮਾਂ ਅਵਸਰ (ਵੇਲਾ ਤੋਂ) ।
56. ਜੁਲਿਆ : ਚਲਿਆ
57. ਮੁਣਸ : ਆਦਮੀ 'ਭਿੜ ਕਰ ਮੁਣਸ ਮਰਾਏ' । ਭਾਵ ਬੇੜੀ ਬਦਲੇ ਬੰਦੇ ਮਰਵਾਏ । ਹੋਇਉ ਸੁ ਚੋਰ......ਸਾਰੀ ਸਤਰ ਦਾ ਭਾਵ ਹੈ ਕਿ ਮੈਂ ਚੋਰ ਵੀ ਬਣਿਆ ਤੇ ਜੇ ਕਿਸੇ ਮੈਨੂੰ ਰਖਿਆ ਨਾ ਤਾਂ ਮੈ ਜ਼ਹਿਰ ਖਾ ਕੇ ਮਰ ਜਾਵਾਂਗਾ ।
58. ਡਰਵਰ : ਡੌਰ ਭੌਰਾ
59. ਹੁੱਟਾ ਵੇਖ, ਕਰੇਂਦਾ ਨ੍ਹਾਰੇ : ਭਾਵ ਉਹ ਦੁਹਾਈ ਦੇ ਦੇ ਕੇ ਥੱਕ ਲਥਾ ਪਰ ਕਿਸੇ ਵੀ, ਕਿਸੇ ਨੇ ਰਾਹ ਫ਼ਰਮਾਇਆ ਕੋਈ ਲੜ ਨਾ ਫੜਾਇਆ ।
60. ਹੋਇਉਸ ਚੋਰ ਰਠਾਇਣ ਸਾਰੇ : ਮੈਂ ਰਾਠਾਂ ਵਿਚ ਚੋਰ ਵੀ ਬਣਿਆ ।
61. ਅੰਗਲ ਉਂਗਲੀ : ਭਾਵ ਕੰਨਾਂ ਵਿਚ ਉਂਗਲ ਦੇ ਕੇ ਉੱਚੀ ਉੱਚੀ ਕੂਕਿਆ ਤੇ ਰੋਇਆ ।
62. ਸੰਬਲੋਂ ਨੱਠਾ : ਨੂਰੇ ਸੰਬਲ ਤੋਂ ਦੌੜ ਕੇ ਆਇਆ ।
63. ਕਟਕ-ਸਣਵਾੜੀ : ਖ਼ਰਬੂਜ਼ਿਆਂ ਦੇ ਖੇਤ ਵਿਚ ਸਹੇਲੀਆਂ ਦੀ ਫ਼ੌਜ ਸਮੇਤ ।
64. ਚਮਕਾਇਲ : ਗੁੱਸੇ ਨਾਲ ਭਰ ਗਈ ।
65. ਸਾਮ : ਸ਼ਰਨ, ਆਸਰੇ, ਪਨਾਹ
66. ਨਦਰੀਂ ਆਈ : ਨਜ਼ਰ ਆਈ
67. ਛੌਨੇ ਹਾਥੀ ਵਾਂਗੂ : ਗ.ਸਿੰ.ਬੇ., ਗੁ.ਸਿੰ.ਪ੍ਰੀ. ਡਾ. ਪ. ਸਿੰ. ਆਦਿ ਨੇ ਛੌਨੇ ਦਾ ਅਰਥ ਮਸਤ ਕੀਤਾ ਹੈ । ਪਰ ਇਸ ਦਾ ਅਰਥ ਜਵਾਨ ਹਾਥੀ ਵਾਂਗ ਹੈ । (ਵੇਖੋ, Dictionary of Panjabi Language, ed. 1970, page 178) ।
68. ਮੰਙੂ : ਮੰਗੂ, ਵੱਗ ਮੱਝਾਂ ਆਦਿ ਦਾ ਚੌਣਾ ।
69. ਵੰਞਾਇਆ : (ਵੰਞਾਇਆ) ਖੜਾਇਆ, ਗੁਆਇਆ ।
70. ਭਉਹਾਂ ਚਾੜ੍ਹ ਅਲਾਇਆ : ਬੜੇ ਗੁੱਸੇ ਨਾਲ ਕਿਹਾ ।
71. ਫੁੱਲ ਨਾ ਕਦੀ ਵਗਾਇਆ : ਕਦੀ ਫੁੱਲ ਵੀ ਨਹੀਂ ਸੀ ਮਾਰਿਆ ।

72. ਟਾਂਗ : ਕਿੱਲੇ
73. ਚੱਪਾ : ਚੱਪਾ ਦਾ ਅਰਥ (ਡਾ. ਗੁ.ਸਿੰ. ਨੇ ਚੱਪਾ ਅਰਥ ਕੀਤਾ ਹੈ) (ਗੁ.ਸਿੰ.ਪ੍ਰੋ.) ਭਾਵ ਉਸ ਦਾ ਚੱਪੂ ਠੋਕ ਦੇ ਧਰਤੀ ਵਿਚ। ਪਰ ਉਸ ਚੱਪਾ ਵਿਚ ਉਸ ਸ਼ਬਦ ਬੜਾ ਮਹੱਤਵਸ਼ੀਲ ਹੈ। ਚੱਪਾ ਦਾ ਅਰਥ ਡੰਡਾ ਹੈ। ਭਾਵ ਤੂੰ ਸਾਡੇ ਟਾਂਗ ਨਾਲ ਕਿਸ਼ਤੀ ਬੰਨ੍ਹ ਦੇ ਨੂਰੇ ਦੇ, ਤਾਂ ਡੰਡੇ ਠੱਕਣਗੇ। ਨੂਰਾ ਕੀ ਬਲਾ ਹੈ।
74. ਭਤ੍ਰੀਆ : ਭਤੀਜਾ (ਗੁ.ਸਿੰ.ਪ੍ਰੋ., ਗ.ਸਿੰ.ਬੇ., ਡਾ. ਗੁ.ਸਿੰ., ਡਾ. ਪ.ਸਿੰ.) ਆਦਿ ਨੇ ਪਿਤ੍ਰੀਆ ਲਿਖਿਆ ਹੈ।
75. ਮਰਦੀ : ਬਹਾਦਰੀ
76. ਖੁਸ਼ਾਲ : (ਖੁਸ਼ਹਾਲ) ਖ਼ੁਸ਼
77. ਬਖਲਾਣਾ : ਬਖ਼ੀਲੀ ਕਰਨੀ, ਚੁਗ਼ਲੀ ਕਰਨੀ
78. ਮਰਖਾਈ : ਡਾ. ਗੁ. ਸਿੰ. ਨੇ ਇਸ ਸ਼ਬਦ ਨੂੰ ਮਾਰ ਖਾਈ ਕਰਕੇ ਲਿਖਿਆ ਹੈ ਜੋ ਬਿਲਕੁਲ ਗ਼ਲਤ ਹੈ। ਗ.ਸਿੰ.ਬੇ. ਨੇ ਵੀ ਇਸ ਦੀ ਪੈਰਵੀ ਕੀਤੀ ਹੈ। ਡਾ.ਪ. ਸਿੰ. ਤੇ ਗ.ਸਿੰ.ਬੇ. ਨੇ ਇਸ ਦਾ ਅਰਥ ਚੁਗਲੀ ਕੀਤੀ ਹੈ, ਪਰ ਇਸ ਦਾ ਅਰਥ Western Panjabi-English Dictionary by *Jukes* ਅਨੁਸਾਰ ਇਹ ਹੈ Reward given for informer who gives information about stolen cattles. ਅਤੇ ਇਹ ਵਧੇਰੇ ਦਰੁਸਤ ਹੈ ਕਿ ਕਿਸੇ ਚੁਗ਼ਲ ਨੇ ਮਰਖਾਈ (ਇਨਾਮ) ਲੈਣ ਲਈ ਨੂਰੇ ਕੋਲ ਚੁਗਲੀ ਕੀਤੀ। ਸ਼ਾਹਪੁਰੀ ਉਪਭਾਸ਼ਾ ਵਿਚ ਡੰਗਰ ਆਦਿ ਲਭਾਉਣ ਬਦਲੇ ਜੋ ਖੋਜੀ ਜਾਂ ਢੂੰਡਾਊ ਨੂੰ ਦਿੱਤਾ ਜਾਂਦਾ ਹੈ। ਉਸ ਨੂੰ ਮਰਖਾਈ ਕਹਿੰਦੇ ਹਨ।
79. ਕਿਤ ਤੂ ਸਿਰ ਬੱਧੀ : ਭਾਵ ਪਗੜੀ ਕਿਵੇਂ ਬੰਨ੍ਹੀਂ ਫਿਰਦਾ ਏਂ।
80. ਕਾਵੜ : ਗੁੱਸਾ
81. ਵਲਾਹੇ ਲੋਹਾ : ਹਥਿਆਰ ਚੁੱਕੇ।
82. ਸੰਬਾਹੇ : ਤਿਆਰੀ
83. ਕ਼ੇੜਾਂ ਸਿੰਙ ਕਦੋਂਕੇ ਜੰਮੇਂ : ਭੇਡਾਂ ਨੂੰ ਸਿੰਙ ਕਦੋਂ ਦੇ ਉੱਗ ਪਏ। ਭਾਵ ਭੇਡਾਂ ਲੜਨ ਜੋਗੀਆਂ ਕਦੋਂ ਦੀਆਂ ਹੋ ਗਈਆਂ।
84. ਤਾਂ ਮੂੰਹ ਉੱਧੇ ਆਇਆ : (ਗ. ਸਿੰ. ਬੇ. ਨੇ ਇਸ ਦਾ ਅਰਥ ਮੁੜਦੇ ਮੂੰਹ ਲਿਖਿਆ ਹੈ ਇਹ ਦਰੁਸਤ ਨਹੀਂ) ਉੱਧੇ ਦਾ ਅਰਥ ਨੀਵੀਂ ਪਾਈ ਹੈ।
85. ਮੈਂ ਮਰੀਂਦਾ ਲਜ ਕਿ ਜਾਪੇ ਪਰ ਅੰਮੜ ਪਈ ਮਰੀਂਦੀ : ਭਾਵ ਮੈਨੂੰ ਹੀ ਮਾਰ ਨਹੀਂ ਪਈ—ਤੇਰੀ ਮਾਂ ਨੂੰ ਵੀ ਬੁਰਾ ਭਲਾ ਕਿਹਾ ਗਿਆ ਹੈ।
86. ਪੀੜਾਏ : ਕਸਾਏ (ਘੋੜੇ ਕਸਾਏ)।

ਤ੍ਰੈ ਸੋ ਘੋੜ ਤੇ ਤ੍ਰੈ ਬੀਹਾਂ ਆਏ (ਡਾ. ਗੁ. ਸਿੰ. ਅਨੁਸਾਰ 60 ਪਰ ਇਹ ਦਰੁਸਤ ਨਹੀਂ, ਗ. ਸਿੰ. ਬੇ. ਨੇ 360 ਗਿਣਤੀ ਠੀਕ ਦਰਸਾਈ ਹੈ)।

87. ਐਲੀ ਐਲੀ—ਅਲੀ ਅਲੀ : ਮੁਸਲਮਾਨ ਜੰਗ ਦੇ ਮੈਦਾਨ ਵਿਚ ਯਾ ਅਲੀ ਦਾ ਨਾਅਰਾ ਮਾਰਦੇ ਹਨ। ਹਜ਼ਰਤ ਅਲੀ ਹਜ਼ਰਤ ਮੁਹੰਮਦ ਦੇ ਜਵਾਈ ਸਨ ਤੇ ਬਹੁਤ ਬਹਾਦਰ ਸਨ। ਇਸ ਲਈ ਮੈਦਾਨੇ ਜੰਗ ਵਿਚ ਉਨ੍ਹਾਂ ਦੇ ਨਾਮ ਦਾ ਨਾਅਰਾ ਮਾਰਿਆ ਜਾਂਦਾ ਹੈ। (ਨਿ. ਸਿੰ. ਰ. ਨੇ ਇਸ ਦਾ ਅਰਥ ਜੋਸ਼ ਵਿਚ ਕੀਤਾ ਹੈ ਜੋ ਵਧੇਰੇ ਦਰੁਸਤ ਨਹੀਂ)।

88. ਕੱਪ ਕੇ : ਵੱਢ ਕੇ, ਕਟ ਕੇ

89. ਛਕੀਹਾਂ : ਖਿੱਚ ਕੇ

90. ਰਵਿਆ : ਤੁਰਿਆ ਭਾਵ ਜਾਣਾ

91. ਗੁਟਾਰੇ : ਗਰਦ, ਘੱਟਾ

92. ਅੰਮਰ : ਆਸਮਾਨ, ਆਕਾਸ਼

93. ਤੱਤੇ ਹਾਰੇ : ਤੱਤੇ ਘਾਹ, ਇਕ ਦਮ
ਧਾੜ ਕਰ ਧਾਣੀ : ਸਾਰੀਆਂ ਕੁੜੀਆਂ ਧਾਵਾ ਕਰਕੇ ਵਾੜੀ ਛੱਡ ਕੇ ਬੇਲੇ ਵਿਚ ਆ ਗਈਆਂ।

94. ਕਾਵਾਂ ਭੱਤੇ ਹਾਰੇ ਆਕੇ : ਜਿਸ ਤਰ੍ਹਾਂ ਸਵੇਰੇ ਕਾਵਾਂ ਦੀਆਂ ਡਾਰਾਂ ਆਉਂਦੀਆਂ ਹਨ।

95. ਚੋਰੀਆਂ ਘਿਨ ਸਰਵਾਹੀਆਂ : ਘਰਾਂ ਤੋਂ ਚੋਰੀ ਤਲਵਾਰਾਂ ਲੈ ਆਈਆਂ।

96. ਅਬਦਾਲੀ : ਅਬਦਾਲ ਦਾ ਅਰਥ ਫ਼ਾਰਸੀ ਵਿਚ ਵਲੀ ਹੈ। ਅਬਦਾਲੀ ਤੋਂ ਭਾਵ ਸਰਦਾਰ ਵੀ ਹੈ। ਪਰ ਇਥੇ ਇਹ ਸ਼ਬਦ ਦੋਹਾਂ ਅਰਥਾਂ ਵਿਚ ਨਹੀਂ ਆਇਆ। (ਗੁ. ਸਿੰ. ਪ੍ਰੋ. ਅਨੁਸਾਰ ਅਬਦਾਲਾਂ ਦੀਆਂ ਕੁੜੀਆਂ। ਕਵੀ ਨੇ ਸਿਆਲ ਲਈ ਖਹਿਲਾਂ ਵੀ ਸ਼ਬਦ ਅਬਦਾਲ ਵਰਤਿਆ ਹੈ) ਪਰ ਇਹ ਦਰੁਸਤ ਨਹੀਂ। ਅਸਲ ਵਿਚ ਸ਼ਾਹਪੁਰੀ ਉਪਭਾਸ਼ਾ ਵਿਚ ਅਬਦਾਲ ਸ਼ਬਦ ਖ਼ਬਤੀ, ਜ਼ਿੱਦੀ ਤੇ ਪਾਗਲ ਲਈ ਵਰਤਿਆ ਜਾਂਦਾ ਹੈ। ਸੋ ਖ਼ਬਤੀ ਕੁੜੀਆਂ ਠੀਕ ਹੈ।

97. ਵੱਟ ਕਛੋਟਾ : (ਡਾ. ਪ. ਸਿੰ. ਨੇ ਕਮਰ ਕਸਾ ਲਿਖ ਕੇ ਨਾਲ ਹੀ ਲੰਗੋਟੇ ਕਸ ਕੇ ਲਿਖਿਆ ਹੈ। ਗ. ਸਿੰ. ਬੇ. ਨੇ ਕੱਛ ਜਾਂ ਲੰਗੋਟਾ ਲਿਖਿਆ ਹੈ) ਪਰ ਕਛੋਟਾ ਦਾ ਅਰਥ ਕਮਰਕਸਾ ਹੈ। (ਵੇਖੋ Dictionary of Panjabi Languge, ed. 1970. page 85)।

98. ਖੁਰੀ : (ਨਿ. ਸਿੰ. ਰ. ਪਿੱਛਾ ਕਰਨਾ, ਗ. ਸਿੰ. ਬੇ. ਤਿੱਖੇ ਅੱਗੇ ਵਧੀਏ, ਡਾ. ਗੁ. ਸਿੰ. ਪਿੱਛਾ ਕਰੀਏ) ਇਨ੍ਹਾਂ ਸਭ ਦਾ ਅਰਥ ਗ਼ਲਤ ਹੈ। ਪੋਠੋਹਾਰੀ ਉਪਭਾਸ਼ਾ ਵਿਚ ਖੁਰੀ ਦੌੜਨ ਨੂੰ ਕਹਿੰਦੇ ਹਨ। ਦਮੋਦਰ ਦਾ ਭਾਵ ਹੈ ਕਿ ਲੁੱਡਣ ਦਾ ਮੂੰਹ ਸਾਵਾ ਪੀਲਾ ਹੋਇਆ ਪਿਆ ਸੀ, ਚਲੋ ਚਲੀਏ, ਇਹ ਨਾ ਹੋਵੇ ਕਿ ਉਹ ਦੌੜ ਜਾਵੇ। ਕਿਉਂਕਿ ਖੁਰੀ ਨਾਲ ਕਰੀਹੇ ਸ਼ਬਦ ਵੀ ਹੈ ਜੋ ਗ਼ੈਰ-ਬਹਾਦਰ ਵਿਅਕਤੀ ਲਈ ਆਇਆ ਹੈ।

99. ਸਾਏ : (ਸਿਰਫ਼ ਗ. ਸਿੰ. ਬੇ. ਨੇ ਇਸ ਦਾ ਅਰਥ ਕੀਤਾ ਹੈ—ਬਹਾਦਰ ਜ਼ਿਮੀਦਾਰ

ਜਿਨ੍ਹਾਂ ਦਾ ਦੂਰ ਤਕ ਪ੍ਰਭਾਵ ਸੀ) ਪਰ ਇਹ ਦਰੁਸਤ ਨਹੀਂ। ਅਸਲ ਵਿਚ ਸਾਏ ਤੋਂ ਇਥੇ ਭਾਵ ਹੈ ਦੇਉਆਂ ਵਰਗੇ ਬਹਾਦਰ ਸੰਬਲ ਹੈਰਾਨ ਖੜੋਤੇ ਸਨ।

100. ਮਿਸਰੀ : ਤਲਵਾਰ (ਮਿਸਰੀ ਅਰਬੀ ਵਿਚ ਤੇਗ਼ ਨੂੰ ਕਹਿੰਦੇ ਹਨ)।

101. ਕੱਪ ਕਢਿਆ : ਤੇਰਾ ਕਿਸੇ ਸਿਰ ਵੱਢ ਛੱਡਿਆ ਹੈ।

102. ਗਿਰਦੀ ਖਾਇ : ਭਵਾਂਟਣੀ ਖਾ ਕੇ ਪਾਸਾ ਵਲਾ ਗਈ।

103. ਭੱਛ : ਲਾਅਨਤ, ਸਿਰ ਸੁਆਹ

104. ਲੁੱਝ : ਮਖੌਲ, ਚਹੇੜਾਂ

105. ਐਬ : (ਨਿ. ਸਿ. ਰ. ਨੇ ਇਸ ਦਾ ਅਰਥ ਨੁਕਸ ਕੀਤਾ ਹੈ ਜੋ ਇਥੇ ਠੀਕ ਨਹੀਂ) ਐਬ ਦਾ ਅਰਥ ਨੁਕਸਾਨ ਹੈ। ਭਾਵ ਜੇ ਤੂੰ ਮਾਰੀ ਜਾਂਦੀ।

106. ਸਿਕਦਾਰ : ਸਰਦਾਰ, ਮੋਹਰੀ

107. ਮੈਥੋਂ ਮੰਨੀ ਨਾ ਕਾਈ : ਮੈਥੋਂ ਕੋਈ ਮਾੜੀ ਨਹੀਂ।

108. ਸੂਰਾ ਸੋਈ : ਓਹੀ ਬਹਾਦਰ ਹੈ।

109. ਸੁਖਨ : ਗੱਲ

110. ਵੇਲ : ਵੇਲਾ, ਸਮਾਂ

111. ਰਾਠ ਕਰਕੇ : ਤਗੜੇ ਹੋ ਕੇ, ਹਠ ਕਰਕੇ।

112. ਨੇ ਤਾਜ਼ੀ ਘੜੀਆਂ ਮੁਲਤਾਨੇ : (ਗ. ਸਿੰ. ਬੇ. ਤੀਰਾਂ ਦਾ ਨਾਮ ਤਾਜ਼ੀ ਤੇ ਮੁਲਤਾਨ ਦੇ ਘੜੇ ਹੋਏ ਉਨ੍ਹਾਂ ਤੀਰਾਂ ਦਾ ਮੀਂਹ ਵਸਾ ਦਿੱਤਾ), (ਨਿ. ਸਿ. ਰ. ਨੇ ਇਸ ਨੂੰ ਤਾਜ਼ੀ ਘੋੜੀਆਂ ਲਿਖ ਕੇ ਘੋੜੇ ਘੋੜੀਆਂ ਅਰਥ ਲਿਖ ਦਿੱਤਾ ਹੈ), (ਇਸ ਦਾ ਅਰਥ ਡਾ. ਪ. ਸਿੰ. ਨੇ ਕਿਸੇ ਹਦ ਤਕ ਠੀਕ ਲਿਖਿਆ ਹੈ ਪਰ ਤਾਜ਼ੀ ਦਾ ਅਰਥ ਨਹੀਂ ਕੀਤਾ)। ਮੁਲਤਾਨੇ ਵਿਚ ਤਾਜ਼ੀ ਨਾਂ ਦਾ ਤੀਰ ਕਦੇ ਵੀ ਨਹੀਂ ਘੜੇ ਜਾਂਦੇ ਸਨ। ਇਸ ਦਾ ਅਸਲ ਭਾਵ ਇਹ ਹੈ ਕਿ ਜਿਸ ਤਰ੍ਹਾਂ ਮੁਲਤਾਨ ਅੰਦਰ ਅਰਬ ਵਟਗੀ ਨੇ ਘੜੀਆਂ ਗਰਮੀ ਪੈਣ ਪਿੱਛੋਂ ਮੀਂਹ ਵਰ੍ਹਦਾ ਹੈ ਇਸ ਤਰ੍ਹਾਂ ਤੀਰਾਂ ਦਾ ਮੀਂਹ ਵਰਣ ਲਗ ਪਿਆ।

113. ਉੱਡਣ ਤੁੱਰੇ ਭੰਬੀਰੀ ਵਾਂਗੂੰ : (ਗ. ਸਿੰ. ਬੇ, ਤੀਰਾਂ ਦੇ ਖੰਭ) ਤੁੱਰੇ ਦਾ ਅਰਥ ਕਿਸੇ ਲੁਗਾਤ ਵਿਚ ਵੀ ਖੰਭ ਨਹੀਂ। ਤੁਰ੍ਹੇ ਦੇ ਅਰਥ ਹਨ ਕਲਗੀ, ਫੁੰਦਨਾਂ, ਜਾਂ ਪਗੜੀ ਦਾ ਲੜ ਜੋ ਕਲਗ਼ੀ ਵਾਲਾ ਹੁੰਦਾ ਹੈ।

114. ਕੂਹੀਂ ਵਾਂਗੂ : ਕੂਹੀ ਸ਼ਿਕਾਰੀ ਜਾਨਵਰ ਜੋ ਬਾਜ਼ ਦੀ ਨਸਲ ਵਿੱਚੋਂ ਹੈ। (ਗ. ਸਿੰ. ਬੇ. ਨੇ ਗੋਈਂ ਲਿਖਿਆ ਹੈ—ਸੋ ਸਭ ਨੇ ਅਰਥ ਵੀ ਗ਼ਲਤ ਕੀਤਾ ਹੈ। ਤਲਵਾਰਾਂ ਨਾਲ ਕਦੇ ਵੀ ਢਿੱਡ ਭਾਰ ਪੈ ਕੇ ਹਮਲਾ ਨਹੀਂ ਸੀ ਕੀਤਾ ਜਾਂਦਾ ਇਹ ਪੋਜ਼ੀਸ਼ਨ ਬੰਦੂਕਾਂ ਨਾਲ ਹੀ ਲਈ ਜਾਂਦੀ ਹੈ। ਐਲੀ ਐਲੀ ਕਰਕੇ ਹਮਲਾ ਕਰਨ ਵਾਲਾ ਕਦੇ ਢਿੱਡ ਪਰਨੇ ਨਹੀਂ ਪੈਂਦਾ।

115. ਆਹੁਲਿਆ : ਕਬੂਲ ਕੀਤਾ।

116. ਜੰਘੀਂ ਬਾਹੀ : ਲੱਤਾਂ ਤੇ ਬਾਹਾਂ—ਭਾਵ ਹੱਥਾਂ-ਪੈਰਾਂ ਨੂੰ।

117. ਅਲਤਾ : ਵਿਆਹੀ ਹੋਈ ਕੁੜੀ

118. ਬਾਰਾਂ ਕੀਏ ਅਜਾਈਂ : ਬਾਰਾਂ ਆਦਮੀ ਮਾਰ ਸੁੱਟੇ।
ਹੋ ਤੀਰ ਵਾਹ ਗਿਆ ਸਭ ਲਸ਼ਕਰ : ਤੀਰ ਹੋ ਜਾਣ ਇਕ ਮੁਹਾਵਰਾ ਹੈ—ਦੌੜ ਜਾਣਾ। (ਪਰ ਗ. ਸਿੰ. ਬੇ. ਨੇ ਹੋ ਦੀ ਥਾਂ ਦੋ ਲਿਖਿਆ ਹੈ, ਇਸ ਲਈ ਇਸ ਦਾ ਅਰਥ ਵੀ ਗਲਤ ਕੀਤਾ ਹੈ)।

119. ਆਖ ਦਮੋਦਰ ਨੂਰਾ : (ਗ. ਸਿੰ. ਬੇ., ਡਾ. ਪ. ਸਿੰ., ਡਾ. ਗੁ. ਸਿੰ., ਰ. ਆਦਿ ਨੇ ਵਾਗਾਂ ਪਿਛਾਂ ਫ਼ਿਕੀਏ ਚਈਹੇ ਲਿਖਿਆ ਹੈ।)

120. ਤਾਂ ਦਿਲ ਘੱਤੇ ਨਾਹੀਂ : ਇਸ ਦਾ ਵੀ ਉਸ ਦੇ ਦਿਲ ਉੱਤੇ ਕੋਈ ਅਸਰ ਨਾ ਹੋਇਆ।

121. ਅੰਬਰ ਪਾੜ ਨਿੱਕਸੀਆਂ ਹੂਰਾਂ : ਭਾਵ ਅੰਬਰ ਪਾੜ ਕੇ ਪਰੀਆਂ ਨਿਕਲੀਆਂ (ਪੋਠੋਹਾਰੀ ਉਪਭਾਸ਼ਾ ਵਿਚ ਨਿਕਸਕਣਾ ਨਿਕਲਣਾ ਨੂੰ ਕਹਿੰਦੇ ਹਨ) ਪਰ (ਗ.ਸਿੰ.ਬੇ.. ਡਾ. ਪ. ਸਿੰ., ਡਾ. ਗੁ. ਸਿੰ., ਨਿ. ਸਿੰ. ਰ. ਆਦਿ ਨੇ ਨਿਕਥੀਆਂ ਲਿਖਿਆ ਹੈ)।

122. ਭਈਆ ਮੋਈਏ ਕਿਹ ਕਿਤੋਈ : (ਗ. ਸਿੰ. ਬੇ., ਡਾ.ਗੁ.ਸਿੰ., ਡਾ. ਪ. ਸਿੰ. ਆਦਿ ਸਭ ਨੇ ਭਈਆ ਮੋਈਏ ਕੀ ਕੀਤੋਸ ਲਿਖਿਆ ਹੈ) ਭਰਾਵਾਂ ਮੋਈਏ ਇਹ ਕੀ ਕੀਤਾ।

123. ਕਿ ਦੂਰੇ (ਕਿਦੂਰ) : ਕਿਧਰ ਨੂੰ

124. ਤਾਂ ਦਿਲ ਤਾਜ਼ੀ ਹੋਈ : ਮੇਰਾ ਦਿਲ ਖੁਸ਼ ਹੋਇਆ (ਦਿਲ ਇ. ਲਿੰਗ ਨਹੀਂ ਪਰ ਲਹਿੰਦੀ ਤੇ ਸ਼ਾਹਪੁਰੀ ਵਿਚ ਦਿਲ ਨੂੰ ਇ. ਲਿੰਗ ਕਰਕੇ ਵੀ ਪ੍ਰਯੋਗ ਕਰਦੇ ਹਨ)।

125. ਸੂਤ ਕੁਲਾਹ : (ਡਾ. ਗੁ. ਸਿੰ., ਡਾ. ਪ. ਸਿੰ., ਗ. ਸਿੰ. ਬੇ.. ਰਸ ਆਦਿ ਨੇ ਸੂਤ ਕਲਾਹ ਲਿਖਿਆ ਹੈ) ਅਸਲ ਵਿਚ ਸੂਤ ਕਲਾਹ ਭਾਵ ਟੋਪੀ ਠੀਕ ਕਰਕੇ ਹੈ। ਕੁਲਾਹ ਸੰਭਾਲ ਕੇ ਲੁੱਡਣ ਬੇੜੀ ਤੇ ਚੜ੍ਹ ਬੈਠਾ ਤੇ ਸਾਰਾ ਫ਼ਰੇਬ ਤੇ ਡਰ ਜਾਂਦਾ ਰਿਹਾ।

126. ਦਗ਼ਾ ਗਇਓਈ : ਭਾਵ ਸਾਰਾ ਡਰ ਜਾਂਦਾ ਰਿਹਾ।

127. ਇਤ ਭਿਤ : ਦਰਵਾਜ਼ਾ ਪਰ ਇਥੇ ਘਰ ਤੋਂ ਭਾਵ ਹੈ। (ਬਾਕੀ ਸਾਰੀਆਂ ਪੁਸਤਕਾਂ ਵਿਚ ਭਤ ਹੈ—ਡਾ. ਗੁ. ਸਿੰ. ਨੇ ਇਸ ਦਾ ਅਰਥ ਇਸ ਤਰ੍ਹਾਂ ਕੀਤਾ ਹੈ ਜੋ ਬਿਲਕੁਲ ਹੀ ਗ਼ਲਤ ਹੈ—ਡਾ. ਪ. ਸਿੰ. ਨੇ ਵੀ ਇਹੀ ਅਰਥ ਕੀਤਾ ਹੈ)।

## ਰਾਂਝੇ ਦਾ ਜਨਮ

128. ਮੌਜਮ : ਰਾਂਝੇ ਦੇ ਪਿਉ ਦਾ ਨਾਮ।

129. ਸ਼ਦਿਆਨੇ (ਸ਼ਾਦਿਆਨਾ) : ਜਸ਼ਨ

130. ਬਖ਼ਤ : ਨਸੀਬ, ਤਕਦੀਰ
131. ਖ਼ਾਤਰ ਜ਼ਰਾ ਨਾ ਜੱਮਾਂ : ਦਿਲ ਤੇ ਜ਼ਰਾ ਵੀ ਵੈਰਾਗ ਨਾ ਲਿਆਂਦਾ।
132. ਜੰਮਾਂ : ਤਸੱਲੀ (ਗ. ਸਿੰ. ਬੇ. ਨੇ ਖ਼ਾਤਰ ਜਮਾਂ ਨਾ ਰਹੀ, ਕਾਹਲੇ ਪਏ ਅਰਥ ਕੀਤਾ ਹੈ—ਇਹ ਵੀ ਹੋ ਸਕਦਾ ਹੈ)।
133. ਭਰਿੱਠੀ : ਭੈੜੀ
134. ਗੁਲ : ਫੁੱਲ
135. ਗ਼ਾਲਬ : ਭਾਰੂ, ਕਾਬਜ਼
136. ਚੋਕੀ : ਪਹਿਰਾ
137. ਵੜਾਇਚ : ਜੱਟਾਂ ਦੀ ਇਕ ਗੋਤ
138. ਕਾਗਲ (ਕਾਗਜ਼) : ਕਾਗਤ ਭਾਵ ਚਿੱਠੀ
139. ਬੋਝਾ : ਜੇਬ, ਖੀਸਾ
140. ਖ਼ਤ ਵਚਵਾਇਆ : ਖ਼ਤ ਪੜ੍ਹਾਇਆ
141. ਪਚਾਰੂ : ਮੰਗਣੀ ਭਾਵ ਕੁੜਮਾਈ ਦੀ ਪੁਛ ਗਿਛ ਕਰਨ ਵਾਲੇ
Western Panjabi-English Dictionary ਅਨੁਸਾਰ (ਪੁਚਾਰ) A proposal for marriage (used only by Hindus) ਪਚਾਰੂ, ਪਚਾਰ ਦਾ ਵਿਸ਼ੇਸ਼ਣ ਹੈ।
142. ਜਮੀਅਤ : ਇਕੱਠ ਨੂੰ
143. ਪੰਖੀ : ਪੰਛੀ
144. ਸਹੀਅੜਿ : ਖ਼ਰਗੋਸ਼
145. ਮੋਨੀ : ਮੋਰ, ਮੋਨੀ ਹਿਰਨ ਨੂੰ ਵੀ ਕਹਿੰਦੇ ਹਨ।
146. ਜ਼ਹੀਫ਼ : (ਜ਼ਈਫ਼) ਬੁੱਢਾ
147. ਮੁੱਤਾ : ਭੇਜਿਆ (ਮੁੱਤਾ ਸ਼ਾਹਪੁਰੀ ਉਪਭਾਸ਼ਾ ਵਿਚ ਭੇਜਣ ਨੂੰ ਕਹਿੰਦੇ ਹਨ)।
148. ਤਹੰਮਲ : ਧੀਰਜ
149. ਗੀਦਾਂ : ਭਾਜੀਆਂ
150. ਕਿਛ : ਕੁਛ
151. ਘੁਰਨ : ਵੱਜਣ
152. ਨਫ਼ੀਰਾਂ : ਤੂਤੀਆਂ
153. ਸ਼ਰਨਾਈ : ਸ਼ਹਿਨਾਈ
154. ਚੀਕੂ : ਜੌਆਂ ਦੇ ਆਟੇ, ਕਾਲੀਆਂ ਮਿਰਚਾਂ, ਹਲਦੀ ਤੇ ਤੇਲ ਦਾ ਲੇਪ ਜੋ ਵਿਆਂਹਦੜ ਕੁੜੀਆਂ ਮੁੰਡਿਆਂ ਦੇ ਮਲਿਆ ਜਾਂਦਾ ਹੈ। ਇਹ ਨੂੰ ਵਟਣਾ ਮਲਣਾ ਦੀ ਰੀਤ ਕਹਿੰਦੇ ਹਨ।
(ਸ਼ਬਦ ਚੀਕੂ ਗਲਤ ਹੈ—(ਵੇਖੋ, Western Panjabi-English Dictionary page 141)।

155. ਲੁੜਕੇ : ਕੰਨਾਂ ਦਾ ਗਹਿਣਾ, ਰੇਸ਼ਮ ਦੀ ਗੋਲੀ ਨੂੰ ਸੋਨੇ ਜਾਂ ਚਾਂਦੀ ਵਿਚ ਮੜ੍ਹਾ ਕੇ ਕੰਨਾਂ ਵਿਚ ਪਾਉਂਦੇ ਸਨ ।

156. ਕੰਨੇ : ਮੋਢੇ ਉੱਤੇ

157. ਚੂਣੇ ਬੱਚੇ ਨਾਗਾਂ : ਲਹਿੰਦੀ ਵਿਚ ਵਾਲਾਂ ਨੂੰ ਕਹਿੰਦੇ ਹਨ । ਭਾਵ ਵਾਲ ਨਾਗਾਂ ਦੇ ਬੱਚੇ ਸਨ ।

158. ਨਿਛੱਕਾ : ਬਦਨਸੀਬ, ਬੇਸਹਾਰਾ

159. ਗ਼ਲੀਮ : ਦੁਸ਼ਮਣ

160. ਗ਼ਨੀਮਾਂ : ਦੁਸ਼ਮਣਾਂ

161. ਹੰਦੀ : ਸੰਦੀ

162. ਤ੍ਰਾਹੇ : ਤਿਨੇ

163. ਮਹੁਰਾ : ਜ਼ਹਿਰ

164. ਬਦੀ ਬੁੜਾਹਾਂ ਨਾਹੀਂ : ਬੁਰਾਈ ਵਿਚ ਨਾ ਡੁੱਬੀਏ ।

165. ਤਰਕਾ : ਜਾਇਦਾਦ ਵਿਰਾਸਤ

166. ਦੁੱਧਵਾੜਾ : ਬੱਚਾ
ਨੀਤ ਭਲੇਰੀ ਨਾਹੀਂ : ਨੀਤ ਚੰਗੀ ਨਹੀਂ ।

167. ਬਹੇਲਾ : ਬਸੇਲਾ, ਰੰਬਾ

168. ਉਚ ਮਦਾਰ ਕਹੇ ਕਰ ਅਪਣੀ : ਗੁ. ਸਿੰ. ਪ੍ਰੋ. ਆਪਣੇ ਹੱਥੀਂ ਆਪਣੀ ਸ਼ਾਨ ਵੱਡੀ ਕਰੋ ।

ਵੀਰਾਂ ਚਾਣ ਲਾਇਆ : ਡਾ. ਪ.ਸਿੰ., ਆਪਣੀ ਇੱਜ਼ਤ ਵਧਾ, ਡਾ. ਗੁ. ਸਿੰ. ਮਰਤਬਾ, ਨਿ.ਸਿੰ.ਰ. ਉੱਚਾ ਮੁਰਤਬਾ) ਇਸ ਬਾਰੇ ਗ. ਜਿ. ਬੇ. ਦੇ ਅਰਥ ਹੀ ਦਰੁਸਤ ਹਨ । ਪਰ ਅਸਲ ਭਾਵ ਹੈ ਉੱਚੀਆਂ ਨੀਵੀਆਂ ਤੇ ਕੌੜੀਆਂ ਗਲਾਂ ਕਰ ਕਰ ਚਿਣਕ (ਚਾਣਕ) ਲਾ ਦਿੱਤੀ। ਮਦਾਰ ਦਾ ਅਰਥ ਅੱਕ ਹੈ । (ਵੇਖੋ, ਫੀਰੋਜ਼ੁਲ ਲੁਗ਼ਾਤ, ਪੰਨਾ 353) ।

169. ਮੁਹਾਬਾ : ਰਿਸ਼ਤਾ, ਪਿਆਰ ਮੁਹੱਬਤ

170. ਮੁਹੱਸਲ : ਨਿਗਰਾਨੀ ਕਰਨ ਵਾਲਾ

171. ਉੱਭੀ ਤਰਫੋਂ : ਚੜ੍ਹਦੇ ਪਾਸਿਓਂ

172. ਤਾਮ (ਤੁਆਮ) : ਖਾਣਾ

173. ਕਿਦੇ ਜੁਲਾਹੇਂ : ਕਿੱਧਰ ਜਾਈਏ

174. ਮੰਝ : ਲਕ, ਕਮਰ

175. ਖੇਸ : ਗੂੜ੍ਹੇ ਨੀਲੇ ਰੰਗ ਦਾ ਖੇਸ ਝੰਗ ਦੇ ਇਲਾਕੇ ਵਿਚ ਲਕ ਦੁਆਲੇ ਬੱਧਾ ਜਾਂਦਾ ਸੀ । (ਵੇਖੋ, Glossary of the Multani Language, Language Deptt., Patiala, page 52) ।

176. ਅੰਬਰੀ : ਨੀਲੀ ਚਾਦਰ
177. ਵਿਡਾਣੀ : ਅਸਚਰਜ
178. ਨਸੀਏ ਜਿੰਦ ਘਿਨ ਕਰ, ਯਾਰੋਂ ਨਹੀਂ ਅਜਾਈਂ ਥੀਂਦਾ : ਆਪਣੀ ਜਾਨ ਲੈ ਕੇ ਕਿੱਧਰੇ ਨਸ ਚੱਲੀਏ ਨਹੀਂ ਤਾਂ ਅਜਾਈਂ ਹੀ ਮਾਰੀ ਜਾਵੇਂਗੀ।
179. ਨਾ ਕਰ ਵਿਦਾ ਭਰਾਵਾਂ ਕੋਲੋਂ : ਭਰਾਵਾਂ ਤੋਂ ਰੁਖ਼ਸਤ ਲਏ ਬਿਨਾਂ।
180. ਮਸੀਤੀ : ਮਸਜਿਦ, ਮਸੀਤ।
181. ਕਰਤੇ ਬਾਜ਼ੀ ਪਾਈ : ਪ੍ਰਮਾਤਮਾ ਖੇਲ ਰਚਾਇਆ।
182. ਸਿਰਦਾਰੇ ਦੀ ਜਾਈ : (ਗ. ਸਿ. ਥੇ. ਸਿਰਦਾਰ ਦੀ ਧੀ ਪਰ ਇਹ ਦਰੁਸਤ ਨਹੀਂ) ਉਹ ਤਾਂ ਝਿਊਰਾਂ ਦੀ ਧੀ ਸੀ, ਸੋ ਸਿਰਦਾਰਾ ਉਸ ਦੇ ਪਿਉ ਦਾ ਨਾਂ ਹੈ)।
183. ਭਛ ਭਿਰਾਵਾਂ ਮੁੱਠੇ ਮੈਂ ਪਿਰ : ਸ਼ਾਇਦ ਭਰਾਵਾਂ ਨੇ ਭੜਕਾ ਕੇ ਮੇਰੇ ਵੱਲ ਭੇਜਿਆ ਹੈ।
184. ਪੇਲ : ਪ੍ਰੇਰ ਕੇ।
185. ਆਈ ਮੂਲ ਕਰੇਂਦੀ : ਕੂਕਦੀ ਹੋਈ ਆਈ।
186. ਛਥੋਈ : ਬੈਠਾ ਹੈ।
187. ਬਖ਼ਤੇ ਮੈਂ ਹਥ ਆਇਆ : ਕਿਸਮਤ ਨਾਲ ਮੇਰੇ ਹੱਥ ਆਇਆ ਹੈ।
188. ਧੀਰੀ ਥੀ : ਸਬਰ ਕਰ, ਧੀਰਜ ਕਰ।
189. ਗੰਢ ਗ਼ੁਲਾਮ : ਪੱਲਾ
190. ਕਦਮ ਉਠੀ ਉਸ ਨਾਹੀਂ : ਉਸ ਦਾ ਪੈਰ ਰੁਕ ਗਿਆ, ਥਾਂ ਹੀ ਖੜੀ ਰਹਿ ਗਈ।
191. ਚੁੱਖ : ਰੁਤਾ ਕੁ।
192. ਤਮੇਂ ਸਤਾਏ : ਲੋਭ ਦੇ ਸਤਾਏ ਹੋਏ।
193. ਅਣਵਾਏ : ਮੰਗਾਏ (ਮੰਗਵਾਏ)।
194. ਨੀਸੂ ਨੀਅਤ : ਮੇਰੀ ਨੀਅਤ ਨਹੀਂ।
195. ਮੈਂ ਹੱਥ ਹਰਾਮ ਨਾ ਲਾਈਂ : ਮੈਂ ਹਰਾਮ ਦੀ ਰੋਟੀ ਨੂੰ ਹੱਥ ਨਹੀਂ ਲਾਵਾਂਗਾ।
196. ਉਭਿਉਂ ਲੰਮੇ : ਚੜ੍ਹਦੇ ਤੋਂ ਦੱਖਣ ਵੱਲ (ਗ. ਸਿ. ਥੇ. ਚੜ੍ਹਦੇ ਤੋਂ ਪੱਛਮ ਵੱਲ, ਗੁ. ਸਿ. ਪ੍ਰੇ. ਉੱਤਰ ਤੋਂ ਦੱਖਣ ਵੱਲ—ਪਰ ਇਹ ਦਰੁਸਤ ਨਹੀਂ) ਕਿਉਂਕਿ ਲੰਮਾ ਦੱਖਣ ਨੂੰ ਤੇ ਉੱਭਾ ਜਾਂ ਉੱਭਰ ਪੂਰਬ ਨੂੰ ਕਹਿੰਦੇ ਹਨ। (ਵੇਖੋ, Glossary of Multani Language, page 53)।
197. ਵਦੀਫਾ : ਖ਼ੁਦਾ ਦੀ ਰਾਹ ਤੇ ਦਿੱਤਾ ਗਿਆ ਖਾਣਾ (ਗ. ਸਿ. ਥੇ. ਪ੍ਰੀਤੀ ਭੋਜਨ) (ਇਹ ਠੀਕ ਨਹੀਂ)।
198. ਔਝੜ : ਕੁਰਾਹੇ

199. ਥੇਹ : ਉੱਚਾ ਪਿੰਡ
200. ਰਹਾਂ ਜੇ ਡਾਢੇ ਭਾਵੇਂ : ਮੈਂ ਰਹਾਂ ਜੇ ਰੱਬ ਨੂੰ ਮਨਜ਼ੂਰ ਹੋਵੇ ।
201. ਵੰਞਾਈ : ਮੈਂ ਵਾਰੀ ਜਾਂਦੀ ਹਾਂ ।
202. ਨਾਹੀ : ਪ੍ਰਾਹੁਣਾ
203. ਥੀਆਂ ਕਰਮ ਅਸਾਹੀਂ : ਰੱਬ ਨੇ ਸਾਡੇ ਉੱਤੇ ਕਰਮ ਕੀਤਾ ਹੈ ।
204. ਨਿਹਾਲੀ : ਲੇਫ, ਹੇਠਲੀ ਵਿਛਾਈ, ਤੁਲਾਈ ।
205. ਚਿਤ : ਦਿਲ
206. ਦਸਤਪੋਸ਼ੀ (ਦੋਸਤ ਪੇਸ਼ੀ) : ਹੱਥ ਮਿਲਾਏ ।
207. ਖਿਜ਼ਮਤ (ਖ਼ਿਦਮਤ) : ਸੇਵਾ
208. ਅਘਾਯਾ : ਤਸੱਲੀ ਨਾਲ ।
209. ਸਸ ਕਰ ਉਠਿਆ : ਸੌਂ ਕੇ ਉਠਿਆ ।
210. ਕਜ਼ੀਏ : ਬਖੇੜੇ, ਮੁਸੀਬਤ
211. ਤਜਿਆ : ਛੱਡਿਆ
212. ਲੂਹ : ਵਾਸਤਵ ਵਿਚ ਸ਼ਬਦ ਲੋਹ ਹੈ ਜਿਸ ਦਾ ਅਰਥ ਹੈ ਪਤਾ ਸਰਨਾਮਾਂ (ਵੇਖੋ, ਫੀਰੋਜ਼ੁਲ ਲੁਗ਼ਾਤ, ਪੰਨਾ, 314) । (ਗੁ. ਸਿੰ. ਪ੍ਰੇ. ਨੇ ਆਸਰਾ ਲਿਖਿਆ ਹੈ, ਗ. ਸਿੰ. ਥੇ. ਆਸਰਾ, ਡਾ. ਪ. ਸਿੰ. ਪਤਾ ਟਿਕਾਣਾ, ਡਾ. ਗੁ. ਸਿੰ. ਟਿਕਾਣਾ) ।
213. ਤਕੀਆ : ਟਿਕਾਣਾ
214. ਦੇਵਾਂ ਖੂਹ ਸਲਾਬੇ ਥੰਨੇ : ਖੂਹ ਦੇ ਮੁੱਢ ਪੈਲੀ ਦੇਵਾਂ ।
215. ਦਿਲੋਂ ਬਜਾਨੋਂ : ਦਿਲ ਜਾਨ ਤੋਂ ।
216. ਜ਼ਿਆਰਤ : ਦਰਸ਼ਨ

## ਪੰਜ ਪੀਰਾਂ ਦਾ ਮਿਲਣਾ

217. ਦਰਿਆਰੇ : (ਬਾਕੀ ਸਭ ਨੇ ਵਿਚਾਰੇ ਲਿਖਿਆ ਹੈ) ਦਰਿਆ ਵਿਚ ।
218. ਬੇੜਾ ਹਾਕ ਚਲਾਇਆ : ਧਿੱਕ ਕੇ ਬੇੜਾ ਤੋਰਿਆ ।
219. ਡਰਵਰ : ਭੈ-ਭੀਤ
220. ਵੱਥ : ਸੁਗਾਤ
221. ਵਲੀਹਾਂ : ਵਲੀਆਂ ਨੇ ।
222. ਝਾਵਾਂ ਕਰਕੇ : ਖ਼ਬਰਦਾਰ ਕਰਕੇ ।
223. ਸਿਝਾਇਆ : ਸਮਝਾਇਆ
224. ਮੁਹਕਮ : ਪੱਕੀ
225. ਨਵੇਲੇ : ਨਵੇਂ ਹਾਲ ਵਿਚ ।
226. ਲਹੁੜੇ : ਨੀਂਗਰ
227. ਘਿਨ ਸਰੋਦ ਵਗਾਈਂ : ਜ਼ਰਾ ਸਰੋਦ ਵਜਾ ਕੇ ਸੁਣਾ ।

228. ਸਮਾਹਾਂ : ਸੌ ਜਾਵਾਂ।
229. ਅਲਾਇਆ : ਬੋਲਿਆ
230. ਕਾਵਿੜ : ਗੁੱਸੇ ਵਿਚ
231. ਕੂੜੀ : ਝੂਠੀ
232. ਘੇਟੂ ਲੱਗਾ : ਚੁੱਪ ਕਰ ਗਿਆ।
233. ਨਿਤਾਣੇ : ਕਮਜ਼ੋਰ
234. ਸੱਥਰ ਧੂੰਏ ਸੰਦਾ ਸਾਈਂ, ਅੱਗੇ ਕੇ ਪਲੰਘ ਵਿਛਾਇਆ : ਮੈਂ ਤੇ ਧੂੰਏ ਤੇ ਸੱਥਰ ਉਪਰ ਬੈਠਣ ਵਾਲਾ ਫ਼ਕੀਰ ਹਾਂ। ਮੈਨੂੰ ਪਹਿਲਾਂ ਕਿਹੜਾ ਕਿਸੇ ਪਲੰਘ ਵਿਛਾਇਆ ਸੀ।
235. ਮਾਰਿਆ ਧ੍ਰਕ ਪਈ ਵਿਚ ਨੈਂ ਦੇ : ਛਾਲ ਮਾਰ ਕੇ ਨਦੀ ਵਿਚ ਕੁੱਦ ਪਈ
236. ਡੁਲਾ : ਕਾਨਿਆਂ ਦਾ ਬੇੜਾ।
237. ਮਰਨਾਈ (ਸੁਰਨਾਹੀ) : ਚਮੜੇ ਦੀ ਮਸ਼ਕ ਜਿਸ ਨਾਲ ਦਰਿਆ ਪਾਰ ਕੀਤਾ ਜਾਂਦਾ ਹੈ)।
238. ਆਤਣ : ਤ੍ਰਿੰਞਣ
239. ਵਿਜ : ਬਿਜਲੀ
240. ਪੀਰ ਸਰੇਨੀ : ਪੀਰ ਧਿਆਉਣਾ।
241. ਗੱਲ ਨਾ ਵੰਝੇ ਲੱਧੀ : ਗੱਲ ਸਮਝ ਨਾ ਆਵੇ।
242. ਐਬ ਸਵਾਬ : ਚੰਗੀ ਮੰਦੀ, ਹਥੀ ਨਥੀ।
243. ਹੱਭੇ : ਸਾਰੀਆਂ, ਸਾਰੇ।
244. ਤਿੱਤੇ : ਉਸ ਵੇਲੇ।
245. ਤੀਰ ਵਾਹ ਤਲੇਰੇ : ਤੀਰ ਕੁ ਦੀ ਵਾਟ ਉੱਤੇ।
246. ਤਾਂ ਕਾਂਬਾਂ ਭੰਨ ਘਿਧੀਆਂ : ਤਾਂ ਦਰੱਖਤਾਂ ਨਾਲੋਂ ਛਮਕਾਂ ਤੋੜ ਲਿਆਈਆਂ।
247. ਪਘਾਰਾ : ਮੁੜ੍ਹਕਾ
248. ਪੁੰਝੇਂਦੀ : ਪੂੰਝਦੀ
249. ਡਢੇਰਾ : ਡਾਢਾ
250. ੜਧ ਲੁਭਾਸਾਂ : ਤੈਨੂੰ ਕੁਛ ਦਿੱਤਾ ਹੈ।
251. ਸਿਆਲੀ ਸੰਦਾਂ ਸੱਥਾਂ : ਸਿਆਲਾਂ ਦੀ ਥਾਂ ਤੇ।
252. ਕੁਕਾਰਾ : (ਬਾਕੀ ਸਭ ਨੇ ਕਰਾਰਾ ਲਿਖਿਆ ਹੈ) ਰੌਲਾ।
253. ਡਾਕ ਮਾਰ ਫਿਰ ਆਇਆ : ਪੁਲਾਂਘ ਭਰਕੇ।
254. ਬਬੀਹਾ : ਇਕ ਸਾਜ਼ (ਪੋਠੋਹਾਰੀ ਸ਼ਬਦ-ਕੋਸ਼ ਅਨੁਸਾਰ ਬੱਚਿਆਂ ਦੀ ਸੀਟੀ ਜੋ ਸਾਹ ਅੰਦਰ ਖਿਦਦਿਆਂ ਤੇ ਬਾਹਰ ਕੱਢਦਿਆਂ ਦੋਹਾਂ ਹਾਲਤਾਂ ਵਿਚ ਬੋਲਦੀ ਹੈ)।

255. ਹੱਥੋਂ ਕਟਕ ਰਹਾਈਂ : ਕੁੜੀਆਂ ਦੀ ਫੌਜ ਤੋਂ ਬਚਾਈਂ।
256. ਲੱਧੀ ਜਾਗ : ਹੋਸ਼ ਆਈ ਤਾਂ।
257. ਬਾਬ : ਜੋਗ
258. ਸੌੜਾ ਢੰਗਾ ਪਾਇਆ : ਪੱਕਾ ਬੰਧਨ।
259. ਅੰਦਰ ਗੱਲ ਹੰਢਾਏ ਨੀਂਗਰ : ਕੁੜੀ ਅੰਦਰਲੀ ਗੱਲ ਅੰਦਰ ਹੀ ਰਖਦੀ ਹੈ।
260. ਤਲੇ ਤਕੇਂਦਾ : ਨੀਵੀਂ ਪਾ ਕੇ ਵੇਖਦਾ ਹੈ।
261. ਪੁਰ ਤਕਸੀਰ : ਕਸੂਰਵਾਰ
262. ਦਸਤ : ਹੱਥ
263. ਧੀਦੋ ਪਕੜ ਲੀਤੋਈ ਹੀਰੇ ਲੈ ਕਧੀ ਤੇ ਆਈ : ਹੀਰ ਧੀਦੋ ਨੂੰ ਫੜ ਕੇ ਕਿਨਾਰੇ ਤੇ ਲੈ ਆਈ।
264. ਛੜੀਹਾਂ : ਛੱਡਾਂ
265. ਡੁਮੇਟੀ ਛੋਹਿਰ : ਡੂਮਾਂ ਦੀ ਧੀ।
266. ਸੜ੍ਹਾਣੀ : ਜੋਸ਼ ਵਿਚ।
267. ਵਾਂਤੋਂ : ਮੂੰਹੋਂ
268. ਨਾ ਠੰਮੇਂ : ਥੰਮਦਾ ਨਹੀਂ ਸੀ।
269. ਜਾਰੀ : ਰੋਣਾ
270. ਵੇਦਨ : ਦੁੱਖ, ਦਰਦ
271. ਵਖਾਣੀ : ਕਹਿ ਨਹੀਂ ਸਕਦੀ।
272. ਜੇ ਹੋਵਿਮੁ ਵਸ ਸਾਂਦਾ : ਜੇ ਮੇਰੇ ਵਸ ਵਿਚ ਹੋਵੇ।
273. ਕਲਾਮਾਂ ਖਾਂਦਾ : ਵਿਰਦ ਕਰਦਾ ਹੈ।
274. ਥਾਉਂ ਤਰੀਉਂ : ਮੈਂ ਤੈਨੂੰ ਥਾਂ ਤੇ ਹੀ ਮਾਰ ਦਿਆਂਗੀ।
275. ਵਾਦਣ (ਦਾਮਨ) : ਲੜ
276. ਤੇਰਾ : (ਗ. ਸਿ. ਬੇ. ਹੰਕਾਰ; ਗ. ਸਿ. ਪ੍ਰੋ. ਹੰਕਾਰ, ਡਾ. ਪ. ਸਿੰ. ਹੰਕਾਰ; ਨਿ. ਸਿ. ਰ. ਤੇਰ ਬਦਲੇ ਗਏ, ਡਾ. ਗੁ. ਸਿ. ਤੇਰ ਬਦਲ ਗਏ) ਅਸਲੋਂ ਵਿਚ ਤੇਰਾ ਦਾ ਅਰਥ ਸਬਰ ਤੇ ਜਬਰ ਹੈ। ਵੇਖੋ, Dictionary of Panjabi Language, Language Deptt. Patiala, page 235)।
277. ਮਣੀ : ਮਾਣ
278. ਅਸ਼ਕ ਮਚਾਈ ਮੱਤੀ : ਇਸ਼ਕ ਵਿਚ ਮਸਤ ਹੋ ਗਈ।
279. ਬਬਾਣੀ : ਪਿਉ ਦੀ।
280. ਗੱਲ ਨਾ ਬਹੁਤ ਬਖਾਣੀ : ਬਹੁਤੀ ਗੱਲ ਨਹੀਂ ਕਰਨੀ।
281. ਮੂੰਹ ਤੇ ਢਾਲ ਦੇਵੇਂ ਲੜੀ ਲੁੰਙੀ : ਮੂੰਹ ਤੇ ਲੁੰਙੀ ਦਾ ਲੜ ਪਾ ਲਵੀਂ।

## ਮਾਏ ਨੀ ਮੈਂ ਚਾਕ ਲਧੋਈ

282. ਬਰਕਤ : ਮਿਹਰ—ਇਥੇ ਭਾਵ ਹੈ ਜਿਸ ਦੀ ਮਿਹਰ ਦੁਆਰਾ ।
283. ਹਾਰੇ : ਮੱਝ ਕੱਟੀ ਨੂੰ ਦੁੱਧ ਚੁੰਘਣ ਤੋਂ ਨਹੀਂ ਤੋੜਦੀ ।
284. ਰੋੜਾ : ਔੜ (ਗੁ. ਸਿ. ਪ੍ਰੋ. ਨੇ ਖੁਸ਼ਹਾਲੀ ਵੀ ਲਿਖਿਆ ਹੈ ਜੋ ਗਲਤ ਹੈ)।
285. ਅੱਗੇ ਬਖਤ ਤਿਹਾਰੇ : ਅੱਗੇ ਤੇਰੀ ਕਿਸਮਤ ।
286. ਝੂਹ ਲਾਈ : ਰਾਂਝਾ ਪੱਥਲਾ ਮਾਰਕੇ ਬੈਠ ਗਿਆ ।
287. ਬੇਹੋਂ : ਪਿੱਛੋਂ
288. ਜਲੇਹੋਂ : ਅਟਕੋਂ
289. ਢੇਹ ਬਿਦੇਹੋਂ : ਦੂਰ ਦਰਾਜੋਂ, ਬੁਰੇ ਹਾਲੀਂ :
290. ਲੁੱਗੇ : ਨੰਗੇ, ਖੁੱਲੇ ।
291. ਮਹੀਂ : ਮੈਂ
292. ਤਪੈਦ : ਚਿੱਟੀ
293. ਲੱਹੇ ਮੇਖ ਜਹਾਨ, 'ਚ ਬੇੜੀ ਮੈਂ ਰਈਯਤ ਤੈਂਡੀ : ਜਿਸ ਤਰ੍ਹਾਂ ਦੀ ਬੇੜੀ ਦੀ ਮੇਖ ਦੀ ਹੋਂਦ ਬੇੜੀ ਲਈ ਨਿਗੂਣੀ ਹੁੰਦੀ ਹੈ ਮੈਂ ਇਸੇ ਤਰ੍ਹਾਂ ਨਿਮਾਣੀ ਪਰਜਾ ਹਾਂ ।
294. ਬਾਝਹੁੰ ਕਜ਼ੀਏ ਵਤਨ ਨਾ ਤਜਿਆ : ਮੈਂ ਕਿਸੇ ਮੁਸੀਬਤ ਕਾਰਣ ਵਤਨ ਨਹੀਂ ਛੱਡਿਆ ।
295. ਰੁੱਪਾ : ਚਾਂਦੀ
296. ਖ਼ਜ਼ੀਨਾ : ਖ਼ਜ਼ਾਨਾ
297. ਭਣੇਈ : ਭਾਇਆ ਹੈ ।
298. ਸਾਮੇ : ਸ਼ਰਨ ਵਿਚ ।
299. ਭਉ : ਡਰ
300. ਗੱਸ਼ੇ : ਇਕ ਪਾਸੇ, ਖੂੰਜੇ
301. ਰਿਤਾਵੇ : ਚਾਂਡਾਂ ਦੇ ਕੰਮ ਦਾ ਹਿੱਤ ਕਰਦਾ ਹੈ ।
302. ਸੰਝ ਸਭਾਈਂ : ਸਵੇਰੇ ਸ਼ਾਮ
303. ਸੌਣ ਕਰੇਂਦੇ : ਸ਼ਗਨ ਕਰਦੇ ਹਾਂ ।
304. ਘਿਨ ਨਿਵਾਲਾ : ਸ਼ਗਨ ਦੀ ਗ੍ਰਾਹੀ ਲੈ ।
305. ਅਜ਼ਮਤ : ਕਰਾਮਾਤ
306. ਬੀਆ ਕਹਿਰ ਨਾ ਕਹੁਰਾਂ ਵਰਗਾ : ਤੁਸੀਂ ਕਹਿਰਾਂ ਜਿਹਾ ਕਹਿਰ ਨਹੀਂ ਕੀਤਾ ।
307. ਤ੍ਰੂਈ ਮੱਝ : ਸੂਣ ਤੋਂ ਪਹਿਲਾਂ ਹੀ ਜਿਹੜੀ ਕੱਟਾ ਕੱਟੀ ਸੁਟ ਦੇਵੇ ।
308. ਗੈਬ : ਗੁਪਤ
309. ਹੈਰਤ : ਹੈਰਾਨੀ
310. ਅਟਕਲ : ਜਾਚ

311. ਮਾਝੀ : ਛੇੜੂ, ਵਾਗੀ
312. ਬੇਲੇ : ਜੰਗਲ
313. ਗੜ੍ਹੀ : ਨਵੇਂ ਦੁੱਧ ਨਹੀਂ ਹੋਈ, ਗੱਭਣ ਨਹੀਂ ਹੋਈ।
314. ਨਿਸ਼ਾ : ਤਸੱਲੀ
315. ਕਿਸੇ ਲੇਖੇ : ਕਿਸੇ ਬਿਪਤਾ ਨੇ।
316. ਮਹਿਤਾਬ : ਚੰਦ
317. ਮਿਲੇ ਅਸਾਨੂੰ : ਜੇ ਸਾਨੂੰ ਮਿਲ ਜਾਵੇ ਤਾਂ ਸਿਰ ਤੇ ਸਾਇਆ (ਛਾਂ) ਕਰ ਰਖੀਏ।
318. ਬਲਾ : ਬੜਾ
319. ਜੱਲਰ : ਮਣ੍ਹਾ
320. ਕੜੇਹੀ : ਘਾਹ ਦਾ ਬੂਰਕ
321. ਅਵੇਲਾ (ਕੁਵੇਲਾ) : ਦੇਰੀ
322. ਖੱਟੜ : ਔਖਿਆਂ ਮਿਲਣ ਵਾਲੀ ਮੱਝ।
323. ਕੀਕਰ ਛਿੜਸੀ ਰਾਤ ਰੰਝੇਟਾ : ਰਾਤ ਨੂੰ ਰਾਂਝਾ ਮੱਝਾਂ ਨਾਲ ਕਿਵੇਂ ਛਿੜੇਗਾ।
324. ਘੁੰਮਰ : ਘੇਰਾ
325. ਨਿਮਾਸ਼ੀ : ਤ੍ਰਕਾਲਾਂ ਵੇਲੇ।
326. ਮੁਹਰਕ : ਧਲਿਆਰਾ
327. ਪੈਖੜ : ਪੈਰਾਂ ਦਾ ਰੱਸਾ
328. ਧਿਙਾਣੇ ਜੁਲੀਆਂ : ਜ਼ੋਰੋ ਜ਼ੋਰੀਂ ਚਲ ਪਈਆਂ।
329. ਬਹੁ ਘਾਟਾ : ਬਹੁਤ ਹੀ ਸੰਘਣਾ।
330. ਜਣੇ ਚੁਰਾਸੀ : 84 ਆਦਮੀ ਭਾਵ 84 ਚਰਵਾਲ।
331. ਜੋ ਇਨ੍ਹਾਂ ਨੀਰ ਚੁਵਾਏ : ਜੋ ਮੂੰਹ ਵਿਚ ਪਾਣੀ ਪਾਵੇ।
332. ਮਹਾਇਣ : ਸਾਰਾ ਇਕੱਠ, ਸਾਰੇ ਲੋਕ।
333. ਚਉ-ਚਉ : ਕੋਰ ਕੋਰ ਹੋਣੀ, ਗੱਲ ਹਿੱਲ ਜਾਣੀ, ਰੌਲਾ ਪੈ ਜਾਣਾ।
334. ਮੁੰਗਰ : ਛੰਨਾਂ, ਕਟੋਰਾ
335. ਅਸ਼ਨਾਈ : ਦੋਸਤੀ
336. ਕਿਉਂ ਨਹੀਂ ਘੁੱਟ ਭਰੇਂਦੇ : ਭਾਵ ਮਾਰ ਕਿਉਂ ਨਹੀਂ ਸੁਟਦੇ।
337. ਜ਼ੋਂਗਾ : ਸ਼ੋਰ
338. ਸੌਦਾਗਰੀ ਕਹੀ ਲੁੱਟ ਨਾ ਲੀਤੀ, ਨਾ ਕੋਈ ਖੋਜ ਅਸਾਡੇ ਆਇਆ : ਕਿਸੇ ਸੌਦਾਗਰ ਦਾ ਮਾਲ ਨਹੀਂ ਲੁਟਿਆ, ਨਾ ਕਿਸੇ ਦਾ ਮਾਲ ਚੋਰੀ ਕੀਤਾ ਜੋ ਖੁਰਾ ਸਾਡੇ ਆ ਆਇਆ ਹੋਵੇ।
339. ਅਲੰਬਾ : ਅੱਗ
340. ਸ਼ਿਕਰੇ, ਬਾਸ਼ਾ, ਚਰਗ਼ : ਬਾਜ਼ ਦੀ ਨਸਲ ਵਿਚੋਂ ਸ਼ਿਕਾਰੀ ਪਰਿੰਦੇ।

341. ਸੀਚਾਨੇ : ਸ਼ਿਕਾਰੀ ਪੰਛੀ ਤਰਮੁੱਚੀ।
342. ਪਿੜ੍ਹੀਏ : ਭਤੀਜੇ (ਗੁ. ਸਿ. ਪ੍ਰੋ. ਨੇ ਤਾਏ, ਚਾਚੇ ਲਿਖਿਆ ਹੈ, ਜੋ ਠੀਕ ਨਹੀਂ)।
343. ਵਿਆਈ : ਜ਼ਮੀਂ
344. ਲੋਹੂ : ਰੱਤ, ਖ਼ੂਨ
345. ਊੱਧੀ ਆਈ : ਹੇਠੀ, ਸ਼ਰਮਿੰਦਗੀ, (ਨੀਵੀਂ ਪਾਈ ਵੀ ਹੈ)।
346. ਪਿੰਡੀ ਤਾਈ : ਸਰੀਰ ਤਪਾਇਆ।
347. ਦੁੱਧ ਨਿਪੁੰਨੀ : ਪਾਕ-ਪਵਿੱਤਰ
348. ਕਿਵੇਂ ਹੀ : ਕਿਸੇ ਤਰ੍ਹਾਂ।
349. ਕਾਨੀ : ਤੀਰ
350. ਪੁਜਤੀ : ਸੱਲ ਵੱਜਾ, ਪੇਟ ਵਿਚ ਪੀੜ ਉੱਠੀ।
351. ਗ਼ਲੀਮ ਭਲੇਰੇ : ਬੁਰੇ ਦੁਸ਼ਮਣ।
352. ਭੜਕਾਇਆ : ਭੜਕਾਇਆ
353. ਨਾ ਫੁੱਟ ਵਿਆਂਦੀ : ਨਾ ਜੰਮਦੀ
354. ਆਤਸ਼ : ਅੱਗ
355. ਕੈਦੋ : ਇਕ ਨਾਮ (ਕਹਿੰਦੇ ਹਨ ਇਹ ਹੀਰ ਦਾ ਚਾਚਾ ਸੀ) ਕੁਝ ਲੋਕ ਤਾਇਆ ਵੀ ਕਹਿੰਦੇ ਹਨ)।
356. ਵਤਨੈਂ : ਫਿਰਦਾ ਏਂ।
357. ਸੱਤ ਚੱਟੇ ਸਿਰਛਾਈ : ਤੇਰੇ ਸਿਰ ਵਿਚ ਸੱਤ ਬੁੱਕ ਸੁਆਹ ਦੇ।
358. ਕੁੰਨੀ : ਦੁੱਧ ਚੋਣ ਦਾ ਭਾਂਡਾ।
359. ਢੋਡਾ ਬਾਪੀ : ਸਾਗ ਤੇ ਬਾਜਰੇ ਜਾਂ ਮੱਕੀ ਦੀ ਰੋਟੀ।
360. ਦਾਰੇ : ਡੇਰੇ
361. ਜੰਜੂਸ : ਜਾਸੂਸ (ਬਾਕੀ ਸਭ ਚੰਜੂਸ ਲਿਖਿਆ ਹੈ ਜੋ ਦਰੁਸਤ ਨਹੀਂ)।
362. ਖਿਆਲੀ : ਗੋਦੜੀ, ਖ਼ਰੀਤਾ, ਖ਼ਲੀਤੀ (ਜਿਸ ਵਿਚ ਫ਼ਕੀਰ ਚੀਜ਼ਾਂ ਰਖਦੇ ਹਨ)।
363. ਤਸਬੀ : ਮਾਲਾ, ਸਿਮਰਨੀ।
364. ਸੇਲ੍ਹੀ : ਵਾਲਾਂ ਦੀ ਇਕ ਰੱਸੀ ਜੋ ਫ਼ਕੀਰ ਲੱਕ ਨੂੰ ਬੰਨ੍ਹਦੇ ਹਨ। ਕਈ ਸਿਰ ਤੇ ਵੀ ਵਲ ਲੈਂਦੇ ਹਨ।
365. ਮਿਰਗਾਣੀ : ਮਿਰਗਸ਼ਾਲ
366. ਵੱਥ : ਚੀਜ਼, ਵਸਤੂ
367. ਮੁੱਤਾ : ਭੇਜਿਆ
368. ਕਾਠ ਕੁਹਾੜੇ ਆਇਆ : ਜਿਵੇਂ ਲਕੜੀ ਕੁਹਾੜੇ ਵਸ ਪੈ ਜਾਂਦੀ ਹੈ।
369. ਮਹਿੰਡੇ : ਮੇਰੇ

370. ਭੰਨਾਂ : ਭੱਜਾ
371. ਖਹੇੜਿਓਂ : ਝਗੜਿਓਂ ।
372. ਨੀਸੁ : ਨਹੀਂ ਤਾਂ ।
373. ਰਜੋਏ : ਸੱਜਦਾਂ ਦਾ ਇਕ ਪਿੰਡ ਜੋ ਚਨਿਓਟ ਦੇ ਬਿਲਕੁਲ ਨਾਲ ਹੈ । ਇਸ ਪਿੰਡ ਦਾ ਹੀ ਦਮੋਦਰ ਸੀ । (ਵੇਖੋ, ਬੰਦ ਨੰਬਰ 963) ।
374. ਸੱਦ ਉਥਾਈਂ : ਉਥੋਂ ਆਵਾਜ਼ਾਂ ਮਾਰੀਆਂ ।
375. ਸੱਘ : ਸੰਘ
376. ਕਮਚੀ : ਛੂਛਕ
377. ਅਲਾਪ : ਵੰਝਲੀ ਦੇ ਅਲਾਪ ਨਾਲ, ਵੰਝਲੀ ਛੇੜ ਕੇ ।
378. ਕਲੋਕੇ ਵਾਂਗੂ : ਕਲੂ ਵਾਂਗੂ
379. ਸਈਂ ਵਿਲਾਵੀਂ ਗੰਢ ਸੋ ਇੱਕਾ : ਸੌ ਹੱਥ ਰੱਸਾ ਸਿਰੇ ਤੇ ਗੰਢ, ਮੁੱਕਦੀ ਗਲ ।
380. ਅਘੋੜੇ : ਜ਼ਾਹਿਰ ਕਰੇ ।
381. ਕਿਤਨਾ ਮੈਂ ਕਜਸਾਈ : ਮੈਂ ਕਿਨਾ ਕੁ ਕੱਜਾਂਗੀ ।
382. ਕਾਲਕ ਜੱਗ ਅਸਾਹੀਂ : ਜੱਗ ਵਿਚ ਸਾਡਾ ਹੀ ਮੁਕਾਲਾ (ਮੂੰਹ ਕਾਲਾ) ਹੈ ।
383. ਢੁਲ : ਰੁੜ੍ਹ ਕੇ ।
384. ਖਲੂਤਾ : ਬਦ ਦੁਆ, ਇਲਜ਼ਾਮ ।
385. ਖਿਦਰ : ਖ਼ੁਆਜਾ ਖ਼ਿਜ਼ਰ ਜੋ ਖ਼ੁਸ਼ਕੀ ਦਾ ਦੇਵਤਾ ਹੈ, ਪਰ ਭਾਰਤ ਵਿਚ ਇਸ ਨੂੰ ਪਾਣੀ ਦੇ ਦੇਵਤੇ ਕਰ ਕੇ ਪੂਜਿਆ ਜਾਂਦਾ ਹੈ ।
386. ਜੋਬਨਵੰਤ : ਜੁਆਨ, ਮੁਟਿਆਰ ।
387. ਪੁਣਦਿਆਂ : ਮੰਦਾ ਮੰਗਦਿਆਂ ।
388. ਨਾ ਕਪਿਓ : ਨਾ ਵੱਢ ਦਿੱਤਾ ।
389. ਤ੍ਰਪ ਖਲੋਸਾਂ : ਟੱਪ ਖਲੋਵਾਂਗੀ ।
390. ਕਰ ਦੀਵਾਨੀ : ਭਾਵ ਮੈਂ ਰਾਂਝੇ ਦੇ ਦਰ ਦੀ ਦੀਵਾਨੀ (ਆਸ਼ਕ) ਹਾਂ ।
391. ਜੋਬਨ ਭਰਮਾਤੀ : ਭਰ ਮੁਟਿਆਰ ।
392. ਲੋੜ ਹਟਕੇ : ਵਰਜਿਆ ਤੇ ਰੋਕਿਆ ।
393. ਝੱਲ ਚਰੇਂਦੀ ਰਾਤੀਂ : ਰਾਤਾਂ ਨੂੰ ਜੰਗਲ ਚੀਰਦੀ ਏਂ ।
394. ਪੋਕਰ : ਪਰੇਕੇ
395. ਦਾਅਵਾ : ਹੱਕ
396. ਹਿਕਸ : ਇਕ
397. ਨਸੀਰੇ ਤੋਂ : ਇਕ ਕੋਡੀ ਤੋਂ, ਦਮੜੀ ਤੋਂ ।
398. ਭਾਇ ਅਸਾਡੇ ਥੀਵੇ : ਮੇਰੇ ਭਾਗਾਂ ਨੂੰ ਜੀਉਂਦਾ ਰਹੇ ।
399. ਹਮਾਇਣ : ਪਰਵਾਰ ।

400. ਮਾਝੀ : ਚਰਵਾਲ, ਛੇੜੂ ।
401. ਨਾ ਰੁੱਚੇ ਹਰਦਮ : ਕਿਸੇ ਵੇਲੇ ਵੀ ਖਾਣਾ ਚੰਗਾ ਨਹੀਂ ਲਗਦਾ ।
402. ਹਿੱਕ ਘੜੀ ਮੇਰੀ ਵਰ੍ਹੇ ਵਰ੍ਹੇ ਦੀ : ਮੇਰੀ ਇਕ ਇਕ ਘੜੀ ਸਾਲ ਸਾਲ ਦੀ ਹੈ ।
403. ਪਲਕੋ ਪਲਕ ਛਿਮਾਹੀਂ : ਇਕ ਇਕ ਪਲ ਛੇ ਛੇ ਮਹੀਨੇ ਦਾ ਹੈ ।
404. ਬਰਦੇ : ਗ਼ੁਲਾਮ, ਦਾਸ ।
405. ਸੰਬਾਹੇ : ਵਿਆਹ
406. ਪਜ਼ਾਰਾਂ : ਪੜ੍ਹ ਗਿੜ੍ਹ ਹੋਵੇਗੀ ।
407. ਤੂੰ ਹਿਕ ਛੱਜ ਅੰਗ਼ਾਰਾਂ : ਤੂੰ ਮੇਰੇ ਲਈ ਅੱਗ ਦਾ ਟੋਕਰਾ ਏਂ (ਤੂੰ ਇਕ ਅੱਗ ਦਾ ਟੋਕਰਾਂ ਏਂ) ।
408. ਦਾਅਵਾ : ਮਾਣ, ਕਿਬਰ ।
409. ਹਲੀਮ : ਨਿਮਰਤਾ, ਨਿਰ-ਅਭਿਮਾਨੀ ।
410. ਫਿੱਟੂ ਦੇਂਦਾ : ਫਿਟਕਾਰਾਂ ਦਿੰਦਾ ।
411. ਕਿਵਾਈਂ : ਕਿਸੇ ਤਰ੍ਹਾਂ ਵੀ ।
412. ਖੇੜੇ ਕਹਿਰ ਜ਼ਵਾਲ ਸਾਹਿਬ ਦੇ : ਖੇੜੇ ਬੜੇ ਜਾਬਰ ਹਨ, ਰੱਬੀ ਕਹਿਰ ਟੁੱਟ ਪਵੇਗਾ ।
413. ਅਸਾਂ ਨਿਲਜ ਥੀਸਾਈਂ : ਸਾਨੂੰ ਲੋਕ ਨਿਲੱਜੇ ਆਖਣਗੇ ।
414. ਆਲਮ : ਦੁਨੀਆਂ
415. ਮਾਵਨ : ਸ਼ੁਮਾਰ ਵਿਚ ਨਹੀਂ ਆਉਂਦੇ ।
416. ਸੁੰਨਤ : ਮੁਸਲਮਾਨਾਂ ਦੀ ਇਕ ਰੀਤ ਜਿਸ ਰਾਹੀਂ ਬੱਚੇ ਜਾਂ ਗਭਰੂਟ ਦੇ ਲਿੰਗ ਦਾ ਅਗਲਾ ਮਾਸ ਕਟ ਦਿੰਦੇ ਹਨ। (ਇਸ ਦਾ ਅਰਥ ਅਮਲੇ ਰਸੂਲ ਲਿੱਲਾਹ ਵੀ ਹੈ) ।
417. ਪੁਤ੍ਰਾਈ : ਪੁਤ੍ਰਾਈ (ਪੁੱਤਰ ਜੰਮਣ ਦੀ ਖ਼ੁਸ਼ੀ) ।
418. ਢੰਗ : ਸਮਾਗਮ
419. ਨੀਸੂ ਚਾਕ ਚਰੋਕਾ : ਮੈਂ ਮੁੱਢੋਂ ਹੀ ਚਰਵਾਲ ਨਹੀਂ ਸਾਂ ।
420. ਫਧੇਈ : ਫਸ ਗਿਆ, ਫਸਾਇਆ ।
421. ਸਹਿਸੀ ਕੌਣ ਅਸਾਡਾਂ : ਮੇਰਾ ਮਾਣ ਕੌਣ ਰਖੇਗਾ ।
422. ਮਾਣ : ਇੱਜ਼ਤ
423. ਜੈਂ ਦਿਨ ਤੂੰ ਪਰਨੀਸੀ : ਜਿਸ ਦਿਨ ਤੇਰਾ ਵਿਆਹ ਹੋਵੇਗਾ ।
424. ਅਜ਼ਮੈਂਦਾ : ਪ੍ਰੀਖਿਆ, ਇਮਤਿਹਾਨ ਲੈਂਦਾ ।
425. ਜ਼ੀਨ : ਕਾਠੀ
426. ਰੋਕੜ : ਨਕਦੀ
427. ਨਿਸਾਣ : ਝੰਡੇ

428. ਜ਼ੁੱਰੇ : ਬਾਜ਼ ਦੀ ਇਕ ਕਿਸਮ।
429. ਤੇਲ ਠੋਕਣਾ : ਇਕ ਰਸਮ ਹੈ ਜੋ ਕੁੜੀ ਦੀਆਂ ਮਾਈਆਂ ਵੇਲੇ ਕੀਤੀ ਜਾਂਦੀ ਹੈ।
430. ਤ੍ਰਾਹੇ : ਤਿੰਨੇ
431 ਧ੍ਰੋਹੀ : ਦੁਹਾਈ
432. ਨਾਇ ਸਾਈਂ ਦੇ : ਰੱਬ ਦੇ ਵਾਸਤੇ।
433. ਇਸ ਦੀ ਜਾਹੀ : ਇਸ ਦੀ ਥਾਂ।
434. ਹਭਣਾ ਭਾਣੀ : ਸਭ ਨੂੰ ਚੰਗੀ ਲੱਗੀ।
435. ਜਿਨ੍ਹਾਂ ਕਾਮਲ ਇਸ਼ਕ ਪਚਾਏ : ਜਿਨ੍ਹਾਂ ਦੇ ਅੰਦਰ ਸੱਚਾ ਇਸ਼ਕ ਹੈ।
436. ਮੈਂਦੀ : ਮਾਂਦੀ
437. ਬੋਣ : ਬੁਲ੍ਹ
438. ਘਨੀਅਰ : ਬਦਲ
439. ਡੂਗਰ : ਪਹਾੜ

ਖਿਕਲਾਈਆਂ ਦੇ ਤਾਣੇ : (ਗੁ. ਸਿੰ. ਪ੍ਰੋ. ਆਹਿਸਤਾ, ਬਿਨਾਂ ਕਲਾਈ ਦੀ ਤਾਕਤ ਦੇ—ਇਹ ਦਰੁਸਤ ਨਹੀਂ) ਇਸ ਦਾ ਅਸਲ ਭਾਵ ਹੈ ਮੈਨੂੰ ਮੁਰਦੇ-ਜਿਸਮ ਨੂੰ ਚੀਕੂੰ ਮਲੋ।

440. ਮੁਹਕਾਣੇ : ਮੁਕਾਣੇ, ਮਾਤਮ।
441. ਧੀਰਕਾਂ : ਧੀਰਜਾਂ
442. ਸੀਉ : ਸਿਆੜ
443. ਬੰਨ੍ਹਾ : ਖੇਤ, ਵੱਟ।
444. ਕਪਸੇਨੀ : ਵੱਢ ਦੇਣਗੇ।
445. ਧੁਧ ਧੁਮਾਈ : ਧੁੰਮ ਮਚਾਈ।
446. ਗੱਬਰ : ਗਿਣਤੀ
447. ਠਾਕਾਂ : ਰੋਕਾਂ
448. ਹੋਰੀ ਤੇਲ ਠਕੀਹਾਂ : ਕਿਸੇ ਹੋਰ ਨੂੰ ਤੇਲ ਚਾੜ ਦੇਈਏ।
449. ਇੱਤੇ ਆਇ ਚਿਤਾਇਆ : ਇਸ ਲਈ ਤੈਨੂੰ ਦੱਸਿਆ ਹੈ।
450. ਭੁੱਸੜ ਦੇ ਟੱਸੇ : ਗਲੇ ਹੋਏ ਕਾਹ ਦੇ ਰੱਸੇ।
451. ਚੌਂਕੀ : ਪਹਿਰੇ
452. ਪਿੱਛਿ ਧਾਣੇ : ਪਿੱਛਿ ਪੈ ਗਏ।
453. ਹੰਭੀਰੀ : ਅੰਬੀਰੀ
454. ਸਖੀਰੀ : ਦਾਨੀਆਂ ਦੀ
455. ਰਾਂਝੇ ਨੂੰ ਆਖਰ ਆਇਆ : ਰਾਂਝੇ ਨੂੰ ਕਿਆਮਤ ਆਈ।
456. ਨਿਭਰਾਈ : (ਗੁ. ਸਿੰ. ਬੇ., ਗੁ. ਸਿੰ. ਪ੍ਰੋ. ਨੇ ਇਸ ਦਾ ਅਰਥ ਜਿਸ ਦਾ ਭਰਾ ਕੋਈ

ਨਾ ਹੋਵੇ ਲਿਖਿਆ ਹੈ, ਜੋ ਦਰੁਸਤ ਨਹੀਂ)। ਉਨ੍ਹਾਂ ਨਿ+ਭਰਾਈ ਦਾ ਅਰਥ ਲਿਆ ਹੈ ਪਰ ਇਸ ਦਾ ਭਾਵ ਸਖਣੀ ਹੈ।

457. ਹਲੂਫ਼ਾਂ (ਅਲੂਫ਼ਾਂ) : ਖ਼ਰਾਕ
458. ਧੁਮਲ : ਝੁੰਡ, ਇਕੱਠ
459. ਪੈ : (ਗੁ. ਸਿ. ਪ੍ਰੈ. ਨੇ ਪੈ ਲਿਖ ਕੇ ਇਸ ਦੇ ਅਰਥ ਖ਼ਸਮ ਕੀਤੇ ਹਨ, ਨਿ. ਸਿ. ਰ. ਨੇ ਪੈ ਲਿਖ ਕੇ ਅਰਥ ਪਿਉ ਕੀਤੇ ਹਨ—ਨਿ. ਸਿੰ. ਰ. ਨੇ ਵੀ ਪੈ ਲਿਖ ਕੇ ਇਸ ਦਾ ਅਰਥ ਖ਼ਸਮ ਕੀਤਾ ਹੈ)। ਇਸ ਦਾ ਅਰਥ ਖਸਮ ਹੀ ਦਰੁਸਤ ਹੈ।
460. ਝੂਨਾ ਖਾਇਆ : ਕਾਂਬਾ ਆਇਆ।
461. ਮੁੱਢੀ ਪੁੜੀ ਉਸ : ਉਸ ਦੇ ਪੁਰਾਣੀ ਲੱਕੜੀ ਦੀ ਮੁੱਢੋ ਖੁਭ ਕੇ ਰੱਤ ਵਿਰੱਤੀ ਹੋ ਗਈ।
462. ਸੰਢਾ : ਝੋਟਾ, ਭੈਂਸਾ।
463. ਤਿਥਾਈਂ : ਉਸ ਥਾਂ ਉੱਤੇ।
464. ਇਹ ਕੋਈ ਕਾਮਲ ਸਾਈਂ ਸੰਦਾ : ਇਹ ਕੋਈ ਰੱਬ ਦਾ ਪਿਆਰਾ ਕਾਮਲ ਫ਼ਕੀਰ ਹੈ।
465. ਮੂਲ ਲਖਾਇਆ : ਤੁਸੀਂ ਇਸ ਨੂੰ ਪਛਾਤਾ ਨਹੀਂ।
466. ਬਾਣ : ਤੀਰ
467. ਹਰੀਫ਼ਾਂ : ਦੁਸ਼ਮਣਾਂ
468. ਨੂਰ ਇਨਾਇਤ...ਵਲੀਆਂ ਸੰਦਾਂ ਸਾਇਆ : ਇਸ ਦੇ ਉੱਤੇ ਸੰਤਾਂ ਦੀ ਰੱਬੀ ਬਖ਼-ਸ਼ਿਸ਼ ਦਾ ਨੂਰ ਨਜ਼ਰ ਆ ਰਿਹਾ ਹੈ।
469. ਛਿੱਕ : ਖਿਚ ਕੇ।
470. ਪਿਛਦੋਂ : ਪਿੱਛੋਂ ਦੀ
471. ਭੰਨੀ : ਭੱਜੀ
472. ਖਾਧਾ ਸੱਪ ਤੇ ਪੱਟੀ ਪੈਰੀਂ : ਮੈਨੂੰ ਸੱਪ ਨੇ ਡੰਗ ਮਾਰਿਆ ਹੈ, ਇਸ ਲਈ ਮੈਂ ਪੱਟੀ ਬੱਧੀ ਹੈ।
473. ਮਾਣੀ : ਮਾਣ
474. ਤੁਕਸੀਰ : ਕਸੂਰ
475. ਮੈਂ ਪਰਣਾ ਤੇਰਾ : ਮੈਨੂੰ ਤੇਰੀ ਹੀ ਓਟ ਹੈ।
476. ਮੁਹਰ : ਸਾਹਮਣੇ
477. ਨਾਮਹਿਰਮ...ਜੋ ਮਹਿਰਮ ਨਹੀਂ, ਪਿਆਰਾ ਨਹੀਂ, ਆਸ਼ਨਾ ਨਹੀਂ (ਨਾਆਸ਼ਨਾ)।
478. ਅੱਠੇ ਪਹਿਰ ਧਿਆਨ : ਦਿਨ ਰਾਤ ਤੇਰਾ ਹੀ ਖ਼ਿਆਲ ਹੈ, ਮੈਂ ਇਕ ਸਾਹ ਵੀ ਤੇਰੀ ਯਾਦ ਬਿਨਾਂ ਨਹੀਂ ਗਵਾਵਾਂਗੀ।

479. ਮਾਲਮ (ਮਾਲੂਮ) : ਪਤਾ

480. ਖ਼ਲਲ : ਕਲੇਸ਼, ਦੁੱਖ।

481. ਸੋਣ : (ਗ. ਸਿ. ਥੇ., ਗੁ ਸਿ. ਪ੍ਰੇ., ਨਿ. ਸਿ. ਰ. ਆਦਿ ਨੇ ਇਸ ਦਾ ਅਰਥ ਸ਼ਗਨ ਕੀਤਾ ਹੈ। ਡਾ. ਗੁ. ਸਿ. ਨੇ ਇਸ ਦੇ ਅਰਥ ਨਹੀਂ ਦਿੱਤੇ, ਡਾ. ਪ. ਸਿ. ਨੇ ਆਪਣੇ ਮਤਨ ਵਿਚ ਇਹ ਮਿਸਰਾ ਹੀ ਨਹੀਂ ਦਿੱਤਾ)। ਪੁਆਧੀ ਉਪਭਾਸ਼ਾ ਤੋਂ ਇਨਾਂ ਹੋਰ ਕਿਸੇ ਵੀ ਉਪਭਾਸ਼ਾ ਵਿਚ ਇਸ ਦਾ ਅਰਥ ਸ਼ਗਨ ਨਹੀਂ। ਉਂਜ ਵੀ ਇਥੇ ਸੋਣ ਤੋਂ ਭਾਵ ਸੈਣਾ ਹੈ ਸ਼ਗਨ ਨਹੀਂ, ਕਿਉਂਕਿ ਅਗਲੇ ਬੰਦ ਵਿਚ ਹੈ।

ਕਰ ਹਰ ਰੀਤ ਆਦੋਨੇਂ ਖੇੜਾ, ਤਾਂ ਚਲ ਅੰਦਰ ਆਇਆ।
ਦਿੱਤੋਸੁ ਪੈਰ ਪਲੰਘ ਦੇ ਉੱਤੇ, ਹੀਰ ਜਗਾਇ ਬਹਾਇਆ।

482. ਤਮਾਚਾ : ਥੱਪੜ

483. ਦੰਦ ਰੰਞਾਣੇ : ਦੰਦ ਹਿਲ ਗਏ।

484. ਤਫ਼ਾਵਤ : ਫ਼ਰਕ, ਫ਼ਾਸਲਾ

485. ਅੱਚੋਂ : ਬੇਚੈਨੀ

486. ਸਾਗਲ : ਸਾਰੀ ਗੱਲ।

487. ਪੱਬਣ ਘੋੜੀ : ਅੱਥਰੀ ਘੋੜੀ।

488. ਪੁਸ਼ਤੀ : ਦੋਛੱਤੀ

489. ਹਥ ਉਠਾਏ : ਦਾਨ ਪੁੰਨ ਆਰੰਭ ਕੀਤਾ।

490. ਅਘਾਏ : ਪ੍ਰਸੰਨ ਹੋਏ।

491. ਮੱਤੇ : ਮਸਤ ਹੋਏ।

492. ਰੁੱਪਾ : ਚਾਂਦੀ

493. ਬਿਲਸਰ : ਇਕ ਗਹਿਣਾ।

494. ਸਲੀਤਾ : ਬੁਝਕੇ, ਗੰਢੜੀਆਂ।

495. ਮੁਹਕਮੀਂ : ਕਬਜ਼ੇ ਵਿਚ ਕੀਤੇ

496. ਛਿੱਕੇ ਤੰਗ : ਘੋੜਿਆਂ ਦੇ ਤੰਗ ਕਸਾ ਲਏ।

497. ਜੁਆਨੀਂ : ਜੁਆਨਾਂ ਨੇ।

498. ਬੰਬ : ਕੂਚ ਦਾ ਬਿਗਲ।

499. ਝਾਰੀ : ਮੜ੍ਹੀ ਹੋਈ।

500. ਖ਼ਿਲਵਤ : ਇਕ ਪਾਸੇ, ਤਨਹਾਈ ਵਿਚ।

501. ਕਹਰ ਕਹਾਰੀ : ਬਹੁਤ ਹੀ ਗੁੱਸੇ ਵਿਚ।

502. ਵਾਤ : ਮੂੰਹ

503. ਸ਼ਾਰਤ : ਇਸ਼ਾਰਾ

504. ਕਿਫ਼ਾਇਤ : (ਗ. ਜਿ. ਥੇ. ਬਚਤ, ਗੁ. ਸਿ. ਪ੍ਰੋ. ਬੱਚਤ, ਡਾ. ਗੁ. ਸਿੰ., ਡਾ. ਪ. ਸਿ. ਹਾਲਤ, ਬੱਚਤ ਜਾਂ ਹਾਲਤ)।
ਪਰ ਇਥੇ ਕਿਫ਼ਾਇਤ ਦਾ ਅਰਥ ਸਿਆਣਪ (ਵੇਖੋ ਫਰਹੰਗੇ ਆਮਰਾ ਛਾਪ ਦੂਸਰੀ, ਪੰਨਾ 410)।
ਇਸ ਮਿਸਰੇ ਦਾ ਅਰਥ ਹੈ ਕਿ ਸਿਆਣਪ ਤੋਂ ਕੰਮ ਲਵੇਂ ਤੇ ਵਿਦਾਇਗੀ ਦੇ ਝੰਜਟ ਵਿਚ ਨਾ ਪਵੇ।

505. ਨਾਬਰ : ਇਨਕਾਰੀ

506. ਧੀ ਧਾੜਾ : ਇਕ ਗਾਲ੍ਹ ਹੈ (ਜਿਵੇਂ ਧਹ ਢੇ...)।

507. ਮੁੱਤਾ : ਭੇਜਿਆ

508. ਕਸਾਏ : ਕਮੀਨੇ

509. ਵਤ : ਫੇਰ, ਮੁੜਕੇ।

510. ਜਾਲ : ਗੁਜ਼ਰਾਲ

511. ਸੁਖਨਾਂ : ਗੱਲਾਂ

512. ਝੱਲੀਂ : ਜੰਗਲ ਵਿਚ।

513. ਤਕੀਆ : ਓਟ, ਆਸਰਾ ਭਾਵ ਟਿਕਾਣਾ।

514. ਲੂਹ : (ਲੌਹ) (ਗੁ. ਸਿ. ਪ੍ਰੋ. ਆਸਰਾ), ਪਰ ਇਸ ਦਾ ਭਾਵ ਪਤਾ ਸਿਰਨਾਮਾਂ ਹੈ। (ਵੇਖੋ ਫੀਰੋਜ਼ੁਲ ਲੁਗਾਤ, ਪੰਨਾ 314) ਇਥੇ ਲੂਹ (ਲੌਹ) ਤੇ ਤਕੀਆ ਤੋਂ ਭਾਵ ਪਤਾ ਟਿਕਾਣਾ ਹੈ।

515. ਅੱਠੋਹਾਰੀ : ਇਕ ਹਫ਼ਤੇ ਤਕ।

516. ਵੀਰ ਭਿਜਸਾਹੂੰ : ਵੀਰ ਭੇਜਾਂਗੀ।

517. ਵਿਲੇਂਦੀ : ਪਰਚਾਉਂਦੀ

518. ਢਿੰਗਾਰ : ਚੀਕ ਚਿਹਾੜਾ।

519. ਸੂਲ ਅੰਦਰ ਲਹਿਰ ਅਸਾਹੀਂ : ਸਾਡੇ ਅੰਦਰ ਬੜਾ ਦੁੱਖ ਹੈ, ਕਰੋਧ ਹੈ।

520. ਕਿਸ ਬਿਧ...ਕਿਸ ਢੰਗ ਨਾਲ ਮਾਰ ਕੇ ਦਿਲ ਦੇ ਅਰਮਾਨ ਕੱਢੀਏ।

521. ਗ਼ਨੀਮ : ਦੁਸ਼ਮਣ

522. ਅਸਾਇਸ਼ (ਆਸਾਇਸ਼) : ਆਰਾਮ, ਚੈਨ।

523. ਚੰਗ੍ਰਾਂ : ਚੰਭਾਂ

524. ਕੇ ਤਸ਼ਬੀਹ : ਕਿਹੜੀ ਤੁਲਨਾ ਦਿੱਤੀ ਜਾਵੇ।

525. ਰਉਂਸ (ਰਵਸ਼) : ਢੰਗ

526. ਦੋਹੱਥੜ : ਬੁੱਕ

527. ਬੋਲ ਖਿਲਾਫ਼ : ਝੂਠ ਬੋਲ ਕੇ।

528. ਅਜ਼ਾਰ (ਆਜ਼ਾਰ) : ਦੁੱਖੀ

529. ਆਇਤ ਖ਼ਾਨ ਨਾ ਭਾਣੀ ਮਸਲਤ : ਆਇਤ ਖ਼ਾਨ ਨੂੰ ਇਹ ਮਸ਼ਵਰਾ (ਗੱਲ) ਚੰਗੀ ਨਾ ਲੱਗੀ।

530. ਬੋੜ : ਡੋਬ ਕੇ।

531. ਜਾਹ : ਥਾਂ

ਵਹਿਲਾ : (ਗੁ. ਸਿ. ਪ੍ਰੇ., ਗ. ਸਿੰ. ਬੇ., ਨਿ. ਸਿੰ. ਰ., ਡਾ. ਗੁ. ਸਿੰ. ਆਦਿ ਨੇ ਇਸ ਦਾ ਅਰਥ ਛੇਤੀ ਕਢਿਆ ਹੈ) ਪਰ ਇਸ ਦਾ ਅਰਥ ਭੇੜਾ ਹੈ।

532. ਮਹੀਂ : ਮੈਨੂੰ

533. ਕੁਬਖਤੀ (ਕਮਬਖ਼ਤੀ) : ਭੈੜੀ ਕਿਸਮਤ।

534. ਦਾਵਨਗੀਰ (ਦਾਮਨਗੀਰ) : ਸ਼ਰਨ ਵਿਚ।

535. ਸੌਰਿਆ : ਸਿਮਰਿਆ, ਧਿਆਇਆ, ਯਾਦ ਕੀਤਾ।

536. ਹਾਕ : ਹਿੱਕ ਕੇ।

537. ਮੱਥਾ-ਮੱਥੇ ਲਾਇਆ : ਇਕ ਰਸਮ ਅਦਾ ਕੀਤੀ ਜਾਂਦੀ ਹੈ।

538. ਫ਼ਾਵਰ : ਰੂਪ, ਤੇਜ, ਤਾਬ।

539. ਅਸਾਂ ਲੌਂਗ ਸਮਾਵੇ ਨਾਹੀਂ : ਭਾਵ ਮੇਰੇ ਅੰਦਰ ਤਾਂ ਇਕ ਲੌਂਗ ਦੀ ਸਮਾਈ ਨਹੀਂ .........ਪਰ ਤੂੰ ਮੈਨੂੰ ਅੰਨ ਖਾਣ ਲਈ ਕਹਿ ਰਹੀ ਏਂ।

540. ਕੈਨੂੰ : ਕਿਸ ਨੂੰ।

541. ਨਿਵਾਲਾ : ਬੁਰਕੀ

542. ਅਮੰਨਾ : ਜੋ ਪਸੰਦ ਨਹੀਂ।

543. ਧ੍ਰਾਹਿ : ਧਰੂਕੇ

544. ਖੋਜ ਅਗੋਲ...'ਖੁਰੇ ਲਭ ਕੇ।

545. ਗੜ : ਗੁੱਸਾ।

546. ਸਲਾਰੀ : ਸਿਰ ਤੇ ਲੈਣ ਵਾਲਾ ਧਾਰੀਆਂ ਵਾਲਾਂ ਲੀੜਾ।

547. ਹੈਰਤ : ਹੈਰਾਨੀ

548. ਕਜ਼ੀਆ : ਦੁੱਖ

549. ਘਹੀਆਂ : ਹੁੰਝਾਂ

550. ਬੁੜੀਹਾਂ : ਰੋੜ ਦੇਵਾਂ।

551. ਕੁਵੱਤ : ਤਾਕਤ

552. ਰਗ ਰਗ ਰੋਮ, ਹਜੂਮ ਹੀਰੇ ਦਾ : (ਗ. ਸਿੰ. ਬੇ. ਹਜੂਮ (ਹੜ) ਚੜ੍ਹ ਰਹੇ ਹਨ—ਡਾ. ਪ. ਸਿੰ. ਇਕੱਠ, ਪਰ ਇਹ ਬਿਲਕੁਲ ਗ਼ਲਤ ਹੈ)। ਇਸ ਦਾ ਅਰਥ ਗੁ. ਸਿੰ. ਪ੍ਰੇ. ਨੇ ਠੀਕ ਕੀਤਾ ਹੈ। ਦਰਅਸਲ ਹਜੂਮ ਦੇ ਅਰਥ ਗਲਬਾ ਵੀ ਹਨ। ਜੋ ਇਸ ਦਾ ਭਾਵ ਹੈ ਕਿ ਮੇਰੀ ਰਗ ਰਗ ਤੇ ਰੋਮ ਰੋਮ ਉੱਤੇ ਹੀਰ ਦਾ ਕਾਬੂ ਹੈ।

553. ਗੋਇਲ : ਗ਼ੁਲਾਮਪੁਣਾ (ਗ. ਸਿੰ. ਬੇ. ਆਦਿ ਨੇ ਇਸ ਦਾ ਅਰਥ ਬੇਲੇ ਵਿਚ ਗੋਇਲ (ਵਾਸਾ) ਕਰਕੇ ਲਿਖਿਆ ਹੈ ਜੋ ਠੀਕ ਨਹੀਂ) ਗੁ. ਸਿੰ. ਪੇ. ਨੇ ਇਸ

ਦਾ ਅਰਥ ਮਰਾਠ ਲਿਖਿਆ ਹੈ) ਗੱਦਿਲ ਕਰੀਹਾਂ ਦਾ ਅਰਥ ਹੈ ਗੁਲਾਮ ਪੁਣਾ ਕਰੀਏ ।

554. ਵਿੱਸਣ ਨਹੀਂ ਵਿਸਾਹੀਆਂ : ਕਿਸੇ ਤਰ੍ਹਾਂ ਵੀ ਵਿਸਾਹ ਨਹੀਂ ਖਾਂਦੀਆਂ ।

555. ਮੂਰਛਾ ਹੋਈਆਂ : ਸੁਧ ਬੁਧ ਗਵਾ ਬੈਠੀਆਂ, ਬੇਹੋਸ਼ ਹੋ ਗਈਆਂ ।

556. ਵਾਇ ਖਟਾਇਆ : ਬੌਲੀ, ਤਲਾਬ ਖੁਦਾਇਆ ।

557. ਕੋਟ ਬਧੋਈ : ਕੋਈ ਕਿਲ੍ਹਾ ਬਣਾਇਆ ਹੈ ।

558. ਛੰਨ : ਕੁੱਲੀ

559. ਸੱਥਰ : ਘਾਹ ਆਦਿ ਦਾ ਵਿਛਾਉਣਾ ।

560. ਪਾਣੀ ਕੁੱਜੇ : ਪਾਣੀ ਦੇ ਘੜੇ ।

561. ਦੁਟਿ ਚਿਲਮਾਂ : ਤਮਾਕੂ ਪੀਣ ਦੀਆਂ ਚਿਲਮਾਂ ।

562. ਬਮਾਤ : ਵਲੇਵਾ, ਜਾਇਦਾਦ

563. ਹਿਤਾਣੋਂ : ਪਿਆਰਾ ਲੱਗਾ ।

564. ਵਿਆਇਆ : ਜੰਮਿਆਂ

565. ਵੱਡਾ ਨਾਉਸ ਕੀਤਾ ਕੁੱਲ ਦਾ : ਖਾਨਦਾਨ ਦਾ ਨਾਮ ਡਬੋ ਦਿੱਤਾ ।

566. ਸ਼ਾਹਦ : ਗਵਾਹ

567. ਨੀਸੇ ਨੇਖ ਚਿਰੋਕੇ ਸੱਕੇ : ਅਸੀਂ ਕੋਈ ਨਵੇਂ ਸਾਕ ਨਹੀਂ । ਅਸੀਂ ਪੁਰਾਣੇ ਕੁੜਮ ਹਾਂ । ਜੋ ਵਾਣ ਵਾਂਗ ਉਣੇ ਹੋਏ ਭਾਵ ਇਕ-ਮਿੱਕ ਹਾਂ ।

568. ਗੜਵਡ ਅਸੀਂ ਪਈ : ਗੜਬੜ ਤਾਂ ਸਾਡੇ ਪਈ ਹੈ ।

569. ਸਾਇਤ : ਘੜੀ

570. ਗੱਲਗ : ਉਛਾੜ

571. ਵਾਤ ਦਹਾਨੇ : ਮੂੰਹਾਂ ਵਿਚ ਲਗਾਮਾਂ, ਤਲਿਆਰੇ ।

572. ਫਧਣਾ : ਫੜਨਾ

573. ਪਚਾਰਾਂ : ਪੁੱਛਾਂ, ਗੱਲਾਂ

574. ਹਲੂਫੇ : ਅਰਬੀ ਭਾਸ਼ਾ ਦੇ ਉਲੂਫਾ ਦਾ ਤਦਭਵ ਹੈ, ਜਿਸ ਦਾ ਅਰਥ ਹੈ ਰਸਦ, ਖੁਰਾਕ

575. ਆਤਣ : ਕੁੜੀਆਂ ਦੀ ਭੀੜ, ਤ੍ਰਿੰਞਣ ।

576. ਪੁਛ ਨਾ ਹੰਗੇ ਕਾਈ : ਕੋਈ ਪੁਛ ਨਾ ਸਕੇ ।

577. ਘੁਮਰ : ਘੇਰਾ

578. ਪਲਿਚ ਮਹੀਂ ਦਿਤੋਈ : ਮੈਨੂੰ ਛੱਡ ਦਿੱਤਾ, ਸਖਣੀ ਕਰ ਦਿੱਤਾ ।

579. ਅਵਦਾਨੀ : ਰਿਹਾਇਸ਼

580. ਜ਼ਹਿਮਤ : ਤਕਲੀਫ

581. ਕਾਲਾ ਕਿੜਾ : ਧੁਆਂਖਿਆ ਹੋਇਆ ਛੱਪਰ ।

582. ਤੂੜ੍ਹਾ : ਸਫ ਜੋ ਖਜੂਰ ਦਿਆਂ ਪੱਤਿਆਂ ਦੀ ਬਣਾਈ ਜਾਂਦੀ ਹੈ ।

583. ਸਿੱਕ : ਦਰਸ਼ਨ
584. ਆਹਾਰ : ਭੋਜਨ
585. ਕੈਂਦੀ : ਕਿਸ ਦੀ
586. ਅੱਚੋ ਪਿੰਡੇ : ਸ਼ਰੀਰ ਵਿਚ ਅਚਵੀ ਹੈ।
587. ਆਹੂਲਿਆ : ਕਬੂਲ ਹੈ।
588. ਕੱਚਾ ਪਾਰਾ : ਜਿਸ ਤਰ੍ਹਾਂ ਕੱਚਾ ਪਾਰਾ ਡੋਲਦਾ ਰਹਿੰਦਾ ਹੈ।
589. ਸੁਲਕ : ਸੁਲਘ
590. ਹਬੀਫ਼ਾਂ : ਦੁਸ਼ਮਣਾਂ
591. ਧੀਰੀ ਕੀਕਣ : ਮੈਂ ਧੀਰਜ ਕਿਵੇਂ ਕਰਾਂ।
592. ਹੀਆ ਧਸਕੇ : ਦਿਲ ਧੜਕਦਾ ਹੈ।
593. ਕੋਠੀ ਲਸਕੈ : ਸੀਨਾ ਕੰਬਦਾ ਹੈ।
594. ਵਿੱਥਾਂ ਪਈਆਂ : ਸਰੀਰਾਂ ਵਿਚ ਵਿੱਥਾਂ ਪੈ ਗਈਆਂ ਹਨ ਪਰ ਮਨ ਵਿਚ ਵਿੱਥਾਂ ਨਹੀਂ।
595. ਉਡਕੇਂਦੀ : ਉਡੀਕਦੀ
596. ਵਦੀਫ਼ਾ (ਵਜ਼ੀਫ਼ਾ) : ਭੋਜਨ
597. ਸੂਲ : ਪੀੜ
598. ਉਦਾਈਂ : ਦੂਰ ਹੈ, ਓਥੇ ਹੈ।
599. ਤੋਸਾ : ਭੋਜਨ
600. ਨਿਬਰਾਈ : ਨਿਆਸਰੀ, ਨਿੱਮਾਣੀ
601. ਲੱਗੀ ਵਾ...ਜਿਨ੍ਹਾਂ ਦੀ ਹਵਾ ਵੀ ਮੈਨੂੰ ਸਾੜਦੀ ਹੈ ਉਹ ਗਲ ਵਿਚ ਬਾਂਹਵਾਂ ਪਾਉਣੀਆਂ ਚਾਹੁੰਦੇ ਹਨ।
602. ਕੀਕਰ ਜਾਲੀਂ : ਮੈਂ ਖੇੜਿਆਂ ਵਿਚ ਕਿਵੇਂ ਗੁਜ਼ਰਾਨ ਕਰ ਸਕਦੀ ਹਾਂ। ਖੇੜੇ ਮੇਰੇ ਲਈ ਇਸ ਤਰ੍ਹਾਂ ਹਨ ਜਿਵੇਂ ਰੂੰ ਲਈ ਅੱਗ ਹੁੰਦੀ ਹੈ।
603. ਸਭਾਈ : ਸਹਿਜ ਸੁਭਾ ਹੀ।
604. ਰੰਜਸ : ਗ਼ਮ, ਗਿਲਾ
605. ਵਿਗੋਏ : ਗੁਜਿਆ ਹੋਇਆ।
606. ਕਾਰੀ : ਇਲਾਜ
607. ਵੇਦਨ : ਦੁੱਖ
608. ਵੱਟੀ ਵਾਹੀ : ਕੋਈ ਨਹੀਂ ਆਇਆ।
609. ਧੁੱਪ ਬਿਆਪੀ ਤੈਨੂੰ : ਤੇਰੇ ਅੰਦਰ ਕੋਈ ਬੀਮਾਰੀ ਹੈ।
610. ਮਾਰ ਜਹੀ ਵਗਦਾਈ : ਜਿਹੜੀ ਤੈਨੂੰ ਮਾਰੀ ਜਾ ਰਹੀ ਹੈ।
611. ਬੁਲੀਹਾਂ : ਬੋਲਾਂ
612. ਚਾਟ : ਲਗਨ

613. ਜੜੀ : ਬੂਟੀ
614. ਕੁਸ਼ਤੀ : ਜ਼ੋਰ ਅਜ਼ਮਾਈ, ਝਗੜਾ ।
615. ਸੈਣੇ : ਰਿਸ਼ਤੇਦਾਰ
616. ਜੈਨੂੰ ਸਿੱਕ ......: ਜਿਸ ਨੂੰ ਦੁਨੀਆਂ ਦੀ ਸਿੱਕ ਹੈ ਉਸ ਨੂੰ ਹਰਾ ਰੰਗ ਭਾਉਂਦਾ ਹੈ ਭਾਵ ਖੁਸ਼ਹਾਲੀ ਚੰਗੀ ਲਗਦੀ ਹੈ ।
617. ਲਾਲ ਗੁਲਾਬ ਜੈ......: ਜਿਸ ਨੂੰ ਪ੍ਰਭੂ ਦੀ ਸਿੱਕ ਹੈ ਉਸ ਦਾ ਰੰਗ ਲਾਲ ਗੁਲਾਲ ਹੋ ਜਾਂਦਾ ਹੈ ।
618. ਸਿੱਕ ਮਨੁੱਖ ਦੀ......: ਜਿਸ ਨੂੰ ਮਨੁੱਖੀ ਤਾਂਘ ਹੋਵੇ ਭਾਵ ਇਸ਼ਕ ਹੋਵੇ ਉਹ ਪੀਲਾ ਹੋ ਜਾਂਦਾ ਹੈ ।
619. ਤ੍ਰੀ ਜਾਹੀਂ : ਤਿੰਨ ਥਾਵਾਂ ਤੇ ।
620. ਪਰੀਏ ਤ੍ਰੱਠੀ : ਪਰੀ ਕੋਲੋਂ ਡਰੀ ਹੋਈ ਏਂ ।
621. ਬਾਬ ਅਸਾਹੀਂ : ਸਾਡੇ ਭਾਅ ਦੀ ।
622. ਮੰਡੇ, ਚਿੱਕੇ : ਮੁੱਠੀਆਂ ਭਰੇ ਤੇ ਸਰੀਰ ਦਬਾਵੇ ।
623. ਦਿਣਗ ਵਜੂਦੋਂ ਲਾਗੀ : ਜਿਸਮ ਵਿਚ ਅੱਗ ਭੜਕ ਪਈ ।
624. ਕਾਦਰ : ਅੱਲਾਹ, ਰਚਨਹਾਰਾ ।
625. ਰੈਬਾਰੀ : ਵਿਚੋਲਗੀ
626. ਮੈਂਡੀ ਲਿੰਡੀ ਧਾਣੀ : ਮੇਰੇ ਸਿਰ ਤੋਂ ਪੈਰਾਂ ਤਕ ਧਾ ਗਈ ਹੈ ।
627. ਮਹਾਲ ਥੀਓਈ : ਮੁਹਾਲ ਹੋ ਗਿਆ ਹੈ ।
628. ਮੁਸੀਬ......: (ਗ. ਸਿ. ਬੇ., ਗੁ. ਸਿੰ. ਪ੍ਰੇ., ਡਾ. ਗੁ. ਸਿੰ. ਨੇ ਇਸ ਦਾ ਅਰਥ ਮੁਸੀਬਤ ਲਿਖਿਆ ਹੈ ਜੋ ਬਿਲਕੁਲ ਗਲਤ ਹੈ)

ਡਾ. ਪ. ਸਿੰ. ਨੇ ਪਾਠ ਵਿਚ ਮੁਸੀਬ ਦੀ ਥਾਂ ਮੁਸਬੀਤ ਲਿਖਿਆ ਹੈ ਜੋ ਠੀਕ ਨਹੀਂ ।

ਮੁਸੀਬ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਨੇਕੀ ਦਾ ਬਦਲਾ ਦੇਣ ਵਾਲਾ । ਹੀਰ ਰਾਮੂੰ ਤੇ ਸਹਿਤੀ ਦੀ ਵਿਚੋਲਗੀ ਕਰਦੀ ਰਹੀ ਸੀ ਇਸ ਲਈ ਰਾਮੂੰ ਕਹਿੰਦਾ ਹੈ ਮੇਰਾ ਇਥੇ ਰਹਿਣਾ ਹੁਣ ਮੁਹਾਲ ਹੈ ਕਿਉਂਕਿ ਮੈਂ ਨੇਕੀ ਦਾ ਬਦਲਾ ਦੇਣ ਦੀ ਮਿਥ ਲਈ ਹੈ । ਮੁਲਤਾਨ ਵਾਲੇ ਖਰੜੇ ਵਿਚ ਵੀ ਇਹ ਲਫ਼ਜ਼ ਮੁਸੀਬ ਲਿਖਿਆ ਹੋਇਆ ਹੈ ।

629. ਕਿਵਾਈਂ : (ਗ. ਸਿੰ. ਬੇ. ਨੇ ਇਸ ਦਾ ਅਰਥ ਕਿਸੇ ਤਰ੍ਹਾਂ ਕੀਤਾ ਹੈ) ਪਰ ਇਸ ਦਾ ਭਾਵ ਹੈ ਕਿ ਬੇੜੀ ਵਿਚ ਮੇਰਾ ਪਲੰਘ ਸੀ ਤੇ ਉਹ ਕਿਸੇ ਪਾਸਿਓਂ ਆ ਕੇ ਉਸ ਉੱਤੇ ਸੌ ਗਿਆ ।
630. ਫ਼ਿਰਾਕ : ਹਿਜਰ
631. ਦਸਰਥ : ਸ੍ਰੀਰਾਮ ਚੰਦਰ ਜੀ ਦੇ ਪਿਤਾ ।

632. ਸੀਤਾ : ਸ੍ਰੀਰਾਮ ਜੀ ਦੀ ਪਤਨੀ ।
633. ਨੰਦ ਕੇ ਨੰਦਨ : ਨੰਦ ਲਾਲ ਦੇ ਪੁੱਤਰ ਕ੍ਰਿਸ਼ਨ ਜੀ ।
634. ਬ੍ਰਿਖਭਾਨ : ਰਾਧਾ ਦੇ ਪਿਉ ਦਾ ਨਾਮ ।
635. ਮੱਠੀ ਵੱਟ : ਬਹੁਤ ਤੇਜ਼
636. ਡੱਬੇ ਮਾਰ ਲਈ : ਧੋਤੀ ਦੀ ਡਬ ਵਿਚ ਬੰਨ੍ਹ ਲਈ ।
637. ਅੱਧ-ਪੱਕੀ : ਕੱਚੀ-ਪੱਕੀ
638. ਪਾਸੀਂ ਖੰਭ ਲਗਾਵੇ : ਇਸ ਤਰ੍ਹਾਂ ਦੌੜ ਰਿਹਾ ਸੀ ਜਿਸ ਤਰ੍ਹਾਂ ਖੰਭ ਲੱਗੇ ਹੋਣ ।
639. ਨਿਮਾਸੀਂ : ਤਰਕਾਲਾਂ ਵੇਲੇ ।
640. ਬਹੁਰ : ਫੇਰ
641. ਅਸੂਦੀਆਂ ਜਾਹੀਂ : ਬਹੁਤ ਚੰਗੀਆਂ ਥਾਵਾਂ ਹਨ ।
642. ਸੈਂ : ਸੌ ਕੇ ।
643. ਅਕੀਦੇ : ਨਿਸ਼ਚੇ
644. ਪਹੁਤੀ : ਪਹੁੰਚੀ
645. ਦਸਤ ਵਿਕਾਇਆ : ਹੱਥੀਂ ਵਿਕ ਗਿਆ ।
646. ਹੁਸ਼ਨਾਕ : ਖ਼ੂਬਸੂਰਤ
647. ਦੂਰੇਡਾ : ਬਹੁਤ ਦੂਰ ।
648. ਘਾਤਾਂ : ਅਦਾਵਾਂ (ਗ. ਸਿੰ. ਬੇ. ਤੇ ਦੂਸਰਿਆਂ ਨੇ ਇਸ ਦਾ ਅਰਥ ਦਾਉ ਕੀਤਾ ਹੈ) ।
649. ਨਿਕੱਥਾ : ਨਿਕਲਿਆ
650. ਕਾਵਿੜ : ਗੁੱਸਾ
651. ਝਿਣਕਿਆਂ : ਝਿੜਕਿਆ, ਘੂਰਿਆ ।
652. ਅਸੀਲ : ਭਲਾ, ਸ਼ਰੀਫ਼ ।
653. ਦਰਸ਼ਨ : ਕੱਚ ਦੀਆਂ ਮੁੰਦਰਾਂ ਜਿਹੜੀਆਂ ਜੋਗੀ ਕੰਨਾਂ ਵਿਚ ਪਾਉਂਦੇ ਹਨ ।
654. ਮਣ੍ਹਾ : ਮਣੇ ਖੇਤਾਂ ਵਿਚ ਪੱਕੀਆਂ ਫ਼ਸਲਾਂ ਤੋਂ ਚਿੜੀਆਂ ਆਦਿ ਨੂੰ ਉਡਾਣ ਲਈ ਬਣਾਏ ਜਾਂਦੇ ਹਨ । ਚਾਰ ਲੱਕੜਾਂ ਗੱਡ ਕੇ ਉਤੇ ਮੰਜਾ ਬੰਨ੍ਹ ਦਿੱਤਾ ਜਾਂਦਾ ਹੈ ।
655. ਖਭਾਣੀ : ਗੋਪੀਆਂ ਜਿਸ ਵਿਚ ਗੁਲੇਲਾ ਰਖ ਕੇ ਘੁੰਮਾ ਕੇ ਜਾਨਵਰਾਂ ਦੇ ਮਾਰਿਆ ਜਾਂਦਾ ਹੈ । ਗੋਪੀਆਂ ਦੋ ਰੱਸੀਆਂ ਲੈ ਕੇ ਵਿਚਕਾਰ ਚਮੜੇ ਦੀ ਟਾਕੀ ਜਾਂ ਬਾਣ ਨਾਲ ਬੁਣ ਕੇ ਗੁਲੇਲਾ ਰਖਣ ਦੀ ਥਾਂ ਬਣਾਈ ਜਾਂਦੀ ਹੈ ।
656. ਝੋਰਾ : ਫ਼ਿਕਰ
657. ਵਿਫ਼ਲ ਉੱਠੀ : ਭੜਕ ਪਈ, ਤੜਪ ਉਠੀ ।
658. ਸਬਾਹੀਂ : ਸਵੇਰੇ
659. ਚੂੜਾ : ਜੋਬਨ

660. ਅਗੋਲੈਨੀ : ਅੱਗੇ ਹੋ ਕੇ ਭਾਲਣ ਲੱਗ ਪਈਆਂ ।
661. ਕਾਹਿ : ਕਾਹੀ
662. ਕੁਕਾਹਿ : (ਪਿਛਲੀ) ਕੁਕੂ ਜਿਸ ਦੇ ਰੜਕੇ ਬਣਦੇ ਹਨ ।
663. ਬੰਬੂਲਾਂ : ਕਿੱਕਰਾਂ
664. ਅਗੋਲ : ਤਲਾਸ਼ੀ ਲੈਣੀ ।
665. ਘਿੱਧੋਨੇ : ਘੇਰ ਲਿਆ ।
666. ਅੰਗਲ : ਉਂਗਲ
667. ਸਿਹਰੀ : ਜਾਦੂਗਰ
668. ਉੱਭਾ : (ਗ. ਸਿੰ. ਬੇ. ਨੇ ਇਸ ਦਾ ਅਰਥ ਪਹਾੜ ਵੰਨਾ ਪਾਸਾ, ਉੱਤਰ ਲਿਖਿਆ ਹੈ । ਗੁ. ਸਿੰ. ਪ੍ਰੋ., ਡਾ. ਪ. ਸਿੰ., ਨੇ ਵੀ ਉਭੇ ਦਾ ਅਰਥ ਉੱਤਰ ਹੀ ਦਿੱਤਾ ਹੈ ਜੋ ਦਰੁਸਤ ਨਹੀਂ) ! ਉੱਭਾ ਚੜ੍ਹਦੇ ਨੂੰ ਭਾਵ ਪੂਰਬ ਨੂੰ ਕਹਿੰਦੇ ਹਨ । (ਵੇਖੋ, Shahpuri-Kangri Glossary by J. Wilson Language Deptt. of Patiala page 63)
669. ਮੁਹੋਮਾਹੀ : ਲੋਹੜੀ ਵਾਲੇ ਦਿਨ ਕੁੜੀਆਂ ਮੋਹਮਾਹੀ ਦਾ ਗੀਤ ਗਾ ਕੇ ਲੋਹੜੀ ਮੰਗਦੀਆਂ ਹਨ ।
670. ਧਿਰ : ਵਲ, ਪਾਸੇ, ਰਿਸ਼ਤੇਦਾਰ ।
671. ਮਣੀ ਰਲ ਗਈਆ : ਮਨ ਰਲ ਗਿਆ ।
672. ਜਲੀਹਾਂ : ਠਹਿਰਾਂ
673. ਕਾਣ : ਵਾਸਤੇ
674. ਮਤਾਬ : ਚੰਦ (ਗ. ਸਿ. ਬੇ. ਨੇ ਇਸ ਦਾ ਅਰਥ ਸੂਰਜ ਗ਼ਲਤ ਕੀਤਾ ਹੈ ਜੋ 1927 ਵਾਲੀ ਛਾਪ ਵਿਚ ਵੀ ਠੀਕ ਨਹੀਂ ਕੀਤਾ ਗਿਆ) ।
675. ਫੁਟਸ ਮਾਉਂ ਜਣੇਂਦੀ : ਤੇਰੀ ਮਾਂ (ਜੰਮਣ ਵਾਲੀ) ਫੁਟ ਕੇ ਮਰੀ ਹੋਸੀ ।
676. ਹੋਵਮ : ਮੇਰਾ ਹੋਵੇ ।
677. ਧੂੰਈਂ ਵੀਟ ਸਟਾਈ : ਧੂੰਈਂ ਪਰੇ ਵਗਾਹ ਮਾਰੀ ।
678. ਬੇਤਕਸੀਰ : ਬੇਕਸੂਰ
679. ਮਹਿੰਡੇ : ਮੇਰੇ
680. ਖ਼ਾਤਰ ਜਮਾਂ ਕਰ : ਦਿਲ ਤਗੜਾ ਕਰ, ਹੌਂਸਲਾ ਕਰ ।
681. ਨੇਂ ਮੈਂ ਪੱਗ ਪਿਕਾਇਣ ਸੰਦੀ ਵੇਖੋ ਮਹੀਂ ਲਜਾਈ : ਮੈਂ ਪੇਕਿਆਂ ਦੀ ਨੌਂ ਸੌ ਪੱਗ ਨੂੰ ਲਾਜ ਲੁਆਈ ਹੈ
682. ਤਲੀਏਂ ਟੇਕ, ਪੱਟੋ ਸਿਰ ਛੋਹਿਰ : ਹੀਰ ਨੇ ਤਲੀਆਂ ਦੀ ਟੇਕ ਨਾਲ ਸਿਰ ਚੁੱਕਿਆ ।
683. ਬਿਆ : ਦੂਸਰਾ
684. ਵਿਟਾਇਆ : ਖਿੰਡਾ ਦਿੱਤਾ, ਖਲਾਰ ਦਿੱਤਾ ।

685. ਮੁਸ਼ਕ : ਖ਼ੁਸ਼ਬੂ
686. ਕਾਰੀ : ਇਲਾਜ
687. ਕੰਨੀ ਘੱਸਾਂ......: ਭਾਵ ਤੇਰੇ ਕੰਨਾਂ ਵਿਚ ਮੁੰਦਰਾਂ ਦੀਆਂ ਘਾਸਾਂ ਵੀ ਨਹੀਂ ਪਈਆਂ।
688. ਧਰੋਂ ਕੁਏ ਤੋਂ : ਧੁਰੋਂ ਭੈ ਤੇ ਡਿੱਗਾ
689. ਜਾਮਕੀ : ਅੱਗ
690. ਸੇਲ : ਬਰਛਾ
691. ਲਾਗ ਬੰਦ : ਜੋਗੀਆਂ ਦੇ ਲੱਕ ਨਾਲ ਬੱਧਾ ਹੋਇਆ ਉੱਨ ਦਾ ਰੱਸਾ ਜਿਸ ਨਾਲ ਕੁਪੀਨ ਬੰਨ੍ਹਦੇ ਹਨ।
692. ਦਾੜ ਕਿੜਾਣਿਓਂ : ਕਿੜਾਣਾ ਦੀ ਪਹਾੜੀ ਸਰਗੋਧੇ ਤੋਂ 7,8 ਮੀਲ ਹੈ। ਇਸ ਉਪਰ ਵੀ ਜੋਗੀਆਂ ਦੀ ਗੱਦੀ ਹੈ।
693. ਬਟਪਾਲ : ਅਸਲ ਸ਼ਬਦ ਬਟਪਾੜ ਹੈ। ਜਿਸ ਦਾ ਅਰਥ ਹੈ ਡਾਕੂ, ਰਾਹਮਾਰ।
694. ਜਿਨ੍ਹਾਂ ਤਕੀਆਂ ਰੱਬ ਦਾ, ਤਿਨ੍ਹਾਂ ਰਿਜ਼ਕ ਹਮੇਸ਼ : ਜਿਨ੍ਹਾਂ ਨੂੰ ਖ਼ੁਦਾ ਦਾ ਆਸਰਾ ਹੈ, ਉਨ੍ਹਾਂ ਨੂੰ ਰਿਜ਼ਕ ਦੀ ਕੋਈ ਥੋੜ੍ਹ ਨਹੀਂ ਰਹਿੰਦੀ।
695. ਚੰਦਲ : ਚਨਾਬ ਨਦੀ।
696. ਲਾੜ੍ਹਾ : ਹਿਚਕਚਾਹਟ (ਗ. ਸਿੰ. ਬੇ. ਨੇ ਸਾੜਨ ਵਾਲੇ ਬੋਲ) (ਡਾ. ਗੁ. ਸਿੰ., ਗੁ. ਸਿੰ. ਪ੍ਰੇ. ਤੇ ਡਾ. ਪ. ਸਿੰ. ਨੇ ਝਗੜਾ ਬੋਲ ਆਦਿ ਲਿਖਿਆ ਹੈ)।
697. ਬਸੀਨ : ਬਾਜ਼ ਦੀ ਇਕ ਕਿਸਮ (ਗ. ਸਿੰ. ਬੇ. ਆਦਿ ਨੇ ਇਕ ਪੰਛੀ ਜਾਂ ਨਿੱਕੀ ਚਿੜੀ ਲਿਖਿਆ ਹੈ ਜੋ ਗ਼ਲਤ ਹੈ)।
698. ਦਾਵਨ : ਦਾਮਨ
699. ਧਰਤ ਹੱਥ ਵਤਾਇ : ਧਰਤੀ ਨੂੰ ਹੱਥ ਨਾਲ ਛੂੰਹਦੀ ਸੀ।
700. ਚਸ਼ਮਾਂ : ਅੱਖਾਂ
701. ਹੋਵਿਸ ਨਿਸ਼ਾ : ਤੇਰੀ ਤਸੱਲੀ ਹੋਵੇਗੀ।
702. ਮਤ ਕੋਈ ਦੰਭ ਸੁਣਾਏ : ਕੋਈ ਖੇੜਿਆਂ ਨੂੰ ਨਾ ਦਸ ਦੇਵੇ।
703. ਬਾਘੇ : ਬਘਿਆੜ
704. ਇਤੇ ਮਹੀਂ ਸਵਾਇ : ਬਸ ਮੈਂ ਇਸ ਵਿਚ ਹੀ ਫੁਲਦੀ ਜਾ ਰਹੀ ਹਾਂ।
705. ਪੰਜ ਪੰਜ ਕਰਨਾ : ਚਲਾਕੀ ਕਰਨੀ।
706. ਲਖਾਵੇ ਨਾਹੀਂ : ਕਿਸੇ ਨੂੰ ਪਤਾ ਨਾ ਲੱਗੇ।
707. ਮਿਲੀਂਹੇ : ਇਕੱਠਾ ਹੋ ਜਾਵੇ।
708. ਨੀਸੇ ਗੰਢ ਗੁਲਾਮ......: ਅਸੀਂ ਤੇਰੇ ਦਾਸ ਨਹੀਂ ਸਾਂ।
709. ਨਿਵੱਟਾ : ਬਦਲਾ
710. ਟੱਪੇ : ਬੋਲ ਕਬੋਲ
711. ਗੱਥਰ : ਗਿਣਤੀ
712. ਟੁਕਰ : ਰੋਟੀ

713. ਗੋਟੀ : ਮਿਹਣਾ
714. ਫਿਟ ਸਹੀ ਅਵੇਹੀ ਰੰਨੇ : ਅਜਿਹੀ ਜ਼ਨਾਨੀ ਨੂੰ ਲਾਅਨਤ ਹੈ।
715. ਅਣੇਂਦੀ : ਮੰਗਵਾਉਂਦੀ ਹਾਂ।
716. ਮਾਵੈ ਨਾਹੀਂ : ਸਮਾਵੇ ਨਾ।
717. ਪਾਸੀਂ ਖੰਭ ਲਏਂਦੀ : ਜਿਵੇਂ ਪਾਸੀਂ ਖੰਭ ਲੱਗੇ ਹੋਏ ਹੋਣ।
718. ਤਰੱਠੀ : ਡਰੀ ਹੋਈ ਹਿਰਨੀ ਵਾਂਗ।
719. ਹੌਲ : ਫ਼ਿਕਰ
720. ਕੁਵੱਤ : ਤਾਕਤ
721. ਮੰਡੇ : ਘੁੱਟੇ ਸਰੀਰ ਦਬਾਵੇ।
722. ਬਿਮਰਿਗ : ਓਪਰਾ ਆਦਮੀ।
723. ਕੰਧਾਂ ਪੋਚ, ਧੁਆਏ ਮੰਜੇ ਲਾਹ ਉਛਾੜ ਧੁਆਏ : (ਇਸ ਦਾ ਅਰਥ ਗ. ਸਿੰ. ਪ੍ਰੇ. ਤੇ ਗ. ਸਿੰ. ਬੇ. ਨੇ ਕੰਧਾਂ ਦੇ ਲੇਅ (ਪਲਸਤਰ) ਪੁੱਟ ਸੁਟਿਆ ਲਿਖਿਆ ਹੈ)। ਪਰ ਇਸ ਦਾ ਅਰਥ ਹੈ ਕਿ ਹੀਰ ਨੇ ਕੰਧਾਂ, ਦਰਵਾਜ਼ੇ ਤੇ ਮੰਜਿਆਂ ਨਾਲ ਤਕੀਏ ਵੀ ਧੁਆ ਛੱਡੇ।
724. ਧੋੜਿਆ : ਖੇੜਿਆ
725. ਕਾਟੀ : ਕੱਟੀਆਂ ਦੇ ਚਾਰਣ ਵਾਲੇ।
726. ਆਜੜੀ : ਭੇਡਾਂ ਬਕਰੀਆਂ ਚਾਰਣ ਵਾਲੇ।
727. ਘੱਤੀ ਕੂਕ : ਉੱਚੀ ਆਵਾਜ਼ ਵਿਚ ਕਿਹਾ।
728. ਹਕਾਰਾ : ਹਾਲ ਪਹਾਰਾ ਕੀਤਾ।
729. ਨੇਹੇ : ਮਿਲੇ
730. ਬਖ਼ਤ : ਕਿਸਮਤ
731. ਵਲਕੇ : ਪਰਤਾ ਕੇ।
732. ਸੀਹਾਂ : ਬਹਾਦਰਾਂ (ਸ਼ੇਰ ਵਰਗਿਆਂ)।
733. ਅਤੀਤ : ਥਾਂ ਥਾਂ ਫਿਰਣ ਵਾਲਾ ਜੋਗੀ।
734. ਸਿਧ ਪੀਰ : ਸਿਧੀਆਂ ਦਾ ਮਾਲਕ।
735. ਪੁਰਾਤਮ : ਪੁਰਾਣਾ
736. ਵਿਰਾਗ : ਚਾਅ, ਹੇਜ
737. ਤ੍ਰੁੱਟਾ ਪਿਛਲੇ ਪੈਰੀਂ ਜੋਗੀ : ਜੋਗੀ ਪਿਛਲੇ ਪੈਰੀਂ ਹਟਿਆ।
738 ਖਿਜਮਤ : ਸੇਵਾ (ਖ਼ਿਦਮਤ)।
739. ਚਲੀਹਾ : ਚਾਲ਼ੀ ਦਿਨ।
740. ਘਾਟੀ ਸ਼ਾਹ : ਸੰਘਣੀ ਲੱਸੀ।
741. ਜ਼ਾਮਕੀ : ਅੱਗ
742. ਕੇ ਥੀਸੀ ਬਾਬ ਅਸਾਹੀਂ : ਪਤਾ ਨਹੀਂ ਸਾਡੇ ਨਾਲ ਕੀ ਬਣੇਗਾ।

743. ਝੁਖਣ : ਝੁਰਣ
744. ਮੋਰਾਂ ਹੱਥ ਮੁੱਠਾ : ਹੱਥ ਵਿਚ ਮੋਰਾਂ ਦੇ ਖੰਭਾਂ ਦਾ ਮੁੱਠਾ ਹੈ।
745. ਮੈਥੇ ਮੰਜੇ : ਮੈਨੂੰ ਸੁਨੇਹਾ ਭੇਜ
746. ਜੁੱਸੇ : ਜਿਸਮ
747. ਲੱਗੀ ਅੱਗ, ਮਹੀ ਸਿਰ ਮੈਂਡੇ : ਸਾਰੀ ਜ਼ਿੰਮੇਦਾਰੀ ਮੇਰੇ ਸਿਰ ਹੈ।
748. ਸੁੱਧ : ਸੋਝੀ
749. ਜਿਣਸਾਂ : (ਜਿਣ+ਸਾਂ) ਜਿੱਤਾਂਗੀ ਭਾਵ ਮੁਸ਼ਕਿਲ ਕੰਮ ਕਿਵੇਂ ਫਤਿਹ ਕਰਾਂਗੀ।
750. ਗਲ ਅਸਾਡੇ ਤੇ ਹਥ ਤੈਂਡੇ : ਸਾਡੀ ਜਿੰਦ ਤੇਰੇ ਹਵਾਲੇ ਹੈ।
751. ਪੌਂਦੀ ਪੌਂਦੀ : ਫਿਰਦੀ ਫਿਰਦੀ।
752. ਨੋਂਹ : ਨੂੰਹ, ਪੁੱਤਰ ਦੀ ਘਰ ਵਾਲੀ।
753. ਧੁੱਖ : ਪੀੜ
754. ਉਸਾਸ : ਉੱਭੇ ਸਾਹ।
755. ਅਸੀਂ ਨਾ ਲਾਹ ਸੰਗਾਈ : ਅਸੀਂ ਇਸ ਪਰਉਪਕਾਰ ਦਾ ਬਦਲਾ ਨਹੀਂ ਉਤਾਰ ਸਕਾਂਗੇ।
756. ਔਧ : ਉਮਰ
757. ਗਾਣਵੇ ਦਿਨ : ਗਿਣਤੀ ਦੇ ਦਿਨ।
758. ਪਾਸ ਹਿਲਾਇਆ : ਪਾਸਾ ਹਿਲਾਇਆ ਹੈ।
759. ਮੁਮਾਰਖ : ਮੁਬਾਰਕ
760. ਨੋਂਹੇ : ਨੂੰਹ
761. ਹੁੱਟੀ : ਹਾਰ ਗਈ
762. ਕੁੜੁੱਪਾ : ਵਿਤ ਬਣਾਈ
763. ਨਾਲ ਕਜ਼ਾਈ ਮੂਲ ਉਲੰਘੀ...: ਸਬਬ ਨਾਲ (ਭੈੜੀ ਕਿਸਮਤ ਨਾਲ) ਇਕ ਅਜਿਹੀ ਬੂਟੀ ਉਲੰਘ ਬੈਠੇ, ਜਿਸ ਨੂੰ ਲੰਘ ਕੇ ਲੰਘਣ ਵਾਲਾ ਉਥੇ ਹੀ ਘੁੰਮਦਾ ਰਹਿੰਦਾ ਹੈ।
764. ਭੰਨੀ : ਦੌੜੀ
765. ਪੱਈਏ : ਦੌੜਦੇ ਹੋਏ, ਤੇਜ਼ ਚਾਲੇ।
766. ਨਿਸ ਬੀਤੀ : ਰਾਤ ਬੀਤ ਗਈ।
767. ਇਤ ਭੱਤੇ : ਇਸ ਤਰ੍ਹਾਂ, ਇਸ ਥਾਂ।
768. ਬਾਘਾ : ਬਾਘੀ (ਇਕ ਨਾਚ ਹੈ)।
769. ਡੋਹੇ : ਗੀਤ (ਦੋਹੇ)
770. ਮਤਾਹੀਂ : ਮਤਾਂ ਸਹਿਤੀ ਨੂੰ ਵੀ ਨਾਗ ਲੜ ਗਿਆ ਹੋਵੇ।
771. ਮੰਡ : ਕੱਸਕੇ ਕੱਸੇ, ਮਲਕੇ, ਦਬਾਕੇ।

772. ਵਿਰਾਗੇ : ਓਦਰੇ ਹੋਏ
773. ਪੱਤਣ ਟਾਂਗ ਲਗਾਹੀਂ : ਸਮੇਂ ਸਿਰ ਕਿਸੇ ਪਾਸੇ ਲੱਗੀਏ
774. ਪਾਂਧੀ : ਰਾਹੀ
775. ਫਿਰੇ ਪਿਛੂਹੇ : ਪਿੱਛੇ ਪਰਤੇ ।
776. ਨਮੀਂਦੇ ਨਾਹੀਂ : ਰੁਕਦੇ ਨਹੀਂ ।
777. ਗਲ ਵੈਂਦੇ ਵਾਹਾਂ ਪਾਈ : ਇਕ ਦੂਜੇ ਦੇ ਗਲ ਬਾਹਾਂ ਪਾਈ ਜਾ ਰਹੇ ਸਨ ।
778. ਖਾਨੀਂ ਮਿਹਰੀ ਉਤੇ...ਅਸੀਂ ਹੀਰੇ ਨੂੰ ਵੇਖ ਵਿਕਾਈਆਂ...: ਇਸਤਰੀਆਂ ਤੇ ਮਰਦ ਮਰਦੇ ਹਨ ਪਰ ਅਸੀਂ ਕੁੜੀਆਂ ਹੀਰ ਨੂੰ ਵੇਖ ਕੇ ਵਿਕ ਗਈਆਂ ।
779. ਭਛ : ਜੋਸ਼ ਦਿੱਤਾ ।
780. ਭੱਤੇ ਹਾਰੇ : ਸਵੇਰ ਸਾਰ ।
781. ਰੁੱਧੇ : ਫਸੇ
782. ਤਾਜ਼ੇ ਹੋਏ : ਤਕੜੇ ਹੋ ਗਏ ।
783. ਡਢੇਰੇ : ਡਾਢੇ, ਹੋਰ ਤੇਜ਼ ।
784. ਕਟਕੀ : ਸਖ਼ਤੀ
785. ਪਿੱਛੇ ਪਏ ਨਾ ਕੁੱਤੇ ਦਿੱਧਨ, ਤੁਸੀਂ...: ਆਸਰੇ ਆਏ ਕੁੱਤੇ ਵੀ ਨਹੀਂ ਦਿੱਤੇ ਜਾਂਦੇ ਤੁਸੀਂ ਤਾਂ ਰਾਠਾਂ ਦੀ ਔਲਾਦ ਹੋ ।
786. ਤ੍ਰੇਤੇ : ਭਾਵੇਂ
787. ਖੋਜ ਸੁ ਜੁੱਲੇ ਅਗੇਰੇ ਰਾਹੀਂ : ਖੁਰਾ ਤਾਂ ਅੱਗੇ ਜਾਂਦਾ ਸੀ ਪਰ ਸਾਰੇ (ਫ਼ੌਜ) ਨਾਹਤਾਂ ਵੱਲ ਆ ਗਈ !
788. ਨੀਸੇ ਚਿੜੀਆਂ ਢਿੰਗਰਾਂ ਉੱਤੇ : ਇਹ ਝਾੜੀਆਂ ਉੱਤੇ ਬੈਠੀਆਂ ਚਿੜੀਆਂ ਨਹੀਂ ਜੋ ਖੜਕਾਰ ਨਾਲ ਉੱਡ ਜਾਣਗੀਆਂ ।
789. ਲੁੱਝਣ : ਲੋਥਾਂ ਡਿਗਦੀਆਂ ਹਨ ।
790. ਤਾਉ ਦੋਹਾਂਹੀ : ਦੋਹਾਂ ਪਾਸਿਆਂ ਨੂੰ ਰੋਹ ਚੜ੍ਹਿਆ ਹੋਇਆ ਸੀ ।
791. ਸਈਜ਼ਾਦ ਸਹੀ ਰਜੋਏ ਵਾਲੇ : ਰਜੋਏ (ਪਿੰਡ) ਵਾਲੇ ਸਈਯਾਦ ਡੋਲੀ ਲਈ ਜਾਂਦੇ ਸਨ ।
792. ਕੂਕਾਰਾ : ਰੌਲਾ
793. ਲੁਹੜਾ ਮੈਂ ਪਰਨਾਇਆ : ਮੈਂ ਮੁੰਡਾ ਵਿਆਹਿਆ
794. ਬਿਲਗ਼ਾ (ਬਲਗ਼ਾ) : ਗ. ਸਿੰ. ਬੇ., ਡਾ. ਪ. ਸਿੰ. ਆਦਿ ਨੇ ਇਸ ਦਾ ਅਰਥ ਸੰਨ੍ਹ ਲਾਉਣ ਵਾਲਾ ਇਕ ਹਥਿਆਰ ਲਿਖਿਆ ਹੈ । ਡਾ. ਗੁ. ਸਿੰ. ਨੇ ਇਸ ਦਾ ਅਰਥ ਮਾਲ ਲਿਖਿਆ ਹੈ) । ਸਾਡੇ ਮੁਲਤਾਨ ਵਾਲੇ ਖਰੜੇ ਵਿਚ ਇਹ ਸ਼ਬਦ ਬਲਫ਼ਾ ਹੈ ਜਿਸ ਦਾ ਭਾਵ ਹੈ ਬਾਲਗ਼ ਇਸਤਰੀ ਜਾਂ ਪੁਰਸ਼ । ਸੋ ਇਸ ਦਾ ਅਰਥ ਬਾਲਗ਼ ਹੀ ਠੀਕ ਹੈ, ਕਿਉਂਕਿ ਲੀੜੀ ਸ਼ਬਦ ਤੋਂ ਵੀ ਇਹ ਗੱਲ ਸਾਫ਼ ਹੈ ।

795. ਝਿੜਿਆਹੇ : ਝਗੜਾ ਕਰੇ (ਭਾਵ ਅਦਾਲਤ ਵਿਚ ਕੇਸ ਪੇਸ਼ ਕਰੇ)।
796. ਘਾਤਾਂ : ਦਾਉ
797. ਲਹੂ ਤੁਸਾਂ ਪੀਵਾਂਈਂ : ਤੁਹਾਡਾ ਲਹੂ ਪੀ ਲਵਾਂ।
798. ਢੋਆ : ਯੋਗ ਵਰ ਹੈ
799. ਸੋਹੇ : ਸੋਭਦੀ ਹੈ
800. ਭਾਇਆ : ਚੰਗਾ ਲੱਗਾ।
801. ਲੋਕਾਂ ਇਹ ਚਲਾਏ : ਲੋਕਾਂ ਨੇ ਅੱਗੇ ਲਾ ਲਿਆ।
802. ਸੂਲਾਂ ਸੱਲ : ਬੜੇ ਦੁੱਖ ਝੱਲ ਕੇ!
803. ਥੀਆਨੇ : ਹੋਏ
804. ਵੈਣ ਅਲਾਏ : ਬੁਰੇ ਸ਼ਬਦ ਬੋਲੇ।
805. ਵੱਤ ਨਾ ਬੋਲੀਂ : ਫੇਰ ਮੁੜ ਕੇ ਨਾ ਬੋਲੀਂ।
806. ਪਾਹੋਂ : ਵੱਲੋਂ
807. ਅਲੇਂਦੇ : ਬੋਲ ਕਬੋਲ
808. ਭੱਸ : ਸੁਆਹ
809. ਰਬੇੜੇ : ਝਗੜਦੇ
810. ਦੋਹੇਂ-ਬੰਦੂਏ : ਦੋਵੇਂ ਹੀਰ ਤੇ ਰਾਂਝਾ
811. ਕਾਨੀਗੋ (ਕਾਨੂੰਨਗੋ) : ਕਾਨੂੰਨ ਦੀ ਗੱਲ ਕਰਨ ਵਾਲੇ—ਮਹਿਕਮਾ ਮਾਲ ਦਾ ਕਰਮਚਾਰੀ।
812. ਜੈਂਦੀ ਮੰਗ, ਜਿਣੇ ਘਿੰਨ ਸੋਈ : ਜਿਸ ਦੀ ਮੰਗ ਹੈ ਉਹ ਜਿੱਤ ਕੇ ਲੈ ਜਾਵੇ
813. ਮਤਾਲਬ : ਸਾਡਾ ਕੋਈ ਮਤਲਬ ਨਹੀਂ। ਸਾਡਾ ਕੋਈ ਦਾਅਵਾ ਨਹੀਂ।
814. ਜੱਗ ਢੰਡੋਰਾ ਲਾਇਆ : ਸਾਰੇ ਜਗ ਵਿਚ ਬਦਨਾਮੀਂ ਖੱਟੀ।
815. ਤੁਧ ਕਿ ਪਾਈ ਬਾਜ਼ੀ : ਤੂੰ ਕੀ ਤਮਾਸ਼ਾ ਬਣਾਇਆ ਹੈ।
816. ਸਾਹਿਬ ਖ਼ਲਕਤ ਸਾਜੀ : ਜਦੋਂ ਦੀ ਰੱਬ ਨੇ ਦੁਨੀਆਂ ਸਿਰਜੀ ਹੈ।
817. ਤੱਗੇ : ਪੁੱਗੇ
818. ਸਚਵਾਈਆਂ : ਸੱਚੀਆਂ
819. ਕਾਫਿਰਆਣੀ : ਝੂਠ ਪਰਸਤ
820. ਦਾਖ਼ਿਲ ਸਜ਼ਾਇ ਕਰੇਊਂ : ਤੈਨੂੰ ਸਜ਼ਾ ਦਿਆਂਗਾ।
821. ਨਾਮਾਕੂਲ ਬੁਲੇਂਦੀ : ਤੂੰ ਫ਼ਜ਼ੂਲ ਬੋਲਦੀ ਏਂ।
822. ਰਵਾ : ਜਾਇਜ਼
823. ਜੀਵੰਦੀ ਕਬਰ ਪਈਂਦੀ ਕਾਜ਼ੀ ਦੇਇ ਰਵਾਇਤ ਸਾਈਂ : ਤੂੰ ਜਿਊਂਦੀ ਨੂੰ ਕਬਰ ਵਿਚ ਦਫ਼ਨਾਉਣ ਲਈ ਗੱਲ ਕਰਦਾ ਏਂ।
824. ਜੈਂ ਤੈਨੂੰ ਕਜ਼ਾ ਦਿੱਤੀਆਈ : ਜਿਸ ਨੇ ਤੈਨੂੰ ਕਾਜ਼ੀ ਦੀ ਪਦਵੀ ਦਿੱਤੀ ਹੈ।

825. ਛਿਪਰੀ : ਗਹਿਣਿਆਂ ਦੀ ਪਟਾਰੀ ।

826. ਮੰਜੇ ਪਾਸ ਨਾ ਲਾਇਆ : ਖੇੜੇ ਦਾ ਪਲੰਘ ਕਦੀ ਅੰਗ ਨਹੀਂ ਲਾਇਆ ਭਾਵ ਖੇੜੇ ਨੂੰ ਅੰਗ ਨਹੀਂ ਲਾਇਆ ।

827. ਸੰਧ : ਜੋੜ

828. ਨਾ ਕਰ ਆਪ ਅਜਾਈਂ : ਆਪਣਾ ਆਪ ਹੀ ਵਿਣਾਹ (ਘਾਤ) ਨਾ ਕਰ ।

829. ਜ਼ਿਮੀਂ : ਧਰਤੀ

830. ਜ਼ਮਾਂ : ਆਸਮਾਨ (ਗ. ਸਿ. ਬੇ. ਨੇ ਸਮਾਂ ਲਿਖਿਆ ਹੈ) ਪਰ ਜਦੋਂ ਇਹ ਲਫ਼ਜ਼ ਜ਼ਮੀਨ ਦੇ ਮੁਕਾਬਲੇ ਤੇ ਆਉਂਦਾ ਹੈ ਤਾਂ ਇਸ ਦਾ ਅਰਥ ਆਸਮਾਨ ਹੁੰਦਾ ਹੈ ।

831. ਕੁਰਸੀ : ਸਭ ਤੋਂ ਉਚਾ ਬੁਰਜ (ਆਸਮਾਨ ਦਾ) ਜਿੱਥੇ ਖ਼ੁਦਾ ਆਪ ਬੈਠਦਾ ਹੈ । ਭਾਵ ਅਠਵਾਂ ਬੁਰਜ । (ਗ. ਸਿ. ਬੇ. ਨੇ ਕੁਰਸ ਸ਼ਬਦ ਲਿਖਿਆ ਹੈ ਜੋ ਦਰੁਸਤ ਨਹੀਂ)

832. ਅਰਸ਼ : ਭਾਵ ਖੁਦਾ ਦਾ ਅਠਵੇਂ ਬੁਰਜ ਵਿਚ ਅਜੇ ਤਖ਼ਤ ਵੀ ਨਹੀਂ ਰਖਿਆ ਗਿਆ ।

833. ਜੋਤੀ ਜੋਤ ਸਮਾਣੀ : ਜਦੋਂ ਖ਼ੁਦਾ ਆਪਣੀ ਜ਼ਾਤ ਤਕ ਹੀ ਮਹਿਦੂਦ ਸੀ ਤੇ ਦੁਨੀਆਂ ਨਹੀਂ ਰਚੀ ਸੀ । ਇਸ ਦਾ ਅਰਥ ਹੈ ਕਿ ਅਜੇ ਨਾਂ ਚੰਦ ਸੀ, ਨਾ ਸੂਰਜ, ਨਾ ਧਰਤੀ ਸੀ, ਨਾ ਆਸਮਾਨ (ਜ਼ਿਮੀਂ ਜ਼ਮਾਂ), ਨਾ ਅਜੇ ਖ਼ੁਦਾ ਨੇ ਬੰਦਿਆਂ ਦੀ ਤਕਦੀਰ ਲਿਖੀ ਸੀ (ਲੌਹ ਕਲਮ), ਅਤੇ ਨਾ ਹੀ ਅਠਵੇਂ ਆਸਮਾਨ ਤੇ ਖ਼ੁਦਾ ਦਾ ਤਖ਼ਤ ਹੀ ਸੀ (ਅਰਸ਼ ਨਾ ਕੁਰਸੀ), ਅਜੇ ਉਹ ਆਪਣੀ ਜੋਤ ਵਿਚ ਆਪ ਹੀ ਅਭੇਦ ਸੀ ।

834. ਬਿਧ : ਤੌਰ ਤਰੀਕਾ, ਰਸਮ ।

835. ਪਤੀਜੇ ਨਹੀਂ : ਨਹੀਂ ਪਿਘਲਦਾ ਭਾਵ ਮੰਨਦਾ ।

836. ਕੁਲਜੇ : ਬੇਸ਼ਰਮੋ

837. ਰੱਸਾ ਤ੍ਰਿੱਕਲ ਘੱਤ ਚਲਾਈ : ਹੀਰ ਦੇ ਲਕ ਨੂੰ ਰੱਸਾ ਪਾ ਕੇ ਬੰਨ੍ਹ ਕੇ ਘਸੀਟਦੇ ਲਈ ਜਾਂਦੇ ਸਨ ।

838. ਮੁਰਸ਼ਦ ਮਹੀਂ ਮਰੇਂਦਾ : ਮੈਨੂੰ ਮੇਰਾ ਮੁਰਸ਼ਦ ਮਰਵਾ ਰਿਹਾ ਹੈ ।

839. ਦਾਓ : ਤਰਫ਼, ਵੱਲ

840. ਤਮਾਚਾ : ਥੱਪੜ

841. ਧੰਸਾਂ ਦੇ ਮੁਹਤਾਜੇ : ਪੈਸੇ ਦੇ ਲਾਲਚ ।

842. ਅਜ਼ਲ : ਮੌਤ

843. ਸਉੜ ਪਿਆ : ਤੰਗ ਪਿਆ ।

844. ਪਰਚਾ ਲਾਇਆ : ਜਾਦੂ ਕੀਤਾ ।
845. ਨੇਹੇ : ਉਸਦਾ ਹੈ ।
846. ਮੁੱਤੀ : ਭੇਜੀ
847. ਕਛੋਟਾ : ਲੱਕ ਬੰਨ੍ਹ ਕੇ ।
848. ਡਾਕਾਂ ਮਾਰੇ : ਵੱਡੇ ਵੱਡੇ ਕਦਮ ਚੁੱਕੇ ।
849. ਬਾਤਨ ਬਾਤ : ਅੰਦਰਲੀ ਬਾਤ ।
850. ਜੋਗੀ ਭੱਠ ਤੇ ਚੁੱਲ੍ਹ ਸਲੇਟੀ : ਭੱਠ ਵਿਚ ਪਵੇ ਰਾਂਝਾ ਤੇ ਚੁਲ੍ਹੇ ਵਿਚ ਥਵੇ ਹੀਰ ।

## ਹਵਾਲਾ ਪੁਸਤਕ-ਸੂਚੀ


ਉਲਮਾਏ ਹਿੰਦ ਕੇ ਕਾਰਨਾਮੇਂ : ਮਤਬੂਆ ਨਵਲ ਕਿਸ਼ੋਰ ਪ੍ਰੈਸ, ਲਖਨਊ, 1923.

ਅਹਿਮਦ, ਅਹਿਮਦ ਹੁਸੈਨ ਕੁਰੈਸ਼ੀ : ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼, ਲਾਹੌਰ, 1964.

ਅਲਬਰੂਨੀ ਅਲਹਿੰਦ : ਭਾਸ਼ਾ ਵਿਭਾਗ, ਪਟਿਆਲਾ, 1969.

ਅਨਵਰ, ਗ਼ੁਲਾਮ ਯਾਕੂਬ : ਬੋਲ ਤੇ ਤੋਲ, ਪੰਜਾਬੀ ਅਦਬੀ ਬੋਰਡ, ਲਾਹੌਰ, 1981.

ਇਕਬਾਲ ਸਲਾਹੁੱਦੀਨ : ਪੰਜਾਬੀ ਜ਼ਬਾਨ (ਮਾਸਕ ਪੱਤਰ), ਲਾਹੌਰ, ਅਗਸਤ, 1971.

ਸੀਤਲ, ਜੀਤ ਸਿੰਘ (ਡਾ.) : ਹੀਰ ਵਾਰਸ ਸ਼ਾਹ, ਪੈਪਸੂ ਬੁੱਕ ਡਿਪੂ, ਪਟਿਆਲਾ।

ਸ਼ਾਨ, ਹਰਨਾਮ ਸਿੰਘ (ਡਾ.) : ਦਮੋਦਰ ਜੀਵਨ ਤੇ ਰਚਨਾ, (ਮਾਸਕ ਪੱਤਰ) ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪਟਿਆਲਾ।

ਸੋਲੰਕੀ, ਕੋਮਲ ਸਿੰਘ (ਡਾ.) : ਨਾਥ ਪੰਥ ਔਰ ਨਿਰਗੁਣ ਕਾਵਿ (ਹਿੰਦੀ), ਵਿਨੋਦ ਪੁਸਤਕ ਮੰਦਰ, ਆਗਰਾ, 1966.

ਸ਼ਹਿਬਾਜ਼ ਮਲਕ : ਜੰਗਨਾਮਾ ਮੁਕਬਲ, ਤਾਜ ਬੁੱਕ ਡਿਪੂ, ਲਾਹੌਰ, 1974.

ਹਾਸ਼ਮੀ, ਹਮੀਦ ਉੱਲਾ : ਸੱਯਦ ਵਾਰਸ ਸ਼ਾਹ, ਮਜਲਸੇ ਪੰਜਾਬੀ ਅਦਬ, ਫ਼ੈਸਲਾਬਾਦ, 1978.

ਕਾਂਗ, ਕੁਲਬੀਰ ਸਿੰਘ (ਡਾ.) : ਪੰਜਾਬੀ ਵਿਚ ਕਿੱਸਾ ਹੀਰ ਰਾਂਝਾ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1983.

ਕੁਸ਼ਤਾ, ਮੌਲਾ ਬਖ਼ਸ਼ : ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਮਕਤਬਾ-ਇ-ਪੰਜ ਦਰਿਆ, ਲਾਹੌਰ।

ਕੁਸ਼ਤਾ, ਮੌਲਾ ਬਖ਼ਸ਼ : ਚਸ਼ਮਾ-ਇ-ਹਿਯਾਤ, ਲਾਹੌਰ, 1913.

ਗੁਰਦੇਵ ਸਿੰਘ (ਡਾ.) ਤੇ ਪ੍ਰੀਤਮ ਸੈਣੀ (ਡਾ.) : ਹੀਰ ਦਮੋਦਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986.

ਚੌਧਰੀ, ਮੁਹੰਮਦ ਅਫ਼ਜ਼ਲ ਖ਼ਾਂ : ਹੀਰ ਵਾਰਸ ਸ਼ਾਹ, ਮਕਤਬਾ-ਇ-ਪੰਜ ਦਰਿਆ, ਲਾਹੌਰ, 1969.

ਤਾਰੀਖ਼-ਇ-ਫ਼ਰਿਸ਼ਤਾ (ਉਰਦੂ) : ਫ਼ਰਿਸ਼ਤ ਨਵਲ ਕਿਸ਼ੋਰ ਪ੍ਰੈਸ, ਲਖਨਊ ।

ਦੀਵਾਨਾ ਮੋਹਨ ਸਿੰਘ (ਡਾ.) : ਹੀਰ ਵਾਰਸ ਸ਼ਾਹ (ਉਰਦੂ), ਲਾਹੌਰ ਬੁੱਕ ਸ਼ਾਪ, ਲਾਹੌਰ, 1947.

ਨਦਵੀ, ਅਖ਼ਤਰ ਅਲੀ : ਮਾਹਨਾਮਾ ਆਜਕਲ (ਉਰਦੂ), ਦਿੱਲੀ, ਜੁਲਾਈ, 1947.

ਪਰਮਿੰਦਰ ਸਿੰਘ (ਡਾ.) : ਹੀਰ ਦਮੋਦਰ ਇਕ ਆਲੋਚਨਾਤਮਕ ਅਧਿਐਨ, ਪੈਪਸੂ ਬੁੱਕ ਡਿਪੂ, ਪਟਿਆਲਾ ।

ਪ੍ਰੇਮੀ, ਗੁਰਦਿੱਤ ਸਿੰਘ : ਹੀਰ ਦਮੋਦਰ (ਸੰਪਾਦਿਤ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974.

ਪ੍ਰੇਮੀ, ਗੁਰਦਿੱਤ ਸਿੰਘ : ਦਮੋਦਰ (ਸੰਪਾਦਿਤ), ਪੰਜਾਬੀ ਯੂਨੀ., ਪਟਿਆਲਾ, 1977.

ਫ਼ਰੀਦਕੋਟੀ, ਅਨੈਨਲ ਹਕ : ਕਿੱਸਾ ਹੀਰ, ਐਵਾਣ, ਪੰਜਾਬੀ ਅਦਬੀ ਬੋਰਡ, ਲਾਹੌਰ, 1978.

ਬਾਵਾ, ਬੁੱਧ ਸਿੰਘ : ਬੰਬੀਹਾ ਬੋਲ, ਲਾਹੌਰ ।

ਬੇਦੀ, ਗੰਗਾ ਸਿੰਘ : ਹੀਰ ਦਮੋਦਰ (ਸੰਪਾਦਿਤ), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1927.

ਬੇਨੀ ਪ੍ਰਸਾਦ (ਡਾ.) : ਤਾਰੀਖ਼-ਇ-ਜਹਾਂਗੀਰ (ਉਰਦੂ), ਤਰੱਕੀ-ਏ-ਉਰਦੂ ਬੋਰਡ, ਦਿੱਲੀ ।

ਭਾਟੀਆ, ਉੱਤਮ ਸਿੰਘ (ਡਾ.) : ਹੀਰ ਦਮੋਦਰ : ਇਕ ਵਿਸ਼ਲੇਸ਼ਣ, ਪੰਜਾਬੀ ਪ੍ਰਕਾਸ਼ਨ, ਅੰਮ੍ਰਿਤਸਰ, 1980.

ਭੇਗਲ, ਪਿਆਰਾ ਸਿੰਘ : ਪ੍ਰਸਿੱਧ ਕਿੱਸਾਕਾਰ, ਹਿਰਦੇਜੀਤ ਪ੍ਰਕਾਸ਼ਨ, ਜਲੰਧਰ ।

ਮਿਹਰ ਕਾਚੇਲਵੀ, ਮੁਹੰਮਦ ਹਨੀਫ਼ : ਪੰਜ ਦਰਿਆ (ਵਾਰਸ ਸ਼ਾਹ ਅੰਕ) ਟੈਂਪਲ ਰੋਡ, ਲਾਹੌਰ ।

ਰਸਾਲਾ ਨਜ਼ਾਮੁੱਲ ਮਸ਼ਾਇਖ਼ : ਜੁਲਾਈ, 1911.

ਰਸ, ਨਿਹਾਲ ਸਿੰਘ : ਹੀਰ ਦਮੋਦਰ ।


**ENGLISH**


Alexander Cunningham : Archaeological Survey of India, Vol. IV, Indological Book House, Varanasi, (Print II), 1966.

Amir Khurd : Siyar-us-Auliya, Mufib-i-Hind Press, Delhi 1302, A-H.

Blochman, Henery : The AIN-Akbari of Abul Fazal Allami, Calcutta, 1373.

Fakheru-ud-Din Mubaik Shah : Tarikh-i-Mubaik Shai, Nawal Kishore Press, Lucknow.

Gazetteer of Gujrat : Published under the authority of the Punjab Govt., Lahore.

Gazetteer of Jang : Published under the authority of the Punjab Govt., Lahore.

Gazetteer of Shahpur : Published undar the autherity of the Punjab Govt., Lahore.

Gazetteer of Sargoda : Published under the authority of the Punjab Govt., Lahore.

Gazetteer of Multan : Published under the authority of the Punjab Govt., Lahore.

Gazetteer of Mont : Published under the authority of the Punjab Govt., Lahore.

Khusru, Amir : Khazain-ul-Futuh (Translated by Mohammad Habib Taraporewala Co. Bombay.

Niamat-Ullah : Makhzan-i-Afgani, Shantiniketan, 1958.

DICTIONARIES

Dictionary of Punjabi Language : Language Department, Patiala.

Firoze-ul-Lugat : Maulvi Farozedin (Urdu).

Farhang-i-Amra : Delhi, IIed., 1981 (Persian).

Glossary of the Multani Language : Language Department, Patiala.

Mohan Shabd Kosh : Language Department, Patiala.

Panjabi-Eng. Dictionary : Language Department, Patiala.

Shahpuri-Kangri Glossary : Language Department, Patiala.